**Reo-Bankowned Properties**

From San Jose to Sacramento
JASSI GILL Broker/Owner
510-304-9292



**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 5, January 29, 2011
20451 N Plum Grove Rd. Palatine, IL 60074
Ph:847-359-0746, Fax:847-705-9388




*26 ਜਨਵਰੀ ਦੀ ਪ੍ਰੇਡ ਵਿਚ ਸ਼ਾਮਲ ਹੋਣ ਵਾਲੀ ਪੰਜਾਬ ਰੈਜੀਮੈਂਟ ਦੀ ਟੁਕੜੀ 23 ਜਨਵਰੀ ਨੂੰ ਦਿੱਲੀ ਵਿਚ ਰਿਹਰਸਲ ਸਮੇਂ*

### ਭਾਜਪਾ ਵੱਲੋਂ ਫੋਕੀ ਸ਼ੋਹਰਤ ਲਈ ਤਿਰੰਗੇ ਦੀ ਸਿਆਸਤ

## ਉਮਰ ਅਬਦੁੱਲਾ ਨੇ ਭਾਜਪਾ ਨੂੰ 'ਬਰੰਗ' ਮੋੜਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ੍ਰੀਨਗਰ ਦੇ ਲਾਲ ਚੌਕ 'ਚ ਝੰਡਾ ਲਹਿਰਾਉਣ ਦਾ ਮੁੱਦਾ ਛੇੜ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਕ ਵਾਰ ਫਿਰ ਪੂਰੇ ਖ਼ਿੱਤੇ 'ਚ ਤਣਾਅ ਪੈਦਾ ਕਰ ਦਿੱਤਾ ਹੈ। ਭਾਵੇਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਵੱਲੋਂ ਵਾਰ-ਵਾਰ ਅਜਿਹਾ ਨਾ ਕਰਨ ਦੀ ਅਪੀਲ ਕੀਤੀ ਗਈ ਪਰ ਭਾਜਪਾ ਨੇ ਮੀਡੀਆ ਦਾ ਧਿਆਨ ਖਿੱਚਣ ਲਈ ਪੂਰੇ ਭਾਰਤ 'ਚ ਤਿਰੰਗਾ ਯਾਤਰਾ ਛੇੜ ਦਿੱਤੀ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਭਾਜਪਾ ਨੂੰ ਦੋਸ਼ੀ ਕਰਾਰ ਦਿੰਦਿਆਂ ਕਿਹਾ ਕਿ ਜੰਮੂ-ਕਸ਼ਮੀਰ ਵਰਗੇ 'ਨਾਜ਼ੁਕ' ਸੂਬੇ ਬਾਰੇ

**(ਬਾਕੀ ਸਫਾ 6 'ਤੇ)**

## ਸ਼੍ਰੋਮਣੀ ਕਮੇਟੀ ਚੋਣਾਂ:ਬਾਦਲ ਧੜੇ ਨੂੰ ਟੱਕਰ ਦੇਣ ਲਈ ਸਾਂਝੇ ਪਲੇਟਫਾਰਮ ਦੀ ਤਲਾਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਸ ਵਰ੍ਹੇ ਹੋ ਰਹੀਆਂ ਚੋਣਾਂ ਲਈ ਸਿਆਸੀ ਧਿਰਾਂ ਨੇ ਸਰਗਰਮੀ ਵਿੱਢ ਦਿੱਤੀ ਹੈ। ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦੀਆਂ 120 ਸੀਟਾਂ ਲਈ ਕਰੀਬ 20 ਸਿਆਸੀ ਪਾਰਟੀਆਂ ਮੈਦਾਨ 'ਚ ਨਿੱਤਰੀਆਂ ਹਨ। ਇਸ ਵਾਰ ਪੰਜਾਬ 'ਚ 52,36,475, ਹਰਿਆਣਾ 'ਚ 3,31,723, ਹਿਮਾਚਲ 'ਚ 23011 ਤੇ ਚੰਡੀਗੜ੍ਹ 'ਚ 11985 ਵੋਟਰ ਹਨ ਜਦੋਂਕਿ 2004 'ਚ ਹੋਈਆਂ ਚੋਣਾਂ ਵੇਲੇ ਪੰਜਾਬ 'ਚ 50,54,617, ਹਰਿਆਣਾ 'ਚ 2,86,707, ਹਿਮਾਚਲ 'ਚ 15407 ਤੇ ਚੰਡੀਗੜ੍ਹ 'ਚ 14507 ਵੋਟਰ ਸਨ। ਸਾਰੀਆਂ ਧਿਰਾਂ ਨੇ ਇਸ ਵਾਰ ਚੋਣ ਲੜਨ ਲਈ ਗੁਰਦੁਆਰਾ ਚੋਣ ਕਮਿਸ਼ਨ ਤੋਂ ਵੱਖਰੇ ਚੋਣ ਨਿਸ਼ਾਨ ਦੀ ਮੰਗ ਕੀਤੀ ਹੈ। ਉਂਜ ਵਿਰੋਧੀ ਧਿਰ ਦੇ ਆਗੂਆਂ ਵੱਲੋਂ ਸ਼੍ਰੋਮਣੀ ਕਮੇਟੀ ਤੋਂ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਤੋੜਨ ਲਈ ਸਾਂਝੇ ਪਲੇਟਫਾਰਮ 'ਤੇ ਆ ਕੇ ਚੋਣਾਂ ਲੜਨ ਦੇ ਦਾਅਵੇ ਕੀਤੇ ਜਾ ਰਹੇ ਹਨ।

ਇਸ ਮੰਤਵ ਲਈ ਕੋਸ਼ਿਸ਼ਾਂ ਜਾਰੀ ਹਨ ਪਰ ਅਜੇ ਤੱਕ ਇਨ੍ਹਾਂ ਧਿਰਾਂ ਦੀ ਕੋਈ ਸਾਂਝੀ ਵਿਉਂਤ ਨਹੀਂ ਬਣੀ। ਇਸ ਪੱਖੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵਧੇਰੇ ਸਰਗਰਮ ਹਨ ਤੇ ਉਨ੍ਹਾਂ ਵਲੋਂ ਕੁਝ ਮਹੀਨੇ ਪਹਿਲਾਂ ਦਿੱਲੀ ਵਿਚ ਪੰਥਕ ਇਕੱਠ ਕਰਕੇ ਬਾਦਲ ਧੜੇ ਦਾ ਸ਼੍ਰੋਮਣੀ ਕਮੇਟੀ ਤੋਂ ਕਬਜ਼ਾ ਤੋੜਨ ਲਈ ਇਕੱਠੇ ਹੋ ਕੇ ਚੋਣ ਲੜਨ ਦਾ ਸੱਦਾ ਵੀ ਦਿੱਤਾ ਗਿਆ ਸੀ। ਇਸ ਦਾ ਪ੍ਰਭਾਵ ਇਨ੍ਹਾਂ ਧਿਰਾਂ ਵੱਲੋਂ ਗੁਰਦੁਆਰਾ ਚੋਣ ਕਮਿਸ਼ਨ ਕੋਲ ਚੋਣ ਨਿਸ਼ਾਨ ਲੈਣ ਲਈ ਅਰਜ਼ੀਆਂ ਦੇਣ ਵੇਲੇ ਨਜ਼ਰ ਨਹੀਂ ਆਇਆ। ਹਰ ਅਕਾਲੀ ਧੜੇ ਨੇ ਆਪਣੇ ਵੱਖਰੇ ਚੋਣ ਨਿਸ਼ਾਨ ਦੀ ਮੰਗ ਕੀਤੀ ਹੈ ਜਿਸ ਨਾਲ ਇਹ ਸਪਸ਼ਟ ਹੋ ਗਿਆ ਹੈ ਕਿ ਬਾਅਦ ਵਿਚ ਇਨ੍ਹਾਂ ਧਿਰਾਂ ਵਲੋਂ ਆਪਣੀ ਸੁਵਿਧਾ ਅਨੁਸਾਰ

**(ਬਾਕੀ ਸਫਾ 6 'ਤੇ)**



*ਪੰਜਾਬ 'ਚ ਪੁੱਜੀ ਰਾਸ਼ਟਰੀ ਏਕਤਾ ਯਾਤਰਾ ਦੌਰਾਨ ਭਾਜਪਾ ਆਗੂ ਅਨੁਰਾਗ ਠਾਕੁਰ ਤੇ ਨਵਜੋਤ ਸਿੰਘ ਸਿੱਧੂ*


**BOMBAY BAR & GRILL INDIAN CUISINE**
CATERING SPECIALIST
ਅਸੀਂ 10,000 ਬੰਦਿਆਂ ਲਈ ਕੇਟਰਿੰਗ ਦਾ ਪ੍ਰਬੰਧ ਕਰ ਸਕਦੇ ਹਾਂ
ਅਖੰਡ ਪਾਠ, ਵਿਆਹ ਸ਼ਾਦੀ, ਜਨਮ ਦਿਨ
ਪਾਰਟੀ ਆਦਿ ਹਰ ਵੱਡੇ ਛੋਟੇ ਪ੍ਰੋਗਰਾਮ
'ਤੇ ਕੇਟਰਿੰਗ ਕਰਵਾਉਣ ਲਈ ਸੰਪਰਕ ਕਰੋ ।
ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਖਾਸ ਛੋਟ
ਨਵਿੰਦਰ ਭੰਡਾਲ 530-304-2071
Hours : Mon-Thu, Sun 11am - 10 pm
Fri-Sat 11am - 11pm
Ph: 916-441-7100
Fax : 916-441-7200
1315 21St Sacramento CA 95811
bombaybarandgrill@gmail.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ



Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Pacific Coast Law Firm P.C.

Lance V Friel, Attorney at Law | Kirandeep K Sihota, Attorney at Law

*Over 10 Years of experience*

> Personal Injury/Car Accident
ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ

> Bankruptcy (Ch 7) ਬੈਂਕਰਪਸੀ (ਚੈਪਟਰ 7)

> Family Law (Divorce, Custody)
ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)

Unlawful Detainer/Eviction
ਕਿਰਾਏਦਾਰ ਦਾ ਕਬਜ਼ਾ/ਬੇਦਖਲੀ

Probate (Wills & Trusts)
ਪਰੋਬੇਟ (ਵਸੀਅਤਾਂ ਅਤੇ ਟਰੱਸਟ)

Business Formation and Tax
(installment agreement)
ਬਿਜਨਸ ਦੀ ਸਥਾਪਨਾ ਅਤੇ ਟੈਕਸ
(ਕਿਸ਼ਤਨਾਮਾ)

ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ

*Free Consultation ਮੁਫਤ ਸਲਾਹ-ਮਸ਼ਵਰਾ*



*Kirandeep K Sihota and Lance V Friel*

**Ph. 209-475-6001**

Pacific Coast Law Firm
2351 W. March Lane Suite A, Stockton, CA 95207

### ਕਰਨਾਟਕ ਦੇ ਰਾਜਪਾਲ ਅਤੇ ਮੁੱਖ ਮੰਤਰੀ ਵਿਚਾਲੇ ਖੜਕੀ

# ਯੇਡੀਯੁਰੱਪਾ ਤੇ ਭਾਰਦਵਾਜ ਦੀ ਜੰਗ 'ਦਿੱਲੀ' ਪੁੱਜੀ

**ਬੰਗਲੌਰ (ਪੰਜਾਬ ਟਾਈਮਜ਼ ਬਿਊਰੋ):** ਕਰਨਾਟਕ ਦੇ ਰਾਜਪਾਲ ਐਚ.ਆਰ. ਭਾਰਦਵਾਜ ਵੱਲੋਂ ਮੁੱਖ ਮੰਤਰੀ ਬੀ.ਐਸ. ਯੇਡੀਯੁਰੱਪਾ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕੇਸ ਚਲਾਉਣ ਦੀ ਇਜਾਜ਼ਤ ਦੇਣ ਤੋਂ ਪਿਛੋਂ ਦੋਵਾਂ ਦਰਮਿਆਨ ਇਕ ਵਾਰ ਫਿਰ ਖੜਕ ਗਈ ਹੈ। ਦੋਵਾਂ ਆਗੂਆਂ ਵੱਲੋਂ



*ਮੁੱਖ ਮੰਤਰੀ ਯੇਡੀਯੁਰੱਪਾ*

ਖੁੱਲ੍ਹ ਕੇ ਆਹਮੋ-ਸਾਹਮਣੇ ਹੋਣ ਤੋਂ ਬਾਅਦ ਇਹ ਲੜਾਈ ਕਾਂਗਰਸ ਤੇ ਭਾਜਪਾ ਦੀ ਹਾਈ ਕਮਾਂਡ ਤੱਕ ਪੁੱਜ ਗਈ ਹੈ। ਯੇਡੀਯੁਰੱਪਾ ਨੇ ਰਾਜਪਾਲ ਦੀ ਕਰੜੀ ਆਲੋਚਨਾ ਕਰਦਿਆਂ ਦੋਸ਼ ਲਾਏ ਹਨ ਕਿ ਉਹ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਕੇ ਰਾਜ 'ਚ ਕਾਂਗਰਸ ਦੀ ਸਰਕਾਰ ਬਣਾਉਣੀ ਚਾਹੁੰਦੇ ਹਨ। ਸ੍ਰੀ ਯੇਡੀਯੁਰੱਪਾ ਨੇ ਸ੍ਰੀ ਭਾਰਦਵਾਜ ਵੱਲੋਂ ਕੀਤੀਆਂ ਵਿਵਾਦਗ੍ਰਸਤ ਟਿੱਪਣੀਆਂ ਲਈ ਉਸ ਨੂੰ ਮੁਆਫ਼ੀ ਮੰਗਣ ਲਈ ਕਿਹਾ ਹੈ।

ਉਧਰ ਭਾਜਪਾ ਨੇ ਸ੍ਰੀ ਐਲ.ਕੇ. ਅਡਵਾਨੀ ਦੀ ਅਗਵਾਈ 'ਚ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨਾਲ ਮੁਲਾਕਾਤ ਕਰਕੇ ਰਾਜਪਾਲ ਭਾਰਦਵਾਜ ਨੂੰ ਵਾਪਸ ਬੁਲਾਏ ਜਾਣ ਦੀ ਮੰਗ ਕੀਤੀ ਹੈ। ਪਾਰਟੀ ਨੇ ਦੋਸ਼ ਲਾਇਆ ਹੈ ਕਿ ਉਹ 'ਗੈਰ-ਸੰਵਿਧਾਨਕ ਵਰਤਾਓ' ਕਰਕੇ ਭਾਜਪਾ ਦੀ ਸਰਕਾਰ ਡੇਗਣੀ ਚਾਹੁੰਦਾ ਹੈ ਤੇ ਪਹਿਲੇ ਦਿਨ ਤੋਂ ਹੀ ਕਾਂਗਰਸ ਦੇ ਏਜੰਟ ਵਜੋਂ ਕੰਮ ਕਰ ਰਿਹਾ ਹੈ। ਇਸ ਵਫ਼ਦ 'ਚ ਭਾਜਪਾ ਦੇ ਕਰਨਾਟਕ ਤੋਂ 23 ਸੰਸਦ ਮੈਂਬਰ ਵੀ ਸ਼ਾਮਲ ਸਨ। ਉਨ੍ਹਾਂ ਨੇ ਰਾਸ਼ਟਰਪਤੀ ਨੂੰ ਮੰਗ ਪੱਤਰ ਦਿੱਤਾ ਤੇ ਰਾਜਪਾਲ ਵਿਰੁਧ ਕਈ ਤਰ੍ਹਾਂ ਦੇ ਦੋਸ਼ ਲਾਉਂਦਿਆਂ ਕਿਹਾ ਕਿ ਯੇਡੀਯੁਰੱਪਾ ਵਿਰੁਧ ਕਾਨੂੰਨੀ ਕਾਰਵਾਈ ਕੀਤੇ ਜਾਣ ਦੀ ਪ੍ਰਵਾਨਗੀ ਦਿੱਤੇ ਜਾਣ ਮਗਰੋਂ ਹੀ ਇਹ ਟਕਰਾਅ ਵਧਿਆ ਹੈ। ਐਮ. ਵੈਂਕੱਈਆ ਨਾਇਡੂ ਨੇ ਦੋਸ਼ ਲਾਇਆ ਕਿ ਇਹ ਕਾਂਗਰਸ ਦੀ ਹਾਈ ਕਮਾਂਡ ਦੀ 'ਯੋਜਨਾ' ਹੈ ਤੇ ਭਾਰਦਵਾਜ ਤਾਂ ਇਸ ਨੂੰ ਸਿਰਫ਼ ਲਾਗੂ ਕਰ ਰਿਹਾ ਹੈ।

ਜ਼ਿਕਰਯੋਗ ਹੈ ਕਿ ਸੂਬਾਈ ਵਜ਼ਾਰਤ ਨੇ ਮਤਾ ਪਾਸ ਕਰਕੇ ਰਾਜਪਾਲ ਨੂੰ ਸਿਫਾਰਸ਼ ਕੀਤੀ ਸੀ ਕਿ ਉਹ ਸ੍ਰੀ ਯੇਡੀਯੁਰੱਪਾ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕੇਸ ਚਲਾਉਣ ਦੀ ਇਜਾਜ਼ਤ ਨਾ ਦੇਣ ਪਰ ਸ੍ਰੀ ਭਾਰਦਵਾਜ ਨੇ ਇਹ ਸਿਫਾਰਸ਼ ਰੱਦ ਕਰ ਦਿੱਤੀ ਹੈ। ਇਸ ਦੇ ਨਾਲ ਹੀ ਰਾਜਪਾਲ ਨੇ ਸ੍ਰੀ ਯੇਡੀਯੁਰੱਪਾ ਤੇ ਕਰਨਾਟਕ ਦੇ ਗ੍ਰਿਹ ਮੰਤਰੀ ਆਰ. ਅਸ਼ੋਕਾ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਕੇਸ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਵਿਵਾਦ ਸ੍ਰੀ ਭਾਰਦਵਾਜ ਵੱਲੋਂ ਸ੍ਰੀ ਯੇਡੀਯੁਰੱਪਾ ਨੂੰ ਸਖ਼ਤ ਚਿੱਠੀ ਲਿਖੇ ਜਾਣ ਕਾਰਨ ਪੈਦਾ ਹੋਇਆ ਹੈ। ਸ੍ਰੀ ਭਾਰਦਵਾਜ ਨੇ ਚਿੱਠੀ ਵਿਚ ਮੁੱਖ ਮੰਤਰੀ ਨੂੰ ਸਾਫ਼ ਤੌਰ 'ਤੇ ਕਿਹਾ ਸੀ ਕਿ ਉਹ ਭ੍ਰਿਸ਼ਟਾਚਾਰ ਦੇ ਸੰਗੀਨ ਦੋਸ਼ਾਂ ਨੂੰ ਦੱਬ ਨਹੀਂ ਸਕਦੇ ਤੇ ਇਸ ਬਾਰੇ ਰਾਜ ਸਰਕਾਰ ਦੀ ਮੰਗ ਬੇਤੁਕੀ ਹੈ। ਸ੍ਰੀ ਭਾਰਦਵਾਜ ਨੇ ਇਸ ਮੌਕੇ ਸ੍ਰੀ ਯੇਡੀਯੁਰੱਪਾ ਨੂੰ 'ਉਲਟਾ ਚੋਰ ਕੋਤਵਾਲ



*ਰਾਜਪਾਲ ਭਾਰਦਵਾਜ*

ਨੂੰ ਡਾਂਟੇ' ਤਕ ਆਖ ਦਿੱਤਾ।

ਸ੍ਰੀ ਯੇਡੀਯੁਰੱਪਾ ਨੇ ਇਸ ਟਿੱਪਣੀ ਲਈ ਸ੍ਰੀ ਭਾਰਦਵਾਜ ਨੂੰ ਬਿਨਾਂ ਸ਼ਰਤ ਮੁਆਫ਼ੀ ਮੰਗਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਰਾਜਪਾਲ ਨੇ ਇਹ ਟਿੱਪਣੀ ਕਰਕੇ ਰਾਜ ਦੇ ਲੋਕਾਂ ਦੀ ਬੇਇੱਜ਼ਤੀ ਕੀਤੀ ਹੈ। ਇਸ ਦੇ ਨਾਲ ਹੀ ਅਦਾਲਤ 'ਚ ਯੇਡੀਯੁਰੱਪਾ ਤੇ ਉਸ ਦੇ ਪਰਿਵਾਰ ਦੇ ਕੁਝ ਜੀਆਂ ਵਿਰੁਧ ਤਿੰਨ ਨਵੀਂਆਂ ਸ਼ਿਕਾਇਤਾਂ ਦਾਇਰ ਕੀਤੀਆਂ ਗਈਆਂ ਹਨ ਜੋ ਜ਼ਮੀਨ ਦੇ ਨੋਟੀਫਿਕੇਸ਼ਨ ਰੱਦ ਕਰਨ 'ਚ ਕਥਿਤ ਭ੍ਰਿਸ਼ਟਾਚਾਰ ਨਾਲ ਸਬੰਧਤ ਹਨ। ਇਸ ਤਰ੍ਹਾਂ ਹੁਣ ਯੇਡੀਯੁਰੱਪਾ ਖ਼ਿਲਾਫ਼ ਨਿੱਜੀ ਤੌਰ 'ਤੇ ਦਾਇਰ ਕੁੱਲ ਪੰਜ ਸ਼ਿਕਾਇਤਾਂ ਹੋ ਗਈਆਂ ਹਨ। ਦੂਜੇ ਪਾਸੇ ਇਸ ਕਾਰਨ ਕਾਨੂੰਨੀ ਸ਼ਿਕੰਜੇ ਵਿਚ ਫਸਣ ਦੇ ਬਾਵਜੂਦ ਸ੍ਰੀ ਯੇਡੀਯੁਰੱਪਾ ਨੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਨਾਂਹ ਕਰ ਦਿੱਤੀ ਹੈ।

ਇਸ ਦੇ ਨਾਲ ਹੀ ਕੇਂਦਰੀ ਗ੍ਰਿਹ ਮੰਤਰੀ ਪੀ. ਚਿਦੰਬਰਮ ਨੇ ਕਰਨਾਟਕ ਦੇ ਰਾਜਪਾਲ ਐਚ.ਆਰ. ਭਾਰਦਵਾਜ ਵੱਲੋਂ ਰਾਜ ਦੇ ਮੁੱਖ ਮੰਤਰੀ ਬੀ.ਐਸ. ਯੇਡੀਯੁਰੱਪਾ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਦਿੱਤੀ ਇਜਾਜ਼ਤ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਕਿ ਇਹ ਫੈਸਲਾ ਕਾਨੂੰਨ ਮੁਤਾਬਕ ਹੈ। ਉਧਰ ਕੇਂਦਰੀ ਕਾਨੂੰਨ ਮੰਤਰੀ ਐਮ. ਵੀਰੱਪਾ ਮੋਇਲੀ ਨੇ ਰਾਜਪਾਲ ਦੇ ਫੈਸਲੇ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਹੈ ਕਿ ਭਾਜਪਾ ਫੈਸਲਾ ਨਾ ਮੰਨ ਕੇ ਭ੍ਰਿਸ਼ਟਾਚਾਰ ਨੂੰ ਸ਼ਹਿ ਦੇ ਰਹੀ ਹੈ। ਸ੍ਰੀ ਚਿਦੰਬਰਮ ਨੇ ਕਿਹਾ ਕਿ ਪਾਰਟੀ ਵੱਲੋਂ ਰਾਜਪਾਲ ਦੇ ਫੈਸਲੇ ਖ਼ਿਲਾਫ਼ ਸੜਕਾਂ 'ਤੇ ਉਤਰਨਾ ਬਿਲਕੁਲ ਸਹਿਣ ਨਹੀਂ ਕੀਤਾ ਜਾਵੇਗਾ। ਇਹ ਪਹਿਲੀ ਵਾਰ ਨਹੀਂ ਹੈ ਕਿ ਰਾਜਪਾਲ ਨੇ ਕਿਸੇ ਸੂਬੇ ਦੇ ਮੁੱਖ ਮੰਤਰੀ ਜਾਂ ਮੰਤਰੀ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਇਜਾਜ਼ਤ ਦਿੱਤੀ ਹੈ। ਪਰ ਨਾਲ ਹੀ ਕਾਂਗਰਸ ਨੇ ਕਿਹਾ ਹੈ ਕਿ ਰਾਜਪਾਲ ਐਚ.ਆਰ. ਭਾਰਦਵਾਜ ਵੱਲੋਂ ਕੀਤੇ ਫੈਸਲੇ ਦਾ ਕਾਂਗਰਸ ਨਾਲ ਕੋਈ ਸਬੰਧ ਨਹੀਂ ਹੈ ਸਗੋਂ ਇਹ ਫੈਸਲਾ ਉਨ੍ਹਾਂ ਰਾਜਪਾਲ ਵਜੋਂ ਹੀ ਲਿਆ ਹੈ।

## ਰਾਡੀਆ ਟੇਪਾਂ: ਸੁਪਰੀਮ ਕੋਰਟ ਵੱਲੋਂ ਕੇਂਦਰ ਤੋਂ ਜਵਾਬ ਤਲਬੀ

**ਨਵੀਂ ਦਿੱਲੀ:** ਕਾਰਪੋਰੇਟ ਲਾਬੀਕਾਰ ਨੀਰਾ ਰਾਡੀਆ ਦੀ ਸਿਆਸਤਦਾਨਾਂ, ਪੱਤਰਕਾਰਾਂ ਤੇ ਵੱਡੇ ਸਨਅਤਕਾਰਾਂ ਨਾਲ ਹੋਈ ਗੱਲਬਾਤ ਦੇ ਵੇਰਵੇ ਨਸ਼ਰ ਕਰਨ ਬਾਰੇ ਸੁਪਰੀਮ ਕੋਰਟ ਨੇ



*ਨੀਰਾ ਰਾਡੀਆ*

ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਹੈ। ਜਸਟਿਸ ਜੀ.ਐਸ. ਸਿੰਘਵੀ ਤੇ ਐਸ.ਐਸ. ਨਿੱਜਰ ਨੇ ਕੇਂਦਰ ਨੂੰ ਨੋਟਿਸ ਜਾਰੀ ਕਰਦਿਆਂ ਮਾਮਲੇ ਦੀ ਅਗਲੀ ਸੁਣਵਾਈ ਦੋ ਫਰਵਰੀ ਨੂੰ ਤੈਅ ਕੀਤੀ ਹੈ।

ਅਦਾਲਤ ਨੇ ਇਹ ਆਦੇਸ਼ ਸਮਾਜ ਸੇਵੀ ਜਥੇਬੰਦੀ 'ਸੈਂਟਰ ਫਾਰ ਪਬਲਿਕ ਇੰਟਰਸਟ ਲਿਟੀਗੇਸ਼ਨ' ਵੱਲੋਂ ਦਾਇਰ ਪਟੀਸ਼ਨ 'ਤੇ ਦਿੱਤਾ ਹੈ। ਇਸ ਪਟੀਸ਼ਨ ਵਿਚ ਕਿਹਾ ਗਿਆ ਕਿ ਮੰਤਰੀਆਂ, ਪੱਤਰਕਾਰਾਂ ਤੇ ਸਨਅਤਕਾਰਾਂ ਨਾਲ ਕੁੱਲ 5800 ਵਾਰ ਗੱਲਬਾਤ ਹੋਈ। ਇਸ ਦੇ ਵੇਰਵੇ ਜਨਤਕ ਹਿੱਤ ਵਿਚ ਨਸ਼ਰ ਕਰਨੇ ਚਾਹੀਦੇ ਹਨ। ਇਸ ਨਾਲ ਵੱਖ-ਵੱਖ ਸਰਕਾਰੀ ਮਹਿਕਮਿਆਂ ਵਿਚ ਭ੍ਰਿਸ਼ਟਾਚਾਰ ਦਾ ਪਤਾ ਲੱਗ ਸਕਦਾ ਹੈ।

ਜ਼ਿਕਰਯੋਗ ਹੈ ਕਿ ਵਿੱਤ ਮੰਤਰਾਲੇ ਦੀ ਸ਼ਿਕਾਇਤ 'ਤੇ ਰਾਡੀਆ ਦਾ ਟੈਲੀਫੋਨ ਟੇਪ ਕੀਤਾ ਗਿਆ ਸੀ। ਮੰਤਰਾਲੇ ਨੇ ਕਿਹਾ ਸੀ ਕਿ ਰਾਡੀਆ ਕਥਿਤ ਤੌਰ 'ਤੇ ਦੇਸ਼ ਵਿਰੋਧੀ ਕਾਰਵਾਈ ਵਿਚ ਸ਼ਾਮਲ ਹੈ। ਪਟੀਸ਼ਨਰ ਨੇ ਦਲੀਲ ਦਿੱਤੀ ਕਿ ਰਾਡੀਆ ਟੇਪਾਂ ਦੇ ਵੇਰਵੇ ਨਸ਼ਰ ਕਰਨਾ ਇਸ ਕਰਕੇ ਵੀ ਜਨਤਕ ਹਿੱਤ ਵਿਚ ਹੋਵੇਗਾ ਕਿਉਂਕਿ ਇਸ ਨਾਲ ਸਿਆਸਤਦਾਨਾਂ, ਨੌਕਰਸ਼ਾਹਾਂ, ਵਪਾਰਕ ਘਰਾਣਿਆਂ ਤੇ ਪੱਤਰਕਾਰਾਂ ਦੇ ਭ੍ਰਿਸ਼ਟਾਚਾਰ ਦੇ ਤਾਣੇ-ਬਾਣੇ ਦਾ ਖੁਲਾਸਾ ਹੋਵੇਗਾ।

ਚੇਤੇ ਰਹੇ, ਰਾਡੀਆ ਦੇ ਫੋਨ ਨੂੰ ਟੇਪ ਕਰਨ ਦੀ ਪ੍ਰਕਿਰਿਆ ਦੌਰਾਨ ਸਰਕਾਰ ਨੇ ਉਸ ਦੀ ਉਘੇ ਸਨਅਤਕਾਰਾਂ ਰਤਨ ਟਾਟਾ ਨਾਲ ਹੋਈ ਗੱਲਬਾਤ ਵੀ ਰਿਕਾਰਡ ਕਰ ਲਈ ਸੀ। ਰਤਨ ਟਾਟਾ ਨੇ ਵੀ ਅਦਾਲਤ ਵਿਚ ਅਰਜ਼ੀ ਦਾਇਰ ਕਰਕੇ ਸਰਕਾਰ ਨੂੰ ਇਸ ਗੱਲ ਦੀ ਜਾਂਚ ਦੇ ਆਦੇਸ਼ ਦੇਣ ਦੀ ਮੰਗ ਕੀਤੀ ਹੈ ਕਿ ਰਾਡੀਆ ਟੇਪਾਂ ਵਿਚ ਉਸ ਦੀ ਗੱਲਬਾਤ ਵਾਲਾ ਹਿੱਸਾ ਕਿਉਂ ਲੀਕ ਹੋਇਆ। ਰਤਨ ਟਾਟਾ ਨੇ ਕਿਹਾ ਕਿ ਇਹ ਉਸ ਦੇ ਪ੍ਰਾਈਵੇਸੀ ਦੇ ਅਧਿਕਾਰ ਦੀ ਉਲੰਘਣਾ ਹੈ।

# ਰਾਸ਼ਟਰਮੰਡਲ ਖੇਡਾਂ:ਕਲਮਾਡੀ ਤੇ ਭਨੋਟ ਭ੍ਰਿਸ਼ਟਾਚਾਰ ਦੀ ਭੇਟ ਚੜ੍ਹੇ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਲੰਮੇ ਸਮੇਂ ਤੋਂ ਵਿਵਾਦਾਂ ਵਿਚ ਘਿਰੇ ਸੁਰੇਸ਼ ਕਲਮਾਡੀ ਨੂੰ ਆਖਿਰ ਰਾਸ਼ਟਰਮੰਡਲ ਖੇਡਾਂ ਦੇ ਪ੍ਰਬੰਧ ਵਿਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਨਿਰਪੱਖ ਜਾਂਚ ਲਈ ਪ੍ਰਬੰਧਕੀ ਕਮੇਟੀ ਦੀ ਪ੍ਰਧਾਨਗੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਲਮਾਡੀ ਦੇ ਸਾਥੀ ਲਲਿਤ ਭਨੋਟ ਨੂੰ ਵੀ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਦੋਵਾਂ ਨੂੰ ਹਟਾਉਣ ਦਾ ਫੈਸਲਾ ਨਵੇਂ ਖੇਡ ਮੰਤਰੀ ਅਜੇ ਮਾਕਨ ਨੇ ਅਟਾਰਨੀ ਜਨਰਲ ਤੋਂ ਕਾਨੂੰਨੀ ਸਲਾਹ ਲੈਣ ਉਪਰੰਤ ਕੀਤਾ ਹੈ। ਸ੍ਰੀ ਮਾਕਨ ਨੇ ਖੇਡ ਮੰਤਰੀ ਵਜੋਂ ਪੰਜ ਦਿਨ ਪਹਿਲਾਂ ਹੀ ਅਹੁਦਾ ਸੰਭਾਲਿਆ ਸੀ। ਸ੍ਰੀ ਕਲਮਾਡੀ ਦੀ ਥਾਂ ਪ੍ਰਬੰਧਕੀ ਕਮੇਟੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਜਰਨੈਲ ਸਿੰਘ ਨੂੰ ਅਹੁਦਾ ਸੌਂਪਣ ਦੇ ਨਿਰਦੇਸ਼ ਵੀ ਦਿੱਤੇ ਹਨ।

ਸ੍ਰੀ ਮਾਕਨ ਨੇ ਕਿਹਾ ਕਿ ਰਾਸ਼ਟਰ ਮੰਡਲ ਖੇਡਾਂ ਦੇ ਪ੍ਰਬੰਧਕ ਤੇ ਸੰਸਥਾ ਵਿਚ ਭ੍ਰਿਸ਼ਟਾਚਾਰ ਤੇ ਬੇਨੇਮੀਆਂ ਦੇ ਦੋਸ਼ਾਂ ਦੀ ਸੀ.ਬੀ.ਆਈ. ਦੀ ਮੌਜੂਦਾ ਜਾਂਚ ਵਿਚ ਕਲਮਾਡੀ ਤੇ ਭਨੋਟ ਨੂੰ ਹਟਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਨਿਰਪੱਖ ਤੇ ਬੇਰੋਕ ਜਾਂਚ ਦੇ ਹਿਤ ਵਿਚ ਇਹ ਅਹਿਮ ਫੈਸਲਾ ਲਿਆ ਗਿਆ ਹੈ। ਕਲਮਾਡੀ ਤੇ ਭਨੋਟ ਦੋਵਾਂ ਨੇ ਹੀ ਖੇਡਾਂ ਦੌਰਾਨ ਘੁਟਾਲਿਆਂ ਦੇ ਖ਼ੁਲਾਸੇ ਬਾਅਦ ਅਸਤੀਫ਼ਾ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ ਤੇ ਇਹ ਦਾਅਵਾ ਕੀਤਾ ਸੀ ਕਿ ਉਨ੍ਹਾਂ ਕੁਝ ਵੀ ਗਲਤ ਨਹੀਂ ਕੀਤਾ। ਹੁਣ ਉਨ੍ਹਾਂ ਨੂੰ ਅਹੁਦਿਆਂ ਦੇ ਨਾਲ-ਨਾਲ ਪ੍ਰਬੰਧਕੀ ਕਮੇਟੀ ਦੇ ਕਾਰਜਕਾਰੀ ਬੋਰਡ ਤੋਂ ਵੀ ਹਟਾ ਦਿੱਤਾ ਹੈ।

ਨਵੇਂ ਖੇਡ ਮੰਤਰੀ ਨੇ ਕਲਮਾਡੀ ਨੂੰ ਭਾਰਤੀ ਉਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਬਾਰੇ ਕਿਹਾ ਕਿ ਅਟਾਰਨੀ ਜਨਰਲ ਦੀ ਕਾਨੂੰਨੀ ਸਲਾਹ ਤੋਂ ਬਾਅਦ ਹੀ ਕੋਈ ਫੈਸਲਾ ਲਿਆ ਜਾਵੇਗਾ। ਸ੍ਰੀ ਮਾਕਨ ਅਨੁਸਾਰ ਉਹ ਪਿਛਲੇ ਕੁਝ ਦਿਨਾਂ ਤੋਂ ਅਟਾਰਨੀ ਜਨਰਲ ਨਾਲ ਇਸ ਮੁੱਦੇ 'ਤੇ ਚਰਚਾ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਨੇ ਜਾਂਚ ਲਈ ਕਲਮਾਡੀ ਤੇ ਹੋਰਾਂ ਅਧਿਕਾਰੀਆਂ ਨੂੰ ਹਟਾਉਣ ਲਈ ਕਿਹਾ ਸੀ। ਹਾਲ ਹੀ ਦੇ ਸਮੇਂ 'ਚ ਵਿਦੇਸ਼ ਮੰਤਰੀ ਐਸ.ਐਸ. ਕ੍ਰਿਸ਼ਨਾ ਦੇ ਆਸਟਰੇਲੀਆ ਦੌਰੇ ਦੌਰਾਨ ਉਨ੍ਹਾਂ ਦੇ ਆਸਟਰੇਲੀਆਈ ਹਮਰੁਤਬਾ ਨੇ





*ਕਲਮਾਡੀ ਅਤੇ ਭਨੋਟ*

ਆਸਟਰੇਲੀਆਈ ਕੰਪਨੀਆਂ ਦੇ ਰਾਸ਼ਟਰ ਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਵੱਲ ਪਏ ਕਰੋੜਾਂ ਡਾਲਰਾਂ ਦੇ ਬਕਾਏ ਦਾ ਮੁੱਦਾ ਉਠਾਇਆ ਸੀ। ਖੇਡ ਮੰਤਰੀ ਸ੍ਰੀ ਮਾਕਨ ਨੇ ਇਹ ਮੁੱਦਾ ਵੀ 10 ਦਿਨਾਂ ਦੇ ਅੰਦਰ ਹੱਲ ਕਰਨ ਦਾ ਦਾਅਵਾ ਕੀਤਾ ਸੀ।

ਰਾਸ਼ਟਰ ਮੰਡਲ ਖੇਡਾਂ ਦੇ ਸਮਾਪਤ ਹੋਣ ਉਪਰੰਤ ਹੀ ਕੇਂਦਰੀ ਵਿਜੀਲੈਂਸ ਕਮਿਸ਼ਨ ਤੇ ਸੀ.ਬੀ.ਆਈ. ਨੇ ਜਾਂਚ ਸ਼ੁਰੂ ਕਰਦਿਆਂ ਕੇਸ ਦਰਜ ਵੀ ਕੀਤੇ ਸਨ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਖੇਡਾਂ ਦੌਰਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਲਈ ਵੀ.ਕੇ. ਸ਼ੁੰਗਲੂ ਦੀ ਅਗਵਾਈ ਵਾਲੀ ਉਚ ਪੱਧਰੀ ਕਮੇਟੀ ਬਣਾ ਕੇ ਉਸ ਨੂੰ ਤਿੰਨ ਮਹੀਨੇ ਅੰਦਰ ਰਿਪੋਰਟ ਦੇਣ ਲਈ ਕਿਹਾ ਸੀ। ਸੀ.ਬੀ.ਆਈ. ਨੇ ਕੁਝ ਅਹੁਦੇਦਾਰਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਇਲਾਵਾ ਕਲਮਾਡੀ ਤੇ ਭਨੋਟ ਤੋਂ ਵੀ ਪੁੱਛਗਿੱਛ ਕੀਤੀ ਸੀ ਅਤੇ ਉਨ੍ਹਾਂ ਦੇ ਟਿਕਾਣਿਆਂ 'ਤੇ ਛਾਪੇ ਵੀ ਮਾਰੇ ਸਨ। ਇਸੇ ਦੌਰਾਨ ਸਰਕਾਰ ਵੱਲੋਂ ਸ਼ੁੰਗਲੂ ਕਮੇਟੀ ਦੀ ਸਮਰਥਾ ਵਧਾਉਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ ਕਿਉਂਕਿ ਸ੍ਰੀ ਸ਼ੁੰਗਲੂ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਕਾਰਜਕਾਰੀ ਕਮੇਟੀ ਦੇ ਅਧਿਕਾਰੀਆਂ ਦੀ ਗਿਣਤੀ ਘੱਟ ਹੋਣ ਕਾਰਨ ਜਾਂਚ ਵਿਚ ਦਿੱਕਤ ਆ ਰਹੀ ਹੈ।

*To Advertise with us*
*call: 847-359-0746*

**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 736-5203, (408) 940-6065**

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com




www.GoldCoastATM.com

# ਕੈਨੇਡਾ 'ਚ ਪੰਜਾਬਣ ਦਾ ਕਾਤਲ ਪਤੀ ਗ੍ਰਿਫ਼ਤਾਰ

**ਟੋਰਾਂਟੋ:** ਕੈਨੇਡਾ ਪੁਲਿਸ ਨੇ ਚਾਰ ਵਰ੍ਹੇ ਪਹਿਲਾਂ ਅਮਨਦੀਪ ਕੌਰ ਬਾਹੀਆ ਦੀ ਬੇਰਹਿਮੀ ਨਾਲ ਹੱਤਿਆ ਕਰਨ ਸਬੰਧੀ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਵਿਅਕਤੀਆਂ 'ਚ ਮ੍ਰਿਤਕਾ ਦਾ 41 ਸਾਲਾ ਪਤੀ ਬਲਜਿੰਦਰ ਸਿੰਘ ਬਾਹੀਆ ਵੀ ਸ਼ਾਮਲ ਹੈ। ਪਰਿਵਾਰਕ ਮੈਂਬਰਾਂ ਨੇ ਕਿਹਾ ਹੈ ਕਿ ਉਹ ਚਾਰ ਸਾਲ ਲੰਮੀ ਪੁਲਿਸ ਜਾਂਚ ਤੋਂ ਸੰਤੁਸ਼ਟ ਹਨ ਤੇ ਦੋਸ਼ੀਆਂ ਲਈ ਸਖ਼ਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ।

ਕਪੂਰਥਲਾ ਜ਼ਿਲ੍ਹੇ ਦੇ ਪਿੰਡ ਬਾਦਸ਼ਾਹਪੁਰ ਦੇ ਸਵਰਗੀ ਅਪਾਰ ਸਿੰਘ ਕਾਹਲੋਂ ਦੀ ਧੀ ਅਮਨਦੀਪ ਦਾ ਵਿਆਹ ਸੰਨ 1995 'ਚ ਜਲੰਧਰ ਜ਼ਿਲੇ ਦੇ ਪਿੰਡ ਬਾਹੀਆ ਦੇ ਦੀਦਾਰ ਸਿੰਘ ਦੇ ਪੁੱਤਰ ਬਲਜਿੰਦਰ ਸਿੰਘ ਨਾਲ ਹੋਇਆ ਸੀ। ਕੈਨੇਡਾ ਆ ਕੇ ਅਮਨਦੀਪ ਦੀ ਆਪਣੇ ਹੀ ਘਰ ਦੀ ਬੇਸਮੈਂਟ 'ਚ ਹੱਤਿਆ ਕਰ ਦਿੱਤੀ ਗਈ ਸੀ। ਕਤਲ ਸਮੇਂ ਪਤੀ, ਸਹੁਰਾ ਤੇ ਸੱਸ ਘਰ 'ਚ ਨਹੀਂ ਸਨ ਤੇ ਸਹੁਰੇ ਦੀਦਾਰ ਸਿੰਘ ਬਾਹੀਆ ਨੇ ਕਤਲ ਦੀ ਵਾਰਦਾਤ ਦਾ ਪਤਾ ਲੱਗਣ 'ਤੇ ਪੁਲਿਸ ਨੂੰ ਸੂਚਿਤ ਕੀਤਾ ਸੀ।

ਅਮਨਦੀਪ ਕਤਲ ਕੇਸ 'ਚ ਬਲਜਿੰਦਰ ਬਾਹੀਆ ਉਸ ਸਮੇਂ ਸ਼ੱਕ ਦੇ ਘੇਰੇ 'ਚ ਆ ਗਿਆ ਸੀ ਜਦੋਂ ਮ੍ਰਿਤਕਾ ਦੀ ਭੂਆ ਦੀ ਲੜਕੀ ਰਾਜ ਕੌਰ ਨੇ ਕਈ ਅਹਿਮ ਇੰਕਸ਼ਾਫ ਕਰਦਿਆਂ ਬਾਹੀਆ ਪਰਿਵਾਰ ਨੂੰ ਵਿਵਾਦਾਂ ਦੇ ਘੇਰੇ 'ਚ ਲੈ ਆਂਦਾ ਸੀ। ਭਾੜੇ ਦੇ ਕਾਤਲਾਂ ਰਾਹੀਂ ਅਮਨਦੀਪ ਦੀ ਹੱਤਿਆ ਕਿਵੇਂ ਕਰਵਾਈ ਗਈ ਇਸ ਦਾ ਖੁਲਾਸਾ ਅਜੇ ਨਹੀਂ ਕੀਤਾ ਗਿਆ।

# ਕਾਂਗਰਸ ਵੱਲੋਂ 2-ਜੀ ਸਪੈਕਟ੍ਰਮ ਦੇ ਜਿੰਨ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼

**ਨਵੀਂ ਦਿੱਲੀ:** ਸਰਕਾਰ ਨੇ ਅਗਲੇ ਮਹੀਨੇ ਸ਼ੁਰੂ ਹੋ ਰਹੇ ਬਜਟ ਸੈਸ਼ਨ ਨੂੰ ਰੌਲੇ-ਰੱਪੇ ਦੀ ਭੇਟ ਚੜ੍ਹਨੋਂ ਬਚਾਉਣ ਲਈ ਵਿਰੋਧੀ ਧਿਰ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸੈਸ਼ਨ ਨੂੰ ਠੀਕ-ਠਾਕ ਚੱਲਣ ਦੇਵੇ। ਸਰਕਾਰ ਨੇ ਇਸ ਦੇ ਨਾਲ ਹੀ 2-ਜੀ ਸਪੈਕਟ੍ਰਮ ਨੂੰ ਪਹਿਲ ਦੇ ਆਧਾਰ 'ਤੇ ਲੈਣ ਸਮੇਤ ਸਾਰੇ ਮੁੱਦਿਆਂ 'ਤੇ ਚਰਚਾ ਕਰਨ ਦੀ ਰਜ਼ਾਮੰਦੀ ਪ੍ਰਗਟਾਈ ਹੈ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਦੱਸਿਆ ਕਿ ਸਰਕਾਰ ਸਦਨ 'ਚ ਸਾਰੇ ਮੁੱਦਿਆਂ 'ਤੇ ਚਰਚਾ ਕਰਨ ਲਈ ਸਹਿਮਤ ਹੈ। ਜੇਕਰ ਵਿਰੋਧੀ ਧਿਰ 2-ਜੀ ਦੇ ਮਾਮਲੇ ਨੂੰ ਪਹਿਲ ਦੇ ਆਧਾਰ 'ਤੇ ਲੈਣਾ ਚਾਹੁੰਦੀ ਹੈ ਤਾਂ ਇਹ ਵੀ ਤਰਜੀਹੀ ਤੌਰ 'ਤੇ ਵਿਚਾਰਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਬਜਟ ਸੈਸ਼ਨ ਤੋਂ ਪਹਿਲਾਂ ਸਰਕਾਰ ਦੀਆਂ ਸਾਰੀਆਂ ਪਾਰਟੀਆਂ ਨਾਲ ਵਿਚਾਰ-ਚਰਚਾ ਕਰਨ ਦੀ ਯੋਜਨਾ ਹੈ ਪਰ ਇਸ ਲਈ ਹਾਲੇ ਤਕ ਕੋਈ ਤਰੀਕ ਤੈਅ ਨਹੀਂ ਕੀਤੀ ਗਈ।

ਸ੍ਰੀ ਬਾਂਸਲ ਦਾ ਇਹ ਬਿਆਨ ਵਿੱਤ ਮੰਤਰੀ ਪ੍ਰਣਬ ਮੁਖਰਜੀ ਵੱਲੋਂ ਚੇਨਈ 'ਚ ਇਹ ਆਸ ਪ੍ਰਗਟਾਏ ਜਾਣ ਤੋਂ ਮਗਰੋਂ ਆਇਆ ਹੈ ਕਿ ਬਜਟ ਸੈਸ਼ਨ 'ਚ ਵਿਰੋਧੀ ਧਿਰ ਦੀ ਜੇ.ਪੀ.ਸੀ. ਦੀ ਮੰਗ ਨੂੰ ਲੈ ਕੇ ਛਿੜੇ ਵਿਵਾਦ ਦਾ ਹੱਲ ਲੱਭ ਲਿਆ ਜਾਵੇਗਾ ਤਾਂ ਕਿ ਸਦਨ ਦੀ ਕਾਰਵਾਈ ਠੀਕ-ਠਾਕ ਚੱਲ ਸਕੇ।

# *ਵਿਪਸਾ ਵਲੋਂ ਕਵੀ ਦਰਬਾਰ 28 ਨੂੰ*

**ਫਰੀਮਾਂਟ:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਵਲੋਂ ਇਕ ਕਵੀ ਦਰਬਾਰ ਆਉਂਦੇ ਸ਼ੁਕਰਵਾਰ 28 ਜਨਵਰੀ ਨੂੰ ਨਿਊ ਆਰਕ ਦੇ ਮਹਿਰਾਨ ਰੈਸਤੋਰਾਂ (5774 ਮੌਰੀ ਸਕੂਲ ਰੋਡ) ਵਿਚ ਕਰਵਾਇਆ ਜਾ ਰਿਹਾ ਹੈ।


ਇਹ ਜਾਣਕਾਰੀ ਦਿੰਦਿਆਂ ਸਭਾ ਦੇ ਚੇਅਰਮੈਨ ਸੁਖਵਿੰਦਰ ਕੰਬੋਜ ਅਤੇ ਜਨਰਲ ਸਕੱਤਰ ਕੁਲਵਿੰਦਰ ਨੇ ਦੱਸਿਆ ਕਿ ਇਹ ਕਵੀ ਦਰਬਾਰ ਮਰਹੂਮ ਡਾ. ਆਤਮਜੀਤ ਸਿੰਘ ਨੂੰ ਸਮਰਪਿਤ ਹੋਵੇਗਾ।

ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਇਸ ਸ਼ਾਮ ਦੀ ਪ੍ਰਧਾਨਗੀ ਡਾ. ਮਦਾਨ ਕਰਨਗੇ ਜੋ ਕਿ ਡਾ. ਆਤਮਜੀਤ ਦੇ ਬਹੁਤ ਨਜ਼ਦੀਕੀ ਰਹੇ ਹਨ। ਡਾ. ਆਤਮਜੀਤ ਸਿੰਘ ਆਪਣੇ ਆਖਰੀ ਦਮ ਤੀਕ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਅਮਰੀਕਾ ਵਿਚ ਜੰਮੇ ਪਲੇ ਬੱਚਿਆਂ ਵਿਚ ਸਥਾਪਿਤ ਕਰਨ ਦਾ ਯਤਨ ਕਰਦੇ ਰਹੇ ਹਨ। ਇਸ ਸ਼ਾਮ ਨੂੰ ਯਾਦਗਾਰੀ ਬਣਾਉਣ ਲਈ ਅਕੈਡਮੀ ਦੇ ਰੂਹੇ ਰਵਾਂ ਗਾਇਕ ਸੁਖਦੇਵ ਸਾਹਿਲ ਵਲੋਂ ਗੀਤਾਂ, ਗ਼ਜ਼ਲਾਂ ਅਤੇ ਸਾਹਿਤਕ ਨਜ਼ਮਾਂ ਦੀ ਝੜੀ ਲਾਈ ਜਾਏਗੀ।

ਹੋਰ ਜਾਣਕਾਰੀ ਲਈ ਸੁਖਵਿੰਦਰ ਕੰਬੋਜ ਨਾਲ ਫੋਨ (209) 417-7960 ਅਤੇ ਕੁਲਵਿੰਦਰ ਫੋਨ (510) 367-2090 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਾਲਮਨਵੀਸ ਬਲਜੀਤ ਬਾਸੀ ਨੂੰ ਸਦਮਾ, ਮਾਤਾ ਸੁਰਗਵਾਸ

**ਸਿਆਟਲ:** ਪੰਜਾਬੀ ਲੇਖਕ, ਕੋਸ਼ਕਾਰ ਅਤੇ ਪੰਜਾਬ ਟਾਈਮਜ਼ ਦੇ ਕਾਲਮਨਵੀਸ ਬਲਜੀਤ ਬਾਸੀ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਰਣਜੀਤ ਕੌਰ ਦਾ ਲੰਘੀ 22 ਜਨਵਰੀ ਨੂੰ ਏਥੋਂ ਦੇ ਇਕ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ ਪਿਛਲੇ ਤਿੰਨ ਕੁ ਮਹੀਨਿਆਂ ਤੋਂ ਚੂਲਾ ਟੁੱਟ ਜਾਣ ਕਾਰਨ ਇਥੋਂ ਦੇ ਇਕ ਨਰਸਿੰਗ ਹੋਮ ਵਿਚ ਦਾਖਲ ਸਨ। ਉਨ੍ਹਾਂ ਦਾ ਅਪਰੇਸ਼ਨ ਤਾਂ ਸਫਲ ਹੋ ਗਿਆ ਸੀ ਪਰ ਉਨ੍ਹਾਂ ਦੀ ਹਾਲਤ ਨਿਘਰਦੀ ਗਈ। ਆਖਰ ਹਫਤੇ ਕੁ ਬਾਅਦ ਉਹ ਪੂਰੇ ਹੋ ਗਏ। ਉਹ 97 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ ਇਕ ਧੀ ਅਤੇ ਤਿੰਨ ਪੁਤਰ ਛੱਡ ਗਏ ਹਨ ਜੋ ਸਾਰੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਵਸੇ ਹੋਏ ਹਨ। ਅੱਜ ਕੱਲ ਉਹ ਸਿਆਟਲ ਆਪਣੇ ਵਿਚਕਾਰਲੇ ਪੁਤਰ ਪਾਸ ਸਨ। ਉਨ੍ਹਾਂ ਦੇ ਚਾਰਾਂ ਭਰਾਵਾਂ ਦੇ ਪਰਿਵਾਰ ਇੰਗਲੈਂਡ-ਕੈਨੇਡਾ ਰਹਿੰਦੇ ਹਨ।



*ਬੀਬੀ ਰਣਜੀਤ ਕੌਰ*

ਬੀਬੀ ਰਣਜੀਤ ਕੌਰ ਦੁਆਬੇ 'ਚ ਮੰਜਕੀ ਖੇਤਰ ਦੇ ਉਘੇ ਪਿੰਡ ਜੰਡਿਆਲਾ ਦੇ ਜੰਮਪਲ ਸਨ। ਉਨ੍ਹਾਂ ਦਾ ਸਹੁਰਾ ਪਿੰਡ ਬੰਡਾਲਾ ਸੀ। ਉਹ ਆਪਣੇ ਪਰਿਵਾਰ ਦੀ ਤਰ੍ਹਾਂ ਅਗਾਂਹਵਧੂ ਖਿਆਲਾਂ ਦੇ ਸਨ। ਰਾਜਨੀਤੀ ਵਿਚ ਉਨ੍ਹਾਂ ਦੀ ਡੂੰਘੀ ਦਿਲਚਸਪੀ ਸੀ। ਸਕੂਲੀ ਵਿਦਿਆ ਬਹੁਤ ਘਟ ਹੋਣ ਦੇ ਬਾਵਜੂਦ ਉਨ੍ਹਾਂ ਕਿੰਨੀਆਂ ਸਾਰੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਸਨ। ਪੰਜਾਬੀ ਅਖਬਾਰ ਉਹ ਸਭ ਤੋਂ ਪਹਿਲਾਂ ਖੋਹ ਕੇ ਪੜ੍ਹਦੇ ਸਨ। ਉਹ ਜ਼ਿੰਦਗੀ ਪ੍ਰਤੀ ਬੜਾ ਆਸ਼ਾਵਾਦੀ ਨਜ਼ਰੀਆ ਰਖਦੇ ਸਨ ਤੇ ਉਨ੍ਹਾਂ ਦਾ ਬਹੁਰੰਗੀ ਦੁਨੀਆਂ ਨੂੰ ਭਰਪੂਰ ਰੂਪ ਵਿਚ ਦੇਖਣ ਮਾਣਨ ਵਿਚ ਵਿਸ਼ਵਾਸ ਸੀ। ਉਹ ਨਿਹਾਇਤ ਤਰਕਵਾਦੀ ਅਤੇ ਸੈਕੂਲਰ ਸਨ। ਏਹੀ ਰਵਈਆ ਉਨ੍ਹਾਂ ਦੀ ਲੰਮੀ ਉਮਰ ਦਾ ਕਾਰਨ ਬਣਿਆ। ਪਿਛਲੇ ਦਸ ਕੁ ਸਾਲ ਤੋਂ ਉਹ ਅਮਰੀਕਾ ਆਪਣੇ ਧੀ-ਪੁੱਤਰਾਂ ਕੋਲ ਆ ਵਸੇ ਸਨ। ਸ੍ਰੀ ਬਾਸੀ ਨਾਲ ਸੰਪਰਕ ਫੋਨ:734-454-4958 'ਤੇ ਕੀਤਾ ਜਾ ਸਕਦਾ ਹੈ।

# ਅਮਰੀਕੀ ਅਦਾਲਤ ਵੱਲੋਂ ਸਿੱਖ ਕਤਲੇਆਮ ਬਾਰੇ ਕਮਲ ਨਾਥ ਤਲਬ?

**ਨਵੀਂ ਦਿੱਲੀ:** ਅਮਰੀਕੀ ਅਦਾਲਤ ਵੱਲੋਂ ਦਿੱਲੀ ਵਿਚ 1984 ਦੇ ਸਿੱਖ ਕਤਲੇਆਮ ਸਬੰਧੀ



*ਕਮਲ ਨਾਥ*

ਕੇਸ 'ਚ ਸ਼ਹਿਰੀ ਵਿਕਾਸ ਮੰਤਰੀ ਕਮਲ ਨਾਥ ਨੂੰ ਤਲਬ ਕਰਨ ਬਾਰੇ ਭੰਬਲਭੂਸੇ ਵਾਲੀ ਹਾਲਤ ਬਣ ਗਈ ਹੈ। ਇਕ ਪਾਸੇ ਇਸ ਕੇਸ ਦੀ ਪੈਰਵੀ ਕਰ ਰਹੀ ਜਥੇਬੰਦੀ ਸਿੱਖ ਫਾਰ ਜਸਟਿਸ ਦੇ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਕਮਲ ਨਾਥ ਨੂੰ ਕੋਈ ਛੋਟ ਦੇਣੋਂ ਇਨਕਾਰ ਕਰ ਦਿੱਤਾ ਹੈ ਪਰ ਵਿਭਾਗ ਦਾ ਕਹਿਣਾ ਹੈ ਕਿ ਕਮਲ ਨਾਥ ਨੂੰ ਛੋਟ ਦੇਣ ਬਾਰੇ ਹਾਲੇ ਕੋਈ ਫੈਸਲਾ ਹੀ ਨਹੀਂ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਨਵੰਬਰ 1984 ਦੇ ਸਿੱਖ ਕਤਲੇਆਮ 'ਚ ਕਮਲ ਨਾਥ ਦੀ ਸ਼ਮੂਲੀਅਤ ਬਾਰੇ ਅਪਰੈਲ 2010 ਵਿਚ ਉਸ ਖ਼ਿਲਾਫ਼ ਨਿਊ ਯਾਰਕ ਦੀ ਅਦਾਲਤ ਵਿਚ ਕੇਸ ਦਾਇਰ ਕੀਤਾ ਗਿਆ ਸੀ ਪਰ 1984 ਦੇ ਸਿੱਖ ਕਤਲੇਆਮ ਬਾਰੇ ਕਮਲ ਨਾਥ ਖ਼ਿਲਾਫ਼ ਭਾਰਤ ਵਿਚ ਕੋਈ ਕੇਸ ਨਹੀਂ ਚੱਲ ਰਿਹਾ। ਇਸ ਬਾਰੇ ਕਮਲ ਨਾਥ ਦਾ ਕਹਿਣਾ ਹੈ ਕਿ ਜਿਥੋਂ ਤਕ ਉਸ ਦੀ ਜਾਣਕਾਰੀ ਹੈ ਅਮਰੀਕਾ ਨੇ ਭਾਰਤ ਦੀ ਬੇਨਤੀ ਰੱਦ ਨਹੀਂ ਕੀਤੀ। ਪਿਛਲੇ 25 ਸਾਲਾਂ ਦੌਰਾਨ ਉਸ ਖ਼ਿਲਾਫ਼ ਭਾਰਤ ਵਿਚ ਕੋਈ ਦੋਸ਼ ਨਹੀਂ ਲਾਇਆ ਗਿਆ। ਮੀਡੀਆ ਰਿਪੋਰਟ ਅਨੁਸਾਰ ਇਕ ਗੈਰ ਸਰਕਾਰੀ ਸੰਗਠਨ ਦੇ ਮੈਂਬਰ ਨੇ ਨਿਊ ਯਾਰਕ ਵਿਚ ਹਲਫ਼ਨਾਮਾ ਦੇ ਕੇ ਦਾਅਵਾ ਕੀਤਾ ਕਿ ਉਸ ਨੇ ਕੌਂਸਲਖਾਨੇ ਦੇ ਬਾਹਰ ਮੰਤਰੀ ਨੂੰ ਸੰਮਨ ਦਿੱਤੇ ਸਨ ਪਰ ਕਮਲ ਨਾਥ ਦੇ ਵਕੀਲ ਨੇ ਕਿਹਾ ਕਿ ਕਦੇ ਵੀ ਮੰਤਰੀ ਨੂੰ ਸੰਮਨ ਨਹੀਂ ਦਿੱਤੇ ਗਏ ਕਿਉਂਕਿ ਵੱਡੀ ਗਿਣਤੀ ਵਿਚ ਉਥੇ ਸਿੱਖ ਹੋਣ ਕਾਰਨ ਨਿਊ ਯਾਰਕ ਪੁਲਿਸ ਵਿਭਾਗ ਨੇ ਇਲਾਕੇ ਨੂੰ ਪੂਰੀ ਤਰ੍ਹਾਂ ਘੇਰਿਆ ਹੋਇਆ ਸੀ।

ਇਸ ਬਾਰੇ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਟਿੱਪਣੀ ਕਰਦਿਆਂ ਕਿਹਾ ਹੈ ਕਿਹਾ ਹੈ ਕਿ ਉਹ ਕਮਲ ਨਾਥ ਨਾਲ ਉਸ ਦੀ ਸ਼ਹਿਰੀ ਵਿਕਾਸ ਮੰਤਰੀ ਦੀ ਨਵੀਂ ਹੈਸੀਅਤ ਅਨੁਸਾਰ ਪੇਸ਼ ਆਉਣ ਲਈ ਆਸਵੰਦ ਹਨ। ਭਾਰਤੀ ਸਫ਼ਾਰਤਖਾਨੇ ਨੇ ਅਮਰੀਕੀ ਪ੍ਰਸ਼ਾਸਨ ਤੋਂ ਇਹ ਜਾਣਕਾਰੀ ਮੰਗੀ ਹੈ ਕਿ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵੱਲੋਂ ਪਿਛਲੇ ਸਾਲ ਅਪਰੈਲ 'ਚ ਕਮਲ ਨਾਥ ਵਿਰੁਧ ਦਾਇਰ ਕੇਸ ਮਗਰੋਂ ਕੀ ਉਹ 'ਸਫ਼ਾਰਤੀ ਛੋਟ' ਦੇ ਹੱਕਦਾਰ ਹਨ। ਅਮਰੀਕੀ ਅਧਿਕਾਰੀ ਨੇ ਦੱਸਿਆ ਕਿ ਅਮਰੀਕੀ ਵਿਦੇਸ਼ ਮੰਤਰਾਲਾ ਮੰਤਰੀ ਕਮਲ ਨਾਥ ਵਿਰੁਧ ਦਾਇਰ ਦੀਵਾਨੀ ਸ਼ਿਕਾਇਤ ਦੀ ਜਾਂਚ ਕਰ ਰਿਹਾ ਹੈ। ਉਧਰ ਕਮਲ ਨਾਥ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਜਦੋਂ ਅਦਾਲਤੀ ਸੰਮਨ ਮਿਲੇ ਹੀ ਨਹੀਂ ਤਾਂ ਇਸ ਦੀ ਤਾਮੀਲ ਕਿਵੇਂ ਕਰ ਸਕਦੇ ਹਨ?

ਇਸ ਦੇ ਨਾਲ ਹੀ ਸਿੱਖਸ ਫਾਰ ਜਸਟਿਸ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਦੀ ਮਦਦ ਨਾਲ ਕਮਲ ਨਾਥ ਖ਼ਿਲਾਫ਼ ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਦੱਸਿਆ ਕਿ ਜਥੇਬੰਦੀ ਵੱਲੋਂ ਇਸ ਮੁਹਿੰਮ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 'ਤੇ ਦਬਾਅ ਪਾਇਆ ਜਾਵੇਗਾ ਕਿ ਉਹ ਇਸ ਮੰਤਰੀ ਦੀ ਨਵੰਬਰ 1984 ਦੇ ਸਿੱਖ ਕਤਲੇਆਮ ਅਤੇ ਇਕ ਗੁਰਦੁਆਰੇ 'ਤੇ ਹਮਲੇ ਵਿਚ ਕਥਿਤ ਸ਼ਮੂਲੀਅਤ ਨੂੰ ਮੁੱਖ ਰੱਖਦਿਆਂ ਉਸ ਨੂੰ ਕੈਬਨਿਟ ਮੰਤਰੀ ਦੇ ਅਹੁਦੇ ਤੋਂ ਫਾਰਗ ਕਰਨ। ਉਨ੍ਹਾਂ ਦਾਅਵਾ ਕੀਤਾ ਕਿ ਅਦਾਲਤ ਵੱਲੋਂ ਇਸ ਮੰਤਰੀ ਨੂੰ ਸੰਮਨ ਜਾਰੀ ਕੀਤਾ ਗਿਆ ਹੈ।

## ਅਟਾਰਨੀ ਜਸਪ੍ਰੀਤ ਸਿੰਘ ਨੇ 4 ਹੋਰਨਾਂ ਨੂੰ ਸਿਟੀਜ਼ਨਸ਼ਿਪ ਦੁਆਈ

**ਸੈਕਰਾਮੈਂਟੋ:** ਅਟਾਰਨੀ ਜਸਪ੍ਰੀਤ ਸਿੰਘ ਨੇ ਚਾਰ ਹੋਰ ਵਿਅਕਤੀਆਂ ਨੂੰ ਸਿਟੀਜ਼ਨਸ਼ਿਪ ਦੁਆਈ ਹੈ ਅਤੇ ਦੋ ਵਿਅਕਤੀਆਂ ਨੂੰ ਜੇਲ੍ਹਾਂ ਵਿਚੋਂ ਵੀ ਛੁਡਾਇਆ ਹੈ।

ਅਟਾਰਨੀ ਜਸਪ੍ਰੀਤ ਸਿੰਘ ਵਲੋਂ ਜਾਰੀ ਇਕ ਬਿਆਨ ਅਨੁਸਾਰ ਜਿਨ੍ਹਾਂ ਵਿਅਕਤੀਆਂ ਨੂੰ ਸਿਟੀਜ਼ਨਸ਼ਿਪ ਮਿਲੀ ਹੈ, ਉਨ੍ਹਾਂ 'ਚ ਸਿੰਦਰ ਕੌਰ, ਮਲਕੀਤ ਰਾਜ ਸਿੰਘ, ਪਰਵੀਨ ਕੌਰ ਗਿੱਲ ਅਤੇ ਲਖਵੀਰ ਸਿੰਘ ਦੇ ਨਾਂ ਸ਼ਾਮਿਲ ਹਨ। ਸਿੰਦਰ ਕੌਰ ਅਤੇ ਪ੍ਰਵੀਨ ਕੌਰ ਗਿੱਲ ਨੂੰ ਸਿਟੀਜ਼ਨਸ਼ਿਪ ਸੈਕਰਾਮੈਂਟੋ, ਮਲਕੀਤ ਰਾਜ ਸਿੰਘ ਨੂੰ ਫਰਿਜ਼ਨੋ ਅਤੇ ਲਖਵੀਰ ਸਿੰਘ ਨੂੰ ਨਿਊ ਯਾਰਕ ਵਿਚ ਮਿਲੀ।

ਬਿਆਨ ਅਨੁਸਾਰ ਜਸਪ੍ਰੀਤ ਸਿੰਘ ਨੇ ਦੋ ਹੋਰ ਵਿਅਕਤੀਆਂ ਨਰੇਸ਼ਪਾਲ ਅਤੇ ਕੁਲਦੀਪ ਸਿੰਘ ਭੰਗੂ ਨੂੰ ਜੇਲ੍ਹ ਵਿਚੋਂ ਛੁਡਵਾਇਆ ਹੈ। ਨਰੇਸ਼ਪਾਲ ਨੂੰ ਟੈਕਸਸ ਇਮੀਗ੍ਰੇਸ਼ਨ ਜੇਲ੍ਹ ਵਿਚੋਂ ਅਤੇ ਕੁਲਦੀਪ ਸਿੰਘ ਭੰਗੂ ਨੂੰ ਐਰੀਜ਼ੋਨਾ ਜੇਲ੍ਹ ਤੋਂ ਛੁਡਵਾਇਆ ਗਿਆ।

## ਲੋਗਨ ਹਾਈ ਸਕੂਲ 'ਚ ਛੇਵੀਂ ਲੋਹੜੀ 28 ਨੂੰ

**ਯੂਨੀਅਨ ਸਿਟੀ:** ਲੋਗਨ ਹਾਈ ਸਕੂਲ ਦੇ ਪੰਜਾਬੀ ਕਲੱਬ ਵਲੋਂ ਛੇਵੀਂ ਵਾਰ ਲੋਹੜੀ ਆਉਂਦੇ ਸ਼ੁਕਰਵਾਰ 28 ਜਨਵਰੀ ਨੂੰ ਸ਼ਾਮ 6 ਵਜੇ ਤੋਂ 9 ਵਜੇ ਤੀਕ ਮਨਾਈ ਜਾ ਰਹੀ ਹੈ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੀ ਪ੍ਰਧਾਨ ਮਨਪ੍ਰੀਤ ਕੌਰ ਬੜੈਚ, ਮੀਤ ਪ੍ਰਧਾਨ ਨਵਦੀਪ ਕੌਰ ਸਮਰਾ ਅਤੇ ਪੰਜਾਬੀ ਅਧਿਆਪਕ ਸ. ਹਰਪਾਲ ਸਿੰਘ ਰਾਣਾ ਨੇ ਦੱਸਿਆ ਕਿ ਇਸ ਉਦਮ ਦਾ ਮਨੋਰਥ ਅਮਰੀਕਾ ਵਿਚ ਰਹਿੰਦੇ ਅੱਡ ਅੱਡ ਦੇਸ਼ਾਂ ਅਤੇ ਕੌਮਾਂ ਦੇ ਬੱਚਿਆਂ ਨੂੰ ਪੰਜਾਬੀ ਸਭਿਆਚਾਰ ਤੋਂ ਜਾਣੂ ਕਰਵਾਉਣਾ ਅਤੇ ਪੰਜਾਬੀ ਬੱਚਿਆਂ ਨੂੰ ਆਪਣੇ ਸਭਿਆਚਾਰ ਨਾਲ ਜੋੜਨਾ ਹੈ।

ਉਨ੍ਹਾਂ ਯੂਨੀਅਨ ਸਿਟੀ ਵਿਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਬੇਨਤੀ ਕੀਤੀ ਕਿ ਉਹ ਪਰਿਵਾਰਾਂ ਸਮੇਤ ਪੁਜ ਕੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਨ। ਉਨ੍ਹਾਂ ਕਿਹਾ ਕਿ ਸਕੂਲ ਦੇ ਅਹਾਤੇ ਅੰਦਰ ਕਿਸੇ ਵੀ ਕਿਸਮ ਦਾ ਨਸ਼ਾ ਲਿਆਉਣਾ ਜਾਂ ਕਰਨਾ ਗੈਰ ਕਾਨੂੰਨੀ ਹੈ। ਸਕੂਲ ਵਲੋਂ ਸਕਿਉਰਿਟੀ ਦਾ ਇੰਤਜ਼ਾਮ ਵੀ ਹੋਵੇਗਾ।

ਕਲੱਬ ਪ੍ਰਧਾਨ ਮਨਪ੍ਰੀਤ ਨੇ ਕਿਹਾ ਕਿ ਜੋ ਵਿਦਿਆਰਥੀ ਸ਼ਾਮਲ ਹੋਣਾ ਚਾਹੁੰਦੇ ਹਨ ਉਹ ਸ਼ੁਕਰਵਾਰ ਤੋਂ ਪਹਿਲਾਂ ਹੀ ਪਾਸ ਲੈ ਲੈਣ। ਇਹ ਪਾਸ ਕੇਵਲ ਲੋਗਨ ਵਿਚ ਪੜ੍ਹ ਰਹੇ ਵਿਦਿਆਰਥੀਆਂ ਜਾਂ ਉਨ੍ਹਾਂ ਦੇ ਅਠਵੀਂ ਜਮਾਤ ਤਕ ਦੇ ਛੋਟੇ ਭੈਣ-ਭਰਾਵਾਂ ਨੂੰ ਹੀ ਜਾਰੀ ਕੀਤੇ ਜਾਣਗੇ।


**SUPER TRAVEL**

847-676-9090, 773-465-5566

*E-mail: supertravel2003@yahoo.com*

***Lowest Fares With Excellent Service***



AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545 London $250



**MRP TRAVEL**

*Lowest International and Domestic Fares*

A·R·C FLY ANY AIRLINE OF YOUR CHOICE IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com

2123 Port Way, San Jose, CA 95133

*CST: 2097308-40*



Emirates Asiana Airlines KOREAN AIR CHINA AIRLINES SINGAPORE AIRLINES CATHAY PACIFIC Lufthansa

**We Also Offer Notary Service**



# ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

*ਪੁਨੀਆ ਰੀਅਲ ਅਸਟੇਟ:94173-34049*

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

# ਭਾਜਪਾ ਦਾ ਹਿੰਦੂਤਵ ਧੌਂਸ ਨੂੰ ਉਜਾਗਰ ਕਰਨਾ ਮੰਦਭਾਗਾ: ਮਾਨ

**ਫਤਿਹਗੜ੍ਹ ਸਾਹਿਬ (ਗੁਰਿੰਦਰਜੀਤ ਸਿੰਘ ਪੀਰਜੈਨ):** "ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਦਲ ਨੂੰ ਛੱਡ ਕੇ ਐਨ ਡੀ ਏ ਦੀਆਂ ਬਾਕੀ ਭਾਈਵਾਲ ਜਮਾਤਾਂ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸ੍ਰੀਨਗਰ ਯਾਤਰਾ ਰੱਦ ਕਰਨ ਦੀ ਅਪੀਲ ਨੂੰ ਠੁਕਰਾ ਕੇ ਭਾਰਤੀ ਜਨਤਾ ਪਾਰਟੀ ਨੇ ਸਾਬਿਤ ਕਰ ਦਿੱਤਾ ਹੈ ਕਿ ਇਹ ਫਿਰਕੂ ਜਮਾਤਾਂ ਅਤੇ ਘੱਟ ਗਿਣਤੀ ਕੌਮਾਂ ਉਤੇ ਆਪਣੀ "ਹਿੰਦੂਤਵ ਧੌਂਸ" ਨੂੰ ਜਮਾਉਣਾ ਚਾਹੁੰਦੀ ਹੈ ਅਤੇ ਘੱਟ ਗਿਣਤੀ ਕੌਮਾਂ ਇਸ ਧੌਂਸ ਨੂੰ ਬਿਲਕੁਲ ਪ੍ਰਵਾਨ ਨਹੀਂ ਕਰਨਗੀਆਂ। ਭਾਜਪਾ ਵੱਲੋਂ ਇਸ ਸੰਜੀਦਾ ਅਪੀਲ ਨੂੰ ਨਜ਼ਰਅੰਦਾਜ਼ ਕਰਨਾ ਅਤਿ ਮੰਦਭਾਗਾ ਅਤੇ ਇੱਥੋ ਦੇ ਅਮਨ-ਚੈਨ ਨੂੰ ਜਾਣਬੁੱਝ ਕੇ ਭੰਗ ਕਰਨ ਵਾਲੀ ਕਾਰਵਾਈ ਹੈ।"



ਇਹ ਵਿਚਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਕਿਲ੍ਹਾ ਸ. ਹਰਨਾਮ ਸਿੰਘ ਤੋਂ ਬਿਆਨ ਜਾਰੀ ਕਰਦੇ ਹੋਏ ਪ੍ਰਗਟਾਏ। ਉਨ੍ਹਾਂ ਦੇਸ਼ ਦੇ ਲੋਕਾਂ ਦਾ ਧਿਆਨ ਗ੍ਰਹਿ ਮੰਤਰੀ ਸ੍ਰੀ ਚਿਦੰਬਰਮ ਅਤੇ ਕੁਲ ਹਿੰਦ ਕਾਂਗਰਸ ਦੇ ਜਨਰਲ ਸਕੱਤਰ ਸ੍ਰੀ ਰਾਹੁਲ ਗਾਂਧੀ ਅਤੇ ਹੋਰ ਆਗੂਆਂ ਦੇ ਬਿਆਨਾਂ ਵੱਲ ਦਿਵਾਉਂਦੇ ਹੋਏ ਕਿਹਾ ਕਿ ਇਹ ਆਗੂ "ਹਿੰਦੂ ਦਹਿਸ਼ਤਗਰਦੀ ਅਤੇ ਭਗਵੇਂ ਅਤਿਵਾਦ" ਦੀ ਗੱਲ ਖੁੱਲ੍ਹੇ ਰੂਪ ਵਿਚ ਮੁਲਕ ਨਿਵਾਸੀਆਂ ਸਾਹਮਣੇ ਪ੍ਰਵਾਨ ਕਰ ਚੁੱਕੇ ਹਨ। ਹੁਣ ਹਕੂਮਤ ਪ੍ਰਗਿਆ ਸਿੰਘ ਠਾਕੁਰ, ਸਵਾਮੀ ਦਯਾਨੰਦ, ਕਰਨਲ ਪੁਰੋਹਿਤ, ਇੰਦਰੇਸ਼ ਕੁਮਾਰ, ਸਵਾਮੀ ਅਸੀਮਾਨੰਦ, ਸੰਦੀਪ ਡਾਂਗੇ, ਰਾਮ ਚੰਦਰ ਕਲਸਾਗਰ ਅਤੇ ਅਸ਼ੋਕ ਵਰਗੇ "ਹਿੰਦੂ ਦਹਿਸ਼ਤਗਰਦਾਂ" ਦੀਆਂ ਵਿਸਫੋਟਕ ਕਾਰਵਾਈਆਂ ਉਤੇ ਰੋਕ ਕਿਉਂ ਨਹੀਂ ਲਾਉਂਦੀ? ਉਨ੍ਹਾਂ ਕਿਹਾ ਕਿ ਉਪਰੋਕਤ ਹਿੰਦੂ ਦਹਿਸ਼ਤਗਰਦਾਂ ਦੇ ਸਾਥੀ ਸੁਨੀਲ ਜ਼ੋਸੀ ਦੇ ਕਤਲ ਤੋਂ ਇੱਕ ਦਿਨ ਪਹਿਲਾਂ ਪ੍ਰਗਿਆ ਸਿੰਘ ਠਾਕੁਰ ਦੇ ਉਸਦੇ ਘਰ ਆਉਣ ਦੀ ਸੱਚਾਈ ਪ੍ਰਤੱਖ ਹੋਣ ਉਪਰੰਤ ਵੀ ਬੀ ਜੇ ਪੀ, ਆਰ ਐਸ ਐਸ, ਸ਼ਿਵ ਸੈਨਾ, ਬਜਰੰਗ ਦਲ, ਵਿਸ਼ਵ ਹਿੰਦੂ ਪਰਿਸ਼ਦ, ਅਭੀਨਵ ਭਾਰਤ ਆਦਿ ਦਹਿਸ਼ਤਗਰਦੀ ਸੰਗਠਨ ਆਪਣੇ ਆਪ ਨੂੰ ਨਿਰਦੋਸ਼ ਸਾਬਿਤ ਕਰਨ 'ਤੇ ਲੱਗੇ ਹੋਏ ਹਨ। ਦੁੱਖ ਦੀ ਗੱਲ ਹੈ ਕਿ ਸਰਕਾਰ ਅਜਿਹੀਆਂ ਗੈਰ ਕਾਨੂੰਨੀ ਕਾਰਵਾਈਆਂ ਕਰਨ ਵਾਲੀਆਂ ਭਾਜਪਾ ਅਤੇ ਉਸਦੀਆਂ ਸਹਿਯੋਗੀ ਜਥੇਬੰਦੀਆਂ ਨੂੰ ਪੂਰੇ ਮੁਲਕ ਵਿਚ "ਤਿਰੰਗੇ ਝੰਡੇ" ਦੇ ਨਾਂ 'ਤੇ ਖਲਲ ਪਾਉਣ ਅਤੇ ਮੁਲਕ ਦੇ ਅਮਨ ਚੈਨ ਨੂੰ ਸੱਟ ਮਾਰਨ ਦੀ ਖੁੱਲ੍ਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਤੱਸਬੀਆਂ ਦੇ ਮਨ ਵਿਚ ਦੇਸ਼ ਭਗਤੀ ਅਤੇ ਤਿਰੰਗਾ ਲਹਿਰਾਉਣ ਦੀ ਭਾਵਨਾ ਦੀ ਥਾਂ ਮੁਸਲਿਮ, ਸਿੱਖ, ਇਸਾਈ ਅਤੇ ਦਲਿਤਾਂ ਨੂੰ ਡਰਾਉਣ ਧਮਕਾਉਣ ਦੀ ਮੰਦਭਾਵਨਾ ਵਧੇਰੇ ਹੈ। ਇਸੇ ਲਈ ਹੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ 22 ਜਨਵਰੀ ਨੂੰ ਕੁਰਾਲੀ ਅਤੇ 23 ਜਨਵਰੀ ਨੂੰ ਜਲੰਧਰ ਲਾਗੇ ਜੰਡੂ ਸਿੰਘਵਾਲਾ ਵਿਚ ਇਸ ਫਿਰਕੂ ਯਾਤਰਾ ਵਿਰੁਧ ਰੋਸ ਪ੍ਰਦਰਸ਼ਨ ਕੀਤੇ।

# ਯੂਨਾਈਟਡ ਸਪੋਰਟਸ ਕਲੱਬ ਦਾ ਕਬੱਡੀ ਕੱਪ 24 ਸਤੰਬਰ ਨੂੰ

ਫਰੀਮਾਂਟ: ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਵਲੋਂ ਆਪਣਾ ਕਬੱਡੀ ਕੱਪ ਮੇਲਾ ਇਸ ਸਾਲ ਸਨਿਚਰਵਾਰ 24 ਸਤੰਬਰ ਨੂੰ ਕਰਵਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਇਸ ਕਬੱਡੀ ਕੱਪ ਲਈ ਵਿਸ਼ਵ ਦੀਆਂ ਨਾਮੀ ਕਬੱਡੀ ਟੀਮਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਵੇਗਾ। ਉਨ੍ਹਾਂ ਕਬੱਡੀ ਨਾਲ ਜੁੜੀਆਂ ਵਖ ਵਖ ਕਲੱਬਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪ੍ਰੋਗਰਾਮ ਇਸ ਕਬੱਡੀ ਕੱਪ ਦੀ ਮਿਤੀ ਨੂੰ ਧਿਆਨ ਵਿਚ ਰਖ ਕੇ ਹੀ ਬਣਾਉਣ।

ਸ੍ਰੀ ਗਾਖਲ ਨੇ ਕਿਹਾ ਕਿ ਇਹ ਕਬੱਡੀ ਕੱਪ ਨਿਰੋਲ ਵਿਸ਼ਵ ਕਬੱਡੀ ਕੱਪ ਦੀ ਤਰਜ ਤੇ ਹੋਵੇਗਾ ਅਤੇ ਇਸ ਵਿਚ ਦਰਸ਼ਕਾਂ ਤੇ ਖੇਡ ਪਰਮੋਟਰਾਂ ਦਾ ਖਾਸ ਧਿਆਨ ਰਖਿਆ ਜਾਵੇਗਾ। ਇਸ ਮੇਲੇ ਲਈ ਤਿਆਰੀਆਂ ਹੁਣੇ ਤੋਂ ਆਰੰਭ ਕਰ ਦਿਤੀਆਂ ਗਈਆਂ ਹਨ।

# ਅਮਰੀਕਾ ਵਿਚ ਸੈਂਕੜੇ ਭਾਰਤੀ ਵਿਦਿਆਰਥੀਆਂ ਦਾ ਭਵਿੱਖ ਧੁੰਦਲਾ

**ਵਾਸ਼ਿੰਗਟਨ:** ਅਮਰੀਕਾ 'ਚੋਂ ਸੈਂਕੜੇ ਭਾਰਤੀ ਵਿਦਿਆਰਥੀਆਂ ਦਾ ਬਿਸਤਰਾ ਗੋਲ ਹੋਣ ਦਾ ਖਤਰਾ ਹੈ। ਅਧਿਕਾਰੀਆਂ ਨੇ ਕੈਲੀਫੋਰਨੀਆ ਦੀ ਸਿਲੀਕਾਨ ਵੈਲੀ ਵਿਚਲੀ ਇਕ ਯੂਨੀਵਰਸਿਟੀ 'ਤੇ ਛਾਪਾ ਮਾਰ ਕੇ ਇਹ ਬੰਦ ਕਰਵਾ ਦਿੱਤੀ ਹੈ ਕਿਉਂਕਿ ਇਥੇ ਵੱਡੇ ਪੱਧਰ 'ਤੇ ਇਮੀਗ੍ਰੇਸ਼ਨ ਫਰਾਡ ਚੱਲ ਰਿਹਾ ਸੀ। ਯੂਨੀਵਰਸਿਟੀ ਵਿਚ 1555 ਵਿਦਿਆਰਥੀ ਦੱਸੇ ਜਾਂਦੇ ਹਨ, ਜਿਨ੍ਹਾਂ 'ਚੋਂ 95 ਫੀਸਦੀ ਭਾਰਤੀ ਹਨ। ਇਨ੍ਹਾਂ 'ਚੋਂ ਬਹੁਤੇ ਆਂਧਰਾ ਪ੍ਰਦੇਸ਼ ਤੋਂ ਹਨ।

ਸਾਨ ਫਰਾਂਸਿਸਕੋ ਬੇਅ ਏਰੀਆ ਦੇ ਇਕ ਵੱਡੇ ਨੀਮ ਸ਼ਹਿਰੀ ਖੇਤਰ ਪਲੈਜ਼ੈਂਟਨ ਦੀ ਟ੍ਰਾਇ ਵੈਲੀ ਯੂਨੀਵਰਸਿਟੀ ਉਤੇ ਸੰਘੀ ਜਾਂਚ ਅਧਿਕਾਰੀਆਂ ਨੇ ਧੋਖਾਧੜੀ, ਵੀਜ਼ਾ ਪਰਮਿਟਾਂ ਦੀ ਦੁਰਵਰਤੋਂ ਤੇ ਹੋਰ ਅਪਰਾਧਾਂ ਵਿਚ ਸ਼ਾਮਲ ਹੋਣ ਦੇ ਦੋਸ਼ ਆਇਦ ਕੀਤੇ ਹਨ। ਕੈਲੀਫੋਰਨੀਆ ਦੀ ਇਕ ਅਦਾਲਤ ਵਿਚ ਦਾਇਰ ਸ਼ਿਕਾਇਤ ਮੁਤਾਬਕ ਇਹ ਯੂਨੀਵਰਸਿਟੀ ਪਿਛਲੇ ਹਫਤੇ ਬੰਦ ਕਰ ਦਿੱਤੀ ਗਈ ਹੈ ਜੋ ਵਿਦੇਸ਼ੀ ਨਾਗਰਿਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਆਵਾਸੀ ਦਰਜਾ ਦਿਵਾਉਣ ਵਿਚ ਸਹਾਈ ਹੋ ਰਹੀ ਸੀ।

ਇਮੀਗ੍ਰੇਸ਼ਨ ਐਂਡ ਕਸਟਮ ਐਨਫੋਰਸਮੈਂਟ (ਆਈ.ਸੀ.ਆਈ.) ਵੱਲੋਂ ਕੀਤੀ ਜਾਂਚ ਦੌਰਾਨ ਪਾਇਆ ਗਿਆ ਕਿ ਭਾਵੇਂ ਯੂਨੀਵਰਸਿਟੀ ਦੇ ਵੱਖ-ਵੱਖ ਰੈਜ਼ੀਡੈਂਸ਼ਲ ਤੇ ਆਨ ਲਾਈਨ ਕੋਰਸਾਂ ਵਿਚ ਵਿਦਿਆਰਥੀ ਦਾਖਲ ਕੀਤੇ ਗਏ ਹੋਏ ਸਨ ਤੇ ਕਾਗਜ਼ਾਂ ਵਿਚ ਉਹ ਕੈਲੀਫੋਰਨੀਆ ਵਿਚ ਰਹਿ ਰਹੇ ਸਨ ਪਰ ਹਕੀਕਤ ਵਿਚ ਉਹ ਮੈਰੀਲੈਂਡ, ਵਰਜੀਨੀਆ, ਪੈਨਸਿਲਵੇਨੀਆ ਤੇ ਟੈਕਸਸ ਵਿਚ ਕੰਮ ਕਰ ਰਹੇ ਸਨ।

ਆਈ.ਸੀ.ਈ. ਨੇ ਇਸ ਨੂੰ 'ਫਰਜ਼ੀ ਯੂਨੀਵਰਸਿਟੀ' ਕਰਾਰ ਦਿੱਤਾ ਹੈ। ਇਸ ਦੇ ਅੱਧੇ ਤੋਂ ਜ਼ਿਆਦਾ ਵਿਦਿਆਰਥੀ ਸੰਨੀਵੇਲ, ਕੈਲੀਫੋਰਨੀਆ ਵਿਚਲੇ ਇਕ ਅਪਾਰਟਮੈਂਟ ਵਿਚ ਰਹਿੰਦੇ ਸਨ। ਵਿਦਿਆਰਥੀਆਂ ਨੇ ਵਿਦਿਆਰਥੀ ਵੀਜ਼ਾ ਤੇ ਵਿਦਿਆਰਥੀ ਵਰਕ ਪਰਮਿਟ ਹਾਸਲ ਕਰਨ ਲਈ ਲੱਖਾਂ ਰੁਪਏ ਅਦਾ ਕੀਤੇ ਸਨ। ਆਈ.ਸੀ.ਆਈ.ਇਕ-ਇਕ ਵਿਦਿਆਰਥੀ ਬਾਰੇ ਅੰਕੜੇ ਇਕੱਤਰ ਕਰ ਰਹੀ ਹੈ। ਬਹੁਤ ਸਾਰੇ ਵਿਦਿਆਰਥੀਆਂ ਤੋਂ ਪੁੱਛ-ਪੜਤਾਲ ਕੀਤੀ ਗਈ ਹੈ ਜਿਸ ਕਰਕੇ ਭਾਰਤੀਆਂ ਅੰਦਰ ਘਬਰਾਹਟ ਫੈਲੀ ਹੋਈ ਹੈ। ਆਂਧਰਾ ਪ੍ਰਦੇਸ਼ ਤੋਂ ਬਹੁਤ ਸਾਰੇ ਵਿਦਿਆਰਥੀ ਜੋ ਨਵੇਂ ਸਮੈਸਟਰ ਤੋਂ ਯੂਨੀਵਰਸਿਟੀ ਵਿਚ ਦਾਖਲ ਹੋਏ ਸਨ, ਨੇ ਅਮਰੀਕਾ ਜਾਣ ਦੇ ਆਪਣੇ ਮਨਸੂਬੇ ਰੱਦ ਕਰ ਦਿੱਤੇ ਹਨ।

*To Advertise with Punjab Times Call: 847-359-0746*
***Fax:847-705-9388, e-mail:punjabtimes1@sbcglobal.net***
*Visit us on the web:**wwwpunjabtimesusa.com***

# ਬੇਕਰਜ਼ਫੀਲਡ ਦਾ ਨੌਜਵਾਨ ਦੀਪਕ ਨਾਰੰਗ ਲਾਪਤਾ

**ਬੇਕਰਜਫੀਲਡ (ਮਾਨ ਮਨਦੀਪ):** ਇਥੋਂ ਦਾ ਇਕ 26 ਸਾਲਾ ਨੌਜਵਾਨ ਦੀਪਕ ਨਾਰੰਗ ਐਤਵਾਰ 23 ਜਨਵਰੀ ਤੋਂ ਭੇਦਭਰੀ ਹਾਲਤ ਵਿਚ ਲਾਪਤਾ ਹੈ। ਲਾਪਤਾ ਨੌਜਵਾਨ ਦੀ ਪਤਨੀ ਪਰਮਜੀਤ ਕੌਰ ਨਾਰੰਗ ਵਲੋਂ ਪੁਲਿਸ ਪਾਸ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ ਉਸ ਦੀ ਆਪਣੇ ਪਤੀ ਨਾਲ ਆਖਰੀ ਵਾਰ ਗੱਲਬਾਤ 23 ਜਨਵਰੀ ਨੂੰ ਸ਼ਾਮੀ 6 ਵਜੇ ਹੋਈ। ਉਸ ਤੋਂ ਬਾਅਦ ਉਸ ਨੇ ਆਪਣੇ ਕੰਮ ਤੋਂ ਅਨੇਕਾਂ ਵਾਰ ਆਪਣੇ ਪਤੀ ਨੂੰ ਫੋਨ ਕੀਤਾ ਪਰ ਕੋਈ ਜਵਾਬ ਨਹੀਂ ਆਇਆ। ਅਖੀਰ ਉਹ ਤੜਕੇ 2 ਵਜੇ ਕੰਮ ਤੋਂ ਛੁੱਟੀ ਕਰਕੇ ਘਰ ਆ ਗਈ ਅਤੇ ਘਰ ਆ ਕੇ ਦੇਖਿਆ ਕਿ ਉਸ ਦਾ ਪਤੀ ਆਪਣੇ ਕੱਪੜਿਆਂ ਅਤੇ ਕਾਰ ਸਮੇਤ ਲਾਪਤਾ ਹੈ।



*ਦੀਪਕ ਨਾਰੰਗ*

ਪੁਲਿਸ ਪਾਸ ਦਰਜ ਕਰਵਾਈ ਰਿਪੋਰਟ ਅਨੁਸਾਰ ਇਸ ਪਿਛੋਂ ਪਰਮਜੀਤ ਨੇ ਇਥੇ ਰਹਿੰਦੇ ਦੀਪਕ ਦੇ ਰਿਸ਼ਤੇਦਾਰਾਂ ਨਾਲ ਸੰਪਰਕ ਕੀਤਾ ਤਾਂ ਕਿਸੇ ਤੋਂ ਕੁਝ ਵੀ ਪਤਾ ਨਹੀਂ ਲੱਗਾ। ਅਗਲੇ ਦਿਨ ਜਦੋਂ ਉਸ ਨੇ ਆਪਣਾ ਸਾਮਾਨ ਚੈਕ ਕੀਤਾ ਤਾਂ ਉਸ ਵਿਚੋਂ ਸੋਨੇ ਦੇ ਦੋ ਕੰਗਣ ਗੁੰਮ ਸਨ ਅਤੇ ਬੈਂਕ ਅਕਾਊਂਟ ਵਿਚੋਂ ਦੀਪਕ ਨੇ 900 ਡਾਲਰ ਵੀ ਕਢਵਾ ਲਏ ਹੋਏ ਸਨ। ਇਸ ਤੋਂ ਜਾਪਦਾ ਹੈ ਕਿ ਉਹ ਖੁਦ ਹੀ ਘਰ ਛੱਡ ਕੇ ਕਿਧਰੇ ਚਲਾ ਗਿਆ ਹੈ। ਦੀਪਕ ਦੀ ਕਾਰ ਜੋ ਕਿ ਉਸ ਦੀ ਪਤਨੀ ਦੇ ਨਾਂ ਉਪਰ ਰਜਿਸਟਰਡ ਹੈ, ਲਾਸ ਏਂਜਲਸ ਦੇ ਇੰਟਰਨੈਸ਼ਨਲ ਏਅਰਪੋਰਟ ਉਪਰ ਖੜ੍ਹੀ ਮਿਲੀ। ਇਸ ਤੋਂ ਸ਼ੱਕ ਹੁੰਦਾ ਹੈ ਕਿ ਉਹ ਸ਼ਾਇਦ ਦੇਸ਼ ਛੱਡ ਕੇ ਚਲਾ ਗਿਆ ਹੈ ਪਰ ਜਦੋਂ ਬਟਾਲੇ ਰਹਿੰਦੇ ਦੀਪਕ ਦੇ ਪਿਤਾ ਨਾਲ ਸੰਪਰਕ ਕੀਤਾ ਗਿਆ ਤਾਂ ਉਸ ਦਾ ਜਵਾਬ ਸੀ ਕਿ ਮੈਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ।

ਪਰਮਜੀਤ ਕੌਰ ਨਾਰੰਗ ਦਾ ਕੋਈ 8 ਕੁ ਮਹੀਨੇ ਪਹਿਲਾਂ ਦੀਪਕ ਨਾਲ ਵਿਆਹ ਹੋਇਆ ਸੀ। ਦੀਪਕ ਦਾ ਕੱਦ 5 ਫੁੱਟ 8 ਇੰਚ ਅਤੇ ਭਾਰ ਕਰੀਬ 190 ਪੌਂਡ ਹੈ। ਦੀਪਕ ਦੇ ਲਾਪਤਾ ਹੋਣ ਤੋਂ ਉਸ ਦੀ ਪਤਨੀ ਕਾਫੀ ਪ੍ਰੇਸ਼ਾਨ ਹੈ। ਉਸ ਨੇ ਕਿਹਾ ਹੈ ਕਿ ਜੇ ਕਿਸੇ ਨੂੰ ਵੀ ਉਸ ਦੀ ਕੋਈ ਸੂਹ ਮਿਲੇ ਤਾਂ ਉਸ ਨਾਲ ਫੋਨ 661-302-5479 ਜਾਂ ਪੁਲਿਸ ਡਿਟੈਕਟਿਵ ਮਿਸਟਰ ਡਨੀਸ ਮਰਫੀ ਨਾਲ ਫੋਨ 661-327-7111 ਉਪਰ ਸੰਪਰਕ ਕੀਤਾ ਜਾ ਸਕਦਾ ਹੈ।

# ਜੱਸੀ ਬੰਗਾ ਨੂੰ ਸਦਮਾ, ਮਾਮਾ ਜੀ ਸੁਰਗਵਾਸ



**ਸੈਕਰਾਮੈਂਟੋ:** ਉਘੇ ਸਮਾਜ ਸੇਵੀ ਅਤੇ ਗੁਰਦੁਆਰਾ ਗੁਰੂ ਰਵਿਦਾਸ ਸਭਾ ਦੇ ਚੇਅਰਮੈਨ ਸ੍ਰੀ ਜਸਵਿੰਦਰ (ਜੱਸੀ) ਬੰਗਾ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਲੰਘੀ 24 ਜਨਵਰੀ ਨੂੰ ਉਨ੍ਹਾਂ ਦੇ ਮਾਮਾ ਜੀ ਗੁਰਬਚਨ ਸੈਂਪਲੇ ਦਾ ਸੁਰਗਵਾਸ ਹੋ ਗਿਆ। ਉਹ 85 ਵਰ੍ਹਿਆਂ ਦੇ ਸਨ। ਉਹ ਇਸ ਗੁਰੂ ਘਰ ਦੇ ਸਾਬਕਾ ਪ੍ਰਧਾਨ ਸ੍ਰੀ ਕੇਬਲ ਬੋਲੀਨਾ ਦੇ ਸਹੁਰਾ ਸਾਹਿਬ ਸਨ।

ਸਵਰਗੀ ਸ੍ਰੀ ਸੈਂਪਲਾ ਦਾ ਸਸਕਾਰ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨਮਿਤ ਅੰਤਿਮ ਅਰਦਾਸ ਗੁਰਦੁਆਰਾ ਗੁਰੂ ਰਵਿਦਾਸ ਸਭਾ (6221, 16 ਸਟਰੀਟ, ਰਿਓ ਲਿੰਡਾ) ਵਿਚ ਸਨਿਚਰਵਾਰ 29 ਜਨਵਰੀ ਨੂੰ ਬਾਅਦ ਦੁਪਹਿਰ 12:30 ਵਜੇ ਹੋਵੇਗੀ। ਸ੍ਰੀ ਸੈਂਪਲਾ ਦੇ ਪਰਿਵਾਰ ਨਾਲ ਸੰਪਰਕ ਫੋਨ 916-628-9019 'ਤੇ ਕੀਤਾ ਜਾ ਸਕਦਾ ਹੈ।

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

**ਜਸਪ੍ਰੀਤ ਸਿੰਘ**
**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

**Law Offices Of Jaspreet Singh**

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440

**TAJ**
**INSURANCE SERVICES**

*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available

To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000, Fax (510)740-3451
*Note:Also Income Tax filing Available*



Gurdawar S. Mann
Lic#0F34231

**Punjab Times**

**Established in 2000**
**12th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Photographer**
Kamaljit Singh Virdi
Ph. 847-502-2703

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Director Community & Business Relations:**
Sunita Chopra
Ph:773-370-7106

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਉਮਰ ਅਬਦੁੱਲਾ ਨੇ ਭਾਜਪਾਈਆਂ ਨੂੰ 'ਬਰੰਗ' ਮੋੜਿਆ

'ਰਾਜਨੀਤੀ ਖੇਡਣ' ਜਾਂ 'ਫੁੱਟਪਾਊ ਏਜੰਡੇ' ਨੂੰ ਉਤਸ਼ਾਹਤ ਕਰਨਾ ਦੇਸ਼ ਲਈ ਖ਼ਤਰਨਾਕ ਹੈ। ਉਧਰ ਭਾਜਪਾ ਦਾ ਦੋਸ਼ ਹੈ ਕਿ ਕੇਂਦਰ ਤੇ ਰਾਜ ਸਰਕਾਰ ਵੱਖਵਾਦੀਆਂ ਅੱਗੇ ਲਿਫ਼ ਰਹੀਆਂ ਹਨ। ਭਾਜਪਾ ਦੀ ਅੜੀ ਨੂੰ ਵੇਖਦਿਆਂ 24 ਜਨਵਰੀ ਨੂੰ ਹੀ ਭਾਜਪਾ ਆਗੂਆਂ-ਸੁਸ਼ਮਾ ਸਵਰਾਜ, ਅਰੁਨ ਜੇਤਲੀ ਤੇ ਅਨੰਤ ਕੁਮਾਰ ਨੂੰ ਜੰਮੂ ਹਵਾਈ ਅੱਡੇ 'ਤੇ ਰੋਕ ਲਿਆ ਗਿਆ। ਜੰਮੂ ਰੈਲੀ 'ਚ ਸ਼ਾਮਲ ਹੋਣ ਲਈ ਆਏ ਇਨ੍ਹਾਂ ਆਗੂਆਂ ਨੂੰ ਸ਼ਹਿਰ 'ਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਤੇ ਇਸ ਮੌਕੇ ਭਾਜਪਾ ਵਰਕਰਾਂ ਵੱਲੋਂ ਹਵਾਈ ਅੱਡੇ ਦੇ ਬਾਹਰ ਰੋਸ ਪ੍ਰਦਰਸ਼ਨ ਵੀ ਕੀਤਾ।

ਉਧਰ ਭਾਜਪਾ ਦੀ ਇਸ ਯਾਤਰਾ ਦੀ ਪੋਲ ਖੋਲ੍ਹਦਿਆਂ ਕੇਂਦਰੀ ਰਿਜ਼ਰਵ ਪੁਲਿਸ ਫੋਰਸ ਨੇ ਦਾਅਵਾ ਕੀਤਾ ਕਿ ਜਦੋਂ ਤੋਂ ਲਾਲ ਚੌਕ ਵਿਚ ਪਾਲੇਡੀਅਮ ਚੌਕੀ ਬਣੀ ਹੈ ਉਦੋਂ ਤੋਂ ਸੀ.ਆਰ.ਪੀ.ਐਫ. ਇਥੇ ਝੰਡਾ ਲਹਿਰਾਉਂਦੀ ਆਈ ਹੈ ਤੇ ਇਹ ਕੋਈ ਨਵੀਂ ਗੱਲ ਨਹੀਂ। ਉਨ੍ਹਾਂ ਕਿਹਾ ਕਿ ਸਮੁੱਚੀ ਕਸ਼ਮੀਰ ਵਾਦੀ ਵਿਚ ਤਾਇਨਾਤ ਸੀ.ਆਰ.ਪੀ.ਐਫ. ਤੇ ਹੋਰ ਫੋਰਸਾਂ ਗਣਤੰਤਰ ਦਿਵਸ ਮੌਕੇ ਆਪੋ ਆਪਣੀਆਂ ਚੌਕੀਆਂ 'ਤੇ ਝੰਡਾ ਲਹਿਰਾਉਂਦੀਆਂ ਹਨ। ਇਸੇ ਤਰ੍ਹਾਂ ਹੀ ਆਜ਼ਾਦੀ ਦਿਵਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਨਿਭਾਈ ਜਾਂਦੀ ਹੈ।

ਪੰਜਾਬ ਸਰਕਾਰ ਨੇ ਭਾਜਪਾ ਦੇ ਪ੍ਰਭਾਵ ਹੇਠ ਯਾਤਰਾ ਨੂੰ ਪੰਜਾਬ 'ਚ ਹੀ ਰੋਕਣ ਬਾਰੇ ਜੰਮੂ-ਕਸ਼ਮੀਰ ਸਰਕਾਰ ਦੀ ਬੇਨਤੀ ਰੱਦ ਕਰ ਦਿੱਤੀ। ਉਮਰ ਅਬਦੁੱਲਾ ਤੇ ਹੋਰ ਪਾਰਟੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਨੂੰ ਗੈਰ ਵਾਜਬ ਦੱਸਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਆਪਣੀ ਭਾਈਵਾਲ ਪਾਰਟੀ ਭਾਜਪਾ ਦੀ ਠੋਕ ਕੇ ਹਮਾਇਤ ਕੀਤੀ ਤੇ ਇਸ ਨੂੰ ਹਰ ਨਾਗਰਿਕ ਦਾ ਮੌਲਿਕ ਅਧਿਕਾਰ ਕਰਾਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਯੁਵਾ ਮੋਰਚਾ ਵਲੋਂ ਕੱਢੀ ਜਾ ਰਹੀ ਯਾਤਰਾ 'ਚ ਕੁਝ ਵੀ ਗਲਤ ਨਹੀਂ ਹੈ ਸਗੋਂ ਇਹ ਯਾਤਰਾ ਰਾਸ਼ਟਰ ਨੂੰ ਇਕ ਧਾਗੇ 'ਚ ਪ੍ਰੋਣ ਲਈ ਕੀਤੀ ਜਾ ਰਹੀ ਹੈ। ਇਸ ਤੋਂ ਬਾਅਦ ਜੰਮੂ-ਕਸ਼ਮੀਰ ਸਰਕਾਰ ਨੇ ਯਾਤਰਾ ਨੂੰ ਰੋਕਣ ਤੇ ਸੂਬੇ 'ਚ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀਂ ਘਟਨਾ ਟਾਲਣ ਲਈ 5000 ਤੋਂ ਵੱਧ ਦਾ ਸੁਰੱਖਿਆ ਅਮਲਾ ਲਖਨਪੁਰ ਬੈਰੀਅਰ 'ਤੇ ਲਾ ਦਿੱਤਾ। ਦੋ ਰਾਜਾਂ, ਪੰਜਾਬ ਤੇ ਹਿਮਾਚਲ ਪ੍ਰਦੇਸ਼ ਤੋਂ ਯਾਤਰਾ ਇਸ ਲਾਂਘੇ ਰਾਹੀਂ ਜੰਮੂ-ਕਸ਼ਮੀਰ ਦਾਖ਼ਲ ਹੋਣੀ ਸੀ। ਉਮਰ ਅਬਦੁੱਲਾ ਨੇ ਸਾਰੇ ਰਾਜ 'ਚ ਸਖ਼ਤ ਸੁਰੱਖਿਆ ਪ੍ਰਬੰਧ ਕਰ ਦਿੱਤੇ।

ਗਣਤੰਤਰ ਦਿਵਸ 'ਤੇ ਲਾਲ ਚੌਕ ਵਿਚ ਝੰਡਾ ਲਹਿਰਾਉਣ ਲਈ ਭਾਰਤੀ ਜਨਤਾ ਪਾਰਟੀ ਯੁਵਾ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਤੇ ਸੰਸਦ ਮੈਂਬਰ ਅਨੁਰਾਗ ਠਾਕੁਰ ਦੀ ਅਗਵਾਈ ਹੇਠ ਕੱਢੀ ਜਾ ਰਹੀ ਰਾਸ਼ਟਰੀ ਏਕਤਾ ਯਾਤਰਾ ਦੌਰਾਨ ਪੰਜਾਬ ਦੇ ਸਥਾਨਕ ਸਵੈ ਸ਼ਾਸਨ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਇਸ ਯਾਤਰਾ ਨੇ ਭਾਜਪਾ ਪ੍ਰਧਾਨ ਮੁਰਲੀ ਮਨੋਹਰ ਜੋਸ਼ੀ ਤੇ ਐਲ.ਕੇ. ਅਡਵਾਨੀ ਵੱਲੋਂ ਕੱਢੀ ਗਈ ਰੱਥ ਯਾਤਰਾ ਦਾ ਦ੍ਰਿਸ਼ ਲੋਕਾਂ ਸਾਹਮਣੇ ਲਿਆ ਦਿੱਤਾ ਹੈ। ਅੰਮ੍ਰਿਤਸਰ ਤੋਂ ਭਾਜਪਾ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਉਮਰ ਅਬਦੁੱਲਾ ਨੂੰ ਯਾਤਰਾ ਦਾ ਵਿਰੋਧ ਕਰਨ ਦੀ ਬਜਾਏ ਸਵਾਗਤ ਕਰਨਾ ਚਾਹੀਦਾ ਹੈ। ਕੋਲਕਾਤਾ ਤੋਂ ਸ੍ਰੀਨਗਰ ਤੱਕ ਯਾਤਰਾ ਦੌਰਾਨ ਸ੍ਰੀ ਠਾਕੁਰ ਨੇ ਜਿੱਥੇ ਜੰਮੂ-ਕਸ਼ਮੀਰ ਸਮੱਸਿਆ ਲਈ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਦੋਸ਼ੀ ਕਰਾਰ ਦਿੱਤਾ ਉਥੇ ਭਾਰਤ ਦੀ ਏਕਤਾ ਤੇ ਅਖੰਡਤਾ ਲਈ ਸੰਵਿਧਾਨ ਦੀ ਧਾਰਾ 370 ਖਤਮ ਕਰਕੇ ਜੰਮੂ ਕਸ਼ਮੀਰ ਸੂਬੇ ਦਾ ਵਿਸ਼ੇਸ਼ ਦਰਜਾ ਖਤਮ ਕਰਨ ਤੇ ਅੱਤਿਵਾਦੀਆਂ ਦੇ ਡਰ ਕਾਰਨ ਹਿਜਰਤ ਕਰ ਚੁੱਕੇ ਕਸ਼ਮੀਰੀ ਪੰਡਿਤ ਤੇ ਸਿੱਖ ਪਰਿਵਾਰਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰਨ ਦੀ ਮੰਗ ਨੂੰ ਉਭਾਰਿਆ।

## ਭਾਜਪਾ ਵਰਕਰ ਹੂਟਾ ਦੇ ਕੇ ਵਾਪਸ ਮੋੜੇ

**ਅਹਿਮਦਨਗਰ:** 26 ਜਨਵਰੀ ਨੂੰ ਸ੍ਰੀਨਗਰ ਦੇ ਲਾਲ ਚੌਕ ਵਿਚ ਝੰਡਾ ਲਹਿਰਾਉਣ ਲਈ ਜੰਮੂ ਕਸ਼ਮੀਰ ਜਾ ਰਹੇ ਕਰਨਾਟਕ ਦੇ ਭਾਜਪਾ ਵਰਕਰ ਪੁਲਿਸ ਅਤੇ ਰੇਲਵੇ ਅਧਿਕਾਰੀਆਂ ਦੀ ਚਲਾਕੀ ਕਾਰਨ ਜਿਥੋਂ ਚਲੇ ਸੀ ਉਥੇ ਵਾਪਸ ਪੁੱਜ ਗਏ।

ਬੈਂਗਲੂਰ-ਨਵੀਂ ਦਿੱਲੀ ਕਰਨਾਟਕ ਐਕਸਪ੍ਰੈਸ ਸਾਰੋਲਾ ਸਟੇਸ਼ਨ 'ਤੇ ਪੁੱਜੀ ਤਾਂ ਇਸ ਦੇ 18 ਡੱਬੇ ਕਰਨਾਟਕ ਦੇ ਭਾਜਪਾ ਯੁਥ ਵਰਕਰਾਂ ਨਾਲ ਭਰੇ ਪਏ ਸਨ। ਇਥੋਂ ਰੇਲ ਗੱਡੀ ਨੇ ਉਤਰ ਵੱਲ ਰਵਾਨਾ ਹੋਣਾ ਸੀ। ਇਸ ਗੱਡੀ ਵਿਚ 1500 ਦੇ ਕਰੀਬ ਭਾਜਪਾ ਵਰਕਰ ਸਨ ਜਿਨ੍ਹਾਂ ਨੇ ਵੱਖ ਵੱਖ ਰਾਜਾਂ ਦੇ ਹੋਰ ਵਰਕਰਾਂ ਨਾਲ ਤਿਰੰਗਾ ਯਾਤਰਾ ਵਿਚ ਸ਼ਾਮਲ ਹੋਣਾ ਸੀ ਪਰ ਸਾਰੋਲਾ ਸਟੇਸ਼ਨ 'ਤੇ ਬਿਜਲੀ ਬੰਦ ਕਰਨ ਉਪਰੰਤ ਰੇਲਵੇ ਮੁਲਾਜ਼ਮਾਂ ਨੇ ਰੇਲ ਗੱਡੀ ਨਾਲੋਂ ਇੰਜਣ ਲਾਹ ਕੇ ਪਿਛਲੇ ਪਾਸੇ ਲਾ ਦਿੱਤਾ ਤੇ ਨਾਲ ਸੁਰੱਖਿਆ ਵਜੋਂ ਰੇਲਵੇ ਫੋਰਸ ਦੇ 150 ਜਵਾਨਾਂ ਦੇ 2 ਹੋਰ ਡੱਬੇ ਜੋੜ ਦਿੱਤੇ ਤੇ ਰਾਤ 1.30 ਵਜੇ ਦੇ ਕਰੀਬ ਰੇਲ ਗੱਡੀ ਵਾਪਸ ਕਰਨਾਟਕ ਵੱਲ ਤੋਰ ਦਿੱਤੀ। ਸੁੱਤੇ ਪਏ ਭਾਜਪਾ ਵਰਕਰਾਂ ਨੂੰ ਜਦੋਂ ਪਤਾ ਲੱਗਾ ਤਾਂ ਗੱਡੀ ਮਹਾਰਾਸ਼ਟਰ-ਕਰਨਾਟਕ ਸਰਹੱਦ 'ਤੇ ਪੁੱਜ ਚੁੱਕੀ ਸੀ ਜਿਥੇ ਨਾਗਨਸੂਰ ਸਟੇਸ਼ਨ 'ਤੇ ਉਨ੍ਹਾਂ ਗੱਡੀ ਰੋਕ ਲਈ। ਰੇਲਵੇ ਅਧਿਕਾਰੀਆਂ ਅਨੁਸਾਰ ਮਹਾਰਾਸ਼ਟਰ ਵਿਚ ਕਿਸੇ ਅਣਸੁਖਾਵੀਂ ਘਟਨਾ ਨੂੰ ਟਾਲਣ ਲਈ ਇਹ ਕਦਮ ਚੁੱਕਣਾ ਪਿਆ ਹੈ।

# ਸ਼੍ਰੋਮਣੀ ਕਮੇਟੀ ਚੋਣਾਂ:ਬਾਦਲ ਧੜੇ ਨੂੰ ਟੱਕਰ ਦੇਣ ਲਈ ਸਾਂਝੇ ਪਲੇਟਫਾਰਮ ਦੀ ਤਲਾਸ਼

ਗਠਜੋੜ ਤਾਂ ਹੋ ਸਕਦੇ ਹਨ।

ਹਰਿਆਣਾ ਵਿਚ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਨੇਤਾ ਜਗਦੀਸ਼ ਸਿੰਘ ਝੀਂਡਾ ਨੇ ਵੀ ਬਾਕਾਇਦਾ ਮੌਜੂਦਾ ਪ੍ਰਬੰਧ ਹੇਠ ਚੋਣ ਲੜਨ ਲਈ ਚੋਣ ਨਿਸ਼ਾਨ ਲੈਣ ਲਈ ਅਰਜ਼ੀ ਦਿੱਤੀ ਹੈ। ਸ੍ਰੀ ਸਰਨਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸੌ ਪ੍ਰਤੀਸ਼ਤ ਆਸ ਹੈ ਕਿ ਰਵੀਇੰਦਰ, ਬਰਨਾਲਾ ਤੇ ਦੂਜੇ ਅਕਾਲੀ ਧੜੇ ਇਕ ਹੀ ਮੰਚ 'ਤੇ ਇਕੱਠੇ ਹੋ ਕੇ ਚੋਣ ਲੜਨਗੇ। ਉਨ੍ਹਾਂ ਕਿਹਾ ਕਿ ਸਾਰੀਆਂ ਧਿਰਾਂ ਨੇ ਆਪੋ ਆਪਣੇ ਚੋਣ ਨਿਸ਼ਾਨ ਲਈ ਅਰਜ਼ੀ ਤਾਂ ਇਸ ਕਰਕੇ ਦਿੱਤੀ ਹੈ ਕਿ ਜੇਕਰ ਕੋਈ ਮੁਸ਼ਕਲ ਆਈ ਤਾਂ ਉਨ੍ਹਾਂ ਦਾ ਦਲ ਆਪਣੇ ਨਿਸ਼ਾਨ 'ਤੇ ਵੀ ਲੜ ਸਕਦਾ ਹੈ। ਸ਼੍ਰੋਮਣੀ ਕਮੇਟੀ ਚੋਣਾਂ ਲਈ ਇਕ ਹੀ ਪਲੇਟਫਾਰਮ ਅਤੇ ਇਕ ਹੀ ਮੈਨੀਫੈਸਟੋ ਹੋਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਧੜੇ ਵੱਲੋਂ ਕੋਈ ਸਮੱਸਿਆ ਨਹੀਂ ਆਏਗੀ ਤੇ ਉਹ ਤਾਂ ਇਕ ਹੀ ਪਾਰਟੀ ਬਣਾ ਕੇ ਚੋਣ ਲੜਨ ਦੇ ਹੱਕ ਵਿਚ ਹਨ। ਉਨ੍ਹਾਂ ਨੂੰ ਉਮੀਦ ਹੈ ਕਿ ਵਿਰੋਧੀ ਧਿਰ ਵਿਚੋਂ ਕੋਈ ਵੀ ਪਿੱਛੇ ਨਹੀਂ ਹਟੇਗੀ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਵਿਚ ਵਿਰੋਧੀ ਧਿਰ ਦਾ ਕੁਨਬਾ ਲੋਕਾਂ ਦਾ ਵਿਸ਼ਵਾਸ ਨਹੀਂ ਜਿੱਤ ਸਕਦਾ। ਸਿੱਖ ਵੋਟਰ 90 ਸਾਲ ਪੁਰਾਣੀ ਸੰਸਥਾ ਅਸਲ ਅਕਾਲੀ ਦਲ ਨੂੰ ਸੌਂਪਦੇ ਆਏ ਹਨ, ਮੌਕਾਪ੍ਰਸਤ ਅਕਾਲੀ ਦਲਾਂ ਨੂੰ ਨਹੀਂ। ਸ੍ਰੀ ਪ੍ਰਤਾਪ ਸਿੰਘ ਕੈਰੋਂ ਦੇ ਰਾਜਕਾਲ ਵੇਲੇ ਵੀ ਸਾਧ ਸੰਗਤ ਬੋਰਡ ਬਣਿਆ ਸੀ ਪਰ ਉਸ ਦਾ ਵੋਟਰਾਂ ਨੇ ਬੁਰਾ ਹਸ਼ਰ ਕੀਤਾ ਸੀ। ਉਨ੍ਹਾਂ ਨੇ ਹਰਿਆਣਾ ਦੀ ਵੱਖਰੀ ਕਮੇਟੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਹਰਿਆਣਾ ਦੀਆਂ ਸਾਰੀਆਂ 11 ਸੀਟਾਂ ਸ਼੍ਰੋਮਣੀ ਅਕਾਲੀ ਦਲ ਜਿੱਤੇਗਾ।

ਸ਼੍ਰੋਮਣੀ ਕਮੇਟੀ ਚੋਣਾਂ ਲਈ ਫਰਵਰੀ ਦੇ ਅੱਧ ਤੱਕ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਹੋ ਜਾਵੇਗੀ। ਇਸ ਦੇ ਨਾਲ ਹੀ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਚੋਣਾਂ ਲਈ ਤਰੀਕ ਤੈਅ ਕਰਨ ਵਾਸਤੇ ਲਿਖਿਆ ਜਾਵੇਗਾ। ਭਾਵੇਂ ਚੋਣਾਂ ਦਾ ਐਲਾਨ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਹੀ ਕੀਤਾ ਜਾਵੇਗਾ ਪਰ ਸਾਰਾ ਚੋਣ ਪ੍ਰੋਗਰਾਮ ਤਿਆਰ ਕਰਨ ਦੀ ਜ਼ਿੰਮੇਵਾਰੀ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਦੀ ਹੀ ਹੋਵੇਗੀ। ਇਸ ਹਫ਼ਤੇ 20 ਜਨਵਰੀ ਨੂੰ ਚੋਣ ਨਿਸ਼ਾਨ ਲੈਣ ਲਈ ਸਾਰੀਆਂ ਧਿਰਾਂ ਵੱਲੋਂ ਅਰਜ਼ੀਆਂ ਦੇਣ ਦਾ ਕੰਮ ਨਿੱਬੜ ਗਿਆ ਹੈ। ਹੁਣ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਅਕਾਲੀ ਧੜਿਆਂ ਦੀ ਸਾਂਝੀ ਮੀਟਿੰਗ ਬੁਲਾ ਕੇ ਸਾਰੀਆਂ ਧਿਰਾਂ ਲਈ ਚੋਣ ਨਿਸ਼ਾਨ ਰਾਖਵੇਂ ਕਰ ਦਿੱਤੇ ਜਾਣਗੇ।

ਭਾਵੇਂ ਵੱਖ-ਵੱਖ ਅਕਾਲੀ ਧਿਰਾਂ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਤਿਆਰੀ ਕੀਤੀ ਜਾ ਰਹੀ ਹੈ ਪਰ ਹਾਕਮ ਧਿਰ ਦੀ ਲੀਡਰਸ਼ਿਪ ਹੇਠਲੀ ਪੱਧਰ ਤੋਂ ਇਸ ਮੁਹਿੰਮ ਨੂੰ ਲਾਮਬੰਦ ਕਰਕੇ ਅੱਗੇ ਲਿਆ ਰਹੀ ਹੈ। ਚੋਣਾਂ ਲਈ ਫਾਰਮ ਭਰਨ ਦੇ ਮੁੱਦੇ 'ਤੇ ਹਾਕਮ ਧਿਰ ਨੂੰ ਛੱਡ ਕੇ ਦੂਜੀਆਂ ਪੰਥਕ ਧਿਰਾਂ ਢੰਗ ਤਰੀਕਿਆਂ ਨੂੰ ਲੈ ਕੇ ਉਲਝੀਆਂ ਰਹੀਆਂ। ਇਹ ਵੀ ਇਤਰਾਜ਼ ਆਏ ਕਿ ਕਈ ਥਾਂ ਫਾਰਮ ਜਾਣ ਕੇ ਨਹੀਂ ਦਿੱਤੇ ਗਏ ਤੇ ਕਈ ਥਾਂ ਜਾਅਲੀ ਫਾਰਮ ਭਰੇ ਗਏ। ਸ਼੍ਰੋਮਣੀ ਕਮੇਟੀ ਦੇ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਨਜ਼ਦੀਕੀ ਸਾਥੀ ਮਨਜੀਤ ਸਿੰਘ ਕਲਕੱਤਾ ਨੇ ਗੁਰਦੁਆਰਾ ਚੋਣਾਂ ਕਾਨੂੰਨ ਅਨੁਸਾਰ ਨਾ ਕਰਵਾਉਣ ਤੇ ਫਾਰਮ ਵਿਚ ਤਰੁਟੀਆਂ ਹੋਣ ਦੇ ਦੋਸ਼ ਲਾ ਕੇ ਮੁੱਖ ਕਮਿਸ਼ਨਰ ਜਸਟਿਸ (ਰਿਟਾ.) ਹਰਫੂਲ ਸਿੰਘ ਬਰਾੜ ਨੂੰ ਹਟਾਉਣ ਦੀ ਗ੍ਰਹਿ ਮੰਤਰਾਲੇ ਤੋਂ ਮੰਗ ਕੀਤੀ ਪਰ ਇਸ ਦੇ ਬਾਵਜੂਦ ਕੇਂਦਰੀ ਗ੍ਰਹਿ ਮੰਤਰਾਲੇ ਨੇ ਜਸਟਿਸ ਬਰਾੜ ਦੇ ਸੇਵਾ ਕਾਲ ਵਿਚ ਵਾਧਾ ਕਰ ਦਿੱਤਾ ਤੇ ਕਿਸੇ ਇਤਰਾਜ਼ ਦਾ ਗ੍ਰਹਿ ਮੰਤਰਾਲੇ ਨੇ ਨੋਟਿਸ ਲੈ ਕੇ ਸੁਧਾਰ ਨਹੀਂ ਕਰਵਾਇਆ। ਇਸ ਤਰ੍ਹਾਂ ਕਮੇਟੀ ਚੋਣਾਂ ਲਈ ਫਾਰਮ ਭਰਨ ਦੀ ਮੁਹਿੰਮ ਨੂੰ ਹਾਕਮ ਧਿਰ ਨੇ ਬਾਕਾਇਦਾ ਜਥੇਬੰਦਕ ਢੰਗ ਨਾਲ ਚਲਾਇਆ।

# ਅਮਰੀਕਾ ਨੇ 'ਇਸਰੋ' ਤੋਂ ਪਾਬੰਦੀ ਹਟਾਈ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਨਵੰਬਰ 'ਚ ਭਾਰਤ ਦੌਰੇ ਦੌਰਾਨ ਕੀਤੇ ਵਾਅਦੇ ਨੂੰ ਪ੍ਰਵਾਨ ਚਾੜ੍ਹਦਿਆਂ ਭਾਰਤ ਦੀਆਂ ਪੁਲਾੜ ਤੇ ਰੱਖਿਆ ਖੇਤਰ ਨਾਲ ਸਬੰਧਿਤ ਨੌਂ ਕੰਪਨੀਆਂ ਨੂੰ ਬਰਾਮਦ ਕੰਟਰੋਲ ਸੂਚੀ 'ਚੋਂ ਬਾਹਰ ਕੱਢ ਦਿੱਤਾ ਹੈ। ਦੋਵਾਂ ਦੇਸ਼ਾਂ ਵਿਚ ਉਚ ਤਕਨੀਕੀ ਵਪਾਰ ਨੂੰ ਉਚਾ ਚੁੱਕਣ ਤੇ ਭਾਰਤ ਨਾਲ ਰਣਨੀਤਕ ਸਹਿਯੋਗ 'ਚ ਵਾਧਾ ਕਰਨ ਦੇ ਉਦੇਸ਼ ਨਾਲ ਇਨ੍ਹਾਂ ਕੰਪਨੀਆਂ ਨੂੰ ਇਸ ਕੰਟਰੋਲ ਸੂਚੀ 'ਚੋਂ ਬਾਹਰ ਕੱਢਿਆ ਗਿਆ ਹੈ। ਬਰਾਮਦ ਕੰਟਰੋਲ ਸੂਚੀ 'ਚ ਸ਼ਾਮਲ ਹੋਣ ਕਾਰਨ ਰੱਖਿਆ ਤੇ ਪੁਲਾੜ ਖੇਤਰ ਦੀਆਂ ਇਨ੍ਹਾਂ ਕੰਪਨੀਆਂ ਨੂੰ ਮਹੱਤਵਪੂਰਨ ਤੇ ਸੰਵੇਦਨਸ਼ੀਲ ਉਪਕਰਣ ਖਰੀਦਣ ਲਈ ਲਾਇਸੈਂਸ ਹਾਸਲ ਕਰਨਾ ਪੈਂਦਾ ਸੀ। ਇਨ੍ਹਾਂ ਕੰਪਨੀਆਂ 'ਚ ਰੱਖਿਆ ਖੋਜ ਤੇ ਵਿਕਾਸ ਸੰਸਥਾਨ (ਡੀ.ਆਰ.ਡੀ.ਓ.), ਭਾਰਤੀ ਪੁਲਾੜ ਖੋਜ ਸੰਸਥਾਨ (ਇਸਰੋ) ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸਾਲ 1998 'ਚ ਭਾਰਤ ਵੱਲੋਂ ਪ੍ਰਮਾਣੂ ਤਜਰਬੇ ਕਰਨ ਬਾਅਦ ਇਹ ਪਾਬੰਦੀ ਲਾ ਦਿੱਤੀ ਗਈ ਸੀ। ਵਣਜ ਵਿਭਾਗ ਵੱਲੋਂ ਉਠਾਏ ਗਏ ਇਸ ਕਦਮ ਨੂੰ ਅਮਰੀਕੀ ਸਰਕਾਰ ਨੇ ਓਬਾਮਾ ਤੇ ਮਨਮੋਹਨ ਸਿੰਘ ਦੀ 8 ਨਵੰਬਰ ਨੂੰ ਐਲਾਨ ਕੀਤੀ ਗਈ ਬਰਾਮਦ ਕੰਟਰੋਲ ਨੀਤੀ 'ਚ ਢਿੱਲ ਦੇਣ ਵੱਲ ਪਹਿਲਾਂ ਕਦਮ ਹੈ। ਵਣਜ ਮੰਤਰੀ ਗੈਰੀ ਲਾਕ ਦੇ 6 ਫਰਵਰੀ ਨੂੰ ਭਾਰਤ ਦੌਰੇ ਤੋਂ ਪਹਿਲਾਂ ਇਹ ਕਦਮ ਉਠਾਇਆ ਹੈ। ਸ੍ਰੀ ਲਾਕ ਨੇ ਕਿਹਾ ਹੈ ਕਿ ਇਹ ਕਦਮ ਭਾਰਤ-ਅਮਰੀਕਾ ਰਣਨੀਤਕ ਸਾਂਝੇਦਾਰੀ ਨੂੰ ਮਜ਼ਬੂਤ ਬਣਾਉਣ ਲਈ ਮਹੱਤਵਪੂਰਨ ਪੜਾਅ ਹੈ। ਬਰਾਮਦ ਕੰਟਰੋਲ ਖੇਤਰ 'ਚ ਸੁਧਾਰਾਂ ਨਾਲ ਦੋਵਾਂ ਦੇਸ਼ਾਂ 'ਚ ਉਚ ਤਕਨੀਕ ਵਪਾਰ ਤੇ ਸਹਿਯੋਗ 'ਚ ਵਾਧਾ ਹੋਵੇਗਾ।

# ਮੋਗਾ ਦੇ ਸੱਤ ਪਿੰਡ ਯੂਰੇਨੀਅਮ ਦੀ ਮਾਰ ਹੇਠ

**ਮੋਗਾ:** ਮੋਗਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਮੇਤ ਜ਼ਿਲ੍ਹੇ ਦੇ ਸੱਤ ਪਿੰਡ ਯੂਰੇਨੀਅਮ ਤੱਤਾਂ ਦੀ ਮਾਰ ਹੇਠ ਹਨ। ਇਹ ਖੁਲਾਸਾ ਭਾਬਾ ਪਰਮਾਣੂ ਖੋਜ ਕੇਂਦਰ ਮੁੰਬਈ ਵੱਲੋਂ ਜਾਰੀ ਕੀਤੀ ਗਈ ਪਰਖ ਰਿਪੋਰਟ 'ਚ ਕੀਤਾ ਗਿਆ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੁਹੱਈਆ ਜਾਣਕਾਰੀ ਅਨੁਸਾਰ ਭਾਬਾ ਪਰਮਾਣੂ ਖੋਜ ਕੇਂਦਰ ਨੂੰ ਜ਼ਿਲ੍ਹੇ ਦੇ ਪਾਣੀ ਦੇ ਨਮੂਨੇ ਭੇਜੇ ਗਏ ਸਨ। ਰਿਪੋਰਟ ਅਨੁਸਾਰ ਮੋਗਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਤਹਿਸੀਲ ਕੰਪਲੈਕਸ 'ਚ ਲੱਗੇ 500 ਫੁੱਟ ਡੂੰਘੇ ਟਿਊਬਵੈਲ ਦੇ ਪਾਣੀ 'ਚ 124.7 ਮਾਈਕ੍ਰੋਗ੍ਰਾਮ ਯੂਰੇਨੀਅਮ ਦੀ ਮਾਤਰਾ ਪਾਈ ਗਈ ਹੈ। ਬਾਘਾ ਪੁਰਾਣਾ ਤਹਿਸੀਲ ਦੇ ਪਿੰਡ ਸੰਗਤਪੁਰਾ 'ਚ ਸਭ ਤੋਂ ਵੱਧ 175.5 ਮਾਈਕ੍ਰੋਗ੍ਰਾਮ ਅਤੇ ਬੁੱਧ ਸਿੰਘ ਵਾਲਾ ਦੇ ਪਾਣੀ 'ਚ 138.6 ਮਾਈਕ੍ਰੋਗ੍ਰਾਮ ਯੂਰੇਨੀਅਮ ਮਿਲਿਆ ਹੈ। ਰਣਸੀਂਹ ਖੁਰਦ ਤੀਜੇ ਨੰਬਰ 'ਤੇ ਹੈ ਤੇ ਇੱਥੋਂ ਦੇ ਪਾਣੀ 'ਚ ਵੀ ਪ੍ਰਬੰਧਕੀ ਕੰਪਲੈਕਸ ਦੇ ਬੋਰ ਜਿੰਨਾ 124.7 ਮਾਈਕ੍ਰੋਗ੍ਰਾਮ ਯੂਰੇਨੀਅਮ ਹੈ। ਪਿੰਡ ਦੁੱਨੇਕੇ, ਗਲੋਟੀ ਤੇ ਨਿਹਾਲਗੜ੍ਹ ਤੇ ਮਧੇ ਕੇ ਦੇ ਪਾਣੀ 'ਚ 86.9 ਅਤੇ ਫਰੀਦਕੋਟ ਦੇ ਪਿੰਡ ਢਿੱਲਵਾਂ ਕਲਾਂ 'ਚ 208.4 ਮਾਈਕ੍ਰੋਗ੍ਰਾਮ ਤੇ ਇਸੇ ਸ਼ਹਿਰ ਦੇ ਮਾਈ ਗੋਦੜੀ ਗੁਰਦੁਆਰਾ ਸਾਹਿਬ 'ਚ ਲੱਗੇ ਟਿਊਬਵੈਲ ਦੇ ਪਾਣੀ 'ਚ 74.9 ਮਾਈਕ੍ਰੋਗ੍ਰਾਮ ਯੂਰੇਨੀਅਮ ਮਿਲਿਆ ਹੈ।

ਵਿਸ਼ਵ ਸਿਹਤ ਸੰਗਠਨ ਵੱਲੋਂ 15 ਮਾਈਕ੍ਰੋਗ੍ਰਾਮ ਤੱਕ ਯੂਰੇਨੀਅਮ ਦੀ ਮਾਤਰਾ ਵਾਲੇ ਪਾਣੀ ਨੂੰ ਪੀਣਯੋਗ ਕਰਾਰ ਦਿੱਤਾ ਗਿਆ ਹੈ। ਭਾਵੇਂ ਇੰਨੀ ਕੁ ਮਾਤਰਾ ਦਾ ਵੀ ਸਿਹਤ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਪਰ ਸਰੀਰ ਦੀ ਰੋਗਾਂ ਪ੍ਰਤੀ ਲੜਨ ਦੀ ਸਮਰੱਥਾ ਕਾਰਨ ਭਿਆਨਕ ਬਿਮਾਰੀਆਂ ਲੰਬੇ ਸਮੇਂ ਤੱਕ ਸਰੀਰ 'ਤੇ ਹਾਵੀ ਨਹੀਂ ਹੋ ਸਕਦੀਆਂ। ਦੱਸਣਯੋਗ ਹੈ ਕਿ ਮੋਗਾ ਖ਼ਿੱਤੇ 'ਚ ਯੂਰੇਨੀਅਮ ਤੇ ਤੇਜ਼ਾਬੀ ਤੱਤਾਂ ਦੀ ਪਾਣੀ 'ਚ ਭਰਮਾਰ ਹੋਣ ਕਾਰਨ ਲੋਕਾਂ ਨੂੰ ਦੰਦਾਂ ਦੀਆਂ ਬਿਮਾਰੀਆਂ, ਕੈਂਸਰ, ਕਾਲਾ ਪੀਲੀਆ ਆਦਿ ਬਿਮਾਰੀਆਂ ਲੱਗਣਾ ਆਮ ਗੱਲ ਹੈ। ਪਿੰਡ ਸੁਖਾਨੰਦ 'ਚ ਹੁਣ ਤੱਕ ਤਕਰੀਬਨ 40 ਮੌਤਾਂ ਕੈਂਸਰ ਕਾਰਨ ਹੋ ਚੁੱਕੀਆਂ ਹਨ। ਦੂਜੇ ਪਾਸੇ ਪ੍ਰਸ਼ਾਸਨ ਨੇ ਪਿੰਡਾਂ 'ਚ ਆਰ.ਓ. ਸਿਸਟਮ ਲਾਉਣੇ ਸ਼ੁਰੂ ਕਰ ਦਿੱਤੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)
ਸ੍ਰੀ ਹੈਪੀ ਹੀਰ

# ਪ੍ਰਤਿਭਾ ਪਟਿਲ ਵੱਲੋਂ ਅਤਿਵਾਦ ਦੇ ਖ਼ਾਤਮੇ ਦਾ ਸੱਦਾ

**ਨਵੀਂ ਦਿੱਲੀ:** ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਜਿਥੇ ਅਤਿਵਾਦ ਨੂੰ ਜੜ੍ਹੋਂ ਖ਼ਤਮ ਕਰਨ ਲਈ ਠੋਸ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ, ਉਥੇ ਸੰਸਦ ਦੀ ਕਾਰਵਾਈ ਨੂੰ ਨਿਰਵਿਘਨ ਚਲਾਏ ਜਾਣ ਲਈ ਸੱਤਾਧਾਰੀ ਤੇ ਵਿਰੋਧੀ ਧਿਰ ਨੂੰ ਸੁਚੇਤ ਕੀਤਾ। ਉਨ੍ਹਾਂ ਕਿਹਾ ਕਿ ਹਰ ਮੁੱਦੇ ਨੂੰ ਮਿਲ ਬੈਠ ਕੇ ਹੱਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਸੰਸਦ ਦੇ ਕੰਮਕਾਰ 'ਚ ਵਿਘਨ ਪਾਉਣ ਨਾਲ ਲੋਕਤੰਤਰ ਦੀ ਭਾਵਨਾ ਨੂੰ ਠੇਸ ਪੁੱਜਦੀ ਹੈ। ਉਨ੍ਹਾਂ ਕਿਹਾ ਕਿ ਸੰਸਦ ਦੀ ਮਾਣ ਮਰਿਯਾਦਾ ਹਰ ਹੀਲੇ ਬਹਾਲ ਰਹਿਣੀ ਚਾਹੀਦੀ ਹੈ।



ਰਾਸ਼ਟਰਪਤੀ ਪ੍ਰਤਿਭਾ ਪਾਟਿਲ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ

ਰਾਸ਼ਟਰਪਤੀ ਨੇ ਦੇਸ਼ ਦੇ ਵਿਕਾਸ ਲਈ ਬਣਾਈਆਂ ਜਾਂਦੀਆਂ ਯੋਜਨਾਵਾਂ ਸਮੇਂ ਜਿਥੇ ਕਿਸਾਨ ਨੂੰ ਵਿਸ਼ੇਸ਼ ਤੌਰ 'ਤੇ ਧਿਆਨ ਵਿਚ ਰੱਖਣ ਦਾ ਪ੍ਰੋੜਤਾ ਕੀਤੀ, ਉਥੇ ਦੂਜੀ ਹਰੀ ਕ੍ਰਾਂਤੀ ਨੂੰ ਵੀ ਸਮੇਂ ਦੀ ਲੋੜ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਇਕ ਸੱਚਾਈ ਹੈ ਕਿ ਕੋਈ ਵੀ ਅਜਿਹਾ ਸਮਾਜ ਤਰੱਕੀ ਨਹੀਂ ਕਰ ਸਕਦਾ ਜਿਹੜਾ ਬਦਲਦੇ ਸਮੇਂ ਦੀਆਂ ਮੰਗਾਂ ਦਾ ਹਾਣੀ ਨਾ ਹੋਵੇ। ਉਨ੍ਹਾਂ ਕਿਹਾ ਕਿ ਮਹੱਤਵਪੂਰਨ ਰਾਸ਼ਟਰੀ ਉਦੇਸ਼ਾਂ ਉਤੇ ਆਮ ਸਹਿਮਤੀ ਹੋਣੀ ਚਾਹੀਦੀ ਹੈ। ਅਜਿਹੇ ਉਦੇਸ਼ਾਂ ਵਿਚ ਗਰੀਬੀ ਦਾ ਖਾਤਮਾ, ਔਰਤਾਂ ਦਾ ਸਸ਼ਕਤੀਕਰਨ, ਮਿਆਰੀ ਸਿੱਖਿਆ ਤੱਕ ਪਹੁੰਚ ਅਤੇ ਮਨੁੱਖੀ ਸਰੋਤਾਂ ਦੀ ਉਸਾਰੀ ਲਈ ਵਾਜਬ ਸਿਹਤ ਸੇਵਾਵਾਂ ਲਾਜ਼ਮੀ ਹਨ। ਉਨ੍ਹਾਂ ਕਿਹਾ ਕਿ 2008 ਵਿਚ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਦੇਸ਼ ਵਾਸੀਆਂ ਦੇ ਨਾਂ ਆਪਣੇ ਪਹਿਲੇ ਸੰਦੇਸ਼ ਵਿਚ ਮੈਂ ਨੈਤਿਕ ਕਦਰਾਂ-ਕੀਮਤਾਂ ਤੇ ਸਮਾਜਿਕ ਨਿਆਂ 'ਤੇ ਆਧਾਰਿਤ ਸਮਾਜਿਕ, ਆਰਥਿਕ ਪ੍ਰਸ਼ਾਸਕੀ ਤੇ ਸਿਆਸੀ ਗਤੀਵਿਧੀਆਂ ਨੂੰ ਚਲਾਉਣ ਦੀ ਗੱਲ ਕੀਤੀ ਸੀ। ਮੈਂ ਇਕ ਵਾਰ ਫਿਰ ਇਮਾਨਦਾਰੀ, ਚੰਗੇ ਵਿਵਹਾਰ, ਏਕਤਾ ਤੇ ਉਚੇਰੀਆਂ ਕਦਰਾਂ-ਕੀਮਤਾਂ ਦੀ ਮਹੱਤਤਾ ਉਤੇ ਜ਼ੋਰ ਦੇ ਰਹੀ ਹਾਂ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਵਿਕਾਸ ਅਤੇ ਚੰਗੇ ਪ੍ਰਸ਼ਾਸਨ ਦਾ ਦੁਸ਼ਮਣ ਹੈ। ਇਸ ਵਿਚ ਲਿਪਤ ਹੋਣ ਦੀ ਥਾਂ ਇਹ ਜ਼ਰੂਰੀ ਹੈ ਕਿ ਇਸ ਤੋਂ ਉਪਰ ਉਠਿਆ ਜਾਵੇ ਤੇ ਭ੍ਰਿਸ਼ਟਾਚਾਰ ਤੋਂ ਨਿਜਾਤ ਪਾਉਣ ਲਈ ਨਿਯਮਬੱਧ ਤਬਦੀਲੀਆਂ ਲਿਆਂਦੀਆਂ ਜਾਣ।

ਸ੍ਰੀਮਤੀ ਪਾਟਿਲ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਸਾਨੂੰ ਦੂਜੀ ਹਰੀ ਕ੍ਰਾਂਤੀ ਦੀ ਲੋੜ ਹੈ ਜਿਸ ਨਾਲ ਵੱਧ ਤੋਂ ਵੱਧ ਪੈਦਾਵਾਰ ਹੋਵੇ। ਕੋਈ ਵੀ ਪ੍ਰਬੰਧ ਕਰਦੇ ਸਮੇਂ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਕਿਸਾਨ ਖੇਤੀਬਾੜੀ ਦਾ ਮੁੱਖ ਧੁਰਾ ਹਨ। ਕਿਸਾਨ ਦੇਸ਼ ਦਾ ਅੰਨਦਾਤਾ ਹੈ। ਵਿਕਾਸ ਤੇ ਖੁਸ਼ਹਾਲੀ ਲਈ ਸਥਿਰਤਾ ਅਤੇ ਸੁਰੱਖਿਆ ਦੇ ਮਾਹੌਲ ਦੀ ਲੋੜ ਹੁੰਦੀ ਹੈ। ਅਤਿਵਾਦ ਮਨੁੱਖਤਾ ਦੀ ਖੁਸ਼ਹਾਲੀ ਲਈ ਸਭ ਤੋਂ ਭਿਆਨਕ ਖਤਰਾ ਹੈ। ਕੌਮਾਂਤਰੀ ਭਾਈਚਾਰੇ ਦੇ ਸਾਰੇ ਮੈਂਬਰ ਦੇਸ਼ਾਂ ਨੂੰ ਅਤਿਵਾਦ ਦੇ ਖਤਰੇ ਦੇ ਖਾਤਮੇ ਲਈ ਠੋਸ ਯਤਨ ਕਰਨ ਦੀ ਲੋੜ ਹੈ।

# ਮੌਂਟੇਕ ਸਿੰਘ ਆਹਲੂਵਾਲੀਆ, ਸ਼ਸ਼ੀ ਕਪੂਰ ਤੇ ਵਹੀਦਾ ਰਹਿਮਾਨ ਨੂੰ ਪਦਮ ਸਨਮਾਨ

**ਨਵੀਂ ਦਿੱਲੀ:** ਸਰਕਾਰ ਨੇ ਇਸ ਸਾਲ ਦੇ ਪਦਮ ਪੁਰਸਕਾਰਾਂ ਦਾ ਐਲਾਨ ਕਰਦਿਆਂ ਦੇਸ਼ ਦੇ ਵੱਖ-ਵੱਖ ਵਰਗਾਂ ਵਿਚੋਂ 128 ਸ਼ਖ਼ਸੀਅਤਾਂ ਨੂੰ ਇਸ ਪੁਰਸਕਾਰ ਲਈ ਚੁਣਿਆ ਹੈ। ਇਨ੍ਹਾਂ ਵਿਚੋਂ 13 ਨੂੰ ਦੇਸ਼ ਦਾ ਦੂਜਾ ਸਭ ਤੋਂ ਵੱਡਾ ਨਾਗਰਿਕ ਪੁਰਸਕਾਰ ਪਦਮ ਵਿਭੂਸ਼ਨ, 31 ਨੂੰ ਪਦਮ ਭੂਸ਼ਨ ਤੇ 84 ਨੂੰ ਪਦਮਸ੍ਰੀ ਪੁਰਸਕਾਰ ਦਿੱਤਾ ਜਾ ਰਿਹਾ ਹੈ। ਸਰਕਾਰ ਨੇ ਭਾਰਤ ਰਤਨ ਬਾਰੇ ਕੋਈ ਐਲਾਨ ਨਹੀਂ ਕੀਤਾ।



ਮੌਂਟੇਕ ਸਿੰਘ ਆਹਲੂਵਾਲੀਆ, ਸ਼ਸ਼ੀ ਕਪੂਰ ਤੇ ਵਹੀਦਾ ਰਹਿਮਾਨ

ਜਿੱਥੇ ਪੰਜਾਬ ਦਾ ਪਦਮ ਵਿਭੂਸ਼ਨ ਤੇ ਪਦਮ ਭੂਸ਼ਨ ਪੁਰਸਕਾਰਾਂ ਵਿਚ ਖਾਤਾ ਖਾਲੀ ਰਿਹਾ, ਉਥੇ ਹਰਿਆਣਾ ਇਸ ਮਾਮਲੇ ਵਿਚ ਬਾਜ਼ੀ ਮਾਰ ਗਿਆ। ਉਤਰੀ ਭਾਰਤ ਵਿਚ ਕਿਸੇ ਵੀ ਸੂਬੇ ਨੂੰ ਪਦਮ ਵਿਭੂਸ਼ਨ ਨਹੀਂ ਮਿਲਿਆ। ਜਦਕਿ ਹਰਿਆਣਾ ਦੋ ਪਦਮ ਭੂਸ਼ਨ ਲੈ ਕੇ ਮੋਹਰੀ ਰਿਹਾ। ਉਸ ਦੇ ਚਿੱਤਰਕਾਰ ਕ੍ਰਿਸ਼ਨ ਖੰਨਾ ਤੇ ਰਾਜਿੰਦਰ ਸਿੰਘ ਪਵਾਰ ਇਹ ਪੁਰਸਕਾਰ ਲੈ ਗਏ। ਇਸ ਤੋਂ ਇਲਾਵਾ ਪੰਜਾਬ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਦੀਆਂ ਕਈ ਸ਼ਖਸੀਅਤਾਂ ਪਦਮਸ੍ਰੀ ਦੀ ਸੂਚੀ ਵਿਚ ਆ ਗਈਆਂ।

ਵਿਪਰੋ ਦੇ ਚੇਅਰਮੈਨ ਅਜ਼ੀਮ ਪ੍ਰੇਮਜੀ, ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ, ਸਾਬਕਾ ਡਿਪਲੋਮੇਟ ਬ੍ਰਿਜੇਸ਼ ਮਿਸ਼ਰਾ ਤੇ ਤੇਲਗੂ ਅਭਿਨੇਤਾ ਨਾਗੇਸ਼ਵਰ ਰਾਓ ਉਨ੍ਹਾਂ 'ਚ ਸ਼ਾਮਲ ਹਨ ਜਿਨ੍ਹਾਂ ਨੂੰ ਪਦਮ ਵਿਭੂਸ਼ਨ ਦਿੱਤਾ ਜਾ ਰਿਹਾ ਹੈ। ਪਦਮ ਭੂਸ਼ਨ ਵਾਲੀਆਂ ਮੁੱਖ ਸ਼ਖ਼ਸੀਅਤਾਂ ਵਿਚ ਅਦਾਕਾਰਾ ਸ਼ਸ਼ੀ ਕਪੂਰ, ਵਹੀਦਾ ਰਹਿਮਾਨ, ਸੰਗੀਤਕਾਰ ਖਯਾਮ ਤੇ ਗਾਇਕ ਐਸ.ਪੀ. ਬਾਲਾ ਸੁਬਰਮਨੀਅਮ ਸ਼ਾਮਲ ਹਨ।

ਜਿਨ੍ਹਾਂ ਨੂੰ ਪਦਮਸ੍ਰੀ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ, ਉਨ੍ਹਾਂ ਵਿਚ ਰੰਗਮੰਚ ਲਈ ਨੀਲਮ ਮਾਨ ਸਿੰਘ, ਪਰਬਤਾਰੋਹਣ ਲਈ ਹਰਭਜਨ ਸਿੰਘ, ਸਾਹਿਤ ਸਿੱਖਿਆ ਲਈ ਪ੍ਰੋ. ਰਿਆਜ਼ ਪੰਜਾਬੀ, ਦਸਤਕਾਰੀ ਲਈ ਗੁਲਸ਼ਨ ਨੰਦਾ ਤੇ ਉਪਿੰਦਰ ਬਖ਼ਸ਼ੀ ਸ਼ਾਮਲ ਹਨ। ਇਸ ਤੋਂ ਇਲਾਵਾ ਬਾਲੀਵੁੱਡ ਦੀ ਕਾਜੋਲ, ਇਰਫਾਨ ਖ਼ਾਨ, ਊਸ਼ਾ ਉਥਪ ਤੇ ਤੱਬੂ ਦੇ ਨਾਂ ਵੀ ਸ਼ਾਮਲ ਹਨ। ਖੇਡਾਂ 'ਚ ਪ੍ਰਾਪਤੀਆਂ ਲਈ ਜਿਹੜੇ ਪਦਮਸ੍ਰੀ ਪ੍ਰਾਪਤ ਕਰਨਗੇ ਉਨ੍ਹਾਂ ਵਿਚ ਵੀ.ਵੀ. ਐਸ. ਲਕਸ਼ਮਣ ਸੁਸ਼ੀਲ ਕੁਮਾਰ, ਕ੍ਰਿਸ਼ਨਾ ਪੂਨੀਆ, ਕੁੰਜਾਰਾਨੀ ਦੇਵੀ ਤੇ ਗਗਨ ਨਾਰੰਗ ਸ਼ਾਮਲ ਹਨ।

## ਮੇਜਰ ਜਿਓਤਿਨ ਸਿੰਘ ਨੂੰ ਅਸ਼ੋਕ ਚੱਕਰ

**ਨਵੀਂ ਦਿੱਲੀ:** ਸਰਕਾਰ ਵੱਲੋਂ ਇਸ ਵਾਰ ਅਸ਼ੋਕ ਚੱਕਰ ਐਵਾਰਡ ਆਰਮੀ ਮੈਡੀਕਲ ਕੋਰ ਦੇ ਮੇਜਰ ਲਾਇਸ਼੍ਰਮ ਜਿਓਤਿਨ ਸਿੰਘ ਨੂੰ ਮਰਨ ਉਪਰੰਤ ਦੇਣ ਦਾ ਐਲਾਨ ਕੀਤਾ ਗਿਆ ਹੈ। ਆਰਮੀ ਮੈਡੀਕਲ ਕੋਰ ਨੂੰ ਅਸ਼ੋਕ ਚੱਕਰ ਐਵਾਰਡ ਪਹਿਲੀ ਵਾਰ ਮਿਲਿਆ ਹੈ।

ਕੀਰਤੀ ਚੱਕਰ ਐਵਾਰਡ ਜੇਤੂਆਂ ਵਿਚ ਪੰਜ ਫੌਜੀ ਜਵਾਨ ਸ਼ਾਮਲ ਹਨ। ਮੇਜਰ ਰਾਹੁਲ ਗੁਰੰਗ, ਕੈਪਟਨ ਦੀਪਕ ਸ਼ਰਮਾ ਨੂੰ ਮਰਨ ਉਪਰੰਤ, ਲੈਫਟੀਨੈਂਟ ਵਿਕਾਸ ਸ਼ਰਮਾ (ਪੈਰਾਸ਼ੂਟ ਰਜਮੈਂਟ ਦੀ ਛੇਵੀਂ ਬਟਾਲੀਅਨ), ਲੈਫਟੀਨੈਂਟ ਵਿਕਰਾਂਤ ਅਜੀਤ ਦੇਸ਼ਮੁਖ (ਮਦਰਾਸ ਰਜਮੈਂਟ ਦੀ 8ਵੀਂ ਬਟਾਲੀਅਨ), ਨਾਇਕ ਰਾਜਿੰਦਰ ਸਿੰਘ (ਰਾਜਪੂਤਾਨਾ ਰਾਈਫਲਜ਼ ਦੀ ਦੂਜੀ ਬਟਾਲੀਅਨ) ਨੂੰ ਕੀਰਤੀ ਚੱਕਰ ਦੇਣ ਦਾ ਐਲਾਨ ਹੋਇਆ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal
@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ


Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਸ੍ਰੀ ਹਰਿਮੰਦਰ ਸਾਹਿਬ ਦੀ ਬਾਹਰਲੀ ਦਿੱਖ ਨੂੰ ਨਵਾਂ ਰੂਪ ਦੇਣ ਦੀ ਤਿਆਰੀ

**ਅੰਮ੍ਰਿਤਸਰ:** ਪੰਜਾਬ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਬਾਹਰਲੀ ਦਿੱਖ ਨੂੰ ਸੁੰਦਰ ਬਣਾਉਣ ਲਈ ਤਿਆਰ ਕੀਤੇ ਗਏ ਵਿਸ਼ੇਸ਼ ਡਿਜ਼ਾਇਨ ਨੂੰ ਪ੍ਰਵਾਨਗੀ ਦਿੱਤੇ ਜਾਣ ਪਿੱਛੋਂ ਹੁਣ ਜਲਦੀ ਹੀ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਨੂੰ ਇਥੇ ਨਵਾਂ ਹੀ ਰੂਪ ਦਿਖਾਈ ਦੇਵੇਗਾ।

ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਸੈਰ ਸਪਾਟਾ ਤੇ ਵਿਰਾਸਤੀ ਬੋਰਡ ਰਾਹੀਂ ਮੁਕਾਬਲਾ ਕਰਵਾਇਆ ਗਿਆ ਸੀ ਜਿਸ ਵਿਚ ਦੇਸ਼ ਵਿਦੇਸ਼ ਦੀਆਂ 21 ਭਵਨ ਨਿਰਮਾਣ ਕੰਪਨੀਆਂ ਨੇ ਹਿੱਸਾ ਲਿਆ ਸੀ। ਇਨ੍ਹਾਂ ਵਿਚੋਂ ਤਿੰਨ ਕੰਪਨੀਆਂ ਦੇ ਡਿਜ਼ਾਇਨ ਚੁਣੇ ਗਏ ਹਨ ਤੇ ਇਸ ਵਿਚੋਂ ਇਕ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਬਾਹਰਲੇ ਹਿੱਸਾ ਬਣਾਉਣ ਲਈ ਪ੍ਰਵਾਨਗੀ ਦਿੱਤੀ ਗਈ ਹੈ।ਪਲਾਜ਼ਾ ਬਣਾਉਣ ਦਾ ਡਿਜ਼ਾਇਨ ਨੋਇਡਾ ਦੀ ਕੰਪਨੀ ਡਿਜ਼ਾਇਨ ਐਸੋਸੀਏਟ ਇੰਕ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਕੰਪਨੀ ਨੇ ਮੁਕਾਬਲੇ ਵਿਚ ਪਹਿਲਾ ਸਥਾਨ ਜਿੱਤਿਆ ਹੈ। ਪਹਿਲੇ ਸਥਾਨ 'ਤੇ ਆਉਣ ਸਦਕਾ ਕੰਪਨੀ ਨੂੰ ਸਰਕਾਰ ਵੱਲੋਂ ਪੰਜ ਲੱਖ ਰੁਪਏ ਦਿੱਤੇ ਜਾਣਗੇ ਜਦੋਂਕਿ ਦੂਜਾ ਸਥਾਨ ਲੈਣ ਵਾਲੀ ਦਿੱਲੀ ਦੀ ਕੰਪਨੀ ਐਲ.ਐਂਡ ਡੀ. ਸਟੂਡਿਓ ਨੂੰ ਤਿੰਨ ਲੱਖ ਰੁਪਏ ਤੇ ਤੀਜਾ ਥਾਂ ਪ੍ਰਾਪਤ ਕਰਨ ਵਾਲੀ ਕੰਪਨੀ ਨੂੰ ਦੋ ਲੱਖ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ।



ਡਿਪਟੀ ਕਮਿਸ਼ਨਰ ਕੇ.ਐਸ. ਪੰਨੂ ਨੇ ਚੁਣੇ ਗਏ ਡਿਜ਼ਾਇਨ ਬਾਰੇ ਦੱਸਿਆ ਕਿ ਇਥੇ ਜਲਦੀ ਹੀ ਸੰਗਤਾਂ ਨੂੰ ਨਵੀਂ ਦਿੱਖ ਦਿਖਾਈ ਦੇਵੇਗੀ। ਇਥੇ ਜ਼ਮੀਨਦੋਜ਼ ਪਲਾਜ਼ਾ ਤਿਆਰ ਕੀਤਾ ਜਾਵੇਗਾ, ਆਉਣ ਵਾਲੇ ਸ਼ਰਧਾਲੂਆਂ ਨੂੰ ਹਰ ਪੱਧਰ ਦੀ ਲੋੜੀਂਦੀ ਸਹੂਲਤ ਮੁਹੱਈਆ ਕੀਤੀ ਜਾਵੇਗੀ। ਪਲਾਜ਼ਾ ਵਿਚ ਸ਼ਰਧਾਲੂਆਂ ਲਈ ਢੁੱਕਵੀਂ ਥਾਂ ਹੋਵੇਗੀ। ਇਕ ਵੱਡਾ ਜੋੜਾ ਘਰ ਹੀ ਸਿਰਫ਼ ਜ਼ਮੀਨ ਉਪਰ ਬਣਾਇਆ ਜਾਵੇਗਾ, ਬਾਕੀ ਸਾਰੀਆਂ ਇਮਾਰਤਾਂ ਜ਼ਮੀਨਦੋਜ਼ ਬਣਨਗੀਆਂ। ਉਨ੍ਹਾਂ ਦੱਸਿਆ ਕਿ ਇਥੇ ਆਉਣ ਵਾਲੇ ਵਿਦੇਸ਼ੀ ਸ਼ਰਧਾਲੂਆਂ ਨੂੰ ਸਿੱਖ ਇਤਿਹਾਸ, ਧਰਮ ਤੇ ਸੱਭਿਆਚਾਰ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਇਹ ਜਾਣਕਾਰੀ ਉਨ੍ਹਾਂ ਨੂੰ ਆਡਿਓ ਵਿਜ਼ੀਉਲ ਮੀਡੀਆ ਰਾਹੀਂ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਇਥੇ ਬੈਂਕ, ਏ.ਟੀ.ਐਮ., ਹਵਾਈ ਅੱਡਾ ਤੇ ਰੇਲਵੇ ਦੀ ਪੁੱਛ ਪੜਤਾਲ ਦੀ ਵੀ ਸਹੂਲਤ ਹੋਵੇਗੀ ਤੇ ਇਥੇ ਵੱਡਾ ਸੂਚਨਾ ਘਰ ਸਥਾਪਿਤ ਕੀਤਾ ਜਾਵੇਗਾ। ਇਥੇ 100 ਤੋਂ 150 ਸ਼ਰਧਾਲੂਆਂ ਦੇ ਬੈਠਣ ਦੀ ਸਮਰੱਥਾ ਵਾਲਾ ਇਕ ਆਡੀਟੋਰੀਅਮ ਵੀ ਬਣਾਇਆ ਜਾਵੇਗਾ।

ਇਸ ਵੇਲੇ ਮੌਜੂਦ ਢਾਂਚੇ ਵਿਚ ਅਜਿਹੇ ਪ੍ਰਬੰਧਾਂ ਦੀ ਘਾਟ ਹੈ। ਇਸ ਤੋਂ ਇਲਾਵਾ ਬਹੁ ਮੰਤਵੀ ਹਾਲ, ਵਧੀਆ ਪਾਖ਼ਾਨੇ ਤੇ ਸੁਰੱਖਿਆ ਦੇ ਲੋੜੀਂਦੇ ਪ੍ਰਬੰਧ ਵੀ ਹੋਣਗੇ। ਇਥੇ ਖੁੱਲ੍ਹੇ ਖੇਤਰ ਵਿਚ ਦਰਖਤ ਵੀ ਲਾਏ ਜਾਣਗੇ ਤਾਂ ਜੋ ਇਥੇ ਵਾਤਾਵਰਣ ਹਰਿਆਵਲ ਭਰਪੂਰ ਬਣਿਆ ਰਹੇ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਡਿਜ਼ਾਇਨ ਨੂੰ ਪ੍ਰਵਾਨਗੀ ਮਿਲਣ ਤੋਂ ਬਾਅਦ ਜਲਦੀ ਹੀ ਅਗਲੇਰੀ ਕਾਰਵਾਈ ਸ਼ੁਰੂ ਹੋ ਜਾਵੇਗੀ।

# ਮਨਪ੍ਰੀਤ ਦਾ ਪਾਰਟੀ ਛੱਡਣਾ ਮੇਰਾ ਨਿੱਜੀ ਨੁਕਸਾਨ:ਕੈਰੋਂ

**ਚੰਡੀਗੜ੍ਹ:** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿਣ ਤੋਂ ਬਾਅਦ ਭਾਵੇਂ ਹੁਣ ਤੱਕ ਸਾਰੇ ਅਕਾਲੀ ਆਗੂ ਖਾਮੋਸ਼ ਸਨ ਪਰ ਬੀਤੇ ਦਿਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਵਾਈ ਤੇ ਪੰਜਾਬ ਦੇ ਖ਼ੁਰਾਕ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਇਹ ਕਹਿ ਹੀ ਦਿੱਤਾ ਕਿ ਮਨਪ੍ਰੀਤ ਦੇ ਅਕਾਲੀ ਦਲ 'ਚੋਂ ਬਾਹਰ ਜਾਣ ਨਾਲ ਉਨ੍ਹਾਂ ਨੂੰ ਨਿੱਜੀ ਘਾਟਾ ਪਿਆ ਹੈ।



ਚੰਡੀਗੜ੍ਹ ਪ੍ਰੈੱਸ ਕਲੱਬ 'ਚ 'ਮੀਟ ਦਾ ਪ੍ਰੈੱਸ' ਦੌਰਾਨ ਜਦ ਸ. ਕੈਰੋਂ ਨੂੰ ਪੁੱਛਿਆ ਗਿਆ ਕਿ ਮਨਪ੍ਰੀਤ ਨੇ ਪਾਰਟੀ 'ਚੋਂ ਬਗ਼ਾਵਤ ਕਰ ਕੇ ਅਪਣੀਆਂ ਵੱਖਰੀਆਂ ਰਾਜਨੀਤਕ ਸਰਗਰਮੀਆਂ ਅਰੰਭ ਦਿੱਤੀਆਂ ਹਨ ਤੇ ਉਹ ਵੱਖਰੀ ਪਾਰਟੀ ਵੀ ਬਣਾਉਣ ਜਾ ਰਹੇ ਹਨ ਤੇ ਤੁਸੀਂ ਇਸ ਬਾਰੇ ਕੀ ਮਹਿਸੂਸ ਕਰਦੇ ਹੋ? ਤਾਂ ਪਹਿਲਾਂ ਉਨ੍ਹਾਂ ਨੇ ਜਵਾਬ ਦੇਣ ਤੋਂ ਟਾਲ ਮਟੋਲ ਕੀਤੀ ਪਰ ਵਾਰ-ਵਾਰ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਮਨਪ੍ਰੀਤ ਸਿੰਘ ਦੇ ਪਾਰਟੀ ਛੱਡਣ ਦਾ ਉਨ੍ਹਾਂ ਨੂੰ ਨਿੱਜੀ ਨੁਕਸਾਨ ਤਾਂ ਹੈ ਪਰ ਪਾਰਟੀ ਜਾਂ ਸਰਕਾਰ ਬਾਰੇ ਮੁੱਖ ਮੰਤਰੀ ਹੀ ਕੁੱਝ ਕਹਿ ਸਕਦੇ ਹਨ। ਜਦ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਸਾਰੇ ਪੰਜਾਬ ਦੇ ਸ਼ੈਲਰਾਂ ਨੂੰ ਝੋਨਾ ਦੇਣ ਤੋਂ ਪਹਿਲਾਂ ਖ਼ੁਰਾਕ ਤੇ ਸਪਲਾਈ ਮਹਿਕਮਾ ਚੌਲ ਮਿੱਲਾਂ ਤੋਂ ਗਰੰਟੀ ਦੀ ਰਕਮ ਜਮ੍ਹਾਂ ਕਰਵਾਉਂਦਾ ਹੈ ਪਰ ਜ਼ਿਲ੍ਹਾ ਤਰਨਤਾਰਨ, ਮਾਨਸਾ ਤੇ ਬਠਿੰਡਾ ਦੇ ਸ਼ੈਲਰਾਂ ਨੂੰ ਇਸ ਸ਼ਰਤ ਤੋਂ ਛੋਟ ਦਿਤੀ ਗਈ ਹੈ। ਤਰਨ ਤਾਰਨ ਸ. ਕੈਰੋਂ ਦਾ ਅਪਣਾ ਇਲਾਕਾ ਹੈ ਤੇ ਮਾਨਸਾ ਤੇ ਬਠਿੰਡਾ ਹਰਸਿਮਰਤ ਕੌਰ ਬਾਦਲ ਦੇ ਪਾਰਲੀਮਾਨੀ ਹਲਕੇ 'ਚ ਪੈਂਦੇ ਹਨ। ਇਸ ਬਾਰੇ ਉਨ੍ਹਾਂ ਕਿਹਾ ਕਿ ਤਰਨਤਾਰਨ ਜ਼ਿਲ੍ਹੇ 'ਚ ਝੋਨੇ ਦੀ ਖੇਤੀ ਜ਼ਿਆਦਾ ਹੁੰਦੀ ਹੈ ਤੇ ਉਤਪਾਦਨ ਵੀ ਜ਼ਿਆਦਾ ਹੈ ਪਰ ਇਸ ਜ਼ਿਲ੍ਹੇ 'ਚ ਚੌਲ ਮਿਲਾਂ ਘੱਟ ਹਨ ਤੇ ਝੋਨਾ ਦੂਸਰੇ ਜ਼ਿਲ੍ਹਿਆਂ ਦੇ ਸ਼ੈਲਰਾਂ 'ਚ ਭੇਜਣਾ ਪੈਂਦਾ ਹੈ। ਇਸ ਲਈ ਇਹ ਛੋਟ ਦਿੱਤੀ ਗਈ ਹੈ। ਮਾਨਸਾ ਤੇ ਬਠਿੰਡਾ ਬਾਰੇ ਉਨ੍ਹਾਂ ਕਿਹਾ ਕਿ ਇਨ੍ਹਾਂ ਜ਼ਿਲ੍ਹਿਆਂ 'ਚ ਨਰਮੇ ਹੇਠਲਾ ਕਾਫ਼ੀ ਇਲਾਕਾ ਝੋਨੇ ਦੀ ਫ਼ਸਲ ਹੇਠ ਆਉਣ ਤੇ ਦੋ ਸਾਲ ਪੁਰਾਣਾ ਝੋਨਾ ਇਨ੍ਹਾਂ ਜ਼ਿਲ੍ਹਿਆਂ 'ਚ ਛੜਾਈ ਵਾਲਾ ਪਿਆ ਹੋਣ ਕਾਰਨ ਇਹ ਛੋਟ ਦਿੱਤੀ ਗਈ।

ਗ਼ਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਨੂੰ ਸਸਤਾ ਆਟਾ ਤੇ ਦਾਲ ਸਕੀਮ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਕੀਮ 'ਚ ਪੰਜਾਬ ਨਾਲ ਕੇਂਦਰ ਵੱਡਾ ਵਿਤਕਰਾ ਕਰ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ 'ਚ ਗ਼ਰੀਬੀ ਰੇਖਾ ਤੋਂ ਹੇਠਲੇ ਜਿਨ੍ਹਾਂ ਪਰਿਵਾਰਾਂ ਦੇ ਨੀਲੇ ਕਾਰਡ ਬਣੇ ਹਨ, ਉਨ੍ਹਾਂ ਦੀ ਗਿਣਤੀ 4.62 ਲੱਖ ਹੈ ਜੋ ਰਾਜ ਦੀ ਅਬਾਦੀ ਦਾ 9 ਫ਼ੀਸਦੀ ਬਣਦਾ ਹੈ। ਇਸ ਦੇ ਉਲਟ ਹਰਿਆਣਾ 'ਚ 27 ਫ਼ੀਸਦੀ ਵਸੋਂ ਨੂੰ ਗ਼ਰੀਬੀ ਰੇਖਾ ਤੋਂ ਹੇਠਲੀ ਸੂਚੀ 'ਚ ਦਰਸਾਇਆ ਗਿਆ ਹੈ। ਪੰਜਾਬ ਤੇ ਹਰਿਆਣਾ 'ਚ ਸਮਾਜਿਕ ਤੇ ਆਰਥਿਕ ਪੱਖੋਂ ਕੋਈ ਅੰਤਰ ਨਹੀਂ ਪਰ ਉਨ੍ਹਾਂ ਦੀ ਕੁੱਲ ਅਬਾਦੀ 'ਚੋਂ 27 ਫ਼ੀਸਦੀ ਨੂੰ ਗ਼ਰੀਬੀ ਰੇਖਾ ਤੋਂ ਹੇਠਲੇ ਪਰਿਵਾਰ ਵਿਖਾ ਕੇ ਆਟਾ ਤੇ ਦਾਲ ਸਕੀਮ ਦਾ ਲਾਭ ਕੇਂਦਰ ਦੇ ਰਹੀ ਹੈ ਤੇ ਪੰਜਾਬ ਦੀ ਕੁੱਲ 9 ਫ਼ੀਸਦੀ ਆਬਾਦੀ ਨੂੰ ਇਹ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕੋਲ ਇਹ ਮਾਮਲਾ ਕਈ ਵਾਰ ਉਠਾਇਆ ਗਿਆ ਹੈ ਪਰ ਅਜੇ ਤਕ ਇਸ ਦਾ ਕੁਝ ਨਹੀਂ ਹੋਇਆ। ਉਨ੍ਹਾਂ ਸਪੱਸ਼ਟ ਕੀਤਾ ਕਿ ਗ਼ਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਦੀ ਸੰਖਿਆ ਘਟਾਉਣਾ ਜਾਂ ਵਧਾਉਣਾ ਰਾਜ ਸਰਕਾਰ ਦੇ ਵੱਸ 'ਚ ਨਹੀਂ ਬਲਕਿ ਕੇਂਦਰੀ ਯੋਜਨਾ ਕਮਿਸ਼ਨ ਦੇ ਅਧਿਕਾਰ 'ਚ ਹੈ।

ਪੰਜਾਬ 'ਚ ਗੁਦਾਮਾਂ ਦੀ ਘਾਟ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ 'ਚ 80 ਲੱਖ ਟਨ ਦੀ ਸਮਰੱਥਾ ਵਾਲੇ ਗੁਦਾਮਾਂ ਦੀ ਜ਼ਰੂਰਤ ਹੈ ਪਰ ਕੇਂਦਰ ਸਰਕਾਰ ਨੇ ਸਿਰਫ਼ ਸਾਢੇ 4 ਲੱਖ ਟਨ ਦੀ ਸਮਰੱਥਾ ਵਧਾਉਣ ਦੀ ਹੀ ਪ੍ਰਵਾਨਗੀ ਦਿੱਤੀ ਹੈ। ਕੇਂਦਰ ਸਰਕਾਰ ਪੰਜਾਬ 'ਚੋਂ ਅਨਾਜ ਚੁੱਕਣ ਬਾਰੇ ਕੋਈ ਸਮਾਂ ਸੀਮਾ ਤਹਿ ਨਹੀਂ ਕਰਦਾ ਤੇ ਨਾ ਹੀ ਸ਼ੈਡਾਂ ਵਾਲੇ ਗੁਦਾਮ ਬਣਾਉਣ ਦੀ ਪ੍ਰਵਾਨਗੀ ਦੇ ਰਿਹਾ ਹੈ।

# ਅਕਾਲੀਆਂ ਨੇ ਪੰਜਾਬ ਸਿਰ ਚੜ੍ਹੇ ਕਰਜ਼ੇ ਦਾ ਦੋਸ਼ ਕੈਪਟਨ 'ਤੇ ਮੜ੍ਹਿਆ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਬ) ਨੇ ਪੰਜਾਬ ਦੇ ਕਰਜ਼ੇ ਦਾ ਦੋਸ਼ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਮੜ੍ਹ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਤੇ ਜਨਰਲ ਸਕੱਤਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਹੈ ਕਿ ਪੰਜਾਬ ਸਿਰ ਚੜ੍ਹੇ ਕਰਜ਼ੇ ਵਿਚ ਸਭ ਤੋਂ ਵੱਡਾ ਯੋਗਦਾਨ ਕੈਪਟਨ ਅਮਰਿੰਦਰ ਸਿੰਘ ਦਾ ਹੈ ਕਿਉਂਕਿ ਪਿਛਲੇ 63 ਸਾਲਾਂ ਦੌਰਾਨ ਲਏ ਗਏ ਕਰਜ਼ੇ ਵਿਚੋਂ 33 ਫੀਸਦੀ ਸਿਰਫ ਅਮਰਿੰਦਰ ਸਿੰਘ ਦੇ ਪੰਜ ਸਾਲਾ ਕਾਰਜਕਾਲ ਦੌਰਾਨ ਲਿਆ ਗਿਆ ਹੈ।

ਇਨ੍ਹਾਂ ਦੋਹਾਂ ਆਗੂਆਂ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਪ੍ਰਧਾਨ ਮੰਤਰੀ ਨੂੰ ਪੰਜਾਬ ਦੇ ਪ੍ਰਾਜੈਕਟਾਂ ਨੂੰ ਪੈਸਾ ਨਾ ਦੇਣ ਦੀ ਸਲਾਹ ਦੇ ਕੇ ਪੰਜਾਬ ਦੀ ਆਰਥਿਕਤਾ ਨੂੰ ਢਾਹ ਲਗਾਉਣ ਦਾ ਯਤਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ 63 ਸਾਲ ਵਿਚ ਲਏ ਗਏ 65000 ਕਰੋੜ ਰੁਪਏ ਦੇ ਕੁੱਲ ਕਰਜ਼ੇ ਵਿਚੋਂ ਤਕਰੀਬਨ ਤੀਜਾ ਹਿੱਸਾ ਭਾਵ 19620 ਕਰੋੜ ਰੁਪਏ ਅਮਰਿੰਦਰ ਸਿੰਘ ਦੇ ਪੰਜ ਸਾਲਾ ਕਾਰਜਕਾਲ ਦੌਰਾਨ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਰਾਜ ਦੇ ਕੁੱਲ ਘਰੇਲੂ ਉਤਪਾਦਨ ਦੇ 45 ਫੀਸਦੀ ਕੇਂਦਰੀ ਕਰਜ਼ੇ ਨਾਲ ਅਮਰਿੰਦਰ ਸਿੰਘ ਨੇ ਆਪਣਾ ਕਾਰਜਕਾਲ ਮਸਾਂ ਪੂਰਾ ਕੀਤਾ ਜਦੋਂਕਿ ਸ਼੍ਰੋਮਣੀ ਅਕਾਲੀ ਦਲ ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਕਰਜ਼ੇ ਦੀ ਪ੍ਰਤੀਸ਼ਤਤਾ ਰਾਜ ਦੇ ਕੁੱਲ ਘਰੇਲੂ ਉਤਪਾਦਨ ਦੀ ਸਿਰਫ਼ 32 ਫੀਸਦੀ ਰਹਿ ਗਈ ਹੈ। ਉਨ੍ਹਾਂ ਕਿਹਾ ਕਿ ਅਮਰਿੰਦਰ ਸਿੰਘ ਨੂੰ ਪੰਜਾਬ ਨੂੰ ਕਰਜ਼ੇ ਵਿਚ ਫਸਾਉਣ ਲਈ ਪੰਜਾਬ ਦੇ ਲੋਕਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਨੇ 12 ਫੀਸਦੀ ਕਰਜ਼ਾ ਘਟਾ ਕੇ ਰਾਜ ਦੀ ਆਰਥਿਕਤਾ ਨੂੰ ਮੁੜ ਲੀਹ 'ਤੇ ਪਾ ਦਿੱਤਾ ਹੈ।

ਸ੍ਰੀ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਭਾਰਤੀ ਸਿਆਸਤਦਾਨਾਂ ਤੇ ਪੂੰਜੀਪਤੀਆਂ ਦਾ ਸਵਿਸ ਬੈਂਕਾਂ ਵਿਚ ਪਿਆ ਬੇ-ਹਿਸਾਬਾ ਧਨ ਵਾਪਸ ਕਰਵਾ ਕੇ ਦੇਸ਼ ਦੇ ਵਿਕਾਸ ਲਈ ਖਰਚਣ ਦਾ ਮੁਦਈ ਹੈ। ਸਵਿਸ ਬੈਂਕਾਂ ਵਿੱਚੋਂ ਪੈਸਾ ਵਾਪਸ ਕਰਵਾਉਣ ਦੀ ਕਵਾਇਦ ਸਿਰਫ ਕਰ ਚੋਰਾਂ ਤੱਕ ਹੀ ਸੀਮਤ ਨਹੀਂ ਰਹਿਣੀ ਚਾਹੀਦੀ ਸਗੋਂ ਇਸ ਦੇ ਦਾਇਰੇ ਵਿਚ ਹਰ ਉਹ ਵਿਅਕਤੀ ਆਉਣਾ ਚਾਹੀਦਾ ਹੈ ਜਿਸ ਨੇ ਸਵਿਸ ਬੈਂਕਾਂ ਵਿਚ ਪੈਸਾ ਜਮ੍ਹਾ ਕਰਵਾਇਆ ਹੈ।

ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਪ੍ਰਧਾਨ ਮੰਤਰੀ ਨੂੰ ਪੰਜਾਬ ਦੇ ਵਿਕਾਸ ਕਾਰਜਾਂ ਲਈ ਬੈਂਕਾਂ ਤੇ ਹੋਰ ਵਿੱਤੀ ਸੰਸਥਾਵਾਂ ਤੋਂ ਕਰਜ਼ਾ ਲੈਣ ਦੇ ਮਾਮਲੇ ਵਿਚ ਦਖ਼ਲ ਦੇਣ ਲਈ ਲਿਖੇ ਖ਼ਤ ਨੇ ਕਾਂਗਰਸ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਕਰ ਦਿੱਤਾ ਹੈ।

# ਪਰਵਾਸੀਆਂ ਨਾਲ ਵਾਅਦਿਆਂ ਬਾਰੇ ਰਾਮੂਵਾਲੀਆਂ ਵੱਲੋਂ ਸੁਖਬੀਰ ਨੂੰ ਵੰਗਾਰ

## ਪਰਵਾਸੀ ਪੰਜਾਬੀਆਂ ਦੇ ਮਾਮਲੇ ਸਰਕਾਰ ਕੋਲ ਉਠਾਏ

**ਜਲੰਧਰ (ਪੰਜਾਬ ਟਾਈਮਜ਼ ਬਿਊਰੋ):** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬੀ ਐਨ.ਆਰ. ਆਈ. ਸੰਮੇਲਨ ਦੌਰਾਨ ਠੱਗ ਟਰੈਵਲ ਏਜੰਟਾਂ, ਵਿਦੇਸ਼ੀ ਲਾੜੇ-ਲਾੜੀਆਂ ਤੇ ਧੋਖਾਧੜੀ ਕਰਨ ਵਾਲੇ ਮੈਰਿਜ ਬਿਊਰੋ ਖ਼ਿਲਾਫ਼ ਸਖ਼ਤ ਕਾਰਵਾਈ ਦੇ ਐਲਾਨ ਤੋਂ ਤੁਰੰਤ ਬਾਅਦ ਲੋਕ ਭਲਾਈ ਪਾਰਟੀ ਨੇ ਸਰਕਾਰ ਦੇ ਵਾਅਦਿਆਂ ਦੀ ਪਰਖ ਲਈ ਅਜਿਹੇ ਕਈ ਮਾਮਲੇ ਸਾਹਮਣੇ ਲਿਆਂਦੇ ਹਨ। ਲੋਕ ਭਲਾਈ ਪਾਰਟੀ ਦੇ ਪ੍ਰਧਾਨ ਬਲਵੰਤ ਸਿੰਘ ਰਾਮੂਵਾਲੀਆ ਨੇ ਇਹ ਵੀ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਠੱਗ ਟਰੈਵਲ ਏਜੰਟਾਂ ਦੇ 100 ਕੇਸ, ਠੱਗ ਲਾੜੇ-ਲਾੜੀਆਂ ਦੇ 100 ਮਾਮਲੇ, ਇਮੀਗ੍ਰੇਸ਼ਨ ਸਲਾਹਕਾਰਾਂ ਵੱਲੋਂ ਵਿਦਿਆਰਥੀਆਂ ਨਾਲ ਮਾਰੀਆਂ ਠੱਗੀਆਂ, ਝੂਠੇ ਵਿਆਹਾਂ ਦੇ ਸੈਂਕੜੇ ਮਾਮਲਿਆਂ ਦੀ ਸੂਚੀ ਸਰਕਾਰ ਹਵਾਲੇ ਕਰੇਗੀ ਤਾਂ ਜੋ ਸਰਕਾਰ ਦੀ ਸੰਜੀਦਗੀ ਦੀ ਪਰਖ ਕੀਤੀ ਜਾ ਸਕੇ।

ਉਨ੍ਹਾਂ ਕਿਹਾ ਕਿ ਉਪ ਮੁੱਖ ਮੰਤਰੀ ਵੱਲੋਂ ਇਹ ਐਲਾਨ ਕਰਨਾ ਅਸਲ ਵਿਚ ਲੋਕ ਭਲਾਈ ਪਾਰਟੀ ਦੇ ਸਾਲਾਂਬੱਧੀ ਸੰਘਰਸ਼ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਨੇ ਇਹ ਐਲਾਨ ਬੜੀ ਦੇਰ ਨਾਲ ਕੀਤਾ ਹੈ ਪਰ ਪਾਰਟੀ ਇਸ ਐਲਾਨ ਦਾ ਸਵਾਗਤ ਕਰਦੀ ਹੈ। ਸਰਕਾਰ ਅੱਗੇ ਟਰਾਇਲ ਕੇਸ ਵਜੋਂ ਬਰਨਾਲਾ ਜ਼ਿਲ੍ਹੇ ਦੀਆਂ ਦੋ ਲੜਕੀਆਂ ਸੰਦੀਪ ਤੇ ਪਰਮਜੀਤ ਕੌਰ ਦਾ ਮਾਮਲਾ ਰੱਖਦਿਆਂ ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਰਾਏਕੋਟ ਦੇ ਇਕ ਏਜੰਟ ਨੇ ਇਨ੍ਹਾਂ ਦੋਵਾਂ ਲੜਕੀਆਂ ਤੋਂ 25-25 ਲੱਖ ਰੁਪਏ ਲੈ ਕੇ ਚੰਡੀਗੜ੍ਹ ਦੇ ਇਕੋ ਪਰਿਵਾਰ ਦੇ ਕੈਨੇਡਾ ਰਹਿ ਰਹੇ ਦੋ ਲੜਕਿਆਂ ਨਾਲ ਵਿਆਹ ਕਰਵਾ ਦਿੱਤੇ। ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀਆਂ ਦਾ ਇਹ ਪਰਿਵਾਰ ਸੌਦੇਬਾਜ਼ੀ ਕਰਕੇ ਆਪ ਤਾਂ ਮਾਲਾਮਾਲ ਹੋ ਗਿਆ ਪਰ ਇਨ੍ਹਾਂ ਲੜਕੀਆਂ ਦੀ ਜ਼ਿੰਦਗੀ ਤਬਾਹ ਕਰ ਦਿੱਤੀ। ਸੰਦੀਪ ਤੇ ਪਰਮਜੀਤ ਨੇ ਦੱਸਿਆ ਕਿ ਉਨ੍ਹਾਂ ਦੇ ਚੰਡੀਗੜ੍ਹ ਦੇ ਸੈਕਟਰ 22 ਸੀ 'ਚ ਰਹਿ ਰਹੇ ਸੱਸ-ਸਹੁਰਾ ਸ਼ਰ੍ਹੇਆਮ ਉਨ੍ਹਾਂ ਨੂੰ ਧਮਕੀਆਂ ਦਿੰਦੇ ਹਨ ਤੇ ਉਹ ਇਨਸਾਫ ਲੈਣ ਲਈ ਸਰਕਾਰੀ ਦਫਤਰਾਂ ਦੇ ਧੱਕੇ ਖਾ ਰਹੀਆਂ ਹਨ।



ਬਲਵੰਤ ਰਾਮੂਵਾਲੀਆ ਦੇ ਸਮਾਗਮ ਵਿਚ ਆਪਣੀ ਵਿਥਿਆ ਸੁਣਾ ਰਹੀ ਇਕ ਦੁਖਿਆਰੀ

ਇਸੇ ਤਰ੍ਹਾਂ ਮੋਗਾ ਦੀ ਅਮਨਦੀਪ ਕੌਰ ਨੇ ਦੱਸਿਆ ਕਿ ਤਿੰਨ ਟਰੈਵਲ ਏਜੰਟਾਂ ਨੇ ਵਿਦੇਸ਼ੀ ਲੜਕੇ ਨਾਲ ਵਿਆਹ ਕਰਵਾਉਣ ਲਈ ਉਨ੍ਹਾਂ ਪਾਸੋਂ ਕੁੱਲ 40 ਲੱਖ ਰੁਪਏ ਬਟੋਰ ਲਏ ਜਿਨ੍ਹਾਂ ਵਿਚੋਂ 8 ਲੱਖ ਰੁਪਏ ਉਨ੍ਹਾਂ ਆਪਣੀ ਝੋਲੀ ਪਾ ਲਏ। ਅਮਨਦੀਪ ਨੇ ਦੱਸਿਆ ਕਿ ਉਸ ਦਾ ਵਿਆਹ 29 ਦਸੰਬਰ 2007 ਨੂੰ ਕਪੂਰਥਲਾ ਦੇ ਟੋਰਾਂਟੋ ਰਹਿ ਰਹੇ ਲੜਕੇ ਨਾਲ ਕਰ ਦਿੱਤਾ। ਲੜਕੀ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਪੈਸੇ ਬਟੋਰਨ ਤੋਂ ਬਾਅਦ ਉਨ੍ਹਾਂ ਨੇ ਲੜਕੀ ਨੂੰ ਘਰੋਂ ਕੱਢ ਦਿੱਤਾ। ਲੜਕੀ ਦੇ ਪਿਤਾ ਨੇ ਦੱਸਿਆ ਕਿ ਪਰਿਵਾਰ ਨੇ ਲੜਕੀ ਦੀ ਜ਼ਿੰਦਗੀ ਬਣਾਉਣ ਲਈ ਤਿੰਨ ਕਿੱਲੇ ਵੇਚ ਦਿੱਤੇ ਤੇ ਚਾਰ ਕਿੱਲੇ ਜ਼ਮੀਨ ਗਹਿਣੇ ਰੱਖ ਦਿੱਤੀ। ਇਸੇ ਤਰ੍ਹਾਂ ਰਾਏਕੋਟ ਨੇੜਲੇ ਪਿੰਡ ਕੁਰੜਛਾਪਾ ਦੀ ਲੜਕੀ ਰਮਿੰਦਰ ਕੌਰ ਨੇ ਦੱਸਿਆ ਕਿ ਉਸ ਦੇ ਭਰਾ ਲਖਵੀਰ ਸਿੰਘ ਦਾ ਕੈਨੇਡਾ ਦੀ ਲੜਕੀ ਨਾਲ ਵਿਆਹ ਕਰਵਾਉਣ ਲਈ 20 ਲੱਖ ਰੁਪਏ ਬਟੋਰ ਲਏ ਗਏ। ਉਸ ਨੇ ਦੱਸਿਆ ਕਿ ਪਰਿਵਾਰ ਨੂੰ ਇਸ ਖਾਤਰ 6 ਏਕੜ ਜ਼ਮੀਨ ਵੇਚਣੀ ਪਈ। ਲੜਕੀ ਨਾਲ ਕੇਵਲ ਮੰਗਣਾ ਹੀ ਹੋਇਆ ਤੇ ਬਾਅਦ ਵਿਚ ਪਰਿਵਾਰ ਨੂੰ ਪਤਾ ਲੱਗਾ ਕਿ ਟਰੈਵਲ ਏਜੰਟ ਨੇ ਉਨ੍ਹਾਂ ਨਾਲ ਠੱਗੀ ਮਰਵਾਈ ਹੈ। ਸ੍ਰੀ ਰਾਮੂਵਾਲੀਆ ਨੇ ਉਪ ਮੁੱਖ ਮੰਤਰੀ ਨੂੰ ਵੰਗਾਰ ਪਾਈ ਕਿ ਜੇ ਉਨ੍ਹਾਂ ਦਾ ਸਮੂਹ ਪਰਵਾਸੀ ਪੰਜਾਬੀਆਂ ਨਾਲ ਕੀਤਾ ਵਾਅਦਾ ਸੰਜੀਦਾ ਹੈ ਤਾਂ ਪਹਿਲਾਂ ਇਨ੍ਹਾਂ ਮਾਮਲਿਆਂ ਨੂੰ ਹੱਲ ਕਰਨ।

# ਬਾਬਾ ਦਲਜੀਤ ਸਿੰਘ ਵਲੋਂ ਖਹਿਰਾ ਜੋੜੇ ਵਿਰੁਧ ਦੋ ਕੇਸ

**ਸ਼ਿਕਾਗੋ:** ਗੁਰਦੁਆਰਾ ਗੁਰਜੋਤਿ ਪ੍ਰਕਾਸ਼, ਆਈਲੈਂਡ ਲੇਕ ਦੇ ਮੁਖੀ ਬਾਬਾ ਦਲਜੀਤ ਸਿੰਘ ਨੇ ਕਿਸੇ ਸਮੇਂ ਉਨ੍ਹਾਂ ਦੇ ਬਹੁਤ ਕਰੀਬ ਰਹੇ ਇਥੋਂ ਦੀ ਇਕ ਸਬਰਬ ਵੋਕਾਂਡਾ ਦੇ ਚਰਚਿਤ ਜੋੜੇ ਹਰਮਿੰਦਰ ਖਹਿਰਾ ਅਤੇ ਉਸ ਦੀ ਪਤਨੀ ਸ਼ਿਵਰਾਜ ਕੌਰ ਖਹਿਰਾ ਉਰਫ ਨੀਰੂ ਵਿਰੁਧ ਧੋਖਾਧੜੀ ਦੇ ਦੋਸ਼ਾਂ ਅਧੀਨ ਇਲੀਨਾਏ ਸਟੇਟ ਦੀਆਂ ਦੋ ਵੱਖ ਵੱਖ ਅਦਾਲਤਾਂ ਵਿਚ ਕੇਸ ਦਰਜ ਕਰਵਾਏ ਹਨ ਅਤੇ ਬਣਦੇ ਮੁਆਵਜ਼ੇ ਦੀ ਮੰਗ ਕੀਤੀ ਹੈ।

22ਵੀਂ ਜੁਡੀਸ਼ੀਅਲ ਸਰਕਟ ਅਦਾਲਤ ਮਕੈਨਰੀ ਵਿਚ ਦਰਜ ਕਰਵਾਏ ਗਏ ਮੁਕੱਦਮਾ ਨੰਬਰ 10 ਐਲ ਏ 356 ਵਿਚ ਦੋਸ਼ ਲਾਇਆ ਗਿਆ ਹੈ ਕਿ ਖਹਿਰਾ ਜੋੜੇ ਨੇ ਮਈ 2002 ਵਿਚ ਮੁੱਦਈ ਨਾਲ ਇਕ ਲੱਖ ਡਾਲਰ ਦੀ ਰਕਮ ਉਧਾਰ ਦੇਣ ਬਦਲੇ ਵਿਸਕਾਨਸਿਨ ਦੇ ਜਿਨੋਆ ਸ਼ਹਿਰ ਵਿਚ ਇਕ ਗਰਾਸਰੀ ਸਟੋਰ ਦੀ 49% ਭਾਈਵਾਲੀ ਦਾ ਜ਼ੁਬਾਨੀ ਇਕਰਾਰ ਕੀਤਾ। ਕੇਸ ਅਨੁਸਾਰ ਇਸ ਜ਼ੁਬਾਨੀ ਕਰਾਰਨਾਮੇ ਮੁਤਾਬਕ ਮੁੱਦਈ ਨੂੰ ਗਰਾਸਰੀ ਸਟੋਰ ਦੇ ਮੁਨਾਫੇ ਅਤੇ ਆਮਦਨ ਵਿਚੋਂ 49% ਹਿੱਸਾ ਮਿਲਣਾ ਸੀ। ਉਸ ਨੂੰ ਇਸ ਕੰਪਨੀ ਦੇ ਪ੍ਰਬੰਧ ਵਿਚ 49 ਫੀਸਦੀ ਦੀ ਹਿੱਸੇਦਾਰੀ ਦਾ ਵੋਟ ਹੱਕ ਵੀ ਮਿਲਣਾ ਸੀ। ਮੁੱਦਈ ਨੇ ਵਾਅਦੇ ਅਨੁਸਾਰ ਇਕ ਲੱਖ ਡਾਲਰ ਦੀ ਰਕਮ ਮਈ 2002 ਵਿਚ ਦੇ ਦਿੱਤੀ ਅਤੇ ਪ੍ਰਤੀਵਾਦੀਆਂ ਨੇ ਇਸੇ ਮਹੀਨੇ ਵਿਚ ਹੀ 'ਬਾਬਾ ਜੀ ਇੰਕ' ਨਾਂ ਹੇਠ ਕੰਪਨੀ ਬਣਾ ਕੇ ਬਿਜਨਸ ਵਿਸਕਾਨਸਿਨ ਵਿਚ ਚਲਾ ਲਿਆ। ਮੁੱਦਈ ਦਾ ਦੋਸ਼ ਹੈ ਕਿ ਪ੍ਰਤੀਵਾਦੀਆਂ ਨੇ ਸ਼ੁਰੂ ਵਿਚ ਇਕਰਾਰਨਾਮੇ ਦੀਆਂ ਸ਼ਰਤਾਂ ਦੀ ਪਾਲਣਾ ਕੀਤੀ ਅਤੇ ਉਸ ਨੂੰ ਬਣਦੀ ਅਦਾਇਗੀ ਕਰਦੇ ਰਹੇ ਪਰ 20 ਫਰਵਰੀ 2007 ਨੂੰ ਹਰਮਿੰਦਰ ਖਹਿਰਾ ਅਤੇ ਸ਼ਿਵਰਾਜ ਖਹਿਰਾ ਨੇ ਵਿਸਕਾਨਸਿਨ ਵਿਚ 'ਸ਼ਿਵਰਾਜ ਇੰਕ' ਨਾਂ ਦੀ ਇਕ ਨਵੀਂ ਕੰਪਨੀ ਬਣਾ ਲਈ ਅਤੇ 'ਬਾਬਾ ਜੀ ਇੰਕ' ਦਾ ਸਾਰਾ ਬਿਜਨਸ ਇਸ ਨਵੀਂ ਕੰਪਨੀ ਦੇ ਨਾਂ ਤਬਦੀਲ ਕਰ ਦਿੱਤਾ। ਹੁਣ ਪ੍ਰਤੀਵਾਦੀ 'ਸ਼ਿਵਰਾਜ ਇੰਕ' ਵਿਚ ਇਕੱਲੇ ਹਿੱਸੇਦਾਰ ਹਨ। ਮੁੱਦਈ ਦਾ ਦੋਸ਼ ਹੈ ਕਿ ਮਾਰਚ 2007 ਵਿਚ ਨਵੀਂ ਕੰਪਨੀ ਦੇ ਨਾਂ ਬਿਜਨਸ ਦਾ ਤਬਾਦਲਾ ਕਰਨ ਉਪਰੰਤ ਪ੍ਰਤੀਵਾਦੀਆਂ ਨੇ ਹਿੱਸੇਦਾਰੀ ਮੁਤਾਬਕ ਹਿੱਸਾ ਦੇਣ ਤੋਂ ਇਨਕਾਰ ਕਰ ਦਿੱਤਾ।

ਬਾਬਾ ਦਲਜੀਤ ਸਿੰਘ ਦਾ ਕਹਿਣਾ ਹੈ ਕਿ ਉਸ ਨੇ ਹਿੱਸੇਦਾਰੀ ਲਈ ਜਦੋਂ ਲਿਖਤੀ ਕਾਰਵਾਈ ਕਰਨ ਦੀ ਮੰਗ ਕੀਤੀ ਤਾਂ ਖਹਿਰਾ ਜੋੜਾ ਟਾਲ-ਮਟੋਲ ਕਰਦਾ ਰਿਹਾ। ਅਖੀਰ ਉਨ੍ਹਾਂ ਭਾਈਚਾਰੇ ਦੇ ਜ਼ਿੰਮੇਵਾਰ ਵਿਅਕਤੀਆਂ ਨਾਲ ਇਸ ਮਾਮਲੇ ਬਾਰੇ ਗੱਲਬਾਤ ਕੀਤੀ ਪਰ ਕੋਈ ਨਤੀਜਾ ਨਾ ਨਿਕਲਿਆ ਜਿਸ ਉਪਰੰਤ ਉਨ੍ਹਾਂ 24 ਦਸੰਬਰ 2010 ਨੂੰ ਮਕੈਨਰੀ ਕਾਊਂਟੀ ਵਿਚ ਖਹਿਰਾ ਜੋੜੇ ਵਿਰੁਧ ਆਪਣੇ ਹਿੱਸੇਦਾਰ ਨਾਲ ਧੋਖਾ ਕਰਨ, ਰਕਮ ਵਾਪਸ ਨਾ ਕਰਨ, ਅਣਉਚਿਤ ਢੰਗ ਨਾਲ ਬਿਜਨਸ ਦੀ ਮਾਲਕੀ ਤਬਦੀਲ ਕਰਨ ਅਤੇ ਲਾਭਖਾਤੇ ਵਿਚੋਂ ਕੋਈ ਹਿਸਾਬ-ਕਿਤਾਬ ਨਾ ਦੇਣ ਦੇ ਦੋਸ਼ ਲਾਉਂਦਿਆਂ ਕੇਸ ਕਰ ਦਿਤਾ।

ਲੇਕ ਕਾਊਂਟੀ ਦੀ 19ਵੀਂ ਜੁਡੀਸ਼ੀਅਲ ਸਰਕਟ ਕੋਰਟ ਵਿਚ ਦਰਜ ਕਰਵਾਏ ਗਏ ਇਕ ਹੋਰ ਮੁਕੱਦਮੇ (ਨੰਬਰ 10 ਸੀ ਐਚ 5715) ਰਾਹੀਂ ਬਾਬਾ ਦਲਜੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਜੁਲਾਈ 2002 ਵਿਚ ਹਰਮਿੰਦਰ ਖਹਿਰਾ ਅਤੇ ਉਸ ਦੀ ਪਤਨੀ ਸ਼ਿਵਰਾਜ ਖਹਿਰਾ ਨੇ ਵੋਕਾਂਡਾ ਸ਼ਹਿਰ ਵਿਚ ਇਕ ਮਕਾਨ (335 ਓਲਡ ਕੰਟਰੀ ਵੇਅ, ਵੋਕਾਂਡਾ) ਦੀ ਖਰੀਦਦਾਰੀ ਸਮੇਂ ਤੀਜੇ ਹਿੱਸੇ ਦੀ ਹਿੱਸੇਦਾਰੀ ਦਾ ਭਰੋਸਾ ਦੇ ਕੇ ਰਕਮ ਦੀ ਮੰਗ ਕੀਤੀ ਅਤੇ ਉਨ੍ਹਾਂ ਨੇ 20 ਹਜ਼ਾਰ ਡਾਲਰ ਜੁਲਾਈ 2002 ਵਿਚ ਖਹਿਰਾ ਜੋੜੇ ਨੂੰ ਇਸ ਸਬੰਧੀ ਜ਼ੁਬਾਨੀ ਕਰਾਰ ਨਾਲ ਦਿੱਤਾ। ਉਸ ਉਪਰੰਤ ਮੁੱਦਈ 100 ਤੋਂ ਲੈ ਕੇ 500 ਡਾਲਰ ਤੱਕ ਦੀਆਂ ਕਿਸ਼ਤਾਂ ਵੀ ਬਰਾਬਰ ਦਿੰਦਾ ਰਿਹਾ। ਕੇਸ ਅਨੁਸਾਰ ਮੁੱਦਈ ਨੇ ਇਸ ਜਾਇਦਾਦ ਦੀ ਮਾਲਕੀ ਵਿਚ ਆਪਣਾ ਹਿੱਸਾ ਨਾ ਵੇਚਿਆ ਹੈ, ਨਾ ਕਿਸੇ ਦੇ ਨਾਂ ਤਬਦੀਲ ਕੀਤਾ ਹੈ ਪਰ ਪ੍ਰਤੀਵਾਦੀਆਂ ਨੇ ਮੁੱਦਈ ਦੀ ਪ੍ਰਵਾਨਗੀ ਲਏ ਬਿਨਾਂ ਮਕਾਨ ਨੂੰ ਰੀਫਾਇਨਾਂਸ ਕਰਾਉਣ ਦੀ ਕੋਸ਼ਿਸ਼ ਕੀਤੀ। ਮੁੱਦਈ ਦਾ ਇਹ ਵੀ ਦੋਸ਼ ਹੈ ਕਿ ਇਸ ਮੌਕੇ ਉਸ ਪਾਸੋਂ ਕੁਝ ਕਾਗਜ਼ਾਂ ਉਤੇ ਧੋਖੇ ਨਾਲ ਦਸਤਖਤ ਕਰਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। ਬਾਬਾ ਦਲਜੀਤ ਸਿੰਘ ਨੇ ਇਸ ਮੁਕੱਦਮੇ ਰਾਹੀਂ ਸਬੰਧਤ ਜਾਇਦਾਦ ਵਿਚ ਆਪਣੀ 33% ਹਿੱਸੇਦਾਰੀ ਦੀ ਬਹਾਲੀ ਦੀ ਮੰਗ ਕੀਤੀ ਹੈ।

ਸੂਤਰਾਂ ਅਨੁਸਾਰ ਇਨ੍ਹਾਂ ਦੋਹਾਂ ਕੇਸਾਂ ਵਿਚ ਖਹਿਰਾ ਜੋੜੇ ਨੂੰ ਸੰਮਨਾਂ ਦੀ ਤਾਮੀਲ ਹੋ ਚੁਕੀ ਹੈ ਅਤੇ ਅਗਲੀ ਤਾਰੀਖ 11 ਮਾਰਚ ਪਾਈ ਗਈ ਹੈ। ਇਥੇ ਜ਼ਿਕਰਯੋਗ ਹੈ ਕਿ ਖਹਿਰਾ ਜੋੜੇ ਵਲੋਂ ਬਾਬਾ ਦਲਜੀਤ ਸਿੰਘ ਵਿਰੁਧ ਕੇਸ ਕੀਤਾ ਗਿਆ ਹੋਇਆ ਹੈ। ਕਰੀਬ ਸੰਨ 2000 ਤੋਂ 2006 ਤੱਕ ਖਹਿਰਾ ਪਰਿਵਾਰ ਬਾਬਾ ਦਲਜੀਤ ਸਿੰਘ ਦੇ ਬਹੁਤ ਕਰੀਬ ਰਿਹਾ। ਸ਼ਿਕਾਗੋ ਦੇ ਭਾਈਚਾਰਕ ਹਲਕਿਆਂ ਵਿਚ ਸਮਝਿਆ ਜਾਂਦਾ ਹੈ ਕਿ ਪੈਸੇ ਦੇ ਲੈਣ-ਦੇਣ ਦੇ ਮਾਮਲੇ ਕਾਰਨ ਹੀ ਦੋਹਾਂ ਧਿਰਾਂ ਵਿਚਾਲੇ ਅਣਬਣ ਹੋਈ ਅਤੇ ਮਾਮਲਾ ਅਦਾਲਤਾਂ ਤੱਕ ਪੁੱਜਾ।

# ਮਹਾਰਾਸ਼ਟਰ ਦੇ ਤੇਲ ਮਾਫ਼ੀਆ ਨੇ ਏ.ਡੀ.ਸੀ. ਨੂੰ ਜਿਊਂਦਾ ਸਾੜਿਆ

**ਮੁੰਬਈ:** ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ 'ਚ ਮਨਮਾੜ ਕਸਬੇ ਦੇ ਇਕ ਢਾਬੇ 'ਤੇ ਦਿਨ-ਦਿਹਾੜੇ ਤੇਲ ਮਾਫੀਆ ਨੇ ਐਡੀਸ਼ਨਲ ਜ਼ਿਲ੍ਹਾ ਕੁਲੈਕਟਰ ਨੂੰ ਜ਼ਿੰਦਾ ਸਾੜ ਦਿੱਤਾ। ਮਹਾਰਾਸ਼ਟਰ ਕਾਡਰ ਦੇ 42 ਸਾਲਾ ਏ.ਡੀ.ਸੀ. ਯਸ਼ਵੰਤ ਸੋਨਾਵਨੇ ਨਿੱਜੀ ਸਹਾਇਕ ਤੇ ਡਰਾਈਵਰ ਨਾਲ ਮਿੱਟੀ ਦੇ ਤੇਲ ਤੇ ਪੈਟਰੋਲ ਦੀ ਜ਼ਖੀਰੇਬਾਜ਼ੀ ਰੋਕਣ ਲਈ ਛਾਪੇ ਮਾਰਨ ਜਾ ਰਹੇ ਸਨ।

ਪੁਲਿਸ ਨੇ ਮੁੱਖ ਸ਼ੱਕੀ ਪੋਪਟ ਸ਼ਿੰਦੇ ਸਣੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਸੋਨਾਵਨੇ ਨੂੰ ਅੱਗ ਲਾਉਣ ਵਾਲਾ ਸ਼ਿੰਦੇ ਆਪ ਵੀ ਬੁਰੀ ਤਰ੍ਹਾਂ ਝੁਲਸ ਗਿਆ ਤੇ ਉਸ ਨੂੰ ਮਨਮਾੜ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਐਡੀਸ਼ਨਲ ਡੀ.ਜੀ.ਪੀ. (ਕਾਨੂੰਨ ਵਿਵਸਥਾ) ਕੇ.ਪੀ. ਰਘੂਵੰਸ਼ੀ ਨੇ ਘਟਨਾ ਦੇ ਵੇਰਵੇ ਦਿੰਦਿਆਂ ਕਿਹਾ ਕਿ ਸੋਨਾਵਨੇ ਨੇ ਇਕ ਵਿਅਕਤੀ ਨੂੰ ਸੜਕ ਕਿਨਾਰੇ ਖੜ੍ਹੇ ਤੇਲ ਟੈਂਕਰ 'ਚੋਂ ਤੇਲ ਕੱਢਦੇ ਦੇਖਿਆ। ਉਸ ਤੋਂ ਪੁੱਛ-ਪੜਤਾਲ ਕੀਤੀ ਗਈ ਤਾਂ ਉਹ ਵਿਅਕਤੀ ਉਥੋਂ ਦੌੜ ਗਿਆ। ਸੋਨਾਵਨੇ ਨੇ ਤੁਰੰਤ ਸਪਲਾਈ ਇੰਸਪੈਕਟਰ ਨੂੰ ਮੌਕੇ 'ਤੇ ਜਾਂਚ ਲਈ ਬੁਲਾਇਆ। ਜਦੋਂ ਏ.ਡੀ.ਸੀ. ਉਥੇ ਉਡੀਕ ਕਰ ਰਿਹਾ ਸੀ ਤਾਂ ਕੁਝ ਵਿਅਕਤੀ ਮੋਟਰਸਾਈਕਲਾਂ 'ਤੇ ਆਏ ਤੇ ਉਨ੍ਹਾਂ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਸ਼ਿੰਦੇ ਦੇ ਨਾਲ ਉਸ ਦਾ ਪੁੱਤਰ, ਭਤੀਜਾ ਤੇ ਇਕ ਹੋਰ ਵਿਅਕਤੀ ਸੀ। ਫਿਰ ਉਨ੍ਹਾਂ ਸੋਨਾਵਨੇ 'ਤੇ ਤੇਲ ਛਿੜਕ ਕੇ ਅੱਗ ਲਗਾ ਕੇ ਉਸ ਨੂੰ ਜ਼ਿੰਦਾ ਸਾੜ ਦਿੱਤਾ। ਸੋਨਾਵਨੇ ਤੇਲ ਮਾਫੀਆ 'ਤੇ ਛਾਪਾ ਮਾਰਨ ਗਿਆ ਸੀ।

# ਹੁਣ ਖੱਬੇਪੱਖੀਆਂ ਦੇ ਨਾਂ ਵੀ ਕਾਲੀ ਸੂਚੀ 'ਚ ਸ਼ਾਮਲ

**ਵੈਨਕੂਵਰ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਤੋਂ ਬਾਹਰ ਸਰਗਰਮ ਸਿੱਖ ਵੱਖਵਾਦੀਆਂ ਦੀ ਕਾਲੀ ਸੂਚੀ ਹਾਲੇ ਕਿਸੇ ਤਣ-ਪੱਤਣ ਨਹੀਂ ਲੱਗੀ ਸੀ ਕਿ ਕੈਨੇਡਾ ਵਿਚ ਰਹਿ ਰਹੇ ਗਰਮਖਿਆਲੀ ਖੱਬੇਪੱਖੀਆਂ/ਮਾਓਵਾਦੀਆਂ ਦੇ ਹਮਦਰਦਾਂ ਦੇ ਨਾਂ ਵੀ ਕਾਲੀ ਸੂਚੀ ਵਿਚ ਪਾ ਦਿੱਤੇ ਗਏ ਹਨ। ਕੈਨੇਡਾ ਵਿਚਲੇ ਭਾਰਤੀ ਅਧਿਕਾਰੀਆਂ ਵੱਲੋਂ ਇਨ੍ਹਾਂ ਗਰਮਖਿਆਲੀ ਖੱਬੇਪੱਖੀਆਂ ਨੂੰ ਭਾਰਤ ਦੇ ਵੀਜ਼ੇ ਦੇਣੋਂ ਕਥਿਤ ਤੌਰ 'ਤੇ ਨਾਂਹ ਕੀਤੀ ਜਾ ਰਹੀ ਹੈ।

ਈਸਟ ਇੰਡੀਅਨ ਡਿਫੈਂਸ ਕਮੇਟੀ (ਈ.ਆਈ.ਡੀ.ਸੀ.) ਨੇ ਦੋਸ਼ ਲਾਏ ਹਨ ਕਿ ਵੈਨਕੂਵਰ ਸਥਿਤ ਭਾਰਤੀ ਕੌਂਸਲੇਟ ਨੇ ਨਾ ਕੇਵਲ ਉਨ੍ਹਾਂ ਦੇ ਕੁਝ ਸਮਰਥਕਾਂ ਨੂੰ ਵੀਜ਼ੇ ਦੇਣੋਂ ਇਨਕਾਰ ਕਰ ਦਿੱਤਾ ਸਗੋਂ ਇਹਦੇ ਲਈ ਕੋਈ ਉਚਿਤ ਕਾਰਨ ਦੱਸਣ ਤੋਂ ਵੀ ਨਾਂਹ ਕਰ ਦਿੱਤੀ। ਇਸ ਜਥੇਬੰਦੀ ਮੁਤਾਬਕ ਪਿੱਤਰੀ ਦੇਸ਼ ਜਾਣ ਦੇ ਚਾਹਵਾਨ ਲੋਕਾਂ ਨਾਲ ਭਾਰਤੀ ਅਧਿਕਾਰੀਆਂ ਨੇ ਉਦੋਂ ਭੈੜਾ ਵਰਤਾਓ ਵੀ ਕੀਤਾ, ਜਦੋਂ ਉਹ ਵੀਜ਼ੇ ਲਈ ਅਰਜ਼ੀਆਂ ਦੇਣ ਗਏ ਸਨ।

ਯਾਦ ਰਹੇ ਕਿ ਈ.ਆਈ.ਡੀ.ਸੀ. ਦੀ ਸਰਪ੍ਰਸਤੀ ਹੇਠ ਭਾਰਤੀ ਕੌਂਸਲੇਟ ਦੇ ਬਾਹਰ 15 ਅਗਸਤ 2009 ਨੂੰ ਹੋਈ ਰੈਲੀ ਨਾਲ ਇਹ ਮੁਸ਼ਕਲ ਸ਼ੁਰੂ ਹੋਈ ਸੀ। ਇਹ ਰੈਲੀ ਭਾਰਤ ਵਿਚ ਮਾਓਵਾਦੀਆਂ ਵਿਰੁਧ ਸ਼ੁਰੂ ਕੀਤੇ ਗਏ ਅਪਰੇਸ਼ਨ ਗਰੀਨ ਹੰਟ ਵਿਰੁਧ ਕੀਤੀ ਗਈ ਸੀ। ਇਹ ਰੈਲੀ 3 ਜਥੇਬੰਦੀਆਂ ਨੇ ਰਲ ਕੇ ਕੀਤੀ ਸੀ ਜਿਸ ਵਿਚ ਤਰਕਸ਼ੀਲ ਸਭਾ ਦੇ ਮੈਂਬਰ ਵੀ ਸ਼ਾਮਲ ਹੋਏ ਸਨ। ਈ.ਆਈ.ਡੀ.ਸੀ. ਦਾ ਕਹਿਣਾ ਹੈ ਕਿ ਭਾਵੇਂ ਇਹ ਰੈਲੀ ਬੜੀ ਅਮਨਪੂਰਵਕ ਸੀ ਅਤੇ ਇਸ ਦੌਰਾਨ ਭਾਰਤ ਅਤੇ ਕੈਨੇਡਾ-ਦੋਵੇਂ ਮੁਲਕਾਂ ਦੇ ਕਾਨੂੰਨਾਂ ਦੀ ਪੂਰੀ ਪਾਲਣਾ ਕੀਤੀ ਗਈ ਸੀ, ਫਿਰ ਵੀ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਪ੍ਰਤੀਨਿਧਾਂ ਵੱਲੋਂ ਇਸ ਦੇ ਸਮਰਥਕਾਂ ਨੂੰ ਉਦੋਂ ਤੋਂ ਹੀ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਈ.ਆਈ.ਡੀ.ਸੀ. ਨੇ ਭਾਰਤ ਦੇ ਗਣਤੰਤਰ ਦਿਵਸ ਮੌਕੇ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਚ ਰੋਸ ਰੈਲੀ ਕੀਤੀ। ਇਸ ਰੈਲੀ ਵਿਚ ਡਾ. ਬਿਨਾਇਕ ਸੇਨ ਦੀ ਰਿਹਾਈ ਦਾ ਮੁੱਦਾ ਵੀ ਉਠਾਇਆ ਗਿਆ ਜਿਸ ਨੂੰ ਭਾਰਤ ਦੀ ਇਕ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ 'ਤੇ ਦੁਨੀਆਂ ਭਰ ਦੀਆਂ ਲੋਕ-ਪੱਖੀ ਜਥੇਬੰਦੀਆਂ ਉਹਦੇ ਪੱਖ ਵਿਚ ਨਿੱਤਰ ਆਈਆਂ ਹਨ। ਇਸ ਤੋਂ ਇਲਾਵਾ 30 ਜਨਵਰੀ ਨੂੰ ਵੈਨਕੂਵਰ ਪਬਲਿਕ ਲਾਇਬਰੇਰੀ ਦੇ ਬਾਹਰ ਡਾ. ਸੇਨ ਦੀ ਰਿਹਾਈ ਲਈ ਵੱਖਰੀ ਰੋਸ ਰੈਲੀ ਕੀਤੀ ਜਾਵੇਗੀ। ਲੋਕਾਂ ਵੱਲੋਂ ਵੱਖਰੇ 'ਤੌਰ 'ਤੇ "ਫਰੀ ਬਿਨਾਇਕ ਸੇਨ" ਮੁਹਿੰਮ ਵੀ ਚਲਾਈ ਜਾ ਰਹੀ ਹੈ।


ਬੇਕਰਜ਼ਫੀਲਡ ਤੇ ਰੀਨੋ 'ਚ ਬਹੁਤ ਜਲਦ

11 ਸਟੇਸ਼ਨਾਂ ਤੋਂ ਚੱਲਣ ਵਾਲਾ
San Jose, Livermore, Berkeley, Sacramento, Yuba City, Tracy, Stocton, Modesto, Fresno, Bakersfield, Reno

ਪੰਜਾਬੀ ਰੇਡੀਓ
Punjabi RADIO
ON THE AIR

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ
ਕੀਮਤ $25

ਜਿਨ੍ਹਾਂ ਕੋਲ ਪਹਿਲਾਂ ਵੀ ਚਿੱਪ ਵਾਲੇ ਰੇਡੀਓ ਹਨ, ਉਹ ਹੁਣ ਸਾਡੇ ਪ੍ਰੋਗਰਾਮ ਸੁਣ ਸਕਦੇ ਹਨ

ਪੰਜਾਬੀ ਰੇਡੀਓ ਦੇ ਪ੍ਰੋਗਰਾਮ

4.00-9.00 AM ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ, ਨਿਤਨੇਮ, ਸੁਖਮਨੀ ਸਾਹਿਬ, ਆਸਾ ਦੀ ਵਾਰ
9.00-9.15 ਪੰਜਾਬ ਤੋਂ ਖ਼ਬਰਾਂ (ਜਸਵਿੰਦਰ ਸਿੰਘ ਬਿੱਟਾ)
9.30-10.00 ਅੰਗਰੇਜ਼ੀ ਵਿਚ ਦਰਬਾਰ ਸਾਹਿਬ ਦੇ ਹੁਕਮਨਾਮੇ ਦੀ ਵਿਆਖਿਆ
10.00 ਪੰਜਾਬੀ ਖ਼ਬਰਾਂ ਪਾਕਿਸਤਾਨ (ਮਸੂਦ ਮੱਲੀ)
10.15-11.00 ਗੁਰਬਾਣੀ ਟਾਕ ਸ਼ੋਅ-ਡਾ. ਸਰਾਓ, ਡਾ. ਸੰਧੂ
11.00-1.00 ਪੰਜਾਬੀ ਗਾਣੇ
1.00-2.00 ਸੁਰ ਪੰਜਾਬ ਦੀ (ਰਾਣੀ ਕਾਹਲੋਂ ਅਤੇ ਅਲਮਾਜ਼ ਸ਼ਫ਼ੀ)
2.00-4.00 (ਪੁਰਾਣੇ ਅਤੇ ਨਵੇਂ ਗਾਣੇ)
4.00-6.00 (ਕੁਝ ਗੱਲਾਂ ਕੁਝ ਗੀਤ, ਗੁਰਜਸਪਾਲ ਸਿੰਘ ਤੇ ਰਾਜ ਕਰਨਬੀਰ ਸਿੰਘ)
6.00-6.30 ਗੁਰਦੁਆਰਾ ਸਾਹਿਬ ਐਲ ਸਬਰਾਂਟੇ
6.30-8.00 ਗੁਰਦੁਆਰਾ ਸਾਹਿਬ ਫਰਿਜ਼ਨੋ, ਨਾਨਕਸਰ ਸਾਹਿਬ
8.00-8.15 ਪੰਜਾਬੀ ਖ਼ਬਰਾਂ ਪਾਕਿਸਤਾਨ (ਮਸੂਦ ਮੱਲੀ)
8.15-9.00 ਖ਼ਬਰਨਾਮਾ
9.00-9.15 ਪੰਜਾਬੀ ਖ਼ਬਰਾਂ ਪੰਜਾਬ (ਜਸਵਿੰਦਰ ਸਿੰਘ ਬਿੱਟਾ)
9.15-10.00 ਗਾਣੇ ਜਾਂ ਟਾਕ ਸ਼ੋਅ
10.00-11.00 ਡਾ. ਜੀਤ ਅਤੇ ਹੋਰ
11.00-12.00 ਸੁਰ ਪੰਜਾਬ ਦੀ (Repeat)
12.00-2.00 AM ਕੁਝ ਗੱਲਾਂ ਕੁਝ ਗੀਤ (Repeat)
2.00-3.00AM ਗਾਣੇ
3.00-4.00 AM ਸ਼ਬਦ

ਹੋਰ ਜਾਣਕਾਰੀ ਲਈ 408.722.7698
Listen LIVE www.punjabiradiousa.com
Email: info@punjabiradiousa.com
3750 McKee Road, # B, San Jose CA 95127

# ਪ੍ਰਧਾਨ ਮੰਤਰੀ ਪੰਜਾਬ ਦੇ ਫਜ਼ੂਲ ਕਰਜ਼ਿਆਂ ਬਾਰੇ ਦਖ਼ਲ ਦੇਣ-ਕੈਪਟਨ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਫਜ਼ੂਲ ਲਏ ਜਾ ਰਹੇ ਕਰਜ਼ਿਆਂ ਦੇ ਮਾਮਲੇ ਵਿਚ ਦਖ਼ਲ ਦੇ ਕੇ ਬੈਂਕਾਂ ਨੂੰ ਕਰਜ਼ਾ ਦੇਣ ਤੋਂ ਪਹਿਲਾਂ ਜਾਂਚ ਕਰਨ ਦੇ ਆਦੇਸ਼ ਦਿੱਤੇ ਜਾਣ।

ਕੈਪਟਨ ਵੱਲੋਂ ਪ੍ਰਧਾਨ ਮੰਤਰੀ ਦੇ ਨਾਂ ਲਿਖੇ ਪੱਤਰ 'ਚ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਲੋਕ ਹਿੱਤਾਂ ਦੀ ਆੜ ਹੇਠ ਬੈਂਕਾਂ ਤੇ ਵਿੱਤੀ ਸੰਸਥਾਵਾਂ ਕੋਲੋਂ ਕਰਜ਼ੇ ਲੈ ਕੇ ਸਰਕਾਰੀ ਕਰਮਚਾਰੀਆਂ ਦੀ ਤਨਖਾਹ, ਪੈਨਸ਼ਨ ਤੇ ਪੁਰਾਣੇ ਕਰਜ਼ਿਆਂ ਦੀ ਅਦਾਇਗੀ ਉਪਰਲੇ ਵਿਆਜ਼ ਦਾ ਭੁਗਤਾਨ ਕਰਨ ਦਾ ਯਤਨ ਕਰ ਰਹੀ ਹੈ ਕਿਉਂਕਿ ਪੰਜਾਬ ਦਾ ਖ਼ਜ਼ਾਨਾ ਪਹਿਲਾਂ ਤੋਂ ਹੀ ਘਾਟੇ 'ਚ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਕੰਪਟਰੋਲਰ ਤੇ ਆਡੀਟਰ ਜਨਰਲ ਦੀਆਂ ਹਦਾਇਤਾਂ ਨੂੰ ਸਿਰੇ ਲਗਾਉਂਦਿਆਂ 13ਵੇਂ ਵਿੱਤ ਕਮਿਸ਼ਨ ਵੱਲੋਂ ਕੀਤੀਆਂ ਸਿਫਾਰਸ਼ਾਂ ਦੇ ਬਾਵਜੂਦ ਅਕਾਲੀ-ਭਾਜਪਾ ਸਰਕਾਰ ਸ਼ੱਕੀ ਪ੍ਰਾਜੈਕਟਾਂ ਦੇ ਨਾਂ ਹੇਠ ਜਨਤਕ ਸੈਕਟਰਾਂ ਤੇ ਬੈਂਕਾਂ ਕੋਲੋਂ ਕਰਜ਼ਾ ਲੈ ਰਹੀ ਹੈ। ਉਨ੍ਹਾਂ ਹੋਰ ਕਿਹਾ ਕਿ ਬਾਦਲ ਸਰਕਾਰ ਪੰਜਾਬ ਇਨਫਰਾਸਟਰੱਕਚਰ ਡਿਵੈਲਪਮੈਂਟ ਬੋਰਡ (ਪੀ.ਆਈ.ਡੀ.ਬੀ) ਵੱਲੋਂ 1500 ਕਰੋੜ ਰੁਪਏ ਦੀ ਰਾਸ਼ੀ ਦੇ ਕਈ ਅੰਸ਼ਾਂ 'ਤੇ ਜਾਰੀ ਕੀਤੇ ਐਸ.ਐਲ.ਆਰ. ਬਾਂਡਜ਼ ਵਾਸਤੇ ਜ਼ਿੰਮੇਵਾਰ ਹੈ ਤੇ ਹੁਣ ਸਰਕਾਰ ਵੈਟ 'ਤੇ 20 ਪ੍ਰਤੀਸ਼ਤ ਸਰਚਾਰਜ਼ ਰਾਹੀਂ ਐਸ.ਬੀ.ਆਈ. ਕੋਲੋਂ 1100 ਕਰੋੜ ਰੁਪਏ ਦਾ ਕਰਜ਼ਾ ਲੈਣ ਜਾ ਰਹੀ ਹੈ।



ਗੁਰਦਾਸਪੁਰ ਵਿਖੇ ਕੀਤੀ ਰੈਲੀ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਨੰਬਰ ਇਕ ਪੰਜਾਬ ਸੂਬੇ ਨੂੰ ਗਲਤ ਆਰਥਿਕ ਨੀਤੀਆਂ ਕਰਕੇ ਬਹੁਤ ਹੇਠਾਂ ਲੈ ਆਂਦਾ ਹੈ। ਉਨ੍ਹਾਂ ਕਿਹਾ ਕਿ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਵੱਡੇ ਉਦਯੋਗਿਕ ਘਰਾਣਿਆਂ ਨੂੰ ਸੂਬੇ 'ਚ ਨਿਵੇਸ਼ ਦਾ ਸੱਦਾ ਦਿੱਤਾ ਸੀ ਪਰ ਮੌਜੂਦਾ ਸਰਕਾਰ ਵੱਲੋਂ ਸੌੜੀ ਸਿਆਸਤ ਕਾਰਨ ਉਸ ਵੇਲੇ ਸ਼ੁਰੂ ਕੀਤੇ ਸਾਰੇ ਪ੍ਰਾਜੈਕਟ ਰੱਦ ਕਰਕੇ ਪੰਜਾਬ ਨੂੰ ਉਜਾੜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੀਆਂ ਗ਼ਲਤ ਆਰਥਿਕ ਨੀਤੀਆਂ ਤੇ ਵਧਦੀ ਅਬਾਦੀ ਕਾਰਨ ਕਿਸਾਨਾਂ ਕੋਲ ਜ਼ਮੀਨ ਘਟਦੀ ਜਾ ਰਹੀ ਹੈ। ਇਸ ਤਰ੍ਹਾਂ ਆਮਦਨ ਘਟਣ ਨਾਲ ਕਿਸਾਨ ਲਗਾਤਾਰ ਗਰੀਬ ਹੋ ਰਹੇ ਹਨ। ਕੈਪਟਨ ਨੇ ਅਕਾਲੀ-ਭਾਜਪਾ ਸਰਕਾਰ ਦੀ ਅਲੋਚਨਾ ਕਰਦਿਆਂ ਕਿਹਾ ਕਿ ਉਦਯੋਗ, ਖੇਤੀ ਖੇਤਰ ਤੇ ਨੌਜਵਾਨ ਵਰਗ ਦੀ ਸਿੱਖਿਆ ਲਈ ਕੁਝ ਨਹੀਂ ਕੀਤਾ ਜਾ ਰਿਹਾ ਜਿਸ ਕਾਰਨ ਉਦਯੋਗ ਲਗਾਤਾਰ ਪੰਜਾਬ 'ਚੋਂ ਬਾਹਰ ਜਾ ਰਹੇ ਹਨ ਤੇ ਖੇਤੀ ਤੋਂ ਆਮਦਨ ਘਟਦੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਬਾਦਲ ਸਰਕਾਰ ਲੁਟੇਰਿਆਂ ਦੀ ਟੀਮ ਬਣੀ ਹੈ ਜੋ ਸ਼ਰਾਬ, ਰੇਤਾ, ਕੇਬਲ ਨੈੱਟਵਰਕ ਤੇ ਟਰਾਂਸਪੋਰਟ 'ਤੇ ਕਬਜ਼ਾ ਕਰਕੇ ਜਨਤਾ ਨੂੰ ਲੁੱਟ ਰਹੇ ਹਨ

ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਕਾਂਗਰਸ ਸਰਕਾਰ ਆਉਣ 'ਤੇ ਕਾਂਗਰਸੀਆਂ ਖ਼ਿਲਾਫ਼ ਦਰਜ ਕੇਸਾਂ ਦੀ ਪੈਰਵੀ ਕੀਤੀ ਜਾਵੇਗੀ ਤੇ ਜ਼ਿੰਮੇਵਾਰ ਅਕਾਲੀਆਂ ਤੇ ਅਧਿਕਾਰੀਆਂ ਨੂੰ ਕਿਸੇ ਸੂਰਤ ਵਿਚ ਬਖਸ਼ਿਆ ਨਹੀਂ ਜਾਵੇਗਾ। ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਮੈਂਬਰ ਸ੍ਰੀ ਪ੍ਰਤਾਪ ਸਿੰਘ ਬਾਜਵਾ ਨੇ ਸੰਬੋਧਨ ਕਰਦਿਆਂ ਭਰੋਸਾ ਦਿੱਤਾ ਕਿ ਇਥੋਂ ਵੱਧ ਤੋਂ ਵੱਧ ਸੀਟਾਂ ਜਿੱਤ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੇ 45 ਸਾਲਾਂ ਤੋਂ ਪੰਜਾਬ ਦੀ ਸਿਆਸਤ 'ਤੇ ਹਮੇਸ਼ਾਂ ਮਾਲਵਾ ਹੀ ਹਾਵੀ ਰਿਹਾ ਹੈ ਜਦੋਂਕਿ ਮਾਝੇ ਅਤੇ ਦੁਆਬੇ ਦਾ ਸਰਕਾਰ ਬਣਾਉਣ ਵਿਚ ਹਮੇਸ਼ਾਂ ਵੱਡਾ ਯੋਗਦਾਨ ਹੋਣ ਦੇ ਬਾਵਜੂਦ ਵੀ ਕੋਈ ਵੀ ਵੱਡਾ ਪ੍ਰਾਜੈਕਟ ਤੇ ਸਰਕਾਰੀ ਸਹੂਲਤ ਇਸ ਇਲਾਕੇ ਦੇ ਲੋਕਾਂ ਨੂੰ ਨਹੀਂ ਮਿਲੀ।

## ਅਕਾਲੀ ਦਲ ਨੇ ਅਤਿਵਾਦ ਖ਼ਿਲਾਫ਼ ਡਟ ਕੇ ਲੜਾਈ ਲੜੀ: ਸੁਖਬੀਰ

**ਜਲੰਧਰ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਤਿਵਾਦ ਅੱਜ ਕੌਮੀ ਮੁੱਦਾ ਬਣਿਆ ਹੋਇਆ ਹੈ ਤੇ ਅਤਿਵਾਦ ਖ਼ਿਲਾਫ਼ ਦੁਨੀਆ ਦੇ ਸਾਰੇ ਦੇਸ਼ ਇਕਮੁੱਠ ਹੋ ਰਹੇ ਹਨ। ਇਥੇ ਅਤਿਵਾਦ ਪੀੜਤ ਪਰਿਵਾਰਾਂ ਦੇ ਸਮਾਗਮ ਵਿਚ ਸ਼ਿਰਕਤ ਕਰਨ ਲਈ ਆਏ ਸੁਖਬੀਰ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਹਮੇਸ਼ਾ ਅਤਿਵਾਦ ਖ਼ਿਲਾਫ਼ ਡਟ ਕੇ ਲੜਾਈ ਲੜੀ ਹੈ। ਇਸ ਲੜਾਈ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਸ਼ਹੀਦ ਹੋਏ ਤੇ 24 ਪਾਰਟੀ ਉਮੀਦਵਾਰਾਂ ਨੂੰ ਵਿਧਾਨ ਸਭਾ ਚੋਣਾਂ ਦੌਰਾਨ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਅਤਿਵਾਦ ਦਾ ਕੋਈ ਧਰਮ ਤੇ ਜਾਤ ਨਹੀਂ ਤੇ ਇਸ ਖ਼ਿਲਾਫ਼ ਲੜਾਈ ਲੜਨ ਲਈ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਪੁਲੀਸ ਫੋਰਸਾਂ ਨੂੰ ਆਧੁਨਿਕ ਹਥਿਆਰਾਂ ਨਾਲ ਹਾਈਟੈਕ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੁਲੀਸ ਫੋਰਸਾਂ ਨੂੰ ਹਾਈਟੈਕ ਕਰਨ ਲਈ ਰੱਖੇ ਗਏ 2000 ਕਰੋੜ ਰੁਪਏ ਦੇ ਬਜਟ ਦੀ ਰਾਸ਼ੀ ਬਹੁਤ ਘੱਟ ਹੈ ਤੇ ਇਸ ਨੂੰ ਹੋਰ ਵਧਾਉਣ ਦੀ ਲੋੜ ਹੈ।

ਸ੍ਰੀ ਬਾਦਲ ਨੇ ਕਿਹਾ ਕਿ ਪ੍ਰਸ਼ਾਸਨਿਕ ਸੁਧਾਰ ਛੇਤੀ ਲਾਗੂ ਕੀਤੇ ਜਾ ਰਹੇ ਤੇ ਆਉਂਦੇ 3 ਤੋਂ 6 ਮਹੀਨਿਆਂ ਦੌਰਾਨ ਇਹ ਸੁਧਾਰ ਪੂਰੀ ਤਰ੍ਹਾਂ ਲਾਗੂ ਕਰ ਦਿੱਤੇ ਜਾਣਗੇ। ਸਮਾਗਮ ਵਿਚ ਪੰਜਾਬ ਦੇ ਰਾਜਪਾਲ ਸ਼ਿਵਰਾਜ ਵੀ. ਪਾਟਿਲ ਨੇ ਵੀ ਸ਼ਿਰਕਤ ਕੀਤੀ। ਉਨ੍ਹਾਂ ਅਤਿਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਲਈ 10 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਅਤਿਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਵਾਸਤੇ 5 ਲੱਖ ਰੁਪਏ ਦੀ ਰਾਸ਼ੀ ਯਕਮੁਸ਼ਤ ਦੇਣ ਦੀ ਵਿਵਸਥਾ ਕੀਤੀ ਗਈ ਹੈ।

# ਸੁਭਾਸ਼ ਚੰਦਰ ਬੋਸ ਦੇ ਅੰਮ੍ਰਿਤਸਰ ਆਉਣ ਦਾ ਸਬੂਤ ਮਿਲਿਆ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਇਕ ਇਤਿਹਾਸਕ ਸਚਾਈ ਸਾਹਮਣਾ ਆਈ ਹੈ ਕਿ ਆਜ਼ਾਦ ਹਿੰਦ ਫੌਜ (ਆਈ.ਐਨ.ਏ.) ਦੇ ਮੁਖੀ ਨੇਤਾ ਜੀ ਸੁਭਾਸ਼ ਚੰਦਰ ਬੋਸ ਕਾਬੁਲ ਜਾਣ ਤੋਂ ਪਹਿਲਾਂ ਅੰਮ੍ਰਿਤਸਰ ਆਏ ਸਨ।ਇਹ ਖੁਲਾਸਾ ਇਸ ਬਾਰੇ ਪੁਰਾਣੀ ਫੋਟੋ ਰਾਹੀਂ ਹੋਇਆ ਹੈ ਜਿਸ ਵਿਚ ਸੁਭਾਸ਼ ਚੰਦਰ ਬੋਸ ਦੇ ਨਾਲ ਅੰਮ੍ਰਿਤਸਰ ਦੇ ਕਈ ਕ੍ਰਾਂਤੀਕਾਰੀ ਹਨ। ਇਸ ਫੋਟੋ ਵਿਚ ਬੋਸ ਦੇ ਨਾਲ ਡਾ. ਸੈਫੂਦੀਨ ਕਿਚਲੂ, ਸੋਹਨ ਸਿੰਘ ਜੋਸ਼, ਮੁਹੰਮਦ ਅਲੀ, ਸ਼ੌਕਤ ਅਲੀ, ਅਬਦੁਲ ਗਨੀ ਡਾਰ, ਸੇਠ ਰਾਧਾ ਕ੍ਰਿਸ਼ਨ, ਡਾ. ਸਤਪਾਲ ਸ਼ੇਖ ਸਾਮਦੀਨ, ਅਮੀਰ ਚੰਦ ਗੁਪਤਾ, ਲਾਲਾ ਧਰਮਪਾਲ ਸੰਗਰ, ਡਾ. ਕਰਮ ਚੰਦ ਮਹਿੰਦਰੂ, ਬੀਬੀ ਸ਼ੰਨੋ ਦੇਵੀ ਹਨ। ਲਾਲਾ ਧਰਮ ਪਾਲ ਸੰਗਰ ਤੇ ਡਾ. ਕਰਮ ਚੰਦ ਮਹਿੰਦਰੂ ਇਥੇ ਇਸਲਾਮਾਬਾਦ ਖੇਤਰ ਸਥਿਤ 'ਬਾਰਾਂ ਮਕਾਨ' ਆਬਾਦੀ ਦੇ ਰਹਿਣ ਵਾਲੇ ਸਨ। ਇਸ ਇਲਾਕੇ ਦਾ ਇਤਿਹਾਸ ਕਈ ਦੇਸ਼ ਭਗਤਾਂ ਨਾਲ ਜੁੜਿਆ ਹੋਇਆ ਹੈ।

ਲਾਲਾ ਧਰਮ ਪਾਲ ਸੰਗਰ ਦੇ ਬੇਟੇ ਚੰਦਰ ਪਾਲ ਸੰਗਰ (73 ਸਾਲ) ਨੇ ਦੱਸਿਆ ਕਿ ਉਸ ਦੇ ਪਿਤਾ ਦੱਸਦੇ ਸਨ ਕਿ ਨੇਤਾਜੀ ਅੰਮ੍ਰਿਤਸਰ ਆਏ ਸਨ ਪਰ ਇਸ ਬਾਰੇ ਉਨ੍ਹਾਂ ਕੋਲ ਕੋਈ ਸਬੂਤ ਨਹੀਂ ਸੀ ਪਰ ਤਿੰਨ ਸਾਲ ਪਹਿਲਾਂ ਜਦੋਂ ਇਹ ਫੋਟੋ ਮਿਲੀ ਤਾਂ ਸਾਬਤ ਹੋ ਗਿਆ ਕਿ ਉਹ ਇਥੇ ਆਏ ਸਨ। ਉਨ੍ਹਾਂ ਇਥੇ ਆਪਣੇ ਠਹਿਰਾਅ ਦੌਰਾਨ ਕਈ ਕ੍ਰਾਂਤੀਕਾਰੀ ਆਗੂਆਂ ਨਾਲ ਮੁਲਾਕਾਤ ਕੀਤੀ ਸੀ। ਉਹ ਇਥੋਂ ਕਸ਼ਮੀਰ ਰਸਤੇ ਕਾਬੁਲ ਰਵਾਨਾ ਹੋ ਗਏ ਤੇ ਮੁੜ ਭਾਰਤ ਨਹੀਂ ਪਰਤੇ। ਇਹ ਘਟਨਾ 1940 ਦੀ ਹੈ ਜਦੋਂ ਅੰਗਰੇਜ਼ੀ ਹਕੂਮਤ ਨੇ ਨੇਤਾਜੀ ਨੂੰ ਕਾਬੂ ਕਰਨ ਲਈ ਵਰੰਟ ਜਾਰੀ ਕੀਤੇ ਹੋਏ ਸਨ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ 11 ਵਾਰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ। ਉਸ ਵੇਲੇ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਹ ਭਾਰਤ ਵਿਚ ਰਹਿ ਕੇ ਦੇਸ਼ ਨੂੰ ਆਜ਼ਾਦ ਨਹੀਂ ਕਰਵਾ ਸਕਣਗੇ ਤੇ ਉਨ੍ਹਾਂ ਭਾਰਤ ਤੋਂ ਬਾਹਰ ਰਹਿ ਕੇ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ। ਉਹ ਜਰਮਨੀ ਜਾਣਾ ਚਾਹੁੰਦੇ ਸਨ ਤੇ ਇਸ ਲਈ ਉਨ੍ਹਾਂ ਅਫ਼ਗਾਨਿਸਤਾਨ ਰਸਤੇ ਸੋਵੀਅਤ ਯੂਨੀਅਨ ਤੋਂ ਹੁੰਦੇ ਹੋਏ ਅੱਗੇ ਜਾਣਾ ਸੀ। ਇਸੇ ਸਬੰਧ ਵਿਚ ਉਹ ਅੰਮ੍ਰਿਤਸਰ ਪੁੱਜੇ। ਉਸ ਵੇਲੇ ਉਨ੍ਹਾਂ ਦੇ ਕਲਕੱਤਾ ਸਥਿਤ ਘਰ ਉਤੇ ਅੰਗਰੇਜ਼ੀ ਪੁਲੀਸ ਵੱਲੋਂ ਨਜ਼ਰ ਰੱਖੀ ਹੋਈ ਸੀ। ਉਹ ਕਲਕੱਤੇ ਦੇ ਇਕ ਦਿਹਾਤੀ ਇਲਾਕੇ ਦੇ ਸਟੇਸ਼ਨ ਤੋਂ ਅੱਧੀ ਰਾਤ ਰੇਲ ਗੱਡੀ ਵਿਚ ਪਿਸ਼ਾਵਰ ਜਾਣ ਲਈ ਰਵਾਨਾ ਹੋਏ। ਇਸ ਦੌਰਾਨ ਉਹ ਅੰਮ੍ਰਿਤਸਰ ਰੁਕੇ। ਉਨ੍ਹਾਂ ਨੂੰ ਬੇਰੀ ਗੇਟ ਇਲਾਕੇ 'ਚ ਡਾ. ਸੈਫੂਦੀਨ ਕਿਚਲੂ ਦੇ ਘਰ ਵਿਚ ਸ਼ਰਨ ਦਿੱਤੀ ਗਈ। ਕੁਝ ਘੰਟਿਆਂ ਦੇ ਅੰਮ੍ਰਿਤਸਰ ਠਹਿਰਾਅ ਦੌਰਾਨ ਉਨ੍ਹਾਂ ਨੂੰ ਕਈ ਕ੍ਰਾਂਤੀਕਾਰੀ ਮਿਲੇ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਵਿਚਾਰ ਵਟਾਂਦਰਾ ਵੀ ਹੋਇਆ।

ਸ੍ਰੀ ਸੰਗਰ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਇਸ ਬਾਰੇ ਕਈ ਵਾਰ ਦੱਸਿਆ ਸੀ ਪਰ ਪਹਿਲਾਂ ਇਸ ਗੱਲ ਨੂੰ ਅਹਿਮੀਅਤ ਨਹੀਂ ਦਿੱਤੀ ਪਰ ਜਦੋਂ ਇਹ ਫੋਟੋ ਮਿਲੀ ਤਾਂ ਸਾਰਾ ਇਤਿਹਾਸ ਸਾਹਮਣੇ ਆ ਗਿਆ। ਲਾਲਾ ਧਰਮ ਪਾਲ ਸੰਗਰ 1958 ਵਿਚ ਮੁੰਬਈ ਚਲੇ ਗਏ ਸਨ ਤੇ ਉਨ੍ਹਾਂ ਉਥੇ ਆਪਣਾ ਕਾਰੋਬਾਰ ਸਥਾਪਿਤ ਕਰ ਲਿਆ। ਉਹ ਡਰਾਇੰਗ ਤੇ ਪ੍ਰਿੰਟਿੰਗ ਦੇ ਮਾਹਰ ਸਨ। ਉਹ ਮੁੰਬਈ ਠਹਿਰਾਅ ਦੌਰਾਨ ਅਕਸਰ ਅੰਮ੍ਰਿਤਸਰ ਆਉਂਦੇ ਸਨ। 1998 ਵਿੱਚ ਮੌਤ ਹੋਣ ਤੋਂ ਪਹਿਲਾਂ 1995 ਵਿਚ ਜਦੋਂ ਉਹ ਅੰਮ੍ਰਿਤਸਰ ਆਏ ਤਾਂ ਆਪਣੇ ਉਸ ਵੇਲੇ ਦੇ ਸਾਥੀ ਡਾ. ਕਰਮ ਚੰਦ ਮਹਿੰਦਰੂ ਨੂੰ ਮਿਲਣ ਲਈ ਗਏ ਪਰ ਸ੍ਰੀ ਮਹਿੰਦਰੂ ਉਸ ਵੇਲੇ ਪ੍ਰਲੋਕ ਸਿਧਾਰ ਚੁੱਕੇ ਸਨ।

ਸ੍ਰੀ ਸੰਗਰ ਨੇ ਸ੍ਰੀ ਮਹਿੰਦਰੂ ਦੇ ਬੇਟੇ ਮਨਮੋਹਨ ਮਹਿੰਦਰੂ ਤੋਂ ਸੁਭਾਸ਼ ਚੰਦਰ ਬੋਸ ਨਾਲ ਖਿਚਵਾਈ ਹੋਈ ਫੋਟੋ ਦੀ ਮੰਗ ਕੀਤੀ ਜਿਸ ਬਾਰੇ ਸ੍ਰੀ ਮਹਿੰਦਰੂ ਨੇ ਉਸ ਵੇਲੇ ਅਗਿਆਨਤਾ ਪ੍ਰਗਟਾਈ। ਇਸ ਸਬੰਧ ਵਿਚ ਗੱਲ ਕਰਦਿਆਂ ਸ੍ਰੀ ਮਹਿੰਦਰੂ ਨੇ ਦੱਸਿਆ ਕਿ ਇਹ ਫੋਟੋ ਤਿੰਨ ਸਾਲ ਪਹਿਲਾਂ ਉਸ ਵੇਲੇ ਮਿਲੀ ਜਦੋਂ ਘਰ ਵਿਚ ਰੰਗ ਰੋਗਨ ਕਰਵਾਇਆ ਗਿਆ। ਇਹ ਫੋਟੋ ਉਸ ਵੇਲੇ ਬਦਤਰ ਸਥਿਤੀ ਵਿਚ ਸੀ। ਫੋਟੋ ਨੂੰ ਕੰਪਿਊਟਰ ਦੀ ਮਦਦ ਨਾਲ ਠੀਕ ਕਰਵਾਇਆ ਗਿਆ। ਹੁਣ ਇਹ ਫੋਟੋ ਹੀ ਸਬੂਤ ਬਣੀ ਹੈ ਕਿ ਨੇਤਾਜੀ ਅੰਮ੍ਰਿਤਸਰ ਆਏ ਸਨ। ਨੇਤਾਜੀ ਡਾ. ਕਿਚਲੂ ਦੇ ਬੇਰੀ ਗੇਟ ਸਥਿਤ ਜਿਸ ਘਰ ਵਿਚ ਠਹਿਰੇ ਸਨ, ਉਸ ਘਰ ਦੀ ਵੀ ਫਿਲਹਾਲ ਕੋਈ ਸ਼ਨਾਖਤ ਨਹੀਂ ਹੈ।

## ਨੇਤਾਜੀ ਨੇ ਗਾਂਧੀ ਦੀ ਤੁਲਨਾ ਹਿਟਲਰ ਤੇ ਮਸੋਲਿਨੀ ਨਾਲ ਕੀਤੀ !

**ਨਵੀਂ ਦਿੱਲੀ:** ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਮਹਾਤਮਾ ਗਾਂਧੀ ਦੀ ਤੁਲਨਾ ਹਿਟਲਰ ਤੇ ਮਸੋਲਿਨੀ ਵਰਗੇ ਤਾਨਾਸ਼ਾਹਾਂ ਨਾਲ ਕੀਤੀ ਸੀ। ਇਕ ਕਿਤਾਬ ਵਿਚ ਬੋਸ ਨੇ ਲਿਖਿਆ ਕਿ ਮਹਾਤਮਾ ਗਾਂਧੀ ਨੇ ਲੋਕਾਂ ਦੀਆਂ ਭਾਵਨਾਵਾਂ ਦਾ ਠੀਕ ਉਸੇ ਤਰ੍ਹਾਂ ਫ਼ਾਇਦਾ ਉਠਾਇਆ ਜਿਵੇਂ ਜਰਮਨੀ ਵਿਚ ਹਿਟਲਰ ਤੇ ਇਟਲੀ 'ਚ ਮਸੋਲਿਨੀ ਨੇ ਕੀਤਾ ਸੀ।

ਆਕਸਫੋਰਡ ਯੂਨੀਵਰਸਿਟੀ ਪ੍ਰੈੱਸ ਤੋਂ ਪ੍ਰਕਾਸ਼ਤ ਬੋਸ ਦੀ ਕਿਤਾਬ 'ਦ ਇੰਡੀਅਨ ਸਟਰਗਲ 1920-1942' ਵਿਚ ਇਹ ਗੱਲਾਂ ਲਿਖੀਆਂ ਗਈਆਂ ਹਨ। ਭਾਵੇਂ ਬੋਸ ਦੀਆਂ ਇਨ੍ਹਾਂ ਗੱਲਾਂ ਦਾ ਸੰਦਰਭ ਬਹੁਤਾ ਨਾਂਹ ਪੱਖੀ ਨਹੀਂ ਦੱਸਿਆ ਗਿਆ ਪਰ ਗਾਂਧੀ ਤੇ ਨਹਿਰੂ ਦੇ ਰਾਹ ਵੱਖ-ਵੱਖ ਹੋਣ ਦੀ ਗੱਲ ਇਤਿਹਾਸ ਵਿਚ ਦਰਜ ਸਚਾਈ ਹੈ। ਬੋਸ ਨੇ ਲਿਖਿਆ ਹੈ ਕਿ ਭਾਰਤ ਵਿਚ ਹਿੰਦੂਆਂ ਦੀ ਯੂਰਪ ਦੀ ਤਰਜ਼ 'ਤੇ ਗਿਰਜੇ ਵਾਂਗ ਕੋਈ ਸੰਸਥਾ ਨਹੀਂ ਹੈ ਪਰ ਭਾਰਤੀ ਲੋਕਾਂ ਨੂੰ ਹਮੇਸ਼ਾ ਤੋਂ ਅਧਿਆਤਮਕ ਸ਼ਖ਼ਸੀਅਤਾਂ ਪ੍ਰਭਾਵਿਤ ਕਰਦੀਆਂ ਰਹੀਆਂ ਹਨ ਤੇ ਲੋਕ ਉਨ੍ਹਾਂ ਨੂੰ ਮਹਾਤਮਾ, ਸਾਧੂ ਤੇ ਸੰਤਾਂ ਦੇ ਰੂਪ ਵਿਚ ਪਛਾਣਨ ਲੱਗਦੇ ਹਨ। ਮਹਾਤਮਾ ਗਾਂਧੀ ਸਿਆਸੀ ਆਗੂ ਬਣਨ ਤੋਂ ਕਾਫ਼ੀ ਪਹਿਲਾਂ ਹੀ ਇਹ ਦਰਜਾ ਹਾਸਲ ਕਰ ਚੁੱਕੇ ਸਨ। 1920 ਵਿਚ ਨਾਗਪੁਰ ਵਿਖੇ ਹੋਏ ਕਾਂਗਰਸ ਦੇ ਸੰਮੇਲਨ ਵਿਚ ਜਦੋਂ ਮੁਹੰਮਦ ਅਲੀ ਜਿਨਾਹ ਨੇ ਮਹਾਤਮਾ ਗਾਂਧੀ ਨੂੰ ਮਿਸਟਰ ਗਾਂਧੀ ਕਹਿ ਕੇ ਸੱਦਿਆਂ ਤਾਂ ਉਥੇ ਮੌਜੂਦ ਲੋਕ ਇਸ ਦੇ ਵਿਰੋਧ ਵਿਚ ਖੜ੍ਹੇ ਹੋ ਗਏ ਸਨ।

# ਪੰਜਾਬ ਨੂੰ ਪਹਾੜੀ ਰਾਜਾਂ ਵਾਂਗ ਵਿਸ਼ੇਸ਼ ਦਰਜਾ ਦੇਣ ਦੀ ਪੈਰਵੀ

**ਚੰਡੀਗੜ੍ਹ:** ਪੰਜਾਬ ਦੀ ਵਿੱਤ ਮੰਤਰੀ ਡਾ.ਉਪਿੰਦਰਜੀਤ ਕੌਰ ਨੇ ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਰਾਜ ਨੂੰ ਵੀ ਪਹਾੜੀ ਰਾਜਾਂ ਵਾਂਗ ਵਿਸ਼ੇਸ਼ ਦਰਜਾ ਦੇਣ ਤੇ ਕੇਂਦਰੀ ਕਰਾਂ ਵਿਚੋਂ 50 ਫ਼ੀਸਦੀ ਹਿੱਸਾ ਦੇਣ ਦੀ ਵਕਾਲਤ ਕੀਤੀ ਹੈ। ਉਨ੍ਹਾਂ ਨਵੀਂ ਦਿੱਲੀ ਵਿਖੇ ਬਜਟ ਦੀਆਂ ਤਿਆਰੀਆਂ ਬਾਰੇ ਸੱਦੀ ਵਿੱਤ ਮੰਤਰੀਆਂ ਦੀ ਕਾਨਫਰੰਸ ਦੌਰਾਨ ਪੰਜਾਬ ਵੱਲੋਂ ਇਹ ਪੱਖ ਰੱਖਦਿਆਂ ਕਿਹਾ ਕਿ ਸੂਬੇ 'ਚ ਇਕ ਦਹਾਕਾ ਬਦਅਮਨੀ ਦਾ ਮਾਹੌਲ ਰਿਹਾ। ਇਸ ਕਾਰਨ ਉਸ ਵੇਲੇ ਪੰਜਾਬ ਨੂੰ ਵਿਸ਼ੇਸ਼ ਮਿਆਦੀ ਕਰਜ਼ੇ ਚੁੱਕਣੇ ਪਏ ਤੇ ਇਨ੍ਹਾਂ ਕਰਜ਼ਿਆਂ ਦਾ ਕਾਫ਼ੀ ਹਿੱਸਾ ਵਿਆਜ ਦੇ ਰੂਪ ਵਿਚ ਚੁਕਾਉਣਾ ਪਿਆ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਤੇ ਇਸ ਦੌਰ ਤੋਂ ਬਾਅਦ ਜਿਹੜੇ ਵੀ ਰਾਜਾਂ 'ਚ ਅਤਿਵਾਦ ਜਾਂ ਹੋਰ ਵੱਖਵਾਦੀ ਲਹਿਰਾਂ ਪੈਦਾ ਹੋਈਆਂ, ਉਨ੍ਹਾਂ ਉਤੇ ਕਾਬੂ ਪਾਉਣ ਸਮੇਂ ਕੇਂਦਰ ਵਲੋਂ ਰਾਜਾਂ ਨੂੰ ਸਿੱਧੀ ਮਾਲੀ ਮਦਦ ਦਿੱਤੀ ਗਈ ਪਰ ਪੰਜਾਬ ਨੂੰ ਅਜਿਹੀ ਮਦਦ ਨਾ ਮਿਲਣ ਕਾਰਨ ਇਹ ਲੜਾਈ ਕਰਜ਼ਾ ਚੁੱਕ ਕੇ ਲੜਨੀ ਪਈ। ਇਸ ਦੀ ਬਦੌਲਤ ਖਜ਼ਾਨੇ ਉਤੇ ਮਾੜਾ ਅਸਰ ਪਿਆ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਕਰਜ਼ੇ ਨੂੰ ਬਿਲਕੁਲ ਮੁਆਫ਼ ਕਰੇ ਜਾਂ ਫਿਰ ਇਸ ਦਾ ਵਿਆਜ ਘਟਾ ਕੇ ਇਸ ਨੂੰ ਮੋੜਨ ਦੀ ਮਿਆਦ ਵਿਚ ਵਾਧਾ ਕੀਤਾ ਜਾਵੇ। ਵਿੱਤ ਮੰਤਰੀ ਨੇ ਕਿਹਾ ਕਿ ਰਾਜ ਸਰਕਾਰਾਂ ਆਮ ਲੋਕਾਂ ਦੇ ਜ਼ਿਆਦਾ ਨੇੜੇ ਹੋਣ ਕਾਰਨ ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਸਭ ਤੋਂ ਵੱਡਾ ਖਰਚਾ ਝਲਦੀਆਂ ਹਨ, ਇਸ ਲਈ ਰਾਜਾਂ ਤੋਂ ਹੁੰਦੀ ਕੇਂਦਰੀ ਕਰਾਂ ਦੀ ਉਗਰਾਹੀ ਵਿਚੋਂ ਅੱਧਾ ਹਿੱਸਾ ਰਾਜਾਂ ਨੂੰ ਜਨਤਕ ਭਲਾਈ ਹਿਤ ਵਰਤਣ ਲਈ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੰਗ ਬਾਰੇ ਬਹੁਤੇ ਰਾਜਾਂ ਨੇ 13ਵੇਂ ਵਿੱਤ ਕਮਿਸ਼ਨ ਨੂੰ ਸਾਂਝਾ ਯਾਦ-ਪੱਤਰ ਵੀ ਦਿੱਤਾ ਸੀ



ਪਰ ਇਹ ਮੰਗ ਪੂਰੀ ਕਰਨ ਦੀ ਥਾਂ ਕਮਿਸ਼ਨ ਨੇ ਕੇਂਦਰ ਵੱਲੋਂ ਰਾਜਾਂ ਨੂੰ ਦਿੱਤੇ ਜਾ ਰਹੇ 29.5 ਫ਼ੀਸਦੀ ਹਿੱਸੇ ਨੂੰ ਸਿਰਫ਼ 2.5 ਫ਼ੀਸਦੀ ਵਧਾਉਂਦਿਆਂ 32 ਫ਼ੀਸਦੀ ਕੀਤਾ ਹੈ। ਵਿੱਤ ਕਮਿਸ਼ਨ ਵੱਲੋਂ ਰਾਜਾਂ ਨਾਲ ਇਹ ਘੋਰ ਬੇਇਨਸਾਫ਼ੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਵਿੱਤ ਕਮਿਸ਼ਨ ਵੱਲੋਂ ਤਰੱਕੀ-ਯਾਫ਼ਤਾ ਰਾਜਾਂ ਨੂੰ ਅਣਗੌਲਿਆਂ ਕਰ ਕੇ ਪਛੜੇ ਸੂਬਿਆਂ ਵੱਲ ਵੱਧ ਤਵੱਜੋਂ ਦਿੱਤੀ ਜਾ ਰਹੀ ਹੈ ਤੇ ਹੋਰਾਂ ਸੂਬਿਆਂ ਦੇ ਮੁਕਾਬਲੇ ਪੰਜਾਬ ਨੂੰ ਕੇਂਦਰੀ ਕਰਾਂ ਵਿਚੋਂ ਬਣਦਾ ਹਿੱਸਾ ਦੇਣ ਮੌਕੇ ਸਪੱਸ਼ਟ ਨਾਂਹ ਕਰ ਦਿੱਤੀ ਜਾਂਦੀ ਹੈ।

ਡਾ. ਉਪਿੰਦਰਜੀਤ ਕੌਰ ਨੇ ਕਿਹਾ ਕਿ 5ਵੇਂ ਵਿੱਤ ਕਮਿਸ਼ਨ (1970-75) ਨੇ ਪੰਜਾਬ ਲਈ 2.450 ਫ਼ੀਸਦੀ ਹਿੱਸੇ ਦੀ ਸਿਫ਼ਾਰਸ਼ ਕੀਤੀ ਸੀ ਪਰ ਉਸ ਤੋਂ ਬਾਅਦ ਦੇ ਵਿੱਤ ਕਮਿਸ਼ਨ ਪੰਜਾਬ ਦੇ ਇਸ ਹਿੱਸੇ ਨੂੰ ਖੋਰਾ ਲਾਉਂਦੇ ਰਹੇ ਤੇ 12ਵੇਂ ਵਿੱਤ ਕਮਿਸ਼ਨ (2005-10) ਨੇ ਇਸ ਹਿੱਸੇ ਨੂੰ ਹੋਰ ਘਟਾ ਕੇ 1.299 ਫ਼ੀਸਦੀ 'ਤੇ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਜਦ ਕੇਂਦਰ ਸਰਕਾਰ ਕੇਂਦਰੀ ਕਰਾਂ ਦਾ 70 ਫ਼ੀਸਦੀ ਹਿੱਸਾ ਆਪਣੇ ਕੋਲ ਰੱਖ ਰਹੀ ਹੈ ਤਾਂ ਬਦਲੇ ਵਿਚ ਪੰਜਾਬ ਨੂੰ ਬਹੁਤ ਨਿਗੂਣਾ ਹਿੱਸਾ 1.3 ਫ਼ੀਸਦੀ ਹੀ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 13ਵੇਂ ਵਿੱਤ ਕਮਿਸ਼ਨ ਨੇ ਤਨਖਾਹ ਕਮਿਸ਼ਨ ਅਨੁਸਾਰ ਬਕਾਏ ਤੇ ਭੱਤੇ ਦੇਣ ਲਈ ਕੋਈ ਗਰਾਂਟ ਦੀ ਸਿਫ਼ਾਰਸ਼ ਨਹੀਂ ਕੀਤੀ, ਇਸ ਲਈ ਕੇਂਦਰ ਸਰਕਾਰ ਅਗਲੇ ਵਿੱਤੀ ਸਾਲ 2011-12 ਲਈ ਪੰਜਾਬ ਰਾਜ ਨੂੰ ਇਸ ਵਿੱਤੀ ਬੋਝ ਵਿਚੋਂ ਘੱਟੋ-ਘੱਟ ਅੱਧਾ ਹਿੱਸਾ ਭਾਵ 3600 ਕਰੋੜ ਰੁਪਏ ਦੀ ਗ਼ੈਰ ਯੋਜਨਾ ਗਰਾਂਟ ਦੇਵੇ। ਇਸ ਤੋਂ ਇਲਾਵਾ ਅਗਲੇ ਵਿੱਤੀ ਸਾਲ ਲਈ ਸਲਾਨਾ ਯੋਜਨਾ ਵਿਚ ਘੱਟੋ-ਘੱਟ 30 ਫ਼ੀਸਦੀ ਦਾ ਵਾਧਾ ਕਰੇ।

## ਖਲੀ ਦੇ ਗਾਰਡਾਂ ਵੱਲੋਂ ਕੀਤੀ ਫਾਇਰਿੰਗ 'ਚ ਦੋ ਜ਼ਖ਼ਮੀ

**ਲੁਧਿਆਣਾ:** ਵਿਸ਼ਵ ਪ੍ਰਸਿੱਧ ਰੈਸਲਰ ਖਲੀ ਦੇ ਗਾਰਡਾਂ ਵੱਲੋਂ ਚਲਾਈ ਗੋਲੀ 'ਚ ਦੋ ਵਿਅਕਤੀ ਜ਼ਖ਼ਮੀ ਹੋ ਗਏ ਹਨ।

ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਖਲੀ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਤਪਾਲ ਗੁਸਾਈਂ ਦੇ ਘਰੋਂ ਪਰਤ ਰਹੇ ਸਨ ਪਰ ਜਦੋਂ ਖਲੀ ਦੇ ਆਉਣ ਦੀ ਖ਼ਬਰ ਉਨ੍ਹਾਂ ਦੇ ਪ੍ਰਸ਼ੰਸਕਾਂ ਨੂੰ ਲੱਗੀ ਤਾਂ ਉਹ ਵੱਡੀ ਗਿਣਤੀ 'ਚ ਇਕੱਤਰ ਹੋਣੇ ਸ਼ੁਰੂ ਹੋ ਗਏ। ਕਿਦਵਈ ਨਗਰ ਵਿਚਲੇ ਗੋਸਾਈਂ ਦੇ ਘਰ ਲੋਕਾਂ ਦੀ ਕਾਫੀ ਭੀੜ ਜੁੜ ਗਈ। ਪ੍ਰਸ਼ੰਸਕ ਖਲੀ ਨੂੰ ਵੇਖਣਾ ਚਾਹੁੰਦੇ ਸਨ ਪਰ ਉਨ੍ਹਾਂ ਦੀ ਇਹ ਇੱਛਾ ਪੂਰੀ ਨਾ ਹੋਈ। ਨਿਰਾਸ਼ ਹੋ ਕੇ ਲੋਕੀਂ ਖਲੀ ਨੂੰ ਬੁਰਾ-ਭਲਾ ਕਹਿਣ ਲੱਗ ਪਏ ਤੇ ਕਿਸੇ ਨੇ ਖਲੀ ਦੀ ਕਾਰ 'ਤੇ ਪੱਥਰ ਮਾਰ ਦਿੱਤਾ। ਗੁੱਸੇ 'ਚ ਆਏ ਗਾਰਡਾਂ ਨੇ ਗੋਲੀ ਚਲਾ ਦਿੱਤੀ। ਗੋਲੀ ਲੱਗਣ ਨਾਲ ਦੋ ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਸੀ.ਐਮ.ਸੀ. ਹਸਪਤਾਲ ਦਾਖ਼ਲ ਕਰਵਾਇਆ ਗਿਆ।

# ਪੰਜਾਬ ਵਿਚ ਨਸ਼ਿਆਂ ਦੀਆਂ ਲਪਟਾਂ ਹੋਰ ਉਚੀਆਂ ਉਠੀਆਂ

**ਬਲਜਿੰਦਰ ਕੋਟਭਾਰਾ***

**ਬਠਿੰਡਾ:** ਹੁਣ ਪੰਜਾਬ ਵਿਚ ਪੰਜਾਬੀਆਂ ਦੀਆਂ ਤਰੱਕੀਆਂ, ਪ੍ਰਾਪਤੀਆਂ ਦੇ ਮਾਣ ਦੀਆਂ ਹਾਂ-ਪੱਖੀ ਖ਼ਬਰਾਂ ਘੱਟ ਪੜ੍ਹਨ ਨੂੰ ਮਿਲਣਦੀਆਂ ਹਨ, ਹੁਣ ਖ਼ਬਰਾਂ ਆਉਂਦੀਆਂ ਨੇ ਕਿ ਸੂਬਾ ਹਕੂਮਤ ਨੇ ਪੰਜਾਬ ਵਿਚ ਠੇਕਿਆਂ ਦੀ ਨਿਲਾਮੀ ਦੀ ਤਾਰੀਕ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਨ 23 ਮਾਰਚ ਦੀ ਰੱਖੀ, ਹੁਣ ਖ਼ਬਰਾਂ ਆਉਂਦੀਆਂ ਨੇ ਕਿ ਨਸ਼ਾ ਨਾ ਮਿਲਣ 'ਤੇ ਨੌਜਵਾਨ ਨੇ ਆਪਣੇ ਮਾਤਾ-ਪਿਤਾ ਦਾ ਬੇਰਿਹਮੀ ਨਾਲ ਕਤਲ ਕਰ ਦਿੱਤਾ, ਸ਼ਰਾਬ ਪੀਣ ਤੋਂ ਰੋਕਣ 'ਤੇ ਨੌਜਵਾਨ ਨੇ ਆਪਣੀ ਪਤਨੀ ਅਤੇ ਧੀ ਨੂੰ ਵੱਢਿਆ, ਨਸ਼ੇ ਦੀ ਲਤ ਪੂਰੀ ਨਾ ਹੋਣ 'ਤੇ ਨੌਜਵਾਨ ਨੇ ਫਾਹਾ ਲਿਆ।

ਅੰਕੜੇ ਦੱਸਦੇ ਹਨ ਕਿ ਪੰਜਾਬੀ ਹੁਣ ਲੱਸੀ ਦੇ ਨਹੀਂ ਸ਼ਰਾਬ ਦੇ ਪਿਆਕੜ ਹਨ, ਹਾਂ ਰਾਤ ਨੂੰ ਲੋੜੋਂ ਵੱਧ ਪੀਣ 'ਤੇ ਸਵੇਰੇ ਪੇਟ 'ਚ ਜਲਣ ਹੋਣ 'ਤੇ ਲੱਸੀ ਜਰੂਰ ਲੱਭਦੇ ਹਨ, ਸੂਬਾ ਹਕੂਮਤ ਦੀ ਸ਼ਰਾਬ ਦੇ ਠੇਕਿਆਂ ਤੋਂ ਨਿਲਾਮੀ ਰਾਹੀਂ ਆਈ ਆਮਦਨ ਹਰ ਸਾਲ ਵੱਧਦੀ ਜਾਂਦੀ ਹੈ। ਮੁੱਖ ਮੰਤਰੀ ਸ੍ਰੀ ਬਾਦਲ ਖ਼ੁਦ ਬੜੇ ਮਾਣ ਨਾਲ ਦੱਸਦੇ ਹਨ ਕਿ ਆਬਕਾਰੀ ਨੀਤੀ 2010-11 ਤਹਿਤ ਸ਼ਰਾਬ ਦੇ ਠੇਕੇ ਲੈਣ ਲਈ ਆਈਆਂ ਅਰਜ਼ੀਆਂ ਤੋਂ ਆਮਦਨ ਪਿਛਲੇ ਸਾਲ ਦੇ 120 ਕਰੋੜ ਦੇ ਮੁਕਾਬਲੇ 150 ਕਰੋੜ 20 ਲੱਖ ਰੁਪਏ ਹੋਈ ਹੈ। ਮੁੱਖ ਮੰਤਰੀ ਪੂਰੇ ਮਾਣ ਨਾਲ ਇਹ ਵੀ ਕਹਿੰਦੇ ਹਨ ਕਿ ਵਿਭਾਗ ਨੇ 5 ਸੌ ਕਰੋੜ ਰੁਪਏ ਦਾ ਨਿਰੋਲ ਵਾਧਾ ਆਬਕਾਰੀ ਨੀਤੀ 2010-11 ਦੌਰਾਨ ਕੀਤਾ ਹੈ ਜਿਸ ਨਾਲ ਆਬਕਾਰੀ ਤੋਂ ਆਮਦਨ 25,000 ਕਰੋੜ ਰੁਪਏ ਹੋ ਜਾਵੇਗੀ ਜੋ ਕਿ ਸੂਬੇ ਦੇ ਇਤਿਹਾਸ ਵਿਚ ਵਿਭਾਗ ਵੱਲੋਂ ਸਭ ਤੋਂ ਵੱਧ ਵਸੂਲੀ ਹੈ।

ਇੱਕਤਰ ਕੀਤੀ ਜਾਣਕਾਰੀ ਅਨੁਸਾਰ ਇੱਕਲੇ ਜਿਲ੍ਹਾ ਬਠਿੰਡਾ ਵਾਸੀ ਸੰਨ 2009-10 ਵਿਚ 64 ਕਰੋੜ 25 ਲੱਖ ਰੁਪਏ ਦੀ 47,59,259 ਲੀਟਰ ਸ਼ਰਾਬ ਪੀ ਗਏ, ਜਦੋਂ ਕਿ ਚਾਲੂ ਸਾਲ ਦੌਰਾਨ ਇਸ ਜਿਲ੍ਹੇ ਦੇ ਲੋਕ 56,36,356 ਲੀਟਰ ਸ਼ਰਾਬ ਪੀਣਗੇ, ਜਿਸ ਦੀ ਕੀਮਤ 88 ਕਰੋੜ 32 ਲੱਖ ਹੋਵੇਗੀ।

ਨਸ਼ੀਲੀਆਂ ਵਸਤੂਆਂ- ਨਸ਼ੇ ਵਾਲੀਆਂ ਗੋਲੀਆਂ ਅਤੇ ਕੈਪਸੂਲ ਦੀ ਵਿਕਰੀ ਪੰਜਾਬ ਵਿਚ ਬੇਤਹਾਸ਼ਾ ਵਧੀ ਹੈ। ਪੰਜਾਬ ਦੇ ਪਿੰਡਾਂ ਵਿਚ ਹੁਣ ਧੜਾ-ਧੜਾ ਦਵਾਈਆਂ ਦੀਆਂ ਦੁਕਾਨਾਂ ਖੁੱਲ ਰਹੀਆਂ ਹਨ, ਜਿਨ੍ਹਾਂ ਦੇ ਦਸਵੀਂ ਫ਼ੇਲ ਮਾਲਕ ਲੱਖਪਤੀ ਬਣ ਰਹੇ ਹਨ। ਇਨ੍ਹਾਂ ਦੁਕਾਨਾਂ 'ਤੇ ਕਿਸੇ ਡਾਕਟਰ ਦੀ ਪਰਚੀ ਵੀ ਨਹੀਂ ਆਉਂਦੀ ਕਿਉਂਕਿ ਪਿੰਡਾਂ ਵਿਚ ਅਜਿਹੇ ਟਰੇਂਡ ਡਾਕਟਰ ਨਹੀਂ ਹਨ। ਇਨ੍ਹਾਂ ਦੁਕਾਨਾਂ ਦੀ ਆਮਦਨੀ ਦਾ ਇੱਕੋ ਇਕ ਸਾਧਨ ਨਸ਼ੇ ਵੇਚਣਾ ਹੈ। ਪਿਛਲੇ ਦਿਨਾਂ ਵਿਚ ਕਈ ਪਿੰਡਾਂ ਵਿਚ ਜਾਣਾ ਪਿਆ ਤਾਂ ਗਲੀਆਂ ਵਿਚ ਅਲਪਰੈਸ ਅਤੇ ਹੋਰ ਨਸ਼ੀਲੇ ਕੈਪਸੂਲਾਂ ਦੇ ਖ਼ਾਲੀ ਪੱਤੇ ਹੀ ਪੱਤੇ ਨਜ਼ਰ ਆਏ, ਸਾਂਝੇ ਖ਼ੂਹਾਂ ਦੀਆਂ ਖਾਲੀ ਡੱਗੀਆਂ ਟੀਕਿਆਂ-ਸਰਿੰਜਾਂ ਨਾਲ ਭਰੀਆਂ ਪਈਆਂ ਹਨ। ਜਿੱਥੇ ਕਦੇ ਇਨ੍ਹਾਂ ਖ਼ੂਹਾਂ 'ਤੇ ਪਾਣੀ ਭਰਨ ਵਾਲੀਆਂ ਦੀਆਂ ਰੌਣਕਾਂ ਹੋਇਆ ਕਰਦੀਆਂ ਸਨ। ਬਹੁਤ ਪਿੰਡਾਂ ਦੇ ਟੀਕੇ ਲਾਉਣ ਵਾਲੇ ਨਸੇੜੀਆਂ ਦੀਆਂ ਸਰਿੰਜਾਂ ਨੇ ਨਾੜੀਆਂ ਖ਼ਤਮ ਕਰ ਦਿੱਤੀਆਂ ਹਨ। ਇਨ੍ਹਾਂ ਟੀਕਿਆਂ ਦੇ ਖ਼ਤਰਨਾਕ ਰੁਝਾਨ ਕਾਰਨ ਅਜਿਹੇ ਕੇਸ ਵੀ ਸਾਹਮਣੇ ਆਏ ਜਦੋਂ ਵਿਆਹ ਤੋਂ ਤੀਜੇ ਦਿਨ ਹੀ ਪੇਕੇ ਘਰ ਪਰਤੀਆਂ ਮੁਟਿਆਰਾਂ ਨੇ ਉਸ "ਪਤੀ" ਨਾਲ ਰਹਿਣ ਤੋਂ ਇਨਕਾਰ ਕਰ ਦਿੱਤਾ ਤਾਂ ਕੁੜੀ ਵਾਲਿਆਂ ਕੋਲ ਦਾਜ ਦਾ ਸਾਮਾਨ ਚੁੱਕਣ ਤੋਂ ਇਲਾਵਾ ਹੋਰ ਕੋਈ ਰਾਹ ਵੀ ਬਾਕੀ ਨਹੀਂ ਬਚਿਆ ਸੀ। ਇੱਕ ਪਿੰਡ ਦੀ ਕੁੜੀ ਨੇ ਤਾਂ ਵਿਆਹ ਤੋਂ ਥੋੜੇ ਦਿਨ ਮਗਰੋਂ ਪੰਚਾਇਤ ਵਿਚ ਇਹ ਵੀ ਸਾਫ਼ ਕਹਿ ਦਿੱਤਾ ਕਿ ਜੇ ਉਸ ਨੂੰ ਕਿਸੇ ਮਰਦ ਨਾਲ ਤੋਰਿਆ ਹੁੰਦਾ ਤਾਂ ਉਹ ਰਹਿ ਪੈਂਦੀ।

ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਪਿੰਡਾਂ ਦੀ 60% ਵਸੋਂ ਵਿਚੋਂ 67% ਵਸੋਂ ਨਸ਼ਿਆਂ ਦੀ ਦਲਦਲ ਵਿਚ ਖ਼ਤਰਨਾਕ ਹੱਦ ਤੱਕ ਧੱਸ ਚੁੱਕੀ ਹੈ। ਇਨ੍ਹਾਂ ਵਿਚੋਂ ਬਹੁਗਿਣਤੀ ਨੌਜਵਾਨਾਂ ਦੀ ਹੈ। ਕੁਝ ਦਿਨ ਪਹਿਲਾਂ ਪ੍ਰਾਪਤ ਰਿਪੋਰਟਾਂ ਨੇ ਨਸ਼ਿਆਂ ਦੇ ਸੰਭਰਭ ਵਿਚ ਹੋਰ ਇੰਕਸ਼ਾਫ ਕੀਤਾ ਕਿ ਪੰਜਾਬ ਦਾ ਹਰ ਤੀਜਾ ਲੜਕਾ ਅਤੇ ਹਰ ਸੱਤਵੀਂ ਲੜਕੀ ਨਸ਼ਿਆਂ ਦੀ ਮਾਰੂ ਗ੍ਰਿਫਤ ਵਿਚ ਆ ਚੁੱਕੇ ਹਨ। ਪੰਜਾਬ ਨੂੰ ਹੈਰੋਇਨ ਦਾ ਗੜ੍ਹ ਬਣਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਬੀ ਐਸ ਐਫ ਨੇ 2009 ਵਿਚ ਇਕੱਲੀ ਫ਼ਿਰੋਜ਼ਪੁਰ ਸੀਮਾ ਤੋਂ ਹੀ 47 ਕਿਲੋ 700 ਗ੍ਰਾਮ ਹੈਰੋਇਨ ਫੜੀ ਜਿਸ ਦੀ ਕੌਮਾਂਤਰੀ ਮੰਡੀ ਵਿਚ ਕੀਮਤ 2 ਅਰਬ 36 ਕਰੋੜ ਰੁਪਏ ਤੋਂ ਵੱਧ ਬਣਦੀ ਹੈ। ਪਹਿਲੀ ਅਪਰੈਲ 2010 ਤੱਕ ਇਸ ਸੀਮਾ 'ਤੇ ਪੌਣੇ 3 ਅਰਬ ਰੁਪਏ ਦੀ ਹੈਰੋਇਨ ਫੜੀ ਗਈ। ਇਹ ਸਿਰਫ਼ ਫੜੀ ਗਈ ਹੈਰੋਇਨ ਦੇ ਅੰਕੜੇ ਹਨ ਜੋ ਫੜੀ ਨਹੀਂ ਜਾਂਦੀ ਉਹ ਵੱਖਰੀ।

ਪਿਛਲੇ ਦਿਨੀਂ ਇੱਕ ਨਾਮਵਰ ਖਿਡਾਰੀ ਨੇ ਖੁਲਾਸਾ ਕੀਤਾ ਕਿ ਖੇਡ ਟੂਰਨਾਮੈਂਟ ਇਸ ਉਦੇਸ਼ ਨਾਲ ਕਰਵਾਏ ਜਾਂਦੇ ਹਨ ਕਿ ਖਿਡਾਰੀ ਨਸ਼ਿਆਂ ਵਰਗੇ ਮਾਰੂ ਰੁਝਾਨ ਤੋਂ ਦੂਰ ਰਹਿਣ ਪਰ ਟੂਰਨਾਮੈਂਟ ਦੌਰਾਨ ਬਹੁਤੇ ਖਿਡਾਰੀ ਨਸ਼ਿਆਂ ਦੇ ਟੀਕੇ ਲਗਾਉਂਦੇ ਹਨ। ਉਸ ਨੇ ਇੱਕ ਪੇਂਡੂ ਖੇਡ ਮੇਲੇ ਤੋਂ ਬਾਅਦ ਖਾਲੀ ਸ਼ੀਸ਼ੀਆਂ ਅਤੇ ਸ਼ਰਿੰਜਾਂ ਵੀ ਵਿਖਾਈਆਂ। ਜਦੋਂ ਖਿਡਾਰੀਆਂ ਦਾ ਇਹ ਹਾਲ ਹੈ ਤਾਂ ਦੂਸਰੇ ਨੌਜਵਾਨ ਦਾ ਹਸ਼ਰ ਕਿਸੇ ਤੋਂ ਗੁੱਝਾ ਨਹੀਂ।

ਮੈਡੀਕਲ ਹਾਲ ਰਾਹੀਂ ਨਸ਼ਿਆਂ ਦੀ ਸਪਲਾਈ ਕਰਨ ਵਾਲਿਆਂ ਦੀ ਪੁਲਿਸ ਨਾਲ ਸਿੱਧੀ ਮਿਲੀਭੁਗਤ ਕਿਸੇ ਤੋਂ ਗੁੱਝੀ ਨਹੀਂ ਹੈ। ਇਨ੍ਹਾਂ ਲੋਕਾਂ ਨੇ ਪਿੰਡਾਂ ਦੇ ਸਰਪੰਚਾਂ, ਥਾਣੇਦਾਰਾਂ ਅਤੇ ਹਲਕੇ ਦੇ ਵਿਧਾਇਕਾਂ ਦੇ ਸਿਰ 'ਤੇ ਕਾਲੇ ਕਾਰਨਾਮੇ ਜਾਰੀ ਰੱਖੇ ਹੋਏ ਹਨ। ਮੌੜ ਮੰਡੀ ਦੇ ਬੋਹੜ ਵਾਲੇ ਚੌਂਕ ਵਿਚ ਇਕ ਦੁਕਾਨ ਵਿਚ ਮੋਨੂੰ ਨਾਮੀ ਇਕ ਨੌਜਵਾਨ ਪੁਲਿਸ ਨੂੰ ਚੈਲਿੰਜ ਕਰਕੇ ਨਸ਼ੇ ਵੇਚਦਾ ਰਿਹਾ। ਇੱਕ ਵਾਰ ਪੁਲਿਸ ਨੇ ਨਸ਼ੀਲੀਆਂ ਵਸਤਾਂ ਸਮੇਤ ਫ਼ੜਿਆ ਪਰ ਉਸ ਨੇ ਹੋਰ ਚੈਲਿੰਜ ਕੀਤਾ ਕਿ ਛੇਤੀ ਤੁਹਾਨੂੰ ਛੱਡਣਾ ਪਵੇਗਾ। ਉਸ ਦੀ ਗੱਲ ਸੱਚ ਹੋਈ, ਥੋੜੇ ਸਮੇਂ ਮਗਰੋਂ ਉਸ ਨੇ ਬਾਇੱਜਤ ਬਾਹਰ ਆ ਕੇ ਫਿਰ ਨਸ਼ੇ ਵੇਚਣੇ ਸ਼ੁਰੂ ਕਰ ਦਿੱਤੇ।

ਨੌਜਵਾਨਾਂ ਅਤੇ ਸਕੂਲੀ ਬੱਚਿਆਂ ਨੇ ਹੁਣ ਨਸ਼ੇ ਦੇ ਤੌਰ 'ਤੇ ਫਲਿਊਡ (ਚਿੱਟਾ ਤਰਲ ਪਦਾਰਥ ਜੋ ਗਲਤ ਅੱਖਰਾਂ 'ਤੇ ਲਾਇਆ ਜਾਂਦਾ ਹੈ) ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ, ਉਹ ਇਸ ਨੂੰ ਡੱਕਿਆਂ 'ਤੇ ਲਾ ਕੇ ਖਾਂਦੇ ਹਨ। ਬਠਿੰਡਾ ਦੇ ਨਸ਼ਾ ਛੁਡਾਊ ਹਸਪਤਾਲ ਵਿਚ 6ਵੀਂ ਕਲਾਸ ਦੇ ਇੱਕ ਬੱਚੇ ਨੇ ਸਾਡੇ ਕੋਲ ਇਸ ਦਾ ਖੁਲਾਸਾ ਕੀਤਾ। ਇਹ ਪਦਾਰਥ ਕਿਤਾਬਾਂ ਵਾਲੀਆਂ ਦੁਕਾਨਾਂ 'ਤੇ ਆਮ ਮਿਲ ਜਾਂਦਾ ਹੈ। ਇਸ ਬੱਚੇ ਨੇ ਦੱਸਿਆ ਕਿ ਉਹ ਫਲਿਊਡ ਖ਼ਰੀਦਣ ਖਾਤਰ ਛੋਟੀਆਂ ਛੋਟੀਆਂ ਚੋਰੀਆਂ ਵੀ ਕਰਦੇ ਰਹੇ।

ਨਸ਼ਿਆਂ ਦਾ ਗ੍ਰਹਿਣ ਇਸ ਹੱਦ ਤੱਕ ਚਲਾ ਗਿਆ ਕਿ ਹੋਸਟਲਾਂ ਵਿਚੋਂ ਵੀ ਪੰਜਾਬਣਾਂ ਵੱਲੋਂ ਨਸ਼ੇ ਵਰਤਣ ਦੀਆਂ ਖ਼ਬਰਾਂ ਆਉਣ ਲੱਗੀਆਂ ਹਨ। ਪਿਛਲੇ ਸਾਲ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਬੈਠੇ ਪੰਜਾਬੀ ਨੂੰ ਉਸ ਸਮੇਂ ਧੱਕਾ ਲੱਗਾ ਜਦੋਂ ਅਖ਼ਬਾਰਾਂ ਦੇ ਪਹਿਲੇ ਪੰਨਿਆਂ 'ਤੇ ਪਟਿਆਲਾ ਵਿਚ ਨਸ਼ੇ ਵਿਚ ਟੁਨ ਅਰਧ ਨੰਗੀਆਂ ਅਤੇ ਸੜਕਾਂ 'ਤੇ ਡਿੱਗੀਆਂ ਕੁੜੀਆਂ ਦੀਆਂ ਤਸਵੀਰਾਂ ਛਪੀਆਂ।

ਕਿਸੇ ਵੀ ਤਰ੍ਹਾਂ ਦੀਆਂ ਚੋਣਾਂ ਦਾ ਬਿਗਲ ਵਜਦਿਆਂ ਹੀ ਸ਼ਰਾਬ, ਭੁੱਕੀ ਅਤੇ ਅਫ਼ੀਮ ਦੀ ਰੱਜ ਕੇ ਵਰਤੋਂ ਕੀਤੀ ਜਾਂਦੀ ਹੈ। ਨੇਤਾਵਾਂ ਨੂੰ ਆਪਣੀ ਚੋਣ ਜਿੱਤਣ ਦਾ ਫ਼ਿਕਰ ਹੁੰਦਾ ਹੈ, ਨਾ ਕਿ ਲੋਕਾਂ ਦਾ। ਬਠਿੰਡਾ ਤੋਂ ਅਕਾਲੀ ਦਲ (ਬਾਦਲ) ਦੇ ਇੱਕ ਉਮੀਦਵਾਰ ਦੇ ਜਲਸੇ ਤੋਂ ਪਹਿਲਾ ਲੋਕਾਂ ਨੂੰ ਭੁੱਕੀ ਅਤੇ ਅਫ਼ੀਮ ਵੰਡਣ ਦੀਆਂ ਤਸਵੀਰਾਂ ਵੀ ਅਖ਼ਬਾਰ ਵਿਚ ਛਪ ਗਈਆਂ ਪਰ ਉਹ ਬਹੁਤ ਢੀਠਤਾਈ ਨਾਲ ਮੁਕਰ ਗਿਆ ਸੀ। ਜ਼ਾਹਰ ਹੈ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਰਾਹੀਂ ਬਰਬਾਦ ਕਰਨ ਦੀ ਸਾਜ਼ਿਸ਼ ਵਿਚ ਸਟੇਟ ਦੀ ਸਿੱਧੀ ਭਾਗੀਦਾਰੀ ਹੈ ਅਤੇ ਇਸ ਨੂੰ ਰੋਕਣ ਲਈ ਜਾਗਦੀਆਂ ਜਮੀਰਾਂ ਵਾਲਿਆਂ ਨੂੰ ਸਾਹਮਣੇ ਆਉਣਾ ਪਵੇਗਾ।

*91-97795-22211

## ਕੈਟਰੀਨਾ ਕੈਫ਼ ਤੇ ਪ੍ਰਿਯੰਕਾ ਦੇ ਘਰਾਂ 'ਤੇ ਛਾਪੇ

**ਮੁੰਬਈ:** ਆਮਦਨ ਕਰ ਵਿਭਾਗ ਦੇ ਅਧਿਕਾਰੀਆਂ ਵੱਲੋਂ ਫ਼ਿਲਮ ਅਭਿਨੇਤਰੀਆਂ ਕੈਟਰੀਨਾ ਕੈਫ਼ ਅਤੇ ਪ੍ਰਿਅੰਕਾ ਚੋਪੜਾ ਦੇ ਘਰਾਂ ਤੇ ਦਫ਼ਤਰਾਂ ਸਣੇ 12 ਥਾਂਵਾਂ 'ਤੇ ਛਾਪੇ ਮਾਰੇ ਗਏ ਹਨ। ਛਾਪੇ ਮਾਰੇ ਜਾਣ ਵਾਲੇ ਸਥਾਨਾਂ 'ਚ ਦੋਵਾਂ ਅਭਿਨੇਤਰੀਆਂ ਦੇ ਸਕੱਤਰਾਂ ਦੇ ਘਰ ਅਤੇ ਦਫ਼ਤਰ ਵੀ ਸ਼ਾਮਲ ਹਨ। ਆਮਦਨ ਕਰ ਵਿਭਾਗ ਦੇ ਸੂਤਰਾਂ ਨੇ ਦੱਸਿਆ ਹੈ ਕਿ ਇਸ ਬਾਰੇ ਪੱਕੀ ਸੂਹ ਮਿਲੀ ਸੀ ਕਿ ਦੋਵੇਂ ਅਭਿਨੇਤਰੀਆਂ ਆਪਣੀ ਆਮਦਨ ਬਾਰੇ ਸਹੀ ਵੇਰਵੇ ਨਹੀਂ ਦੇ ਰਹੀਆਂ ਜਿਸ ਦੇ ਆਧਾਰ 'ਤੇ ਇਹ ਛਾਪੇ ਮਾਰੇ ਗਏ।



*ਕੈਟਰੀਨਾ ਕੈਫ ਅਤੇ ਪ੍ਰਿਅੰਕਾ ਚੋਪੜਾ*

ਆਮਦਨ ਕਰ ਵਿਭਾਗ ਦੀਆਂ 10 ਟੀਮਾਂ ਨੇ ਮੁੰਬਈ ਵਿਖੇ ਪ੍ਰਿਅੰਕਾ ਚੋਪੜਾ ਤੇ ਕੈਟਰੀਨਾ ਕੈਫ਼ ਨਾਲ ਸਬੰਧਤ ਵੱਖ-ਵੱਖ ਟਿਕਾਣਿਆਂ 'ਤੇ ਛਾਪੇ ਮਾਰ ਕੇ ਡੂੰਘਾਈ ਨਾਲ ਪੜਤਾਲ ਕੀਤੀ। ਵਿਭਾਗ ਦੇ ਅਫ਼ਸਰਾਂ ਨੇ ਦੋਵਾਂ ਅਭਿਨੇਤਰੀਆਂ ਦੀ ਆਮਦਨ ਨਾਲ ਸਬੰਧਤ ਹਰ ਦਸਤਾਵੇਜ਼ ਦੀ ਛਾਣਬੀਣ ਕੀਤੀ ਤੇ ਕਿਹਾ ਕਿ ਲੋੜ ਪੈਣ 'ਤੇ ਪ੍ਰਿਅੰਕਾ ਅਤੇ ਕੈਟਰੀਨਾ ਨੂੰ ਪੁੱਛਗਿੱਛ ਲਈ ਸੱਦਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਪ੍ਰਿਅੰਕਾ ਅਤੇ ਕੈਟਰੀਨਾ ਦੇ ਮੈਨੇਜਰਾਂ ਨੂੰ ਵੀ ਜਾਂਚ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਆਮਦਨ ਕਰ ਵਿਭਾਗ ਨੂੰ ਪਤਾ ਲੱਗਾ ਸੀ ਕਿ ਦੋਵਾਂ ਅਭਿਨੇਤਰੀਆਂ ਨੇ ਵਿਦੇਸ਼ਾਂ ਵਿਚ ਕਈ ਸ਼ੋਅ ਕਰਨ ਵਾਸਤੇ ਵੱਡੀਆਂ ਰਕਮਾਂ ਲਈਆਂ ਪਰ ਇਸ ਬਾਰੇ ਆਮਦਨ ਵੇਰਵਿਆਂ ਵਿਚ ਕੋਈ ਜ਼ਿਕਰ ਨਹੀਂ ਕੀਤਾ।


FARMERS INSURANCE GROUP — Symbol of Superior Service

FARMERS®

181 Metro Drive, Suite 290, San Jose, CA 95110

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



*Auto *Home *Life *Business *Workers Compensation

Call for consultation

Ph: 408-771-2438

*408-580-6063, 408-687-7566*

Fax: 408-573-3829

ssingh6@farmeragent.com

Satwant Singh
Insurance Agent
License # OH11256

*ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੋ ਰੂਪ ਸਹੀ ਮੰਨਿਆ ਜਾਏਗਾ।*

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay


We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com

REALTY WORLD Millennium

Fax: 209-836-0706
www.gotracy.com

Gurbans Gill 209-815-1869

# ਸ਼੍ਰੋਮਣੀ ਕਮੇਟੀ ਵੱਲੋਂ ਮਨਪ੍ਰੀਤ ਨੂੰ ਰੈਲੀ ਲਈ ਥਾਂ ਦੇਣ ਤੋਂ ਨਾਂਹ

## ਖਾਲਸੇ ਦੀ ਜਨਮ ਭੂਮੀ ਤੋਂ 'ਜਾਗੋ ਪੰਜਾਬ ਯਾਤਰਾ' ਦਾ ਦੂਸਰਾ ਪੜਾਅ ਸ਼ੁਰੂ

**ਆਨੰਦਪੁਰ ਸਾਹਿਬ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਲੋਕਾਂ ਨੂੰ ਨਵਾਂ ਬਦਲ ਦੇਣ ਲਈ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ 23 ਜਨਵਰੀ ਨੂੰ ਖਾਲਸੇ ਦੀ ਜਨਮ ਭੂਮੀ ਆਨੰਦਪੁਰ ਸਾਹਿਬ ਤੋਂ 'ਜਾਗੋ ਪੰਜਾਬ ਯਾਤਰਾ' ਦਾ ਦੂਸਰਾ ਪੜਾਅ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਐਡਵੋਕੇਟ ਗੱਜਣ ਸਿੰਘ ਸੰਧੂ ਸਮੇਤ ਕਈਆਂ ਨੇ ਮਨਪ੍ਰੀਤ ਬਾਦਲ ਨਾਲ ਡਟਣ ਦਾ ਐਲਾਨ ਕੀਤਾ।

ਉਧਰ ਮਨਪ੍ਰੀਤ ਦੇ ਹਮਾਇਤੀਆਂ ਨੇ ਦੋਸ਼ ਲਾਇਆ ਹੈ ਕਿ ਇਸ ਰੈਲੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਂ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਗਈ। ਲੋਕਾਂ ਦੇ ਇਕੱਠ ਕਰਨ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪ੍ਰਬੰਧਕਾਂ ਤੋਂ ਮੁੱਖ ਮੈਦਾਨ ਜਾਂ ਫਿਰ ਸਰੋਵਰ ਦੇ ਨਾਲ ਵਾਲੀ ਥਾਂ ਦੀ ਮੰਗ ਕੀਤੀ ਤਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਸਾਫ ਮਨ੍ਹਾ ਕਰ ਦਿੱਤਾ ਤੇ ਕਿਹਾ ਕਿ ਨਾ ਹੀ ਕੋਈ ਅਰਜ਼ੀ ਲੈਣੀ ਹੈ ਤੇ ਨਾ ਜਗ੍ਹਾ ਹੀ ਦੇਣੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਨਿਰਾਸ਼ਾ ਪੱਲੇ ਪੈਣ ਤੋਂ ਬਾਅਦ ਜਦੋਂ ਦੋਵੇਂ ਆਗੂ ਸਥਾਨਕ ਸਿਵਲ ਪ੍ਰਸ਼ਾਸਨ ਦੇ ਅਧਿਕਾਰੀਆਂ ਕੋਲ ਪਹੁੰਚੇ ਤਾਂ ਉੱਥੇ ਵੀ ਸਰਕਾਰ ਦਾ ਪੂਰਾ ਦਬਦਬਾ ਵੇਖਣ ਨੂੰ ਮਿਲਿਆ ਕਿਉਂਕਿ ਜਦੋਂ ਇਨ੍ਹਾਂ ਨੇ ਵੀ.ਆਈ.ਪੀ. ਪਾਰਕਿੰਗ ਵਾਲੀ ਜਗ੍ਹਾ ਦੀ ਮੰਗ ਕੀਤੀ ਤਾਂ ਆਨੰਦਪੁਰ ਸਾਹਿਬ ਦੇ ਇਕ ਅਧਿਕਾਰੀ ਨੇ ਇਹ ਕਿਹਾ ਕਿ ਉੱਥੇ ਤਾਂ ਵੀ.ਆਈ.ਪੀ. ਪਾਰਕਿੰਗ ਵਿਚ ਸਮਾਗਮ ਕਰਨ ਤੋਂ ਕਿਸੇ ਨੂੰ ਮਨ੍ਹਾ ਨਹੀਂ ਕਰਦੇ ਪਰ ਇਹ ਜਗ੍ਹਾ ਮਨਪ੍ਰੀਤ ਬਾਦਲ ਦੇ ਸਮਾਗਮ ਲਈ ਨਹੀਂ ਦੇ ਸਕਦੇ। ਮਨਪ੍ਰੀਤ ਦੇ ਓ.ਐਸ.ਡੀ ਚਰਨਜੀਤ ਸਿੰਘ ਬਰਾੜ ਤੇ ਅਮਰਦੀਪ ਸਿੰਘ ਬਰਾੜ ਨੇ ਕਿਹਾ ਕਿ ਪ੍ਰਸ਼ਾਸਨ ਤੋਂ ਤਾਂ ਇਹ ਉਮੀਦ ਸੀ ਪਰ ਸ਼੍ਰੋਮਣੀ ਕਮੇਟੀ ਨੇ ਜਗ੍ਹਾ ਨਾ ਦੇ ਕੇ ਬਹੁਤ ਹੀ ਧੱਕਾ ਕੀਤਾ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਨੇ ਸ੍ਰੀ ਮੁਕਤਸਰ ਸਾਹਿਬ ਵਿਖੇ ਆਪਣੇ ਕੋਲੋਂ ਤਕਰੀਬਨ ਤੀਹ ਲੱਖ ਰੁਪਏ ਖਰਚ ਕੇ ਵਿਸ਼ੇਸ਼ ਸਟੇਜ ਤੇ ਮੈਦਾਨ ਤਿਆਰ ਕਰਵਾ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਰੈਲੀ ਲਈ ਜਗ੍ਹਾ ਮੁਹੱਈਆ ਕਰਵਾਈ ਸੀ। ਪਰ ਆਨੰਦਪੁਰ ਸਾਹਿਬ ਵਿਖੇ ਉਹ ਤਾਂ ਪੈਸੇ ਜਮ੍ਹਾਂ ਕਰਵਾਉਣ ਲਈ ਵੀ ਤਿਆਰ ਸਨ ਪਰ ਪ੍ਰਬੰਧਕਾਂ ਨੇ ਸਾਫ ਇਨਕਾਰ ਕਰ ਦਿੱਤਾ।



*ਸ. ਮਨਪ੍ਰੀਤ ਸਿੰਘ ਬਾਦਲ ਆਪਣੇ ਪ੍ਰਸ਼ੰਸਕਾਂ ਨੂੰ ਮਿਲਦੇ ਹੋਏ*

ਇਸ ਤੋਂ ਬਾਅਦ ਉਨ੍ਹਾਂ ਨੇ ਹੁਣ ਪੰਜ ਪਿਆਰਾ ਪਾਰਕ ਦੇ ਸਾਹਮਣੇ ਇਕ ਵਿਅਕਤੀ ਕੋਲੋਂ ਨਿੱਜੀ ਜਗ੍ਹਾ ਰੈਲੀ ਲਈ ਕਿਰਾਏ 'ਤੇ ਲਈ ਹੈ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਮਨਪ੍ਰੀਤ ਸਿੰਘ ਬਾਦਲ ਕਿਹਾ ਕਿ ਜਿਨ੍ਹਾਂ ਸ਼ਹੀਦਾਂ ਨੇ ਕੁਰਬਾਨੀਆਂ ਦੇ ਕੇ ਭਾਰਤ ਨੂੰ ਆਜ਼ਾਦ ਕਰਵਾਇਆ ਹੈ ਅੱਜ ਅਸੀਂ ਉਨ੍ਹਾਂ ਦੇ ਕਦਮਾਂ 'ਤੇ ਬਿਲਕੁਲ ਨਹੀਂ ਚੱਲ ਰਹੇ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੇ ਲੋਕਾਂ ਨੇ ਉਸ ਦਾ ਸਾਥ ਦਿੱਤਾ ਤਾਂ ਉਹ ਇਕ ਸਾਲ ਬਾਅਦ ਭ੍ਰਿਸ਼ਟਾਚਾਰ, ਗਰੀਬੀ ਤੇ ਬੇਰੁਜ਼ਗਾਰੀ ਨੂੰ ਖ਼ਤਮ ਕਰ ਦੇਣਗੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸੂਬੇ ਵਿਚ ਖੁਸ਼ਹਾਲੀ ਨਹੀਂ ਆਵੇਗੀ ਉਦੋਂ ਤੱਕ ਉਹ ਪਿੱਛੇ ਨਹੀਂ ਮੁੜੇਗਾ।

ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਦੀ ਵਿੱਤ ਮੰਤਰੀ ਡਾ.ਉਪਿੰਦਰਜੀਤ ਕੌਰ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਸਿਰ ਚੜ੍ਹੇ 70 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੀ ਮੁਆਫ਼ੀ ਲਈ ਬੀਤੇ ਸਮੇਂ ਤੋਂ ਰੁਕ ਚੁੱਕੀ ਗੱਲਬਾਤ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰਨ ਦੇ ਉਪਰਾਲੇ ਕਰਨ। ਉਨ੍ਹਾਂ ਕਿਹਾ ਕਿ ਇਸ ਧਰਤੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸਿੱਖਾਂ ਵਿਚ ਨਵੀਂ ਰੂਹ ਪਾਈ ਸੀ ਇਸ ਕਰਕੇ ਉਨ੍ਹਾਂ ਜਾਗੋ ਪੰਜਾਬ ਯਾਤਰਾ ਦਾ ਦੂਸਰਾ ਪੜਾਅ ਇਥੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਜਦੋਂ ਉਨ੍ਹਾਂ ਨੂੰ ਇਸ ਧਰਤੀ ਤੋਂ ਸੁਖਬੀਰ ਬਾਦਲ ਵਾਂਗ ਅੰਮ੍ਰਿਤ ਛਕਣ ਬਾਰੇ ਪੁੱਛਿਆ ਤਾਂ ਮਨਪ੍ਰੀਤ ਨੇ ਕਿਹਾ ਕਿ ਉਹ ਜਦੋਂ ਸਿਆਣਾ ਹੋ ਜਾਵੇਗਾ ਉਦੋਂ ਹੀ ਅੰਮ੍ਰਿਤ ਛਕੇਗਾ।

## ਅੰਮ੍ਰਿਤਸਰ-ਦਿੱਲੀ-ਟੋਰਾਂਟੋ ਉਡਾਣ ਫਿਰ ਸ਼ੁਰੂ

**ਅੰਮ੍ਰਿਤਸਰ:** ਏਅਰ ਇੰਡੀਆ ਵੱਲੋਂ ਅੰਮ੍ਰਿਤਸਰ-ਲੰਡਨ-ਟੋਰਾਂਟੋ ਦੀ ਬੰਦ ਹੋਈ ਉਡਾਣ ਨੂੰ ਮੁੜ ਬਹਾਲ ਕਰਨ ਦੀ ਥਾਂ ਇਕ ਨਵੀਂ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ ਜੋ ਰੋਜ਼ਾਨਾ ਅੰਮ੍ਰਿਤਸਰ ਤੋਂ ਦਿੱਲੀ ਤੇ ਟੋਰਾਂਟੋ ਲਈ ਰਵਾਨਾ ਹੋਵੇਗੀ।ਇਸ ਦੇ ਆਰੰਭ ਹੋਣ ਨਾਲ ਕੈਨੇਡਾ ਜਾਣ ਵਾਲੇ ਪੰਜਾਬੀਆਂ ਨੂੰ ਤਾਂ ਲਾਭ ਹੋਵੇਗਾ ਪਰ ਏਅਰ ਇੰਡੀਆ ਵੱਲੋਂ ਪਹਿਲਾਂ ਵਾਲੀ ਉਡਾਣ ਬਹਾਲ ਨਾ ਕੀਤੇ ਜਾਣ ਕਾਰਨ ਲੰਡਨ ਤੇ ਬਰਮਿੰਘਮ ਜਾਣ ਵਾਲੇ



ਪੰਜਾਬੀਆਂ ਤੇ ਵਪਾਰੀਆਂ ਨੂੰ ਨੁਕਸਾਨ ਹੋਵੇਗਾ।

ਏਅਰ ਇੰਡੀਆ ਵੱਲੋਂ ਪਹਿਲਾਂ ਅੰਮ੍ਰਿਤਸਰ ਤੋਂ ਲੰਡਨ ਤੇ ਟੋਰਾਂਟੋ ਜਾਣ ਵਾਲੀ ਉਡਾਣ 31 ਅਕਤੂਬਰ ਨੂੰ ਬੰਦ ਕਰ ਦਿੱਤੀ ਸੀ। ਇਸ ਸਿੱਧੀ ਉਡਾਣ ਦੇ ਬੰਦ ਹੋਣ ਨਾਲ ਖਾਸ ਕਰਕੇ ਪੰਜਾਬੀਆਂ ਨੂੰ ਵੱਡਾ ਨੁਕਸਾਨ ਹੋਇਆ ਸੀ। ਇਸ ਹਵਾਈ ਉਡਾਣ ਨੂੰ ਮੁੜ ਬਹਾਲ ਕਰਾਉਣ ਲਈ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਵੱਲੋਂ ਜੱਦੋ-ਜਹਿਦ ਕੀਤੀ ਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਕੇਂਦਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਇਸ ਉਡਾਣ ਨੂੰ ਬਹਾਲ ਕਰਨ ਦੀ ਆਗਿਆ ਦਿੱਤੀ ਗਈ ਹੈ ਤੇ ਹਵਾਈ ਕੰਪਨੀ ਵੱਲੋਂ 20 ਫਰਵਰੀ ਤੋਂ ਉਸ ਉਡਾਣ ਨੂੰ ਮੁੜ ਸ਼ੁਰੂ ਕਰ ਦਿੱਤਾ ਗਿਆ ਹੈ। ਏਅਰ ਇੰਡੀਆ ਹਵਾਈ ਕੰਪਨੀ ਦੇ ਬੁਲਾਰੇ ਅਨੁਸਾਰ ਏਅਰ ਇੰਡੀਆ ਵੱਲੋਂ ਅੰਮ੍ਰਿਤਸਰ-ਲੰਡਨ-ਟੋਰਾਂਟੋ ਦੀ ਬੰਦ ਹੋਈ ਉਡਾਣ ਨੂੰ ਮੁੜ ਬਹਾਲ ਨਹੀਂ ਕੀਤਾ ਜਾ ਰਿਹਾ ਸਗੋਂ ਇਕ ਨਵੀਂ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ ਜੋ ਰੋਜ਼ ਅੰਮ੍ਰਿਤਸਰ ਤੋਂ ਦਿੱਲੀ ਤੇ ਟੋਰਾਂਟੋ ਲਈ ਰਵਾਨਾ ਹੋਵੇਗੀ। ਇਹ ਉਡਾਣ ਰਾਤ ਸਾਢੇ ਦਸ ਵਜੇ ਅੰਮ੍ਰਿਤਸਰ ਤੋਂ ਦਿੱਲੀ ਜਾਵੇਗੀ ਤੇ ਦਿੱਲੀ ਤੋਂ ਅਗਾਂਹ ਟੋਰਾਂਟੋ ਲਈ ਰਵਾਨਾ ਹੋਵੇਗੀ। ਇਸੇ ਤਰ੍ਹਾਂ ਸ਼ਾਮ ਨੂੰ 6 ਵਜੇ ਇਹ ਉਡਾਣ ਅੰਮ੍ਰਿਤਸਰ ਪੁੱਜੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਹਵਾਈ ਕੰਪਨੀ ਵੱਲੋਂ ਇਸ ਨਵੀਂ ਉਡਾਣ ਲਈ ਬੈਠਣ ਦੀ ਘੱਟ ਸਮਰਥਾ ਵਾਲਾ ਜਹਾਜ਼ ਸ਼ੁਰੂ ਵਿਚ ਲਾਇਆ ਜਾ ਰਿਹਾ ਹੈ। ਇਸ ਜਹਾਜ਼ ਵਿਚ 238 ਯਾਤਰੀਆਂ ਦੀ ਬੈਠਣ ਲਈ ਸਮਰੱਥਾ ਹੋਵੇਗੀ। ਇਸ ਨਵੇਂ ਜਹਾਜ਼ ਵਿਚ 96 ਸੀਟਾਂ ਘੱਟ ਹੋਣਗੀਆਂ।

ਇਥੇ ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਤੋਂ ਪਹਿਲਾਂ ਜਾਂਦੀ ਉਡਾਣ ਲਗਪਗ ਪੂਰੀ ਤਰ੍ਹਾਂ ਭਰੀ ਹੁੰਦੀ ਸੀ ਤੇ ਯਾਤਰੂਆਂ ਨੂੰ ਅਗਲੀ ਉਡਾਣ ਲਈ ਉਡੀਕ ਕਰਨੀ ਪੈਂਦੀ ਸੀ।

## ਪੰਜਾਬ 'ਚ ਸੜਕ ਹਾਦਸਿਆਂ ਦੌਰਾਨ ਹਰ ਮਹੀਨੇ 311 ਮੌਤਾਂ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਭਾਵੇਂ ਬੀਤੇ ਵਰ੍ਹੇ ਦੌਰਾਨ ਵਾਹਨਾਂ ਦੇ ਚਲਾਨ ਕੱਟ ਕੇ 13.87 ਕਰੋੜ ਰੁਪਏ ਵਸੂਲੇ ਹਨ ਪਰ ਇਸ ਦੇ ਬਾਵਜੂਦ ਪੰਜਾਬ 'ਚ ਹਰ ਮਹੀਨੇ 311 ਮਨੁੱਖੀ ਜਾਨਾਂ ਸੜਕ ਹਾਦਸਿਆਂ ਦੀ ਭੇਟ ਚੜ੍ਹ ਜਾਂਦੀਆਂ ਹਨ। ਇੰਨਾ ਹੀ ਨਹੀਂ ਬੀਤੇ ਵਰ੍ਹੇ ਦੌਰਾਨ ਹਾਦਸਿਆਂ 'ਚ 13 ਫ਼ੀਸਦੀ ਵਾਧਾ ਹੋਇਆ ਹੈ। ਪੁਲਿਸ ਅਨੁਸਾਰ ਇਹ ਸਭ ਵਾਹਨਾਂ ਦੀ ਗਿਣਤੀ ਵਧਣ ਤੇ ਟ੍ਰੈਫਿਕ ਨਿਯਮਾਂ ਦੀ ਅਣਦੇਖੀ ਕਾਰਨ ਹੋ ਰਿਹਾ ਹੈ।

ਪੰਜਾਬ ਪੁਲਿਸ ਦੇ ਅੰਕੜਿਆਂ ਅਨੁਸਾਰ ਸਾਲ 2010 ਦੇ ਜਨਵਰੀ ਤੋਂ ਨਵੰਬਰ ਤਕ ਦੇ ਸਮੇਂ ਦੌਰਾਨ 6,642 ਸੜਕ ਹਾਦਸੇ ਵਾਪਰੇ ਹਨ। ਇਸ ਅਰਸੇ ਦੌਰਾਨ 3424 ਮਨੁੱਖੀ ਜਾਨਾਂ ਹਾਦਸਿਆਂ ਦੀ ਭੇਟ ਚੜ੍ਹੀਆਂ। ਇਹ ਹਾਦਸੇ ਜ਼ਿਆਦਾਤਰ ਸੜਕਾਂ 'ਤੇ ਹੀ ਵਾਪਰੇ ਹਨ ਜਿਨ੍ਹਾਂ 'ਚੋਂ 90 ਫ਼ੀਸਦੀ ਹਾਦਸੇ ਕੌਮੀ ਮਾਰਗਾਂ 'ਤੇ ਵਾਪਰੇ। ਪੰਜਾਬ ਪੁਲਿਸ ਦੇ ਅੰਕੜੇ ਦੱਸਦੇ ਹਨ ਕਿ 2009 ਵਰ੍ਹੇ ਦੇ ਮੁਕਾਬਲੇ 2010 'ਚ ਤਕਰੀਬਨ 10 ਮੌਤਾਂ ਹਰੇਕ ਮਹੀਨੇ ਵੱਧ ਹੋਈਆਂ ਹਨ। ਔਸਤਨ 10 ਮੌਤਾਂ ਦਾ ਵਾਧਾ ਦਰਸਾਉਂਦਾ ਹੈ ਕਿ ਸੜਕੀ ਨਿਯਮਾਂ ਪ੍ਰਤੀ ਚਲਾਈ ਸੜਕ ਸੁਰੱਖਿਆ ਮੁਹਿੰਮ ਬਹੁਤੀ ਕਾਰਗਰ ਸਾਬਤ ਨਹੀਂ ਹੋ ਸਕੀ।

ਇਨ੍ਹਾਂ 'ਚੋਂ ਬਹੁਤੇ ਹਾਦਸੇ ਸੰਘਣੀ ਧੁੰਦ ਤੇ ਲਾਪਰਵਾਹੀ ਨਾਲ ਕੀਤੀ ਡਰਾਈਵਿੰਗ ਕਰਕੇ ਹੋਏ ਹਨ। ਸਾਲ 2009 ਦੀ ਗੱਲ ਕਰੀਏ ਤਾਂ 6425 ਹਾਦਸਿਆਂ 'ਚ 3622 ਜਾਨਾਂ ਗਈਆਂ। ਇਨ੍ਹਾਂ ਦੇ ਮੁਕਾਬਲੇ 2010 ਦੇ ਸਿਰਫ਼ 11 ਮਹੀਨਿਆਂ 'ਚ ਹੀ 6,642 ਹਾਦਸਿਆਂ 'ਚ 3424 ਮੌਤਾਂ ਹੋਈਆਂ। ਸਾਲ 2008 'ਚ 5409 ਹਾਦਸਿਆਂ 'ਚ 3333 ਜਾਨਾਂ ਗਈਆਂ ਜਦਕਿ 2007 'ਚ 5208 ਹਾਦਸਿਆਂ 'ਚ 3336 ਜਾਨਾਂ ਗਈਆਂ। ਇਸੇ ਤਰ੍ਹਾਂ ਸਾਲ 2006 'ਚ 4737 ਹਾਦਸਿਆਂ 'ਚ 2966 ਤੇ 2005 'ਚ 4515 ਹਾਦਸਿਆਂ ਦੌਰਾਨ 2777 ਵਿਅਕਤੀ ਮੌਤ ਦੀ ਭੇਟ ਚੜ੍ਹੇ। 2010 ਦੇ ਇਨ੍ਹਾਂ 11 ਮਹੀਨਿਆਂ ਦੌਰਾਨ 5854 ਵਿਅਕਤੀ ਹਾਦਸਿਆਂ 'ਚ ਗੰਭੀਰ ਜ਼ਖ਼ਮੀ ਹੋ ਗਏ ਜਿਨ੍ਹਾਂ 'ਚ 90 ਫੀਸਦੀ ਕੰਮਕਾਜ ਤੋਂ ਹੀ ਮੁਥਾਜ ਹੋ ਗਏ। ਸਾਲ 2009 'ਚ 5674 ਵਿਅਕਤੀ, 2008 'ਚ 4868, 2007 'ਚ 4430, 2006 'ਚ 4270 ਤੇ 2005 'ਚ 4120 ਵਿਅਕਤੀ ਗੰਭੀਰ ਜ਼ਖ਼ਮੀ ਹੋਏ ਹਨ। ਪੁਲਿਸ ਸੂਤਰਾਂ ਅਨੁਸਾਰ ਪ੍ਰਾਈਵੇਟ ਬੱਸਾਂ ਤੇ ਸਵਿੱਫਟ ਕਾਰਾਂ ਸਭ ਤੋਂ ਵੱਧ ਹਾਦਸਿਆਂ ਦਾ ਸ਼ਿਕਾਰ ਹੋਈਆਂ ਹਨ। ਤੀਜਾ ਨੰਬਰ ਮੋਟਰ ਸਾਈਕਲਾਂ ਦਾ ਆਉਂਦਾ ਹੈ। ਪ੍ਰਾਈਵੇਟ ਬੱਸਾਂ ਵਾਲਿਆਂ 'ਚ ਵੱਧ ਸਵਾਰੀਆਂ ਚੜ੍ਹਾਉਣ ਦੀ ਹੋੜ ਹੁੰਦੀ ਹੈ ਜਿਸ ਕਾਰਨ ਹਰੇਕ ਅੱਡੇ ਤੋਂ ਬੱਸ ਚੜ੍ਹਾਉਣ ਲਈ ਉਹ ਬੱਸ ਨੂੰ ਤੇਜ਼ ਰਫ਼ਤਾਰ ਚਲਾਉਂਦੇ ਹਨ।



## ਭਰਾ ਦੇ ਕਾਤਲ ਨੂੰ ਉਮਰ ਕੈਦ

**ਸ੍ਰੀ ਮੁਕਤਸਰ ਸਾਹਿਬ:** ਜ਼ਿਲ੍ਹਾ ਅਤੇ ਸੈਸ਼ਨ ਜੱਜ ਜੇ.ਐਸ. ਕੁਲਾਰ ਨੇ ਭਰਾ ਦੇ ਕਤਲ ਦੇ ਮਾਮਲੇ ਵਿਚ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਪਿੰਡ ਈਨਾ ਖੇੜਾ ਦੇ ਕੇਵਲ ਸਿੰਘ ਨੂੰ ਉਸ ਦੇ ਤਾਏ ਗੁਰਬਚਨ ਸਿੰਘ ਨੇ ਗੋਦ ਲਿਆ ਹੋਇਆ ਸੀ। ਉਸ ਦੇ ਦੋ ਹੋਰ ਭਾਈ ਸੁਬੇਗ ਸਿੰਘ ਅਤੇ ਅਮਰੀਕ ਸਿੰਘ ਸਨ। ਸੁਬੇਗ ਸਿੰਘ ਜ਼ਮੀਨ ਵਾਹੁੰਦਾ ਸੀ ਅਤੇ ਅਮਰੀਕ ਸਿੰਘ ਟਰੱਕ 'ਤੇ ਲੱਗਿਆ ਸੀ। ਸੁਬੇਗ ਸਿੰਘ ਉਸ ਨੂੰ ਕੋਈ ਹਿੱਸਾ ਨਹੀਂ ਸੀ ਦਿੰਦਾ। ਇਸ ਕਰਕੇ ਉਨ੍ਹਾਂ ਦਾ ਆਪਸ ਵਿਚ ਝਗੜਾ ਰਹਿੰਦਾ ਸੀ।

ਘਟਨਾ ਵਾਲੇ ਦਿਨ 28 ਮਾਰਚ 2008 ਨੂੰ ਵੀ ਇਹ ਦੋਵੇਂ ਭਾਈ ਆਪਸ ਵਿੱਚ ਝਗੜ ਰਹੇ ਸੀ ਤੇ ਝਗੜਦੇ-ਝਗੜਦੇ ਕੇਵਲ ਸਿੰਘ ਦੇ ਘਰ ਆ ਗਏ। ਕੇਵਲ ਸਿੰਘ ਉਨ੍ਹਾਂ ਨੂੰ ਸਮਝਾਉਣ ਲੱਗਿਆ ਤਾਂ ਤੈਸ਼ ਵਿੱਚ ਆਏ ਸੁਬੇਗ ਸਿੰਘ ਨੇ ਆਪਣੇ ਹੱਥ ਵਿੱਚ ਫੜੀ ਬਰਛੀ ਕੇਵਲ ਸਿੰਘ ਦੇ ਮਾਰੀ, ਜੋ ਉਸ ਲਈ ਜਾਨਲੇਵਾ ਸਿੱਧ ਹੋਈ।

# ਪੰਜਾਬ ਦੀ ਵਿਕਾਸ ਦਰ ਨੂੰ ਲੈ ਕੇ ਸੁਖਬੀਰ ਤੇ ਕੈਪਟਨ ਆਹਮੋ-ਸਾਹਮਣੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਪੰਜਾਬ ਦੀ ਵਿਕਾਸ ਦਰ ਕੌਮੀ ਵਿਕਾਸ ਦਰ ਤੋਂ ਜ਼ਿਆਦਾ ਹੋਣ ਦੇ ਦਾਅਵਿਆਂ ਦਾ ਸਖ਼ਤ ਨੋਟਿਸ ਲੈਂਦਿਆਂ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅੰਕੜਿਆਂ ਨਾਲ ਉਸ ਦੀ ਪੋਲ ਖੋਲ੍ਹ ਦਿੱਤੀ ਹੈ। ਪਿਛਲੇ ਚਾਰ ਸਾਲ ਖ਼ਜ਼ਾਨਾ ਖਾਲੀ ਹੋਣ ਦੇ ਰੋਣੇ ਤੋਂ ਬਾਅਦ ਸੁਖਬੀਰ ਨੇ ਸੂਬੇ ਦੀ ਵਿੱਤੀ ਹਾਲਤ ਵਿਚ ਵੱਡਾ ਸੁਧਾਰ ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਪੰਜਾਬ ਦੀ ਵਿਕਾਸ ਦਰ ਵਿਚ ਰਿਕਾਰਡ ਵਾਧਾ ਹੋਇਆ ਹੈ ਜੋ ਕੌਮੀ ਵਿਕਾਸ ਦਰ ਨਾਲੋਂ ਵੀ ਵਧੇਰੇ ਹੈ। ਉਨ੍ਹਾਂ ਇਹ ਦਾਅਵਾ ਬਾਬਾ ਜੀਵਨ ਸਿੰਘ ਰੰਘਰੇਟਾ ਦੇ ਸ਼ਹੀਦੀ ਦਿਵਸ ਮੌਕੇ ਅੰਮ੍ਰਿਤਸਰ ਵਿਖੇ ਕਰਵਾਏ ਰਾਜ ਪੱਧਰੀ ਸਮਾਗਮ ਵਿਚ ਕੀਤਾ।ਇਸ ਮੌਕੇ ਸੁਖਬੀਰ ਨੇ ਕਿਹਾ ਕਿ ਕੌਮੀ ਅੰਕੜਾ ਸੰਗਠਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪੰਜਾਬ ਦੀ ਵਿਕਾਸ ਦਰ 8.8. ਫ਼ੀਸਦੀ ਹੈ ਜਦੋਂਕਿ ਕੌਮੀ ਵਿਕਾਸ ਦਰ 7.4 ਫ਼ੀਸਦੀ ਹੈ। ਸੂਬੇ ਦੀ ਇਹ ਵਿਕਾਸ ਦਰ ਕਾਂਗਰਸ ਸਰਕਾਰ ਵੇਲੇ ਦੀ ਵਿਕਾਸ ਦਰ ਨਾਲੋਂ ਦੋ ਗੁਣਾ ਵੱਧ ਹੈ।



*ਕੈਪਟਨ ਅਮਰਿੰਦਰ ਸਿੰਘ ਤੇ ਸੁਖਬੀਰ ਸਿੰਘ ਬਾਦਲ*

ਉਧਰ ਕੈਪਟਨ ਅਮਰਿੰਦਰ ਸਿੰਘ ਨੇ ਤੱਥਾਂ ਤੇ ਅੰਕੜਿਆਂ ਸਮੇਤ 8.8 ਫ਼ੀਸਦੀ ਵਿਕਾਸ ਦਰ ਦੇ ਦਾਅਵੇ ਦਾ ਖੰਡਨ ਕਰਕੇ ਸਰਕਾਰ ਕੋਲੋਂ ਜਵਾਬ ਮੰਗਿਆ ਹੈ। ਕੈਪਟਨ ਨੇ ਸਾਫ਼ ਕੀਤਾ ਕਿ ਸੂਬੇ ਦੇ ਉਪ ਮੁੱਖ ਮੰਤਰੀ ਵੱਲੋਂ ਵਿਕਾਸ ਨੂੰ ਲੈ ਕੇ ਕੀਤੇ ਜਾ ਰਹੇ ਦਾਅਵੇ ਬਾਰੇ ਅੰਕੜਿਆਂ 'ਚ ਸੈਂਟਰਲ ਸਟੇਟੀਸਕਲ ਆਰਗੇਨਾਈਜ਼ੇਸ਼ਨ ਵੱਲੋਂ ਅਧਾਰ ਵਰ੍ਹੇ ਨੂੰ 1999-2000 ਤੋਂ 2004-2005 'ਚ ਬਦਲਣ ਕਾਰਨ 2008-2009 'ਚ ਪੰਜਾਬ ਦੀ ਹਾਲਤ ਦਰਸਾਈ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਅੰਕੜਿਆਂ ਵਿਚ ਬਦਲਾਓ ਨੇ ਹਰਿਆਣਾ ਦੀ ਵਿਕਾਸ ਦਰ ਨੂੰ ਵੀ 35 ਫ਼ੀਸਦੀ ਤੋਂ ਅੱਗੇ ਪਹੁੰਚਾ ਦਿੱਤਾ ਹੈ। ਕੈਪਟਨ ਨੇ ਕਿਹਾ ਕਿ ਉਨ੍ਹਾਂ ਨੂੰ ਆਪਣਾ ਅਰਥ ਸ਼ਾਸਤਰ ਸਮਝਾਉਣ ਤੋਂ ਪਹਿਲਾਂ ਆਪਣੇ ਅੰਕੜਿਆਂ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਚਾਈ ਤਾਂ ਇਹ ਹੈ ਕਿ ਅੰਕੜਿਆਂ ਦਾ ਇਹ ਪਰਦਾ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੌਰਾਨ ਹਰ ਫ਼ਰੰਟ 'ਤੇ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਵਾਸਤੇ ਪਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ 2009-10 ਦੇ ਮੁੱਲ ਪੱਧਰ ਨੂੰ ਅਪਣਾ ਕੇ ਕੋਈ ਵੀ 19 ਫ਼ੀਸਦੀ ਤਕ ਦੀ ਵਿਕਾਸ ਦਰ 'ਤੇ ਪਹੁੰਚ ਸਕਦਾ ਹੈ ਜੋ ਨਾ ਸਿਰਫ਼ ਅਨੁਮਾਨਤ, ਬਲਕਿ ਨਕਲੀ ਵਿਕਾਸ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਵਿਕਾਸ ਦਰ, ਹਰਿਆਣਾ ਦੀ ਵਿਕਾਸ ਦਰ ਤੇ ਪੰਜਾਬ ਦੀ ਤਾਜ਼ਾ ਵਿਕਾਸ ਦਰ 'ਚ ਤੁਲਨਾ ਬੇਅਰਥ ਹੈ ਕਿਉਂਕਿ ਇਨ੍ਹਾਂ 'ਚ ਵੱਖ-ਵੱਖ ਸਾਲਾਂ ਨੂੰ ਅਪਣਾਇਆ ਗਿਆ ਹੈ ਜਿਸ ਵਿਚ ਭਾਰਤ ਵਾਸਤੇ 1999-2000 ਤੇ ਹਰਿਆਣਾ ਲਈ 2004-05 ਜਦਕਿ ਪੰਜਾਬ ਵਾਸਤੇ 2008-09 ਨੂੰ ਰੱਖਿਆ ਗਿਆ ਹੈ। ਕੈਪਟਨ ਨੇ ਸਾਫ਼ ਕੀਤਾ ਕਿ ਸੱਤਾਧਾਰੀ ਸਰਕਾਰ ਉੱਚ ਵਿਕਾਸ ਦਰ ਵਿਖਾ ਕੇ ਧੋਖਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਜਦਕਿ ਇਹ ਪੁਰਾਣੇ ਤੇ ਨਵੇਂ ਅੰਕੜਿਆਂ 'ਚ ਮਹਿੰਗਾਈ ਦੇ ਗੁਜ਼ਰਨ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਉਨ੍ਹਾਂ ਕਿਹਾ ਕਿ ਉਸ ਉਦਯੋਗ ਦੀ ਵਿਕਾਸ ਦਰ ਨੂੰ 17.9 ਫ਼ੀਸਦੀ ਕਿਵੇਂ ਸਮਝਿਆ ਜਾ ਸਕਦਾ ਹੈ ਜਿਹੜਾ ਹਫਤੇ 'ਚ ਤਿੰਨ ਦਿਨਾਂ ਦੇ ਅੰਦਰ 12 ਘੰਟਿਆਂ ਤਕ ਦੇ ਬਿਜਲੀ ਦੇ ਕੱਟ ਦਾ ਸਾਹਮਣਾ ਕਰ ਰਿਹਾ ਹੋਵੇ? ਕੈਪਟਨ ਨੇ ਕਿਹਾ ਕਿ ਇਸ ਅੰਕੜਾ ਤਰਕੀਬ ਨਾਲ ਖੇਤੀਬਾੜੀ ਤੇ ਸੇਵਾ ਖੇਤਰ ਦਾ ਸੂਬੇ ਦੀ ਆਮਦਨ 'ਚ 70 ਫ਼ੀਸਦੀ ਯੋਗਦਾਨ ਵਿਖਾਇਆ ਗਿਆ ਹੈ ਜਦਕਿ ਇਹ ਰਾਸ਼ਟਰੀ ਔਸਤ ਤੋਂ ਹੇਠਾਂ ਵਿਕਾਸ ਕਰ ਰਹੇ ਹਨ।

# ਐਨ.ਆਰ.ਆਈ ਸੈਲ ਨੇ ਸ਼ਿਕਾਇਤਾਂ ਨੂੰ ਘੋਖਿਆ

**ਚੰਡੀਗੜ੍ਹ:** ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਪ੍ਰਮੁੱਖ ਸਕੱਤਰ ਸ਼੍ਰੀ ਦਰਬਾਰਾ ਸਿੰਘ ਗੁਰੂ ਦੀ ਪ੍ਰਧਾਨਗੀ ਹੇਠ ਮੁੱਖ ਮੰਤਰੀ ਦਫਤਰ ਵਿਚ ਬਣੇ ਐਨ.ਆਰ.ਆਈ ਸੈਲ ਨੇ ਪ੍ਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਨੂੰ ਪਹਿਲ ਦੇ ਅਧਾਰ 'ਤੇ ਹਲ ਕਰਨ ਦਾ ਕਾਰਜ ਸ਼ੁਰੂ ਕਰ ਦਿੱਤਾ ਹੈ। ਸੋਮਵਾਰ ਹੋਈ ਮੀਟਿੰਗ ਵਿਚ ਮਾਲ ਸਕੱਤਰ ਸ਼੍ਰੀ ਸੰਜੇ ਕੁਮਾਰ, ਕਮਿਸ਼ਨਰ ਐਨ.ਆਰ.ਆਈ ਮਾਮਲੇ ਸ਼੍ਰੀ ਵਿਕਾਸ ਪ੍ਰਤਾਪ ਸਿੰਘ, ਆਈ.ਜੀ.ਪੁਲਿਸ ਗੁਰਪ੍ਰੀਤ ਦਿਓ ਅਤੇ ਸਕੱਤਰ ਐਨ.ਆਰ.ਆਈ ਸੈਲ ਸ਼੍ਰੀ ਡੀ.ਐਸ.ਮਾਂਗਟ ਵੀ ਹਾਜਰ ਸਨ।

ਸੈਲ ਕੋਲ ਹੁਣ ਤਕ ਕੁਲ 11 ਸ਼ਿਕਾਇਤਾਂ ਪ੍ਰਾਪਤ ਹੋਈਆਂ ਜੋ ਕਿ ਮੁੱਖ ਰੂਪ ਵਿਚ ਜਾਇਦਾਦ ਦੇ ਝਗੜਿਆਂ ਨਾਲ ਸਬੰਧਤ ਸਨ।

ਮੀਟਿੰਗ ਵਿਚ ਇਨ੍ਹਾਂ ਸ਼ਿਕਾਇਤਾਂ ਨੂੰ ਘੋਖਿਆ ਗਿਆ ਅਤੇ ਇਨ੍ਹਾਂ ਵਿਚੋ ਚਾਰ ਸ਼ਿਕਾਇਤਾਂ ਸਬੰਧਤ ਡਿਪਟੀ ਕਮਿਸ਼ਨਰ ਨੂੰ ਅਤੇ ਚਾਰ ਵੱਖ-ਵੱਖ ਪੁਲਿਸ ਕਮਿਸ਼ਨਰਾਂ ਨੂੰ ਇਨ੍ਹਾਂ ਦੇ ਤੇਜੀ ਨਾਲ ਨਿਪਟਾਰਾ ਕਰਨ ਅਤੇ ਇਸ ਦੀ ਰਿਪੋਰਟ 15 ਦਿਨਾਂ ਦੇ ਅੰਦਰ-ਅੰਦਰ ਐਨ.ਆਰ.ਆਈ ਸੈਲ ਨੂੰ ਭੇਜਣ ਦੀ ਹਦਾਇਤ ਕੀਤੀ। ਬਾਕੀ ਤਿੰਨ ਸ਼ਿਕਾਇਤਾਂ ਵਿਚ ਤੱਥਾਂ ਦੀ ਜਾਣਕਾਰੀ ਅਧੂਰੀ ਸੀ।

ਵਰਨਣਯੋਗ ਹੈ ਕਿ ਮੁੱਖ ਮੰਤਰੀ ਨੇ ਐਨ.ਆਰ.ਆਈ ਸੈਲ ਦੀ ਕਾਰਜਗੁਜਾਰੀ ਦੀ ਨਿਜੀ ਤੌਰ 'ਤੇ ਨਿਗਰਾਨੀ ਕਰਨ ਅਤੇ ਸਬੰਧਤ ਅਧਿਕਾਰੀਆਂ ਨੂੰ ਇਹ ਕਾਰਜ਼ ਪੂਰੀ ਜਿੰਮੇਵਾਰੀ ਅਤੇ ਪਾਰਦਰਸ਼ੀ ਢੰਗ ਨਾਲ ਕਰਨ ਲਈ ਹਦਾਇਤਾਂ ਦਿੱਤੀਆਂ ਹੋਈਆਂ ਹਨ। ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਵੀ ਐਲਾਨ ਕੀਤਾ ਹੋਇਆ ਹੈ ਕਿ ਆਈ.ਜੀ ਪੁਲਿਸ ਗੁਰਪ੍ਰੀਤ ਦਿਓ ਪਰਵਾਸੀ ਭਾਰਤੀਆਂ ਸਬੰਧੀ ਸ਼ਿਕਾਇਤਾਂ ਦੀ ਪੜਤਾਲ ਕਰੇਗੀ।

ਐਨ.ਆਰ.ਆਈ. ਸੈਲ ਨੇ ਮੀਟਿੰਗ ਵਿਚ ਪਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦੇ ਤੇਜੀ ਨਾਲ ਨਿਪਟਾਰੇ ਲਈ ਵੱਖ-ਵੱਖ ਨੀਤੀਆਂ ਅਤੇ ਮਾਪਦੰਡਾਂ ਸਬੰਧੀ ਵੀ ਵਿਚਾਰ ਵਟਾਂਦਰਾ ਕੀਤਾ। ਪਰਵਾਸੀ ਭਾਰਤੀਆਂ ਦੀਆਂ ਜਾਇਦਾਦਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਰਾਜ ਸਰਕਾਰ ਪਹਿਲਾਂ ਹੀ ਇਨਕਲਾਬੀ ਕਦਮ ਚੁਕ ਰਹੀ ਹੈ। ਮਾਲੀਆ ਦਸਤਾਵੇਜਾਂ ਤੇ ਫਰਦਾਂ, ਐਫ.ਆਈ. ਆਰ ਦੀਆਂ ਨਕਲਾਂ ਨੂੰ ਸੰਭਾਲਣ ਲਈ ਆਨ ਲਾਈਨ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ। ਇਸ ਨਾਲ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਘਟਨ ਦੀ ਸੰਭਾਵਨਾ ਰਹੇਗੀ। ਪਰਵਾਸੀਆਂ ਦੇ ਝਗੜਿਆਂ ਦੇ ਨਿਪਟਾਰੇ ਲਈ ਉਨ੍ਹਾਂ ਨੂੰ ਸਮਰਪਿਤ ਪੁਲਿਸ ਥਾਣੇ ਅਤੇ ਫਾਸਟ ਟਰੈਕ ਅਦਾਲਤਾਂ ਸਥਾਪਤ ਕੀਤੀਆਂ ਜਾ ਚੁੱਕੀਆਂ ਹਨ।

## ਸੁਖਬੀਰ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਮੰਗ

**ਮੁਹਾਲੀ:** ਅੰਮ੍ਰਿਤਸਰ ਵਿਚ ਕੀਤੇ ਗਏ ਸ਼ਹੀਦ ਭਾਈ ਜੀਵਨ ਸਿੰਘ ਦੇ ਸ਼ਹੀਦੀ ਸਮਾਗਮ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਕਰਨਾ ਅਕਾਲੀ ਦਲ (ਬਾਦਲ) ਅਤੇ ਉਸ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਮਨਮੱਤ ਹੈ ਅਤੇ ਇਹ ਭੁੱਲ ਸ਼ਬਦ-ਗੁਰੂ ਪ੍ਰਤੀ ਉਸ ਦੀ ਵਚਨਬੱਧਤਾ ਅਤੇ ਸਤਿਕਾਰ 'ਤੇ ਪ੍ਰਸ਼ਨ ਚਿੰਨ ਲਗਾਉਂਦੀ ਹੈ।

ਇਥੇ ਜਾਰੀ ਇਕ ਬਿਆਨ ਵਿਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਅਤੇ ਹੁਣ ਅਕਾਲੀ ਦਲ ਛੱਡ ਚੁਕੇ ਸ. ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਹੀ ਧਰਮ ਅਤੇ ਰਾਜਨੀਤੀ ਨੂੰ ਇੱਕਠਿਆਂ ਰੱਖਣ ਦਾ ਮੁਦੱਈ ਰਿਹਾ ਹੈ ਅਤੇ ਇਸੇ ਹੀ ਪਰੀਪੇਖ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ, ਗੁਰਦੁਆਰਾ ਸਹਿਬਾਨ ਦੇ ਸਾਧਨ, ਸਟੇਜਾਂ ਅਤੇ ਲੰਗਰਾਂ ਦਾ ਇਸਤੇਮਾਲ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ ਕਰਦਾ ਆ ਰਿਹਾ ਹੈ। ਜੇ ਅਕਾਲੀਆਂ ਦੀ ਧਰਮ ਅਤੇ ਰਾਜਨੀਤੀ ਇਕੱਠੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਿਉਂ ਵਿਸਾਰਿਆ ਗਿਆ? ਇਹ ਵਰਤਾਰਾ ਤਾਂ ਮਸੰਦਪੁਣੇ ਤੋਂ ਵੀ ਘਟੀਆ ਅਤੇ ਨਿੰਦਣਯੋਗ ਹੈ। ਇਸ ਸੰਦਰਭ ਵਿਚ ਤਖ਼ਤਾਂ ਦੇ ਜਥੇਦਾਰ ਸਹਿਬਾਨ ਦਾ ਮੂਕ ਦਰਸ਼ਕ ਬਣੇ ਰਹਿਣਾ ਵੀ ਸਿੱਖ ਜਗਤ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ ।

ਸ. ਬੀਰ ਦਵਿੰਦਰ ਸਿੰਘ ਨੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਕਿ ਉਹ ਸਮੂਹ ਤਖਤਾਂ ਦੇ ਜਥੇਦਾਰ ਸਹਿਬਾਨ ਦੀ ਮੀਟਿੰਗ ਤਲਬ ਕਰਕੇ, ਇਸ ਸੰਬਧੀ ਗੰਭੀਰਤਾ ਨਾਲ ਸਥਿਤੀ ਦਾ ਜਾਇਜ਼ਾ ਲੈਣ ਅਤੇ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ 'ਤੇ ਤਲਬ ਕਰਕੇ ਸਪਸ਼ਟੀਕਰਨ ਮੰਗਣ।

## ਪ੍ਰੋ. ਪੰਨੂ ਦੀ ਕਿਤਾਬ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਵਲੋਂ ਰਿਲੀਜ਼



*ਡਾ. ਹਰਪਾਲ ਸਿੰਘ ਪੰਨੂ ਦੀ ਕਿਤਾਬ 'ਆਰਟ ਤੋਂ ਬੰਦਗੀ ਤੱਕ' ਦੀ ਘੁੰਡ ਚੁਕਾਈ ਦੀ ਰਸਮ ਕਰਦੇ ਹੋਏ ਡਾ. ਦਲਬੀਰ ਸਿੰਘ ਢਿਲੋਂ*

**ਚੰਡੀਗੜ੍ਹ:** ਡਾ. ਹਰਪਾਲ ਸਿੰਘ ਪੰਨੂ ਦੀ ਕਿਤਾਬ 'ਆਰਟ ਤੋਂ ਬੰਦਗੀ ਤੱਕ' ਦੀ ਘੁੰਡ ਚੁਕਾਈ ਦੀ ਰਸਮ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਦਲਬੀਰ ਸਿੰਘ ਢਿਲੋਂ ਨੇ ਪੰਜਾਬ ਭਵਨ ਵਿਚ ਕੀਤੀ ਅਤੇ ਪਹਿਲੀਆਂ ਦੋ ਕਿਤਾਬਾਂ ਪੰਜਾਬ ਸਰਕਾਰ ਦੇ ਮੀਡੀਆ ਐਡਵਾਈਜ਼ਰ ਪ੍ਰੋ. ਹਰਚਰਨ ਸਿੰਘ ਬੈਂਸ ਅਤੇ ਪ੍ਰੋ. ਅਮਰਜੀਤ ਸਿੰਘ ਗਰੇਵਾਲ ਨੂੰ ਦਿੱਤੀਆਂ। ਸਵਾ ਦੋ ਸੌ ਪੰਨਿਆਂ ਦੀ ਇਸ ਕਿਤਾਬ ਵਿਚ ਅੱਠ ਵਡੇਰਿਆਂ ਦੇ ਰੌਚਕ ਸ਼ਬਦ ਚਿੱਤਰ ਪੇਸ਼ ਕੀਤੇ ਗਏ ਹਨ ਜਿਨ੍ਹਾਂ ਵਿਚ ਹਰਦੇਵ ਸਿੰਘ ਆਰਟਿਸਟ, ਭਾਈ ਲਕਸ਼ਵੀਰ ਸਿੰਘ, ਰਬਿੰਦਰਨਾਥ ਟੈਗੋਰ, ਕਾਫਕਾ, ਮਿਲੇਨਾ, ਰੂਮੀ, ਹਾਫਿਜ਼ ਅਤੇ ਬਾਬਾ ਫਰੀਦ ਸ਼ਾਮਲ ਹਨ। ਸੁਹਣੀ ਦਿੱਖ ਵਾਲੀ ਇਹ ਕਿਤਾਬ ਸਿੰਘ ਬ੍ਰਦਰਜ਼, ਅੰਮ੍ਰਿਤਸਰ ਨੇ ਛਾਪੀ ਹੈ।

ਡਾ. ਢਿੱਲੋਂ ਨੇ ਦੱਸਿਆ ਕਿ ਜੀਵਨੀਆਂ ਦੀ ਲੜੀ ਵਿਚ ਪਹਿਲਾਂ ਲੋਕ ਗੀਤ ਪ੍ਰਕਾਸ਼ਨ ਨੇ ਗੌਤਮ ਤੋਂ ਤਾਸਕੀ ਤੱਕ ਕਿਤਾਬ ਛਾਪੀ ਸੀ ਜਿਸ ਦੀ ਪਹਿਲੀ ਜਿਲਦ ਛੇ ਮਹੀਨਿਆਂ ਵਿਚ ਖਤਮ ਹੋ ਗਈ, ਹੁਣ ਦੂਜੀ ਐਡੀਸ਼ਨ ਚੱਲ ਰਹੀ ਹੈ। ਇਸ ਕਿਤਾਬ ਦੀ ਸ਼ੈਲੀ, ਬੋਲੀ ਅਤੇ ਘਟਨਾਵਾਂ ਦਾ ਰੌਚਕ ਵਰਣਨ ਨਿਰੰਤਰ ਪਾਠਕਾਂ ਨੂੰ ਖਿਚ ਪਾਉਂਦਾ ਹੈ। ਆਰਟ ਤੋਂ ਬੰਦਗੀ ਤੱਕ ਕਿਤਾਬ ਵੱਲ ਪਾਠਕ ਰੁਚਿਤ ਹੋਣਗੇ ਤੇ ਇਹ ਧਾਰਨਾ ਗਲਤ ਸਾਬਤ ਹੋਵੇਗੀ ਕਿ ਪਾਠਕ ਪੰਜਾਬੀ ਦੀ ਕਿਤਾਬ ਨਹੀਂ ਪੜ੍ਹਦੇ।

## ਪੁਲਿਸ ਨੂੰ ਬਾਦਲ ਦੀ ਬੱਸ ਰੋਕਣੀ ਮਹਿੰਗੀ ਪਈ

**ਬਠਿੰਡਾ:** ਪੰਜਾਬ ਪੁਲਿਸ ਨੂੰ ਬਾਦਲ ਪਰਿਵਾਰ ਦੀ 'ਆਰਬਿਟ' ਬੱਸ ਨੂੰ ਰੇਲ ਫਾਟਕ 'ਤੇ ਰੋਕਣਾ ਮਹਿੰਗਾ ਪਿਆ ਤੇ ਇਸ 'ਜੁਰੱਅਤ' ਕਰਨ ਬਦਲੇ ਰਾਮਪੁਰਾ ਥਾਣੇ ਦੇ ਦੋ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਜਦਕਿ ਸਬਕ ਸਿਖਾਉਣ ਲਈ ਡਿਊਟੀ 'ਤੇ ਤਾਇਨਾਤ ਤੀਸਰੇ ਮੁਲਾਜ਼ਮ ਦੀ ਡਾਕਟਰੀ ਜਾਂਚ ਕਰਵਾਈ ਗਈ ਹੈ। ਇਹ ਸਾਰੀ ਕਾਰਵਾਈ ਐਸ.ਐਸ.ਪੀ. ਬਠਿੰਡਾ ਦੇ ਆਦੇਸ਼ਾਂ 'ਤੇ ਹੋਈ ਹੈ।

ਸੂਤਰਾਂ ਅਨੁਸਾਰ ਚੰਡੀਗੜ੍ਹ-ਬਠਿੰਡਾ ਮਾਰਗ 'ਤੇ ਫਾਟਕ ਕੋਲ ਇਕ 'ਆਰਬਿਟ' ਬੱਸ ਲੰਬੀਆਂ ਕਤਾਰਾਂ ਨੂੰ ਚੀਰਦੀ ਜਦ ਬੰਦ ਫਾਟਕ ਦੇ ਗਲਤ ਪਾਸੇ ਟਰੈਫ਼ਿਕ ਨਿਯਮਾਂ ਦੇ ਉਲਟ ਖੜ੍ਹੀ ਸੀ ਤਾਂ ਡਿਊਟੀ 'ਤੇ ਤਾਇਨਾਤ ਪੁਲਿਸ ਮੁਲਾਜ਼ਮਾਂ ਨੇ ਇਸ ਦਾ ਬੁਰਾ ਮਨਾਇਆ ਤੇ ਨਿਯਮਾਂ ਦੀ ਪਾਲਣਾ ਕਰਨ ਦੀ ਤਾਕੀਦ ਕੀਤੀ। ਜਦ ਪਾਲਣਾ ਨਾ ਹੋਈ ਤਾਂ ਮੁਲਾਜ਼ਮਾਂ ਨੇ ਬੱਸ ਬੰਦ ਕਰਵਾ ਦਿੱਤੀ ਪਰ ਇਸ ਸਿਲਸਿਲੇ ਵਿਚ ਡਾਢਿਆਂ ਦਾ ਜ਼ੋਰ ਚੱਲਿਆ। ਬੱਸ ਵੀ ਲੈ ਗਏ ਤੇ ਅਗਲੇ ਹੀ ਦਿਨ ਦੋਵਾਂ ਮੁਲਾਜ਼ਮਾਂ ਦੀ ਮੁਅੱਤਲੀ ਦੇ ਹੁਕਮ ਸੁਣਾ ਦਿੱਤੇ ਗਏ। ਮੁਅੱਤਲ ਹੋਏ ਮੁਲਾਜ਼ਮ ਮੰਗਤ ਸਿੰਘ ਤੇ ਮੇਜਰ ਸਿੰਘ ਹਨ। ਤੀਜੇ ਮੁਲਾਜ਼ਮ ਮੱਖਣ ਸਿੰਘ ਦਾ ਮੌਕੇ 'ਤੇ ਹੀ ਡਾਕਟਰੀ ਮੁਲਾਹਜਾ ਕਰਵਾਇਆ ਗਿਆ ਪਰ ਮੁੱਢਲੇ ਸੰਕੇਤ ਦੱਸਦੇ ਹਨ ਕਿ ਉਸ ਨੇ ਸ਼ਰਾਬ ਨਹੀਂ ਸੀ ਪੀਤੀ ਹੋਈ। ਇਸ ਬਾਬਤ ਜਦ ਰਾਮਪੁਰਾ ਥਾਣੇ ਦੇ ਮੁਖੀ ਸਿਕੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਮੁਲਾਜ਼ਮਾਂ ਦੀ ਮੁਅੱਤਲੀ ਦੀ ਪੁਸ਼ਟੀ ਕੀਤੀ ਪਰ ਨਾਲ ਹੀ ਕਿਹਾ ਕਿ ਇਹ ਕਾਰਵਾਈ ਡਿਊਟੀ ਤੋਂ ਗੈਰ-ਹਾਜ਼ਰ ਰਹਿਣ ਕਾਰਨ ਹੋਈ ਹੈ। ਉਂਜ ਉਨ੍ਹਾਂ ਦੱਸਿਆ ਕਿ ਕੋਈ ਵੀ ਪੁਲਿਸ ਮੁਲਾਜ਼ਮ ਨਿਯਮਾਂ ਅਨੁਸਾਰ ਕਿਸੇ ਬੱਸ ਨੂੰ ਬੰਦ ਨਹੀਂ ਕਰ ਸਕਦਾ।

## Matrimonials

### ਵਰ ਦੀ ਲੋੜ

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

### ਕੰਨਿਆ ਦੀ ਲੋੜ

Gursikh girl for Jatt Sikh Pannu handsome boy, 27, 6'1", BA+3yrs comp. course, father retd. from army & brother working in army. Divorcee can also be considered. No demand. Call: 408-667-8519

Good looking, well educated USA settled family girl for Ramgharia Sikh cleanshave boy, 28, 5' 10", M.S from USA, Settled in Michigan, permanent job. Caste no bar. Contact: 425-773-9030, 425-307-1050 or email psingh03850@gmail.com.

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com


Desi Cuts and Color Plus

For Men, Women & Children

Grand Opening


Mandeep
510-200-4415

Ph:510-429-0786


Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 ( Behind Tacobell )



ਕੀ ਤੁਹਾਡੇ ਕੋਲ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ੍ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ




ਜਿਆਦਾ ਜਾਣਕਾਰੀ ਲਈ
www.ihues.com
ਤੇ ਜਾਵੋ

iHues.com ਦਾ ਫ੍ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ



FARMERS INSURANCE GROUP
Symbol of Superior Service
FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com


Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 29 ਜਨਵਰੀ 2011

## ਪਿੰਡ ਦੀ ਬੇਦਖ਼ਲੀ ਦਾ ਦਰਦ

ਖੋਜ ਸੰਸਥਾ 'ਮਕਿੰਨਜੇ ਗਲੋਬਲ ਇੰਸਟੀਚਿਊਟ' ਨੇ ਪਿੰਡਾਂ ਅਤੇ ਸ਼ਹਿਰਾਂ ਬਾਰੇ ਇਕੱਠੇ ਕੀਤੇ ਅੰਕਿੜਆਂ ਦੇ ਆਧਾਰ ਉਤੇ ਇਹ ਪੇਸ਼ੀਨਗੋਈ ਕੀਤੀ ਹੈ ਕਿ ਆਉਣ ਵਾਲੇ ਦੋ ਦਹਾਕਿਆਂ ਦੌਰਾਨ ਭਾਰਤ/ਪੰਜਾਬ ਦੇ ਪਿੰਡਾਂ ਦੀ ਬਹੁਤੀ ਵਸੋਂ ਸ਼ਹਿਰ ਵੱਲ ਪਰਵਾਸ ਕਰ ਜਾਵੇਗੀ। ਸੰਸਥਾ ਦੀ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਵੀਹ ਕੁ ਸਾਲਾਂ ਵਿਚ ਪੰਜਾਬ ਦੀ ਅੱਧਿਓਂ ਵੱਧ ਵਸੋਂ ਸ਼ਹਿਰਾਂ ਵਿਚ ਹੋਵੇਗੀ। ਇਕ ਤੋਂ ਦੂਜੀ ਥਾਂ ਵੱਲ ਪਰਵਾਸ ਮੁੱਢ-ਕਦੀਮ ਤੋਂ ਹੁੰਦਾ ਆਇਆ ਹੈ। ਇਹ ਮਨੁੱਖੀ ਫ਼ਿਤਰਤ ਦਾ ਹਿੱਸਾ ਹੈ ਕਿ ਜਿੱਥੇ ਦਾਣਾ ਮਿਲਦਾ ਹੈ, ਉਥੇ ਮਨੁੱਖ ਵਸੇਬਾ ਕਰਦਾ ਰਿਹਾ ਹੈ। ਇਸ ਦੇ ਕਾਰਨ ਭਾਵੇਂ ਇਕ ਤੋਂ ਵੱਧ ਹੋ ਸਕਦੇ ਹਨ ਪਰ ਮੁੱਖ ਕਾਰਨ ਰੋਜ਼ੀ-ਰੋਟੀ ਨਾਲ ਹੀ ਜੁੜਿਆ ਹੋਇਆ ਹੈ। ਸਾਡੇ ਸਮਾਜ ਵਿਗਿਆਨੀਆਂ ਨੇ ਵੀ ਪਰਵਾਸ ਦੇ ਇਸ ਰੁਝਾਨ ਬਾਰੇ ਘੁੰਡੀਆਂ ਖੋਲ੍ਹਣ ਦਾ ਯਤਨ ਕੀਤਾ ਹੈ ਪਰ ਇਸ ਪੁਣ-ਛਾਣ ਦੀ ਸੂਈ ਵੀ ਮੁੱਖ ਰੂਪ ਵਿਚ ਰੋਜ਼ੀ-ਰੋਟੀ ਉਤੇ ਜਾ ਕੇ ਟਿਕਦੀ ਹੈ। ਪੰਜਾਬੀਆਂ ਲਈ ਪਰਵਾਸ ਨਾ ਤਾਂ ਨਵਾਂ ਹੈ ਅਤੇ ਨਾ ਹੀ ਓਪਰਾ। ਵੱਖ-ਵੱਖ ਸਮਿਆਂ ਦੌਰਾਨ ਅਣਗਿਣਤ ਲੋਕ ਹੋਰ ਥਾਂਵਾਂ ਤੋਂ ਇਸ ਖਿੱਤੇ ਵਿਚ ਆਣ ਕੇ ਵਸੇ ਅਤੇ ਅਣਗਿਣਤ ਲੋਕਾਂ ਨੇ ਹੀ ਇਥੋਂ ਪਰਵਾਸ ਕੀਤਾ ਹੈ।

ਸ਼ਾਇਰ ਦੀ ਉਹ ਮਨੋ-ਦਸ਼ਾ ਪਤਾ ਨਹੀਂ ਕੀ ਹੋਵੇਗੀ ਅਤੇ ਕਿਸ ਤਰ੍ਹਾਂ ਦਾ ਉਹ ਮਾਹੌਲ ਹੋਵੇਗਾ, ਜਦੋਂ ਉਸ ਨੇ 'ਸਾਡੇ ਪਿੰਡਾਂ ਵਿਚ ਰੱਬ ਵਸਦਾ' ਵਰਗੇ ਸੁੱਚੇ ਸ਼ਬਦਾਂ ਨਾਲ ਸਾਂਝ ਪਾਈ ਹੋਵੇਗੀ। ਅੱਜ ਦੀ ਤਾਰੀਖ਼ ਵਿਚ ਤਾਂ ਪਿੰਡ ਨਾਲ ਪਛੜੇਂਵਾਂ ਇੰਨਾ ਗਹਿਰਾ ਜੁੜ ਗਿਆ ਹੈ ਕਿ ਇਹ ਇਸ ਦੇ ਮੱਥੇ ਦਾ ਦਾਗ਼ ਬਣ ਕੇ ਪ੍ਰੇਸ਼ਾਨ ਕਰ ਰਿਹਾ ਹੈ। 'ਰੱਬ ਦੇ ਘਰ' ਤੋਂ 'ਪਛੜੇਂਵੇਂ ਦੇ ਦਾਗ਼' ਦਾ ਇਹ ਸਫ਼ਰ ਕੋਈ ਬਹੁਤਾ ਲੰਮਾ ਨਹੀਂ, ਕੁਝ ਦਹਾਕਿਆਂ ਦਾ ਹੀ ਹੈ। ਰਤਾ ਕੁ ਗਹਿਰਾਈ ਵਿਚ ਜਾ ਕੇ ਘੋਖ ਕਰਨੀ ਹੋਵੇ ਤਾਂ ਇਹ ਸਮਾਂ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਦੇ ਸਮੇਂ ਨਾਲ ਜਾ ਜੁੜਦਾ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਨੇ ਬਿਨਾ ਸ਼ੱਕ, ਕਈ ਖੇਤਰਾਂ ਵਿਚ ਮੱਲਾਂ ਮਾਰੀਆਂ ਹਨ ਪਰ ਇਹ ਕੌੜਾ ਸੱਚ ਹੈ ਕਿ ਇਸ ਦੀ ਬਹੁਤੀ ਕੀਮਤ ਪਿੰਡ ਵਿਚ ਵਸਣ ਵਾਲਿਆਂ ਨੇ ਅਦਾ ਕੀਤੀ ਹੈ। ਫਿਰ ਇੰਨੀ ਵੱਡੀ ਕੀਮਤ ਤਾਰ ਕੇ ਵੀ ਜੇ ਪਿੰਡ ਪਛੜ ਰਿਹਾ ਹੈ ਤਾਂ ਕਿਤੇ ਤਾਂ ਕੋਈ ਅਣਹੋਣੀ ਹੋਈ ਹੈ! ਇਹ ਅਣਹੋਣੀ ਹੈ ਕਿ ਵਿਕਾਸ ਦੀ ਗੱਡੀ ਵਿਚ ਸਵਾਰ ਹੋਣ ਵੇਲੇ ਪਿੰਡ ਨੂੰ ਉੱਕਾ ਹੀ ਵਿਸਾਰ ਦਿੱਤਾ ਗਿਆ ਅਤੇ ਬੇਦਖ਼ਲ ਕਰ ਦਿੱਤਾ ਗਿਆ। ਇਸੇ ਕਰਕੇ, ਇੱਕੀਵੀਂ ਸਦੀ ਤੱਕ ਪੁੱਜਦਿਆਂ-ਪੁੱਜਦਿਆਂ ਪਿੰਡ ਬੁਰੀ ਤਰ੍ਹਾਂ ਹਫ਼ ਗਿਆ ਹੈ। ਜ਼ਿੰਦਾਦਿਲੀ ਨਾਲ ਨੱਕੋ-ਨੱਕ ਭਰਿਆ ਪਿੰਡ ਅੱਜ ਆਪਣੀ ਹੋਂਦ ਲਈ ਸਹਿਕ ਰਿਹਾ ਹੈ, ਹੌਲੀ-ਹੌਲੀ ਕਰਕੇ ਮਰ ਰਿਹਾ ਹੈ। ਸਿਤਮਜ਼ਰੀਫ਼ੀ ਇਹ ਕਿ ਇਸ ਮੌਤ ਉਤੇ ਰੋਣ ਵਾਲਾ ਵੀ ਕੋਈ ਨਹੀਂ, ਮਰਸੀਆ ਲਿਖਣ ਵਾਲਾ ਵੀ ਕੋਈ ਨਹੀਂ!

ਦਰਅਸਲ ਪੰਜਾਬ ਅਤੇ ਭਾਰਤ ਵਿਚ ਪਿੰਡ ਦੀ ਮੌਤ ਤਾਂ ਉਸ ਵੇਲੇ ਹੀ ਲਿਖੀ ਗਈ ਸੀ ਜਦੋਂ ਕਾਣੇ ਵਿਕਾਸ ਮਾਡਲ ਦੀ ਚੋਣ ਕਰ ਲਈ ਗਈ ਸੀ। ਉਡਦੀ-ਉਡਦੀ ਨਜ਼ਰ ਮਾਰਿਆਂ ਹੀ ਅਹਿਸਾਸ ਹੋ ਜਾਂਦਾ ਹੈ ਕਿ ਸਾਰੀਆਂ ਬੁਨਿਆਦੀ ਸਹੂਲਤਾਂ ਸ਼ਹਿਰਾਂ ਹੀ ਵਿਚ ਹਨ। ਇਹ ਪਾੜਾ ਸਾਰੇ ਖੇਤਰਾਂ ਵਿਚ ਸਹਿਜੇ ਹੀ ਨਜ਼ਰੀਂ ਪੈ ਜਾਦਾ ਹੈ। ਜੇ ਸਿਰਫ਼ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਹੀ ਗੱਲ ਕਰੀਏ ਤਾਂ ਸਮੁੱਚੇ ਹਾਲਾਤ ਦੀ ਤਸਵੀਰ ਸਾਹਮਣੇ ਆ ਜਾਂਦੀ ਹੈ। ਚੰਗੇ ਹਸਪਤਾਲ ਅਤੇ ਚੰਗੇ ਸਕੂਲ ਸ਼ਹਿਰਾਂ ਵਿਚ ਹਨ। ਪਿੰਡ ਦਾ ਬੀਮਾਰ ਬੰਦਾ ਇਲਾਜ ਖੁਣੋਂ ਹੀ ਜਾਨ ਗੁਆ ਰਿਹਾ ਹੈ ਜਾਂ ਸ਼ਹਿਰਾਂ ਦੇ ਹਸਪਤਾਲਾਂ ਵਿਚ ਰੁਲ ਰਿਹਾ ਹੈ। ਪੜ੍ਹਾਈ ਦੇ ਪੱਖੋਂ ਪਿੰਡਾਂ ਦੇ ਬੱਚੇ ਤਾਂ ਹੁਣ ਦੌੜ ਵਿਚੋਂ ਹੀ ਬਾਹਰ ਹੋ ਗਏ ਹਨ। ਕਾਲਜਾਂ-ਯੂਨੀਵਰਸਿਟੀਆਂ ਵਿਚ ਪੁੱਜਣ ਵਾਲੇ ਵਿਦਿਆਰਥੀਆਂ ਵਿਚ ਪਿੰਡਾਂ ਦੇ ਵਿਦਿਆਰਥੀ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਰਹਿ ਗਏ, ਹੁਣ ਇਹ ਵਿਰਲੇ-ਟਾਂਵੇਂ ਹੀ ਹਨ ਜਾਂ ਫਿਰ ਉਹ ਹਨ ਜਿਨ੍ਹਾਂ ਲਈ ਪਿੰਡ ਅਤੇ ਸ਼ਹਿਰ ਵਿਚਕਾਰ ਫ਼ਰਕ ਹੀ ਕੋਈ ਨਹੀਂ ਹੈ। ਇਹ ਉਹ ਲੋਕ ਹਨ ਜਿਨ੍ਹਾਂ ਨੇ ਪੈਸੈ ਦੇ ਜ਼ੋਰ, ਸ਼ਹਿਰਾਂ ਵਾਲੀਆਂ ਸਹੂਲਤਾਂ ਪਿੰਡਾਂ ਵਿਚ ਹੀ ਹਾਸਲ ਕਰ ਲਈਆਂ ਹਨ। ਅੱਜ ਨਿੱਕੀ ਤੋਂ ਨਿੱਕੀ ਚੀਜ਼-ਵਸਤ ਲਈ ਪਿੰਡ ਦਾ ਬਾਸ਼ਿੰਦਾ ਸ਼ਹਿਰ ਉਤੇ ਨਿਰਭਰ ਹੈ। ਇੰਨੇ ਦਹਾਕਿਆਂ ਪਿੱਛੋਂ ਵੀ ਪਿੰਡਾਂ ਵਿਚ ਪੀਣ ਵਾਲੇ ਸਾਫ਼ ਪਾਣੀ ਅਤੇ ਬਿਜਲੀ ਦਾ ਸਹੀ ਪ੍ਰਬੰਧ ਨਹੀਂ ਕੀਤਾ ਜਾ ਸਕਿਆ। ਪਿੰਡਾਂ ਦੇ ਲੋਕਾਂ ਨੂੰ ਪਿੰਡਾਂ ਦੇ ਨੇੜੇ ਹੀ ਸਹੂਲਤਾਂ ਮੁਹੱਈਆ ਕਰਨ ਖ਼ਾਤਿਰ ਬਣਾਏ ਗਏ ਫ਼ੋਕਲ ਪੁਆਇੰਟ ਉਜਾੜ ਬਣੇ ਪਏ ਹਨ। ਆਦਰਸ਼ ਸਕੂਲਾਂ ਨੂੰ ਠੁੱਕਦਾਰ ਢੰਗ ਨਾਲ ਚਲਾਉਣ ਦਾ ਕਿਸੇ ਨੂੰ ਹੁਣ ਚਿਤ-ਚੇਤਾ ਵੀ ਨਹੀਂ ਹੈ। ਇਹ ਸਾਰੇ ਤੱਥ ਸਾਡੇ ਸਿਆਸਤਦਾਨਾਂ ਦੀ ਨਾ-ਅਹਿਲੀਅਤ ਅਤੇ ਗ਼ੈਰ-ਦਿਆਨਤਦਾਰੀ ਦੀ ਹੀ ਚੁਗਲੀ ਕਰਦੇ ਹਨ, ਹਾਲਾਂਕਿ ਸੱਚਾਈ ਇਹ ਹੈ ਕਿ ਇਨ੍ਹਾਂ ਲੋਕਾਂ ਦੀ ਇਹ ਸਿਆਸਤ ਅਤੇ ਸਮੁੱਚਾ ਢਾਂਚਾ ਪਿੰਡ ਦੇ ਲੋਕਾਂ ਦੇ ਸਿਰ ਉਤੇ ਚੱਲ ਰਿਹਾ ਹੈ। ਹੋਰ ਤਾਂ ਹੋਰ, ਜਮਹੂਰੀਅਤ ਦੇ ਸਭ ਤੋਂ ਵੱਡੇ ਨਾਟਕ 'ਚੋਣਾਂ' ਵੇਲੇ ਪਿੰਡਾਂ ਵਿਚ 80-90 ਫ਼ੀਸਦੀ ਵੋਟਾਂ ਪੈਂਦੀਆਂ ਹਨ। ਸ਼ਹਿਰਾਂ ਵਿਚ ਇਹ ਫ਼ੀਸਦ 40-45 ਤੋਂ ਅੱਗੇ ਨਹੀਂ ਟੱਪਦੀ। ਔਸਤ ਕੱਢ ਕੇ ਬੱਸ, ਜਮਹੂਰੀਅਤ ਦੀ ਲਾਜ ਰਹਿ ਜਾਂਦੀ ਹੈ। ਫਿਰ ਵੀ ਜੇ ਪਿੰਡ ਮਰ ਰਿਹਾ ਹੈ ਤਾਂ ਬੁੱਝਣਾ ਕੋਈ ਔਖਾ ਨਹੀਂ ਕਿ ਕਸੂਰਵਾਰ ਕੌਣ ਹੈ! ਵਕਤ ਦਾ ਦੁਖਾਂਤ ਇਹ ਹੈ ਕਿ ਪਿੰਡ ਦੀ ਇਉਂ ਹੋ ਰਹੀ ਮੌਤ ਨੂੰ ਪਿੰਡ ਵਾਲਿਆਂ ਨੇ ਚੁੱਪ-ਚੁਪੀਤੇ ਸਵੀਕਾਰ ਕਰ ਲਿਆ ਹੈ। ਇਹ ਲੋਕ ਤਿਲ-ਤਿਲ ਹੋ ਰਹੀ ਇਸ ਮੌਤ ਲਈ ਜ਼ਿੰਮੇਵਾਰ ਬੰਦਿਆਂ ਨੂੰ ਸਵਾਲ ਕਰਨ ਅਤੇ ਸੱਥਾਂ ਵਿਚ ਘੇਰਨ ਦੀ ਥਾਂ ਆਪੋ-ਆਪਣੀ ਹੋਂਦ ਬਚਾਉਣ ਦੀ ਦੌੜ ਵਿਚ ਸ਼ਾਮਲ ਹੋ ਗਏ ਹਨ। ਇਹੀ ਪਿੰਡ ਤੋਂ ਸ਼ਹਿਰ ਵੱਲ ਵਗਣ ਦਾ ਮੁੱਖ ਨੁਕਤਾ ਹੈ। ਇਹ ਸਿਲਸਿਲਾ ਹੁਣ ਅਰੁਕ ਅਤੇ ਅਮੋੜ ਹੈ। ਗੁਰਾਂ ਦੇ ਨਾਂ ਉਤੇ ਵਸਦੇ ਪੰਜਾਬ ਦਾ ਇਕ ਹਿੱਸਾ ਮਾਰਿਆ ਜਾ ਰਿਹਾ ਹੈ, ਦਰਦ ਦਾ ਦਰਿਆ ਵੀ ਵਗ ਰਿਹਾ ਹੈ ਪਰ ਇਸ ਬਾਰੇ ਕਿਸੇ ਪਾਸੇ ਹਲਚਲ ਕੋਈ ਨਹੀਂ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਪਾਠਾਂ ਦੀ 'ਕੋਤਰੀ?*

ਮਨ ਨੀਵਾਂ ਜੇ ਮੱਤ ਨਾ ਹੋਈ ਉਚੀ, ਮੱਥੇ ਹਉਮੈ ਹੰਕਾਰ ਦੀ ਤੜ੍ਹੀ ਰਹਿਣੀ।
ਗੁਰਮਤਿ ਗਿਆਨ ਦੀ ਰੌਸ਼ਨੀ ਲੈਣ ਵਿਰਲੇ, ਗਿਣਤੀ ਅੰਧ-ਵਿਸ਼ਵਾਸਾਂ ਦੀ ਬੜੀ ਰਹਿਣੀ।
ਵਿਰਲੇ ਬਣਨ ਸਿਖਿਆਰਥੀ ਫਲਸਫੇ ਦੇ, ਬਾਬੇ ਪੂਜਣ ਦੀ ਕਈਆਂ ਦੀ ਅੜੀ ਰਹਿਣੀ।
ਕਥਾਕਾਰ ਤੇ ਕਲਮਾਂ ਬੇਵੱਸ ਹੋਈਆਂ, ਸਾਡੀ ਕੌਮ ਵਿਚ ਘੁਲਦੀ ਇਹ ਕੜ੍ਹੀ ਰਹਿਣੀ।
ਜਦੋਂ ਤੀਕ ਨਾ ਸਮਝਿਆ 'ਸ਼ਬਦ-ਗੁਰੂ' ਨੂੰ, ਗੁਰੂ ਡੰਮ ਦੀ ਗੁੱਡੀ ਹੀ ਚੜ੍ਹੀ ਰਹਿਣੀ।
ਗਿਆਨ ਲੈਣ ਦੀ ਥਾਂ ਗੁਰੂ ਗ੍ਰੰਥ ਜੀ ਤੋਂ, ਚਲਦੀ 'ਕੋਤਰ ਸੌ ਪਾਠਾਂ ਦੀ ਲੜੀ ਰਹਿਣੀ।

# ਪੰਜਾਬੀ ਪਛਾਣ ਵਿਚ ਭਾਸ਼ਾ ਦਾ ਰੋਲ

**ਮਨਮੋਹਨ**

ਪਛਾਣ ਦੇ ਸੰਕਲਪ ਨੂੰ ਨਵੇਂ ਢੰਗ ਨਾਲ ਯੱਕਲਾਕਾਂ ਨੇ ਉਠਾਇਆ। ਲਾਕਾਂ ਲਈ ਪਛਾਣ ਉਹ ਹੈ ਜੋ ਕਰਤੇ ਨੇ ਮੌਰੂਸੀ ਰੂਪ ਵਿਚ ਹਾਸਲ ਨਹੀਂ ਕੀਤੀ ਹੁੰਦੀ ਸਗੋਂ ਇਹ ਹੋਰਾਂ ਵੱਲੋਂ ਕਰਤੇ ਨੂੰ ਦੇਖਣ 'ਤੇ ਪ੍ਰਤੱਖਣ ਦੇ ਢੰਗ ਵਿਚੋਂ ਨਿਕਲੀ ਹੁੰਦੀ ਹੈ। ਇਸ ਲਈ ਇਹ ਗਲਪੀ ਉਸਾਰ ਹੈ। ਸਾਰੀਆਂ ਪਛਾਣਾਂ 'ਕਾਲਪਨਿਕ' ਹੁੰਦੀਆਂ ਹਨ, ਕਲਪਨਾ ਵਿਚ ਪਈ 'ਅ-ਪਛਾਣ' ਦੇ ਮੂਲ 'ਤੇ ਆਧਾਰਤ ਹੁੰਦੀਆਂ ਹਨ।

ਸੱਤਾ ਦੇ ਸੰਕਲਪ ਨੂੰ ਮਿਸ਼ੈਲ ਫੂਕੋ ਨੇ ਉਠਾਇਆ। ਉਸ ਦਾ ਵਿਚਾਰ ਹੈ ਕਿ ਸੱਤਾ ਹੀ ਮਨੁੱਖ ਨੂੰ ਕਾਬੂ ਰੱਖਣ ਦਾ ਸੌਖਾ ਢੰਗ ਹੈ। ਉਹ ਗਿਆਨ ਨੂੰ ਹੀ ਸੱਤਾ ਕਹਿੰਦਾ ਹੈ। ਸੱਤਾ ਦੇ ਅੰਗ ਜਿਵੇਂ ਕਲੀਨਿਕ, ਕਾਨੂੰਨ, ਸਿੱਖਿਆ, ਅਨੁਸ਼ਾਸਨ ਤੇ ਕਾਮੁਕਤਾ ਦੇ ਗਿਆਨ ਰਾਹੀਂ ਮਨੁੱਖੀ ਮਨ ਤੇ ਤਨ ਨੂੰ ਵੱਸ ਕਰਦੇ ਹਨ। ਇਸ ਲਈ ਸੱਤਾ ਕੇਵਲ ਉਹ 'ਸ਼ੈਅ' ਜਾਂ 'ਸਮਰੱਥਾ' ਨਹੀਂ ਜੋ ਜਾਂ ਤਾਂ ਸਟੇਟ, ਸਮਾਜਿਕ ਜਗਤ ਦੀ ਜਾਂ ਕਿਸੇ ਖਾਸ ਵਿਅਕਤੀ ਦੀ ਹੋਵੇ, ਬਲਕਿ ਇਹ ਸਭ ਸਮੂਹਾਂ ਵਿਚਕਾਰ ਸਬੰਧ ਹੁੰਦਾ ਹੈ, ਜੋ ਉਦੋਂ ਹੀ ਵਜੂਦ ਵਿਚ ਆਉਂਦਾ ਹੈ, ਜਦੋਂ ਇਸ ਨੂੰ ਅਮਲ ਵਿਚ ਲਿਆਇਆ ਜਾਂਦਾ ਹੈ। ਸੱਤਾ ਸਮਾਜਕ ਤੇ ਮਾਨਸਿਕ ਸੰਸਥਾਵਾਂ ਦੇ ਹਰ ਪੱਧਰ 'ਤੇ ਰਮੀ ਹੁੰਦੀ ਹੈ। ਇਹ 'ਦੂਜਿਆਂ/ਹੋਰਾਂ' ਦੇ ਕਰਮਾਂ ਉਪਰ ਕੀਤੇ ਕਰਮ ਦਾ ਪ੍ਰਤਿਰੂਪ ਹੈ। ਉਹ ਸੱਤਾ-ਗਿਆਨ ਨੂੰ ਇਤਿਹਾਸਕ ਰੂਪ ਵਿਚ ਤਿੰਨ ਰੂਪਾਂ ਵਿਚ ਦੇਖਦਾ ਹੈ-ਅਨੁਸ਼ਾਸਨੀ ਸੱਤਾ, ਜੈਵਿਕ ਸੱਤਾ ਤੇ ਹਾਕਮੀ ਸੱਤਾ।

ਫੂਕੋ ਅਨੁਸਾਰ ਗਿਆਨ ਨੂੰ ਹੁਕਮ ਵਿਚ ਲਿਆਉਣ ਦੇ ਕਈ ਤਰੀਕੇ ਹਨ। ਹਰ ਸਭਿਆਚਾਰ ਤੇ ਭਾਸ਼ਾ ਵਿਚ ਗਿਆਨ ਦੇ ਪ੍ਰਾਪਤ ਹੁਕਮ ਸੀਮਤ ਹਨ। ਹਮੇਸ਼ਾ ਬਦਲਵੇਂ ਹੁਕਮਾਂ ਦੀ ਸੰਭਾਵਨਾ ਰਹਿੰਦੀ ਹੈ। ਹੁਕਮ ਕਦੇ ਵੀ ਨਿਸ਼ਚਿਤ ਨਹੀਂ ਹੁੰਦੇ। ਹੁਕਮ ਟੁੱਟਦੇ ਹਨ। ਹੁਕਮ ਦੂਜੇ ਹੁਕਮਾਂ ਵਿਚ ਰੂਪਾਂਤਰਿਤ ਹੁੰਦੇ ਹਨ।

ਪੰਜਾਬੀ ਪਛਾਣ ਤੇ ਸੱਤਾ ਨੂੰ ਪੰਜਾਬੀ ਭਾਸ਼ਾ ਦੇ ਰੋਲ ਦੇ ਪ੍ਰਸੰਗ ਵਿਚ ਸਮਝਣ ਤੋਂ ਪਹਿਲਾਂ ਪੰਜਾਬੀ ਪਛਾਣ ਨੂੰ ਸਥਾਪਤ ਕਰਨ ਲਈ ਕਿਹੜੀਆਂ ਪਹੁੰਚਾਂ ਅਪਨਾਈਆਂ ਜਾਂਦੀਆਂ ਰਹੀਆਂ ਹਨ, ਉਸ ਬਾਰੇ ਜਾਣਨਾ ਬੜਾ ਜ਼ਰੂਰੀ ਹੈ।

ਪਹਿਲੀ ਪਹੁੰਚ ਤਾਂ ਪੰਜਾਬੀ ਪਛਾਣ ਨੂੰ ਖੇਤਰੀ ਤੇ ਸਥਾਨਕ ਪਰਿਪੇਖਾਂ ਤੋਂ ਪੰਜ ਦਰਿਆਵਾਂ ਦੀ ਧਰਤੀ 'ਤੇ ਰਹਿਣ ਵਾਲੀ ਲੋਕਾਈ ਨਾਲ ਜੋੜ ਕੇ ਪਛਾਣਨ ਦੀ ਹੈ। ਦੂਜੀ ਪਹੁੰਚ ਪੰਜਾਬ ਦੇ ਖ਼ਿੱਤੇ ਨੂੰ ਨਸਲੀ-ਪ੍ਰਤੀਕਾਂ ਨਾਲ ਜੋੜ ਕੇ ਦੇਖਣ ਦੀ ਹੈ ਜੋ ਇਕ ਤਰ੍ਹਾਂ ਦਾ 'ਨਸਲੀ-ਪ੍ਰਤੀਕਵਾਦੀ' ਦ੍ਰਿਸ਼ਟੀਕੋਣ ਹੈ। ਤੀਜੀ ਪਹੁੰਚ ਇਸ ਭੂਗੋਲਿਕ ਖੇਤਰ ਵਿਚ ਬਸਤੀਵਾਦੀ ਰਾਜ ਦੌਰਾਨ ਆਪਣੀ ਧਾਰਮਿਕ ਹੋਂਦ ਤੇ ਪਛਾਣ ਦੀ ਮੁੜ ਸਥਾਪਤੀ ਦੇ ਯਤਨਾਂ 'ਚੋਂ ਉਠੀਆਂ ਲਹਿਰਾਂ ਵੱਲੋਂ ਹਿੰਦੂ/ਮੁਸਲਿਮ/ਈਸਾਈ ਦਾਬੇ ਤੇ ਬ੍ਰਾਹਮਣੀ ਜੂਲੇ ਤੋਂ ਇਸ ਖ਼ਿੱਤੇ ਦੇ ਬਾਸ਼ਿੰਦਿਆਂ ਨੂੰ ਮੁਕਤ ਕਰਵਾਉਣ ਲਈ ਅਪਨਾਈ ਕਰਨਵਾਦੀ ਪਹੁੰਚ ਹੈ। ਇਹ ਪਹੁੰਚ ਇਸ ਖ਼ਿੱਤੇ ਦੇ ਲੋਕਾਂ ਨੂੰ ਸਜਾਤੀ ਭਾਈਚਾਰੇ ਵਜੋਂ ਦੇਖਦੀ ਹੈ। ਚੌਥੀ ਪਹੁੰਚ ਇਸ ਭੂਗੋਲਿਕ ਖੇਤਰ ਦੀ ਨਸਲੀ ਲੋਕਾਈ ਅਤੇ ਸਭਿਆਚਾਰ ਨੂੰ ਪੂਰਬਵਾਦੀ ਦ੍ਰਿਸ਼ਟੀ ਤੋਂ ਪੜ੍ਹਦੀ ਹੈ ਜਿਸ ਦੇ ਅਮੂਰਤਨ ਵਿਚ ਬਸਤੀਵਾਦ ਦਾ ਤਰਕ ਪਿਆ ਹੈ। ਐਡਵਰਡ ਸਈਦ ਇਸ ਨੂੰ ਪੂਰਬਵਾਦੀ ਵਿਦਵਤਾ ਕਹਿੰਦਾ ਹੈ ਜੋ ਸਮੁੱਚੇ ਪ੍ਰਵਚਨ ਰਾਹੀਂ ਕਾਲਿਕ ਪਛਾਣਾਂ ਨੂੰ ਬਸਤੀਵਾਦੀ ਰੂੜ੍ਹੀ ਭਾਸ਼ਾ 'ਚ ਸਮਝਦੀ ਹੈ, ਜਿਵੇਂ ਪੰਜਾਬੀਆਂ ਨੂੰ 'ਲੜਾਕੂ ਕੌਮ' ਦਾ ਲਕਬ ਦੇਣਾ ਆਦਿ।

ਪੰਜਵੀਂ ਪਹੁੰਚ ਪੰਜਾਬੀ ਪਰਵਾਸੀਆਂ ਨਾਲ ਸਬੰਧਤ ਹੈ। ਇਨ੍ਹਾਂ ਪੰਜਾਬੀਆਂ ਨੇ ਵਿਕਸਿਤ ਪੂੰਜੀਵਾਦੀ ਸਮਾਜਾਂ ਵਿਚ ਲੰਮੇ ਸਮਿਆਂ ਤੋਂ ਪਰਵਾਸ ਅਧੀਨ ਰਹਿ ਕੇ ਪੰਜਾਬੀ ਪਛਾਣ ਨੂੰ ਖੇਤਰੀਵਾਦ ਵਿਚੋਂ ਕੱਢ ਕੇ 'ਗਲੋਬਲ ਲੁੱਕ' ਦਿੱਤੀ ਹੈ।

ਪੰਜਾਬੀ ਪਛਾਣ ਨੂੰ ਸਥਾਪਤ ਕਰਨ ਵਿਚ ਸਿੱਖ ਗੁਰੂਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿਪੀ ਵਿਚ ਲਿਖਣ ਦੀ ਲੀਹ ਨੂੰ ਕਾਲਿਕ ਸੱਤਾ ਵਿਰੁਧ ਨਾਬਰੀ ਦੇ ਭਾਸ਼ਕ ਪ੍ਰਵਚਨ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਆਦਿ ਗ੍ਰੰਥ ਦੀ ਸੰਪਾਦਨਾ ਧਾਰਮਿਕ ਪ੍ਰਵਚਨ ਵਿਚ ਪੰਜਾਬੀ ਭਾਸ਼ਾ ਰਾਹੀਂ ਬ੍ਰਾਹਮਣੀ ਕਦਰਾਂ-ਕੀਮਤਾਂ ਤੇ ਮੁਗ਼ਲ ਸੱਤਾ ਦੇ ਵਿਰੁਧ ਇਕ ਭਾਸ਼ਕ ਵਿਰੋਧ ਹੀ ਤਾਂ ਸੀ। ਪੂਰੇ ਮੱਧਕਾਲ ਵਿਚ ਸੰਸਕ੍ਰਿਤ ਤੇ ਫਾਰਸੀ ਪ੍ਰਭਾਵਾਂ ਕਾਰਨ ਪੰਜਾਬੀ ਭਾਸ਼ਾ ਹਾਸ਼ੀਆਗ੍ਰਸਤ ਰਹੀ। ਮੁੱਖਧਾਰਾ ਜਾਂ ਸੱਤਾ ਦੇ ਪ੍ਰਵਚਨ ਦਾ ਹਿੱਸਾ ਨਹੀਂ ਬਣ ਸਕੀ। ਮਹਾਰਾਜਾ ਰਣਜੀਤ ਸਿੰਘ ਨੇ ਵੀ ਆਪਣੀ ਰਾਜ ਭਾਸ਼ਾ ਫਾਰਸੀ ਹੀ ਰੱਖੀ। ਅੰਗਰੇਜ਼ਾਂ ਨੇ ਉਰਦੂ ਤੇ ਅੰਗਰੇਜ਼ੀ ਨੂੰ ਪੰਜਾਬੀ ਲੋਕਾਂ ਦੀ ਜ਼ੁਬਾਨ ਬਣਾ ਦਿੱਤਾ। ਆਦਿ ਗ੍ਰੰਥ ਤੇ ਮੱਧਕਾਲੀ ਸਾਹਿਤ ਵਿਚ ਵਿਕੋਲਿਤਰੇ ਰੂਪਾਂ ਤੋਂ ਇਲਾਵਾ ਕਦੀ ਵੀ ਪੰਜਾਬੀ ਗਿਆਨ ਦੀ ਭਾਸ਼ਾ ਨਾ ਬਣ ਸਕੀ। ਕਦੇ ਵੀ ਪੰਜਾਬੀ ਵਿਚ ਗਿਆਨ ਨਾ ਪੈਦਾ ਕੀਤਾ, ਨਾ ਪ੍ਰਾਪਤ ਕੀਤਾ ਤੇ ਨਾ ਹੀ ਦਿੱਤਾ ਗਿਆ।

ਪੰਜਾਬ ਵਿਚ ਪੰਜਾਬੀਆਂ ਦੀ 'ਕੌਮ-ਰਾਜ' ਦੇ ਦੌਰ ਵਿਚ ਨਸਲੀ-ਧਾਰਮਿਕ ਪਛਾਣ ਪ੍ਰਤੀਕ ਆਧਾਰਤ ਰਹੀ ਹੈ। ਸਿੰਘ ਸਭਾ ਲਹਿਰ ਨੇ ਇਸ ਨੂੰ ਹੋਰ ਦ੍ਰਿੜ੍ਹ ਕੀਤਾ ਪਰ ਸਿੱਖਾਂ ਕੋਲ ਖੇਤਰੀ ਆਧਾਰ ਭਾਵ 'ਹੋਮਲੈਂਡ' ਦੀ ਕੋਈ ਸੰਕਲਪਨਾ ਨਹੀਂ ਸੀ ਬਣ ਸਕੀ। ਪੰਜਾਬੀ ਪੰਜਾਬ ਦੀ ਸਾਂਝੀ ਜ਼ੁਬਾਨ ਸੀ ਜਿਥੇ ਸਿੱਖ ਘੱਟਗਿਣਤੀ 'ਚ ਸਨ। ਸਿੱਖਾਂ ਨੇ ਆਪਣੀ ਪਛਾਣ ਦੀ ਕਾਇਮੀ ਲਈ ਜੋ ਯਤਨ ਕੀਤਾ, ਉਸ ਨਾਲ ਉਨ੍ਹਾਂ ਨੂੰ ਆਜ਼ਾਦ ਦੇਸ਼ ਦੇ ਨਾਲ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਵੀ ਮਿਲੀਆਂ ਪਰ ਇਸ ਸਿਸਟਮ ਵਿਚ ਵੀ ਸਟੇਟ ਤੇ ਕੇਂਦਰ ਦਾ ਰਾਜਨੀਤਕ ਦਾਬਾ ਕਾਇਮ ਰਿਹਾ ਜਿਸ ਨੇ ਪੰਜਾਬੀ ਪਛਾਣ ਨੂੰ ਪੂਰੀ ਤਰ੍ਹਾਂ ਸਥਾਪਤ ਨਾ ਹੋਣ ਦਿੱਤਾ ਕਿਉਂਕਿ ਇਸ ਵਿਚ ਆਜ਼ਾਦ ਭਾਰਤ ਵਿਚ ਪ੍ਰਧਾਨ ਮੰਤਰੀ ਨਹਿਰੂ ਵੱਲੋਂ ਅਪਨਾਏ ਸੈਕੂਲਰਿਜ਼ਮ ਦਾ ਸੰਕਲਪ ਆੜੇ ਆਉਂਦਾ ਸੀ।

ਨਹਿਰੂ ਦਾ ਆਧੁਨਿਕ ਭਾਰਤ ਦਾ ਵਿਚਾਰ ਵੀ ਬਸਤੀਵਾਦੀ ਆਧੁਨਿਕਤਾ ਨੂੰ ਇਕੋ ਵੇਲੇ ਤੱਜਣ ਤੇ ਅਪਨਾਉਣ ਦੇ ਦਵੰਦ ਦਾ ਸ਼ਿਕਾਰ ਸੀ। ਉਸ ਨੇ ਬਸਤੀਵਾਦੀ ਪ੍ਰਸ਼ਾਸਨਿਕ ਢਾਂਚਾ ਤਾਂ ਅਪਨਾ ਲਿਆ ਪਰ ਇਸ ਨੂੰ ਭਾਰਤੀ ਪ੍ਰਸੰਗਿਕਤਾ ਪ੍ਰਦਾਨ ਨਾ ਕਰ ਸਕਿਆ। ਭਾਰਤ ਹੁਣ ਪ੍ਰਭੁਸੱਤਈ, ਸਮਾਜਵਾਦੀ, ਧਰਮਨਿਰਪੇਖ, ਲੋਕਤਾਂਤਰਿਕ ਗਣਰਾਜ ਸੀ ਜਿੱਥੇ ਸਾਰੇ ਨਾਗਰਿਕਾਂ ਨੂੰ ਸਮਾਜਕ, ਆਰਥਿਕ, ਰਾਜਨੀਤਕ, ਨਿਆਂਇਕ, ਵਿਸ਼ਵਾਸ ਤੇ ਵਿਚਾਰ ਦੇ ਪ੍ਰਗਟਾਵੇ ਦੀ ਆਜ਼ਾਦੀ ਤੇ ਇਕਰੂਪ ਮੌਕਾ ਹਾਸਲ ਸੀ ਪਰ ਨਹਿਰੂ ਦਾ ਸੈਕੂਲਰਿਜ਼ਮ ਪੱਛਮ ਦੀ ਧਰਮਨਿਰਪੇਖਤਾ ਵਾਲਾ ਨਹੀਂ ਸੀ ਜੋ ਸੋਲ੍ਹਵੀਂ ਸਦੀ ਦੇ ਯੂਰਪ ਵਿਚ ਸਾਹਮਣੇ ਆਇਆ। ਪੱਛਮੀ ਧਰਮ-ਨਿਰਪੇਖਤਾ ਵਿਚ ਰਾਜ ਧਰਮ ਤੇ ਵਿਅਕਤੀ ਤਿੰਨੋਂ ਭਿੰਨ ਹਨ ਪਰ ਅੰਤਰ ਸਬੰਧਤ ਵੀ। ਵਿਅਕਤੀ ਤੇ ਧਰਮ ਵਿਚੋਂ ਰਾਜ ਮਨਫ਼ੀ ਹੈ ਜਿਸ ਵਿਚ ਵਿਅਕਤੀ ਦੇ ਧਾਰਮਿਕ ਅਧਿਕਾਰ ਸੁਰੱਖਿਅਤ ਹਨ। ਦੂਜਾ ਵਿਅਕਤੀ ਤੇ ਰਾਜ ਦੇ ਸਬੰਧਾਂ ਵਿਚ ਧਰਮ ਮਨਫ਼ੀ ਹੈ। ਇਸ ਵਿਚ ਹਰ ਨਾਗਰਿਕ ਦੇ ਬਰਾਬਰ ਅਧਿਕਾਰ ਹਨ, ਭਾਵੇਂ ਉਸ ਦਾ ਧਰਮ ਕੋਈ ਵੀ ਹੋਵੇ। ਤੀਜੇ ਇਸ ਵਿਚ ਰਾਜ ਤੇ ਸਮਾਜ ਦੇ ਸਬੰਧਾਂ ਤੇ ਧਰਮ ਵਿਚ ਰਾਜ ਦਾ ਕੋਈ ਦਖ਼ਲ ਨਹੀਂ ਪਰ ਨਹਿਰੂ ਨੇ ਇਸ ਨੂੰ ਤੋੜ-ਮਰੋੜ ਕੇ 'ਸਰਵ ਧਰਮ ਸੰਭਵ' ਦਾ ਸਿਧਾਂਤ ਅਪਨਾਇਆ ਜਿਸ ਨਾਲ ਧਰਮ-ਨਿਰਪੇਖਤਾ ਦੀ ਸਾਰੀ ਵਿਚਾਰਧਾਰਾ ਹੀ ਵਿਕ੍ਰਿਤ ਹੋ ਗਈ। ਇਸੇ ਵਿਚੋਂ ਹੀ ਸਾਰਾ ਭੰਬਲਭੂਸਾ ਪੈਦਾ ਹੋਇਆ।

ਪੰਜਾਬ ਭਾਰਤੀ ਸਟੇਟ ਦਾ ਹਿੱਸਾ ਤਾਂ ਬਣਿਆ ਪਰ ਇਸ ਵਿਚ ਪੰਜਾਬੀਅਤ ਦੀ ਉਹ ਪਛਾਣ ਗਾਇਬ ਸੀ ਜਿਸ ਦਾ ਆਧਾਰ ਪੰਜਾਬੀ ਭਾਸ਼ਾ ਹੋਵੇ। ਇਸੇ ਕਰਕੇ ਆਜ਼ਾਦੀ ਤੋਂ ਤੁਰੰਤ ਬਾਅਦ ਦੇਸ਼ ਵਿਚ ਭਾਸ਼ਾ ਦੇ ਆਧਾਰ 'ਤੇ ਅਲੱਗ ਰਾਜਾਂ ਦੀ ਮੰਗ ਉਠਣੀ ਸ਼ੁਰੂ ਹੋਈ। ਪੰਜਾਬ ਵਿਚੋਂ ਵੀ ਇਹ ਮੰਗ ਉਠਣੀ ਹੀ ਸੀ ਪਰ ਇਸ ਮੰਗ ਨੂੰ ਉਸ ਸਿੱਖ ਪਛਾਣ ਨਾਲ ਜੋੜ ਦਿੱਤਾ ਗਿਆ ਜੋ ਮੱਧਕਾਲ ਤੋਂ ਸਿੱਖ ਗੁਰੂਆਂ ਨੇ ਅਰੰਭ ਕੀਤੀ ਸੀ ਅਤੇ ਬਸਤੀਵਾਦ ਦੌਰਾਨ ਹਿੰਦੂ/ਮੁਸਲਿਮ/ਈਸਾਈ ਪਛਾਣਾਂ ਦੇ ਵਿਰੋਧ ਵਿਚ ਸਿੰਘ ਸਭਾ ਤੇ ਅਕਾਲੀਆਂ ਦੇ ਪਛਾਣ ਸਥਾਪਤੀ ਦੇ ਯਤਨਾਂ ਨਾਲ ਰੂੜ੍ਹ ਹੋਈ ਸੀ। ਪੰਜਾਬੀ ਭਾਸ਼ਾ ਇਸ ਰੂੜ੍ਹੀ ਦਾ ਸਭ ਤੋਂ ਵੱਡਾ ਤੇ ਅਹਿਮ ਜੁਜ਼ ਸੀ।

ਪੰਜਾਬੀਆਂ ਨੇ ਸੱਤਾ ਪ੍ਰਾਪਤੀ ਲਈ ਆਜ਼ਾਦ ਪੰਜਾਬ ਦੀ ਮੰਗ 1942 ਤੋਂ ਹੀ ਕਰਨੀ ਸ਼ੁਰੂ ਕਰ ਦਿੱਤੀ ਸੀ। ਮਾਰਚ 1946 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕਾਰਜਕਾਰਨੀ ਨੇ ਅਲੱਗ ਰਾਜ ਭਾਵ ਸਿੱਖ ਸਟੇਟ ਦੀ ਮੰਗ ਪਾਸ ਕੀਤੀ। ਆਜ਼ਾਦ ਭਾਰਤ ਵਿਚ ਪੰਜਾਬ ਰਾਜ ਵਿਚ ਸਿੱਖ ਘੱਟ ਗਿਣਤੀ (30 ਫੀਸਦੀ) ਸਨ ਤੇ ਭਾਰਤ ਦੀ ਰਾਸ਼ਟਰੀ ਭਾਸ਼ਾ ਹਿੰਦੀ ਸੀ। ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਸੱਤਾ ਪ੍ਰਾਪਤੀ ਦੇ ਡਿਜ਼ਾਇਨ ਨੂੰ ਪੰਜਾਬੀ ਭਾਸ਼ਾ ਆਧਾਰਿਤ ਸਟੇਟ ਦੀ ਮੰਗ ਵਿਚ ਲਪੇਟਿਆ ਤੇ ਰਾਜ ਪੁਨਰਗਠਨ ਕਮਿਸ਼ਨ ਵਿਚ ਪੰਜਾਬੀ ਭਾਸ਼ਾਈ ਸਟੇਟ ਦੀ ਮੰਗ ਕਰਕੇ ਕੇਂਦਰੀ ਸੱਤਾ ਮੂਹਰੇ ਨਾਬਰੀ ਦਾ ਪ੍ਰਵਚਨ ਉਸਾਰਿਆ ਕਿਉਂਕਿ ਪੰਜਾਬੀ ਭਾਸ਼ਾ ਪਹਿਲਾਂ ਹੀ ਸਿੱਖਾਂ ਨਾਲ ਜੋੜ ਦਿੱਤੀ ਗਈ ਸੀ। ਇਸ ਲਈ ਪੰਜਾਬ ਦੀ ਬਹੁਗਿਣਤੀ ਪੰਜਾਬੀ ਬੋਲਣ ਵਾਲੀ ਹਿੰਦੂ ਵਸੋਂ ਨੇ ਸਿੱਖਾਂ ਦੀ ਸੱਤਾ ਪ੍ਰਾਪਤੀ ਦੇ ਯਤਨਾਂ ਨੂੰ ਪਛਾਣਦਿਆਂ ਹੋਇਆਂ ਇਸ ਦਾ ਮਰਦਮਸ਼ੁਮਾਰੀ 'ਚ ਆਪਣੀ ਮਾਂ-ਬੋਲੀ ਹਿੰਦੀ ਲਿਖਵਾ ਕੇ ਲੁਕਵਾਂ ਵਿਰੋਧ ਕੀਤਾ।

ਇਸ ਦੇ ਵਿਰੋਧ ਵਿਚ ਸਿੱਖਾਂ ਨੇ ਪੰਜਾਬੀ ਸੂਬੇ ਦਾ ਮੋਰਚਾ ਲਾ ਦਿੱਤਾ। ਉਨ੍ਹਾਂ ਦੀ ਮੰਗ ਸੀ ਕਿ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ 'ਚ) ਤੇ ਸਭਿਆਚਾਰ ਦੀ ਪਛਾਣ ਦੇ ਆਧਾਰ 'ਤੇ ਪੰਜਾਬੀ ਸੂਬਾ ਘੜਿਆ ਜਾਵੇ। ਕਾਂਗਰਸ ਨੇ ਭੀਮ ਸੈਨ ਸੱਚਰ ਦੀ ਨਿਗਰਾਨੀ ਹੇਠ 'ਸੱਚਰ ਫਾਰਮੂਲਾ' ਤਿਆਰ ਕੀਤਾ ਕਿ ਪੰਜਾਬ ਨੂੰ ਪੰਜਾਬੀ ਤੇ ਹਿੰਦੀ ਬੋਲਣ ਵਾਲੇ ਜ਼ੋਨਾਂ ਵਿਚ ਵੰਡ ਦਿੱਤਾ ਜਾਵੇ। ਪੰਜਾਬੀ ਜ਼ੋਨ ਵਿਚ ਪੰਜਾਬੀ ਨੂੰ ਗੁਰਮੁਖੀ ਲਿਪੀ ਵਿਚ ਪੜ੍ਹਿਆ/ਲਿਖਿਆ ਤੇ ਲਾਗੂ ਕੀਤਾ ਜਾਵੇ ਤੇ ਹਿੰਦੀ ਜ਼ੋਨ ਵਿਚ ਹਿੰਦੀ ਨੂੰ ਦੇਵਨਾਗਰੀ ਲਿਪੀ ਵਿਚ ਪੜ੍ਹਿਆ ਲਿਖਿਆ ਤੇ ਲਾਗੂ ਕੀਤਾ ਜਾਵੇ। ਹਰ ਜ਼ੋਨ ਵਿਚ ਦੋਵਾਂ ਭਾਸ਼ਾਵਾਂ ਦੀ ਪੜ੍ਹਾਈ ਲਾਜ਼ਮੀ ਹੋਵੇਗੀ। ਇਹ ਫਾਰਮੂਲਾ ਸਿਧਾਂਤਕ ਰੂਪ ਵਿਚ ਆਦਰਸ਼ਕ ਸੀ ਪਰ ਸੱਤਾ ਵਿਚ ਬੈਠੀ ਹਿੰਦੂ ਵੱਧ ਗਿਣਤੀ ਨੂੰ ਇਹ ਫਾਰਮੂਲਾ ਸਵੀਕਾਰ ਨਹੀਂ ਸੀ। ਹੋਇਆ ਉਹੋ ਹੀ ਜੋ ਪਹਿਲਾਂ ਦੱਸਿਆ ਗਿਆ ਹੈ ਕਿ ਪੰਜਾਬੀ ਬੋਲਣ ਵਾਲੀ ਹਿੰਦੂ ਵੱਧ ਗਿਣਤੀ ਨੇ ਆਪਣੀ ਸੱਤਾ ਨੂੰ ਬਰਕਰਾਰ ਰੱਖਣ ਲਈ ਮਾਂ-ਬੋਲੀ ਹਿੰਦੀ ਲਿਖਵਾਈ। ਹਿੰਦੂ ਬਹੁਗਿਣਤੀ ਦੇ ਸਾਰੇ ਅੰਗਾਂ ਚਾਹੇ ਉਹ ਪ੍ਰੈਸ ਹੋਵੇ, ਅਫ਼ਸਰਸ਼ਾਹੀ ਜਾਂ ਰਾਜਨੀਤਕ ਲੀਡਰਸ਼ਿਪ, ਨੇ ਇਸ ਧਰੋਹ ਦੀ ਹਮਾਇਤ ਕੀਤੀ।

ਇਸ ਦੇ ਫਲਸਰੂਪ 1 ਨਵੰਬਰ 1966 ਨੂੰ ਪੰਜਾਬ ਨੂੰ ਪੰਜਾਬੀ ਭਾਸ਼ਾ ਬੋਲਣ ਵਾਲਾ ਪੰਜਾਬ ਤੇ ਹਿੰਦੀ ਭਾਸ਼ਾ ਬੋਲਣ ਵਾਲੇ ਹਰਿਆਣਾ ਤੇ ਹਿਮਾਚਲ ਵਿਚ ਵੰਡ ਦਿੱਤਾ ਗਿਆ। ਨਵੇਂ ਪੰਜਾਬੀ ਬੋਲਣ ਵਾਲੇ ਪੰਜਾਬ ਦੇ ਹਿੱਸੇ 41 ਫੀਸਦੀ ਇਲਾਕਾ ਤੇ 55 ਫੀਸਦੀ ਜਨ-ਸੰਖਿਆ ਆਈ ਪਰ ਵਿਡੰਬਨਾ ਇਹ ਰਹੀ ਕਿ ਪੰਜਾਬ ਵਿਚ ਵੱਧ ਗਿਣਤੀ ਸੱਤਾ ਨੇ ਘੱਟਗਿਣਤੀ ਤੇ ਵੱਖਰੀ ਪਛਾਣ ਮਿਲਣ ਦੇ ਬਾਵਜੂਦ ਪੰਜਾਬੀ ਭਾਸ਼ਾ ਅਜੇ ਤੱਕ ਹਾਸ਼ੀਏ ਵਾਲੀ ਸਥਿਤੀ ਵਿਚ ਰਹੀ ਤੇ ਹੁਣ ਵੀ ਹੈ। ਕੀ ਇਸ ਹਾਸ਼ੀਏਪਨ ਦੇ ਕਾਰਨ ਕਾਲਿਕ ਸੱਤਾ ਵਿਚ ਪਏ ਹਨ, ਇਸ ਨੂੰ ਜਾਣਨਾ ਜ਼ਰੂਰੀ ਹੈ। ਦੂਜਾ ਅਕਾਲੀਆਂ ਦਾ ਪੰਜਾਬੀ ਭਾਸ਼ਾ ਦੀ ਮੰਗ ਦੇ ਪਰਦੇ 'ਚ ਸੱਤਾ ਵਿਚ ਆਉਣ ਦਾ ਸੁਪਨਾ ਪੂਰੀ ਤਰ੍ਹਾਂ ਸਾਕਾਰ ਨਹੀਂ ਹੋਇਆ।

ਇਹ ਜਾਣਨ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਭਾਸ਼ਾ ਤੇ ਗਿਆਨ ਵਿਚ ਫ਼ਰਕ ਹੈ। ਭਾਸ਼ਾ ਦੀ ਪੈਦਾਇਸ਼ ਆਮ ਆਦਮੀ ਤੇ ਮਿਹਨਤਕਸ਼ ਕਰਦਾ ਹੈ। ਗਿਆਨ ਸੱਤਾ ਨਾਲ ਜੁੜਿਆ ਮਸਲਾ ਹੈ। ਦੁਨੀਆਂ ਵਿਚ ਛੋਟੇ ਛੋਟੇ ਮੁਲਕਾਂ ਨੇ ਆਪਣੀਆਂ ਭਾਸ਼ਾਵਾਂ ਅਪਨਾ ਕੇ ਪ੍ਰਗਤੀ ਕੀਤੀ। ਇਸ ਪ੍ਰਗਤੀ ਵਿਚ ਉਨ੍ਹਾਂ ਦੀ ਵਿਕਸਤ ਆਰਥਿਕਤਾ ਨੇ ਵੀ ਅਹਿਮ ਰੋਲ ਨਿਭਾਇਆ ਸੀ। ਆਰਥਿਕ ਤੌਰ 'ਤੇ ਵਿਕਸਤ ਹੋ ਕੇ ਹੀ ਉਹ ਆਪਣੀ ਭਾਸ਼ਾ ਦਾ ਮਹੱਤਵ ਪਛਾਣ ਸਕੇ। ਇੰਜ ਅਸਲ ਵਿਚ ਘੁੰਡੀ ਇਹ ਹੈ ਕਿ ਤਰੱਕੀ ਹਰ ਭਾਸ਼ਾ ਨਹੀਂ ਕਰਦੀ, ਸਗੋਂ ਉਹ ਭਾਸ਼ਾ ਕਰਦੀ ਹੈ ਜਿਸ ਦੇ ਹੁਕਮ ਰਾਹੀਂ ਸੱਤਾ ਆਪਣੀ ਹਕੂਮਤ ਚਲਾਉਂਦੀ ਹੈ। ਹਕੂਮਤ ਲਈ ਭਾਸ਼ਾ ਕੋਈ ਵੱਡਾ ਮਸਲਾ ਨਹੀਂ ਹੁੰਦਾ ਪਰ ਇਸ ਨੂੰ ਪਤਾ ਹੁੰਦਾ ਹੈ ਕਿ ਲੋਕਾਂ ਦੇ ਮਨ ਤੇ ਤਨ ਨੂੰ ਕਿਵੇਂ ਕਾਬੂ 'ਚ ਰੱਖਣਾ ਹੈ ਜਿਵੇਂ ਮੁਗ਼ਲਾਂ ਤੇ ਅੰਗਰੇਜ਼ ਨੂੰ ਪਤਾ ਸੀ ਕਿ ਰਾਜ ਕਿਵੇਂ ਕਰਨਾ ਹੈ ਤੇ ਕਿਸ ਭਾਸ਼ਾ ਵਿਚ ਕਰਨਾ ਹੈ। ਆਖਿਰ ਹਕੂਮਤ ਕਰ ਰਹੀ ਸੱਤਾ ਕਿਉਂ ਚਾਹੁੰਦੀ ਕਿ ਪੰਜਾਬੀ ਭਾਸ਼ਾ ਹਕੂਮਤ ਦੀ ਸਥਿਤੀ ਵਿਚ ਰਹੇ ਅਤੇ ਹਾਕਮੀ ਸੰਚਾਰ ਪ੍ਰਬੰਧ ਦਾ ਹਿੱਸਾ ਬਣੇ।

ਇਸ ਦਾ ਕਾਰਨ ਹੈ ਕਿ ਪੰਜਾਬੀ ਭਾਸ਼ਾ ਨਾਲ ਪੰਜਾਬੀ ਬੰਦੇ ਦੀ ਪਛਾਣ ਤਾਂ ਕਾਇਮ ਕੀਤੀ ਜਾ ਸਕਦੀ ਹੈ, ਉਸ ਦਾ ਢਿੱਡ ਨਹੀਂ ਭਰਿਆ ਜਾ ਸਕਦਾ। ਇਸ ਨਾਲ ਜੁੜੀ ਆਰਥਿਕਤਾ ਦਾ ਪਹਿਲੂ ਮਹੱਤਵਪੂਰਨ ਹੈ। ਪੰਜਾਬੀ ਭਾਸ਼ਾ ਨੂੰ ਪੇਟ ਪਾਲਣ ਦੀ ਲੜਾਈ, ਇਸ ਨਾਲ ਜੁੜੇ ਸਿੱਖਿਆ ਦੇ ਸੰਘਰਸ਼ ਰਾਹੀਂ ਗਿਆਨ ਦੀ ਭਾਸ਼ਾ ਬਣਾ ਕੇ ਹੀ ਹੋ ਸਕਦੀ ਹੈ। ਮਿਸ਼ੈਲ ਫੂਕੋ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਗਿਆਨ ਹੀ ਸੱਤਾ ਹੈ।

ਪੰਜਾਬੀ ਭਾਸ਼ਾ ਸਭਿਆਚਾਰਕ ਭਾਵੁਕਤਾ ਦੀ ਭਾਸ਼ਾ ਤਾਂ ਹੈ, ਰੋਮਾਂਸ ਦਾ ਕਥਨ ਤਾਂ ਸਿਰਜ ਸਕਦੀ ਹੈ, ਗਿਆਨ ਦਾ ਪ੍ਰਵਚਨ ਸਿਰਜ ਸਕਣ ਦੇ ਸਮਰੱਥ ਨਹੀਂ ਕਿਉਂਕਿ ਇਹ ਚਿੰਤਨ ਦੀ ਭਾਸ਼ਾ ਨਹੀਂ। ਇਸ ਰਾਹੀਂ ਚੇਤਨ ਸਿੱਖਿਆ ਪ੍ਰਾਪਤੀ/ਦੇਣੀ

(ਬਾਕੀ ਸਫਾ 17 'ਤੇ)

# ਮੀਡੀਆ 'ਚ ਜਨ-ਪ੍ਰਵਚਨ:ਰਤਨ ਟਾਟਾ ਦੇ ਵਿਚਾਰਧਾਰਕ ਅਵਤਾਰ

ਰਾਜੇਸ਼ ਸ਼ਰਮਾ*

ਪ੍ਰੌਨ ਜਾਂ ਕਾਮ ਉਕਸਾਊ ਰਚਨਾਵਾਂ ਦੀ ਤਰ੍ਹਾਂ ਮੀਡੀਆ ਵਿਚਲਾ ਜਨ-ਪ੍ਰਵਚਨ ਇਨਸਾਨ ਨੂੰ ਭਰਮ ਦੀ ਅਵਸਥਾ ਵਿਚ ਧੱਕਣ ਵਾਲਾ, ਜਿਸਮਾਨੀ ਪੱਧਰ ਦੇ ਝੱਸ ਦੀ ਪੂਰਤੀ ਕਰਨ ਵਾਲਾ ਅਤੇ ਅਕਸਰ ਹੀ ਹੱਦ ਦਰਜ਼ੇ ਦੀ ਬੋਰੀਅਤ ਪੈਦਾ ਕਰਨ ਵਾਲਾ ਬਣ ਗਿਆ ਹੋਇਆ ਹੈ ਪਰ ਮੈਨੂੰ ਲਗਦਾ ਹੈ ਕਿ ਵਿਚਾਰਧਰਕ ਵਰਤਾਰੇ ਦੇ ਤੌਰ 'ਤੇ ਇਹ ਸ਼ਾਇਦ ਪ੍ਰੌਨ ਨਾਲੋਂ ਵੀ ਕਿਤੇ ਵਧੇਰੇ ਨੁਕਸਾਨਦਾਇਕ ਅਤੇ ਜ਼ਹਰੀਲਾ ਹੋਵੇ। (ਵੈਸੇ ਪ੍ਰੌਨ ਰਚਨਾਵਾਂ ਦਾ ਕੋਈ ਬਹੁਤ ਮਾੜਾ ਅਸਰ ਹੈ-ਇਸ ਬਾਰੇ ਮੈਂ ਅਜੇ ਕਿਸੇ ਸਿੱਟੇ 'ਤੇ ਪਹੁੰਚਿਆ ਨਹੀਂ)। 24 ਘੰਟੇ ਅਤੇ ਸੱਤੇ ਦਿਨ ਖਬਰਾਂ ਦੇਣ ਦੀ ਮਜ਼ਬੂਰੀ ਤੇ ਹਰ ਵੇਲੇ, ਹਰ ਘੜੀ ਕੋਈ ਨਾ ਕੋਈ ਨਵੀਂ ਖਬਰ ਕੱਢਣ ਦਾ ਲਾਲਚ ਮੀਡੀਆ ਕੋਲ ਵਿਹਲ ਦੀ ਕੋਈ ਘੜੀ ਨਹੀਂ ਛੱਡਦਾ ਜਿਸ ਵਿਚ ਕਿ ਉਹ ਮਹਾਨ ਦਾਰਸ਼ਨਿਕ ਸੁਕਰਾਤ ਦੇ ਕਥਨ ਅਨੁਸਾਰ-ਆਪਣੀ ਹੋਂਦ ਦੇ ਤਰਕ ਜਾਂ ਕਾਰਗਰਦਗੀ ਦੀ ਪੜਚੋਲ ਕਰ ਸਕੇ ਅਤੇ ਇਸ ਚੀਜ਼ ਬਾਰੇ ਗੰਭੀਰਤਾ ਨਾਲ ਸੋਚ ਸਕੇ ਕਿ ਉਹ ਆਪਣਾ ਕਾਰੋਬਾਰ ਕਿੰਜ ਚਲਾਉਂਦਾ ਹੈ।

ਸ਼ਾਇਦ ਇਹ ਆਦਮੀ (ਜਾਂ ਉਸਦਾ ਜੋ ਕੁਝ ਵੀ ਬਚਿਆ ਹੈ) ਵਿਚ ਹੀ ਸੰਭਵ ਹੈ ਕਿ ਅਸੀਂ ਮਹੀਨੇ-ਦੋ ਮਹੀਨੇ ਪੁਰਾਣੀ ਕਿਸੇ ਖਬਰ ਨੂੰ ਚਿੰਬੜ ਕੇ ਬੈਠੇ ਰਹੀਏ। ਅੱਜ ਮੀਡੀਆ 'ਜਨਤਕ ਖੇਤਰ' ਉਪਰ ਕੁਝ ਇਸ ਤਰ੍ਹਾਂ ਛਾਇਆ ਹੋਇਐ ਜਿਵੇਂ ਉਹ ਕੋਈ "ਅਵੈਧ ਬਾਪ" ਹੋਵੇ, ਇਕ ਅਜਿਹੀ ਸੱਤਾ ਜੋ ਇਤਰਾਜ਼ਯੋਗ ਅਤੇ ਰਾਖਸ਼ੀ ਆਭਾ ਵਾਲੀ ਵੀ ਹੈ ਅਤੇ ਜੋ ਇੱਛਾਵਾਂ ਨੂੰ ਨਿਰੰਤਰ ਭੜਕਾਉਂਦੀ ਵੀ ਹੈ ਅਤੇ ਉਨ੍ਹਾਂ ਦੀ ਪੂਰਤੀ ਨੂੰ ਲਗਾਤਾਰ ਅਗਾਂਹ ਵੀ ਪਾਉਂਦੀ ਚਲੀ ਜਾਂਦੀ ਹੈ। ਇਸ ਦਾ ਚੱਕਰ ਇਕ ਅਜਿਹੇ ਗਾਰੰਟਰ ਵਾਂਗ ਵੀ ਹੈ ਜੋ ਸਮਾਧਾਨਾਂ ਦੀ ਨਾ-ਪ੍ਰਾਪਤੀ ਨੂੰ ਸਦੀਵੀ ਬਣਾਈ ਰੱਖਦੈ ਜਾਂ ਇਕ ਅਜਿਹਾ ਰੱਬ ਜੋ ਧਰਮ ਦੀ ਪੁਨਰ ਸਥਾਪਨਾ ਲਈ ਅਵਤਾਰ ਧਾਰਦਾ ਹੈ ਪਰ ਜਿਸ ਦਾ ਅਵਤਾਰ ਧਾਰਨਾ ਅਧਰਮ ਦੀ ਨਿੰਰਤਰ ਵਾਪਸੀ ਦੇ ਸਦੀਵੀ ਨਿਯਮ ਨੂੰ ਹੀ ਸਾਬਤ ਕਰਦੈ। ਇਸ ਤਰ੍ਹਾਂ ਮੀਡੀਆ ਹਰ ਸੰਕਟ ਦੇ ਸਿਰੇ ਜਾਣ ਤੇ ਪੈਦਾ ਹੋਣ ਵਾਲੀਆਂ ਸੰਭਾਵਨਾਵਾਂ ਨੂੰ ਮਨਫੀ ਕਰ ਕੇ ਉਨ੍ਹਾਂ ਨੂੰ ਧਾਰਹੀਣ ਕਰਨ ਦਾ ਕੰਮ ਕਰਦੈ। ਇਹ ਵਿਰੋਧੀ ਸੁਰਾਂ ਲਈ ਅਜਿਹਾ ਪਰਦਾ ਬਣ ਜਾਂਦਾ ਹੈ ਜਿਸ ਉਪਰ ਇਹ ਸੁਰ ਨੁਮਾਇਆ ਹੀ ਨਹੀਂ ਹੁੰਦੇ ਸਗੋਂ ਜਿਸ ਦੀ ਆੜ ਵਿਚ ਅਤੇ ਜਿਸ ਦੇ ਪਿੱਛੇ ਇਹ ਸੁਰ ਲੁਕ ਵੀ ਜਾਂਦੇ ਹਨ, ਗਾਇਬ ਵੀ ਹੋ ਜਾਂਦੇ ਹਨ। ਮੀਡੀਆ ਦੇ ਇਹ ਦੋਵੇਂ ਕਾਰਜ ਜੌੜੇ ਭਰਾਵਾਂ ਵਾਂਗ ਹਨ ਜਿਨ੍ਹਾਂ ਦਾ ਗਰਭਾਧਾਨ ਇਕੱਠਾ ਹੁੰਦੈ, ਜੋ ਗਰਭ ਵਿਚ ਪਲਦੇ ਇਕੱਠੇ ਹਨ ਅਤੇ ਜੋ ਜਨਮ ਵੀ ਇਕੱਠੇ ਲੈਂਦੇ ਹਨ। ਕਿਸੇ ਅਜਿਹੇ ਰੱਬ ਦੀ ਤਰ੍ਹਾਂ ਜੋ ਦੋਹਰਾ ਅਵਤਾਰ ਧਾਰਦਾ ਹੋਵੇ-ਦੇਵਤੇ ਤੇ ਦਾਨਵ ਦਾ।

2 ਜਨਵਰੀ 2011-ਚੇਨਈ ਵਿਚ ਭਾਰਤੀ ਵਿਗਿਆਨ ਕਾਂਗਰਸ ਵਲੋਂ ਪ੍ਰੈਸ ਨੋਟ ਜਾਰੀ ਕੀਤਾ ਜਾਂਦਾ ਹੈ: "ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸ੍ਰੀ ਰਤਨ ਟਾਟਾ ਨੂੰ ਜਵਾਹਰਲਾਲ ਨਹਿਰੂ ਐਵਾਰਡ ਨਾਲ ਸਨਮਾਨਤ ਕਰਨਗੇ। ਇਹ ਐਵਾਰਡ ਸ੍ਰੀ ਟਾਟਾ ਨੂੰ ਭਾਰਤੀ ਸਮਾਜ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਅਤੇ ਨੈਨੋ ਕਾਰ ਬਣਾਉਣ ਲਈ ਦਿੱਤਾ ਜਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਕਥਿਤ ਮਹਾਨ ਘਾਲਣਾ ਸਦਕਾ ਆਮ ਆਦਮੀ ਲਈ ਵੀ ਕਾਰ ਰੱਖਣੀ ਆਸਾਨ ਹੋ ਗਈ।" ਸ਼ਾਇਦ ਯਾਦ ਕਰਾਉਣ ਦੀ ਲੋੜ ਨਹੀਂ ਕਿ ਸਿਰਫ ਕੁਝ ਦਿਨ ਪਹਿਲਾਂ ਰਤਨ ਟਾਟਾ ਦਾ ਨਾਂ ਫੋਨ ਟੈਪਿੰਗ ਕਾਂਡ ਦੇ ਸੰਬੰਧ ਵਿਚ ਮੀਡੀਆ ਵਿਚ ਚਰਚਿਤ ਸੀ, ਜਿਸ ਕਾਂਡ ਦੀ ਮੁੱਖੀ ਖਲਨਾਇਕਾ ਨੀਰਾ ਰਾਡੀਆ ਹੈ। ਸ਼ੇਖਰ ਗੁਪਤਾ ਨੇ ਐਨ.ਡੀ.ਟੀ.ਵੀ. ਉਪਰ ਟਾਟਾ ਨੂੰ 'ਵਾਕ ਦਾ ਟਾਕ ਵਿਦ ਸ਼ੇਖਰ ਗੁਪਤਾ' ਸਿਰਲੇਖ ਹੇਠਲੇ ਪ੍ਰੋਗਰਾਮ ਵਿਚ ਇੰਟਰਵਿਊ ਕੀਤਾ। ਇਸ ਦੀ ਟੈਕਸਟ 27 ਨਵੰਬਰ 2010 ਨੂੰ ਚੈਨਲ ਦੀ ਵੈਬਸਾਈਟ ਉਪਰ ਪਾ ਦਿੱਤੀ ਗਈ। ਅਸੀਂ ਇਸ ਨੂੰ ਜਨਤਕ ਪ੍ਰਵਚਨ ਵਜੋਂ ਸਮਝਣ ਦੀ ਕੋਸ਼ਿਸ਼ ਕਰਾਂਗੇ। ਇਸ ਤੋਂ ਪਹਿਲਾਂ, ਥੋੜ੍ਹੀ ਦੇਰ ਲਈ ਵਾਪਸ ਚੇਨਈ ਤੋਂ ਜਾਰੀ ਕੀਤੇ ਪ੍ਰੈਸ ਨੋਟ ਵੱਲ ਚੱਲਦੇ ਹਾਂ।

ਕੁਝ ਚੀਜ਼ਾਂ ਕਾਫੀ ਰੌਚਕ ਹਨ। ਮਸਲਨ ਨੈਨੋ ਕਾਰ ਲਈ ਇਹ ਇਨਾਮ ਅਜਿਹੇ ਸਮੇਂ ਦਿੱਤਾ ਜਾਂਦਾ ਹੈ ਜਦੋਂ ਕੰਪਨੀ ਇਸ "ਲੋਕ ਕਾਰ" ਨੂੰ ਵੇਚਣ ਲਈ ਵਿਆਪਕ ਅਤੇ ਜੰਗੀ-ਪੱਧਰ ਤੇ ਵਿਗਿਆਪਨ ਮੁਹਿੰਮ ਛੇੜਦੀ ਹੈ। ਕਾਰਨ ਇਹ ਵੀ ਹੈ ਕਿ ਮੀਡੀਆ ਵਿਚ ਪ੍ਰਕਾਸ਼ਿਤ ਕੁਝ ਖਬਰਾਂ ਅਨੁਸਾਰ ਇਸ ਲੋਕ ਕਾਰ ਨੇ ਆਮ ਆਦਮੀ ਨੂੰ ਖਿੱਚਿਆ ਨਹੀਂ ਅਤੇ ਇਸ ਦੀ ਵਿਕਰੀ ਡੁੱਬ ਰਹੀ ਹੈ। ਕਮਾਲ ਦੀ ਗੱਲ ਹੈ ਕਿ ਨਹਿਰੂ ਦਾ ਬਿੱਲਾ ਅੱਜ ਵੀ ਯਾਨਿ ਉਤਰ-ਨਹਿਰੂਵਾਦੀ ਭਾਰਤੀ ਬਾਜ਼ਾਰ ਵਿਚ ਵੀ, ਕੁਝ ਮੁੱਲ ਰੱਖਦਾ ਹੈ। ਵੈਸੇ, ਜੇ ਇਹ ਮੁਹਿੰਮ ਅਸਫਲ ਵੀ ਹੋ ਜਾਂਦੀ ਹੈ ਅਤੇ ਸਬੰਧਤ ਕਾਰ ਬਾਜ਼ਾਰ ਵਿਚ ਡੁੱਬ ਜਾਂਦੀ ਹੈ ਤਾਂ ਵੀ ਫਾਇਦਾ ਹੈ-ਟਾਟਾ ਗਰੁਪ ਦੁਆਰਾ "ਲੋਕਾਂ" ਦੀ ਖਾਤਿਰ ਲਏ ਇਸ ਭਾਰੇ ਜੋਖਿਮ ਨੂੰ ਇਤਿਹਾਸ ਦੇਸ਼ ਦੀ ਖਾਤਿਰ ਦਿੱਤੀ ਕੁਰਬਾਨੀ ਵਜੋਂ ਦਰਜ ਕਰ ਸਕਦਾ ਹੈ।

ਪਰ ਇਹ ਤਾਂ ਛੋਟੀਆਂ ਗੱਲਾਂ ਹਨ। ਵੱਡੀ ਗੱਲ ਹੈ ਟਾਟਾ ਦੀ ਨੈਨੋ ਕਾਰ ਅਤੇ ਕੇਂਦਰ ਦੀ ਯੂ.ਪੀ.ਏ. ਸਰਕਾਰ ਵੱਲੋਂ ਆਮ ਆਦਮੀ ਦੀ ਮਿੱਥ ਨੂੰ ਟਾਂਕੇ ਲਾ ਕੇ ਆਪਸ ਵਿਚ ਜੋੜਨ ਦਾ ਉਪਰਾਲਾ। ਜੇ ਦੇਖਣ ਵਾਲੀਆਂ ਅੱਖਾਂ ਹੋਣ ਤਾਂ ਟਾਂਕਿਆਂ ਵਿਚਕਾਰਲੀਆਂ ਵਿੱਥਾਂ ਵਿਚੋਂ ਦੀ ਕਾਰਪੋਰੇਟ ਪੂੰਜੀਵਾਦ ਅਤੇ ਸੰਸਦੀ ਲੋਕਤੰਤਰ ਦੇ ਇਸ ਸਾਜ਼ਿਸ਼ੀ ਗੰਢ-ਚਿਤਰਾਵੇ ਦੀ ਪੂਰੀ ਵੀਡੀਓ ਫਿਲਮ ਦੇਖੀ ਜਾ ਸਕਦੀ ਹੈ। ਮਨਮੋਹਨ ਸਿੰਘ ਸਰਕਾਰ ਦੀ ਆਮ ਆਦਮੀ ਦੀ ਇਸ ਮਿੱਥ ਵਿਚ ਸਾਡੇ ਸਮਿਆਂ ਦੇ ਮਹਾਨ ਚਿੰਤਕ ਰੌਲਾ ਬਾਰਤ ਦੇ ਆਧੁਨਿਕ ਮਿੱਥਾਂ ਦੇ ਅਧਿਐਨ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ। ਇਹ ਮਿੱਥ ਲਚਕੀਲੀ ਵੀ ਬਹੁਤ ਹੈ ਕਿਉਂਕਿ ਇਤਿਹਾਸ ਨੂੰ ਇਸ ਵਿਚੋਂ ਬਾਹਰ ਕੱਢ ਮਾਰਿਆ ਗਿਆ ਹੈ। ਲਚਕੀਲੇਪਨ ਦਾ ਸਦਕਾ ਹੀ "ਆਮ ਆਦਮੀ" ਨੈਨੋ ਦੇ ਨਾਲ-ਨਾਲ ਦੁਪਹਿਰੀ ਭੋਜਨ ਦੀ ਮੁਫਤ ਰੋਟੀ ਆਪਣੇ ਬੱਚਿਆਂ ਲਈ ਲੋਚਦਾ ਹੈ ਅਤੇ ਨਰੇਗਾ ਸਕੀਮ ਅਧੀਨ 100 ਦਿਨਾਂ ਦੇ ਰੋਜ਼ਗਾਰ ਦੀ ਆਪ ਉਮੀਦ ਕਰਦਾ ਹੈ। ਜੇ ਅੱਜ ਦੀਆਂ ਕਾਬਜ ਧਿਰਾਂ ਦਾ ਇਹੋ ਪੁਨਰ-ਸਿਰਜਤ "ਆਮ ਆਦਮੀ" ਹੈ ਤਾਂ ਉਨ੍ਹਾਂ ਲੋਕਾਂ ਨੂੰ ਕਿੱਥੇ ਰੱਖੋਗੇ ਜਿਨ੍ਹਾਂ ਕੋਲ ਖਾਣ ਲਈ ਰੋਟੀ ਨਹੀਂ, ਸਿਰ ਢੱਕਣ ਲਈ ਛੱਪਰ ਨਹੀਂ ਅਤੇ ਜੋ ਕਿਸੇ ਮਜਬੂਰੀਵੱਸ ਕੁਝ ਹਜ਼ਾਰ ਰੁਪਏ ਉਧਾਰ ਲੈ ਕੇ ਖੁਦਕੁਸ਼ੀ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ? ਕਿਉਂਕਿ ਇਸ ਤਰਕ ਅਨੁਸਾਰ ਉਹ ਨਾ ਤਾਂ "ਆਮ" ਹਨ ਤੇ ਨਾ ਹੀ "ਆਦਮੀ"। ਇਹੀ ਕਹਿਣਾ ਠੀਕ ਹੋਵੇਗਾ ਕਿ ਉਹ ਤਾਂ ਦੇਸ਼ ਦੀ ਕੰਡਮ ਕਰਨ ਯੋਗ ਵਸੋਂ ਹਨ।

ਰਤਨ ਟਾਟਾ ਦੀ ਇੰਟਰਵਿਊ ਦੀ ਪਿੱਠਭੂਮੀ 26/11 ਦੇ ਦਹਿਸ਼ਤਵਾਦੀ ਹਮਲੇ ਦੀ ਦੂਜੀ ਵਰ੍ਹੇਗੰਢ ਵੀ ਹੈ। ਸ਼ੇਖਰ ਗੁਪਤਾ ਇਹ ਖਾਸ ਤੌਰ ਤੇ ਕਹਿੰਦਾ ਹੈ ਕਿ ਰਤਨ ਟਾਟਾ ਦੇ ਠੀਕ ਪਿੱਛੇ ਇਕ ਸੱਚਾਈ ਦੀ ਮੋਮਬੱਤੀ ਜਲ ਰਹੀ ਹੈ। ਇਉਂ ਦੇਸ਼ ਭਗਤੀ ਦਾ ਜਜ਼ਬਾ, ਟਾਟਾ ਦੇ "ਸੱਚ-ਕਥਨ" ਦੇ ਫਰੇਮ ਵਜੋਂ ਕੰਮ ਕਰਦਾ ਹੈ। ਦੂਜੀ ਪਿੱਠਭੂਮੀ ਹੈ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੁਆਰਾ ਕੀਤੀ ਭਾਰਤ ਦੀ ਪ੍ਰਸ਼ੰਸਾ ਜਿਸ ਵਿਚ ਟਾਟਾ ਦੇ ਕਹਿਣ ਅਨੁਸਾਰ ਉਸ ਨੇ ਭਾਰਤ ਨੂੰ ਨਵੀਂ "ਉਭਰ ਰਹੀ" ਤਾਕਤ ਦੀ ਥਾਂ "ਉਭਰ ਚੁੱਕੀ" ਤਾਕਤ ਵਜੋਂ ਮਾਨਤਾ ਦਿੱਤੀ ਹੈ। ਓਬਾਮਾ ਦੀ ਪ੍ਰਸ਼ੰਸਾ ਦਾ ਜ਼ਿਕਰ ਕਰਨ ਤੋਂ ਤੁਰੰਤ ਬਾਅਦ ਰਤਨ ਟਾਟਾ ਉਸ ਭਿਆਨਕ ਇਖਲਾਕੀ ਪਤਨ ਦੀ ਗੱਲ ਕਰਦਿਆਂ ਬੇਹੱਦ ਉਦਾਸ ਹੋ ਜਾਂਦਾ ਹੈ ਜੋ ਕਿ ਭਾਰਤ ਨੂੰ ਕਈ ਲਾਤੀਨੀ ਅਮਰੀਕੀ ਦੇਸ਼ਾਂ ਦੀ ਤਰਜ਼ ਤੇ ਬਨਾਨਾ ਰੀਪਬਲਿਕ ਬਣਾ ਦੇਣ ਦੀ ਸਮਰੱਥਾ ਰੱਖਦਾ ਹੈ। ਟਾਟਾ ਦੁਆਰਾ ਵਰਤੇ ਗਏ ਸੰਕੇਤਕ ਲਫਜ਼ ਹਾਲੀਵੁੱਡ ਦੀ ਵਿਨਾਸ਼ ਦਾ ਨਜ਼ਾਰਾ ਪੇਸ਼ ਕਰਨ ਵਾਲੀ ਕਿਸੇ ਫਿਲਮ ਵਿਚੋਂ ਲਏ ਗਏ ਲਗਦੇ ਹਨ। ਇਹ ਗੱਲ ਜਿਸ ਸਿਖਰ 'ਤੇ ਜਾ ਮੁੱਕਦੀ ਹੈ ਉਹ ਹੈ, "ਚਰਿੱਤਰਹਨਨ" ਖਿਲਾਫ ਆਪਣਾ ਵਿਰੋਧ ਦਰਜ ਕਰਾਉਣਾ; ਇਹ ਸਿਖਰ ਹੈ ਤਾਂ ਇਦਮ ਲਹਿਤ ਪਰ ਵਿਚਾਰਧਾਰਾਵਾਂ ਦੇ ਨ੍ਰਿਤ ਨੂੰ ਦੇਖਣਾ ਹੋਵੇ ਤਾਂ ਇਹ ਇਕ ਵਧੀਆ ਚੋਰ-ਮੋਰੀ ਦਾ ਕੰਮ ਕਰਦਾ ਹੈ।


ਰਤਨ ਟਾਟਾ ਨੈਨੋ ਕਾਰ ਨਾਲ

ਬਨਾਨਾ ਰੀਪਬਲਿਕ ਪ੍ਰਚਲਤ ਅਰਥਾਂ ਵਿਚ ਉਨ੍ਹਾਂ ਛੋਟੇ-ਛੋਟੇ ਦੇਸ਼ਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦਾ ਅਰਥਚਾਰਾ ਇੱਕ-ਦੋ ਵਸਤਾਂ ਦੇ ਨਿਰਯਾਤ ਦੇ ਸਿਰ ਚੱਲਦਾ ਹੈ ਅਤੇ ਉਸ ਨਿਰਯਾਤ ਉਪਰ ਵਿਦੇਸ਼ੀ ਪੂੰਜੀ ਦੀ ਸਰਪ੍ਰਸਤੀ ਹੁੰਦੀ ਹੈ। ਪਰ ਰਤਨ ਟਾਟਾ ਦੇ ਮੁਤਾਬਕ ਬਨਾਨਾ ਰੀਪਬਲਿਕ ਅਜਿਹਾ ਦੇਸ਼ ਹੁੰਦਾ ਹੈ ਜਿਸ ਵਿਚ ਮੀਡੀਆ ਕੋਲ ਅਰਾਜਕ ਸੀਮਾਵਾਂ ਤੱਕ ਚਲੇ ਜਾਣ ਦੀ ਖਤਰਨਾਕ ਸੁਤੰਤਰਤਾ ਹੁੰਦੀ ਹੈ। ਜਿਸ ਕਰਕੇ ਉਹ ਅਕਸਰ ਹੀ ਨਿਆਂਕਾਰ ਦੀ ਭੂਮਿਕਾ ਹਥਿਆ ਲੈਂਦੇ। ਟਾਟਾ ਦੇ ਕਹਿਣ ਅਨੁਸਾਰ ਚਾਹੀਦਾ ਤਾਂ ਇਹ ਹੈ ਕਿ ਜਦੋਂ ਤੱਕ ਨਿਆਂਪਾਲਿਕਾ ਕਿਸੇ ਨੂੰ ਦੋਸ਼ੀ ਨਹੀਂ ਕਰਾਰ ਦਿੰਦੀ, ਉਸ ਨੂੰ ਉਸ ਸਮੇਂ ਤੱਕ ਨਿਰਦੋਸ਼ ਹੀ ਸਮਝਿਆ ਜਾਵੇ।

ਜ਼ਾਹਰ ਹੈ ਕਿ ਰਤਨ ਟਾਟਾ ਦਾ ਸਾਡੀ ਨਿਆਂ ਪ੍ਰਣਾਲੀ ਵਿਚ ਯਕੀਨ ਇਹ ਦੇਖ ਕੇ ਵੀ ਨਹੀਂ ਡੋਲਦਾ ਕਿ ਮੁਕੱਦਮੇ ਕਈ-ਕਈ ਦਹਾਕਿਆਂ ਨੂੰ ਨਿਗਲ ਜਾਂਦੇ ਹਨ ਅਤੇ ਭ੍ਰਿਸ਼ਟਾਚਾਰ ਤੇ ਹੋਰ ਰਾਜਨੀਤਕ ਅਪਰਾਧਾਂ ਦੇ ਮਾਮਲਿਆਂ ਵਿਚ ਲੋੜੀਂਦੀ ਜਾਂਚ ਪੜਤਾਲ ਨੂੰ ਉਸ ਦੇ ਤਾਰਕਿਕ ਸਿੱਟਿਆਂ ਤੱਕ ਲਿਜਾਣ ਦਾ ਰਿਕਾਰਡ ਬੇਹੱਦ ਸ਼ਰਮਨਾਕ ਹੈ। ਟਾਟਾ ਅਨੁਸਾਰ ਭਾਰਤੀ ਰਾਜ ਨੂੰ ਖਤਰਾ ਕਾਰਪੋਰੇਟ ਜਗਤ ਦੇ ਅਸੀਮ ਲਾਲਚ ਤੋਂ ਨਹੀਂ, ਨਾ ਹੀ ਇਸ ਦੀ ਪੈਦਾਇਸ਼ ਅਣਗਿਣਤ ਘੋਟਾਲਿਆਂ ਤੋਂ ਹੈ ਸਗੋਂ ਉਸ ਅਨੁਸਾਰ ਇਹ ਖਤਰਾ ਮੀਡੀਆ ਤੋਂ ਹੈ ਜੋ ਅਭਿਵਿਅਕਤੀ ਦੀ ਆਜ਼ਾਦੀ ਦੇ ਓਹਲੇ ਹੇਠ ਅਤੇ ਲੋਕਤੰਤਰ ਦੇ ਕਈ ਹੋਰ ਅਖੌਤੀ ਅਧਿਕਾਰਾਂ ਦੀ ਆੜ ਵਿਚ ਆਪਣੀ ਕਾਰਗੁਜ਼ਾਰੀ ਕਰਦਾ ਹੈ। ਉਸ ਅਨੁਸਾਰ ਇਹ ਖਤਰਾ ਲੋਕਤੰਤਰ ਨਾਂ ਦੀ ਅੱਯਾਸ਼ੀ ਤੋਂ ਹੈ। ਸਾਡੀ ਜਮਹੂਰੀ ਪ੍ਰਣਾਲੀ ਇਤਨੀ ਕੁ ਹਕੀਕੀ ਹੈ ਅਤੇ ਕਿਤਨੀ ਕੁ ਮਹਿਜ਼ ਰਸਮੀ? ਇਸਦਾ ਹੀਜ਼ ਪਿਆਜ ਅੱਜ ਆਮ ਸੂਝ ਵਾਲੇ ਨਾਗਰਿਕ ਨੂੰ ਤਾਂ ਪਤਾ ਹੀ ਹੈ ਪਰ ਰਤਨ ਟਾਟਾ ਨੂੰ ਲਗਦੈ ਇਸ ਹਕੀਕਤ ਦਾ ਪਤਾ ਨਹੀਂ।

ਇਹ ਪ੍ਰਵਚਨ ਜ਼ਾਹਿਰ ਤੌਰ 'ਤੇ ਇਤਨਾ ਸਰਲ ਕੱਤਈ ਨਹੀਂ ਹੈ। ਟਾਟਾ ਦੇ ਕਹਿਣ ਮੁਤਾਬਕ ਲੋਕਤੰਤਰੀ ਪ੍ਰਣਾਲੀ ਦਾ ਅਸਲ ਦਰਪਣ ਤਾਕਤਵਰ ਧਿਰਾਂ ਦਾ ਜੁੰਡਲੀਵਾਦ ਹੈ ਪਰ ਇਸ ਹੋਂਦ-ਹਸਤੀ ਨੂੰ ਖਤਰਾ ਫਿਰ ਵੀ ਲੋਕਤੰਤਰ ਅੰਦਰਲੇ "ਅਖੌਤੀ" ਅਧਿਕਾਰਾਂ ਤੋਂ ਹੈ। ਕੀ ਟਾਟਾ ਦਾ ਮੰਨਣਾ ਹੈ ਕਿ ਭਾਰਤ ਵਿਚ ਮੀਡੀਆ ਪੂੰਜੀਵਾਦੀ ਜੁੰਡਲੀਆਂ ਦਾ ਹੱਥਠੋਕਾ ਹੀ ਹੈ, ਜੋ ਲੋਕਰਾਜੀ ਆਜ਼ਾਦੀਆਂ ਨੂੰ ਲੋਕ-ਕਾਰਜ ਵਿਰੋਧੀ ਉਦੇਸ਼ਾਂ ਦੀ ਪੂਰਤੀ ਲਈ ਇਸਤੇਮਾਲ ਕਰਦਾ ਹੈ? ਜੇ ਅਜਿਹਾ ਹੈ ਤਾਂ ਉਸ ਦੁਆਰਾ ਇਹ ਦਲੀਲ ਦੇਣੀ ਬਣਦੀ ਸੀ ਕਿ ਮੀਡੀਆ ਨੂੰ ਕਾਰਪੋਰੇਟ ਪੂੰਜੀਵਾਦ ਦੇ ਚੁੰਗਲ ਤੋਂ ਆਜ਼ਾਦ ਕੀਤਾ ਜਾਏ। ਉਹ ਲੋਕਤੰਤਰ ਨੂੰ ਦੋਸ਼ੀ ਕਿਉਂ ਠਹਿਰਾਉਂਦਾ ਹੈ? ਇਸ ਦਾ ਸਭ ਤੋਂ ਵਧੀਆ ਉਤਰ ਉਸਨੇ ਇਹ ਮੰਨ ਕੇ ਆਪ ਹੀ ਦੇ ਦਿੱਤਾ ਹੈ ਕਿ ਟਾਟਾ ਗਰੁਪ ਨੇ ਕੁਝ ਵਰ੍ਹੇ ਪਹਿਲਾਂ ਨੀਰਾ ਰਾਡੀਆ ਦੀ ਕੰਪਨੀ ਦੀਆਂ ਸੇਵਾਵਾਂ ਇਸ ਲਈ ਲੈਣੀਆਂ ਸ਼ੁਰੂ ਕੀਤੀਆਂ ਤਾਂ ਜੋ ਉਹ ਮੀਡੀਆ ਨੂੰ ਆਪਣੀਆਂ ਲੋੜਾਂ ਮੁਤਾਬਕ ਵਰਤ ਸਕੇ। ਦੂਸਰੇ ਸ਼ਬਦਾਂ ਵਿਚ ਮੀਡੀਆ, ਕਾਰਪੋਰੇਟ ਜੰਗਬਾਜ਼ੀ ਵਿਚ ਵਰਤਿਆ ਜਾਣ ਵਾਲਾ ਇਕ ਹਥਿਆਰ ਹੈ ਪਰ ਗੱਲ ਇੱਥੇ ਹੀ ਮੁੱਕ ਨਹੀਂ ਜਾਂਦੀ, ਕਿਉਂਕਿ ਇਹ ਜੰਗਬਾਜ਼ੀ ਬੜੀ ਵਿਚਿੱਤਰ ਹੈ। ਇਸ ਵਿਚ ਅਸਲ ਵਿਰੋਧੀ ਕੋਈ ਦੂਸਰਾ ਕਾਰਪੋਰੇਟ ਘਰਾਣਾ ਨਹੀਂ ਹੁੰਦਾ, ਬਲਕਿ ਲੋਕਤੰਤਰ ਹੁੰਦਾ ਹੈ।


ਰਤਨ ਟਾਟਾ

ਇਸੇ ਲਈ ਜਦੋਂ ਕਾਰਪੋਰੇਟ ਜੰਗਬਾਜ਼ੀ ਵਿਚ ਤੁਹਾਨੂੰ ਨੁਕਸਾਨ ਝੱਲਣਾ ਪੈਂਦਾ ਹੈ ਤਾਂ ਤੁਸੀਂ ਮੌਕੇ ਦਾ ਫਾਇਦਾ ਉਠਾ ਕੇ ਆਪਣੇ "ਦੋਸਤਾਨਾ ਅਗਨਬਾਣਾਂ" ਦਾ ਨਿਸ਼ਾਨਾ ਲੋਕਤੰਤਰ ਦੇ "ਅਖੌਤੀ" ਹੱਕਾਂ ਉਪਰ ਸੇਧ ਦਿੰਦੇ ਹੋ। ਉਂਜ ਵੀ ਅਜਿਹਾ ਨਾਲ ਲਗਦਾ ਨੁਕਸਾਨ ਇਕ ਅਜਿਹੇ ਦੇਸ਼ ਵਿਚ ਸਮੱਸਿਆ ਤਾਂ ਨਹੀਂ ਹੋ ਸਕਦਾ ਜੋ ਮਹਾਂਸ਼ਕਤੀ ਬਣਨ ਦੀ ਪੂਰੀ ਤਿਆਰੀ ਵਿਚ ਹੋਵੇ ਅਤੇ ਜਿਸ ਵਿਚ ਟਾਟਾ ਗਰੁਪ ਦੀ ਆਪਣੀ ਸਾਲਾਨਾ ਵਿਕਰੀ ਪਿਛਲੇ ਮਹਿਜ਼ 10 ਵਰ੍ਹਿਆਂ ਵਿਚ 40 ਗੁਣਾ ਵਧ ਗਈ ਹੋਵੇ (ਇਹ ਅੰਕੜੇ ਗੁਪਤਾ ਦਿੰਦਾ ਹੈ ਅਤੇ ਟਾਟਾ ਇਨ੍ਹਾਂ ਉਪਰ ਖੁਦ ਮੋਹਰ ਲਾਉਂਦਾ ਹੈ)।

ਵਿਡੰਬਨਾ ਇਹ ਹੈ ਕਿ ਭਾਰਤ ਦੇ ਬਨਾਨਾ ਰੀਪਬਲਿਕ ਬਣ ਕੇ ਗਰਕ ਜਾਣ ਦਾ ਭੈਅ ਅਜਿਹੇ ਵਿਅਕਤੀ ਦੁਆਰਾ ਪ੍ਰਗਟਾਇਆ ਜਾ ਰਿਹਾ ਹੈ ਜੋ ਆਪ ਉਸ ਕਾਰਪੋਰੇਟ ਜਮਾਤ 'ਚੋਂ ਜਿਹੜੀ ਜਮਾਤ ਅਜਿਹੇ ਸੰਭਾਵੀ ਭਿਆਨਕ ਵਰਤਾਰੇ ਦਾ ਕਾਰਨ ਅਤੇ ਸਿਰਜਕ ਦੋਵੇਂ ਹੀ ਹੈ। "ਚੰਗੇ ਕਾਰਪੋਰੇਟ ਨਾਗਰਿਕਾਂ" ਦਾ ਇਹ ਵਰਗ (ਟਾਟਾ ਦੇ ਆਪਣੇ ਲਫਜ਼ਾਂ ਵਿਚ) ਭੈਭੀਤ ਕਰਨ ਦੀ ਰਾਹੇ ਤੁਰ ਵੀ ਪਿਆ ਹੈ। ਦੂਸਰੇ ਪਾਸੇ ਟਾਟਾ ਦਾ ਕਹਿਣਾ ਹੈ, "ਮੈਂ ਭਾਰਤੀ ਹੋਣ ਦੇ ਨਾਤੇ ਆਪਣੇ ਵਤਨ ਅਤੇ ਇਸ ਦੇ ਲੋਕਾਂ ਦੀ ਹੋਣੀ ਲਈ ਚਿੰਤਾ ਅਤੇ ਮੁਹੱਬਤ ਦੇ ਤਕਾਜ਼ੇ ਤੋਂ ਸੋਚਦਾ ਹਾਂ ਅਤੇ ਮੈਨੂੰ ਆਪਣੇ ਭਾਰਤੀ ਮੂਲ 'ਤੇ ਫਖਰ ਹੈ।" ਅਜਿਹਾ ਨਹੀਂ ਕਿ ਕਾਰਪੋਰੇਟ ਨਾਗਰਿਕ ਹੋਣ ਨਾਤੇ ਉਸ ਦੀ ਆਜ਼ਾਦੀ ਨਾਲ ਕੋਈ ਪ੍ਰਤੀਬੱਧਤਾ ਨਹੀਂ। ਬਿਲਕੁਲ ਹੈ ਪਰ ਉਹ ਪ੍ਰਤੀਬੱਧਤਾ ਪੂੰਜੀ ਲਗਾਉਣ ਦੀ ਆਜ਼ਾਦੀ ਨਾਲ ਹੈ। ਅਜ਼ਾਦੀ ਦਾ ਤਸੱਵਰ ਖੁਦਗਰਜ਼ੀ ਦੀ ਹੱਦ ਤੱਕ ਸੀਮਤ ਹੈ, ਲੋਕ ਦੁਸ਼ਮਣ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਰਤਨ ਟਾਟਾ "ਮੁਕਤ ਵਿਸ਼ਵ" ਅਤੇ ਭਾਰਤ ਨੂੰ ਦੋ ਵੱਖ-ਵੱਖ ਅਤੇ ਵਿਰੋਧੀ ਥਾਵਾਂ ਉਪਰ ਖੜ੍ਹੀਆਂ ਧਿਰਾਂ ਵਜੋਂ ਵਿਚਾਰਦਾ ਹੈ। ਉਸ ਮੁਤਾਬਕ ਭਾਰਤ ਨੇ ਅਜੇ "ਮੁਕਤ ਵਿਸ਼ਵ" ਦਾ ਹਿੱਸਾ ਬਣਨਾ ਹੈ ਅਤੇ ਇਹ ਹਿੱਸਾ ਬਣਨਾ ਇਸ ਦੇਸ਼ ਲਈ ਕਿਸੇ ਮਹਾਨ ਨੈਤਿਕ ਕਰਤੱਵ ਨੂੰ ਪੂਰਾ ਕਰਨ ਤੋਂ ਘੱਟ ਨਹੀਂ।

ਜਿੱਥੇ ਕਿਤੇ ਵੀ ਪ੍ਰਗਟਾਵੇ ਦੀ ਲੋਕਰਾਜੀ ਆਜ਼ਾਦੀ ਪੂੰਜੀ ਨਿਵੇਸ਼ ਦੀ ਆਜ਼ਾਦੀ ਨਾਲ ਟਕਰਾਉਂਦੀ ਹੈ, ਉਥੇ ਹੀ ਦੇਸ਼ ਨੂੰ ਗੰਭੀਰ ਖਤਰਾ ਪੈਦਾ ਹੋ ਜਾਂਦਾ ਹੈ। ਆਖਰ, ਦੇਸ਼ ਆਪਣੇ ਕਾਰਪੋਰੇਟ ਨਾਗਰਿਕਾਂ ਦੀ ਖਾਸ ਜਾਇਦਾਦ ਹੀ ਤਾਂ ਹੈ। ਇਨ੍ਹਾਂ ਕਾਰਪੋਰੇਟ ਨਾਗਰਿਕਾਂ ਨਾਲ ਉਹ ਮੱਧ-ਵਰਗ ਵੀ ਹੈ ਜੋ ਬਹੁਤ ਹੱਦ ਤੱਕ ਕੋਆਪਟ ਹੋ ਚੁੱਕਾ ਹੈ, ਜਦਕਿ ਨਿਮਨ ਮੱਧ-ਵਰਗ 'ਨੈਨੋਕਰਨ' ਵਰਗੇ ਪਾਖੰਡਾਂ ਰਾਹੀਂ ਇਸੇ ਰਸਤੇ ਚੱਲਿਆ ਜਾ ਰਿਹਾ ਹੈ। ਬਾਕੀ ਬਚੇ ਲੋਕ ਮਹਿਜ਼ ਬੇਲੋੜੀ ਵਸੋਂ ਹਨ। ਇਸ ਤਰ੍ਹਾਂ ਮੌਜੂਦਾ ਕਾਰਪੋਰੇਟ ਨਿਜ਼ਾਮ ਅੰਦਰ ਇਕ ਪਾਸੇ ਤਾਂ ਬੇਲੋੜੀ ਅਤੇ ਕੂੜੇ 'ਤੇ ਸੁਟਣਯੋਗ ਵਸੋਂ ਹੈ ਅਤੇ ਇਸਦੇ ਉਲਟ ਦੂਸਰੇ ਪਾਸੇ ਵਿਸ਼ਵ ਪੱਧਰ 'ਤੇ ਕੁਦਰਤੀ ਵਸੀਲਿਆਂ ਦੀਆਂ ਕੀਮਤਾਂ ਵਿਚ ਇੰਤਹਾਈ ਵਾਧਾ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਉਪਰ ਕਾਰਪੋਰੇਟ ਘਰਾਣੇ ਕਾਬਜ਼ ਹਨ-ਜ਼ਮੀਨ ਰੂਪੀ ਕੁਦਰਤੀ ਵਸੀਲੇ, ਸਮੇਤ ਖਣਿਜ-ਖਾਨਾਂ ਦੇ। ਜਦੋਂ ਸ਼ੇਖਰ ਗੁਪਤਾ ਖਣਿਜ-ਖਾਨਾਂ ਵਿਚ ਵਿਆਪਕ ਭ੍ਰਿਸ਼ਟਾਚਾਰ ਦਾ ਜ਼ਿਕਰ ਕਰਦਾ ਹੈ ਤਾਂ ਰਤਨ ਟਾਟਾ ਇਕ ਦਿਲ ਲੁੱਟ ਲੈਣ ਵਾਲੀ, ਮਾਸੂਮੀਅਤ ਭਰੀ ਹੈਰਾਨੀ ਦਾ ਇਜ਼ਹਾਰ ਕਰਦਿਆਂ ਕਹਿੰਦਾ ਹੈ, "ਕੁਦਰਤੀ ਵਸੀਲੇ ਸੰਸਾਰ ਭਰ ਵਿਚ ਬੇਹੱਦ ਕੀਮਤੀ ਹੋ ਗਏ ਹਨ?" ਕਿਵੇਂ? ਉਹ ਗੱਲ ਨੂੰ ਅੱਗੇ ਨਹੀਂ ਤੋਰਦਾ, ਕਿਉਂਕਿ ਕਾਰਨ ਸਵੈ-ਸਪਸ਼ਟ ਹੈ, ਇਕ ਪਾਸੇ ਲੋਕਾਂ ਦੀ ਬਹੁਗਿਣਤੀ ਅਤੇ ਦੂਜੇ ਪਾਸੇ ਕੁਦਰਤੀ ਵਸੀਲਿਆਂ ਉਪਰ ਕਾਬਜ਼ ਕਾਰਪੋਰੇਟ ਘਰਾਣਿਆਂ ਦਾ ਆਪਸੀ ਵਿਰੋਧ। ਟਾਟਾ ਦੀ ਪ੍ਰਤੀਕ੍ਰਿਆ ਇਉਂ ਹੈ ਜਿਵੇਂ ਕੋਈ ਬੜਾ ਹੀ ਰਹੱਸਮਈ ਅਤੇ ਸਮਝ ਸਮਝਾਉਣ ਤੋਂ ਪਾਰ ਦਾ ਵਰਤਾਰਾ ਵਾਪਰ ਗਿਆ ਹੋਵੇ।

ਇਹ ਤਰਕ ਹੈ ਜਾਂ ਤਰਕ ਦਾ ਨਾਸ਼ ਪਰ ਅਜਿਹੇ ਤਰਕ ਦਾ ਸਹਾਰਾ ਰਤਨ ਟਾਟਾ ਉਦੋਂ ਹੀ ਲੈਂਦਾ ਹੈ ਜਦੋਂ ਉਹ ਟਾਟਾ ਦੀ ਪਰੰਪਰਾ ਅਤੇ ਕਦਰਾਂ-ਕੀਮਤਾਂ ਦੀ ਭਾਵੁਕ ਯਾਦ ਦੇ ਵੇਗ ਵਿਚ ਵਹਿ ਜਾਂਦਾ ਹੈ ਅਤੇ ਉਦੋਂ ਵੀ ਜਦ ਉਹ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਨਿਜੀ ਸਵਛ ਕਿਰਦਾਰ ਵਿਚ ਆਪਣੇ ਡੂੰਘੇ ਵਿਸ਼ਵਾਸ ਦਾ ਪ੍ਰਗਟਾਵਾ ਕਰਦਾ ਹੈ। ਇਸ ਗੱਲ ਦੇ ਬਾਵਜੂਦ ਕਿ ਉਸ ਦੁਆਰਾ ਸਰਕਾਰ ਉਪਰ ਲਗਾਏ ਸਭ ਤੋਂ ਸੰਗੀਨ ਇਲਜ਼ਾਮ ਉਸੇ ਸਮੇਂ ਨਾਲ ਸੰਬੰਧਤ ਹਨ ਜਦੋਂ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਬਿਰਾਜਮਾਨ ਰਹੇ ਹਨ। ਉਸ ਅਨੁਸਾਰ ਪਿਛਲੇ 10 ਸਾਲਾਂ ਦੌਰਾਨ ਸਰਕਾਰੀ ਨੀਤੀਆਂ ਨੂੰ ਖਾਸ ਬੰਦਿਆਂ ਦੀ ਲੋੜ ਮੁਤਾਬਕ ਸਮੇਂ-ਸਮੇਂ ਤੋੜਿਆ-ਮਰੋੜਿਆ ਜਾਂਦਾ ਰਿਹਾ ਹੈ। ਇਨ੍ਹਾਂ ਨੀਤੀਆਂ ਦੀ ਦੁਰਵਰਤੋਂ ਨਿਹਿਤ ਸੁਆਰਥਾਂ ਦੀ ਪੂਰਤੀ ਲਈ ਕੀਤੀ ਗਈ ਹੈ। ਪਿਛਲੇ 6 ਸਾਲਾਂ ਦੌਰਾਨ ਖਾਸ ਤੌਰ 'ਤੇ ਸਰਕਾਰੀ ਨੀਤੀ ਦੀ ਵਿਆਖਿਆ ਬਹੁਤ ਹੀ ਗੋਲ-ਮੋਲ ਅਤੇ ਅਸਪਸ਼ਟ ਢੰਗ ਨਾਲ ਕੀਤੀ ਜਾਂਦੀ ਰਹੀ ਹੈ।

ਬਹੁਤ ਹੀ ਸੰਜਮੀ ਸੁਰ ਵਿਚ ਗੱਲ ਕਰਨ ਵਾਲਾ ਇਹ ਆਦਮੀ ਰਤਨ ਟਾਟਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਵਾਰ-ਵਾਰ ਅਤੇ ਹੱਦੋਂ ਵੱਧ ਗੁਣਗਾਨ ਕਿਉਂ ਕਰਦਾ ਹੈ? ਕਦੀ ਉਸ ਨੂੰ ਬੇਹੱਦ ਚੰਗਾ ਆਦਮੀ ਆਖਦਾ ਹੈ, ਕਦੀ ਕਹਿੰਦਾ ਹੈ ਅਸੀਂ ਖੁਸ਼ਕਿਸਮਤ ਹਾਂ ਉਹ ਸਾਡਾ ਪ੍ਰਧਾਨ ਮੰਤਰੀ ਹੈ। ਅਤੇ ਕਦੀ ਕਹਿੰਦਾ ਹੈ ਪਿਛਲੇ ਸਮੇਂ ਵਿਚ ਪ੍ਰਧਾਨ ਮੰਤਰੀ ਬਾਰੇ ਸੰਸਦ ਵਿਚ ਜੋ ਕੁਝ ਕਿਹਾ ਗਿਆ ਹੈ ਉਸ ਨਾਲ ਉਸ ਦੇ ਦਿਲ ਨੂੰ ਗਹਿਰੀ ਠੇਸ ਪਹੁੰਚੀ ਹੈ।

ਸੋਚਣਾ ਬਣਦਾ ਹੈ ਕਿ ਉਸ ਦੁਆਰਾ ਕੀਤੀ ਜਾ ਰਹੀ ਪ੍ਰਧਾਨ ਮੰਤਰੀ ਦੇ ਵਿਅਕਤੀਤਵ ਦੀ ਪ੍ਰਸ਼ੰਸਾ ਅਤੇ ਉਸ ਦੁਆਰਾ ਕੀਤੀ ਜਾ ਰਹੀ ਸਰਕਾਰ ਦੀ ਕਾਰਗੁਜ਼ਾਰੀ ਦੀ ਸਖਤ ਆਲੋਚਨਾ ਨੂੰ ਆਪੋ ਵਿਚ ਕਿਵੇਂ ਜੋੜਿਆ ਜਾਵੇ। ਜਾਂ ਇਸ ਨੂੰ ਤਰਕ/ਵਿਵੇਕ/ਸੂਝ ਉਪਰ ਲੱਗੇ ਵਿਚਾਰਧਾਰਕ ਗ੍ਰਹਿਣ ਵਜੋਂ ਸਮਝਣ ਦਾ ਉਪਰਾਲਾ ਕਿਵੇਂ ਕੀਤਾ ਜਾਵੇ?

ਕੀ ਅਜਿਹੀ ਪਹੁੰਚ ਵਿਚ ਕਿਧਰੇ ਕੋਈ ਵੀ ਵਿਵੇਕ ਨਜ਼ਰ ਆਉਂਦਾ ਹੈ ਕਿ ਅਸੀਂ ਸਰਕਾਰ ਦੇ ਮੁਖੀ ਦੀ ਚੰਗਿਆਈ ਅਤੇ ਈਮਾਨਦਾਰੀ ਨੂੰ ਸਾਹਮਣੇ ਰੱਖ ਕੇ ਸਰਕਾਰ ਦੀ ਨਿਕੰਮੀ ਅਤੇ ਮੁਜ਼ਰਮਾਨਾ ਕਾਰਗੁਜ਼ਾਰੀ ਨੂੰ ਅੱਖੋ ਪਰੋਖੇ ਕਰੀ ਜਾਈਏ। ਉਹ ਸਰਕਾਰ ਜਿਹੜੀ ਕਿ ਆਏ ਦਿਨ ਨਵੇਂ-ਨਵੇਂ ਸਕੈਂਡਲਾਂ ਵਿਚ ਫਸੀ ਨਜ਼ਰ ਆ ਰਹੀ ਹੈ।

ਜੇ ਤਰਕ ਇਸ ਨੂੰ ਹੀ ਠੀਕ ਸਮਝਦਾ ਏ ਤਾਂ ਜਰੂਰੀ ਹੈ ਕਿ ਅਸੀਂ ਆਪਣੇ ਆਪ ਨੂੰ ਯਾਦ ਕਰਾ ਦੇਈਏ ਕਿ ਸਾਡੇ ਸਮਿਆਂ ਦੀ ਗਲੋਬਲ ਮੰਡੀ ਵਿਚ ਫਾਸ਼ੀਵਾਦ ਕਈ ਰੂਪਾਂ, ਰੰਗਾਂ ਅਤੇ ਮਾਡਲਾਂ ਵਿਚ ਮਿਲਦਾ ਹੈ। ਮੁਸੋਲੀਨੀ ਦੇ ਫਾਸ਼ੀ ਪੈਰੋਕਾਰਾਂ ਜਰਮਨ ਨਾਜ਼ੀਆਂ ਜਾਂ ਜਪਾਨੀ ਜੰਗਬਾਜਾਂ ਦਾ ਫਾਸ਼ੀਵਾਦ ਉਪਰ ਕੋਈ ਪੇਟੈਂਟ ਨਹੀਂ ਸੀ। ਯਾਨਿ ਫਾਸ਼ੀਵਾਦ ਦੀਆਂ ਅਨੇਕ ਸ਼ਕਲਾਂ ਹੋ ਸਕਦੀਆਂ ਹਨ ਅਤੇ ਮੌਜੂਦਾ ਨਵਉਦਾਰਵਾਦੀ ਸਥਿਤੀ ਵਿਚ ਸੁਤੰਤਰ ਮੀਡੀਆ ਪੂਰੀ ਬੇਹਯਾਈ ਨਾਲ ਇਸ ਦਾ ਸਹਾਇਕ ਵੀ ਹੋ ਸਕਦਾ ਹੈ। ਅਜਿਹਾ ਫਾਸ਼ੀਵਾਦ ਉਦਾਰਵਾਦੀ ਰਾਜਨੀਤਕ ਜਨਤਕ ਖੇਤਰ ਵਿਚ ਖੁੱਲ੍ਹਾਂ ਅਤੇ ਮੁਫਤ ਮਿਲਦਾ ਹੈ। ਹੋ ਸਕਦਾ ਹੈ ਤੁਹਾਡੀ ਉਦਾਰ ਜਮਹੂਰੀਅਤ ਵਿਚ ਇਹ ਪਹਿਲਾਂ ਹੀ ਸ਼ਹਿ ਲਗਾਈ ਵਿਦਮਾਨ ਹੋਵੇ ਅਤੇ ਤੁਹਾਨੂੰ ਇਸ ਦੀ ਸਾਰ ਹੀ ਨਾ ਹੋਵੇ।

*ਫੋਨ:91-93162-26890

# ਸ਼ਹਿਰੀਕਰਨ ਨੂੰ ਕੰਟਰੋਲ ਕਰਨਾ ਵਕਤ ਦੀ ਲੋੜ

**ਜੀ.ਕੇ. ਸਿੰਘ**

ਮਕਿੰਨਜੇ ਗਲੋਬਲ ਇੰਸਟੀਚਿਊਟ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਭਾਰਤ ਵਿਚ ਲੋਕਾਂ ਦੀ ਵੱਡੀ ਗਿਣਤੀ ਸ਼ਹਿਰਾਂ ਵੱਲ ਪਰਵਾਸ ਕਰ ਰਹੀ ਹੈ। ਰਿਪੋਰਟ ਮੁਤਾਬਕ 2030 ਤੱਕ 40% ਤੋਂ ਵੱਧ ਲੋਕ ਹਿੰਦੁਸਤਾਨ ਵਿਚ ਸ਼ਹਿਰਾਂ ਵਿਚ ਵਸੇ ਹੋਣਗੇ ਅਤੇ ਸ਼ਹਿਰੀਕਰਨ ਦਾ ਇਹ ਅਮਲ ਹੋਰ ਤੇਜ਼ ਹੁੰਦਾ ਚਲਾ ਜਾਵੇਗਾ। ਦੋ ਮਹਾਂਨਗਰ-ਦਿੱਲੀ ਅਤੇ ਮੁੰਬਈ ਸੰਸਾਰ ਦੇ ਪੰਜ ਵੱਡੇ ਸ਼ਹਿਰਾਂ ਵਿਚ ਸ਼ੁਮਾਰ ਹੋਣਗੇ। ਛੇ ਹੋਰ ਸ਼ਹਿਰਾਂ ਦੀ ਵਸੋਂ ਕਰੋੜ ਤੋਂ ਉਪਰ ਹੋਵੇਗੀ। ਤੇਰਾਂ ਵੱਡੇ ਸ਼ਹਿਰ ਚਾਲੀ ਲੱਖ ਤੋਂ ਵੱਧ ਵਸੋਂ ਵਾਲੇ ਹੋਣਗੇ। ਦਸ ਲੱਖ ਤੋਂ ਵੱਧ ਵਸੋਂ ਵਾਲੇ ਸ਼ਹਿਰਾਂ ਦੀ ਗਿਣਤੀ 68 ਹੋਵੇਗੀ। ਇਸੇ ਰਿਪੋਰਟ ਵਿਚ ਦਰਜ ਹੈ ਕਿ ਆਉਂਦੇ ਵੀਹ ਸਾਲਾਂ ਵਿਚ ਪੰਜਾਬ ਦੀ ਵੀ ਅੱਧਿਓਂ ਵੱਧ ਵਸੋਂ ਸ਼ਹਿਰਾਂ ਵਿਚ ਹੋਵੇਗੀ।

ਪਿਛਲੀ ਸਦੀ ਵਿਚ ਆਰਥਿਕ ਤਰੱਕੀ ਦੇ ਨਾਲ-ਨਾਲ ਬੇਰੋਕ ਅਤੇ ਤੇਜ਼ ਰਫਤਾਰ ਨਾਲ ਵਧੀ ਵਸੋਂ ਨੇ ਪਿੰਡਾਂ ਨੂੰ ਕਸਬੇ, ਨਗਰਾਂ ਨੂੰ ਸ਼ਹਿਰ ਅਤੇ ਸ਼ਹਿਰਾਂ ਨੂੰ ਮਹਾਨਗਰਾਂ ਵਿਚ ਬਦਲ ਦਿੱਤਾ ਹੈ। ਸ਼ਹਿਰ ਵਿਚ ਵਸਣ ਨੂੰ ਚੰਗੀ ਜ਼ਿੰਦਗੀ ਦੇ ਮਾਧਿਅਮ ਵਜੋਂ ਪ੍ਰਚਾਰਿਆ ਗਿਆ। ਪਿੰਡਾਂ ਵਿਚ ਰਹਿਣ ਵਾਲਿਆਂ ਨੂੰ ਦਿਹਾਤੀ ਅਤੇ ਪਛੜੇ ਕਹਿ ਕੇ 'ਰਹੀਏ ਸ਼ਹਿਰ ਭਾਵੇਂ ਹੋਵੇ ਕਹਿਰ' ਦੇ ਸੱਭਿਆਚਾਰ ਨੂੰ ਜਨਮ ਦਿੱਤਾ। ਆਧੁਨਿਕ ਜ਼ਿੰਦਗੀ ਲਈ ਮੁਢਲੀਆਂ ਸਹੂਲਤਾਂ ਨੂੰ ਕੇਵਲ ਸ਼ਹਿਰੀਆਂ ਲਈ ਰਾਖਵੀਆਂ ਸਮਝਣ ਕਾਰਨ ਵਿਦਿਆ ਅਤੇ ਕਾਰੋਬਾਰ ਦੇ ਪਸਾਰੇ ਨੇ ਪਿੰਡਾਂ ਵਿਚੋਂ ਵੱਡੀ ਗਿਣਤੀ ਵਿਚ ਲੋਕਾਂ ਨੂੰ ਸ਼ਹਿਰਾਂ ਵੱਲ ਧੱਕ ਦਿੱਤਾ।

ਪਿਛਲੀ ਸਦੀ ਦੌਰਾਨ ਦੁਨੀਆਂ ਭਰ ਦੀ ਵਸੋਂ ਦੀ ਬਣਤਰ ਅਤੇ ਆਕਾਰ ਵਿਚ ਹੈਰਾਨੀਜਨਕ ਤਬਦੀਲੀਆਂ ਆਈਆਂ ਹਨ। 1804 ਵਿਚ ਧਰਤੀ ਦੀ ਕੁੱਲ ਮਨੁੱਖੀ ਵਸੋਂ ਕੇਵਲ ਸੌ ਕਰੋੜ ਸੀ ਜਿਹੜੀ ਅਗਲੇ 123 ਸਾਲਾਂ ਵਿਚ ਭਾਵ 1927 ਵਿਚ ਦੋ ਸੌ ਕਰੋੜ ਤੱਕ ਪਹੁੰਚ ਗਈ। 1987 ਤੱਕ ਇਸ ਵਸੋਂ ਦਾ ਫੈਲਾ ਪੰਜ ਸੌ ਕਰੋੜ ਤੱਕ ਹੋ ਗਿਆ ਅਤੇ ਅਗਲੇ ਕੇਵਲ ਬਾਰ੍ਹਾਂ ਸਾਲਾਂ ਵਿਚ (1999) ਇਕ ਸੌ ਕਰੋੜ ਹੋਰ ਵਾਧਾ ਹੋਣ ਨਾਲ 600 ਕਰੋੜ ਹੋ ਗਈ। ਸੰਯੁਕਤ ਰਾਸ਼ਟਰ ਦੇ ਮਾਹਿਰਾਂ ਵੱਲੋਂ ਅਨੁਮਾਨ ਲਗਾਏ ਗਏ ਹਨ ਕਿ ਸੰਸਾਰ ਵਸੋਂ 2050 ਤੱਕ 800 ਤੋਂ 1100 ਕਰੋੜ ਵਿਚਕਾਰ ਹੋਵੇਗੀ। ਵਸੋਂ ਦੇ ਐਡੇ ਵੱਡੇ ਆਕਾਰ ਨੇ ਸਾਡੇ ਲਈ ਅਣਗਿਣਤ ਮੁਸ਼ਕਲਾਂ ਪੈਦਾ ਕਰ ਦਿੱਤੀਆਂ ਹਨ।

ਸਾਰੇ ਸੰਸਾਰ ਵਿਚ ਆਰਥਿਕ ਵਿਕਾਸ ਨੇ ਸ਼ਹਿਰੀਕਰਨ ਨੂੰ ਜਨਮ ਦਿੱਤਾ। ਸਾਰੇ ਦੇਸ਼ਾਂ ਦੇ ਇਸ ਅਮਲ ਨੂੰ ਉਸੇ ਦਿਸ਼ਾ ਵਿਚੋਂ ਗੁਜ਼ਰਨਾ ਪਿਆ। ਜੋ ਉਦਯੋਗ ਸ਼ਹਿਰਾਂ ਵਿਚ ਲੱਗੇ ਤਾਂ ਸ਼ਹਿਰਾਂ ਦਾ ਆਕਾਰ ਵਧਦਾ ਗਿਆ। ਜੇ ਇਹ ਪੇਂਡੂ ਖੇਤਰ ਵਿਚ ਲੱਗੇ ਤਾਂ ਉਥੇ ਨਵੇਂ ਸ਼ਹਿਰ ਉਸਰ ਗਏ। 1950 ਵਿਚ ਸੰਸਾਰ ਦੀ ਕੁੱਲ ਵਸੋਂ ਦਾ ਕੇਵਲ 29% ਭਾਗ ਸ਼ਹਿਰਾਂ ਵਿਚ ਰਹਿੰਦਾ ਸੀ ਜਿਹੜਾ 2000 ਵਿਚ 47% ਹੋ ਗਿਆ। ਇਹੀ ਰਫਤਾਰ ਅੱਗੇ ਬਣੀ ਰਹਿਣ ਦੀ ਸੰਭਾਵਨਾ ਹੈ। 2030 ਤੱਕ ਸੰਸਾਰ ਭਰ ਦੇ 60% ਲੋਕ ਸ਼ਹਿਰਾਂ ਵਿਚ ਰਹਿੰਦੇ ਹੋਣਗੇ।

ਪਿਛਲੀ ਸਦੀ ਦੇ ਸ਼ੁਰੂ ਵਿਚ ਭਾਰਤ ਪਿੰਡਾਂ ਵਿਚ ਵਸਦਾ ਸੀ। ਕੇਵਲ ਤਿੰਨ ਕਰੋੜ ਲੋਕ 1901 ਵਿਚ ਉਸ ਵੇਲੇ ਦੇ ਸ਼ਹਿਰਾਂ ਵਿਚ ਰਹਿੰਦੇ ਸਨ। ਇਹ ਗਿਣਤੀ ਦੇਸ਼ ਦੀ ਵੰਡ ਦੇ ਬਾਵਜੂਦ 1991 ਵਿਚ 22 ਕਰੋੜ, 2001 ਦੀ ਮਰਦਮਸ਼ੁਮਾਰੀ ਅਨੁਸਾਰ 29 ਕਰੋੜ ਅਤੇ 2030 ਵਿਚ 60 ਕਰੋੜ ਲੋਕ ਸ਼ਹਿਰਾਂ ਵਿਚ ਹੋਣਗੇ। ਸ਼ਹਿਰਾਂ ਦੀ ਬੇਤਹਾਸ਼ਾ ਵਧ ਰਹੀ ਵਸੋਂ ਲਈ ਮਕਾਨ, ਮੁਢਲੀਆਂ ਜ਼ਰੂਰਤਾਂ ਜਿਨ੍ਹਾਂ ਵਿਚ ਪੀਣ ਵਾਲਾ ਪਾਣੀ, ਸੀਵਰੇਜ ਦੀ ਸਹੂਲਤ, ਸਿੱਖਿਆ, ਸਿਹਤ ਆਦਿ ਸ਼ਾਮਲ ਹਨ, ਦੇ ਵਰਤਮਾਨ ਸਰੂਪ ਨੂੰ ਕਈ ਗੁਣਾ ਵਧਾਉਣਾ ਪਵੇਗਾ। ਇਸ ਸਮੇਂ ਦੌਰਾਨ (ਵੀਹ ਸਾਲ) 27 ਕਰੋੜ ਲੋਕਾਂ ਨੂੰ ਕੰਮ ਦੇ ਆਹਰੇ ਲਾਉਣਾ ਪਵੇਗਾ। 90 ਕਰੋੜ ਵਰਗ ਗਜ਼ ਰਿਹਾਇਸ਼ੀ ਅਤੇ ਵਪਾਰਕ ਥਾਂਵਾਂ ਨੂੰ ਹਰ ਸਾਲ ਉਸਾਰਨਾ ਪਵੇਗਾ। ਸ਼ਹਿਰੀ ਵਸੋਂ ਦੀ ਆਵਾਜਾਈ ਲਈ 7400 ਕਿਲੋਮੀਟਰ ਸਬਵੇ ਉਸਾਰਨੇ ਪੈਣਗੇ। ਮੁੱਕਦੀ ਗੱਲ ਕਿ ਅਗਲੇ ਦੋ ਦਹਾਕਿਆਂ ਵਿਚ ਸਾਡੀ ਸ਼ਹਿਰੀ ਵਸੋਂ ਦੀਆਂ ਮੁਢਲੀਆਂ ਜ਼ਰੂਰਤਾਂ ਦੀ ਪੂਰਤੀ ਲਈ 12 ਖਰਬ ਅਮਰੀਕੀ ਡਾਲਰ ਦਾ ਪੂੰਜੀ ਨਿਵੇਸ਼ ਕਰਨਾ ਪਵੇਗਾ।

ਸ਼ਹਿਰੀ ਵਸੋਂ ਵਿਚ ਵਾਧੇ ਨਾਲ ਸ਼ਹਿਰਾਂ ਦਾ ਆਕਾਰ ਗੈਰਯੋਜਨਾਬੱਧ ਢੰਗ ਨਾਲ ਬੇਰੋਕ-ਟੋਕ ਵਧਦਾ ਗਿਆ। ਸ਼ਹਿਰੀਕਰਨ ਨਾਲ ਅਸੀਂ ਗੰਭੀਰਤਾ ਨਾਲ ਮੱਥਾ ਨਹੀਂ ਲਾਇਆ। ਪੰਜਾਬ ਵਿਚ ਆਜ਼ਾਦੀ ਤੋਂ ਪਹਿਲਾਂ ਜਾਂ ਬਾਅਦ ਵਿਚ ਹਾਲਾਂ ਕੋਈ ਮਹਾਂਨਗਰ ਨਹੀਂ ਸੀ ਪਰ ਇਥੇ ਵੀ ਅਸੀਂ ਸ਼ਹਿਰੀਕਰਨ ਤੋਂ ਪੈਦਾ ਹੋਈਆਂ ਤਕਲੀਫਾਂ ਨਾਲ ਦਿਨ ਰਾਤ ਜੂਝ ਰਹੇ ਹਾਂ। 1901 ਵਿਚ ਕੇਵਲ ਅੱਠਵਾਂ ਬੰਦਾ ਸ਼ਹਿਰਾਂ ਵਿਚ ਸੀ, 1951 ਵਿਚ ਹਰ ਪੰਜਵਾਂ ਹੋ ਗਿਆ। ਹੁਣ ਹਰ ਤੀਜਾ ਆਦਮੀ ਸ਼ਹਿਰ ਦਾ ਵਾਸੀ ਹੈ। ਪੰਜਾਬ ਵਿਚ ਸ਼ਹਿਰੀਕਰਨ ਸਬੰਧੀ ਠੋਸ ਨੀਤੀ ਵੀ ਬੜੀ ਦੇਰ ਬਾਅਦ ਸ਼ਹਿਰੀ ਵਿਕਾਸ ਅਥਾਰਟੀ ਸਥਾਪਤ ਕਰਕੇ ਬਣਾਈ ਹੈ। ਚੰਡੀਗੜ੍ਹ ਕੈਪੀਟਲ ਪ੍ਰਾਜੈਕਟ ਤੋਂ ਬਿਨਾਂ ਸ਼ਹਿਰਾਂ ਦੀ ਯੋਜਨਾਬੰਦੀ ਵਿਚ ਪਛੜ ਗਏ। ਇਸੇ ਕਰਕੇ ਜਿਹੜਾ ਚੰਡੀਗੜ੍ਹ ਸ਼ਹਿਰ ਪੰਜ ਲੱਖ ਲੋਕਾਂ ਲਈ ਵਸਾਇਆ ਸੀ, ਹੁਣ ਪੰਦਰਾਂ ਲੱਖ ਵਸੋਂ ਦਾ ਭਾਰ ਝੱਲ ਰਿਹਾ ਹੈ। ਖੁੱਲ੍ਹੀਆਂ ਸੜਕਾਂ ਹੋਣ ਦੇ ਬਾਵਜੂਦ ਟ੍ਰੈਫਿਕ ਸਮੱਸਿਆ ਬੜੀ ਗੰਭੀਰ ਬਣ ਰਹੀ ਹੈ। ਜੇ ਸ਼ੁਰੂ ਵਿਚ ਹੀ ਕੈਪੀਟਲ ਪ੍ਰਾਜੈਕਟ ਦੇ ਨਾਲ-ਨਾਲ ਇਕ ਸ਼ਹਿਰ ਮਾਲਵੇ ਵਿਚ ਅਤੇ ਇਕ-ਇਕ ਦੁਆਬੇ ਤੇ ਮਾਝੇ ਵਿਚ ਵਿਉਂਤੇ ਹੁੰਦੇ ਤਾਂ ਚੰਡੀਗੜ੍ਹ ਆਪਣਾ ਮੂਲ ਰੂਪ ਅਤੇ ਸੁਹੱਪਣ ਬਰਕਰਾਰ ਰੱਖ ਸਕਦਾ ਸੀ।

ਮਰਦਮਸ਼ੁਮਾਰੀ 2001 ਦੇ ਅੰਕੜਿਆਂ ਅਨੁਸਾਰ ਪੰਜਾਬ ਦੇ 157 ਸ਼ਹਿਰ/ਨਗਰ ਪੰਜ ਸ਼੍ਰੇਣੀਆਂ ਵਿਚ ਹਨ। ਸੂਬੇ ਦੀ ਕੁੱਲ ਸ਼ਹਿਰੀ ਵਸੋਂ ਦਾ 59% ਹਿੱਸਾ ਕੇਵਲ ਚੌਦਾਂ ਦਰਜਾ ਅੱਵਲ (ਇਕ ਲੱਖ ਤੋਂ ਉਪਰ) ਸ਼ਹਿਰਾਂ ਵਿਚ ਹੈ। ਦੂਸਰੇ ਅਤੇ ਤੀਜੇ ਦਰਜੇ ਦੇ 54 ਸ਼ਹਿਰਾਂ ਵਿਚ ਕੇਵਲ 29% ਸ਼ਹਿਰੀ ਵਸੋਂ ਹੈ। ਬਾਕੀ 12% ਵਸੋਂ ਚੌਥੇ ਅਤੇ ਪੰਜਵੇਂ ਦਰਜੇ ਦੇ 82 ਸ਼ਹਿਰਾਂ ਵਿਚ ਹੈ। ਸ਼ਹਿਰਾਂ ਦੇ ਇਸ ਬੇਹਿਸਾਬੇ ਆਕਾਰ ਵਖਰੇਵੇਂ ਕਰਕੇ ਵੀ ਬਹੁਤੀਆਂ ਸਮੱਸਿਆਵਾਂ ਪੈਦਾ ਹੋਈਆਂ ਹਨ। ਜੇ ਸ਼ਹਿਰੀ ਵਸੋਂ ਦਾ ਹਰ ਛੇਵਾਂ ਬੰਦਾ ਲੁਧਿਆਣੇ ਵਿਚ ਰਹੇਗਾ ਅਤੇ ਹਰ ਨੌਂਵਾਂ ਅੰਮ੍ਰਿਤਸਰ ਵਿਚ ਤਾਂ ਇਨ੍ਹਾਂ ਸ਼ਹਿਰਾਂ ਦਾ ਬੁਨਿਆਦੀ ਢਾਂਚਾ ਆਪੇ ਲੜਖੜਾਏਗਾ। ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਲੁਧਿਆਣੇ ਵਿਚ ਵਸੋਂ ਦੀ ਘਣਤਾ ਤਕਰੀਬਨ ਦਿੱਲੀ ਦੇ ਬਰਾਬਰ ਹੈ। ਪੰਜਾਬ ਦੇ ਇਹ ਦੋਵੇਂ ਸ਼ਹਿਰ ਭਾਰਤ ਦੇ 23 ਮਹਾਂਨਗਰਾਂ ਵਿਚ ਸ਼ੁਮਾਰ ਹਨ।

ਸ਼ਹਿਰਾਂ ਦੀ ਵਧਦੀ ਆਬਾਦੀ ਅਤੇ ਮੋਟਰ ਗੱਡੀਆਂ ਨੇ ਜਿੱਥੇ ਟ੍ਰੈਫਿਕ ਦੀ ਸਮੱਸਿਆ ਪੈਦਾ ਕੀਤੀ ਹੈ, ਉਥੇ ਨਾਲ ਹੀ ਵਾਤਾਵਰਨ ਨੂੰ ਵੀ ਪ੍ਰਦੂਸ਼ਤ ਕੀਤਾ ਹੈ। ਸਾਰੇ ਸ਼ਹਿਰਾਂ ਦੀਆਂ ਮੁੱਖ ਸੜਕਾਂ/ਬਾਜ਼ਾਰਾਂ ਦਾ ਇਕੋ ਹੀ ਰੂਪ ਹੈ। ਕੋਈ ਪਾਰਕਿੰਗ ਨਹੀਂ। ਦਿੱਲੀ ਵਿਚ ਪਿਛਲੇ ਸਾਲਾਂ ਵਿਚ ਪ੍ਰਦੂਸ਼ਣ ਦਾ ਇਹ ਹਾਲ ਹੋ ਗਿਆ ਸੀ ਕਿ ਸੁਪਰੀਮ ਕੋਰਟ ਨੂੰ ਸਖ਼ਤ ਹੁਕਮ ਕਰਨੇ ਪਏ ਤਾਂ ਕਿਤੇ ਜਾ ਕੇ ਡੀਜ਼ਲ ਬੱਸਾਂ ਨੂੰ ਸੀ.ਐਨ.ਜੀ. 'ਤੇ ਕੀਤਾ ਗਿਆ। ਇਸ ਸ਼ਹਿਰ ਦੀ ਆਵਾਜਾਈ ਦੇ ਬਖੇੜਿਆਂ ਕਾਰਨ ਇਕ ਪਾਸਿਓਂ ਦੂਜੇ ਸਿਰੇ ਜਾਣ ਲਈ ਘੰਟਿਆਂਬੱਧੀ ਸਮਾਂ ਲੱਗ ਜਾਂਦਾ ਹੈ। ਇਸੇ ਤਰ੍ਹਾਂ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿਚੋਂ ਲੰਘਣਾ ਵੀ ਹੁਣ ਆਮ ਬੰਦੇ ਨੂੰ ਚੁਭਵਾਂ ਤੇ ਅਸਹਿ ਲਗਦਾ ਹੈ। ਲੁਧਿਆਣਾ ਦਾ 'ਚੌੜਾ ਬਾਜ਼ਾਰ' ਹੁਣ ਤੰਗ ਗਲੀ ਜਾਪਦਾ ਹੈ।

ਸ਼ਹਿਰਾਂ ਵਿਚ ਵਸਣ ਦੀ ਦੌੜ ਕਾਰਨ ਮੁਢਲੀਆਂ ਲੋੜਾਂ ਪੂਰਾ ਕਰਨ ਵਾਲਾ ਬੁਨਿਆਦੀ ਢਾਂਚਾ ਬਿਖਰ ਗਿਆ ਹੈ। ਅਜੇ ਤੱਕ ਅਸੀਂ ਸ਼ਹਿਰੀ ਵਸੋਂ ਨੂੰ ਪੀਣ ਵਾਲਾ ਪਾਣੀ ਤੇ ਸੀਵਰੇਜ ਦੀ ਮੁਢਲੀ ਸਹੂਲਤ ਨਹੀਂ ਦੇ ਸਕੇ। ਅਜਿਹਾ ਕਰਨ ਲਈ ਪੰਜਾਬ ਵਾਸਤੇ 4000 ਕਰੋੜ ਰੁਪਏ ਦੀ ਜ਼ਰੂਰਤ ਹੈ ਜਦ ਕਿ ਸਥਾਨਕ ਸਰਕਾਰ ਦਾ ਕੁੱਲ ਬਜਟ 1600 ਕਰੋੜ ਸਾਲਾਨਾ ਹੈ ਜਿਸ ਵਿਚੋਂ ਸੱਠ ਫੀਸਦੀ ਤਨਖਾਹਾਂ/ਰੱਖ ਰਖਾਓ 'ਤੇ ਖਰਚ ਹੋ ਜਾਂਦਾ ਹੈ। ਜੇ ਅਗਲੇ ਪੰਦਰਾਂ ਸਾਲਾਂ ਵਿਚ ਅਸੀਂ ਅਜਿਹਾ ਵਿੱਤੀ ਇੰਤਜ਼ਾਮ ਕਰ ਵੀ ਲਈਏ ਤਾਂ ਤਦ ਤੱਕ ਸ਼ਹਿਰੀ ਵਸੋਂ ਡਿਓਢੀ ਹੋ ਜਾਵੇਗੀ।

ਸਥਾਨਕ ਸਰਕਾਰ ਵੱਲੋਂ ਘਰਾਂ ਵਿਚ ਪਹੁੰਚਾਏ ਜਾ ਰਹੇ ਪਾਣੀ ਦੀ ਵਰਤੋਂ ਲੋਕ ਇਸ ਢੰਗ ਨਾਲ ਕਰਦੇ ਹਨ ਜਿਵੇਂ ਇਹ ਹਮੇਸ਼ਾ ਹੀ ਬੇਅੰਤ ਮਿਕਦਾਰ ਵਿਚ ਪ੍ਰਾਪਤ ਹੁੰਦਾ ਰਹੇਗਾ। ਟੂਟੀ ਖੋਲ੍ਹਣ ਵੇਲੇ ਇਹ ਭੁੱਲ ਜਾਂਦੇ ਹਨ ਕਿ ਇਥੇ ਪਹੁੰਚਣ ਤੱਕ ਇਸ 'ਤੇ ਕਰੋੜਾਂ ਰੁਪਏ ਖਰਚ ਹੋ ਚੁੱਕੇ ਹਨ। ਮੀਟਰਾਂ ਦੀ ਅਣਹੋਂਦ ਕਾਰਨ ਲੋਕ ਪਾਣੀ ਦੀ ਬੇਫਿਕਰ ਵਰਤੋਂ ਕਰਦੇ ਹਾਂ। ਪਾਣੀ ਦੇ ਸਰੋਤ ਬੜੀ ਤੇਜ਼ੀ ਨਾਲ ਘਟ ਜਾਂ ਖਤਮ ਹੋ ਰਹੇ ਹਨ।

ਜਨਸੰਖਿਆ ਵਧਣ ਨਾਲ ਭਾਵੇਂ ਮਕਾਨ ਉਸਾਰੀ ਦੀ ਸਮੱਸਿਆ ਦੇਸ਼ ਭਰ ਵਿਚ ਹੈ ਪਰ ਸ਼ਹਿਰੀ ਖੇਤਰ ਵਿਚ ਇਸ ਦਾ ਰੂਪ ਕਰੂਰਤਾ ਭਰਿਆ ਹੈ। ਛੋਟੇ-ਵੱਡੇ ਸ਼ਹਿਰਾਂ ਦੇ ਬਾਹਰਲੇ ਖੇਤਰਾਂ ਵਿਚ ਗੰਦੀਆਂ ਬਸਤੀਆਂ ਨਜ਼ਰ ਆਉਂਦੀਆਂ ਹਨ। ਮੁਢਲੀਆਂ ਸਹੂਲਤਾਂ ਤੋਂ ਰਹਿਤ ਅਤੇ ਗੰਦੇ ਵਾਤਾਵਰਨ ਵਿਚ ਰਹਿ ਰਹੇ ਇਨ੍ਹਾਂ ਸ਼ਹਿਰੀਆਂ ਦੀ ਜ਼ਿੰਦਗੀ 'ਤੇ ਹਮੇਸ਼ਾ ਕਹਿਰ ਵਰ੍ਹਿਆ ਰਹਿੰਦਾ ਹੈ। ਇਤਫਾਕਵੱਸ ਇਨ੍ਹਾਂ ਥਾਵਾਂ 'ਤੇ ਸਥਾਨਕ ਸਰਕਾਰ ਵੱਲੋਂ ਸਫਾਈ ਅਤੇ ਹੋਰ ਸਹੂਲਤਾਂ ਦੇਣ ਲਈ ਦਿਲਚਸਪੀ ਨਹੀਂ ਲਈ ਜਾਂਦੀ। ਅਨੁਮਾਨ ਅਨੁਸਾਰ ਪੰਜਾਬ ਵਿਚ ਕੁੱਲ ਸ਼ਹਿਰੀ ਵਸੋਂ ਦਾ 14% ਗੰਦੀਆਂ ਬਸਤੀਆਂ ਵਿਚ ਰਹਿੰਦਾ ਹੈ।

ਪਿਛਲੇ ਦਹਾਕੇ ਦੇ ਸ਼ੁਰੂ ਵਿਚ ਭਾਰਤ ਸਰਕਾਰ ਵੱਲੋਂ ਦਿੱਲੀ ਵਰਗੇ ਮਹਾਂਨਗਰਾਂ ਵਿਚ ਵਧਦੀ ਵਸੋਂ ਨੂੰ ਘੱਟ ਕਰਨ ਲਈ ਕੁਝ ਸ਼ਹਿਰਾਂ ਨੂੰ 'ਕਾਊਂਟਰ ਮੈਗਨੇਟ ਟਾਊਨ' ਦਾ ਦਰਜਾ ਦਿੱਤਾ ਗਿਆ ਸੀ ਜਿਸ ਵਿਚ ਪਟਿਆਲਾ ਸ਼ਾਮਲ ਹੈ। ਇਸ ਦਾ ਮੰਤਵ ਦਿੱਲੀ ਦੁਆਲੇ ਸਥਿਤ ਇਨ੍ਹਾਂ ਸ਼ਹਿਰਾਂ ਵਿਚ ਬੁਨਿਆਦੀ ਢਾਂਚਾ ਮਜ਼ਬੂਤ ਕਰਕੇ ਵਸੋਂ ਦੇ ਵਹਾਅ ਨੂੰ ਘਟਾਉਣਾ ਸੀ। ਪੰਜਾਬ ਵਿਚ ਲੁਧਿਆਣਾ ਅਤੇ ਹੋਰ ਵੱਡੇ ਸ਼ਹਿਰਾਂ ਦੇ ਭੀੜ-ਭੜੱਕੇ ਨੂੰ ਘਟਾਉਣ ਲਈ ਵੀ ਇਨ੍ਹਾਂ ਸ਼ਹਿਰਾਂ ਦੁਆਲੇ ਛੋਟੇ ਕਸਬਿਆਂ ਨੂੰ ਵਿਕਸਤ ਕਰਕੇ ਲੋਕਾਂ ਨੂੰ ਉਥੇ ਰਹਿਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਸੀ। ਜੇ ਰਾਏਕੋਟ, ਜਗਰਾਉਂ, ਮੁਕਤਸਰ ਅਤੇ ਅਹਿਮਦਗੜ੍ਹ ਵਰਗੇ ਛੋਟੇ ਨਗਰਾਂ ਵਿਚ ਚੰਗੇ ਸਕੂਲ, ਹਸਪਤਾਲ ਅਤੇ ਅਰਬਨ ਅਸਟੇਟ ਵਿਕਸਤ ਕੀਤੇ ਹੁੰਦੇ ਤਾਂ ਵੱਡੇ ਸ਼ਹਿਰ ਵਿਚ ਜਾਣ ਦੀ ਲਾਲਸਾ ਖਤਮ ਹੋ ਜਾਂਦੀ। ਰੁਜ਼ਗਾਰ ਕਰਕੇ ਵੀ ਬਹੁਤੇ ਲੋਕ ਵੱਡੇ ਸ਼ਹਿਰਾਂ ਨੂੰ ਭੱਜਦੇ ਹਨ। ਸ਼ਹਿਰੀਕਰਨ ਦੇ ਰੁਝਾਨ ਨੂੰ ਭਾਵੇਂ ਅਸੀਂ ਘਟਾ ਨਹੀਂ ਸਕਦੇ ਪਰ ਕੁਝ ਕੁ ਪਿੰਡਾਂ ਨੂੰ ਆਦਰਸ਼ ਪਿੰਡਾਂ ਦੇ ਤੌਰ 'ਤੇ ਵਿਕਸਤ ਕਰਕੇ ਲੋਕਾਂ ਨੂੰ ਪਿੰਡ ਦੇ ਸਾਫ-ਸੁਥਰੇ ਚੌਗਿਰਦੇ ਵਿਚ ਰਹਿਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਜਲੰਧਰ ਜ਼ਿਲ੍ਹੇ ਵਿਚ ਪਲਾਹੀ, ਸੰਗਰੂਰ ਵਿਚ ਜਲਵਾਣਾ ਅਤੇ ਹੁਸ਼ਿਆਰਪੁਰ ਦੇ ਕੁਝ ਪਿੰਡਾਂ ਦਾ ਖੁਦ ਪਿੰਡ ਵਾਸੀਆਂ ਨੇ ਪਰਵਾਸੀ ਪੰਜਾਬੀਆਂ ਦੀ ਸਹਾਇਤਾ ਨਾਲ ਕਾਇਆ ਕਲਪ ਕੀਤਾ ਹੈ। ਇਹ ਪਿੰਡ ਸ਼ਹਿਰਾਂ ਦਾ ਭੁਲੇਖਾ ਪਾਉਂਦੇ ਹਨ।

ਸ਼ਹਿਰਾਂ ਦੀਆਂ ਦੁੱਖ ਤਕਲੀਫਾਂ ਦਾ ਕਹਿਰ ਇਕੱਲੀ ਸਥਾਨਕ ਸਰਕਾਰ ਨਹੀਂ ਘਟਾ ਸਕਦੀ। ਪਾਣੀ, ਸਫਾਈ, ਸੜਕਾਂ 'ਤੇ ਛਿੜਕਾਓ, ਪਾਰਕਾਂ ਦੇ ਰੱਖ-ਰਖਾਓ ਲਈ ਲੋਕ ਹਮੇਸ਼ਾ ਨਗਰ ਕੌਂਸਲ ਤੋਂ ਅਗਵਾਈ ਦੀ ਝਾਕ ਕਰਦੇ ਹਨ। ਲੋਕ ਆਪਣੇ ਨਿੱਜੀ ਸਮਾਰੋਹਾਂ ਲਈ ਝੱਟ ਸੜਕ 'ਤੇ ਟੈਂਟ ਗੱਡ ਕੇ ਆਵਾਜਾਈ ਠੱਪ ਕਰ ਦਿੰਦੇ ਹਨ, ਕਿਸੇ ਕੋਲ ਆਪਣੇ ਮੁਹੱਲੇ ਦੀ ਸਫਾਈ ਲਈ ਦਸ ਮਿੰਟ ਵੀ ਨਹੀਂ ਹਨ। ਮਿਹਨਤ ਦੇ ਬਾਵਜੂਦ ਮੁਹੱਲਾ ਕਮੇਟੀਆਂ ਵਿਚ ਸੰਗਠਨ ਦੇ ਰੂਪ ਵਿਚ ਕੁਝ ਯੋਗਦਾਨ ਪਾਉਣ ਲਈ ਸ਼ਹਿਰੀਆਂ ਵੱਲੋਂ ਭੋਰਾ ਵੀ ਉਤਸ਼ਾਹ ਨਹੀਂ ਵਿਖਾਇਆ ਗਿਆ। ਨਿਰਉਤਸ਼ਾਹਤ ਲੋਕਾਂ ਨੂੰ ਕੌਣ ਹਿੰਮਤ ਬਖਸ਼ੇਗਾ? ਅਨੁਸ਼ਾਸਨਹੀਣ ਕੌਮਾਂ ਨੂੰ ਕੌਣ ਜ਼ਬਤ ਸਿਖਾਏਗਾ? ਕੀ ਕੋਈ ਸਿੰਘਾਪੁਰ ਦੀਆਂ ਸੜਕਾਂ 'ਤੇ ਖਾ ਪੀ ਕੇ ਸਿਗਰਟ ਦੇ ਟੁਕੜੇ ਜਾਂ ਪਾਨ ਥੁੱਕ ਸਕਦਾ ਹੈ? ਨਿਊਯਾਰਕ ਵਿਚ ਪਾਰਕਿੰਗ ਤੋਂ ਬਾਹਰ ਗੱਡੀ ਖੜ੍ਹੀ ਕਰ ਸਕਦਾ ਹੈ? ਕੀ ਕੋਈ ਵੈਨਕੂਵਰ ਵਿਚ ਆਪਣੇ ਘਰ ਅੱਗੇ ਸੜਕ ਅਤੇ ਘਾਹ ਗੰਦਾ ਰੱਖ ਸਕਦਾ ਹੈ? ਬਿਲਕੁਲ ਨਹੀਂ। ਤੁਸੀਂ ਜੁਰਅਤ ਨਹੀਂ ਕਰ ਸਕਦੇ ਕਿ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਸਮੁੰਦਰੀ ਤੱਟਾਂ ਉਪਰ ਖਾਲੀ ਨਾਰੀਅਲ ਵੀ ਸੁੱਟ ਸਕੋ।

ਕੌਣ ਬਦਲੇਗਾ ਇਸ ਵਿਵਸਥਾ ਨੂੰ ਜਿਸ ਨੇ ਸਾਡੇ ਸ਼ਹਿਰਾਂ ਨੂੰ ਨਰਕ ਦਾ ਰੂਪ ਦਿੱਤਾ? ਲੋਕ ਸਭ ਰਲ ਕੇ ਨਵਾਂ ਮੁਹੱਲਾ ਸੱਭਿਆਚਾਰ ਸਿਰਜ ਸਕਦੇ ਹਨ। ਪਿੰਡਾਂ ਵਿਚ ਸ਼ਹਿਰਾਂ ਵਾਲੀਆਂ ਮੁਢਲੀਆਂ ਸਹੂਲਤਾਂ ਦਾ ਖਾਕਾ ਤਿਆਰ ਕਰਕੇ ਪੇਂਡੂ ਵਿਕਾਸ ਅਥਾਰਟੀ ਸਥਾਪਤ ਕਰਨ ਦੀ ਲੋੜ ਹੈ ਤਾਂ ਜੋ ਸ਼ਹਿਰਾਂ ਵੱਲ ਨੂੰ ਕੂਚ ਕਰ ਰਹੀ ਵਸੋਂ ਨੂੰ ਰੋਕਿਆ ਜਾ ਸਕੇ। ਪੇਂਡੂ ਅਤੇ ਸ਼ਹਿਰੀ ਖੇਤਰ ਵਿਚ ਚੰਗੀ ਟੈਕਸ ਪ੍ਰਣਾਲੀ ਅਪਨਾ ਕੇ ਲੋੜੀਂਦੇ ਵਿੱਤੀ ਸਾਧਨ ਪੈਦਾ ਕਰਨ ਵਿਚ ਝਿਜਕਣ ਦੀ ਜ਼ਰੂਰਤ ਨਹੀਂ। ਜੇ ਅਜਿਹਾ ਨਹੀਂ ਕਰਾਂਗੇ ਤਾਂ ਸ਼ਹਿਰੀਕਰਨ ਦੀ ਥਾਂ ਝੁੱਗੀ ਝੌਂਪੜੀਆਂ ਦੇ ਪਸਾਰੇ ਵੱਲ ਵਧ ਰਹੇ ਹੋਵਾਂਗੇ।

# ਪਿੰਡਾਂ ਵਿਚ ਹੁਣ ਰੱਬ ਨਹੀਂ ਵਸਦਾ

**ਕੁਲਬੀਰ ਸਿੰਘ ਸਿੱਧੂ**

ਪਿੰਡਾਂ ਦੀ ਪੁਰਾਣੀ ਬਣਤਰ ਅਤੇ ਜੀਵਨ ਦੀ ਨੁਹਾਰ ਹੁਣ ਬਦਲ ਗਈ ਹੈ। ਜਦੋਂ ਹਿੰਦੋਸਤਾਨ ਨੂੰ ਸਿਰਫ ਖੇਤੀ ਪ੍ਰਧਾਨ ਦੇਸ਼ ਵਜੋਂ ਹੀ ਜਾਣਿਆ ਜਾਂਦਾ ਸੀ ਤਾਂ ਕਿਹਾ ਜਾਂਦਾ ਸੀ ਕਿ ਦੇਸ਼ ਪਿੰਡਾਂ ਵਿਚ ਵਸਦਾ ਹੈ। ਉਨ੍ਹਾਂ ਸਮਿਆਂ ਵਿਚ ਉਦੋਂ ਦੇਸ਼ ਹੀ ਨਹੀਂ, ਸਗੋਂ ਪਿੰਡਾਂ ਵਿਚ ਰੱਬ ਵਸਦਾ ਵੀ ਸੀ। ਪਿੰਡ ਵਿਚ ਖੇਤੀ, ਖੇਤੀ ਦੇ ਸਹਾਇਕ ਕਿੱਤਿਆਂ ਅਤੇ ਕਿਰਸਾਣੀ 'ਤੇ ਨਿਰਭਰ ਹਰ ਜਾਤ ਦੇ ਲੋਕ ਇਕੱਠੇ ਰਹਿੰਦੇ ਸਨ। ਕਿਰਸਾਣ, ਤਰਖਾਣ, ਲੁਹਾਰ, ਘੁਮਿਆਰ, ਖੱਤਰੀ, ਅਨੁਸੂਚਿਤ ਖੇਤੀ ਕਾਮੇ ਤੇ ਦਿਹਾੜੀਦਾਰ ਗਰੀਬ-ਗੁਰਬਾ ਆਦਿ ਸਭ ਲੋਕ ਭਾਈਚਾਰੇ ਵਾਂਗ ਰਹਿੰਦੇ ਸਨ। ਮੁੱਕਦੀ ਗੱਲ, ਪਿੰਡ ਦੀ ਵਸੋਂ ਦਾ ਰੂਪ ਆਪਣੇ ਆਪ ਵਿਚ ਮੁਕੰਮਲ ਸੰਸਾਰ ਵਰਗਾ ਹੁੰਦਾ ਸੀ।

ਵੱਡੀਆਂ ਜ਼ਮੀਨਾਂ ਵਾਲੇ ਸਰਦਾਰਾਂ ਦੇ ਘਰ, ਹਵੇਲੀਆਂ ਦੇ ਰੂਪ ਵਿਚ ਹੁੰਦੇ ਸਨ। ਆਮ ਕਿਰਸਾਣਾਂ ਦੇ ਘਰ ਅੱਧ ਕੱਚੇ ਤੇ ਅੱਧ ਪੱਕੇ ਅਤੇ ਗਰੀਬਾਂ ਦੇ ਘਰ ਵੱਖ-ਵੱਖ ਜਾਤਾਂ ਦੇ ਵਿਹੜਿਆਂ ਵਿਚ ਕੱਚੇ ਹੀ ਹੁੰਦੇ ਸਨ ਪਰ ਜਿਹੜੀ ਗੱਲ ਸਮੁੱਚੇ ਪਿੰਡ ਅਤੇ ਹਰ ਘਰ ਵਿਚ ਪ੍ਰਤੱਖ ਦਿਸਦੀ ਸੀ, ਉਹ ਸੀ ਕਿ ਜੀਵਨ ਵਿਚ ਪਿਆਰ ਤੇ ਸਾਂਝ ਦਾ ਨਿੱਘ ਮੌਜੂਦ ਹੁੰਦਾ ਸੀ।

ਹੁਣ ਇਹ ਸਾਰਾ ਸਮਾਜਿਕ ਢਾਂਚਾ ਹਿੱਲ ਚੁੱਕਾ ਹੈ। ਪੰਜਾਬੀ ਭਾਸ਼ਾ ਦਾ 'ਤਾਣੀ ਵਿਚ ਝੋਟਾ ਵਾੜਨ' ਦਾ ਪੁਰਾਣਾ ਮੁਹਾਵਰਾ ਹੈ। ਇਸ ਦਾ ਮਤਲਬ ਸੀ ਕਿ ਜੁਲਾਹਾ ਤਾਂ ਤੰਦ-ਤੰਦ ਕਰਕੇ ਤਾਣੀ ਬੁਣਦਾ ਸੀ ਤੇ ਕੋਈ ਚੋਰ-ਡੰਗਰ ਉਸ ਦੀ ਤਾਣੀ ਵਿਚ ਵੜ ਕੇ ਉਸ ਨੂੰ ਤਹਿਸ-ਨਹਿਸ ਕਰ ਦਿੰਦਾ ਸੀ। ਬਿਲਕੁਲ ਇਸੇ ਤਰ੍ਹਾਂ ਸਾਡੇ ਸਮਾਜ ਦੇ ਤਾਣੇ-ਬਾਣੇ ਵਿਚ ਨਵੀਆਂ ਗੁੱਡੀਆਂ ਤੇ ਨਵੇਂ ਪਟੋਲਿਆਂ ਨੇ ਤਰਥੱਲੀ ਮਚਾ ਦਿੱਤੀ ਹੈ। ਪਿੰਡ ਦੇ ਕਾਮੇ ਲੋਕਾਂ ਦਾ ਭਾਈਚਾਰਾ ਪਹਿਲਾਂ ਜਿੱਥੇ ਪੇਂਡੂ ਸਮਾਜ ਨੂੰ ਲੋੜੀਂਦਾ ਨੁੰਮਣਾ ਦਿੰਦਾ ਸੀ, ਉਹ ਨਿਮਨ ਵਰਗ ਹੀ ਹੁਣ ਕੁਝ ਤਾਂ ਖੇਤੀ ਦੀ ਪ੍ਰਧਾਨਤਾ ਨਾ ਰਹਿਣ ਕਰਕੇ ਅਤੇ ਕੁਝ ਕੁ ਪਿਛਲੀਆਂ ਪੀੜ੍ਹੀਆਂ ਦੇ ਸਮੇਂ ਜਾਤ-ਪਾਤ ਦੇ ਬੰਧਨਾਂ ਦੇ ਪ੍ਰਤੀਕਰਮ ਵਜੋਂ ਜੱਟ ਸਮਾਜ ਨਾਲੋਂ ਟੁੱਟ ਚੁੱਕਾ ਹੈ।

ਹੁਣ ਕਿਰਸਾਣੀ ਦੇ ਸਹਾਇਕ ਕਿੱਤਿਆਂ 'ਤੇ ਨਿਰਭਰ ਜ਼ਿਆਦਾ ਲੋਕ ਨੇੜੇ ਦੀਆਂ ਮੰਡੀਆਂ ਤੇ ਸ਼ਹਿਰਾਂ ਵਿਚ ਕਿੱਤਾਮੁਖੀ ਕੰਮਾਂ ਨੂੰ ਅਪਨਾ ਚੁੱਕੇ ਹਨ। ਖਾਸ ਤੌਰ 'ਤੇ ਇਨ੍ਹਾਂ ਲੋਕਾਂ ਨੇ ਹੁਣ ਜ਼ਿਮੀਂਦਾਰ ਸਮਾਜ ਵੱਲੋਂ ਜਾਤ-ਪਾਤ ਵਿਚ ਵਿਸ਼ਵਾਸ ਦੇ ਵਿਰੋਧ ਵਜੋਂ ਆਪਣੇ-ਆਪ ਨੂੰ ਆਪਣੇ ਵਿਹੜਿਆਂ ਦੇ ਚੰਗੇ ਸਹਿੰਦੇ ਘਰ-ਸੰਸਾਰ ਵਿਚ ਬੰਦ ਕਰ ਲਿਆ ਹੈ। ਅਜੋਕੇ ਸਮੇਂ ਵਿਚ ਇਹ ਲੋਕ ਆਰਥਿਕ ਸ਼ੋਸ਼ਣ ਦੇ ਕੁਦਰਤੀ ਪ੍ਰਤੀਕਰਮ ਵਜੋਂ ਆਮ ਕਿਸਾਨਾਂ ਨਾਲੋਂ ਵੱਧ ਕਮਾਈ ਕਰਨ ਲੱਗ ਪਏ ਹਨ। ਹੁਣ ਇਨ੍ਹਾਂ ਲੋਕਾਂ ਨੂੰ ਜੱਟ ਸਮਾਜ ਦੀ ਪਹਿਲਾਂ ਵਾਲੀ ਮੁਥਾਜੀ ਵੀ ਨਹੀਂ ਹੈ।

ਕੋਈ ਬਹੁਤ ਸਮਾਂ ਪਹਿਲਾਂ ਦੀ ਗੱਲ ਨਹੀਂ ਕਿ ਪਿੰਡਾਂ ਵਿਚ ਸਮਾਜਕ ਤੇ ਆਰਥਿਕ ਪਾੜਿਆਂ ਤੇ ਝਗੜਿਆਂ ਦਾ ਇਲਾਜ ਭਾਈਚਾਰਕ ਪੰਚਾਇਤਾਂ ਕੋਲ ਹੁੰਦਾ ਸੀ। ਜੇ ਗੱਲ ਬਹੁਤ ਹੀ ਵਧ ਜਾਂਦੀ ਤਾਂ ਇਸ ਦਾ ਹੱਲ ਚੁਣੀਆਂ ਹੋਈਆਂ ਪੰਚਾਇਤਾਂ ਕੋਲ



ਮਿਲ ਹੀ ਜਾਂਦਾ ਸੀ, ਪਰ ਅੱਜ ਦੇ ਸਮੇਂ ਦੀ ਨੇਤਾਗਿਰੀ ਤੇ ਸਿਆਸਤ ਨੇ ਪਿੰਡਾਂ ਤੇ ਪੱਤੀਆਂ ਦੀ ਗੱਲ ਤਾਂ ਛੱਡੋ, ਪਰਿਵਾਰਾਂ ਦਾ ਵੀ ਸਿਆਸੀਕਰਨ ਕਰ ਦਿੱਤਾ ਹੈ। ਸਾਂਝੇ ਪਰਿਵਾਰਾਂ ਦੀ ਤਾਂ ਹੁਣ ਗੱਲ ਮੁੱਕੀ ਨੂੰ ਚਿਰ ਹੋ ਗਿਆ ਹੈ। ਇਕ ਭਰਾ ਇਕ ਪਾਰਟੀ ਵਿਚ ਹੈ ਤੇ ਦੂਜਾ ਦੂਜੀ ਪਾਰਟੀ ਵਿਚ। ਕੋਈ ਵੱਡੀ ਗੱਲ ਨਹੀਂ ਕਿ ਬੰਦੇ ਨਾਲੋਂ ਉਸ ਦੇ ਪੁੱਤ ਤੇ ਉਸ ਦੀ ਘਰ ਵਾਲੀ ਦੀ ਵੋਟ ਉਸ ਦੀ ਉਲਟ ਪਾਰਟੀ ਨੂੰ ਜਾਂਦੀ ਹੋਵੇ। ਫਿਰ ਸਿਤਮ ਵਾਲੀ ਗੱਲ ਇਹ ਹੈ ਕਿ ਇਕ ਅਖੌਤ 'ਜੱਟ ਜੱਟ ਦਾ ਤੇ ਭੋਲੂ ਨਰਾਇਣੇ ਦਾ' ਅਨੁਸਾਰ ਚੁਣੇ ਤੇ ਹਾਰੇ ਸਰਪੰਚ ਤੇ ਲੀਡਰ ਤਾਂ ਅਕਸਰ ਇਕੱਠੇ ਹੋ ਜਾਂਦੇ ਹਨ, ਪਰ ਚੋਣ ਦਰ ਚੋਣ ਘਰਾਂ ਵਿਚ ਪਈ ਸਿਆਸੀ ਅੱਗ ਸੁਲਘਦੀ ਰਹਿੰਦੀ ਹੈ।

ਪਿੰਡਾਂ ਵਿਚ ਵੱਡੇ ਤੇ ਛੋਟੇ ਹਰ ਬੰਦੇ ਦੀ ਆਪਣੀ ਪਛਾਣ ਹੁੰਦੀ ਸੀ। ਪਿੰਡ ਦੀ ਜੂਹ ਵਿਚ ਵੜਦੇ ਹੀ ਮਹਿਮਾਨ ਨੂੰ ਕੋਈ ਨਾ ਕੋਈ ਦੱਸਣ ਵਾਲਾ ਮਿਲ ਜਾਂਦਾ ਸੀ ਕਿ ਜਿਸ ਬੰਦੇ ਨੂੰ ਉਹ ਮਿਲਣ ਜਾ ਰਿਹਾ ਹੈ ਉਸ ਦਾ ਘਰ ਕਿੱਥੇ ਹੈ ਅਤੇ ਜਾਂ ਫਿਰ ਉਹ ਆਪਣੇ ਕਿਹੜੇ ਖੇਤ ਕੰਮ ਕਰ ਰਿਹਾ ਹੈ। ਸ਼ਹਿਰਾਂ ਵਿਚ ਨਾਲ ਦੇ ਘਰ ਵਾਲੇ ਨੂੰ ਵੀ ਪੂਰਾ ਪਤਾ ਨਹੀਂ ਹੁੰਦਾ ਕਿ ਉਸ ਦੇ ਗੁਆਂਢ ਵਿਚ ਕੌਣ ਰਹਿ ਰਿਹਾ ਹੈ। ਖਾਸ ਤੌਰ 'ਤੇ ਗੁਆਂਢ ਵਿਚ ਕੋਈ ਨਾਢੂ ਖਾਂ ਭਾਵ 'ਜਨਾਬ' ਰਹਿ ਰਿਹਾ ਹੋਵੇ ਤਾਂ ਨਾਲ ਦੇ ਘਰ ਵਾਲਾ ਤਾਂ ਬਿਲਕੁਲ ਹੀ ਉਸ ਦੇ ਅਤੇ-ਪਤੇ ਬਾਰੇ ਬੋਲਦਾ ਨਹੀਂ।

ਹੁਣ ਪਿੰਡਾਂ ਦੇ ਲੋਕਾਂ ਦੀ ਚਾਲ-ਢਾਲ ਵੀ ਬਦਲ ਚੁੱਕੀ ਹੈ। ਜਦੋਂ ਆਵਾਜਾਈ ਦੇ ਹੁਣ ਵਾਲੇ ਸਾਧਨ ਨਹੀਂ ਸਨ ਤਾਂ ਆਮ ਲੋਕ ਪੈਦਲ ਹੀ ਪੈਂਡੇ ਤੈਅ ਕਰਦੇ ਸਨ। ਕੁਝ ਸਹਿੰਦੇ ਲੋਕ ਸਵਾਰੀ ਲਈ ਘੋੜੀਆਂ ਤੇ ਊਠ ਰੱਖਦੇ ਸਨ। ਬੰਦਿਆਂ ਦੀ ਤਾਂ ਕੀ ਘੋੜੀਆਂ ਤੇ ਊਠਾਂ ਦੀ ਵੀ ਆਪਣੀ ਨਿਰਾਲੀ ਚਾਲ ਹੁੰਦੀ ਸੀ। ਘੋੜੀਆਂ ਦੀ ਵਧੀਆ ਪੈਂਡਾ ਮੁਕਾਉ ਚਾਲ ਨੂੰ 'ਰੇਵੀਆ' ਕਹਿੰਦੇ ਸਨ ਤੇ ਊਠਾਂ ਦੀ ਅਜਿਹੀ ਚਾਲ ਨੂੰ 'ਵਾਨ' ਪਾਉਣਾ ਕਹਿੰਦੇ ਸਨ। ਪੈਰੀਂ ਤੁਰਨ ਵਾਲਿਆਂ 'ਪੈਦਲ ਸਵਾਰਾਂ' ਦੀ ਵੀ ਆਪਣੀ ਹੀ ਚਾਲ ਹੁੰਦੀ ਸੀ। ਇਹ ਤੋਰ ਸਰਪੱਟ ਦੌੜ ਤੇ ਢਿੱਲੀ ਢੀਚਕ ਚਾਲ ਵਿਚਕਾਰ ਦਰਮਿਆਨੀ ਜਿਹੀ ਰਫਤਾਰ ਹੁੰਦੀ ਸੀ। ਇਸ ਨੂੰ 'ਵਗਣਾ' ਕਹਿੰਦੇ ਸੀ।

ਖ਼ੈਰ! ਸਮਾਜ ਗਤੀਸ਼ੀਲ ਹੈ। ਇਸ ਲਈ ਇਹ ਤਬਦੀਲੀਆਂ ਸ਼ੁਰੂ ਤੋਂ ਹੀ ਹੁੰਦੀਆਂ ਆਈਆਂ ਹਨ ਤੇ ਹੁੰਦੀਆਂ ਰਹਿਣਗੀਆਂ, ਪਰ ਕਿੰਨਾ ਚੰਗਾ ਹੋਵੇ ਕਿ ਜੇ ਅਸੀਂ ਸਦੀਆਂ ਪੁਰਾਣੀਆਂ ਆਪਸੀ ਭਾਈਚਾਰਕ ਤੇ ਭਾਈਵਾਲਤਾ ਦੀਆਂ ਚੰਗੀਆਂ ਪਰੰਪਰਾਵਾਂ ਤੇ ਨੇਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖ ਸਕੀਏ।

# ਧਰਮ ਦੇ ਖੇਤਰ 'ਚ ਸਹਿਣਸ਼ੀਲਤਾ ਦੀ ਥਾਂ ਮੱਧ-ਯੁੱਗੀ ਬਿਰਤੀ ਭਾਰੂ

**ਜਤਿੰਦਰ ਪਨੂੰ**

ਦਾਰਾ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਹੀ ਰਹੇਗੀ, ਫ਼ਾਂਸੀ ਦੀ ਸਜ਼ਾ ਬਾਰੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਅਰਜ਼ੀ ਸੁਪਰੀਮ ਕੋਰਟ ਨੇ ਰੱਦ ਕਰ ਦਿੱਤੀ ਹੈ। ਦੂਜੇ ਪਾਸੇ, ਉਮਰ ਕੈਦ ਦੀ ਸਜ਼ਾ ਰੱਦ ਕਰਵਾਉਣ ਬਾਰੇ ਦਾਰਾ ਸਿੰਘ ਦੀ ਇੱਛਾ ਵੀ ਪੂਰੀ ਨਹੀਂ ਹੋਈ, ਇਹ ਉਸ ਨੂੰ ਭੁਗਤਣੀ ਪਵੇਗੀ। ਦਾਰਾ ਸਿੰਘ ਉਤੇ ਦੋਸ਼ ਇਹ ਸੀ ਕਿ



*ਗ੍ਰਾਹਮ ਸਟੇਨਜ਼ ਅਤੇ ਉਸ ਦਾ ਪਰਿਵਾਰ*

ਉਸ ਨੇ ਈਸਾਈ ਮਿਸ਼ਨਰੀ ਗ੍ਰਾਹਮ ਸਟੇਨਜ਼ ਅਤੇ ਉਸ ਦੇ ਦਸ ਅਤੇ ਛੇ ਸਾਲ ਦੇ ਦੋ ਛੋਟੇ-ਛੋਟੇ ਪੁੱਤਰਾਂ ਨੂੰ ਉਨ੍ਹਾਂ ਦੀ ਗੱਡੀ ਘੇਰ ਕੇ, ਅੱਗ ਲਾ ਕੇ ਜਿਉਂਦਿਆਂ ਨੂੰ ਸਾੜ ਦਿੱਤਾ ਸੀ। ਸਾੜਨ ਦਾ ਕਾਰਨ ਇਹ ਕੌੜ ਸੀ ਕਿ ਗ੍ਰਾਹਮ ਸਟੇਨਜ਼ ਉਸ ਇਲਾਕੇ ਦੇ ਕਬਾਇਲੀ ਲੋਕਾਂ ਨੂੰ ਈਸਾਈ ਬਣਾ ਰਿਹਾ ਹੈ। ਹੁਣ ਜਦੋਂ ਭਾਰਤ ਦੀ ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਆਪਣਾ ਫ਼ੈਸਲਾ ਦਿੱਤਾ ਹੈ ਤਾਂ ਉਸ ਨੇ ਵੀ ਟਿੱਪਣੀ ਕੀਤੀ ਹੈ ਕਿ ਜ਼ੋਰ-ਜ਼ਬਰਦਸਤੀ ਜਾਂ ਭੜਕਾ ਕੇ ਜਾਂ ਇਕ ਧਰਮ ਦੇ ਦੂਜੇ ਨਾਲੋਂ ਚੰਗਾ ਹੋਣ ਦੀ ਗੱਲ ਕਹਿ ਕੇ ਧਰਮ ਤਬਦੀਲੀ ਕਰਾਉਣੀ ਵੀ ਠੀਕ ਨਹੀਂ। ਸੁਪਰੀਮ ਕੋਰਟ ਦੀ ਇਹ ਟਿੱਪਣੀ ਦਾਰਾ ਸਿੰਘ ਦੇ ਕੇਸ ਦੀ ਫ਼ਾਈਲ ਬੰਦ ਕਰਨ ਦੇ ਨਾਲ ਧਰਮ ਤਬਦੀਲੀ ਦੇ ਵਿਸ਼ੇ ਉਤੇ ਬਹਿਸ ਦਾ ਰਾਹ ਖੋਲ੍ਹਣ ਦਾ ਆਧਾਰ ਬਣ ਸਕਦੀ ਹੈ।

ਗ੍ਰਾਹਮ ਸਟੇਨਜ਼ ਮਿਸ਼ਨਰੀ ਵਜੋਂ ਸਿਰਫ਼ ਸਮਾਜੀ ਸੇਵਾਵਾਂ ਦੇ ਰਹੇ ਸਨ ਜਿਸ ਦਾ ਉਨ੍ਹਾਂ ਦੇ ਸਾਥੀ ਅਤੇ ਸਟੇਨਜ਼ ਦੀ ਵਿਧਵਾ ਦਾਅਵਾ ਕਰਦੇ ਹਨ ਜਾਂ ਇਸ ਦੇ ਨਾਲ ਧਰਮ ਤਬਦੀਲੀ ਲਈ ਵੀ ਕੰਮ ਕਰਦੇ ਸਨ, ਇਸ ਬਾਰੇ ਅਸੀਂ ਨੇੜਿਓਂ ਨਹੀਂ ਜਾਣਦੇ, ਪਰ ਇਸ ਗੱਲ ਦੇ ਪੱਕੇ ਧਾਰਨੀ ਹਾਂ ਕਿ ਜੇ ਅਜਿਹਾ ਹੋਵੇ ਵੀ ਤਾਂ ਕਿਸੇ ਨੂੰ ਉਸ ਦਾ ਕਤਲ ਕਰਨ ਦਾ ਹੱਕ ਨਹੀਂ ਮਿਲ ਜਾਂਦਾ। ਇਹ ਕਤਲ ਵੀਹਵੀਂ ਸਦੀ ਵਿਚ ਹੋਏ ਹਨ, ਉਸ ਮੱਧ ਯੁੱਗ ਵਿਚ ਨਹੀਂ ਜਦੋਂ ਕਿਸੇ 'ਸ਼ੂਦਰ' ਠਹਿਰਾਏ ਗਏ ਗ਼ਰੀਬ-ਗ਼ੁਰਬੇ ਦੇ ਕੰਨਾਂ ਵਿਚ ਰਾਮ ਦਾ ਨਾਂ ਪੈ ਜਾਣਾ ਵੀ ਪਾਪ ਮੰਨ ਕੇ ਉਸ ਦੇ ਕੰਨਾਂ ਵਿਚ ਸ਼ੀਸ਼ਾ ਪਿਘਲਾ ਕੇ ਪਾ ਦਿੱਤਾ ਜਾਂਦਾ ਸੀ। ਉਹ ਯੁੱਗ ਬਹੁਤ ਪਿੱਛੇ ਰਹਿ ਗਿਆ ਜਦੋਂ ਧਰਮ ਦੇ ਨਾਂ ਉਤੇ ਕਿਸੇ ਨੂੰ ਚਰਖੜੀ ਉਤੇ ਚਾੜ੍ਹਨ ਜਾਂ ਪੁੱਠੀ ਖੱਲ ਲਾਹੁਣ ਦੇ ਫ਼ਤਵੇ ਦਿੱਤੇ ਜਾਂਦੇ ਸਨ। ਸਾਡਾ ਯੁੱਗ ਇਨ੍ਹਾਂ ਸਾਰੀਆਂ ਵਹਿਸ਼ੀ ਗੱਲਾਂ ਨੂੰ ਰੱਦ ਕਰਨ ਦਾ ਯੁੱਗ ਹੈ।

ਦਾਰਾ ਸਿੰਘ ਦਾ ਸਬੰਧ ਆਰ.ਐਸ.ਐਸ. ਵਰਗੀ ਫ਼ਿਰਕੂ ਜਥੇਬੰਦੀ ਨਾਲ ਸੀ ਜਿਹੜੀ ਹਿੰਦੂ ਧਰਮ ਨੂੰ ਖ਼ਤਰੇ ਦੀ ਦੁਹਾਈ ਦੇ ਕੇ ਇਸ ਭਾਈਚਾਰੇ ਦੇ ਲੋਕਾਂ ਅੰਦਰ ਜਨੂੰਨ ਭਰਦੀ ਰਹਿੰਦੀ ਹੈ। ਦਾਰਾ ਸਿੰਘ ਨੂੰ ਗ੍ਰਿਫ਼ਤਾਰ ਕੀਤੇ ਜਾਣ ਉਤੇ ਆਰ.ਐਸ.ਐਸ. ਦੀ ਕਮਾਨ ਹੇਠਲੀ ਰਾਜਸੀ ਸ਼ਾਖ, ਭਾਰਤੀ ਜਨਤਾ ਪਾਰਟੀ ਦੇ ਇਕ ਐਮ.ਪੀ. ਨੇ ਉਸ ਦੇ ਹੱਕ ਵਿਚ ਮਾਇਆ ਇਕੱਤਰ ਕਰਨ ਦੀ ਮੁਹਿੰਮ ਛੇੜ ਦਿੱਤੀ ਸੀ ਜਿਸ 'ਤੇ ਉਸ ਵਕਤ ਦੀ ਭਾਜਪਾ ਸਰਕਾਰ ਨੂੰ ਵੀ ਉਸ ਨੂੰ ਰੋਕਣਾ ਪਿਆ ਸੀ। ਭਾਰਤੀ ਜਨਤਾ ਪਾਰਟੀ ਨੇ ਰਾਜਸੀ ਭਾਈਬੰਦਾਂ ਕੋਲ ਸੱਚੇ ਰਹਿਣ ਲਈ ਆਪਣੇ ਐਮ.ਪੀ. ਨੂੰ ਤਾਂ ਇਸ ਕੰਮ ਤੋਂ ਰੋਕ ਲਿਆ ਪਰ ਉਸੇ ਪਾਰਟੀ ਨੇ ਬਾਹਰ ਇਸ ਪ੍ਰਚਾਰ ਦੀ ਮੁਹਿੰਮ ਚਲਾਈ ਰੱਖੀ ਸੀ ਕਿ ਗ੍ਰਾਹਮ ਸਟੇਨਜ਼ ਨੇ ਕਬਾਇਲੀ ਲੋਕਾਂ ਨੂੰ ਈਸਾਈ ਬਣਾਉਣ ਦੀ ਮੁਹਿੰਮ ਛੇੜ ਕੇ ਆਪਣੇ ਕਤਲ ਦੇ ਹਾਲਾਤ ਆਪ ਕੀਤੇ ਸਨ। ਇਹ ਉਸ ਕਤਲ ਨੂੰ ਜਾਇਜ਼ ਠਹਿਰਾਉਣ ਦੀ ਕੋਝੀ ਕਾਰਵਾਈ ਸੀ।

ਉਸ ਮੌਕੇ ਦੇ ਪ੍ਰਧਾਨ ਅਟਲ ਬਿਹਾਰੀ ਵਾਜਪਾਈ ਨੂੰ ਭਾਜਪਾ ਦੀ ਅਗਵਾਈ ਹੇਠਲੇ ਗਠਜੋੜ ਵਿਚ ਬੜਾ 'ਮਾਡਰੇਟ' ਕਹਿ ਕੇ ਪੇਸ਼ ਕੀਤਾ ਜਾਂਦਾ ਸੀ। ਜਦੋਂ ਉਸ ਗਠਜੋੜ ਨੇ ਹਾਲੇ ਕੇਂਦਰ ਦਾ ਰਾਜ ਨਹੀਂ ਸੀ ਸੰਭਾਲਿਆ, ਉਦੋਂ ਭਾਜਪਾ ਦੇ ਇਕ ਜਨਰਲ ਸਕੱਤਰ ਨੇ ਇਕ ਵਿਦੇਸ਼ੀ ਰਾਜਦੂਤ ਕੋਲ ਜਾ ਕੇ ਕਹਿ ਦਿੱਤਾ ਸੀ ਕਿ ਵਾਜਪਾਈ ਸਾਡਾ ਮੁੱਖ ਨਹੀਂ, ਸਿਰਫ਼ ਮੁਖੌਟਾ ਹੀ ਹੈ ਜਿਸ ਨੂੰ ਗਠਜੋੜ ਚਲਾਉਣ ਲਈ ਅੱਗੇ ਲਾਇਆ ਗਿਆ ਹੈ। ਇਸ ਦੀ ਚਰਚਾ ਛਿੜਦੇ ਸਾਰ ਵਾਜਪਾਈ ਸਾਹਿਬ ਇੰਨੇ ਰੁੱਸ ਗਏ ਕਿ ਘੱਟੋ-ਘੱਟ ਦੋ ਜਨਤਕ ਸਮਾਗਮਾਂ ਵਿਚੋਂ ਇਹ ਕਹਿ ਕੇ ਤੁਰ ਗਏ ਸਨ ਕਿ 'ਮੈਂ ਯਹਾਂ ਬੈਠ ਕਰ ਕਿਆ ਕਰੂੰਗਾ, ਹਾਜ਼ਰੀ ਲੱਗ ਗਈ ਹੈ, ਅਬ ਮੈਂ ਮੁੱਖ ਤੋਂ ਹੂੰ ਨਹੀਂ, ਮੁਖੌਟਾ ਬਨ ਗਇਆ ਹੂੰ।' ਬੜੇ ਲੋਕਾਂ ਨੂੰ ਆਸ ਸੀ ਕਿ ਜੇ ਦੇਸ਼ ਦੀ ਕਮਾਨ ਇਸ ਵਿਅਕਤੀ ਦੇ ਹੱਥ ਆ ਗਈ ਤਾਂ ਰਾਜ ਭਾਵੇਂ ਭਾਜਪਾ ਦਾ ਹੋਵੇਗਾ, ਇਹ ਉਸ ਦੇ ਫ਼ਿਰਕੂਪੁਣੇ ਨੂੰ ਬੰਨ੍ਹ ਮਾਰ ਕੇ ਰੱਖੇਗਾ। ਇਹ ਆਸ ਝੂਠੀ ਨਿਕਲੀ ਸੀ। ਵਾਜਪਾਈ ਸਾਹਿਬ ਨੇ ਭਾਜਪਾ ਦੇ 'ਮੁਖੌਟੇ' ਦਾ ਕੰਮ ਤਾਂ ਕੀਤਾ ਹੀ, ਲੋੜ ਪੈਣ 'ਤੇ ਮੁੱਖ ਵੀ ਬਣ ਜਾਂਦੇ ਰਹੇ। ਗ੍ਰਾਹਮ ਸਟੇਨਜ਼ ਦੇ ਕਤਲ ਪਿੱਛੋਂ ਵੀ ਉਨ੍ਹਾਂ ਨੇ ਭਾਜਪਾ ਦੇ ਮੁਖੌਟੇ ਵਾਲਾ ਪਰਦਾ ਲਾਹ ਦੇ ਦਾਰਾ ਸਿੰਘ ਦੀ ਕਰਤੂਤ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਸੀ ਕਿ 'ਇਸ ਕਤਲ ਕੇ ਬਾਅਦ ਅਬ ਧਰਮਾਂਤਰਣ (ਧਰਮ ਪਰਿਵਰਤਨ) ਕੇ ਮੁੱਦੇ ਪਰ ਭੀ ਬਹਿਸ ਹੋਨੀ ਚਾਹੀਏ ਜਿਸ ਕੀ ਵਜਹ ਸੇ ਯੇ ਘਟਨਾ ਘਟੀ ਹੈ।' ਕਹਿਣ ਤੋਂ ਭਾਵ ਇਹ ਕਿ ਜੇ ਧਰਮ ਪਰਿਵਰਤਨ ਨਾ ਹੋ ਰਿਹਾ ਹੁੰਦਾ ਤਾਂ ਇਹ ਕਤਲ ਨਾ ਹੁੰਦਾ। ਕੀ ਇਹ ਕਤਲ ਨੂੰ ਜਾਇਜ਼ ਦੱਸਣ ਦਾ ਸੁਖਾਵਾਂ ਰਾਹ ਨਹੀਂ ਸੀ ਜੋ ਵਾਜਪਾਈ ਸਾਹਿਬ ਨੇ ਅਪਨਾ ਲਿਆ ਸੀ?

ਵਾਜਪਾਈ ਸਾਹਿਬ ਨੇ ਇਥੇ ਹੀ ਨਹੀਂ, ਗੁਜਰਾਤ ਦੇ ਦੰਗਿਆਂ ਮੌਕੇ ਵੀ ਦੋਵੇਂ ਭੂਮਿਕਾਵਾਂ ਨਿਭਾਈਆਂ ਸਨ, ਦੰਗੇ ਹੋਣ ਸਮੇਂ ਚੁੱਪ ਰਹਿ ਕੇ ਅਤੇ ਅੱਗ ਸ਼ਾਂਤ ਹੋਣ ਪਿਛੋਂ ਇਹ ਕਹਿ ਕੇ, "ਆਪ ਨੇ ਹਮਾਰੇ ਮੂੰਹ ਪੇ ਕਾਲਖ਼ ਪੋਤ ਦੀ, ਮੈਂ ਵਿਦੇਸ਼ ਦੌਰੇ ਪਰ ਜਾ ਰਹਾ ਹੂੰ, ਕੌਨ ਸਾ ਮੂੰਹ ਲੇਕਰ ਜਾਊਂਗਾ?" ਫਿਰ ਜਦੋਂ ਕੁਝ ਦਿਨ ਪਿੱਛੋਂ ਨਰਿੰਦਰ ਮੋਦੀ ਨੇ ਅੱਖਾਂ ਵਿਖਾਈਆਂ ਤਾਂ ਗੋਆ ਦੇ ਜਲਸੇ ਵਿਚ ਗੁਜਰਾਤ ਦੀ ਚਰਚਾ ਕਰਦੇ ਹੋਏ ਮੁਸਲਮਾਨਾਂ ਬਾਰੇ ਕਹਿ ਦਿੱਤਾ ਸੀ ਕਿ 'ਯੇ ਜਹਾਂ ਭੀ ਰਹਤੇ ਹੈਂ, ਨਾ ਖ਼ੁਦ ਚੈਨ ਸੇ ਰਹਤੇ ਹੈਂ, ਨਾ ਦੂਸਰੋਂ ਕੋ ਰਹਨੇ ਦੇਤੇ ਹੈਂ।" ਇੰਜ ਸਾਰਾ ਦੋਸ਼ ਟੇਢੇ ਸ਼ਬਦਾਂ ਵਿਚ ਦੰਗਿਆਂ ਵਿਚ ਮਰਨ ਵਾਲਿਆਂ ਦੇ ਸਿਰ ਥੱਪ ਦਿੱਤਾ ਸੀ।

ਗੱਲ ਸਿਰਫ਼ ਇਹ ਨਹੀਂ ਕਿ ਭਾਜਪਾ ਕੀ ਕਰਦੀ ਹੈ ਅਤੇ ਇਹੋ ਜਿਹੀਆਂ ਕਿੰਨੀਆਂ ਕੁ ਕਰਤੂਤਾਂ ਉਸ ਨਾਲ ਜੁੜੇ ਲੋਕਾਂ ਦੇ ਨਾਂ ਲੱਗਦੀਆਂ ਹਨ, ਸਗੋਂ ਇਹ ਵੀ ਹੈ ਕਿ ਧਰਮ ਪਰਿਵਰਤਨ ਦਾ ਰੌਲਾ ਪਾਈ ਜਾਣਾ ਕਿੰਨਾ ਕੁ ਉਚਿਤ ਹੈ? ਇਹ ਦੁਹਾਈ ਸਿਰਫ਼ ਭਾਜਪਾ ਦੇ ਸਰਪ੍ਰਸਤ ਆਰ.ਐਸ.ਐਸ. ਵਾਲੇ ਹੀ ਨਹੀਂ, ਸਿੱਖ ਤੇ ਮੁਸਲਮਾਨ ਜਥੇਬੰਦੀਆਂ ਵੱਲੋਂ ਕੁਝ ਲੋਕ ਵੀ ਪਾਈ ਜਾਂਦੇ ਹਨ। ਜੇ ਕੋਈ ਦੂਜੇ ਧਰਮ ਦੀ ਕੁੜੀ ਆਪਣੇ ਧਰਮ ਦੇ ਮੁੰਡੇ ਨਾਲ ਆ ਜਾਵੇ ਤਾਂ ਸਵਾਗਤ, ਪਰ ਜੇ ਆਪਣੇ ਧਰਮ ਦੀ ਕੁੜੀ ਦੂਜੇ ਧਰਮ ਦੇ ਮੁੰਡੇ ਵੱਲ ਝੁਕ ਜਾਵੇ ਤਾਂ ਧਰਮ ਖ਼ਤਰੇ ਵਿਚ ਪੈ ਜਾਂਦਾ ਹੈ। ਆਪਣੇ ਧਰਮ ਨੂੰ ਦੂਜਿਆਂ ਤੋਂ ਵਧੀਆ ਦੱਸਣਾ ਆਮ ਗੱਲ ਹੈ ਪਰ ਜੇ ਦੂਜਾ ਇਹੋ ਗੱਲ ਕਹੇ ਤਾਂ ਬਾਕੀ ਧਰਮਾਂ ਵਾਲੇ ਉਸ ਦੇ ਖ਼ਿਲਾਫ਼ ਮਰਨ-ਮਾਰਨ ਉਤੇ ਉਤਾਰੂ ਹੋ ਜਾਂਦੇ ਹਨ। ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦਾ ਯੁੱਗ ਹੈ, ਇਹ ਅਧਿਕਾਰ ਕਿਸੇ ਇਕ ਧਿਰ ਨੂੰ ਨਹੀਂ, ਸਾਰੀਆਂ ਧਿਰਾਂ ਨੂੰ ਬਰਾਬਰ ਦਾ ਹੁੰਦਾ ਹੈ।

ਈਸਾਈਆਂ ਦੇ ਖ਼ਿਲਾਫ਼ ਇਹ ਪ੍ਰਚਾਰ ਚਿਰੋਕਣਾ ਹੁੰਦਾ ਆਇਆ ਹੈ ਕਿ ਉਹ ਸਮਾਜ ਸੇਵਾ ਦੇ ਨਾਂ ਹੇਠ ਦੂਜੇ ਧਰਮਾਂ ਦੇ ਲੋਕਾਂ ਨੂੰ ਆਪਣੇ ਵੱਲ ਖਿੱਚਦੇ ਹਨ। ਹੋ ਸਕਦਾ ਹੈ ਕਿ ਉਨ੍ਹਾਂ ਦੀ ਇਹ ਭਾਵਨਾ ਹੋਵੇ ਵੀ ਪਰ ਉਹ ਸਮਾਜ ਸੇਵਾ ਦਾ ਕੰਮ ਬਾਕੀਆਂ ਤੋਂ ਵੱਧ ਕਰਦੇ ਹਨ, ਇਹ ਗੱਲ ਵੀ ਆਮ ਕਹੀ ਜਾਂਦੀ ਹੈ। ਅੱਜ ਦੇ ਆਰ.ਐਸ.ਐਸ. ਅਤੇ ਭਾਜਪਾ ਦੇ ਕਈ ਆਗੂ, ਅਕਾਲੀ ਦਲ ਦੇ ਕਈ ਆਗੂ ਵੀ, ਈਸਾਈ ਮਿਸ਼ਨਰੀਆਂ ਦੇ ਬਣਾਏ ਕਾਨਵੈਂਟ ਸਕੂਲਾਂ ਅਤੇ ਕਾਲਜਾਂ ਵਿਚੋਂ ਪੜ੍ਹ ਕੇ ਆਏ ਹਨ, ਇਨ੍ਹਾਂ ਨੂੰ ਉਦੋਂ ਇਸ ਵਿਚ ਕੋਈ ਭੈੜ ਨਹੀਂ ਸੀ ਦਿੱਸਿਆ ਪਰ ਹੁਣ ਉਹ ਕਹਿੰਦੇ ਹਨ ਕਿ ਇਨ੍ਹਾਂ ਅਦਾਰਿਆਂ ਦੀ ਵਰਤੋਂ ਦੂਜੇ ਧਰਮਾਂ ਦੇ ਲੋਕਾਂ ਨੂੰ ਈਸਾਈ ਬਣਾਉਣ ਲਈ ਕੀਤੀ ਜਾਂਦੀ ਹੈ। ਦੂਜਾ ਪਾਸਾ ਇਹ ਹੈ ਕਿ ਜਿਹੜੇ ਵਿਦਿਅਕ ਅਦਾਰੇ ਇਨ੍ਹਾਂ ਨੇ ਆਪਣੇ ਧਰਮ ਦਾ ਝੰਡਾ ਬੁਲੰਦ ਕਰਨ ਦੀ ਸੋਚ ਸਾਹਮਣੇ ਰੱਖ ਕੇ ਬਣਾਏ, ਉਨ੍ਹਾਂ ਵਿਚੋਂ ਕਈਆਂ ਦੇ ਸਕੈਂਡਲ ਚਰਚਾ ਵਿਚ ਹਨ। ਮਿਸਾਲ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਮ੍ਰਿਤਸਰ ਵਿਚ ਹੀ ਗੁਰੂ ਰਾਮਦਾਸ ਮੈਡੀਕਲ ਇੰਸਟੀਚਿਊਟ ਚਲਾਇਆ ਸੀ ਪਰ ਉਹ ਅਕਾਲੀ ਲੀਡਰਾਂ ਦੀ ਨਾਲਾਇਕ ਔਲਾਦ ਨੂੰ ਡਿਗਰੀਆਂ ਦੇਣ ਦੇ ਕੰਮ ਆਉਣ ਲੱਗ ਪਿਆ। ਵਿਦੇਸ਼ ਵੱਸਦੇ ਸਿੱਖ ਪਰਿਵਾਰਾਂ ਦੇ ਬੱਚਿਆਂ ਲਈ ਕੋਟਾ ਰਾਖਵਾਂ ਰੱਖ ਦਿੱਤਾ ਗਿਆ ਤਾਂ ਚੰਗਾ ਜਾਪਿਆ ਸੀ। ਪਿੱਛੋਂ ਉਹ ਕੋਟਾ ਪਰਵਾਸੀ ਭਾਰਤੀਆਂ ਦੀ ਥਾਂ ਅਕਾਲੀ ਲੀਡਰਾਂ ਦੀ ਹਰ ਪਾਸਿਓਂ ਰਹਿ ਗਈ ਔਲਾਦ ਲਈ ਇਸ ਦਲੀਲ ਨਾਲ ਵਰਤਿਆ ਜਾਣ ਲੱਗਾ ਕਿ ਪਰਵਾਸੀਆਂ ਲਈ ਮਿਥੀ ਹੋਈ ਫ਼ੀਸ ਇਹ ਦੇ ਦੇਣਗੇ ਪਰ ਬਾਅਦ ਵਿਚ ਉਹ ਪੈਸੇ ਦਿੱਤੇ ਵੀ ਨਾ ਗਏ। ਜਿਨ੍ਹਾਂ ਨੇ ਗੁਰੂ ਕੀ ਗੋਲਕ ਨਾਲ ਚਲਦੇ ਅਦਾਰਿਆਂ ਨਾਲ ਇਹ ਠੱਗੀ ਮਾਰੀ, ਉਨ੍ਹਾਂ ਵਿਚੋਂ ਕੋਈ ਸ਼੍ਰੋਮਣੀ ਕਮੇਟੀ ਦਾ ਮੈਂਬਰ ਸੀ ਤੇ ਕੋਈ ਅਹੁਦੇਦਾਰ ਵੀ। ਕਦੇ ਈਸਾਈ ਅਦਾਰਿਆਂ ਅੰਦਰੋਂ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਬਾਰੇ ਏਦਾਂ ਦੀ ਖ਼ਾਸ ਚਰਚਾ ਨਹੀਂ ਸੁਣੀ ਗਈ।

ਤਰਨਤਾਰਨ ਵਿਚ ਝਬਾਲ ਰੋਡ ਉਤੇ ਕੋਹੜ-ਅਹਾਤਾ ਨਾਂ ਦਾ ਸਥਾਨ ਹੈ ਜਿਥੇ ਕੋਹੜ ਦੀ ਨਾਮੁਰਾਦ ਬੀਮਾਰੀ ਦੇ ਮਰੀਜ਼ ਆਪਣਾ ਸਮਾਂ ਕੱਟਦੇ ਹਨ। ਉਨ੍ਹਾਂ ਵਿਚ ਹਰ ਧਰਮ ਵਾਲੇ ਹਨ। ਬਾਕੀ ਧਰਮਾਂ ਵਾਲੇ ਤਾਂ ਸਿਰਫ਼ ਤਿਉਹਾਰ ਵਾਲੇ ਦਿਨ ਅਗਲੇ ਜਨਮ ਵਿਚ ਭਲੇ ਦੀ ਝਾਕ ਰੱਖ ਕੇ ਦਾਨ ਵਜੋਂ ਪੂੜੀਆਂ-ਛੋਲੇ ਜਾਂ ਪ੍ਰਸ਼ਾਦ ਵੰਡਣ ਜਾਂਦੇ ਹਨ ਪਰ ਈਸਾਈ ਮਿਸ਼ਨ ਵਾਲੇ ਅੱਗੇ-ਪਿੱਛੇ ਵੀ ਉਨ੍ਹਾਂ ਦਾ ਇਲਾਜ ਅਤੇ ਸਰਦੀਆਂ ਵਿਚ ਕੰਬਲਾਂ ਆਦਿ ਦੇ ਪ੍ਰਬੰਧ ਕਰਨ ਲਈ ਪਹੁੰਚਦੇ ਹਨ। ਕੀ ਉਹ ਉਨ੍ਹਾਂ ਨੂੰ ਈਸਾਈ ਬਣਾ ਲੈਣਗੇ? ਜੇ ਬਣਾ ਵੀ ਲੈਣਗੇ ਤਾਂ ਦੂਜੇ ਧਰਮਾਂ ਨੂੰ ਕੀ ਫ਼ਰਕ ਪੈ ਜਾਵੇਗਾ, ਅੱਗੇ ਵੀ ਕੋਹੜ ਦੇ ਰੋਗੀ ਕਿਹੜਾ ਸਮਾਜ ਦਾ ਅੰਗ ਗਿਣੇ ਜਾ ਰਹੇ ਹਨ? ਕੋਹੜ ਦੇ ਰੋਗੀਆਂ



*ਦਾਰਾ ਸਿੰਘ*

ਦੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਵੀ ਈਸਾਈ ਮਿਸ਼ਨਰੀ ਕਰਦੇ ਹਨ। ਇਹੋ ਜਿਹੇ ਇਕ ਜੋੜੇ ਦੀ ਧੀ ਨੂੰ ਉਨ੍ਹਾਂ ਨੇ ਡਾਕਟਰੀ ਦੀ ਪੜ੍ਹਾਈ ਕਰਵਾਈ ਤੇ ਜਿਸ ਮੈਡੀਕਲ ਕਾਲਜ ਵਿਚ ਰਹਿ ਕੇ ਉਹ ਪੜ੍ਹੀ, ਉਸੇ ਵਿਚ ਡਾਕਟਰ ਦੀ ਨੌਕਰੀ ਵੀ ਦਿਵਾ ਦਿੱਤੀ ਸੀ। ਇਹ ਸਮਾਜ ਸੇਵਾ ਦੀ ਭਾਵਨਾ ਵੱਧ ਹੈ ਜਾਂ ਧਰਮ ਪਰਿਵਰਤਨ ਦੀ? ਜੇ ਇੰਜ ਕਰਨ ਨਾਲ ਕਿਸੇ ਧਰਮ ਨੂੰ ਖੋਰਾ ਲੱਗਦਾ ਹੈ ਤਾਂ ਉਸ ਧਰਮ ਵਾਲੇ ਬਰਾਬਰ ਇਹੋ ਜਿਹੇ ਅਦਾਰੇ ਖੋਲ੍ਹ ਲੈਣ, ਉਨ੍ਹਾਂ ਨੂੰ ਕੌਣ ਰੋਕਦਾ ਹੈ? ਕੋਈ ਧਿਰ ਜੇ ਸਮਾਜ ਵਿਚ ਅੜੇ-ਥੁੜੇ ਲੋਕਾਂ ਦੀ ਮਦਦ ਕਰਦੀ ਹੈ, ਇਸ ਨਾਲ ਸਮਾਜ ਸੇਵਾ ਦੇ ਖੇਤਰ ਵਿਚ ਮੁਕਾਬਲੇ ਲਈ ਦੂਜੀ ਧਿਰ ਵੀ ਅੱਗੇ ਆ ਜਾਵੇ। ਅੱਜ ਕੋਈ ਧਰਮ ਵੀ ਇਹੋ ਜਿਹਾ ਨਹੀਂ, ਜਿਸ ਦੇ ਧਰਮ ਅਸਥਾਨਾਂ ਦੀਆ ਗੋਲਕਾਂ ਮਾਇਆ ਨਾਲ ਪਾਟਣ ਤਕ ਨਾ ਪਹੁੰਚੀਆਂ ਪਈਆਂ ਹੋਣ। ਉਹ ਪੈਸਾ ਲੋਕਾਂ ਦੇ ਭਲੇ ਲਈ ਵਰਤਿਆ ਜਾਣਾ ਚਾਹੀਦਾ ਹੈ। ਜਦੋਂ ਆਪ ਕੁਝ ਨਹੀਂ ਕਰਨਾ ਤਾਂ ਦੂਜੇ ਇਹ ਖ਼ਾਲੀ ਥਾਂ ਆਣ ਕੇ ਭਰ ਹੀ ਦੇਣਗੇ।

ਰਹੀ ਗੱਲ ਕਿਸੇ ਧਿਰ ਵੱਲੋਂ ਆਪਣੇ ਨਾਲ ਦੂਜੇ ਧਰਮਾਂ ਦੇ ਲੋਕਾਂ ਨੂੰ ਜੋੜਨ ਲਈ ਕੋਈ ਲਾਲਚ ਦੇਣ ਦੀ। ਇਹ ਲਾਲਚ ਸਿਰਫ਼ ਪੈਸਿਆਂ ਦਾ ਹੀ ਨਹੀਂ ਹੁੰਦਾ। ਆਮ ਬੰਦਾ ਕੀਤੇ ਗਏ ਜਾਣੇ-ਅਣਜਾਣੇ ਸਾਰੇ ਪਾਪਾਂ ਤੋਂ ਡਰਨ ਦੀ ਆਦਤ ਪਾ ਬੈਠਦਾ ਹੈ ਅਤੇ ਸਾਰੇ ਧਰਮਾਂ ਦੇ ਪੈਰੋਕਾਰ ਇਹ ਕਹਿੰਦੇ ਹਨ ਕਿ ਤੇਰਾ ਪਾਰ-ਉਤਾਰਾ ਸਾਡੇ ਧਰਮ ਵਾਲੇ ਰਾਹ ਉਤੇ ਚੱਲ ਕੇ ਹੀ ਹੋ ਸਕਦਾ ਹੈ। ਕੀ ਇਹ ਵੀ ਲਾਲਚ ਨਹੀਂ ਤੇ ਕੀ ਸਿਰਫ਼ ਫੋਕਾ ਲਾਲਚ ਨਹੀਂ? ਜਦੋਂ ਅੱਜ ਤਕ ਇਹ ਸਾਬਤ ਨਹੀਂ ਹੋ ਸਕਿਆ ਕਿ 'ਅੱਗੇ' ਕੋਈ ਕਿੱਥੇ ਜਾਂਦਾ ਹੈ, ਜਾਂਦਾ ਵੀ ਹੈ ਜਾਂ ਇਥੇ ਹੀ ਭਸਮ ਜਾਂ ਮਿੱਟੀ ਹੋ ਜਾਂਦਾ ਹੈ, ਕਦੇ ਕਿਸੇ ਨੇ ਧਰਮ ਰਾਜ ਦਾ ਦਰਬਾਰ ਵੇਖਿਆ ਨਹੀਂ, ਸਿਰਫ਼ ਚਿਤਵਿਆ ਹੀ ਹੈ, ਤਾਂ ਇਹ ਗਾਰੰਟੀ ਕੌਣ ਦੇ ਸਕਦਾ ਹੈ ਕਿ ਉਥੇ ਤੇਰੀ ਖ਼ੁਲਾਸੀ ਸਾਡੇ ਧਰਮ ਦੇ ਰਾਹ ਉਤੇ ਚੱਲ ਕੇ ਹੋਵੇਗੀ? ਏਦਾਂ ਦੇ ਲਾਲਚ ਦੇਣ ਦਾ ਸਿਲਸਿਲਾ ਅੱਗੋਂ ਮਾਇਆ ਦੇ ਲਾਲਚ ਤੱਕ ਵੀ ਚਲਾ ਜਾਵੇ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ।

ਈਸਾਈ ਧਰਮ ਨਾਲ ਕੋਈ ਨੇੜਤਾ ਨਾ ਹੁੰਦੇ ਹੋਏ ਇਹ ਗੱਲ ਅਸੀਂ ਪੁੱਛਣਾ ਚਾਹੁੰਦੇ ਹਾਂ ਕਿ ਜਿਨ੍ਹਾਂ ਦੇਸ਼ਾਂ ਤੋਂ ਇਹ ਈਸਾਈ ਆ ਰਹੇ ਹਨ, ਕੀ ਉਥੇ ਜਾ ਕੇ ਭਾਰਤੀ ਧਰਮਾਂ ਦੇ ਆਗੂਆਂ ਅਤੇ ਪ੍ਰਚਾਰਕਾਂ ਨੇ ਉਥੋਂ ਦੇ ਲੋਕਾਂ ਨੂੰ ਆਪਣੇ ਧਰਮ ਵੱਲ ਖਿਚਣ ਦੀ ਕੋਸ਼ਿਸ਼ ਨਹੀਂ ਕੀਤੀ? ਅੰਮ੍ਰਿਤਸਰ ਵਿਚ ਨਗਰ ਕੀਰਤਨ ਹੋਵੇ ਜਾਂ ਆਨੰਦਪੁਰ ਸਾਹਿਬ ਵਿਚ, ਇਹ ਖ਼ਬਰ ਉਚੇਚ ਨਾਲ ਛਾਪੀ ਜਾਂ ਛਪਵਾਈ ਜਾਂਦੀ ਹੈ ਕਿ ਅਮਰੀਕਾ ਤੋਂ ਆਏ 'ਗੋਰੇ ਸਿੱਖ' ਅਤੇ 'ਗੋਰੀਆਂ ਸਿੰਘਣੀਆਂ' ਨੇ ਕੀਰਤਨ ਕੀਤਾ ਅਤੇ ਗਤਕੇਬਾਜ਼ੀ ਦੇ ਜੌਹਰ ਵਿਖਾਏ। ਇਹ ਲੋਕ ਸਿੱਖ ਧਰਮ ਵੱਲ ਆ ਸਕਦੇ ਹਨ, ਇਨ੍ਹਾਂ ਵਰਗੇ ਕਈ ਹੋਰ ਆਪਣਾ ਧਰਮ ਛੱਡ ਕੇ ਹਿੰਦੂ ਸੰਤਾਂ ਦੇ ਆਸ਼ਰਮਾਂ ਵਿਚ ਵੀ ਬੈਠੇ ਹਨ, ਹਰੇ ਰਾਮਾ ਹਰੇ ਕ੍ਰਿਸ਼ਨਾ ਵੱਲ ਵੀ ਗਏ, ਓਸ਼ੋ ਰਜਨੀਸ਼ ਨਾਲ ਵੀ ਬਥੇਰੇ ਆ ਜੁੜੇ ਸਨ, ਤਾਂ ਈਸਾਈਆਂ ਨੂੰ ਇਹੋ ਕੁਝ ਕਰਨ ਤੋਂ ਰੋਕਣ ਦਾ ਆਧਾਰ ਕੀ ਰਹਿ ਜਾਂਦਾ ਹੈ? ਇਹ ਕੋਈ 'ਵੰਨ ਵੇਅ ਟਰੈਫ਼ਿਕ' ਵਾਲੀ ਸੜਕ ਨਹੀਂ, ਦੋਵੇਂ ਪਾਸੇ ਆਉਣ-ਜਾਣ ਹੁੰਦਾ ਰਿਹਾ ਹੈ ਅਤੇ ਹੁੰਦਾ ਰਹਿਣਾ ਹੈ। ਹਰ ਕਿਸੇ ਨੂੰ ਆਪਣੀ ਗੱਲ ਲੋਕਾਂ ਤਕ ਪਹੁੰਚਾਉਣ ਦੀ ਖੁੱਲ੍ਹ ਬਰਾਬਰ ਦੇਣੀ ਪਵੇਗੀ। ਜਿਸ ਦੀ ਗੱਲ ਨੂੰ ਲੋਕਾਂ ਨੇ ਠੀਕ ਸਮਝਿਆ, ਉਸ ਨਾਲ ਜੁੜ ਜਾਣਗੇ।

ਇਸ ਦੀ ਥਾਂ ਸਮਝਣਾ ਇਹ ਚਾਹੀਦਾ ਹੈ ਕਿ ਸਹਿਣਸ਼ੀਲਤਾ ਦੀ ਪੱਧਰ ਸਮਾਂ ਬੀਤਣ ਦੇ ਨਾਲ ਉਚੀ ਉਠਣ ਦੀ ਥਾਂ ਨੀਵੀਂ ਤੋਂ ਨੀਵੀਂ ਹੋਈ ਜਾ ਰਹੀ ਹੈ। ਸਾਨੂੰ ਗੁਰੂ ਨਾਨਕ ਸਾਹਿਬ ਦਾ ਸਮਾਂ ਯਾਦ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਕੁਰੂਕਸ਼ੇਤਰ ਜਾ ਕੇ ਸੂਰਜ ਨੂੰ ਪਾਣੀ ਚੜ੍ਹਾ ਕੇ ਆਪਣੀ ਧਾਰਮਿਕ ਰਸਮ ਕਰ ਰਹੇ ਲੋਕਾਂ ਨੂੰ ਟੋਕਣ ਲਈ ਦੂਜੇ ਪਾਸੇ ਪਾਣੀ ਦੇ ਬੁੱਕ ਸੁੱਟਣੇ ਸ਼ੁਰੂ ਕਰ ਦਿੱਤੇ ਸਨ। ਪੁੱਛਣ ਉਤੇ ਦਲੀਲਾਂ ਨਾਲ ਆਪਣੀ ਗੱਲ ਸਮਝਾਈ ਸੀ। ਉਦੋਂ ਉਥੋਂ ਵਾਲੇ ਲੋਕ ਭੜਕੇ ਨਹੀਂ ਸਨ। ਕੀ ਅੱਜ ਦੇ ਯੁੱਗ ਵਿਚ ਏਡੀ ਦਿਲ-ਵਧੀ ਕਰਨ ਦੀ ਹਿੰਮਤ ਕੋਈ ਕਰ ਸਕਦਾ ਹੈ ਤੇ ਜੇ ਕਰੇ ਤਾਂ ਕੀ ਅਗਲੇ ਬਰਦਾਸ਼ਤ ਕਰ ਲੈਣਗੇ? ਗੁਰੂ ਬਾਬੇ ਨੇ ਜਾ ਕੇ ਮੱਕਾ ਵੱਲ ਪੈਰ ਕਰ ਲਏ ਸਨ। ਜਦੋਂ ਕਾਜ਼ੀ ਨੇ ਵਿਰੋਧ ਕੀਤਾ ਤਾਂ ਕਿਹਾ ਸੀ ਕਿ "ਮੇਰੇ ਪੈਰ ਓਧਰ ਕਰ ਦੇ, ਜਿਧਰ ਖ਼ੁਦਾ ਨਹੀਂ ਵੱਸਦਾ।" ਕੀ ਅੱਜ ਇਹ ਕੰਮ ਕੋਈ ਕਰ ਸਕਦਾ ਹੈ ਤੇ ਜੇ ਕਰ ਲਵੇ ਤਾਂ ਬਰਦਾਸ਼ਤ ਕੀਤਾ ਜਾਵੇਗਾ? ਦੂਜੇ ਲੋਕਾਂ ਨੂੰ ਛੱਡੋ, ਜਿਸ ਗੁਰੂ ਬਾਬੇ ਨੇ ਦਲੀਲਾਂ ਦੇਣ ਲਈ ਏਡਾ ਵੱਡਾ ਖ਼ਤਰਾ ਸਹੇੜ ਲਿਆ ਸੀ, ਉਸ ਦੇ ਨਾਮ ਲੇਵਿਆਂ ਦੇ ਧਰਮ ਅਸਥਾਨਾਂ ਅੰਦਰ ਹੁੰਦੇ ਤਰਕਹੀਣ ਮਨ-ਮੱਤ ਬਾਰੇ ਕੋਈ ਕਿੰਤੂ ਕਰਨ ਦੀ ਜੁਰਅਤ ਕਰ ਲਵੇ ਤਾਂ ਓਸੇ ਗੁਰੂ ਨਾਨਕ ਦੇ ਸਿੱਖ ਬਰਦਾਸ਼ਤ ਕਰ ਲੈਣਗੇ?

ਬਦਕਿਸਮਤੀ ਹੈ ਸਾਡੀ ਕਿ ਅਸੀਂ ਜਿਸ ਯੁੱਗ ਨੂੰ ਆਧੁਨਿਕ ਕਹਿ ਰਹੇ ਹਾਂ, ਉਸ ਵਿਚ ਸਾਨੂੰ ਏਦਾਂ ਦੀ ਬਿਰਤੀ ਦੇ ਝਲਕਾਰੇ ਵੀ ਵੇਖਣ ਨੂੰ ਮਿਲਦੇ ਹਨ, ਜਿਹੜੀ ਮੱਧ ਯੁੱਗ ਵਿਚ ਹੁੰਦੀ ਸੀ। ਗ੍ਰਾਹਮ ਸਟੇਨਜ਼ ਅਤੇ ਉਸ ਦੇ ਦਸ ਤੇ ਛੇ ਸਾਲ ਦੇ ਬੱਚਿਆਂ ਦਾ ਕਤਲ ਵੀ ਇਸ ਮੱਧ ਯੁੱਗੀ ਬਿਰਤੀ ਦਾ ਹੀ ਪ੍ਰਗਟਾਵਾ ਸੀ, ਇਸ ਨੂੰ ਧਰਮ ਪਰਿਵਰਤਨ ਦੀ ਬਹਿਸ ਦੇ ਰੌਲੇ ਵਿਚ ਰੋਲ ਕੇ ਦਾਰਾ ਸਿੰਘ ਦੇ ਪਾਪ ਦਾ ਬੋਝ ਹੌਲਾ ਨਹੀਂ ਕੀਤਾ ਜਾ ਸਕਦਾ।

# ਪੰਜਾਬੀ ਪਛਾਣ ਵਿਚ ਭਾਸ਼ਾ ਦਾ ਰੋਲ

*(ਸਫਾ 14 ਦੀ ਬਾਕੀ)*

ਅੱਜ ਸੰਭਵ ਨਹੀਂ ਹੈ। ਸਿੱਖਿਆ ਦਾ ਰਾਜਨੀਤੀ ਤੇ ਆਰਥਿਕਤਾ ਨਾਲ ਪਰਸਪਰ ਸਬੰਧ ਹੁੰਦਾ ਹੈ। ਰਾਜਨੀਤੀ ਤੇ ਆਰਥਿਕਤਾ ਤੋਂ ਬਾਹਰ ਰਹਿ ਕੇ ਪੰਜਾਬੀ ਭਾਸ਼ਾ ਦੀ ਪਛਾਣ ਸਥਾਪਤੀ ਸੰਭਵ ਨਹੀਂ। ਇਸ ਲਈ ਪੰਜਾਬੀ ਭਾਸ਼ਾ ਨੂੰ ਅਕਾਦਮਿਕ ਤੇ ਪੇਸ਼ੇਵਰ ਦੱਖ ਦੇ ਕੇ ਗਿਆਨ/ਚਿੰਤਨ ਦੀ ਭਾਸ਼ਾ ਬਣਾਉਣਾ ਲਾਜ਼ਮੀ ਹੈ। ਉਹ ਗਿਆਨ ਤੇ ਚਿੰਤਨ ਦੀ ਭਾਸ਼ਾ, ਜਿਸ ਵਿਚ ਸੰਕਲਪਨਿਕ ਸ਼ਬਦਾਵਲੀ ਦੀ ਘਾੜਤ ਸੰਭਵ ਹੋ ਸਕੇ। ਚਿੰਤਨ ਦੇ ਨਾਲ ਨਾਲ ਕਿੱਤਾਮੂਲਕ ਸਿੱਖਿਆ ਨਾਲ ਜੁੜੀ ਭਾਸ਼ਾ ਸਿੱਖਿਆ ਦਾ ਮਾਧਿਅਮ ਬਣ ਸਕੇ। ਅਜਿਹਾ ਫਰਾਂਸੀਸੀ, ਜਪਾਨੀ, ਰੂਸੀ, ਚੀਨੀ ਜਿਹੀਆਂ ਹੋਰ ਕਈ ਗ਼ੈਰ-ਅੰਗਰੇਜ਼ੀ ਭਾਸ਼ਾਵਾਂ ਨੇ ਕਰ ਵਿਖਾਇਆ ਹੈ। ਜਦੋਂ ਜਦੋਂ ਪੰਜਾਬੀ ਰੋਮਾਂਸ ਤੇ ਭਾਵੁਕਤਾ ਦੇ ਜੂਲੇ 'ਚੋਂ ਨਿਕਲ ਕੇ ਗਿਆਨ ਦੀ ਭਾਸ਼ਾ ਬਣੇਗੀ, ਪੰਜਾਬੀ ਭਾਸ਼ਾ ਤਿਵੇਂ ਤਿਵੇਂ ਸੱਤਾ ਦੀ ਭਾਗੀਦਾਰ ਬਣੇਗੀ। ਉਦੋਂ ਵੇਲੇ ਦੀਆਂ ਹਕੂਮਤਾਂ ਵੀ ਪੰਜਾਬੀ ਪਛਾਣ ਨੂੰ ਸਵੀਕਾਰ ਕਰਨਗੀਆਂ ਅਤੇ ਵੇਲੇ ਦੇ ਹੁਕਮ ਦੀ ਭਾਸ਼ਾ ਬਣਾਉਣਗੀਆਂ ਕਿਉਂਕਿ ਹਕੂਮਤਾਂ ਸਾਹਮਣੇ ਆਪਣੇ ਆਪ ਨੂੰ ਬਣਾਈ ਰੱਖਣ ਲਈ ਆਪਣੇ ਹਿੱਤ ਤੇ ਮੁਫਾਦ ਹਮੇਸ਼ਾ ਮੂਹਰੇ ਤੇ ਪਹਿਲਾਂ ਹੁੰਦੇ ਹਨ।

ਪੰਜਾਬੀ ਭਾਸ਼ਾ ਗਿਆਨ ਦੀ ਭਾਸ਼ਾ ਬਣਨ ਨਾਲ ਲਿਪੀਆਂ ਦੇ ਮਸਲੇ ਵੀ ਹੱਲ ਹੋ ਜਾਣਗੇ ਕਿ ਇਸ ਨੂੰ ਗੁਰਮੁਖੀ ਵਿਚ ਲਿਖਿਆ ਜਾਵੇ ਕਿ ਸ਼ਾਹਮੁਖੀ ਜਾਂ ਰੋਮਨ ਵਿਚ। ਕਿਉਂਕਿ ਲਿਪੀਆਂ ਤਾਂ ਭਾਸ਼ਾ ਲਈ ਹੀ ਹੁੰਦੀਆਂ ਹਨ। ਇਹ ਹੋਰ ਮਸਲਾ ਹੈ ਕਿ ਸ਼ਬਦ ਜੋੜ (ਆਰਥੋਗ੍ਰਾਫੀ) ਦੀ ਦ੍ਰਿਸ਼ਟੀ ਤੋਂ ਪੰਜਾਬੀ ਲਈ ਸਭ ਤੋਂ ਵੱਧ ਗੁਰਮੁਖੀ ਹੀ ਅਨੁਕੂਲ ਲਿਪੀ ਹੈ ਕਿਉਂਕਿ ਪੰਜਾਬੀ ਭਾਸ਼ਾ ਸੁਰਮੁਖੀ ਭਾਸ਼ਾ ਹੈ ਤੇ ਸੁਰ ਦਾ ਪ੍ਰਗਟਾਵਾ ਸਿਰਫ਼ ਗੁਰਮੁਖੀ ਲਿਪੀ ਦੇ ਅੱਖਰਾਂ ਕੋਲ ਹੀ ਹੈ।

ਸੋ, ਪੰਜਾਬੀ ਪਛਾਣ ਤੇ ਸੱਤਾ ਦੇ ਪ੍ਰਸੰਗ ਵਿਚ ਪੰਜਾਬੀ ਭਾਸ਼ਾ ਆਪਣਾ ਰੋਲ ਉਦੋਂ ਹੀ ਬਾਖ਼ੂਬੀ ਤੇ ਪ੍ਰਭਾਵੀ ਢੰਗ ਨਾਲ ਸਰਅੰਜਾਮ ਦੇ ਸਕੇਗੀ ਜਦੋਂ ਇਹ ਗਿਆਨ ਦੀ ਭਾਸ਼ਾ ਬਣੇਗੀ ਤੇ ਗਿਆਨ ਹੀ ਸੱਤਾ ਹੁੰਦਾ ਹੈ।

# ਕੇਂਦਰ ਵੱਲੋਂ 'ਕਲੰਕ' ਧੋਣ ਲਈ ਮੰਤਰੀ ਮੰਡਲ 'ਚ ਫ਼ੇਰਬਦਲ



ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੇਂਦਰੀ ਵਜ਼ਾਰਤ ਵਿਚ ਸ਼ਾਮਲ ਕੀਤੇ ਗਏ ਨਵੇਂ ਮੰਤਰੀਆਂ ਨਾਲ

**ਨਵੀਂ ਦਿੱਲੀ:** ਭ੍ਰਿਸ਼ਟਾਚਾਰ ਦੇ ਲੱਗੇ ਕਲੰਕ ਨੂੰ ਧੋਣ ਲਈ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵੱਲੋਂ ਮੰਤਰੀ ਮੰਡਲ 'ਚ ਫ਼ੇਰਬਦਲ ਕੀਤਾ ਗਿਆ ਹੈ। ਉਂਜ ਕਾਂਗਰਸ ਪ੍ਰਧਾਨ ਤੇ ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਸੰਕੇਤ ਦਿੱਤਾ ਹੈ ਕਿ ਮੰਤਰੀ ਮੰਡਲ 'ਚ ਅਸਲ ਫੇਰਬਦਲ ਬਜਟ ਸੈਸ਼ਨ ਤੋਂ ਬਾਅਦ ਹੀ ਹੋਵੇਗਾ। 19 ਜਨਵਰੀ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਆਪਣੇ ਮੰਤਰੀ ਮੰਡਲ 'ਚ ਫ਼ੇਰਬਦਲ ਕਰਦਿਆਂ ਬੇਨੀ ਪ੍ਰਸਾਦ ਵਰਮਾ, ਅਸ਼ਵਨੀ ਕੁਮਾਰ ਤੇ ਕੇ.ਸੀ. ਵੇਣੂਗੋਪਾਲ ਦੇ ਰੂਪ 'ਚ ਤਿੰਨ ਨਵੇਂ ਚਿਹਰਿਆਂ ਨੂੰ ਸ਼ਾਮਲ ਕਰਨ ਦੇ ਨਾਲ-ਨਾਲ ਪ੍ਰਫੁਲ ਪਟੇਲ, ਸ੍ਰੀ ਪ੍ਰਕਾਸ਼ ਜਾਇਸਵਾਲ ਤੇ ਸਲਮਾਨ ਖੁਰਸ਼ੀਦ ਰਾਜ ਮੰਤਰੀਆਂ ਨੂੰ ਤਰੱਕੀ ਦੇ ਕੇ ਕੈਬਨਿਟ ਮੰਤਰੀ ਦਾ ਦਰਜਾ ਦਿੱਤਾ ਗਿਆ ਹੈ। ਸ੍ਰੀ ਐਮ.ਐਸ. ਗਿੱਲ ਜਿਹੜੇ ਰਾਸ਼ਟਰਮੰਡਲ ਖੇਡਾਂ ਦੀਆਂ ਤਿਆਰੀਆਂ ਦੇ ਮਾਮਲੇ ਵਿਚ ਨਿਸ਼ਾਨੇ 'ਤੇ ਰਹੇ, ਤੋਂ ਖੇਡ ਤੇ ਯੁਵਾ ਮਾਮਲਿਆਂ ਬਾਰੇ ਵਿਭਾਗ ਵਾਪਸ ਲੈ ਕੇ ਅੰਕੜਾ ਤੇ ਪ੍ਰੋਗਰਾਮ ਲਾਗੂ ਕਰਨ ਵਾਲਾ ਘੱਟ ਅਹਿਮੀਅਤ ਵਾਲਾ ਮੰਤਰਾਲਾ ਦੇ ਦਿੱਤਾ ਗਿਆ ਹੈ।

ਪ੍ਰਧਾਨ ਮੰਤਰੀ ਨੇ ਵਿੱਤ, ਗ੍ਰਹਿ, ਰੱਖਿਆ ਤੇ ਵਿਦੇਸ਼ ਮੰਤਰਾਲਿਆਂ ਨੂੰ ਨਹੀਂ ਛੇੜਿਆ ਪਰ ਮੁਰਲੀ ਦਿਓੜਾ ਨੂੰ ਪੈਟਰੋਲੀਅਮ ਮੰਤਰਾਲੇ ਤੋਂ ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲੇ ਵਿਚ ਭੇਜ ਦਿੱਤਾ। ਪੈਟਰੋਲੀਅਮ ਮੰਤਰਾਲਾ ਸ੍ਰੀ ਜੈਪਾਲ ਰੈਡੀ ਨੂੰ ਦਿੱਤਾ ਗਿਆ ਹੈ। ਇਸ ਫ਼ੇਰਬਦਲ ਨਾਲ ਕੇਂਦਰੀ ਮੰਤਰੀ ਮੰਡਲ ਦੇ ਮੈਂਬਰਾਂ ਦੀ ਗਿਣਤੀ 81 ਹੋ ਗਈ ਹੈ ਜਿਨ੍ਹਾਂ ਚੋਂ 35 ਕੈਬਨਿਟ ਰੈਂਕ ਦੇ ਹਨ, 6 ਆਜ਼ਾਦ ਚਾਰਜ ਵਾਲੇ ਰਾਜ ਮੰਤਰੀ ਹਨ ਤੇ ਬਾਕੀ ਸਾਰੇ ਰਾਜ ਮੰਤਰੀ ਹਨ। ਡਾ. ਮਨਮੋਹਨ ਸਿੰਘ ਨੇ ਕਿਹਾ ਕਿ "ਵਿਆਪਕ ਫੇਰਬਦਲ ਪਾਰਲੀਮੈਂਟ ਦੇ ਬਜਟ ਸੈਸ਼ਨ ਤੋਂ ਪਿਛੋਂ ਕੀਤਾ ਜਾਵੇਗਾ।" ਸ੍ਰੀ ਜੈਪਾਲ ਰੈਡੀ ਦਾ ਸ਼ਹਿਰੀ ਵਿਕਾਸ ਮੰਤਰਾਲਾ ਹੁਣ ਕਮਲ ਨਾਥ ਨੂੰ ਦਿੱਤਾ ਗਿਆ ਹੈ ਜਿਨ੍ਹਾਂ ਤੋਂ ਸੜਕੀ ਆਵਾਜਾਈ ਤੇ ਹਾਈਵੇ ਮੰਤਰਾਲਾ ਲੈ ਕੇ ਸੀ.ਪੀ. ਜੋਸ਼ੀ ਨੂੰ ਦੇ ਦਿੱਤਾ ਗਿਆ ਹੈ। ਸ੍ਰੀ ਜੋਸ਼ੀ ਕੋਲ ਪਹਿਲਾਂ ਦਿਹਾਤੀ ਵਿਕਾਸ ਮੰਤਰਾਲਾ ਸੀ। ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਸ੍ਰੀ ਪ੍ਰਫੁਲ ਪਟੇਲ ਨੂੰ ਭਾਵੇਂ ਤਰੱਕੀ ਦੇ ਕੇ ਕੈਬਨਿਟ ਮੰਤਰੀ ਬਣਾ ਦਿੱਤਾ ਗਿਆ ਹੈ ਪਰ ਆਸਾਂ ਤੋਂ ਉਲਟ ਉਨ੍ਹਾਂ ਕੋਲ ਸ਼ਹਿਰੀ ਹਵਾਬਾਜ਼ੀ ਮੰਤਰਾਲਾ ਨਹੀਂ ਰਹਿਣ ਦਿੱਤਾ ਗਿਆ ਤੇ ਭਾਰੀ ਸਨਅਤਾਂ ਤੇ ਜਨਤਕ ਅਦਾਰਿਆਂ ਦਾ ਮੰਤਰਾਲਾ ਦਿੱਤਾ ਗਿਆ ਹੈ। ਰਾਜ ਮੰਤਰੀ ਤੋਂ ਹੀ ਕੈਬਨਿਟ ਮੰਤਰੀ ਬਣਨ ਵਾਲੇ ਸਲਮਾਨ ਖੁਰਸ਼ੀਦ ਨੂੰ ਜਲ ਸਰੋਤ ਮੰਤਰਾਲਾ ਮਿਲਿਆ ਹੈ। ਪਹਿਲਾਂ ਇਹ ਚਰਚਾ ਸੀ ਕਿ ਉਨ੍ਹਾਂ ਨੂੰ ਕਾਨੂੰਨ ਮੰਤਰੀ ਬਣਾਇਆ ਜਾ ਰਿਹਾ ਹੈ।

ਐਨ.ਸੀ.ਪੀ. ਦੇ ਸਰਬਉਚ ਨੇਤਾ ਸ਼ਰਦ ਪਵਾਰ ਹੁਣ ਸਿਰਫ਼ ਖੇਤੀ ਮੰਤਰੀ ਰਹਿ ਗਏ ਹਨ। ਉਨ੍ਹਾਂ ਕੋਲੋਂ ਖੁਰਾਕ ਤੇ ਜਨਤਕ ਸਪਲਾਈ ਮੰਤਰਾਲਾ ਲੈ ਲਿਆ ਗਿਆ ਹੈ। ਸ੍ਰੀ ਮਾਕਨ ਜੋ ਗ੍ਰਹਿ ਰਾਜ ਮੰਤਰੀ ਸਨ ਕੋਲ ਹੁਣ ਖੇਡ ਤੇ ਯੁਵਕ ਮਾਮਲੇ ਮਹਿਕਮੇ ਦਾ ਸੁਤੰਤਰ ਚਾਰਜ ਹੋਵੇਗਾ। ਸ੍ਰੀ ਬੇਨੀ ਪ੍ਰਸਾਦ ਨੂੰ ਸਟੀਲ ਮੰਤਰਾਲਾ ਦਿੱਤਾ ਗਿਆ ਹੈ ਜਦਕਿ ਪ੍ਰੋ. ਕੇ.ਵੀ. ਥੋਮਸ ਜੋ ਖਪਤਕਾਰ ਮਾਮਲਿਆਂ, ਖੁਰਾਕ ਤੇ ਜਨਤਕ ਵੰਡ ਮੰਤਰਾਲੇ 'ਚ ਰਾਜ ਮੰਤਰੀ ਹਨ, ਨੂੰ ਇਨ੍ਹਾਂ ਵਿਭਾਗਾਂ ਦਾ ਸੁਤੰਤਰ ਰਾਜ ਮੰਤਰੀ ਬਣਾਇਆ ਗਿਆ ਹੈ। ਸ੍ਰੀ ਅਸ਼ਵਨੀ ਕੁਮਾਰ ਦੀ ਸਰਕਾਰ 'ਚ ਵਾਪਸੀ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਵਜੋਂ ਹੋਈ ਹੈ। ਉਨ੍ਹਾਂ ਨੂੰ ਯੋਜਨਾ, ਵਿਗਿਆਨ ਤੇ ਤਕਨਾਲੋਜੀ ਤੇ ਭੂ-ਵਿਗਿਆਨ ਮਹਿਕਮੇ ਵੀ ਦਿੱਤੇ ਗਏ ਹਨ। ਨਵੇਂ ਬਣੇ ਰਾਜ ਮੰਤਰੀ ਕੇ.ਸੀ. ਵੇਣੂਗੋਪਾਲ ਨੂੰ ਬਿਜਲੀ ਵਿਭਾਗ ਮਿਲਿਆ ਹੈ।

ਹਿਮਾਚਲ ਪ੍ਰਦੇਸ਼ ਕਾਂਗਰਸ ਦੇ ਸੀਨੀਅਰ ਆਗੂ ਵੀਰਭੱਦਰ ਸਿੰਘ ਤੋਂ ਸਟੀਲ ਮਹਿਕਮਾ ਲੈ ਕੇ ਉਨ੍ਹਾਂ ਨੂੰ ਲਘੂ, ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਦੇ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਜਦਕਿ ਵਿਲਾਸ ਰਾਓ ਦੇਸ਼ਮੁਖ ਤੋਂ ਭਾਰੀ ਸਨਅਤ ਤੇ ਪਬਲਿਕ ਐਂਟਰਪ੍ਰਾਈਜ਼ਜ਼ ਵਿਭਾਗ ਵਾਪਸ ਲੈ ਕੇ ਉਨ੍ਹਾਂ ਨੂੰ ਪੇਂਡੂ ਵਿਕਾਸ ਵਿਭਾਗ ਦੇ ਦਿੱਤਾ। ਉਨ੍ਹਾਂ ਕੋਲ ਪੰਚਾਇਤੀ ਰਾਜ ਮਹਿਕਮੇ ਦਾ ਵਾਧੂ ਭਾਰ ਰਹੇਗਾ। ਸ੍ਰੀ ਕਮਲ ਨਾਥ ਤੋਂ ਸੜਕ ਤੇ ਆਵਾਜਾਈ ਮੰਤਰਾਲਾ ਲੈ ਕੇ ਸ਼ਹਿਰੀ ਵਿਕਾਸ ਮੰਤਰਾਲਾ ਦਿੱਤਾ ਗਿਆ ਹੈ। ਪਰਵਾਸੀ ਭਾਰਤੀਆਂ ਦੇ ਮਾਮਲਿਆਂ ਬਾਰੇ ਮੰਤਰੀ ਵੀ. ਰਵੀ ਕੋਲ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਦੀ ਵਾਧੂ ਜ਼ਿੰਮੇਵਾਰੀ ਰਹੇਗੀ।

ਸ੍ਰੀ ਕਪਿਲ ਸਿੱਬਲ ਜਿਨ੍ਹਾਂ ਨੂੰ ਏ. ਰਾਜਾ ਦੇ ਅਸਤੀਫੇ ਮਗਰੋਂ ਦੂਰ ਸੰਚਾਰ ਵਿਭਾਗ ਦਿੱਤਾ ਗਿਆ ਸੀ, ਕੋਲ ਦੂਰਸੰਚਾਰ ਤੇ ਮਨੁੱਖੀ ਵਸੀਲਿਆਂ ਬਾਰੇ ਮੰਤਰਾਲਾ ਰਹੇਗਾ ਪਰ ਉਨ੍ਹਾਂ ਤੋਂ ਵਿਗਿਆਨ ਤੇ ਤਕਨਾਲੋਜੀ ਤੇ ਭੂ-ਵਿਗਿਆਨ ਮਹਿਕਮੇ ਵਾਪਸ ਲੈ ਕੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੂੰ ਦੇ ਦਿੱਤੇ ਗਏ ਹਨ। ਸ੍ਰੀ ਬੀ.ਕੇ. ਹਾਂਡਿਕ ਨੂੰ ਉਤਰ-ਪੂਰਬੀ ਖੇਤਰ ਦੇ ਵਿਕਾਸ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਜਦਕਿ ਸੀ.ਪੀ. ਜੋਸ਼ੀ ਤੋਂ ਪੇਂਡੂ ਵਿਕਾਸ ਮੰਤਰਾਲਾ ਲੈ ਕੇ ਸੜਕ ਆਵਾਜਾਈ ਤੇ ਹਾਈਵੇ ਵਿਭਾਗ ਦੇ ਦਿੱਤਾ ਗਿਆ ਹੈ।

ਕੁਮਾਰੀ ਸ਼ੈਲਜਾ ਤੋਂ ਸੈਰ-ਸਪਾਟਾ ਵਿਭਾਗ ਵਾਪਸ ਲੈ ਕੇ ਸੱਭਿਆਚਾਰ ਮੰਤਰਾਲੇ ਦਾ ਵਾਧੂ ਭਾਰ ਦਿੱਤਾ ਗਿਆ ਹੈ। ਉਨ੍ਹਾਂ ਕੋਲ ਪੇਂਡੂ ਤੇ ਸ਼ਹਿਰੀ ਗਰੀਬੀ ਖ਼ਤਮ ਕਰਨ ਵਾਲਾ ਮੰਤਰਾਲਾ ਵੀ ਰਹੇਗਾ। ਸੁਬੋਧ ਕਾਂਤ ਸਹਾਏ ਤੋਂ ਫੂਡ ਪ੍ਰੋਸੈਸਿੰਗ ਸਨਅਤ ਲੈ ਕੇ ਸੈਰ-ਸਪਾਟਾ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਦਿਨਸ਼ਾ ਪਟੇਲ ਤੋਂ ਲਘੂ, ਛੋਟੀਆਂ ਤੇ ਦਰਮਿਆਨੇ ਐਂਟਰਪ੍ਰਾਈਜ਼ਜ਼ ਵਿਭਾਗ ਲੈ ਕੇ ਖਾਨਾਂ ਦਾ ਮਹਿਕਮਾ ਦਿੱਤਾ ਗਿਆ ਹੈ। ਰੇਲ ਰਾਜ ਮੰਤਰੀ ਈ. ਅਹਿਮਦ ਦੀ ਵਿਦੇਸ਼ ਮੰਤਰਾਲੇ ਵਿਚ ਸ਼ਸ਼ੀ ਥਰੂਰ ਦੀ ਥਾਂ ਮੁੜ ਵਾਪਸੀ ਹੋਈ ਹੈ।

## 'ਬਿਨਾਇਕ ਸੇਨ 'ਤੇ ਲੱਗੇ ਦੋਸ਼ ਰਾਜਨੀਤੀ ਤੋਂ ਪ੍ਰੇਰਿਤ'

**ਬਿਲਾਸਪੁਰ:** ਛਤੀਸਗੜ੍ਹ ਹਾਈ ਕੋਰਟ ਨੇ ਯੂਰਪੀ ਯੂਨੀਅਨ ਦੇ ਵਫ਼ਦ ਨੂੰ ਮਨੁੱਖੀ ਅਧਿਕਾਰ ਕਾਰਕੁਨ ਬਿਨਾਇਕ ਸੇਨ ਵਿਰੁਧ ਚਲ ਰਹੀ ਅਦਾਲਤੀ ਕਾਰਵਾਈ ਦਾ ਜਾਇਜ਼ਾ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਬਿਨਾਇਕ ਸੇਨ ਨੂੰ ਦੇਸ਼ਧਰੋਹੀ ਦੇ ਦੋਸ਼ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਤੇ ਸੇਨ ਵੱਲੋਂ ਇਸ ਅਦਾਲਤੀ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ। ਇਸੇ ਦੌਰਾਨ ਬਿਨਾਇਕ ਸੇਨ ਦੇ ਵਕੀਲ ਰਾਮ ਜੇਠਮਲਾਨੀ ਨੇ ਸੇਨ ਵਿਰੁਧ ਸੁਣਵਾਈ ਗਈ ਸਜ਼ਾ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਿਆ ਹੈ।

ਛਤੀਸਗੜ੍ਹ ਹਾਈ ਕੋਰਟ ਵਿਚ ਜਦੋਂ ਸੇਨ ਵਿਰੁਧ ਕੇਸ ਦੀ ਸੁਣਵਾਈ ਹੋ ਰਹੀ ਸੀ ਤਾਂ ਛਤੀਸਗੜ੍ਹ ਸਰਕਾਰ ਨੇ ਅਦਾਲਤ ਨੂੰ ਅਪੀਲ ਕੀਤੀ ਕਿ ਯੂਰਪੀ ਯੂਨੀਅਨ ਦੇ ਵਫ਼ਦ ਨੂੰ ਅਦਾਲਤ ਵਿਚ ਆਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਹਾਈ ਕੋਰਟ ਨੇ ਇਸ ਅਪੀਲ ਨੂੰ ਮਨਜ਼ੂਰ ਕਰਦਿਆਂ ਯੂਰਪੀ ਦੇਸ਼ਾਂ ਦੀ ਅੱਠ ਮੈਂਬਰੀ ਟੀਮ ਨੂੰ ਅਦਾਲਤੀ ਕਾਰਵਾਈ ਦਾ ਜਾਇਜ਼ਾ ਲੈਣ ਦੀ ਇਜਾਜ਼ਤ ਦੇ ਦਿੱਤੀ। ਜ਼ਿਕਰਯੋਗ ਹੈ ਕਿ ਯੂਰਪੀ ਯੂਨੀਅਨ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਅਦਾਲਤੀ ਕਾਰਵਾਈ ਦਾ ਜਾਇਜ਼ਾ ਲੈਣ ਲਈ ਅਰਜ਼ੀ ਦਿੱਤੀ ਸੀ ਜਿਸ ਮਗਰੋਂ ਵਿਦੇਸ਼ ਮੰਤਰਾਲੇ ਨੇ ਛਤੀਸਗੜ੍ਹ ਸਰਕਾਰ ਨੂੰ ਇਹ ਅਪੀਲ ਅਦਾਲਤ ਅੱਗੇ ਪੇਸ਼ ਕਰਨ ਲਈ ਕਿਹਾ ਸੀ।

ਇਸੇ ਦੌਰਾਨ ਬਿਨਾਇਕ ਸੇਨ ਦੇ ਕੇਸ ਦੀ ਪੈਰਵੀ ਕਰਨ ਵਾਲੇ ਵਕੀਲ ਰਾਮ ਜੇਠਮਲਾਨੀ ਨੇ ਹਾਈ ਕੋਰਟ ਨੂੰ ਦੱਸਿਆ ਕਿ ਬਿਨਾਇਕ ਸੇਨ ਬੇਗੁਨਾਹ ਹੈ ਤੇ ਉਸ ਵਿਰੁਧ ਲਗਾਏ ਗਏ ਦੋਸ਼ ਰਾਜਨੀਤੀ ਤੋਂ ਪ੍ਰੇਰਿਤ ਹਨ। ਬਿਨਾਇਕ ਸੇਨ 'ਤੇ ਦੋਸ਼ ਹੈ ਕਿ ਉਸ ਨੇ ਮਾਓਵਾਦੀਆਂ ਨਾਲ ਮਿਲ ਕੇ ਅਜਿਹਾ ਨੈਟਵਰਕ ਤਿਆਰ ਕੀਤਾ ਜਿਸ ਨਾਲ ਸਰਕਾਰੀ ਏਜੰਸੀਆਂ ਵਿਰੁਧ ਅਤਿਵਾਦੀ ਗਤੀਵਿਧੀਆਂ ਚਲਾਈਆਂ ਜਾ ਸਕਣ। ਇਸੇ ਦੋਸ਼ ਤਹਿਤ ਇਕ ਸੈਸ਼ਨ ਕੋਰਟ ਨੇ ਬਿਨਾਇਕ ਸੇਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੋਈ ਹੈ। ਬਿਨਾਇਕ ਸੇਨ ਨੇ ਇਸ ਫੈਸਲੇ ਵਿਰੁਧ ਛਤੀਸਗੜ੍ਹ ਹਾਈ ਕੋਰਟ ਵਿਚ ਅਪੀਲ ਕੀਤੀ ਹੈ।

ਬਿਨਾਇਕ ਸੇਨ ਦੇ ਵਕੀਲ ਰਾਮ ਜੇਠਮਲਾਨੀ ਨੇ ਅਦਾਲਤ ਨੂੰ ਦੱਸਿਆ ਕਿ ਸੇਨ ਤੋਂ ਇਲਾਵਾ ਉਸ ਦੇ ਦੋ ਸਾਥੀਆਂ ਸਨਿਆਲ ਤੇ ਕੋਲਕਾਤਾ ਦੇ ਸਨਅਤਕਾਰ ਪਿਯੂਸ਼ ਗੁਹਾ ਨੂੰ ਛਤੀਸਗੜ੍ਹ ਸਪੈਸ਼ਲ ਪਬਲਿਕ ਸਿਕਿਓਰਟੀ ਐਕਟ ਤਹਿਤ ਦੋਸ਼ੀ ਕਰਾਰ ਕੀਤਾ ਗਿਆ ਹੈ ਤੇ ਇਸ ਐਕਟ ਵਿਰੁਧ ਪਹਿਲਾਂ ਹੀ ਮਨੁੱਖੀ ਅਧਿਕਾਰ ਸੰਗਠਨ ਵੱਲੋਂ ਹਾਈ ਕੋਰਟ ਵਿਚ ਅਪੀਲ ਦਾਇਰ ਕੀਤੀ ਜਾ ਚੁਕੀ ਹੈ। ਉਨ੍ਹਾਂ ਕਿਹਾ ਕਿ ਬਿਨਾਇਕ ਸੇਨ ਕਿੱਤੇ ਵਜੋਂ ਇਕ ਡਾਕਟਰ ਹੈ ਤੇ ਰਾਏਪੁਰ ਤੇ ਬਿਲਾਸਪੁਰ ਜੇਲ੍ਹਾਂ ਵਿਚ ਉਹ ਸਨਿਆਲ ਨੂੰ ਸਿਹਤ ਸਬੰਧੀ ਮਸ਼ਵਰਾ ਦੇਣ ਗਿਆ ਸੀ ਅਤੇ ਇਸ ਆਧਾਰ 'ਤੇ ਸੇਨ ਨੂੰ ਦੋਸ਼ੀ ਠਹਿਰਾਉਣਾ ਵੀ ਠੀਕ ਨਹੀਂ ਹੈ। ਉਧਰ ਬਿਨਾਇਕ ਸੇਨ ਦੀ ਪਤਨੀ ਇਲੀਨਾ ਨੇ ਕਿਹਾ ਕਿ ਉਸ ਦੇ ਪਤੀ ਨੂੰ ਛਤੀਸਗੜ੍ਹ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਨਾ ਕਾਫੀ ਮਹਿੰਗਾ ਪੈ ਰਿਹਾ ਹੈ ਤੇ ਬਿਨਾਇਕ ਸੇਨ ਨੂੰ ਝੂਠੇ ਦੋਸ਼ ਤਹਿਤ ਫਸਾਇਆ ਜਾ ਰਿਹਾ ਹੈ।

## ਭਾਰਤ ਵੱਲੋਂ ਫ਼ੌਜੀ ਤਾਕਤ ਵਧਾਉਣ ਦੀ ਤਿਆਰੀ

**ਨਵੀਂ ਦਿੱਲੀ:** ਭਾਰਤ ਵੱਲੋਂ ਫ਼ੌਜੀ ਤਾਕਤ ਵਧਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਸ ਤਹਿਤ ਵਿਦੇਸ਼ਾਂ ਤੋਂ 400 ਤੋਪਾਂ ਖ਼ਰੀਦੀਆਂ ਜਾ ਰਹੀਆਂ ਹਨ। ਬੋਫੋਰਜ਼ ਤੋਪਾਂ ਦੀ ਵਿਵਾਦਮਈ ਖ਼ਰੀਦ ਤੋਂ 25 ਵਰ੍ਹੇ ਪਿਛੋਂ ਭਾਰਤੀ ਫ਼ੌਜ ਪਹਿਲੀ ਵਾਰ 400 ਤੋਪਾਂ ਖ਼ਰੀਦਣ ਜਾ ਰਹੀ ਹੈ ਤੇ ਇਸ ਬਾਰੇ ਤਾਜ਼ਾ ਵਿਸ਼ਵ ਪੱਧਰੀ ਟੈਂਡਰ ਜਾਰੀ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ 25 ਵਰ੍ਹੇ ਪਹਿਲਾਂ ਬੋਫੋਰਜ਼ ਤੋਪਾਂ ਦੀ ਖ਼ਰੀਦ ਵੇਲੇ ਹੋਏ ਭ੍ਰਿਸ਼ਟਾਚਾਰ ਦਾ ਰੌਲਾ ਅਜੇ ਤਕ ਪੈਂਦਾ ਰਹਿੰਦਾ ਹੈ ਤੇ ਇਸੇ ਕਾਰਨ ਤੋਪਖ਼ਾਨੇ ਦੇ ਮਾਮਲੇ 'ਚ ਭਾਰਤੀ ਫ਼ੌਜ ਦੇ ਆਧੁਨਿਕੀਕਰਨ ਦੀ ਪ੍ਰਕਿਰਿਆ 'ਚ ਕਈ ਵਾਰੀ ਰੁਕਾਵਟਾਂ ਖੜ੍ਹੀਆਂ ਹੁੰਦੀਆਂ ਆ ਰਹੀਆਂ ਹਨ। ਇਨ੍ਹਾਂ ਰੁਕਾਵਟਾਂ ਕਾਰਨ ਫ਼ੌਜ ਪਿਛਲੇ 25 ਸਾਲਾਂ 'ਚ ਇਕ ਵੀ ਤੋਪ ਨਹੀਂ ਖ਼ਰੀਦ ਸਕੀ।

ਫ਼ੌਜ ਦੇ ਆਹਲਾ ਸੂਤਰਾਂ ਅਨੁਸਾਰ ਤੋਪਾਂ ਖ਼ਰੀਦਣ ਦੀ ਤਾਜ਼ਾ ਤਜਵੀਜ਼ ਜਨਵਰੀ ਦੇ ਤੀਜੇ ਹਫ਼ਤੇ ਪੇਸ਼ ਕੀਤੀ ਗਈ ਤੇ ਇਸ ਤਜਵੀਜ਼ ਤਹਿਤ ਚੁਣੀ ਗਈ ਵਿਦੇਸ਼ੀ ਕੰਪਨੀ ਤੋਂ ਜਿੱਥੇ 400 ਤੋਪਾਂ ਖ਼ਰੀਦੀਆਂ ਜਾਣਗੀਆਂ ਉਥੇ ਉਸੇ ਕੰਪਨੀ ਨਾਲ ਸਮਝੌਤਾ ਕਰਕੇ ਤੇ ਉਸ ਤੋਂ ਤਕਨੀਕ ਲੈ ਕੇ ਦੇਸ਼ 'ਚ 1000 ਹੋਰ ਤੋਪਾਂ ਬਣਾਈਆਂ ਜਾਣਗੀਆਂ। ਸੂਤਰਾਂ ਨੇ ਦੱਸਿਆ ਕਿ ਉਕਤ ਟੈਂਡਰ ਮੁੜ ਜਾਰੀ ਕੀਤਾ ਗਿਆ ਹੈ ਕਿਉਂਕਿ ਪਹਿਲਾਂ ਇਸ ਲਈ ਰੱਦ ਕਰ ਦਿੱਤਾ ਗਿਆ ਸੀ ਕਿਉਂਕਿ ਤੋਪਾਂ ਸਪਲਾਈ ਕਰਨ ਵਾਲਿਆਂ ਦੋ ਵਿਚੋਂ ਇਕ ਕੰਪਨੀ 'ਸਿੰਗਾਪੁਰ ਟੈਕਨਾਲੋਜੀ' ਦਾ ਨਾਂ 'ਆਰਡਨੈਂਸ ਫੈਕਟਰੀ' ਘੁਟਾਲੇ ਬਾਰੇ ਸੀ.ਬੀ.ਆਈ. ਵੱਲੋਂ ਦਾਇਰ ਦੋਸ਼-ਪੱਤਰ 'ਚ ਆਉਣ ਕਰਕੇ ਉਕਤ ਕੰਪਨੀ ਨੂੰ ਰੱਖਿਆ ਮੰਤਰਾਲੇ ਨੇ 'ਕਾਲੀ ਸੂਚੀ' 'ਚ ਪਾ ਦਿੱਤਾ ਸੀ। ਇਸ ਤੋਂ ਪਿਛੋਂ ਬੀ.ਏ.ਈ. ਨਾਂ ਦੀ ਇਕੋ ਕੰਪਨੀ ਮੈਦਾਨ 'ਚ ਰਹਿ ਗਈ ਸੀ ਤੇ ਭਾਰਤੀ ਰੱਖਿਆ ਖ਼ਰੀਦ ਕਾਨੂੰਨ ਤਹਿਤ ਇਕ ਤੋਂ ਵਧੇਰੇ ਕੰਪਨੀਆਂ ਵੱਲੋਂ ਟੈਂਡਰ ਆਉਣੇ ਜ਼ਰੂਰੀ ਹੁੰਦੇ ਹਨ। ਭਾਵੇਂ ਕਿ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਬੀ. ਏ. ਈ. ਕੰਪਨੀ ਤੋਂ ਇਲਾਵਾ ਹੋਰ ਕਿਸ ਕੰਪਨੀ ਦੇ ਟੈਂਡਰ ਰੱਖਿਆ ਮੰਤਰਾਲੇ ਨੂੰ ਪ੍ਰਾਪਤ ਹੋਏ ਹਨ।

ਇਹ ਵੀ ਸੰਭਾਵਨਾ ਹੈ ਇਸ ਸਾਲ ਭਾਰਤੀ ਫ਼ੌਜ ਆਪਣੇ ਤੋਪਖ਼ਾਨੇ ਦੀ ਸਮਰਥਾ ਵਧਾਉਣ ਲਈ ਅਮਰੀਕਾ ਤੋਂ ਘੱਟ ਭਾਰ ਵਾਲੀਆਂ ਤੋਪਾਂ ਖ਼ਰੀਦੇ। ਇਸ ਬਾਰੇ ਅਮਰੀਕਾ ਨਾਲ ਭਾਰਤ ਦੀ ਪਹਿਲਾਂ ਹੀ ਗੱਲਬਾਤ ਜਾਰੀ ਹੈ ਤੇ ਅਮਰੀਕਾ ਤੋਂ ਅਤਿਅੰਤ ਹੌਲੇ ਭਾਰ ਵਾਲੀਆਂ ਤੋਪਾਂ ਖ਼ਰੀਦ ਕੇ ਭਾਰਤ ਇਸ ਨੂੰ ਆਪਣੇ ਪਹਾੜੀ ਖਿੱਤਿਆਂ 'ਚ ਤਾਇਨਾਤ ਕਰੇਗਾ। ਸੂਤਰਾਂ ਨੇ ਦੱਸਿਆ ਕਿ ਭਾਰਤੀ ਫ਼ੌਜ ਦੇ ਆਧੁਨਿਕੀਕਰਨ ਲਈ 20,000 ਕਰੋੜ ਰੁਪਏ ਤੋਂ ਵਧੇਰੇ ਮੁੱਲ ਦੀਆਂ ਤੋਪਾਂ ਤੇ ਗੰਨਾਂ ਦੀ ਖ਼ਰੀਦ ਕੀਤੀ ਜਾਵੇਗੀ। ਇਹ ਤੋਪਾਂ ਅੰਤਰ-ਸਰਕਾਰੀ ਤੇ ਵਿਸ਼ਵ ਪੱਧਰੀ ਟੈਂਡਰਾਂ ਰਾਹੀਂ ਖ਼ਰੀਦੀਆਂ ਜਾਣਗੀਆਂ।

## ਹੁਣ ਭਾਰਤ 'ਚ ਮੋਬਾਈਲ ਨੰਬਰ ਨਹੀਂ ਬਦਲਣਗੇ!

**ਨਵੀਂ ਦਿੱਲੀ:** ਹੁਣ ਭਾਰਤ 'ਚ ਮੋਬਾਈਲ ਨੰਬਰ ਨਹੀਂ ਬਦਲਣਗੇ ਕਿਉਂਕਿ ਕੋਈ ਵੀ ਵਿਅਕਤੀ ਬਗੈਰ ਨੰਬਰ ਬਦਲੇ ਕੰਪਨੀ ਦੀਆਂ ਸੇਵਾਵਾਂ ਤਬਦੀਲ ਕਰ ਸਕਦਾ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਕੌਮੀ ਪੱਧਰ 'ਤੇ ਮੋਬਾਈਲ ਨੰਬਰ ਪੋਰਟੇਬਿਲਟੀ ਸੇਵਾ ਦੀ ਸ਼ੁਰੂਆਤ ਕਰਨ ਪਿਛੋਂ ਹੁਣ ਇਸ ਸੇਵਾ ਤਹਿਤ ਖਪਤਕਾਰ ਇਕੋ ਸਥਾਈ ਮੋਬਾਈਲ ਨੰਬਰ ਰੱਖ ਕੇ ਸੇਵਾ ਦੇਣ ਵਾਲੀ ਕੰਪਨੀ ਬਦਲ ਸਕਣਗੇ।

ਇਸ ਨਾਲ ਦੇਸ਼ ਦੇ ਜੀ.ਐਸ.ਐਮ. ਤੇ ਸੀ.ਡੀ.ਐਮ.ਏ. ਦੋਵੇਂ ਸ਼੍ਰੇਣੀਆਂ ਦੇ 70 ਕਰੋੜ ਤੋਂ ਵੱਧ ਖਪਤਕਾਰਾਂ ਨੂੰ ਲਾਭ ਹੋਵੇਗਾ। ਇਸ ਨਵੀਂ ਨੀਤੀ ਨਾਲ ਅਪਰੇਟਿੰਗ ਕੰਪਨੀਆਂ ਦਾ ਸਾਰਾ ਧਿਆਨ ਹੁਣ ਨਵੇਂ ਖਪਤਕਾਰ ਲੱਭਣ ਦੀ ਥਾਂ ਪਹਿਲਿਆਂ ਨੂੰ ਹੀ ਸਾਂਭਣ 'ਤੇ ਕੇਂਦਰਤ ਹੋਵੇਗਾ। ਟੀ.ਆਰ.ਏ.ਆਈ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਜਿਹਾ ਕਰਨ ਲਈ ਗਾਹਕ ਨੂੰ ਆਪਣਾ ਟੈਲੀਕਾਮ ਅਪਰੇਟਰ ਬਦਲਣ ਲਈ 19 ਰੁਪਏ ਅਦਾ ਕਰਨੇ ਹੋਣਗੇ ਤੇ 7 ਕੰਮਕਾਜੀ ਦਿਨਾਂ ਦੇ ਵਿਚ-ਵਿਚ ਉਸ ਨੂੰ ਨਵੀਂ ਸੇਵਾ ਕੰਪਨੀ ਮਿਲ ਜਾਵੇਗੀ। ਹੁਣ ਤਕ ਅਪਰੇਟਰ ਕੰਪਨੀਆਂ ਨਿੱਤ ਨਵੇਂ ਗਾਹਕਾਂ ਦੀ ਝਾਕ 'ਚ ਰਹਿੰਦੀਆਂ ਸਨ। ਹੁਣ ਐਮ.ਐਨ.ਪੀ. ਸਦਕਾ ਉਨ੍ਹਾਂ ਨੂੰ ਵਰਤਮਾਨ ਗਾਹਕਾਂ ਨੂੰ ਸਾਂਭ ਕੇ ਰੱਖਣ ਲਈ ਨਿਵੇਕਲੀ ਗੁਣਵੱਤਾ ਭਰਪੂਰ ਸੇਵਾ ਦੇਣ ਲਈ ਮਜਬੂਰ ਹੋਣਾ ਪਵੇਗਾ।

## ਗੱਲਾਂ ਮਾਰਨ ਨਾਲ ਹੁੰਦੀ ਹੈ ਯਾਦਦਾਸ਼ਤ ਤੇਜ਼

**ਲੰਡਨ:** ਜੇ ਤੁਹਾਡੀ ਯਾਦ ਸ਼ਕਤੀ ਘੱਟ ਹੈ ਤਾਂ ਤੁਸੀ ਬਹੁਤ ਹੀ ਅਸਾਨ ਤਰੀਕੇ ਨਾਲ ਇਸ ਨੂੰ ਤੇਜ਼ ਕਰ ਸਕਦੇ ਹੋ ਤੇ ਇਸ ਲਈ ਬੱਸ ਤਹਾਨੂੰ ਆਪਣੇ ਜਾਣ-ਪਛਾਣ ਦੇ ਲੋਕਾਂ ਨਾਲ ਵੱਧ ਤੋਂ ਵੱਧ ਗੱਲਾਂ ਕਰਨੀਆਂ ਪੈਣਗੀਆਂ। ਯੂਨੀਵਰਸਿਟੀ ਆਫ ਜ਼ਿਊਰਿਖ ਦੇ ਵਿਗਿਆਨੀਆਂ ਅਨੁਸਾਰ ਗੱਲਾਂ-ਬਾਤਾਂ ਨਾਲ ਘੱਟ ਮਾਨਸਿਕ ਬੁੱਧੀ ਵਾਲੇ ਵਿਅਕਤੀ ਵੀ ਉਹ ਪਲ ਮੁੜ ਯਾਦ ਕਰ ਲੈਂਦੇ ਹਨ ਜੋ ਉਨ੍ਹਾਂ ਨੇ ਕਈ ਸਾਲਾਂ ਪਹਿਲਾਂ ਭੁਲਾ ਦਿੱਤੇ ਹੁੰਦੇ ਹਨ। ਇਨ੍ਹਾਂ ਵਿਗਿਆਨੀਆਂ ਨੇ 1970 ਤੋਂ ਲੈ ਕੇ 2007 ਤਕ 30 ਅਜਿਹੇ ਸਰਵੇਖਣ ਕੀਤੇ ਹਨ ਜੋ ਇਨ੍ਹਾਂ ਤੱਥਾਂ ਦੀ ਪੁਸ਼ਟੀ ਕਰਦੇ ਹਨ ਕਿ ਸਮਾਜਿਕ ਸਾਂਝ ਵਧਾਉਣ ਨਾਲ ਯਾਦ ਸ਼ਕਤੀ ਤੇਜ਼ ਰਹਿੰਦੀ ਹੈ।

ਅਖ਼ਬਾਰ 'ਡੇਲੀ ਮੇਲ' 'ਚ ਛਪੀ ਰਿਪੋਰਟ ਅਨੁਸਾਰ ਡਾ. ਮਾਈਕ ਮਾਰਟਿਨ ਨੇ ਕਿਹਾ ਹੈ ਕਿ ਵਧਦੀ ਉਮਰ ਨਾਲ ਇਨਸਾਨ ਦਾ ਬੌਧਿਕ ਪੱਧਰ ਘਟਣਾ ਸ਼ੁਰੂ ਹੋ ਜਾਂਦਾ ਹੈ ਜਿਸ ਕਾਰਨ ਯਾਦ ਸ਼ਕਤੀ ਘਟਦੀ ਹੈ ਤੇ ਕੰਮਾਂ ਨੂੰ ਯੋਜਨਾਬੱਧ ਤਰੀਕੇ ਨਾਲ ਕਰਨ 'ਚ ਦਿੱਕਤ ਮਹਿਸੂਸ ਹੁੰਦੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਅਵਸਥਾ ਵਧੇਰੇ ਕਰਕੇ 65 ਵਰ੍ਹਿਆਂ ਦੀ ਉਮਰ ਤੋਂ ਬਾਅਦ ਆਉਂਦੀ ਹੈ ਤੇ ਅਜਿਹੇ ਹਾਲਾਤ ਤੋਂ ਬਚਣ ਵਾਸਤੇ ਸਮਾਜਿਕ ਗਤੀਵਿਧੀਆਂ ਵਧਾਉਣ 'ਤੇ ਜ਼ੋਰ ਦੇਣਾ ਚਾਹੀਦਾ ਹੈ।

## ਭਾਰਤੀ ਸ਼ਾਸਤਰੀ ਸੰਗੀਤ ਦੇ ਪਿਤਾਮਾ ਭੀਮ ਸੈਨ ਜੋਸ਼ੀ ਚਲ ਵਸੇ



**ਨਵੀਂ ਦਿੱਲੀ:** ਭਾਰਤ ਰਤਨ ਐਵਾਰਡ ਨਾਲ ਨਿਵਾਜੇ ਜਾ ਚੁਕੇ ਸ਼ਾਸਤਰੀ ਸੰਗੀਤ ਦੇ ਪਿਤਾਮਾ ਪੰਡਤ ਭੀਮ ਸੈਨ ਜੋਸ਼ੀ ਦਾ ਲੰਮੀ ਬਿਮਾਰੀ ਪਿਛੋਂ ਦੇਹਾਂਤ ਹੋ ਗਿਆ ਹੈ। ਉਹ 87 ਵਰ੍ਹਿਆਂ ਦੇ ਸਨ। ਉਹ ਲੰਮੇ ਸਮੇਂ ਤੋਂ ਗੁਰਦੇ ਅਤੇ ਸਾਹ ਦੀਆਂ ਬਿਮਾਰੀਆਂ ਨਾਲ ਪੀੜਤ ਸਨ ਤੇ ਉਨ੍ਹਾਂ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਸੀ। ਕਰਨਾਟਕ ਦੇ ਧਾਰਵਾੜ ਜ਼ਿਲ੍ਹੇ ਗਡਾਗ ਵਿਚ 4 ਫਰਵਰੀ, 1922 ਨੂੰ ਜਨਮੇ ਪੰਡਤ ਭੀਮ ਸੈਨ ਜੋਸ਼ੀ ਦੇ ਕੈਰੀਅਰ ਨੂੰ 1946 ਵਿਚ ਉਸ ਸਮੇਂ ਹੁਲਾਰਾ ਮਿਲਿਆ ਸੀ ਜਦੋਂ ਗੁਰੂ ਸਵਾਈ ਗੰਧਰਵ ਦੇ 60ਵੇਂ ਜਨਮ ਦਿਨ ਮੌਕੇ ਉਨ੍ਹਾਂ ਪੁਣੇ ਪ੍ਰੋਗਰਾਮ ਵਿਚ ਹਿੱਸਾ ਲਿਆ।

ਉਹ ਆਪਣੇ ਪਿੱਛੇ ਤਿੰਨ ਪੁੱਤਰ ਤੇ ਇਕ ਧੀ ਛੱਡ ਗਏ ਹਨ। ਭਾਰਤ ਦੇ ਸਭ ਤੋਂ ਵੱਡੇ ਨਾਗਰਿਕ ਐਵਾਰਡ 'ਭਾਰਤ ਰਤਨ' ਪ੍ਰਾਪਤ ਪੰਡਤ ਜੋਸ਼ੀ, ਖਾਨ ਸਾਹਿਬ ਅਬਦੁਲ ਕਰੀਮ ਖਾਨ ਦੇ 'ਕਿਰਾਨਾ ਘਰਾਣੇ' ਦੇ ਸਭ ਤੋਂ ਮਕਬੂਲ ਗਾਇਕ ਸਨ। ਪੰਡਤ ਭੀਮ ਸੈਨ ਜੋਸ਼ੀ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਕਿਹਾ ਕਿ ਦੇਸ਼ ਨੇ ਮਹਾਨ ਸ਼ਖ਼ਸੀਅਤ ਨੂੰ ਖੋ ਦਿੱਤਾ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਮੌਤ ਰਾਸ਼ਟਰ ਨੂੰ ਪਿਆ ਘਾਟਾ ਹੈ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੰਡਤ ਭੀਮ ਸੈਨ ਜੋਸ਼ੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਘੇ ਸ਼ਾਸਤਰੀ ਗਾਇਕ ਪੰਡਤ ਜਸਰਾਜ ਨੇ ਕਿਹਾ ਹੈ ਕਿ ਇਹ ਖ਼ਬਰ ਸੁਣ ਕੇ ਉਨ੍ਹਾਂ ਨੂੰ ਧੱਕਾ ਲੱਗਿਆ ਹੈ। ਇਹ ਸੂਰਜ ਦੇ ਛਿਪਣ ਦੇ ਬਰਾਬਰ ਹੈ। ਪੰਡਤ ਜਸਰਾਜ ਨੇ ਕਿਹਾ ਕਿ ਉਹ ਕਿਸੇ ਖਾਸ ਘਰਾਣੇ ਨਾਲ ਸਬੰਧਤ ਨਹੀਂ ਸਨ ਸਗੋਂ ਸਮੁੱਚੇ ਹਿੰਦੋਸਤਾਨੀ ਸੰਗੀਤ ਨਾਲ ਸਬੰਧਿਤ ਨਹੀਂ ਸਨ।

# ਡਾ. ਨਾਹਲ ਦਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨ

**ਨਵੀਂ ਦਿੱਲੀ:** ਸਿੱਖ ਵਿਦਵਾਨ ਅਤੇ ਇਤਿਹਾਸਕਾਰ ਡਾ. ਤਰਲੋਚਨ ਸਿੰਘ ਨਾਹਲ ਦਾ ਇਥੇ ਇਕ ਵਿਸ਼ੇਸ਼ ਸਮਾਗਮ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਵਲੋਂ ਸਿਰੋਪਾਉ ਅਤੇ ਕਿਰਪਾਨ ਨਾਲ ਸਨਮਾਨ ਕੀਤਾ ਗਿਆ।



*ਡਾ. ਨਾਹਲ ਦਾ ਸਨਮਾਨ ਕਰਦੇ ਹੋਏ ਸ. ਸਰਨਾ ਅਤੇ ਦਿੱਲੀ ਦੇ ਪਤਵੰਤੇ ਸਿੱਖ*

ਇਸ ਮੌਕੇ ਡਾ. ਨਾਹਲ ਨੇ ਸ. ਸਰਨਾ ਨੂੰ ਆਪਣੀ ਨਵੀਂ ਪੁਸਤਕ "ਰਿਲੀਜਨ ਐਂਡ ਪਾਲਿਟਿਕਸ ਇਨ ਸਿੱਖਇਜ਼ਮ:ਦੀ ਖਾਲਸਾ ਪਰਸਪੈਕਟਿਵ" ਭੇਟ ਕੀਤੀ। ਸਿੱਖ ਧਰਮ, ਰਾਜਨੀਤੀ ਅਤੇ ਸਿੱਖ ਸੰਘਰਸ਼ ਉਪਰ ਤਕਰੀਬਨ 600 ਸਫੇ ਦੀ ਇਹ ਪੁਸਤਕ ਡਾ. ਨਾਹਲ ਨੇ 26 ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤੀ ਹੈ ਜੋ ਕਿ ਸਿੰਘ ਬਰਦਰਜ਼ ਅੰਮ੍ਰਿਤਸਰ ਨੇ ਛਾਪੀ ਹੈ।

ਡਾ. ਨਾਹਲ ਨੇ ਸ. ਸਰਨਾ ਨੂੰ ਦੱਸਿਆ ਕਿ ਇਸ ਪੁਸਤਕ ਵਿਚ ਮੀਰੀ-ਪੀਰੀ ਦੇ ਸਿਧਾਂਤ ਤੋਂ ਇਲਾਵਾ 1978 ਦੇ ਨਿਰੰਕਾਰੀ ਕਾਂਡ, ਅਪਰੇਸ਼ਨ ਬਲਿਊ ਸਟਾਰ, 84 ਦੇ ਸਿੱਖ ਕਤਲੇਆਮ ਅਤੇ ਖਾਲਿਸਤਾਨ ਸਬੰਧੀ ਸੰਘਰਸ਼ ਦਾ ਖਾਸ ਜ਼ਿਕਰ ਹੈ। ਇਸੇ ਸਬੰਧ ਵਿਚ ਡਾ. ਨਾਹਲ ਦੀ ਦਿੱਲੀ ਦੇ ਨਿਊਜ਼ ਚੈਨਲ ਚੜ੍ਹਦੀ ਕਲਾ ਨੇ ਇੰਟਰਵਿਊ ਵੀ ਲਈ ਜੋ ਦਿੱਲੀ, ਪੰਜਾਬ ਅਤੇ ਭਾਰਤ ਦੇ ਕਈ ਹੋਰ ਹਿੱਸਿਆਂ ਵਿਚ ਬਰਾਡਕਾਸਟ ਹੋਈ। ਡਾ. ਨਾਹਲ ਅਮਰੀਕਾ ਵਾਪਿਸ ਪਰਤ ਆਏ ਹਨ ਅਤੇ ਉਨ੍ਹਾਂ ਨਾਲ ਸੰਪਰਕ ਫੋਨ (408) 972-2400 ਰਾਹੀਂ ਕੀਤਾ ਜਾ ਸਕਦਾ ਹੈ।

## ਸੰਸਾਰ ਦੇ ਸਭ ਤੋਂ ਉਚੇ ਰੈਸਟੋਰੈਂਟ ਦਾ ਉਦਘਾਟਨ

**ਦੁਬਈ:** ਇਥੇ ਸਥਿਤ ਦੁਨੀਆਂ ਦੀ ਸਭ ਤੋਂ ਉਚੀ ਇਮਾਰਤ ਬੁਰਜ ਖ਼ਲੀਫ਼ਾ 'ਚ ਵਿਸ਼ਵ ਦੇ ਸਭ ਤੋਂ ਉਚੇ ਰੈਸਟੋਰੈਂਟ ਦਾ ਉਦਘਾਟਨ ਕੀਤਾ ਗਿਆ। ਇਹ ਰੈਸਟੋਰੈਂਟ ਬੁਰਜ ਖ਼ਲੀਫ਼ਾ ਇਮਾਰਤ ਦੀ 122ਵੀਂ ਮੰਜ਼ਿਲ 'ਤੇ ਹੈ ਤੇ ਧਰਤੀ ਤੋਂ ਇਹ 442 ਮੀਟਰ ਦੀ ਉਚਾਈ 'ਤੇ ਹੈ। ਜ਼ਿਕਰਯੋਗ ਹੈ ਕਿ ਬੁਰਜ ਖ਼ਲੀਫ਼ਾ ਇਮਾਰਤ ਦੀ ਉਚਾਈ 828 ਮੀਟਰ ਹੈ ਤੇ ਇਮਾਰਤ ਵਿਚ ਖੋਲ੍ਹੇ ਗਏ ਇਸ ਰੈਸਟੋਰੈਂਟ ਵਿਚ ਖਾਣ-ਪੀਣ ਦਾ ਸਾਮਾਨ ਵੀ ਆਮ ਰੈਸਟੋਰੈਂਟ ਨਾਲੋਂ ਮਹਿੰਗਾ ਹੈ। ਰੈਸਟੋਰੈਂਟ ਤਕ ਪਹੁੰਚਣ ਵਾਸਤੇ ਇਕ ਨਿੱਜੀ ਲਿਫਟ ਵੀ ਲਗਾਈ ਗਈ ਹੈ ਤੇ ਰੈਸਟੋਰੈਂਟ ਤੋਂ ਦੁਬਈ ਸ਼ਹਿਰ ਦਾ ਨਜ਼ਾਰਾ ਵੇਖਣਯੋਗ ਹੈ। ਇਸ ਰੈਸਟੋਰੈਂਟ ਵਿਚ ਇਕੋ ਸਮੇਂ 210 ਵਿਅਕਤੀਆਂ ਦੇ ਬੈਠਣ ਦੀ ਸਮਰਥਾ ਹੈ।

ਲੋਕ ਰੈਸਟੋਰੈਂਟ ਦਾ ਪ੍ਰਾਈਵੇਟ ਡਾਇਨਿੰਗ ਹਾਲ ਖਾਣੇ ਲਈ ਬੁੱਕ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ 176.9 ਅਮਰੀਕੀ ਡਾਲਰ ਪ੍ਰਤੀ ਵਿਅਕਤੀ ਵਜੋਂ ਭੁਗਤਾਨ ਕਰਨਾ ਪਵੇਗਾ ਜਦੋਂਕਿ 'ਹਾਈ ਟੀ' (ਚਾਹ ਤੇ ਸਨੈਕਸ) ਵਾਸਤੇ 100 ਅਮਰੀਕੀ ਡਾਲਰ ਪ੍ਰਤੀ ਵਿਅਕਤੀ ਵਜੋਂ ਭੁਗਤਾਨ ਕਰਨਾ ਪਵੇਗਾ।

ਰੈਸਟੋਰੈਂਟ ਦੇ ਜਨਤਕ ਏਰੀਆ ਵਿਚ ਚਾਹ ਤੇ ਸਨੈਕਸ ਦਾ ਲੁਤਫ ਲੈਣ ਲਈ ਹਰ ਵਿਅਕਤੀ ਨੂੰ ਘੱਟੋ-ਘੱਟ 54.54 ਅਮਰੀਕੀ ਡਾਲਰ ਦੀ ਪੇਮੈਂਟ ਜ਼ਰੂਰ ਕਰਨੀ ਪਵੇਗੀ। ਐਮ.ਆਰ. ਹੋਸਪੀਟੈਲਿਟੀ ਗਰੁਪ ਦੇ ਸੀ.ਈ.ਓ. ਮਾਰਕ ਡਾਰਡੇਨ ਨੇ ਦੱਸਿਆ ਕਿ ਦੁਨੀਆਂ ਦੇ ਇਸ ਸਭ ਤੋਂ ਉਚੇ ਰੈਸਟੋਰੈਂਟ ਦੇ ਖੁੱਲ੍ਹਣ ਨਾਲ ਦੁਬਈ ਵਿਚ ਆਉਣ ਵਾਲੇ ਸੈਲਾਨੀਆਂ ਨੂੰ ਵੱਖਰੇ ਕਿਸਮ ਦਾ ਤਜਰਬਾ ਹੋਵੇਗਾ।

# ਦਮਦਮੀ ਟਕਸਾਲ ਦੇ ਮੁਖੀ ਭਾਈ ਰਾਮ ਸਿੰਘ ਨੇ ਗੁਰੂ ਅੰਗਦ ਦਰਬਾਰ ਵਿਚ ਦੀਵਾਨ ਸਜਾਏ

**ਬੇਕਰਜ਼ਫੀਲਡ (ਮਾਨ ਮਨਦੀਪ):** ਦਮਦਮੀ ਟਕਸਾਲ ਦੇ ਮੁਖੀ ਭਾਈ ਰਾਮ ਸਿੰਘ ਵਲੋਂ ਇਥੇ ਗੁਰਦੁਆਰਾ ਅੰਗਦ ਦਰਬਾਰ ਵਿਖੇ ਪੂਰਾ ਇਕ ਹਫਤਾ ਰੋਜ਼ਾਨਾ ਸ਼ਾਮੀ 6.30 ਤੋਂ 7.30 ਵਜੇ ਤਕ ਦੀਵਾਨ ਸਜਾਏ ਗਏ ਜਿਨ੍ਹਾਂ ਦਾ ਅਨੇਕਾਂ ਪ੍ਰਾਣੀਆਂ ਨੇ ਲਾਹਾ ਲਿਆ। ਭਾਈ ਸਾਹਿਬ ਨੇ ਕਥਾ-ਕੀਰਤਨ ਰਾਹੀਂ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜਿਆ। ਇਥੇ ਜ਼ਿਕਰਯੋਗ ਹੈ ਕਿ ਭਾਈ ਰਾਮ ਸਿੰਘ ਅਜਕਲ ਕੈਲੀਫੋਰਨੀਆ ਦੇ ਦੌਰੇ ਉਤੇ ਆਏ ਹੋਏ ਹਨ ਅਤੇ ਅਗਲੇ ਦਿਨਾਂ ਵਿਚ ਉਹ ਸਟਾਕਟਨ, ਸੈਨ ਹੋਜੇ, ਫਰਿਜ਼ਨੋ ਅਤੇ ਹੋਰ ਬਹੁਤ ਸਾਰੇ ਗੁਰੂਘਰਾਂ ਵਿਚ ਕਥਾ-ਕੀਰਤਨ ਦਾ ਪ੍ਰਵਾਹ ਚਲਾਉਣਗੇ।



ਇਸ ਤੋਂ ਪਹਿਲਾਂ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਗੁਰਮੁਖ ਸਿੰਘ ਅਜਨਾਲੇ ਵਾਲਿਆਂ ਦੇ ਜਥੇ ਨੇ ਗੁਰਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਰੰਗ ਵਿਚ ਰੰਗਿਆ। ਗੁਰੂਘਰ ਦੇ ਕਥਾਵਾਚਕ ਭਾਈ ਗੁਰਸਾਹਿਬ ਸਿੰਘ ਨੇ ਸੰਗਤਾਂ ਨੂੰ ਕਥਾ-ਵਿਆਖਿਆ ਰਾਹੀਂ ਗੁਰ ਇਤਿਹਾਸ ਅਤੇ ਗੁਰਮਤਿ ਗਿਆਨ ਨਾਲ ਜੋੜਿਆ। ਇਸ ਮੌਕੇ ਗੁਰੂਘਰ ਦੇ ਪ੍ਰਧਾਨ ਸੁਖਬੀਰ ਸਿੰਘ ਸੰਧੂ ਅਤੇ ਹੋਰ ਪਤਵੰਤੇ ਸਿੱਖਾਂ ਤੋਂ ਇਲਾਵਾ ਸ. ਕੁਲਵਿੰਦਰ ਸਿੰਘ , ਤੇਜਪਾਲ ਨਿਕਸਨ, ਜੀਤਾ ਮਾਣਕ, ਗੁਰਦੀਪ ਢੀਂਡਸਾ, ਸ਼ਿਵਚਰਨ ਬੁਟਰ, ਜੀਤਾ ਢਿਲੋਂ ਅਰਵਿੰਦਰ ਸਿੰਘ ਲਾਖਨ ਮੌਜੂਦ ਸਨ।



*ਦੀਵਾਨ ਸੁਣਦੀਆਂ ਹੋਈਆਂ ਸੰਗਤਾਂ ਅਤੇ (ਉਪਰ) ਭਾਈ ਰਾਮ ਸਿੰਘ ਕਥਾ ਕਰਦੇ ਹੋਏ*






# ਪਰਵਾਸੀ ਵੀਰ ਆਪਣੇ ਪਿੰਡਾਂ ਵਿਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ:ਜੋਬਨਜੀਤ ਸਿੰਘ ਬੌਬੀ

**ਬੇਕਰਜ਼ਫੀਲਡ (ਮਾਨ ਮਨਦੀਪ):** ਪਰਵਾਸੀ ਪੰਜਾਬੀ ਆਪੋ-ਆਪਣੇ ਪਿੰਡਾਂ ਵਿਚ ਅਤੇ ਖਾਸ ਤੌਰ 'ਤੇ ਸਕੂਲਾਂ ਵਿਚ ਪੀਣ ਵਾਲੇ ਸਾਫ ਪਾਣੀ ਦੇ ਪ੍ਰਬੰਧ ਲਈ ਸਬਮਰਸੀਬਲ ਪੰਪ ਲਗਵਾਉਣ ਤਾਂ ਜੋ ਗੰਦਾ ਪਾਣੀ ਪੀਣ ਨਾਲ ਹੋਣ ਵਾਲੀਆਂ ਬੀਮਾਰੀਆਂ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ। ਇਹ ਅਪੀਲ ਹਾਲ ਹੀ ਵਿਚ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਿਲਾਂ ਹੱਲ ਕਰਵਾਉਣ ਲਈ ਇੰਡੀਆ ਦਾ ਦੌਰਾ ਕਰਨ ਤੋਂ ਬਾਅਦ ਪਰਤੇ ਐਨ ਆਰ ਆਈ ਸਭਾ ਅਮਰੀਕਾ ਦੇ ਪ੍ਰਧਾਨ ਸ. ਜੋਬਨਜੀਤ ਸਿੰਘ ਬੌਬੀ ਨੇ ਕੀਤੀ।

ਇਥੇ ਸਭਾ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਜੋਬਨਜੀਤ ਸਿੰਘ ਬੌਬੀ ਨੇ ਆਖਿਆ ਕਿ ਆਪਣੇ ਪੰਜਾਬ ਦੌਰ ਦੌਰਾਨ ਉਨ੍ਹਾਂ ਨੂੰ ਅਨੇਕਾਂ ਪਿੰਡਾਂ ਵਿਚ ਜਾਣ ਦਾ ਮੌਕਾ ਮਿਲਿਆ। ਉਨ੍ਹਾਂ ਨੂੰ ਇਹ ਜਾਣ ਕੇ ਸਦਮਾ ਲੱਗਾ ਕਿ ਬਹੁਤੇ ਥਾਈਂ ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਨਹੀਂ ਹੈ ਤੇ ਲੋਕ ਦੂਸ਼ਿਤ ਪਾਣੀ ਪੀ ਕੇ ਵਖ ਵਖ ਤਰ੍ਹਾਂ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਬਹੁਤ ਥਾਈਂ ਲੋਕਾਂ ਨੇ ਪਰਵਾਸੀ ਪੰਜਾਬੀਆਂ ਨੂੰ ਪੀਣ ਵਾਲੇ ਪਾਣੀ ਦੇ ਪ੍ਰਬੰਧ ਲਈ ਅਗੇ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਜਿਹੜੇ ਪਿੰਡਾਂ ਤੋਂ ਆਏ ਹਾਂ, ਸਾਡਾ ਉਨ੍ਹਾਂ ਪਿੰਡਾਂ ਦੇ ਲੋਕਾਂ ਦੇ ਭਲੇ ਲਈ ਕੁਝ ਕਰਨ ਦਾ ਫਰਜ਼ ਬਣਦਾ ਹੈ। ਸਾਫ ਪਾਣੀ ਦੇ ਪ੍ਰਬੰਧ ਉਪਰ ਕੋਈ ਬਹੁਤ ਜਿਆਦਾ ਖਰਚ ਵੀ ਨਹੀਂ ਆਉਂਦਾ। ਇਸ ਲਈ ਸਾਡਾ ਸਭ ਦਾ ਫਰਜ਼ ਬਣਦਾ ਹੈ, ਇਸ ਪੱਖੋਂ ਅਸੀਂ ਆਪਣੇ ਪਿੰਡ ਦੀ ਸਾਰ ਲਈਏ।



ਮੀਟਿੰਗ ਤੋਂ ਬਾਅਦ ਸਭਾ ਦੇ ਅਹੁਦੇਦਾਰ ਅਤੇ ਮੈਂਬਰ

ਇਸ ਮੌਕੇ ਬੋਲਦਿਆਂ ਸਭਾ ਦੇ ਸਕੱਤਰ ਜਨਰਲ ਸ੍ਰੀ ਤੇਜਪਾਲ ਨਿਕਸਨ ਨੇ ਸਭਾ ਦੀਆਂ ਪ੍ਰਾਪਤੀਆਂ ਉਪਰ ਚਾਨਣਾ ਪਾਇਆ। ਜਨਰਲ ਸਕੱਤਰ ਮਨਜੀਤ ਸਿੰਘ, ਬੇਕਰਜ਼ਫੀਲਡ ਇਕਾਈ ਦੇ ਪ੍ਰਧਾਨ ਪਾਲ ਮੰਨਣ, ਚੇਅਰਮੈਨ ਜੀਤਾ ਮਾਣਕ, ਗੁਰਦੀਪ ਢੀਂਡਸਾ, ਜੀਤਾ ਢਿਲੋਂ, ਸ਼ਿਵਚਰਨ ਬੁਟਰ, ਡਾ. ਜਸਵੰਤ ਗਿੱਲ, ਮਹਿੰਦਰ ਸਿੰਘ ਜੌਹਲ, ਮਨਜੋਤ ਰਾਏ, ਗੁਰਸੇਵਕ ਬਰਾੜ, ਅਮਰੀਕ ਗੁਰਾਇਆ ਅਤੇ ਹੋਰ ਮੈਂਬਰ ਹਾਜਰ ਸਨ। ਇਸ ਮੌਕੇ ਪਹੁੰਚੇ ਅਕਾਲੀ ਦਲ ਦੇ ਯੂਥ ਵਿੰਗ ਦੇ ਪ੍ਰਧਾਨ ਸ੍ਰੀ ਅਰਵਿੰਦਰ ਸਿੰਘ ਲਾਖਨ ਨੇ ਆਪਣੀ ਜਥੇਬੰਦੀ ਵਲੋਂ ਸਭਾ ਨੂੰ ਭਰਵੀਂ ਹਮਾਇਤ ਦਾ ਭਰੋਸਾ ਦਿਵਾਇਆ।

# ਲਿਊਕੀਮੀਆਂ ਤੋਂ ਪੀੜਤ ਸੋਨੀਆ ਰਾਏ ਦੀ ਮਦਦ ਦੀ ਅਪੀਲ

**ਬੇਕਰਜ਼ਫੀਲਡ (ਮਾਨ ਮਨਦੀਪ):** ਲਿਊਕੀਮੀਆ ਜਿਹੀ ਨਾਮੁਰਾਦ ਬੀਮਾਰੀ ਤੋਂ ਪੀੜਤ 24 ਸਾਲਾ ਸੋਨੀਆ ਰਾਏ ਦੀ ਜਾਨ ਬਚਾਉਣ ਲਈ ਇਥੇ ਗੁਰਦੁਆਰਾ ਵਿਲਸਨ ਰੋਡ ਵਿਖੇ ਇਕ ਵਿਸ਼ੇਸ਼ ਕੈਂਪ ਲਾਇਆ ਗਿਆ, ਜਿਸ ਵਿਚ ਸੈਂਕੜੇ ਪੰਜਾਬੀਆਂ ਨੇ ਚੀਕ ਸਵੈਬਿੰਗ (ਥੁਕ ਦਾ ਨਮੂਨਾ) ਟੈਸਟ ਦਿਤਾ। ਇਨ੍ਹਾਂ ਨਮੂਨਿਆਂ ਦੇ ਆਧਾਰ ਉਤੇ ਪਤਾ ਲਾਇਆ ਜਾਏਗਾ ਕਿ ਕਿਸ ਸ਼ਖਸ ਦੇ ਸਟੈਮ ਸੈਲ ਸੋਨੀਆ ਨੂੰ ਦਿਤੇ ਜਾ ਸਕਦੇ ਹਨ ਪਰ ਇਹ ਸਟੈਮ ਸੈਲ ਦਸ ਲੱਖ ਲੋਕਾਂ ਵਿਚ ਕਿਸੇ ਇਕ-ਦੋ ਦੇ ਹੀ ਆਪਸ ਵਿਚ ਮਿਲਦੇ ਹਨ। ਵੈਸੇ ਆਪਣੇ ਭਾਈਚਾਰੇ ਵਿਚ ਇਨ੍ਹਾਂ ਦੇ ਮਿਲਣ ਦੀ ਸੰਭਾਵਨਾ ਵੱਧ ਰਹਿੰਦੀ ਹੈ।



ਸੋਨੀਆ ਰਾਏ

ਸੋਨੀਆ ਰਾਏ ਦੇ ਪਿਤਾ ਅਜੀਤ ਸਿੰਘ ਅਤੇ ਮਾਤਾ ਨੀਲੂ ਰਾਏ ਨੇ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਦੀ ਬੱਚੀ ਦੀ ਜਾਨ ਬਚਾਉਣ ਲਈ ਮਦਦ ਕੀਤੀ ਜਾਵੇ।

ਇਸ ਸਬੰਧੀ ਅਗਲਾ ਕੈਂਪ ਗੁਰਦੁਆਰਾ ਸਟਾਈਨ ਰੋਡ ਵਿਖੇ 30 ਜਨਵਰੀ ਐਤਵਾਰ ਨੂੰ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤਕ ਲਾਇਆ ਜਾ ਰਿਹਾ ਹੈ। ਇਹ ਟੈਸਟ ਸਿਰਫ 5 ਮਿੰਟ ਵਿਚ ਖੜੇ-ਖੜੋਤੇ ਹੀ ਹੋ ਜਾਂਦਾ ਹੈ। ਜਿਸ ਕਿਸੇ ਦਾਨੀ ਦਾ ਨਮੂਨਾ ਸੋਨੀਆ ਨਾਲ ਮੇਲ ਖਾ ਗਿਆ, ਉਸ ਦਾਨੀ ਦਾ ਬੋਨ ਮੈਰੋ ਲੈ ਕੇ ਸੋਨੀਆ ਦਾ ਬੋਨ ਮੈਰੋ ਟਰਾਂਸਪਲਾਂਟ ਕੀਤਾ ਜਾਏਗਾ। ਇਸ ਟੈਸਟ ਵਾਸਤੇ ਦਾਨੀ ਦੀ ਉਮਰ 17 ਤੋਂ 50 ਸਾਲ ਦੇ ਵਿਚਕਾਰ ਅਤੇ ਸਿਹਤ ਚੰਗੀ ਹੋਣੀ ਚਾਹੀਦੀ ਹੈ। ਇਸ ਸਬੰਧੀ ਹੋਰ ਜਾਣਕਾਰੀ ਪ੍ਰਦੀਪ ਖੁਲਰ ਨਾਲ ਫੋਨ 661-496-3939 'ਤੇ ਲਈ ਜਾ ਸਕਦੀ ਹੈ।













ਲੋਹੜੀ ਦੇ ਸਮਾਗਮ ਮੌਕੇ ਕੇਕ ਕੱਟਦੀਆਂ ਹੋਈਆਂ ਬੱਚੀਆਂ

# ਮਾਦਾ ਭਰੂਣ ਹੱਤਿਆ ਖਿਲਾਫ ਧੀਆਂ ਦੀ ਲੋਹੜੀ ਨੂੰ ਭਰਵਾਂ ਹੰਗਾਰਾ

**ਐਲ ਸਬਰਾਂਟੇ, ਕੈਲੀਫੋਰਨੀਆ:** ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਵੱਲੋਂ ਸਮਾਜਿਕ ਕੁਰੀਤੀਆਂ ਖਿਲਾਫ ਸ਼ੁਰੂ ਕੀਤੀ ਗਈ ਸਮਾਜ ਸੁਧਾਰ ਲਹਿਰ ਤਹਿਤ ਕਰਵਾਏ ਗਏ 'ਧੀਆਂ ਦੀ ਲੋਹੜੀ' ਪ੍ਰੋਗਰਾਮ ਨੂੰ ਦੂਸਰੇ ਸਾਲ ਵੀ ਭਰਵਾਂ ਹੁੰਗਾਰਾ ਮਿਲਿਆ। ਲੰਘੀ 23 ਜਨਵਰੀ ਨੂੰ ਫਲਮਿੰਗੋ ਬੈਂਕੁਇਟ ਹਾਲ, ਵਾਲੇਹੋ ਵਿਚ ਕਰਵਾਏ ਗਏ ਇਸ ਪ੍ਰੋਗਰਾਮ ਦੌਰਾਨ 16 ਬੱਚੀਆਂ ਦੀ ਲੋਹੜੀ ਮਨਾਈ ਗਈ।

ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਵੱਲੋਂ ਇਨ੍ਹਾਂ ਬੱਚੀਆਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਖਚਾਖਚ ਭਰੇ ਹਾਲ ਵਿਚ ਵੱਖ ਵੱਖ ਜਥੇਬੰਦੀਆਂ ਅਤੇ ਗੁਰੂ ਘਰਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਪਤਵੰਤੇ ਸੱਜਣ ਪਹੁੰਚੇ ਹੋਏ ਸਨ। ਇਸ ਮੌਕੇ ਬੁਲਾਰਿਆਂ ਨੇ ਮਾਦਾ ਭਰੂਣ ਹੱਤਿਆ ਦੀ ਬੁਰਾਈ ਵਿਰੁਧ ਆਵਾਜ਼ ਉਠਾਈ। ਕਵੀ ਜਨਾਂ ਨੇ ਕਵਿਤਾਵਾਂ ਰਾਹੀਂ ਅਤੇ ਨਾਭੇ ਵੀਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਰਾਹੀਂ ਸਿੱਖ ਸਭਿਆਚਾਰ ਦੀ ਰਾਖੀ ਲਈ ਆਪਣੇ ਵਿਚਾਰਾਂ ਦੀ ਸਾਂਝ ਪਾਈ। ਸੁਸਾਇਟੀ ਵੱਲੋਂ ਇਸ ਪ੍ਰੋਗਰਾਮ ਵਿਚ ਉਘਾ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਉਪਰੰਤ ਬੀਬੀਆਂ ਵੱਲੋਂ ਧੀਆਂ ਦੇ ਸਬੰਧ ਵਿਚ ਸ਼ਗਨਾਂ ਦੇ ਗੀਤ, ਬੋਲੀਆਂ, ਗਿਧੇ, ਭੰਗੜੇ ਰਾਹੀਂ ਪਰਿਵਾਰਕ ਰੰਗ ਬੰਨਿਆ ਗਿਆ।

ਆਏ ਮਹਿਮਾਨਾਂ ਨੂੰ ਕੇਕ, ਮੂੰਗਫਲੀ, ਰਿਊੜੀਆਂ ਵੰਡਣ ਦੇ ਨਾਲ ਨਾਲ ਲੋਹੜੀ ਦੀ ਅੱਗ ਬਾਲੀ ਗਈ। ਇਸ ਮੌਕੇ ਬੱਚਿਆਂ ਦੇ ਗੁੱਤ ਅਤੇ ਜੂੜਾ ਮੁਕਬਲੇ ਵੀ ਕਰਵਾਏ ਗਏ। ਇਸ ਪ੍ਰੋਗਰਾਮ ਬਾਰੇ ਵਿਸਤ੍ਰਿਤ ਰਿਪੋਰਟ ਅਗਲੇ ਹਫਤੇ ਪੜ੍ਹੋ।

## ਪਾਕਿਸਤਾਨ ਡਾ. ਮਨਮੋਹਨ ਸਿੰਘ ਦਾ ਘਰ: ਗਿਲਾਨੀ

**ਲਾਹੌਰ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਕਿਹਾ ਕਿ ਪਾਕਿਸਤਾਨ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਘਰ ਹੈ ਤੇ ਉਹ ਜਦੋਂ ਚਾਹੁਣ ਇੱਥੇ ਆ ਸਕਦੇ ਹਨ। ਉਨ੍ਹਾਂ ਦਾ ਇੱਥੇ ਨਿੱਘਾ ਸਵਾਗਤ ਕੀਤਾ ਜਾਵੇਗਾ। ਡਾ. ਮਨਮੋਹਨ ਸਿੰਘ ਦਾ ਜਨਮ ਪਾਕਿਸਤਾਨ 'ਚ ਹੋਇਆ ਹੈ ਤੇ ਇਹ ਉਨ੍ਹਾਂ ਦਾ ਘਰ ਹੈ।

ਜਨਾਬ ਗਿਲਾਨੀ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਮੁੰਬਈ ਹਮਲੇ ਤੋਂ ਬਾਅਦ ਪਾਕਿਸਤਾਨ ਨਾਲ ਗੱਲਬਾਤ ਮੁੜ ਸ਼ੁਰੂ ਨਾ ਕਰਨ ਲਈ ਦਬਾਅ ਹੇਠ ਹਨ ਪਰ ਇਸ ਹਾਦਸੇ ਤੋਂ ਬਾਅਦ ਦੋਨਾਂ ਮੁਲਕਾਂ ਨੂੰ ਬੰਦੀ ਨਹੀਂ ਬਣਾਇਆ ਜਾ ਸਕਦਾ।



ਸ੍ਰੀ ਜਤਿੰਦਰ ਸ਼ਰਮਾ, ਜਿਨ੍ਹਾਂ ਨੂੰ ਨੇਵਾਡਾ ਸਟੇਟ ਲਈ ਪੰਜਾਬ ਟਾਈਮਜ਼ ਦਾ ਖਬਰਾਂ ਅਤੇ ਇਸ਼ਤਿਹਾਰਾਂ ਵਾਸਤੇ ਪ੍ਰਤੀਨਿਧ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨਾਲ ਸੰਪਰਕ ਫੋਨ 702-610-2189 'ਤੇ ਕੀਤਾ ਜਾ ਸਕਦਾ ਹੈ।

Dhillon Truck Stop / Dhillon Road Service
ਪੰਜਾਬੀ ਢਾਬਾ
Gill Manj Gurdaspur Wale
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Interstate 40, exit 356, San Jon, NM
Ph : 575-576-4111, 317-918-6776



All Star Auto Care
Grand Opening
27165 Mission Blvd, HAYWARD CA 94544 (Next to Tandoor Restaurant)
Guljender Dhami
Master Technician
ASE CERTIFIED
MASTER AUTO TECHNICIAN
Oil Change
Special Look
Up to 5Qts
10-30 or 10-40 Oil
$19.95
Plus disposal fee.
Free Safety Check.
Cash Only
With this coupon only most Cars.
Light Trucks & Vans Extra.
Tune-up Package
Starting at $89 Reg. $145
Spark Plugs, Cap & Rotor, Most Cars,
Light Trucks & Vans extra.
Brake Special
Front or Rear
Starting at $89.99 Reg. $130
Free Tire Rotation
Turn Rotors or Brakes Extra.
With this coupon.
Phone:510-885-0666

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000 MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013



M.K. Nijjar DDS
Ruchi Nijjar DDS
Laser Dentistry
No shots, No Drill,
No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

### ਕਿਊਬੈੱਕ ਕੌਮੀ ਅਸੈਂਬਲੀ ’ਚ ਕਿਰਪਾਨ ਲਿਜਾਣ ਤੋਂ ਰੋਕਿਆ

# ਕਿਰਪਾਨ ’ਤੇ ਫਿਰ ਛਿੜਿਆ ਵਿਵਾਦ

**ਕਿਊਬੈੱਕ ਸਿਟੀ:** ਸੰਸਾਰ ਸਿੱਖ ਸੰਸਥਾ (ਵਰਲਡ ਸਿੱਖ ਆਰਗੇਨਾਈਜੇਸ਼ਨ ), ਕੈਨੇਡਾ ਦੇ ਨੁਮਾਇੰਦਿਆਂ ਨੂੰ ਕਿਊਬੈੱਕ ਕੌਮੀ ਅਸੈਂਬਲੀ ਅੰਦਰ ਆਪਣਾ ਪੱਖ ਪੇਸ਼ ਕਰਨ ਤੋਂ ਰੋਕ ਦਿੱਤਾ ਗਿਆ। ਸੰਸਥਾ ਦੇ ਨੁਮਾਇੰਦਿਆਂ ਨੇ ਮੁਸਲਮਾਨ ਔਰਤਾਂ ਵੱਲੋਂ ਬੁਰਕਾ ਪਾਉਣ ਦੇ ਮਾਮਲੇ ਬਾਰੇ ਬਿੱਲ-94 ਦੇ ਹਵਾਲੇ ਨਾਲ ਅਸੈਂਬਲੀ ਵਿਚ ਤੱਥ ਪੇਸ਼ ਕਰਨੇ ਸਨ।

ਨੁਮਾਇੰਦਿਆਂ ਨੂੰ ਇਸ ਕਰਕੇ ਰੋਕ ਦਿੱਤਾ ਗਿਆ ਕਿ ਉਨ੍ਹਾਂ ਨੇ ਕਿਰਪਾਨਾਂ ਪਾਈਆਂ ਹੋਈਆਂ ਹਨ। ਬਿੱਲ-94 ਵਿਚ ਪ੍ਰਬੰਧ ਰੱਖਿਆ ਗਿਆ ਹੈ ਕਿ ਬੁਰਕਾ ਪਾਉਣ ਵਾਲਿਆਂ ਨੂੰ ਜ਼ਰੂਰੀ ਸਰਕਾਰੀ ਸੇਵਾਵਾਂ, ਪਬਲਿਕ ਇੰਪਲਾਇਮੈਂਟ, ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਮਹਿਰੂਮ ਕਰ ਦਿੱਤਾ ਜਾਵੇਗਾ। ਯਾਦ ਰਹੇ ਕਿ ਕੈਨੇਡਾ ਦੀ ਸੰਸਦ ਤੇ ਸੁਪਰੀਮ ਕੋਰਟ ਵਿਚ ਕਿਰਪਾਨ ਲਿਜਾਣ ’ਤੇ ਕੋਈ ਰੋਕ ਨਹੀਂ ਹੈ। ਇੱਥੋਂ ਤੱਕ ਕਿ ਵੈਨਕੂਵਰ ਓਲੰਪਿਕਸ-2010 ਦੌਰਾਨ ਵੀ ਕਿਰਪਾਨ ’ਤੇ ਰੋਕ ਨਹੀਂ ਸੀ ਲਾਈ ਗਈ।

ਸੰਸਾਰ ਸਿੱਖ ਸੰਸਥਾ ਦੇ ਕਾਨੂੰਨੀ ਸਲਾਹਕਾਰ ਬਲਪ੍ਰੀਤ ਸਿੰਘ ਨੇ ਦੱਸਿਆ ਕਿ ਕਿਰਪਾਨ ਬਾਰੇ ਕੌਮੀ ਅਸੈਂਬਲੀ ਦੇ ਕੋਈ ਲਿਖਤੀ ਨਿਯਮ ਜਾਂ ਨੀਤੀ ਨਹੀਂ ਹੈ। ਉਨ੍ਹਾਂ ਹੈਰਾਨੀ ਜ਼ਾਹਿਰ ਕੀਤੀ ਕਿ ਹੁਣ ਇਸ ਤਰ੍ਹਾਂ ਦੇ ਆਪਹੁਦਰੇ ਫ਼ੈਸਲੇ ਕੌਣ ਕਰ ਰਿਹਾ ਹੈ। ਉਨ੍ਹਾਂ ਕਿਹਾ, "ਜੇ ਸੰਸਥਾ ਦੇ ਮੈਂਬਰ ਹੀ ਕਿਰਪਾਨ ਨਹੀਂ ਪਾਉਣਗੇ ਤਾਂ ਪ੍ਰਚਾਰ ਕਿਸ ਤਰ੍ਹਾਂ ਹੋ ਸਕਦਾ ਹੈ। ਇਸ ਸੂਰਤ ਵਿਚ ਨੁਮਾਇੰਦਿਆਂ ਨੂੰ ਪੱਖ ਪੇਸ਼ ਕਰਨ ਤੋਂ ਵੀ ਡੱਕਣਾ ਗ਼ਲਤ ਹੈ।"

ਸੰਸਾਰ ਸਿੱਖ ਸੰਸਥਾ ਨੇ ‘ਕਮੇਟੀ ਔਨ ਇੰਸਟੀਚਿਊਸ਼ਨਜ਼’ ਅੱਗੇ ਪੱਖ ਪੇਸ਼ ਕਰਨਾ ਸੀ। ਇਸ ਦੌਰਾਨ ਕਿਰਪਾਨ ਬਾਰੇ ਵੀ ਪੱਖ ਪੇਸ਼ ਕੀਤਾ ਜਾਣਾ ਸੀ ਕਿ ਕਿਰਪਾਨ ਸਿੱਖਾਂ ਦਾ ਮਹਿਜ਼ ਧਾਰਮਿਕ ਚਿੰਨ੍ਹ ਨਹੀਂ ਬਲਕਿ ਵਿਸ਼ਵਾਸ ਹੈ। ਸਿੱਖ ਸ਼ਰਧਾਲੂਆਂ ਲਈ ਇਹ ਅੰਗ ਦੇ ਸਮਾਨ ਹੈ ਅਤੇ ਹਰ ਵਕਤ ਇਸ ਨੂੰ ਨਾਲ ਰੱਖਣਾ ਹੁੰਦਾ ਹੈ। ਸ. ਬਲਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਧਰਮ ਸਾਨੂੰ ਬਰਾਬਰੀ ਸਿਖਾਉਂਦਾ ਹੈ ਅਤੇ ਇਸ ਵਿਚ ਔਰਤਾਂ ਨੂੰ ਵੀ ਬਰਾਬਰ ਦਾ ਦਰਜਾ ਦਿੱਤਾ ਜਾਂਦਾ ਹੈ। ਬਿੱਲ-94 ਰਾਹੀਂ ਜੋ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ, ਉਹ ਸਰਾਸਰ ਵਿਤਕਰਾ ਹੈ। ਇਸੇ ਆਧਾਰ ’ਤੇ ਕੇਸ ਦੀ ਪੈਰਵੀ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਸੁਰੱਖਿਆ ਦੇ ਮੱਦੇਨਜ਼ਰ ਹਵਾਈ ਅੱਡਿਆਂ ਅਤੇ ਵੋਟ ਬੂਥ ਉਤੇ ਅਣਕੱਜੇ ਚਿਹਰੇ ਦੀ ਗੱਲ ਤਾਂ ਸਮਝ ਆਉਂਦੀ ਹੈ ਪਰ ਹੋਰ ਥਾਈਂ ਅਜਿਹੀ ਸਖ਼ਤੀ ਕਰਨ ਦੀ ਕੀ ਤੁਕ ਹੈ।

ਚੇਤੇ ਰਹੇ ਕਿ ਸੰਸਾਰ ਸਿੱਖ ਸੰਸਥਾ ਸਿੱਖਾਂ ਦੀਆਂ ਮੰਗਾਂ/ ਮਸਲਿਆਂ ਬਾਰੇ ਡਟ ਕੇ ਪੈਰਵੀ ਕਰਦੀ ਆਈ ਹੈ। ਇਸ ਦੇ ਨਾਲ ਹੀ ਇਹ ਵੱਖ ਵੱਖ ਧਰਮਾਂ, ਨਸਲਾਂ, ਲਿੰਗ, ਸਮਾਜਕ ਤੇ ਆਰਥਿਕ ਮਸਲਿਆਂ ਨਾਲ ਜੁੜੇ ਸ਼ਖ਼ਸਾਂ ਦੇ ਮਨੁੱਖੀ ਹੱਕੂਕ ਲਈ ਸੰਘਰਸ਼ ਕਰਦੀ ਹੈ।



ਕਿਊਬੈੱਕ ਵਿਚ ਪਿਛਲੇ ਸਾਲ ਸਜਾਏ ਨਗਰ ਕੀਰਤਨ ਦੀ ਅਗਵਾਈ ਕਰ ਰਹੇ ਪੰਜ ਪਿਆਰੇ



ਮਾਂਟ੍ਰੀਅਲ (ਕਿਊਬੈਕ) ਦੇ ਸਿੱਖਾਂ ਵੱਲੋਂ ਲਾ ਸਾਲ ਵਿਖੇ ਬਣਾਏ ਗਏ ਗੁਰਦੁਆਰੇ ਦੀ ਤਸਵੀਰ

## ਵਿਸ਼ਵ ਸਿੱਖ ਕੌਂਸਲ ਵੱਲੋਂ ਵਿਸ਼ਵ ਸਿੱਖ ਸੰਸਥਾ ਦੀ ਪ੍ਰਸ਼ੰਸਾ

**ਕੋਲੰਬਸ (ਓਹਾਇਓ):** ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਨੇ ਕੈਨੇਡਾ ਵਿਚ ਕਿਰਪਾਨ ਦੇ ਮੁੱਦੇ ਉਤੇ ਵਿਸ਼ਵ ਸਿੱਖ ਸੰਸਥਾ, ਕੈਨੇਡਾ ਵੱਲੋਂ ਚਲਾਈ ਮੁਹਿੰਮ ਦੀ ਸ਼ਲਾਘਾ ਕੀਤੀ ਹੈ ਅਤੇ ਨਾਲ ਹੀ ਕਿਹਾ ਹੈ ਕਿਰਪਾਨ ਦੇ ਮਾਮਲੇ ’ਤੇ ਸਿੱਖ ਕੋਈ ਵੀ ਸਮਝੌਤਾ ਨਹੀਂ ਕਰਨਗੇ।

ਵਿਸ਼ਵ ਸਿੱਖ ਕੌਂਸਲ ਨੇ ਫ਼ਿਕਰ ਜ਼ਾਹਿਰ ਕੀਤਾ ਹੈ ਕਿ ਸਿੱਖਾਂ ਦਾ ਧਾਰਮਿਕ ਮਸਲਾ ਹੋਣ ਕਾਰਨ ਕਿਰਪਾਨ ਦਾ ਮਾਮਲਾ ਪਹਿਲਾਂ ਵੀ ਕਈ ਵਾਰ ਨਜਿੱਠਿਆ ਜਾ ਚੁੱਕਾ ਹੈ, ਪਰ ਹਰ ਵਾਰ ਇਸ ਮਸਲੇ ਨੂੰ ਦੁਬਾਰਾ ਸਾਹਮਣੇ ਲੈ ਆਂਦਾ ਗਿਆ। ਅਮਰੀਕਾ ਵਿਚ ਵੀ ਅਜਿਹੀਆਂ ਘਟਨਾਵਾਂ ਹੋਈਆਂ ਹਨ ਜਦੋਂ ਸਿੱਖ ਨੁਮਾਇੰਦਿਆਂ ਨੂੰ ਕਿਰਪਾਨ ਲੈ ਕੇ ਜਾਣ ਤੋਂ ਰੋਕਿਆ ਗਿਆ। ਇਹ ਜਮਹੂਰੀਅਤ ਦੇ ਯੁੱਗ ਵਿਚ ਸਿੱਖਾਂ ਨਾਲ ਸਰਾਸਰ ਜ਼ਿਆਦਤੀ ਹੈ।

ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਦੇ ਚੇਅਰਮੈਨ ਡਾ. ਸਤਪਾਲ ਸਿੰਘ ਨੇ ਕਿਹਾ, "ਸਾਨੂੰ ਕਿਰਪਾਨ ਦੀ ਪਵਿੱਤਰਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸੁਰੱਖਿਆ ਦੀ ਲੋੜ ਦੇ ਨਾਲ ਧਰਮ ਦੀ ਆਜ਼ਾਦੀ ਦਾ ਸੰਤੁਲਨ ਵੀ ਬਣਿਆ ਰਹਿਣਾ ਚਾਹੀਦਾ ਹੈ।" ਉਨ੍ਹਾਂ ਸਿੱਖ ਸੰਸਥਾਵਾਂ ਅਤੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਜਦੋਂ ਵੀ ਕਿਸੇ ਮੀਟਿੰਗ ਵਿਚ ਸਿੱਖਾਂ ਦੇ ਨੁਮਾਇੰਦੇ ਬਣ ਕੇ ਜਾਣ, ਤਾਂ ਧਾਰਮਿਕ ਰਹੁ-ਰੀਤ ਮੁਤਾਬਕ ਕਿਰਪਾਨ ਪਹਿਨ ਕੇ ਜਾਣ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਅਜਿਹੀਆਂ ਮੀਟਿੰਗਾਂ ਵਿਚ ਸਿਰਫ਼ ਅੰਮ੍ਰਿਤਧਾਰੀ ਸਿੱਖਾਂ ਨੂੰ ਹੀ ਭੇਜਿਆ ਜਾਵੇ।

ਕੌਂਸਲ ਦੀ ਵਾਈਸ ਚੇਅਰਪਰਸਨ ਅਮਰਜੀਤ ਕੌਰ ਨੇ ਕਿਹਾ ਕਿ ਕਿਰਪਾਨ ਦੇ ਮੁੱਦੇ ਉਤੇ ਸੰਸਾਰ ਸਿੱਖ ਸੰਸਥਾ, ਕੈਨੇਡਾ ਨੇ ਜੋ ਸਟੈਂਡ ਲਿਆ ਹੈ, ਉਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਘੱਟ ਹੈ।

ਉਨ੍ਹਾਂ ਕਿਹਾ ਕਿ ਪੰਜਾਂ ਕਕਾਰਾਂ ਵਿਚੋਂ ਇਕ, ਕਿਰਪਾਨ ਦਾ ਸਿੱਖ ਧਰਮ ਵਿਚ ਅਹਿਮ ਸਥਾਨ ਹੈ। ਇਸ ਦਾ ਅਰਥ ‘ਕ੍ਰਿਪਾ ਕਰਨ ਵਾਲੀ’ ਹੁੰਦਾ ਹੈ ਅਤੇ ਇਹ ਸਿੱਖੀ ਵਿਚ ਨਿਆਂ ਨਾਲ ਜੁੜੀ ਹੋਈ ਹੈ। ਇਸ ਕਿਰਪਾਨ ਰਾਹੀਂ ਹੀ ਸਿੱਖ ਅਨਿਆਂ ਤੇ ਦਾਬੇ ਖ਼ਿਲਾਫ਼ ਆਵਾਜ਼ ਬੁਲੰਦ ਕਰਦਾ ਹੈ। ਚੇਤੇ ਰਹੇ ਕਿ 2004 ਵਿਚ ਸੰਸਾਰ ਸਿੱਖ ਕੌਂਸਲ ਦੇ ਚੇਅਰਮੈਨ ਨੂੰ ਵ੍ਹਾਈਟ ਹਾਊਸ ਵਿਚ ਕਿਰਪਾਨ ਲੈ ਕੇ ਅੰਦਰ ਨਹੀਂ ਸੀ ਜਾਣ ਦਿੱਤਾ ਗਿਆ। ਉਸ ਵੇਲੇ ਨੈਸ਼ਨਲ ਕੌਂਸਲ ਆਫ਼ ਚਰਚਿਜ਼ (ਅਮਰੀਕਾ) ਨੇ ਸੰਸਾਰ ਸਿੱਖ ਕੌਂਸਲ ਵੱਲੋਂ ਲਏ ਸਟੈਂਡ ਦੀ ਹਮਾਇਤ ਕੀਤੀ ਸੀ। 2006 ਵਿਚ ਵਿਸ਼ਵ ਸਿੱਖ ਕੌਂਸਲ ਨੇ ਸਿੱਖ ਫ਼ੈਡਰੇਸ਼ਨ (ਇੰਗਲੈਂਡ) ਨਾਲ ਇਕਜੁੱਟਤਾ ਜ਼ਾਹਿਰ ਕੀਤੀ ਸੀ, ਜਦੋਂ ਸਿੱਖ ਨੁਮਾਇੰਦਿਆਂ ਨੂੰ ਯੂਰਪੀ ਯੂਨੀਅਨ ਦੀ ਸੰਸਦ, ਜੋ ਬ੍ਰਸਲਜ਼ (ਬੈਲਜੀਅਮ) ਵਿਖੇ ਚੱਲ ਰਹੀ ਸੀ, ਵਿਚ ਦਾਖ਼ਲ ਨਹੀਂ ਸੀ ਹੋਣ ਦਿੱਤਾ ਗਿਆ। 2008 ਵਿਚ ਵਿਸ਼ਵ ਸਿੱਖ ਕੌਂਸਲ ਦੇ ਨੁਮਾਇੰਦੇ ਪੋਪ ਬੈਨੇਡਿਕਟ ਨੂੰ ਨਹੀਂ ਸਨ ਮਿਲ ਸਕੇ ਜਦੋਂ ਅਮਰੀਕੀ ਨੁਮਾਇੰਦਿਆਂ ਨੇ ਕਿਰਪਾਨ ਲਿਜਾਣ ’ਤੇ ਰੋਕ ਲਗਾ ਦਿੱਤੀ ਸੀ। ਇਸੇ ਤਰ੍ਹਾਂ ਅਕਤੂਬਰ 2010 ਵਿਚ ਜਦੋਂ ਸੰਸਾਰ ਸਿੱਖ ਕੌਂਸਲ ਦੇ ਨੁਮਾਇੰਦੇ ਵ੍ਹਾਈਟ ਹਾਊਸ ਵਿਚ ਅੰਤਰ-ਧਾਰਮਿਕ ਮੀਟਿੰਗ ਵਿਚ ਹਿੱਸਾ ਲੈਣ ਗਏ ਤਾਂ ਅਮਰੀਕੀ ਅਧਿਕਾਰੀਆਂ ਨੇ ਕਿਰਪਾਨ ਦਾ ਮਸਲਾ ਖੜ੍ਹਾ ਕਰ ਲਿਆ ਸੀ।

ਯਾਦ ਰਹੇ ਕਿ 38 ਗੁਰੂ ਘਰ ਵਿਸ਼ਵ ਸਿੱਖ ਕੌਂਸਲ (ਅਮਰੀਕਾ ਖੇਤਰ) ਦੇ ਮੈਂਬਰ ਹਨ। ਇਸ ਤੋਂ ਇਲਾਵਾ 7 ਸੰਸਥਾਵਾਂ ਵੀ ਇਸ ਦੀਆਂ ਮੈਂਬਰ ਹਨ। ਕੌਂਸਲ ਦੀ ਬਾਕਾਇਦਾ ਚੋਣ ਕੀਤੀ ਜਾਂਦੀ ਹੈ। ਸਿੱਖਾਂ ਨਾਲ ਸਬੰਧਤ ਮਸਲਿਆਂ ਦੇ ਨਾਲ ਨਾਲ ਇਹ ਸੰਸਥਾ ਸਿੱਖਿਆ ਅਤੇ ਮਨੁੱਖਤਾ ਦੀ ਭਲਾਈ ਲਈ ਲਗਾਤਾਰ ਕੰਮ ਕਰ ਰਹੀ ਹੈ।

## ਚਾਰ-ਚੁਫ਼ੇਰਿਓਂ ਕਿਰਪਾਨ ਦੇ ਹੱਕ ਵਿਚ ਆਵਾਜ਼ ਬੁਲੰਦ

**ਸਰੀ:** ਕਿਊਬੈੱਕ ਦੀ ਨੈਸ਼ਨਲ ਅਸੈਂਬਲੀ ਵਿਚ ਅੰਮ੍ਰਿਤਧਾਰੀ ਨੌਜਵਾਨਾਂ ਨੂੰ 'ਪਰਦੇ' ਸਬੰਧੀ ਬਿੱਲ 94 ’ਤੇ ਵਿਚਾਰ ਪੇਸ਼ ਕਰਨ ਲਈ ਸੱਦੇ ਦੇ ਬਾਵਜੂਦ, ਅੰਦਰ ਜਾਣ ਤੋਂ ਰੋਕਣ ਮਗਰੋਂ ਕਿਰਪਾਨ ਸਬੰਧੀ ਵਿਵਾਦ ਭਖ਼ ਗਿਆ ਹੈ। ਕਿਊਬੈੱਕ ਵਿਚ ਵੱਖਰੇ ਰਾਜ ਦੀ ਮੰਗ ਕਰਦੀ ਆ ਰਹੀ ਪਾਰਟੀ ਬਲਾਕ ਕਿਊਬੈੱਕ ਨੇ ਕੈਨੇਡਾ ਦੀ ਪਾਰਲੀਮੈਂਟ ਵਿਚ ਕਿਰਪਾਨ ’ਤੇ ਪਾਬੰਦੀ ਦੀ ਮੰਗ ਕਰ ਦਿੱਤੀ ਹੈ ਜਿਸ ਕਾਰਨ ਸਿੱਖਾਂ ਦੇ ਹਮਾਇਤੀ ਕੈਨੇਡੀਅਨ ਸਿਆਸਤਦਾਨਾਂ ਨੂੰ ਖੁੱਲ੍ਹ ਕੇ ਕਿਰਪਾਨ ਦੇ ਹੱਕ ਵਿਚ ਬੋਲਣਾ ਪਿਆ ਹੈ।

ਲਿਬਰਲ ਆਗੂ ਇਗਨੈਟੀਏਫ ਨੇ ਕਿਹਾ ਹੈ ਕਿ ਸੰਸਦ ਵਿਚ ਜੇਕਰ ਬਲਾਕ ਕਿਊਬੈੱਕ ਪਾਰਟੀ ਵਲੋਂ ਅਜਿਹਾ ਮਤਾ ਲਿਆਂਦਾ ਜਾਂਦਾ ਹੈ ਤਾਂ ਉਸ ਦਾ ਲਿਬਰਲ ਪਾਰਟੀ ਵਲੋਂ ਡਟ ਕੇ ਵਿਰੋਧ ਕੀਤਾ ਜਾਵੇਗਾ। ਨਿਊ ਡੈਮੋਕ੍ਰੈਟਿਕ ਪਾਰਟੀ (ਐਨ. ਡੀ. ਪੀ.) ਆਗੂ ਜੈਕ ਲੇਟਨ ਨੇ ਇਸ ਮਸਲੇ ’ਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਕੈਨੇਡੀਅਨ ਲੋਕਾਂ ਦੇ ਧਾਰਮਿਕ ਅਕੀਦਿਆਂ ਨਾਲ ਸਿਆਸੀ ਖੇਡਾਂ ਖੇਡਣੀਆਂ ਬੰਦ ਕਰ ਦਿੱਤੀਆਂ ਜਾਣ।


ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਐਨ. ਡੀ. ਪੀ. ਵਲੋਂ ਸੰਸਦ ਵਿਚ ਪੇਸ਼ ਕੀਤੇ ਗਏ ਪੰਜ ਕਕਾਰਾਂ ਸਬੰਧੀ ਮਤੇ ’ਤੇ ਬਲਾਕ ਕਿਊਬੈੱਕ ਪਾਰਟੀ ਨੇ ਸਮਰਥਨ ਦਿੱਤਾ ਸੀ ਜਿਸ ਵਿਚ ਕਿਰਪਾਨ ਵੀ ਸ਼ਾਮਿਲ ਸੀ। ਹੁਣ ਅਚਾਨਕ ਬਲਾਕ ਕਿਊਬੈੱਕ ਦੇ ਸਟੈਂਡ ਵਿਚ ਆਈ ਤਬਦੀਲੀ ਹੈਰਾਨੀਜਨਕ ਹੈ। ਸਭ ਨੂੰ ਪਤਾ ਹੈ ਕਿ ਕਿਰਪਾਨ ਸਿੱਖਾਂ ਦਾ ਧਾਰਮਿਕ ਚਿੰਨ੍ਹ ਹੈ, ਹਥਿਆਰ ਨਹੀਂ।



ਉੱਜਲ ਦੁਸਾਂਝ



ਗੁਰਮੰਤ ਗਰੇਵਾਲ



ਜਗਰੂਪ ਬਰਾੜ

ਬ੍ਰਿਟਿਸ਼ ਕੋਲੰਬੀਆ ਦੇ ਅਟਾਰਨੀ ਜਨਰਲ ਅਤੇ ਬੀ. ਸੀ. ਵਿਧਾਨ ਸਭਾ ਵਿਚ ਲਿਬਰਲ ਪਾਰਟੀ ਦੇ ਹਾਊਸ ਲੀਡਰ ਰਹਿ ਚੁੱਕੇ ਮਾਈਕ ਡੀਜੌਂਗ ਨੇ ਕੈਨੇਡਾ ਦੀ ਸੰਸਦ ਵਿਚ ਕਿਰਪਾਨ ’ਤੇ ਪਾਬੰਦੀ ਦੀ ਮੰਗ ਨੂੰ ਬੇਲੋੜੀ ਬਹਿਸ ਅਤੇ ਸ਼ਰਾਰਤਪੂਰਨ ਕਾਰਵਾਈ ਦੱਸਿਆ ਹੈ। ਬੀ. ਸੀ. ਦੇ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਮਾਈਕ ਡੀਜੌਂਗ ਨੇ ਕਿਹਾ ਕਿ ਜਦੋਂ ਵਿਕਟੋਰੀਆ ਅਸੈਂਬਲੀ ਵਿਚ ਕਿਰਪਾਨ ਸਣੇ ਪੰਜ ਕਕਾਰਾਂ ਨੂੰ ਮਾਨਤਾ ਦਿੱਤੀ ਜਾ ਚੁੱਕੀ ਹੈ ਤਾਂ ਕੈਨੇਡਾ ਵਰਗੇ ਅਗਾਂਹਵਧੂ ਦੇਸ਼ ਵਿਚ ਅਜਿਹੀ ਪਾਬੰਦੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਬੀ. ਸੀ. ਦੀ ਲਿਬਰਲ ਪਾਰਟੀ ਦੇ ਆਗੂ ਦੀ ਹੋਣ ਜਾ ਰਹੀ ਚੋਣ ਲਈ ਪ੍ਰਮੁੱਖ ਉਮੀਦਵਾਰ ਕ੍ਰਿਸਟੀ ਕਲਾਰਕ ਨੇ ਵੀ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਕੇ ਕਿਊਬੈੱਕ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਹੈ।

ਪਹਿਲੇ ਪੰਜਾਬੀ ਕੇਂਦਰੀ ਮੰਤਰੀ ਰਹੇ ਹਰਬ ਧਾਲੀਵਾਲ ਨੇ ਕਿਹਾ ਹੈ ਕਿ ਕਿਰਪਾਨ ਸਿੱਖਾਂ ਲਈ 'ਆਰਟੀਕਲ ਆਫ ਫੇਥ' ਹੈ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਕੈਨੇਡਾ ਦੀ ਸੰਸਦ ਵਿਚ ਇਸ ’ਤੇ ਪਾਬੰਦੀ ਦੀ ਗੱਲ ਸੋਚੀ ਵੀ ਨਹੀਂ ਜਾ ਸਕਦੀ ਜਦੋਂਕਿ ਪਾਰਲੀਮੈਂਟ ਵਿਚ ਇਸ ਵੇਲੇ ਚੁਣੇ ਗਏ ਲਿਬਰਲ ਐਮ. ਪੀ. ਨਵਦੀਪ ਸਿੰਘ ਬੈਂਸ ਖੁਦ ਕਿਰਪਾਨ ਪਹਿਨਦੇ ਹਨ। ਵੈਨਕੂਵਰ ਤੋਂ ਮੈਂਬਰ ਪਾਰਲੀਮੈਂਟ ਉੱਜਲ ਦੁਸਾਂਝ ਨੇ ਵੀ ਇਸ ਮਸਲੇ ’ਤੇ ਕਿਰਪਾਨ ਦੇ ਹੱਕ ਵਿਚ ਸਟੈਂਡ ਲਿਆ ਹੈ।

ਕੈਨੇਡਾ ਦੀ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦੀ ਫਲੀਟਵੁੱਡ-ਪੋਰਟ ਕੈਲਜ਼ ਹਲਕੇ ਤੋਂ ਐਮ. ਪੀ. ਨੀਨਾ ਗਰੇਵਾਲ ਨੇ ਕਿਹਾ ਹੈ ਕਿ 2006 ਵਿਚ ਪਾਰਲੀਮੈਂਟ ਨੇ ਸਰਬਸੰਮਤੀ ਨਾਲ ਕਿਰਪਾਨ ਦੀ ਮਨਜ਼ੂਰੀ ਲਈ ਮਤਾ ਪਾਸ ਕੀਤਾ ਸੀ ਤੇ ਉਸ ਵਿਚ 'ਹਾਂ-ਪੱਖੀ' ਵੋਟ ਪਾਉਣ ਵਾਲਿਆਂ ਵਿਚ ਕਿਊਬੈੱਕ ਦੇ ਐਮ. ਪੀ. ਵੀ ਸ਼ਾਮਿਲ ਸਨ, ਪਰ ਹੁਣ ਉਨ੍ਹਾਂ ਵੱਲੋਂ ਪਾਸ ਕੀਤਾ ਜਾ ਰਿਹਾ ਇਤਰਾਜ਼ ਦੋਗਲੀ ਨੀਤੀ ਦਾ ਨਮੂਨਾ ਹੈ।

ਸਾਬਕਾ ਐਮ. ਪੀ. ਗੁਰਮੰਤ ਗਰੇਵਾਲ ਨੇ ਮੰਗ ਕੀਤੀ ਕਿ ਸਾਰੇ ਕੈਨੇਡਾ ਵਿਚ ਇਕੋ ਸਮੇਂ ਕਿਰਪਾਨ ਸਣੇ 'ਪੰਜ ਕਕਾਰਾਂ' ਦੀ ਮਾਨਤਾ ਲਈ ਜੇਕਰ ਸੁਪਰੀਮ ਕੋਰਟ ਫੈਸਲਾ ਦੇ ਦੇਵੇ ਤਾਂ ਸਾਰੇ ਵਿਵਾਦ ਹੀ ਖਤਮ ਹੋ ਸਕਦੇ ਹਨ। ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਿਚ ਪੰਜ ਕਕਾਰਾਂ ਦਾ ਮਤਾ ਪੇਸ਼ ਕਰਨ ਵਾਲੇ ਵਿਧਾਇਕ ਜਗਰੂਪ ਸਿੰਘ ਬਰਾੜ ਨੇ ਕਿਹਾ ਹੈ ਕਿ ਕੈਨੇਡਾ ਦੀ ਸੰਸਦ ਵਿਚ ਪੰਜ ਕਕਾਰ ਖਾਸਕਰ ਕਿਰਪਾਨ ਪਹਿਨਣ ਦੀ ਇਜਾਜ਼ਤ ਸਿੱਖਾਂ ਦਾ ਧਾਰਮਿਕ ਹੱਕ ਹੈ ਅਤੇ ਬਲਾਕ ਕਿਊਬੈੱਕ ਵਲੋਂ ਇਸ ਬਾਰੇ ਪਾਬੰਦੀ ਦੀ ਮੰਗ ਬੇਤੁਕੀ ਹੈ।

ਨਿਊ ਡੈਮੋਕ੍ਰੈਟਿਕ ਪਾਰਟੀ (ਐਨ. ਡੀ. ਪੀ.) ਦੇ ਵਿਧਾਇਕ ਰਾਜ ਚੌਹਾਨ ਨੇ ਕਿਹਾ ਹੈ ਕਿ ਹੁਣ ਦੇ ਅਗਾਂਹਵਧੂ ਯੁੱਗ ਵਿਚ ਅਜਿਹੀ ਮੰਗ ਕਰਕੇ ਕੈਨੇਡਾ ਦੀ ਪਾਰਟੀ ਬਲਾਕ ਕਿਊਬੈੱਕ ਨੇ ਮੰਦਭਾਗੀ ਬਹਿਸ ਛੇੜੀ ਹੈ।

ਸਰੀ, ਵੈਨਕੂਵਰ, ਐਬਟਸਫੋਰਡ ਤੇ ਨਿਊ ਵੈਸਟਮਿਨਸਟਰ ਸਮੇਤ ਲੋਅਰ ਮੇਨਲੈਂਡ ਦੀਆਂ ਸਿੱਖ ਜਥੇਬੰਦੀਆਂ ਨੇ ਕੈਨੇਡਾ ਦੀਆਂ ਕੌਮੀ ਪਾਰਟੀਆਂ ਨੂੰ ਪੰਜ ਕਕਾਰਾਂ ਦੀ ਮਾਨਤਾ ਸਬੰਧੀ ਸਾਰੇ ਵਿਵਾਦ ਖ਼ਤਮ ਕਰਨ ਦੀ ਅਪੀਲ ਕੀਤੀ ਹਨ। ਉਨ੍ਹਾਂ ਕਿਹਾ ਕਿ ਇਸ ਮਸਲੇ ਨੂੰ ਬੇਵਜ੍ਹਾ ਵਧਾਇਆ ਜਾ ਰਿਹਾ ਹੈ।

# ਪੰਜਾਬ ਦੇ ਸਿਆਸੀ ਆਗੂਆਂ ਨੂੰ ਅਦਾਲਤੀ ਝਟਕਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਾਜਧਾਨੀ ਨੇੜੇ ਸ਼ਿਵਾਲਕ ਪਹਾੜੀਆਂ ਦੀ ਗੋਦ ਵਿਚ ਪ੍ਰਸਿੱਧ ਕੰਪਨੀ ਟਾਟਾ ਵੱਲੋਂ ਉਸਾਰੇ

## ਹਾਈ ਕੋਰਟ ਵੱਲੋਂ ਟਾਟਾ ਕੈਮਲੌਟ ਪ੍ਰਾਜੈਕਟ 'ਤੇ ਰੋਕ

ਜਾਣ ਵਾਲੇ ਬਹੁ ਮੰਜ਼ਲੀ ਹਾਊਸਿੰਗ ਪ੍ਰਾਜੈਕਟ ਦੀ ਉਸਾਰੀ 'ਤੇ ਰੋਕ ਲਾ ਦਿੱਤੀ ਹੈ ਜਿਸ ਨਾਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਕਈ ਆਗੂਆਂ ਨੂੰ ਵੱਡਾ ਵਿੱਤੀ ਝਟਕਾ ਲੱਗਿਆ ਹੈ।

ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਰੰਜਨ ਗੋਗਈ ਤੇ ਜਸਟਿਸ ਏ.ਜੀ. ਮਸੀਹ 'ਤੇ ਅਧਾਰਿਤ ਬੈਂਚ ਨੇ ਜਨਹਿੱਤ ਪਟੀਸ਼ਨਾਂ ਦੀ ਸੁਣਵਾਈ ਦੌਰਾਨ ਸੁਣਾਏ ਫ਼ੈਸਲੇ ਵਿਚ ਕੰਪਨੀ ਵੱਲੋਂ ਮਕਾਨਾਂ/ਫਲੈਟਾਂ ਦੀ ਬੁਕਿੰਗ, ਵਿਕਰੀ ਤੇ ਉਸਾਰੀ 'ਤੇ ਰੋਕ ਲਗਾ ਦਿੱਤੀ ਹੈ। ਟਾਟਾ ਵੱਲੋਂ ਇਸ ਹਾਊਸਿੰਗ ਪ੍ਰਾਜੈਕਟ ਦੀ ਉਸਾਰੀ ਲਈ ਹੋਏ ਸਮਝੌਤੇ ਤਹਿਤ ਸਿਆਸੀ ਪਾਰਟੀਆਂ ਦੇ 102 ਆਗੂਆਂ ਨੂੰ 82.50 ਲੱਖ ਰੁਪਇਆ ਨਕਦ ਤੇ 1.80 ਕਰੋੜ ਰੁਪਏ ਦੀ ਕੀਮਤ ਦੇ ਫਲੈਟ ਉਸਾਰ ਕੇ ਦੇਣੇ ਸਨ। ਹਾਈ ਕੋਰਟ ਨੇ ਚੰਡੀਗੜ੍ਹ ਦਾ ਮੂੰਹ ਮੱਥਾ ਵਿਗਾੜਨ ਦੇ ਮੁੱਦੇ 'ਤੇ ਪੰਜਾਬ ਤੇ ਹਰਿਆਣਾ ਸਰਕਾਰਾਂ ਦੀ ਖਿਚਾਈ ਵੀ ਕੀਤੀ ਹੈ।

ਜ਼ਿਕਰਯੋਗ ਹੈ ਕਿ ਟਾਟਾ ਕੈਮਲੌਟ ਹਾਊਸਿੰਗ ਕਲੋਨੀ ਵਿਚ 12 ਤੋਂ 35 ਮੰਜ਼ਲਾ 19 ਟਾਵਰ ਉਸਾਰੇ ਜਾਣ ਦੀ ਤਜਵੀਜ਼ ਸੀ। ਇਸ ਕਲੋਨੀ ਵਿਚ 1734 ਫਲੈਟ ਬਣਨੇ ਸਨ। ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਵੱਲੋਂ ਪਿਛਲੀ ਅਕਾਲੀ-ਭਾਜਪਾ ਸਰਕਾਰ (1997-2002) ਦੇ ਕਾਰਜਕਾਲ ਦੌਰਾਨ ਵਿਧਾਇਕਾਂ ਦੀ ਸੁਸਾਇਟੀ ਬਣਾ ਕੇ ਮਕਾਨ ਜਾਂ ਫਲੈਟ ਉਸਾਰਨ ਦਾ ਬੀੜਾ ਚੁੱਕਿਆ ਸੀ। ਇਹ ਜ਼ਮੀਨ ਰਾਜਧਾਨੀ ਦੇ ਨਜ਼ਦੀਕ ਪੰਜਾਬ ਦੀ ਹੱਦ ਅੰਦਰਲੇ ਪਿੰਡ ਕਾਂਸਲ ਦੀ ਹੈ। ਜ਼ਮੀਨਾਂ ਦੇ ਭਾਅ ਇਕ ਦਮ ਹੀ ਵਧਣ ਕਾਰਨ ਇਸ ਜ਼ਮੀਨ ਦਾ ਭਾਅ ਵੀ ਆਸਮਾਨ ਨੂੰ ਜਾ ਚੜ੍ਹਿਆ। ਜ਼ਮੀਨਾਂ ਦੇ ਭਾਅ ਵਧਣ ਤੋਂ ਬਾਅਦ ਵਿਧਾਇਕਾਂ ਦੀ ਸੁਸਾਇਟੀ ਨੇ ਟਾਟਾ ਕੰਪਨੀ ਨਾਲ ਸਮਝੌਤਾ ਕੀਤਾ ਜਿਸ ਤਹਿਤ ਕੰਪਨੀ ਨੇ ਪ੍ਰਤੀ ਮੈਂਬਰ ਨੂੰ 82.50 ਲੱਖ ਦੇ ਕਰੀਬ ਨਕਦ ਰੁਪਈਆ ਤੇ ਇਕ ਫਲੈਟ ਦੇਣਾ ਸੀ। ਇਕ ਫਲੈਟ ਦੀ ਇਸ ਸਮੇਂ ਕੀਮਤ ਡੇਢ ਤੋਂ ਢਾਈ ਕਰੋੜ ਦੇ ਦਰਮਿਆਨ ਦੱਸੀ ਜਾ ਰਹੀ ਹੈ। ਇਸ ਸੁਸਾਇਟੀ ਦੇ ਨਾਲ ਹੀ ਡਿਫੈਂਸ ਸਰਵਿਸਿਜ਼ ਸੁਸਾਇਟੀ ਨੇ ਵੀ ਵਿਧਾਇਕਾਂ ਦੀ ਤਰਜ਼ 'ਤੇ ਹੀ ਟਾਟਾ ਕੰਪਨੀ ਨਾਲ ਸਮਝੌਤਾ ਕਰ ਲਿਆ ਸੀ। ਪੰਜਾਬ ਦੇ ਸਿਆਸਤਦਾਨਾਂ ਵਾਲੀ ਸੁਸਾਇਟੀ ਦੇ ਕੁੱਲ 102 ਮੈਂਬਰ ਹਨ ਜਦੋਂਕਿ ਡਿਫੈਂਸ ਸਰਵਿਸਿਜ਼ ਸੁਸਾਇਟੀ ਦੇ 34 ਮੈਂਬਰ ਹਨ। ਇਹ ਪ੍ਰਾਜੈਕਟ 53 ਏਕੜ ਵਿਚ ਉਸਾਰਿਆ ਜਾਣਾ ਹੈ।



ਕੈਮਲੌਟ ਪ੍ਰਾਜੈਕਟ ਤਹਿਤ ਬਣਨ ਵਾਲੀਆਂ ਇਮਾਰਤਾਂ ਦਾ ਇਕ ਚਿੱਤਰ

ਹਾਈ ਕੋਰਟ ਨੇ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਚੰਡੀਗੜ੍ਹ ਨੂੰ ਸਿਰਫ ਕੇਂਦਰ ਸ਼ਾਸਤ ਪ੍ਰਦੇਸ਼ ਹੀ ਨਾ ਸਮਝਿਆ ਜਾਵੇ। ਇਹ ਸ਼ਹਿਰ ਦੋਵਾਂ ਰਾਜਾਂ ਦੀ ਰਾਜਧਾਨੀ ਵੀ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਸ਼ਹਿਰ ਦੀ ਵਿਰਾਸਤ ਨੂੰ ਬਚਾਉਣ ਲਈ ਦੋਵੇਂ ਰਾਜ ਆਪਣੀ ਬਣਦੀ ਭੂਮਿਕਾ ਨਿਭਾਉਣ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਜੇ ਤਿਵਾੜੀ ਵੱਲੋਂ ਮੀਡੀਆ ਰਿਪੋਰਟਾਂ ਦੇ ਅਧਾਰ 'ਤੇ 'ਟਾਟਾ ਕੈਮਲੌਟ ਹਾਊਸਿੰਗ ਪ੍ਰਾਜੈਕਟ' ਬਾਰੇ ਯੂ.ਟੀ. ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕੀਤਾ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਬਹੁ ਮੰਜ਼ਲੇ ਇਮਾਰਤੀ ਪ੍ਰਾਜੈਕਟ ਸ਼ਹਿਰ ਦੀ ਵਿਰਾਸਤ ਲਈ ਹੀ ਖ਼ਤਰਾ ਨਹੀਂ ਬਲਕਿ ਸ਼ਿਵਾਲਕ ਦੀਆਂ ਪਹਾੜੀਆਂ ਦੀ ਹੋਂਦ ਲਈ ਵੀ ਖ਼ਤਰਾ ਬਣ ਸਕਦੇ ਹਨ। ਅਦਾਲਤ ਵਿਚ ਅਲੋਕ ਜੱਗਾ ਨਾਮੀ ਵਕੀਲ ਵੱਲੋਂ ਵੀ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ। ਅਦਾਲਤ ਨੇ ਇਨ੍ਹਾਂ ਪਟੀਸ਼ਨਾਂ ਦੇ ਅਧਾਰ 'ਤੇ ਪੰਜਾਬ ਸਰਕਾਰ, ਚੰਡੀਗੜ੍ਹ ਪ੍ਰਸ਼ਾਸਨ, ਕੇਂਦਰ ਸਰਕਾਰ, ਕੇਂਦਰ ਸਰਕਾਰ ਦੇ ਪੁਰਾਤਤਵ ਵਿਭਾਗ ਤੇ ਟਾਟਾ ਕੈਮਲੌਟ ਹਾਊਸਿੰਗ ਕਲੋਨੀ ਨੂੰ ਨੋਟਿਸ ਜਾਰੀ ਕੀਤਾ ਸੀ।

ਇਸ ਤਰ੍ਹਾਂ ਪਿੰਡ ਕਾਂਸਲ 'ਚ ਸਿਆਸਤਦਾਨਾਂ ਦੇ ਸੁਫ਼ਨਿਆਂ ਦੇ ਟਾਟਾ ਕੈਮਲੌਟ ਪ੍ਰਾਜੈਕਟ ਨੂੰ ਸੁਖਨਾ ਝੀਲ ਤੇ ਸ਼ਿਵਾਲਕ ਪਹਾੜੀਆਂ ਦੀ ਹਾਅ ਲੱਗ ਗਈ ਹੈ ਕਿਉਂਕਿ ਇਕ ਪਾਸੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ 'ਤੇ ਰੋਕ ਲਗਾ ਦਿੱਤੀ ਹੈ ਉੱਥੇ ਦੂਜੇ ਪਾਸੇ ਕੇਂਦਰੀ ਵਾਤਾਵਰਨ ਤੇ ਜੰਗਲਾਤ ਮੰਤਰਾਲੇ ਵੱਲੋਂ ਚੰਡੀਗੜ੍ਹ, ਪੰਜਾਬ ਤੇ ਹਰਿਆਣਾ 'ਤੇ ਜ਼ੋਰ ਪਾਇਆ ਜਾ ਰਿਹਾ ਹੈ ਕਿ ਉਹ ਸੁਖਨਾ ਜੰਗਲੀ ਜੀਵ ਰੱਖ ਨੂੰ ਵਾਤਾਵਰਨ ਸੰਵੇਦਨਸ਼ੀਲ ਜ਼ੋਨ ਕਰਾਰ ਦੇਣ। ਮੰਤਰਾਲੇ ਦੇ ਇਸ ਦਬਾਅ ਤੋਂ ਸਾਫ਼ ਹੈ ਕਿ ਪ੍ਰਾਜੈਕਟ ਨੂੰ ਵਾਤਾਵਰਨ ਮੰਤਰਾਲੇ ਤੋਂ ਹਰੀ ਝੰਡੀ ਦੀ ਆਸ ਬਿਲਕੁਲ ਨਹੀਂ ਰੱਖਣੀ ਚਾਹੀਦੀ। ਵਾਤਾਵਰਨ ਤੇ ਜੰਗਲਾਤ ਮੰਤਰਾਲੇ ਵੱਲੋਂ ਆਪਣੇ ਤਾਜ਼ਾ ਦਿਸ਼ਾ-ਨਿਰਦੇਸ਼ਾਂ ਵਿਚ ਸਾਫ਼ ਕਿਹਾ ਗਿਆ ਹੈ ਕਿ ਜਿਹੜੇ ਇਲਾਕੇ ਵਾਤਾਵਰਨ ਪੱਖੋਂ ਸੰਵੇਦਨਸ਼ੀਲ ਹਨ, ਉੱਥੇ ਉਸਾਰੀਆਂ ਨਹੀਂ ਕੀਤੀਆਂ ਜਾ ਸਕਦੀਆਂ। ਇਸ ਲਈ ਜੇਕਰ ਇਕ ਵਾਰ ਕਿਸੇ ਇਲਾਕੇ ਨੂੰ ਵਾਤਾਵਰਨ ਸੰਵੇਦਨਸ਼ੀਲ ਜ਼ੋਨ ਕਰਾਰ ਦੇ ਦਿੱਤਾ ਗਿਆ ਤਾਂ ਉੱਥੇ ਉਸਾਰੀ ਨਹੀਂ ਕੀਤੀ ਜਾ ਸਕੇਗੀ। ਕਾਂਸਲ ਪਿੰਡ ਵਿਚਲਾ 52 ਏਕੜ ਪ੍ਰਾਜੈਕਟ ਸੁਖਨਾ ਦੇ ਜਲ ਗ੍ਰਹਿਣ ਖੇਤਰ 'ਚ ਆਉਂਦਾ ਹੈ। ਇਸ ਪ੍ਰਾਜੈਕਟ ਲਈ ਭਾਵੇਂ ਟਾਟਾ ਮਕਾਨ ਉਸਾਰੀ ਕੰਪਨੀ ਨੇ ਕੇਂਦਰੀ ਵਾਤਾਵਰਨ ਤੇ ਜੰਗਲਾਤ ਮੰਤਰਾਲੇ ਦੀ ਐਨਵਾਇਰਮੈਂਟ ਇੰਪੈਕਟ ਅਸੈੱਸਮੈਂਟ ਕਮੇਟੀ (ਈ.ਆਈ.ਏ.) ਤੋਂ ਮਨਜ਼ੂਰੀ ਲੈ ਲਈ ਸੀ ਪਰ ਪੰਜਾਬ ਦੀ ਈ.ਆਈ.ਏ. ਕਮੇਟੀ ਦੇ ਦੋ ਮੈਂਬਰਾਂ ਵੱਲੋਂ ਅਸਤੀਫ਼ਾ ਦੇਣ ਕਾਰਨ ਕਮੇਟੀ ਬੇਅਸਰ ਹੋ ਗਈ ਜਿਸ ਕਾਰਨ ਪ੍ਰਾਜੈਕਟ ਨੂੰ ਮਨਜ਼ੂਰੀ ਲਈ ਸਿੱਧੇ ਕੇਂਦਰੀ ਵਾਤਾਵਰਨ ਮੰਤਰਾਲੇ ਕੋਲ ਜਾਣਾ ਪਵੇਗਾ। ਸੂਤਰਾਂ ਅਨੁਸਾਰ ਇਹ ਪ੍ਰਾਜੈਕਟ ਜਲ ਗ੍ਰਹਿਣ ਖੇਤਰ ਵਿਚ ਆਉਂਦਾ ਹੈ ਤੇ ਮੰਤਰਾਲੇ ਦੀ ਈ.ਆਈ.ਏ. ਕਮੇਟੀ ਇਸ ਨੂੰ ਨਾਮਨਜ਼ੂਰ ਵੀ ਕਰ ਸਕਦੀ ਹੈ।

# ਹਾਈ ਕੋਰਟ ਵੱਲੋਂ ਪੰਜਾਬ ਪੁਲਿਸ ਦੀ ਖਿਚਾਈ


**ਚੰਡੀਗੜ੍ਹ:** ਪੰਜਾਬ-ਹਰਿਆਣਾ ਹਾਈ ਕੋਰਟ ਨੇ ਹੇਠਲੀਆਂ ਅਦਾਲਤਾਂ ਨੂੰ ਹਦਾਇਤ ਦਿੱਤੀ ਹੈ ਕਿ ਪੰਜਾਬ ਪੁਲਿਸ ਵੱਲੋਂ ਅਪਰਾਧਿਕ ਮਾਮਲਿਆਂ ਵਿਚ ਅਪਰਾਧੀਆਂ ਵਿਰੁੱਧ ਪੇਸ਼ ਕੀਤੀਆਂ ਜਾਂਦੀਆਂ ਰਿਪੋਰਟਾਂ 'ਤੇ ਅੱਖਾਂ ਬੰਦ ਕਰਕੇ ਭਰੋਸਾ ਨਾ ਕੀਤਾ ਜਾਵੇ। ਅੰਮ੍ਰਿਤਸਰ (ਦਿਹਾਤੀ) ਜ਼ਿਲ੍ਹੇ ਦੀ ਪੁਲਿਸ ਵੱਲੋਂ ਵੱਡੀ ਉਮਰ ਦੇ ਤਿੰਨ ਵਿਅਕਤੀਆਂ ਨੂੰ ਬਿਨਾਂ ਕਿਸੇ 'ਦੋਸ਼' ਦੇ 'ਝੂਠੇ' ਮਾਮਲੇ ਵਿਚ ਫਸਾਉਣ ਦਾ ਨੋਟਿਸ ਲੈਂਦਿਆਂ ਸੁਣਾਏ ਫੈਸਲੇ ਵਿਚ ਜਸਟਿਸ ਅਲੋਕ ਸਿੰਘ ਨੇ ਕਿਹਾ ਕਿ ਪੁਲੀਸ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਰਿਪੋਰਟਾਂ ਵਿਚ ਅਦਾਲਤਾਂ ਨੂੰ ਜੇਕਰ ਸ਼ੱਕ ਦੀ ਕੋਈ ਗੁੰਜਾਇਸ਼ ਨਜ਼ਰ ਆਉਂਦੀ ਹੈ ਤਾਂ ਪੁਲਿਸ ਜਿਨ੍ਹਾਂ ਵਿਅਕਤੀਆਂ ਨੂੰ ਅਪਰਾਧਿਕ ਮਾਮਲਿਆਂ ਵਿਚ ਦੋਸ਼ੀ ਠਹਿਰਾ ਰਹੀ ਹੁੰਦੀ ਹੈ, ਅਦਾਲਤ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਰੀ ਕਰ ਦਿੱਤਾ ਜਾਵੇ।

ਹਾਈ ਕੋਰਟ ਨੇ ਅੰਮ੍ਰਿਤਸਰ ਪੁਲੀਸ ਵੱਲੋਂ ਫਸਾਏ ਤਿੰਨ ਵਿਅਕਤੀਆਂ ਦੇ ਮਾਮਲੇ ਵਿਚ ਅਹਿਮ ਫੈਸਲਾ ਸੁਣਾਉਂਦਿਆਂ ਹੇਠਲੀ ਅਦਾਲਤ ਵੱਲੋਂ ਬਰੀ ਕਰਨ ਦੇ ਫੈਸਲੇ 'ਤੇ ਹੀ ਮੋਹਰ ਨਹੀਂ ਲਾਈ ਸਗੋਂ ਸ਼ਿਕਾਇਤਕਰਤਾ ਤੇ ਰਾਜ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਤਿੰਨ ਵਿਅਕਤੀਆਂ ਨੂੰ ਇਕ-ਇਕ ਲੱਖ ਰੁਪਏ ਹਰਜਾਨੇ ਵਜੋਂ ਅਦਾ ਕੀਤਾ ਜਾਵੇ। ਅੰਮ੍ਰਿਤਸਰ (ਦਿਹਾਤੀ) ਜ਼ਿਲ੍ਹੇ ਦੀ ਪੁਲਿਸ ਵੱਲੋਂ ਤਿੰਨ ਬਜ਼ੁਰਗਾਂ ਜੋਗਿੰਦਰ ਸਿੰਘ, ਰਵੇਲ ਸਿੰਘ (ਦੋਵੇਂ ਉਮਰ 70 ਸਾਲ) ਤੇ ਗੁਰਮੇਜ ਸਿੰਘ (65 ਸਾਲ) ਵਿਰੁੱਧ ਥਾਣਾ ਮਜੀਠਾ ਵਿਚ ਸਾਲ 2000 ਦੌਰਾਨ ਅਧੀਨ ਧਾਰਾ 302, 148, 149 ਆਈ.ਪੀ.ਸੀ. ਦਾ ਮਾਮਲਾ ਦਰਜ ਕੀਤਾ ਸੀ।


ਪੁਲਿਸ ਮੁਤਾਬਕ ਇਹ ਤਿੰਨੇ ਵਿਅਕਤੀ ਅੱਧੀ ਦਰਜਨ ਹਥਿਆਰਬੰਦ ਬੰਦਿਆਂ ਨਾਲ 21 ਸਾਲਾ ਦਲਜੀਤ ਸਿੰਘ ਉਰਫ ਲੱਧਾ ਨੂੰ ਮਾਰਨ ਲਈ ਉਸ ਦਾ ਪਿੱਛਾ ਕਰ ਰਹੇ ਸਨ। ਜਦੋਂ ਇਹ ਵਿਅਕਤੀ ਪਿੱਛੇ ਦੌੜ ਰਹੇ ਸਨ ਤਾਂ ਉਸੇ ਦੌਰਾਨ ਦਲਜੀਤ ਸਿੰਘ ਡਰ ਦਾ ਮਾਰਿਆ ਡਿੱਗ ਕੇ ਫੌਤ ਹੋ ਗਿਆ। ਪੁਲਿਸ ਅਨੁਸਾਰ ਪਿੱਛਾ ਕਰਨ ਵਾਲੇ ਵਿਅਕਤੀਆਂ ਦਾ ਮਰਨ ਵਾਲੇ ਨਾਲ ਜ਼ਮੀਨੀ ਖ਼ਾਲ ਨੂੰ ਲੈ ਕੇ ਝਗੜਾ ਸੀ। ਅਦਾਲਤ ਨੂੰ ਇਸ ਮਾਮਲੇ ਵਿਚ ਪੁਲਿਸ ਤਫ਼ਤੀਸ਼ ਪੂਰੀ ਤਰ੍ਹਾਂ ਸ਼ੱਕੀ ਜਾਪੀ ਤੇ ਹੇਠਲੀ ਅਦਾਲਤ ਨੇ ਤਿੰਨਾ ਵਿਅਕਤੀਆਂ ਨੂੰ ਬਰੀ ਕਰ ਦਿੱਤਾ। ਅਦਾਲਤ ਦਾ ਕਹਿਣਾ ਹੈ ਕਿ ਇਸਤਗਾਸਾ ਪੱਖ ਦੀ ਕਹਾਣੀ ਵਿਚ ਜਿਸ ਤਰ੍ਹਾਂ ਦਰਸਾਇਆ ਗਿਆ ਹੈ ਕਿ 65 ਤੇ 70 ਸਾਲ ਦੀ ਉਮਰ ਦੇ ਵਿਅਕਤੀ 21 ਸਾਲ ਦੀ ਉਮਰ ਦੇ ਗੱਭਰੂ ਦਾ ਪਿੱਛਾ ਕਰ ਰਹੇ ਸਨ ਜਿਨ੍ਹਾਂ ਤੋਂ ਡਰਦਾ ਉਹ ਫੌਤ ਹੋ ਗਿਆ ਪੂਰੀ ਤਰ੍ਹਾਂ ਸ਼ੱਕੀ ਹੈ। ਅਦਾਲਤ ਦਾ ਕਹਿਣਾ ਹੈ ਕਿ ਜਿਸ ਰਫ਼ਤਾਰ ਨਾਲ 21 ਸਾਲ ਦਾ ਨੌਜਵਾਨ ਦੌੜ ਸਕਦਾ ਹੈ ਉਸ ਰਫ਼ਤਾਰ ਨਾਲ 65 ਤੇ 70 ਸਾਲ ਦੀ ਉਮਰ ਦੇ ਵਿਅਕਤੀ ਦੌੜ ਨਹੀਂ ਸਕਦੇ।

# ਡਾ. ਆਤਮਜੀਤ ਤੇ ਹਰਭਜਨ ਸਿੰਘ ਨਾਮਧਾਰੀ ਨੂੰ ਸੰਗੀਤ ਨਾਟਕ ਅਕੈਡਮੀ ਐਵਾਰਡ

**ਚੰਡੀਗੜ੍ਹ:** ਪੰਜਾਬੀ ਦੇ ਪ੍ਰਸਿੱਧ ਚਿੰਤਕ, ਅਕਾਦਮੀਸ਼ੀਅਨ, ਲੇਖਕ ਤੇ ਨਾਟਕਕਾਰ ਆਤਮਜੀਤ ਸਿੰਘ ਨੂੰ ਨਾਟਕਕਾਰ ਵਜੋਂ ਤੇ ਗੁਰਬਾਣੀ ਦੇ ਕੀਰਤਨ ਲਈ ਹਰਭਜਨ ਸਿੰਘ ਨਾਮਧਾਰੀ ਨੂੰ ਸੰਗੀਤ ਨਾਟਕ ਅਕੈਡਮੀ ਪੁਰਸਕਾਰਾਂ ਲਈ ਚੁਣਿਆ ਗਿਆ ਹੈ। ਹਿੰਦੁਸਤਾਨੀ ਵੋਕਲਿਸਟ ਗਿਰਿਜਾ ਦੇਵੀ ਤੇ ਕੁੱਚੀਪੁੜੀ ਨਰਤਕ ਨਟਰਾਜ ਰਾਮਾਕ੍ਰਿਸ਼ਨਾ ਨੂੰ ਪ੍ਰਫਾਰਮਿੰਗ ਆਰਟਸ ਵਿਚ ਪਾਏ ਯੋਗਦਾਨ ਲਈ ਸੰਗੀਤ ਨਾਟਕ ਅਕੈਡਮੀ ਫੈਲੋ ਚੁਣਿਆ ਗਿਆ ਹੈ।



ਹਰਭਜਨ ਸਿੰਘ




ਆਤਮਜੀਤ

ਰੰਗਮੰਚ ਦੇ ਖੇਤਰ 'ਚ ਅੱਠ ਅਹਿਮ ਵਿਅਕਤੀਆਂ ਦੀ ਪੁਰਸਕਾਰਾਂ ਲਈ ਚੋਣ ਕੀਤੀ ਗਈ ਹੈ ਜਿਨ੍ਹਾਂ ਵਿਚ ਆਤਮਜੀਤ ਸਿੰਘ ਨੂੰ ਨਾਟਕ ਲਿਖਣ ਲਈ (ਪੰਜਾਬੀ) ਡੀ. ਵਿਜਾਈ ਭਾਸਕਰ (ਤੇਲਗੂ), ਵੀਨਾਪਨੀ ਚਾਵਲਾ ਤੇ ਉਰਮਿਲ ਕੁਮਾਰ ਥਪਲਿਆਲ ਨੂੰ ਨਿਰਦੇਸ਼ਨ ਲਈ ਤੇ ਦਿਲੀਪ ਪ੍ਰਭਾਵਲਕਰ, ਬਨਵਾਰੀ ਤਨੇਜਾ, ਮਾਇਆ ਕ੍ਰਿਸ਼ਨਾਰਾਓ ਤੇ ਸਵਾਤੀ ਲੇਖਾ ਸੇਨ ਗੁਪਤਾ ਨੂੰ ਅਦਾਕਾਰੀ ਲਈ ਪੁਸਰਕਾਰ ਦਿੱਤਾ ਗਿਆ ਹੈ। ਹਰਭਜਨ ਸਿੰਘ ਨਾਮਧਾਰੀ ਨੂੰ ਗੁਰਬਾਣੀ ਕੀਰਤਨ (ਪੰਜਾਬੀ), ਨਜ਼ੀਰ ਅਹਿਮ ਖਾਨ ਵਾਰਸੀ ਤੇ ਨਸੀਰ ਅਹਿਮਦ ਖਾਨ ਵਾਰਸੀ (ਸਾਂਝਾ ਪੁਰਸਕਾਰ) ਨੂੰ ਕੱਵਾਲੀ (ਆਂਧਰਾ ਪ੍ਰਦੇਸ਼) ਲਈ, ਦਵਿੰਜਨ ਮੁਖਰਜੀ ਨੂੰ ਰਾਵਿੰਦਰ ਸੰਗੀਤ (ਪੱਛਮੀ ਬੰਗਾਲ) ਤੇ ਟੀ. ਸੋਮਾਸੁੰਦਰਨ ਨੂੰ ਲੋਕ ਨਾਚ (ਤਾਮਿਲਨਾਡੂ), ਕ੍ਰਿਸ਼ਨਾ ਕੁਮਾਰੀ ਨੂੰ ਲੋਕ ਸੰਗੀਤ ਭਾਸ਼ਾ (ਜੰਮੂ ਕਸ਼ਮੀਰ) ਲਈ ਲੋਕ ਤੇ ਕਬਾਇਲੀ ਕਲਾ ਸ਼੍ਰੇਣੀ 'ਚ ਪੁਰਸਕਾਰ ਲਈ ਚੁਣਿਆ ਗਿਆ ਹੈ।

ਅਕਾਦਮੀ ਨੇ ਸੰਗੀਤ, ਨ੍ਰਿਤ, ਰੰਗਮੰਚ ਤੇ ਕਠਪੁਤਲੀ ਕਲਾ ਦੇ ਖੇਤਰ 'ਚ ਪਾਏ ਯੋਗਦਾਨ ਲਈ 38 ਕਲਾਕਾਰਾਂ ਨੂੰ ਪੁਰਸਕਾਰ ਦੇਣ ਦਾ ਵੀ ਐਲਾਨ ਕੀਤਾ ਹੈ ਜਿਨ੍ਹਾਂ 'ਚ ਸੰਗੀਤ ਲੇਖਕ ਅਸ਼ੋਕ ਡੀ. ਰਾਨਾਡੇ ਤੇ ਰੰਗਮੰਚ ਦੀ ਹਸਤੀ ਜੈਦੇਵ ਤਨੇਜਾ ਵੀ ਸਮੁੱਚੇ ਯੋਗਦਾਨ ਲਈ ਇਹ ਪੁਰਸਕਾਰ ਲੈਣਗੇ। ਪਦਮ ਭੂਸ਼ਣ ਜੇਤੂ ਤੇ ਬਨਾਰਸ ਘਰਾਣੇ ਨਾਲ ਸਬੰਧਤ 82 ਸਾਲਾ ਗਿਰਿਜਾ ਦੇਵੀ ਤੇ ਨ੍ਰਿਤ 'ਤੇ ਬਹੁਤ ਸਾਰੀਆਂ ਕਿਤਾਬਾਂ ਲਿਖ ਚੁੱਕੇ 78 ਸਾਲਾ ਰਾਮਾਕ੍ਰਿਸ਼ਨਾ ਆਪਣੀ ਚੋਣ ਨਾਲ ਅਕਾਦਮੀ ਦੇ 34 ਜਣਿਆਂ ਦੇ ਕਲੱਬ 'ਚ ਸ਼ੁਮਾਰ ਹੋ ਗਏ ਹਨ। ਹਰੇਕ ਵਿਧਾ 'ਚ ਨੌਂ ਪੁਰਸਕਾਰ ਸੰਗੀਤ ਤੇ ਨਾਚ ਦੇ ਖੇਤਰ 'ਚ ਸਾਲ 2010 ਲਈ ਹਨ ਜਦਕਿ ਰਵਾਇਤੀ ਲੋਕਨ੍ਰਿਤ, ਕਬਾਇਲੀ ਨ੍ਰਿਤ, ਕਠਪੁਤਲੀ ਤੇ ਰੰਗਮੰਚ ਸ਼੍ਰੇਣੀਆਂ 'ਚ 16 ਕਲਾਕਾਰਾਂ ਦੀ ਚੋਣ ਕੀਤੀ ਗਈ ਹੈ।

# ਪੰਜਾਬ ਦੇ 200 ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਅਸੁਰੱਖਿਅਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਰਕਾਰ ਵੱਲੋਂ ਬੇਸ਼ੱਕ ਰਾਜ ਵਿਚ ਸਿੱਖਿਆ ਵਿਸਥਾਰ ਲਈ ਵੱਡੇ-ਵੱਡੇ ਦਾਅਵੇ ਕੀਤੇ ਜਾ ਰਹੇ ਹਨ ਪਰ ਸਚਾਈ ਇਹ ਹੈ ਕਿ ਹਾਲੇ ਤਕ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਬੈਠਣ ਲਈ ਸੁਰੱਖਿਅਤ ਸਥਾਨ ਵੀ ਮੁਹੱਈਆ ਨਹੀਂ ਕਰਵਾਇਆ ਜਾ ਸਕਿਆ। ਇਸ ਗੱਲ ਨੂੰ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੇ ਖੁਦ ਸਵੀਕਾਰ ਕੀਤਾ ਹੈ ਤੇ ਇਸ ਦੇ ਸਬੂਤ ਸੌਂਪਦਿਆਂ ਦੱਸਿਆ ਹੈ ਕਿ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਤਕਰੀਬਨ 200 ਸਕੂਲ ਅਜਿਹੇ ਹਨ ਜਿਨ੍ਹਾਂ ਦੀਆਂ ਇਮਾਰਤਾਂ ਸੁਰੱਖਿਅਤ ਨਹੀਂ ਹਨ।



ਪੰਜਾਬ ਦੇ ਇਕ ਸਰਕਾਰੀ ਸਕੂਲ ਵਿਚ ਭੁੰਜੇ ਬੈਠ ਕੇ ਪੜ੍ਹ ਰਹੇ ਬੱਚੇ

ਇਨ੍ਹਾਂ ਦਸਤਾਵੇਜ਼ਾਂ 'ਤੇ ਨਜ਼ਰ ਮਾਰੀਏ ਤਾਂ ਸਾਹਮਣੇ ਆਉਂਦਾ ਹੈ ਕਿ ਇਕੱਲੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਹੀ ਅਜਿਹੇ 67 ਸਕੂਲ ਹਨ ਜਿਨ੍ਹਾਂ ਦੇ ਕਮਰੇ ਅਸੁਰੱਖਿਅਤ ਹਨ। ਜ਼ਿਲ੍ਹੇ ਦੇ ਰਾਜਪੁਰ ਭਾਈਆਂ ਤੇ ਸਾਧਰਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ 6-6 ਕਮਰਿਆਂ ਨੂੰ ਲੋਕ ਨਿਰਮਾਣ ਵਿਭਾਗ ਨੇ ਅਸੁਰੱਖਿਅਤ ਕਰਾਰ ਦਿੱਤਾ ਹੋਇਆ ਹੈ। ਮਹਿਲਾਂ ਵਾਲੀ ਸਕੂਲ ਦੇ 21 ਕਮਰੇ, ਦਾਤਾਰਪੁਰ ਸਕੂਲ ਦੇ 14, ਮੁਕੇਰੀਆਂ ਦੇ 10, ਮਹਿਤਾਬਪੁਰ ਦੇ 11 ਤੇ ਕੋਟੀ ਸੀਨੀਅਰ ਸੈਕੰਡਰੀ ਸਕੂਲ ਦੇ 9 ਕਮਰੇ ਅਸੁਰੱਖਿਅਤ ਹਨ। ਇਸ ਤੋਂ ਇਲਾਵਾ ਇਸ ਜ਼ਿਲ੍ਹੇ ਦੇ ਘੱਟੋ-ਘੱਟ 15 ਸਕੂਲਾਂ ਦੇ 5 ਜਾਂ ਇਸ ਤੋਂ ਵਧੇਰੇ ਕਮਰੇ ਅਸੁਰੱਖਿਅਤ ਹਨ।

ਫ਼ਰੀਦਕੋਟ ਜ਼ਿਲ੍ਹੇ ਦੇ 11 ਸਕੂਲ ਅਜਿਹੇ ਹਨ ਜਿਨ੍ਹਾਂ ਦੇ ਕਮਰੇ ਅਸੁਰੱਖਿਅਤ ਹਨ। ਜ਼ਿਲ੍ਹੇ ਵਿਚਲੇ ਝੱਖੜਵਾਲਾ ਸੀਨੀਅਰ ਸੈਕੰਡਰੀ ਸਕੂਲ ਦੀ ਪੂਰੀ ਇਮਾਰਤ ਹੀ ਅਸੁਰੱਖਿਅਤ ਦੱਸੀ ਗਈ ਹੈ। ਢੁੱਡੀ ਸਕੂਲ ਦੇ ਕਮਰਿਆਂ ਦੀਆਂ ਛੱਤਾਂ ਪਾਟੀਆਂ ਹੋਈਆਂ ਹਨ ਤੇ ਸਰੀਏ ਬਾਹਰ ਦਿੱਸ ਰਹੇ ਹਨ। ਇਸੇ ਜ਼ਿਲ੍ਹੇ ਦੇ ਅਜਿਤਗਿੱਲ ਸਕੂਲ ਦੀ ਇਮਾਰਤ ਹੀ ਨਹੀਂ ਹੈ ਤੇ ਸਕੂਲ ਦੇ 2 ਕਮਰੇ ਅਸੁਰੱਖਿਅਤ ਦੱਸੇ ਗਏ ਹਨ। ਜ਼ਿਲ੍ਹਾ ਅੰਮ੍ਰਿਤਸਰ ਦੇ 6 ਸਕੂਲਾਂ ਦੇ ਕਮਰੇ ਅਸੁਰੱਖਿਅਤ ਨਹੀਂ ਹਨ। ਇਸ ਜ਼ਿਲ੍ਹੇ ਦੇ ਸਰਕਾਰੀ ਹਾਈ ਸਕੂਲ ਅਟਾਰੀ (ਕੁੜੀਆਂ) ਦੀ ਪੂਰੀ ਇਮਾਰਤ ਹੀ ਅਸੁਰੱਖਿਅਤ ਦੱਸੀ ਗਈ ਹੈ ਤੇ 5 ਸਕੂਲਾਂ ਦੇ ਕਈ ਕਮਰੇ ਵੀ ਅਸੁਰੱਖਿਅਤ ਦੱਸੇ ਗਏ ਹਨ। ਜ਼ਿਲ੍ਹਾ ਤਰਨ ਤਾਰਨ ਦੇ 13 ਸਕੂਲਾਂ ਦੀ ਹਾਲਤ ਖ਼ਸਤਾ ਹੈ। ਜ਼ਿਲ੍ਹੇ ਦੇ ਸਰਕਾਰੀ ਮਾਡਲ ਸਕੂਲ ਦੋਦੇ ਸੋਢੀਆਂ ਦੀ ਇਮਾਰਤ ਹੀ ਨਹੀਂ, 32 ਸਕੂਲ ਅਜਿਹੇ ਹਨ ਜਿਨ੍ਹਾਂ ਦੀਆਂ ਇਮਾਰਤਾਂ ਨੂੰ ਔਸਤ ਇਮਾਰਤਾਂ ਦੱਸਿਆ ਗਿਆ ਹੈ। 81 ਸਕੂਲ ਅਜਿਹੇ ਹਨ ਜਿਨ੍ਹਾਂ ਵਿਚ ਡਾਕਟਰੀ ਸਹੂਲਤ ਮੌਜੂਦ ਨਹੀਂ।

ਜ਼ਿਲ੍ਹਾ ਫ਼ਿਰੋਜ਼ਪੁਰ ਦੀ ਗੱਲ ਕਰੀਏ ਤਾਂ ਜ਼ਿਲ੍ਹੇ ਦੇ 150 ਸੀਨੀਅਰ ਸੈਕੰਡਰੀ ਸਕੂਲਾਂ ਵਿਚੋਂ 21 ਸਕੂਲਾਂ ਵਿਚਲੇ ਕਮਰੇ ਅਸੁਰੱਖਿਅਤ ਹਨ, ਮਹਿਮਾ ਸੀਨੀਅਰ ਸੈਕੰਡਰੀ ਸਕੂਲ ਦੀ ਇਮਾਰਤ ਹੀ ਨਹੀਂ ਹੈ। ਨਵਾਂ ਸ਼ਹਿਰ ਜ਼ਿਲ੍ਹੇ ਦੇ 8 ਸੀਨੀਅਰ ਸੈਕੰਡਰੀ ਸਕੂਲਾਂ ਦੇ ਕਮਰੇ ਅਸੁਰੱਖਿਅਤ ਦੱਸੇ ਗਏ ਹਨ ਜਿਨ੍ਹਾਂ ਵਿਚ ਖਟਕੜ ਕਲਾਂ ਸਕੂਲ ਵਿਚਲੇ 4 ਕਮਰੇ ਵੀ ਸ਼ਾਮਲ ਹਨ। ਜ਼ਿਲ੍ਹਾ ਰੂਪਨਗਰ ਵਿਚਲੇ ਸੱਲੋਮਾਜਰਾ ਸਕੂਲ ਦੀ ਇਮਾਰਤ ਹੀ ਨਹੀਂ। ਰੂਪਨਗਰ (ਲੜਕੇ) ਸਕੂਲ ਦੀ ਇਮਾਰਤ ਅਸੁਰੱਖਿਅਤ ਹੈ। ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੁਹਾਲੀ ਵਿਚ ਲਾਂਡਰਾਂ ਵਿਖੇ ਸਥਿਤ ਸਰਕਾਰੀ ਸਕੂਲ ਦੀ ਇਮਾਰਤ ਅਸੁਰੱਖਿਅਤ ਦੱਸੀ ਗਈ ਹੈ।

# ਆਸਟਰੇਲੀਆ ਨੇ ਭਾਰਤ ਦੀ ਯੂਰੇਨੀਅਮ ਬਾਰੇ ਮੰਗ ਠੁਕਰਾਈ


**ਮੈਲਬਰਨ:** ਆਸਟਰੇਲੀਆ ਨੇ ਯੂਰੇਨੀਅਮ ਵੇਚਣ ਦੀ ਭਾਰਤੀ ਮੰਗ ਨੂੰ ਇਹ ਕਹਿੰਦਿਆਂ ਖ਼ਾਰਜ ਕਰ ਦਿੱਤਾ ਹੈ ਕਿ ਉਹ ਕੈਨਬਰਾ ਪਰਮਾਣੂ ਪਸਾਰ ਰੋਕੂ ਸੰਧੀ 'ਤੇ ਦਸਤਖ਼ਤ ਨਾ ਕਰਨ ਵਾਲਿਆਂ ਨੂੰ ਯੂਰੇਨੀਅਮ ਨਾ ਵੇਚਣ ਦੀ ਆਪਣੀ ਨੀਤੀ ਉੱਤੇ ਦ੍ਰਿੜ੍ਹ ਹੈ।

ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਆਸਟਰੇਲੀਆ ਦੇ ਸਰੋਤ, ਊਰਜਾ ਤੇ ਸੈਰ ਸਪਾਟਾ ਮੰਤਰੀ ਮਾਰਟਿਨ ਫਰਗੂਸਨ ਨਾਲ ਕੀਤੀ ਮੀਟਿੰਗ ਮਗਰੋਂ ਸ੍ਰੀ ਫਰਗੂਸਨ ਨੇ ਕਿਹਾ ਕਿ ਭਾਰਤ ਨੂੰ ਯੂਰੇਨੀਅਮ ਨਿਰਯਾਤ ਕਰਨ ਬਾਰੇ ਆਸਟਰੇਲੀਆ ਸਰਕਾਰ ਬਿਲਕੁਲ ਸਪਸ਼ਟ ਹੈ ਤੇ ਉਹ ਸਿਰਫ਼ ਉਸੇ ਮੁਲਕ ਨੂੰ ਯੂਰੇਨੀਅਮ ਸਪਲਾਈ ਕਰਦੇ ਹਨ ਜਿਸ ਨੇ ਪਰਮਾਣੂ ਅਪਸਾਰ ਸੰਧੀ 'ਤੇ ਦਸਤਖ਼ਤ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਨੀਤੀ ਸਿਰਫ਼ ਭਾਰਤ ਲਈ ਨਹੀਂ ਸਗੋਂ ਸਾਰੇ ਮੁਲਕਾਂ ਲਈ ਹੈ। ਦੋਵਾਂ ਆਗੂਆਂ ਵਿਚਾਲੇ ਊਰਜਾ ਖੇਤਰ ਦੇ ਮੁੱਦਿਆਂ 'ਤੇ ਵਿਆਪਕ ਚਰਚਾ ਹੋਈ। ਕ੍ਰਿਸ਼ਨਾ ਵੱਲੋਂ ਆਸਟਰੇਲੀਆ ਕੋਲ ਯੂਰੇਨੀਅਮ ਦੀ ਸਪਲਾਈ ਭਾਰਤ ਨੂੰ ਕਰਨ ਬਾਰੇ ਲੰਮੇ ਸਮੇਂ ਤੋਂ ਪਈ ਅਪੀਲ ਚੇਤੇ ਕਰਵਾਈ ਗਈ ਪਰ ਆਸਟਰੇਲੀਆ ਨੇ ਸਾਫ਼ ਕੀਤਾ ਕਿ ਉਸ ਦਾ ਜਵਾਬ ਹੁਣ ਵੀ ਪਹਿਲਾਂ ਵਾਲਾ ਹੈ।

ਦੂਜੇ ਪਾਸੇ ਭਾਰਤੀ ਵਿਦੇਸ਼ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਆਸਟਰੇਲੀਆ ਨੂੰ ਆਪਣੀਆਂ ਊਰਜਾ ਲੋੜਾਂ ਤੋਂ ਜਾਣੂ ਕਰਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀ ਆਰਥਿਕਤਾ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਤੇ ਉਸ ਨੂੰ ਇਸ ਲਈ ਊਰਜਾ ਦੀ ਲੋੜ ਹੈ। ਇਸ ਮੀਟਿੰਗ ਦੌਰਾਨ ਭਾਰਤੀ ਹਾਈ ਕਮਿਸ਼ਨਰ ਸੁਜਾਤਾ ਸਿੰਘ, ਸਕੱਤਰ (ਪੂਰਬੀ) ਵਿਜੈ ਲਤਾ ਰੈਡੀ ਤੇ ਆਸਟਰੇਲੀਆ ਦੇ ਭਾਰਤ ਵਿਚਲੇ ਹਾਈ ਕਮਿਸ਼ਨਰ ਪੀਟਰ ਵਰਗੀਜ਼ ਹਾਜ਼ਰ ਸਨ। ਮੀਟਿੰਗ ਦੌਰਾਨ ਆਸਟਰੇਲੀਆ ਨੇ ਭਾਰਤ ਨੂੰ ਉਸ ਦੇ ਕੋਲਾ ਤੇ ਊਰਜਾ ਸੈਕਟਰ ਵਿਚ ਨਿਵੇਸ਼ ਕਰਨ ਦਾ ਸੱਦਾ ਦਿੱਤਾ। ਇਸ ਨਾਲ ਉਸ ਨੇ ਭਾਰਤ ਨੂੰ ਕੋਲੇ ਦੀ ਸਪਲਾਈ ਵਧਾਉਣ ਦਾ ਭਰੋਸਾ ਦਿੱਤਾ।

## ਆਸਟਰੇਲੀਆ 'ਚ ਭਾਰਤੀ ਵਿਦੇਸ਼ ਮੰਤਰੀ ਹੋਏ ਸ਼ਰਮਸਾਰ

**ਮੈਲਬਰਨ:** ਆਸਟਰੇਲੀਆ 'ਚ ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੂੰ ਉਸ ਵੇਲੇ ਸ਼ਰਮਿੰਦਗੀ ਉਠਾਉਣੀ ਪਈ ਜਦੋਂ ਉਨ੍ਹਾਂ ਦੇ ਹਮਰੁਤਬਾ ਕੇਵਿਨ ਰੱਡ ਨੇ ਰਾਸ਼ਟਰਮੰਡਲ ਖੇਡਾਂ ਦੀ ਪ੍ਰਬੰਧਕੀ ਕਮੇਟੀ ਵੱਲ ਆਸਟਰੇਲੀਆ ਦੀਆਂ ਕੰਪਨੀਆਂ ਦੀ ਬਕਾਇਆ ਖੜ੍ਹੀ ਰਾਸ਼ੀ ਦਾ ਮੁੱਦਾ ਉਠਾਇਆ। ਆਸਟਰੇਲੀਆ ਦੇ ਦੌਰੇ ਦੌਰਾਨ ਹੋਈ ਮੀਟਿੰਗ 'ਚ ਮੇਜ਼ਬਾਨ ਮੁਲਕ ਦੇ ਵਿਦੇਸ਼ ਮੰਤਰੀ ਕੇਵਿਨ ਰੱਡ ਨੇ ਸ੍ਰੀ ਕ੍ਰਿਸ਼ਨਾ ਨੂੰ ਦੱਸਿਆ ਕਿ ਚਾਰ ਕੰਪਨੀਆਂ ਦੀ ਕਰੋੜਾਂ ਡਾਲਰ ਰਾਸ਼ੀ ਬਕਾਇਆ ਰਾਸ਼ੀ ਖੜ੍ਹੀ ਹੈ ਤੇ ਇਸ ਦਾ ਭੁਗਤਾਨ ਕੀਤਾ ਜਾਵੇ। ਸ੍ਰੀ ਕ੍ਰਿਸ਼ਨਾ ਨੇ ਆਸਟਰੇਲਿਆਈ ਸਰਕਾਰ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਖੇਡ ਮੰਤਰਾਲੇ ਨਾਲ ਇਸ ਮੁੱਦੇ 'ਤੇ ਗੱਲਬਾਤ ਕਰਨਗੇ। ਦੋਵਾਂ ਦੇਸ਼ਾਂ ਦੇ ਆਗੂਆਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਭਾਰਤ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ ਬਕਾਇਆ ਰਾਸ਼ੀ ਦਾ ਮਾਮਲਾ ਅੱਜ ਹੀ ਸਾਹਮਣੇ ਆਇਆ ਹੈ ਤੇ ਖੇਡ ਮੰਤਰਾਲੇ ਨਾਲ ਗੱਲਬਾਤ ਕਰਕੇ ਇਸ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ। ਆਸਟਰੇਲੀਆ ਦੇ ਤਿੰਨ ਦਿਨਾਂ ਦੌਰੇ ਦੌਰਾਨ ਸ੍ਰੀ ਕ੍ਰਿਸ਼ਨਾ ਨੇ ਇਸ ਬਾਰੇ ਭਾਵੇਂ ਕੋਈ ਸਮਾਂ ਸੀਮਾ ਤੈਅ ਨਹੀਂ ਕੀਤੀ ਪਰ ਸ੍ਰੀ ਰੱਡ ਭਾਰਤ ਸਰਕਾਰ ਦੇ ਜਵਾਬ ਤੋਂ ਸੰਤੁਸ਼ਟ ਜਾਪੇ। ਸ੍ਰੀ ਰੱਡ ਨੇ ਕਿਹਾ ਕਿ ਇਹ ਪੇਚੀਦਾ ਮਾਮਲਾ ਹੈ ਤੇ ਆਸਟਰੇਲਿਆਈ ਕੰਪਨੀਆਂ ਨਾਲ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਬਕਾਇਆ ਰਾਸ਼ੀ ਦੇ ਭੁਗਤਾਨ ਲਈ ਮਦਦ ਕਰੇਗੀ।



# ਸੁਪਰੀਮ ਕੋਰਟ ਵੱਲੋਂ ਦਾਰਾ ਸਿੰਘ ਨੂੰ ਮੌਤ ਦੀ ਸਜ਼ਾ ਦੇਣ ਬਾਰੇ ਮੰਗ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸੀ.ਬੀ.ਆਈ. ਦੀ ਉਸ ਅਪੀਲ ਨੂੰ ਰੱਦ ਕਰ ਦਿੱਤਾ ਹੈ ਜਿਸ 'ਚ ਦਾਰਾ ਸਿੰਘ ਨੂੰ ਸਜ਼ਾ-ਏ-ਮੌਤ ਦੇਣ ਦੀ ਮੰਗ ਕੀਤੀ ਗਈ ਸੀ। ਦੱਸਣਯੋਗ ਹੈ ਕਿ ਦਾਰਾ ਸਿੰਘ ਨੂੰ ਉੜੀਸਾ ਵਿਚ ਆਸਟਰੇਲਿਆਈ ਮਿਸ਼ਨਰੀ ਗ੍ਰਾਹਮ ਸਟੇਨਜ਼ ਤੇ ਉਸ ਦੇ ਦੋ ਪੁੱਤਰਾਂ ਨੂੰ ਜ਼ਿੰਦਾ ਅੱਗ ਵਿਚ ਸਾੜ ਦੇਣ ਦੇ ਦੋਸ਼ ਤਹਿਤ ਉੜੀਸਾ ਹਾਈ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਤੇ ਸੀ.ਬੀ.ਆਈ. ਨੇ ਦਾਰਾ ਸਿੰਘ ਨੂੰ ਸਜ਼ਾ-ਏ-ਮੌਤ ਤੋਂ ਦੇਣ ਦੀ ਸੁਪਰੀਮ ਕੋਰਟ 'ਚ ਅਪੀਲ ਕੀਤੀ ਸੀ।

ਅਦਾਲਤ ਦਾ ਕਹਿਣਾ ਸੀ ਕਿ ਇਹ ਜੁਰਮ ਸਜ਼ਾ-ਏ-ਮੌਤ ਦੇ ਵਰਗ 'ਚ ਨਹੀਂ ਆਉਂਦਾ। ਦੂਜੇ ਪਾਸੇ ਮਰਹੂਮ ਸਟੇਨਜ਼ ਦੀ ਪਤਨੀ ਗਲੈਡਿਸ ਸਟੇਨਜ਼ ਨੇ ਇਸ ਫੈਸਲੇ 'ਤੇ ਤਸੱਲੀ ਦਾ ਇਜ਼ਹਾਰ ਕੀਤਾ ਹੈ। ਇਹ ਫੈਸਲਾ ਸੁਪਰਮ ਕੋਰਟ ਦੇ ਜੱਜਾਂ ਜਸਟਿਸ ਪੀ.ਸਦਾਸ਼ਿਵਮ ਤੇ ਜਸਟਿਸ ਬੀ.ਐਸ. ਚੌਹਾਨ ਦੀ ਅਦਾਲਤ ਨੇ ਸੁਣਾਇਆ। ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਭਾਵੇਂ ਇਸ ਕੇਸ ਵਿਚ ਗ੍ਰਾਹਮ ਸਟੇਨਜ਼ ਤੇ ਉਸ ਦੇ ਦੋ ਪੁੱਤਰਾਂ ਨੂੰ ਉਦੋਂ ਜ਼ਿੰਦਾ ਸਾੜ ਦਿਤਾ ਗਿਆ ਜਦੋਂ ਉਹ ਮਨੋਹਰਪੁਰ ਵਿਚ ਆਪਣੀ ਜੀਪ ਵਿਚ ਸੌਂ ਰਹੇ ਸਨ ਪਰ ਇਸ ਦਾ ਮਕਸਦ ਗ੍ਰਾਹਮ ਸਟੇਨਜ਼ ਨੂੰ ਉਸ ਦੀਆਂ ਧਾਰਮਿਕ ਸਰਗਰਮੀਆਂ ਤੇ ਗਰੀਬ ਕਬਾਇਲੀਆਂ ਦੀ ਧਰਮ-ਬਦਲੀ ਕਰਵਾ ਕੇ ਈਸਾਈ ਬਣਾਉਣ ਖ਼ਿਲਾਫ਼ ਸਬਕ ਸਿਖਾਉਣਾ ਸੀ। ਅਦਾਲਤ ਨੇ ਆਪਣੇ 76 ਸਫ਼ਿਆਂ ਦੇ ਫੈਸਲੇ ਵਿਚ ਧਰਮ-ਬਦਲੀ ਦਾ ਜ਼ੋਰਦਾਰ ਵਿਰੋਧ ਵੀ ਕੀਤਾ ਹੈ।

ਇਸ ਤੋਂ ਪਹਿਲਾਂ ਉੜੀਸਾ ਦੇ ਕਿਓਂਝਰ ਜ਼ਿਲ੍ਹੇ ਦੀ ਸੈਸ਼ਨਜ਼ ਅਦਾਲਤ ਨੇ ਸ੍ਰੀ ਸਟੇਨਜ਼ ਤੇ ਉਨ੍ਹਾਂ ਦੇ ਦੋ ਪੁੱਤਰਾਂ ਫਿਲਿਪ (10) ਤੇ ਟਿਮੋਥੀ (6) ਨੂੰ ਮਾਰ ਦੇਣ ਦੇ ਜੁਰਮ ਹੇਠ ਦਾਰਾ ਸਿੰਘ ਤੇ ਉਸ ਦੇ ਸਾਥੀ ਮਹਿੰਦਰ ਹੈਂਬਰਮ ਨੂੰ ਮੌਤ ਦੀ ਸਜ਼ਾ ਸੁਣਾਈ ਸੀ ਪਰ ਬਾਅਦ ਵਿਚ 19 ਮਈ 2005 ਨੂੰ ਉੜੀਸਾ ਹਾਈ ਕੋਰਟ ਨੇ ਇਹ ਸਜ਼ਾ ਘਟਾ ਕੇ ਉਮਰ ਕੈਦ ਵਿਚ ਬਦਲ ਦਿੱਤੀ ਸੀ। ਤੀਹਰੇ ਕਤਲ ਦੀ ਇਹ ਘਟਨਾ 22 ਜਨਵਰੀ, 1999 ਦੀ ਰਾਤ ਨੂੰ ਉੜੀਸਾ ਦੇ ਕਿਓਂਝਰ ਜ਼ਿਲ੍ਹੇ ਦੇ ਮਨੋਹਰਪੁਰ ਪਿੰਡ ਵਿਚ ਵਾਪਰੀ ਸੀ ਜਦੋਂ ਦਾਰਾ ਸਿੰਘ ਤੇ ਹੈਂਬਰਮ ਦੀ ਅਗਵਾਈ ਹੇਠ ਰਾਤ ਨੂੰ ਤਕਰੀਬਨ 50 ਵਿਅਕਤੀਆਂ ਦੀ ਭੀੜ ਨੇ ਸਟੇਨਜ਼ ਪਿਉ ਪੁੱਤਰਾਂ ਨੂੰ ਚਰਚ ਅੱਗੇ ਜੀਪ ਵਿਚ ਸੁੱਤੇ ਪਇਆਂ ਨੂੰ ਸਾੜ ਦਿੱਤਾ ਸੀ।

# ਸਾਈਬਰ ਜੰਗ ਦੇ ਖ਼ਤਰੇ ਨੂੰ ਮੂਲੋਂ ਨਕਾਰਿਆ

## ਆਕਸਫੋਰਡ ਇੰਟਰਨੈਟ ਇੰਸਟੀਚਿਊਟ ਦਾ ਖੁਲਾਸਾ

**ਨਵੀਂ ਦਿੱਲੀ:** ਇਕ ਪਾਸੇ ਜਿਥੇ ਸੰਸਾਰ ਭਰ 'ਚ ਸਾਈਬਰ ਸੁਰੱਖਿਆ ਨੂੰ ਲੈ ਕੇ ਗੰਭੀਰ ਫਿਕਰਮੰਦੀਆਂ ਦੇ ਕਿਆਸ ਲਾਏ ਜਾ ਰਹੇ ਹਨ ਉਥੇ ਦੂਜੇ ਪਾਸੇ ਆਕਸਫੋਰਡ ਇੰਟਰਨੈਟ ਇੰਸਟੀਚਿਊਟ (ਓ.ਆਈ.ਆਈ.) ਵੱਲੋਂ ਕੀਤੇ ਗਏ ਨਵੇਂ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਸੰਸਾਰ ਵਿਚ ਸਾਈਬਰ ਜੰਗ ਹੋਣ ਦੇ ਕੋਈ ਆਸਾਰ ਨਹੀਂ ਹਨ।

ਸਿਸਟੇਮਿਕ ਸਾਈਬਰ ਸੁਰੱਖਿਆ ਬਾਰੇ ਰਿਪੋਰਟ ਨੂੰ ਮਾਲੀ ਸਹਿਯੋਗ ਤੇ ਵਿਕਾਸ ਸੰਸਥਾ (ਓ.ਈ.ਸੀ.ਡੀ.) ਨੇ ਪ੍ਰਕਾਸ਼ਿਤ ਕੀਤਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਸਲ ਵਿਚ ਭਾਰੀ ਲਾਬਿੰਗ ਲੁਭਾਊ ਭਾਸ਼ਾ ਤੇ ਕਮਜ਼ੋਰ ਮੁਲੰਕਣ ਕਾਰਨ ਸਰਕਾਰਾਂ ਦੀ ਸਾਈਬਰ ਸੁਰੱਖਿਆ ਪ੍ਰਭਾਵਿਤ ਹੋ ਰਹੀ ਹੈ। ਇਹ ਅਧਿਐਨ ਆਕਸਫੋਰਡ ਯੂਨੀਵਰਸਿਟੀ ਦੇ ਆਕਸਫੋਰਡ ਇੰਟਰਨੈਟ ਇੰਸਟੀਚਿਊਟ ਦੇ ਡਾ. ਇਆਨ ਬਰਾਊਨ ਤੇ ਲੰਡਨ ਸਕੂਲ ਆਫ ਇਕਨਾਮਿਕਸ ਦੇ ਪ੍ਰੋ. ਪੀਟਰ ਸੋਮਰ ਨੇ ਮਿਲ ਕੇ ਕੀਤਾ ਹੈ।

ਇਸ ਵਿਚ ਕਿਹਾ ਗਿਆ ਹੈ ਕਿ ਦੁਨੀਆ ਵਿਚ ਕਦੇ ਵੀ ਖਾਲਸ 'ਸਾਈਬਰ ਜੰਗ' ਹੋਣ ਦੇ ਕੋਈ ਆਸਾਰ ਨਹੀਂ ਹਨ ਜਿਹੜੇ ਪੂਰੀ ਤਰ੍ਹਾਂ ਇੰਟਰਨੈਟ ਦੀ ਦੁਨੀਆ ਵਿਚ ਲੜੀ ਜਾਵੇਗੀ ਤੇ ਜਿਸ ਦਾ ਅਸਰ ਉਹੋ ਜਿਹਾ ਹੀ ਹੋਵੇਗਾ ਜਿਵੇਂ ਦਾ ਅਫ਼ਗਾਨ, ਬਾਲਕਾਨ ਜਾਂ ਖਾੜੀ ਜੰਗਾਂ ਦਾ ਹੋਇਆ ਸੀ।

ਇਹ ਰਿਪੋਰਟ ਓ.ਈ.ਸੀ.ਡੀ. ਦੇ ਪ੍ਰਾਜੈਕਟ 'ਭਵਿੱਖੀ ਆਲਮੀ ਝਟਕੇ' ਦਾ ਇਕ ਹਿੱਸਾ ਹੈ ਤੇ ਇਹ ਸਰਕਾਰਾਂ ਆਲਮੀ ਕਾਰੋਬਾਰੀਆਂ ਤੇ ਨੀਤੀ ਘਾੜਿਆਂ ਵੱਲ ਸੇਧਤ ਹੈ। ਇਸ ਅਧਿਐਨ ਵਿਚ ਸਿਰਫ ਸਰਕਾਰਾਂ ਜਾਂ ਦਹਿਸ਼ਤਗਰਦਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਹੀ ਨਹੀਂ ਸਗੋਂ ਅਪਰਾਧੀਆਂ ਦੀਆਂ ਸੰਭਾਵਿਤ ਕਾਰਵਾਈਆਂ ਤੇ ਹਾਦਸਿਆਂ 'ਤੇ ਵੀ ਗੌਰ ਕੀਤੀ ਗਈ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕਿਸੇ ਵੀ ਗੜਬੜ ਤੋਂ ਬਚਣ ਦਾ ਸਹੀ ਤਰੀਕਾ ਇਹੋ ਹੈ ਕਿ ਸਿਸਟਮ ਡਿਜ਼ਾਈਨ ਧਿਆਨ ਨਾਲ ਕੀਤਾ ਜਾਵੇ। ਕੰਪਿਊਟਰ ਵਾਇਰਸਾਂ ਦਾ ਪਤਾ ਲਾਉਣ ਦੇ ਹੋਰ ਤਰੀਕੇ ਈਜ਼ਾਦ ਕੀਤੇ ਜਾਣ ਤੇ ਇਸ ਬਾਰੇ ਸਿੱਖਿਆ ਤੇ ਸਿਖਲਾਈ ਵਧਾਈ ਜਾਵੇ।

# ਸਰਕਾਰ ਵਿਦੇਸ਼ੀ ਬੈਂਕਾਂ 'ਚ ਖਾਤਿਆਂ ਦੇ ਵੇਰਵੇ ਨਸ਼ਰ ਕਰਨ ਤੋਂ ਮੁੱਕਰੀ

## ਸੁਪਰੀਮ ਕੋਰਟ ਵੱਲੋਂ ਖਿਚਾਈ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿਚ ਕਈ ਮੰਤਰੀਆਂ ਨੇ ਵਿਦੇਸ਼ਾਂ 'ਚ ਜਮ੍ਹਾਂ ਕਾਲੇ ਧਨ ਦੇ ਮੁੱਦੇ 'ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ ਪਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਹ ਸਪੱਸ਼ਟ ਕਹਿ ਦਿੱਤਾ ਹੈ ਕਿ ਇਸ ਬਾਰੇ ਖੁਲਾਸੇ ਨਹੀਂ ਕੀਤੇ ਜਾਣਗੇ। ਉਧਰ ਵਿਦੇਸ਼ਾਂ 'ਚ ਜਮ੍ਹਾਂ ਭਾਰਤੀ ਲੋਕਾਂ ਦੇ ਕਾਲੇ ਧਨ ਬਾਰੇ ਸੁਪਰੀਮ ਕੋਰਟ ਵੱਲੋਂ ਸਖ਼ਤ ਟਿੱਪਣੀਆਂ ਕੀਤੀਆਂ ਗਈਆਂ ਹਨ। ਸੁਪਰੀਮ ਕੋਰਟ ਨੇ ਸਰਕਾਰ ਦੀ ਇਸ ਗੱਲੋਂ ਕਾਫੀ ਝਾੜ-ਝੰਬ ਕੀਤੀ ਸੀ ਕਿ ਜੇਕਰ ਇਸ ਕੋਲ ਕਾਲੇ ਧਨ ਦੇ ਵਿਦੇਸ਼ਾਂ 'ਚ ਖ਼ਾਤਾਧਾਰਕਾਂ ਦੇ ਵੇਰਵੇ ਹਨ ਤਾਂ ਇਹ ਜ਼ਾਹਰ ਕਿਉਂ ਨਹੀਂ ਕਰ ਰਹੀ। ਮੀਟਿੰਗ 'ਚ ਮੰਤਰੀਆਂ ਨੇ ਇਹ ਗੱਲ ਉਭਾਰੀ ਕਿ ਇਸ ਮੁੱਦੇ 'ਤੇ ਚੁਫੇਰਿਓਂ ਸਰਕਾਰ ਦੀ ਆਲੋਚਨਾ ਹੋ ਰਹੀ ਹੈ ਤੇ ਇਹ ਪ੍ਰਭਾਵ ਜ਼ੋਰ ਫੜ ਰਿਹਾ ਹੈ ਕਿ ਸਰਕਾਰ ਇਸ ਮਾਮਲੇ 'ਤੇ ਕੁਝ ਛੁਪਾ ਰਹੀ ਹੈ। ਮੀਟਿੰਗ ਵਿਚ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਜਿਨ੍ਹਾਂ ਲੋਕਾਂ ਦੇ ਵਿਦੇਸ਼ੀ ਬੈਂਕਾਂ ਵਿਚ ਖ਼ਾਤੇ ਹਨ, ਸਰਕਾਰ ਉਨ੍ਹਾਂ ਬਾਰੇ ਜਾਣਕਾਰੀ ਨਹੀਂ ਦੇ ਸਕਦੀ ਕਿਉਂਕਿ ਸੰਧੀਆਂ ਕਰਕੇ ਦੇਸ਼ ਦੀ ਆਪਣੀ ਮਜਬੂਰੀ ਹੈ। ਇਸ ਮੌਕੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਵਿਦੇਸ਼ਾਂ ਵਿਚ ਜਮ੍ਹਾਂ ਕਾਲੇ ਧਨ ਬਾਰੇ ਜਾਣਕਾਰੀ ਸਰਕਾਰ ਨੇ ਵੱਖ-ਵੱਖ ਕੌਮਾਂਤਰੀ ਸੰਧੀਆਂ ਤਹਿਤ ਹਾਸਲ ਕੀਤੀ ਸੀ ਤੇ ਜੇਕਰ ਇਹ ਜਾਣਕਾਰੀ ਜੱਗ ਜ਼ਾਹਰ ਕੀਤੀ ਜਾਂਦੀ ਹੈ ਤਾਂ ਅੱਗੇ ਤੋਂ ਕੋਈ ਵੀ ਸਰਕਾਰ ਅਜਿਹੀ ਜਾਣਕਾਰੀ ਨਹੀਂ ਦਿਆ ਕਰੇਗੀ। ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਸਰਕਾਰ ਨੇ ਇਹ ਸਾਰੀ ਜਾਣਕਾਰੀ ਸਿਰਫ਼ ਟੈਕਸ ਉਗਰਾਹੁਣ ਲਈ ਹਾਸਲ ਕੀਤੀ ਸੀ ਤੇ ਸਰਕਾਰ ਖ਼ਾਤਾਧਾਰਕਾਂ ਦੇ ਨਾਂ ਜਾਂ ਹੋਰ ਵੇਰਵੇ ਜ਼ਾਹਰ ਕੀਤੇ ਬਿਨਾਂ ਇਹ ਕੰਮ ਕਰ ਲਵੇਗੀ।

ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹਦਾਇਤ ਦਿੱਤੀ ਹੈ ਕਿ ਉਨ੍ਹਾਂ ਸਾਰੇ ਲੋਕਾਂ ਦਾ ਪਿਛਾ ਕੀਤਾ ਜਾਵੇ ਜਿਨ੍ਹਾਂ ਨੇ ਦੇਸ਼ ਦਾ ਧਨ ਲੁੱਟ ਕੇ ਸਵਿਟਜ਼ਰਲੈਂਡ ਜਾਂ ਕਰਾਂ ਤੋਂ ਬਚਾਓ ਵਾਲੀਆਂ ਹੋਰ ਥਾਵਾਂ 'ਤੇ ਜਮ੍ਹਾਂ ਕਰਾਇਆ ਹੋਇਆ ਹੈ। ਅਦਾਲਤ ਨੇ ਕਿਹਾ ਹੈ ਕਿ ਇਹ ਜਾਂਚ ਕੁਝ ਕੁ ਵਿਅਕਤੀਆਂ ਤੇ ਕਰਾਂ ਤੋਂ ਬਚਣ ਦੇ ਇਕ ਘੁਟਾਲੇ ਨੂੰ ਜ਼ਾਹਰ ਕੀਤੇ ਜਾਣ ਤਕ ਸੀਮਤ ਨਹੀਂ ਰਹਿਣੀ ਚਾਹੀਦੀ। ਜਸਟਿਸ ਬੀ. ਸੁਦਰਸ਼ਨ ਰੈਡੀ ਤੇ ਐਸ.ਐਸ. ਨਿੱਝਰ 'ਤੇ ਆਧਾਰਤ ਡਵੀਜ਼ਨ ਬੈਂਚ ਨੇ ਸਾਲਿਸਟਰ ਜਨਰਲ ਗੋਪਾਲ ਸੁਬਰਾਮਣੀਅਮ ਨੂੰ ਕਿਹਾ ਕਿ ਇਸ ਮੁੱਦੇ 'ਤੇ ਸਰਵਉੱਚ ਅਦਾਲਤ 'ਚ ਪਾਈਆਂ ਗਈਆਂ ਜਨਹਿਤ ਪਟੀਸ਼ਨਾਂ ਕਾਰਨ ਹੋ ਰਹੀ ਜਾਂਚ ਦਾ ਘੇਰਾ ਕੇਵਲ ਚੋਰੀ ਹੋਏ ਕਰਾਂ ਦੀ ਉਗਰਾਹੀ ਤਕ ਸੀਮਤ ਨਾ ਰੱਖਿਆ ਜਾਵੇ। ਪਟੀਸ਼ਨਰਾਂ ਨੇ ਕਿਹਾ ਸੀ ਕਿ ਬਾਹਰਲੇ ਬੈਂਕਾਂ 'ਚ ਜਮ੍ਹਾਂ ਕਰਾਏ ਗਏ ਗੈਰ-ਕਾਨੂੰਨੀ ਤੇ ਬੇਹਿਸਾਬੇ ਧਨ 'ਤੇ ਧਿਆਨ ਲਾਉਣ ਦੀ ਬਜਾਏ ਸਰਕਾਰ ਟੈਕਸਾਂ ਦੀ ਚੋਰੀ ਵੱਲ ਸਾਰਾ ਧਿਆਨ ਕੇਂਦਰਤ ਕਰ ਰਹੀ ਹੈ ਜਦਕਿ ਇਹ ਵੀ ਸੰਭਾਵਨਾ ਹੋ ਸਕਦੀ ਹੈ ਕਿ ਇਹ ਸਾਰਾ ਕਾਲਾ ਧਨ ਅਤਿਵਾਦੀਆਂ ਤੇ ਹੋਰ ਅਪਰਾਧਿਕ ਗਠਜੋੜਾਂ ਵੱਲੋਂ ਹਥਿਆਰਾਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਭ੍ਰਿਸ਼ਟਾਚਾਰ ਰਾਹੀਂ ਇਕੱਠਾ ਕੀਤਾ ਗਿਆ ਹੋਵੇ।

ਸਾਲਿਸਟਰ ਜਨਰਲ ਨੇ ਬੈਂਚ ਨੂੰ ਸੀਲਬੰਦ ਲਿਫਾਫੇ 'ਚ ਕੁਝ ਦਸਤਾਵੇਜ਼ ਸੌਂਪੇ ਜਿਨ੍ਹਾਂ 'ਚ ਉਨ੍ਹਾਂ ਕੁਝ ਲੋਕਾਂ ਦੇ ਨਾਂ ਹਨ ਜਿਨ੍ਹਾਂ ਦੇ ਸਵਿਟਜ਼ਰਲੈਂਡ ਦੀ ਹੱਦ ਨਾਲ ਲਗਦੇ ਜਰਮਨੀ ਦੀ ਸੁਰੱਖਿਆ ਵਾਲੇ ਨਿੱਕੇ ਜਿਹੇ ਦੇਸ਼ ਲੀਸ਼ਟੈਨਸਟੀਨ ਦੇ ਬੈਂਕ 'ਚ ਗੁਪਤ ਖ਼ਾਤੇ ਸਨ। ਸਰਕਾਰ ਨੂੰ ਇਹ ਦਸਤਾਵੇਜ਼ ਜਰਮਨੀ ਤੋਂ ਮਿਲੇ ਹਨ ਜਿਸ ਨੇ ਆਪਣੇ ਨਾਗਰਿਕਾਂ ਵਿਰੁੱਧ ਕਰਾਂ ਦੀ ਚੋਰੀ ਬਾਰੇ ਇਕ ਲੀਸ਼ਟੈਨਸਟੀਨ ਤੋਂ ਹੀ ਲਏ ਸਨ।

ਪਟੀਸ਼ਨਰਾਂ 'ਚ ਸਾਬਕਾ ਕਾਨੂੰਨ ਮੰਤਰੀ ਰਾਮ ਜੇਠਮਲਾਨੀ ਤੇ ਪੰਜਾਬ ਪੁਲੀਸ ਦੇ ਸਾਬਕਾ ਮੁਖੀ ਜੇ.ਐਫ. ਰਿਬੈਰੋ ਸ਼ਾਮਲ ਹਨ ਜਿਨ੍ਹਾਂ ਨੇ ਦਲੀਲ ਦਿੱਤੀ ਕਿ ਸਰਕਾਰ ਨੇ ਜਾਣ-ਬੁਝ ਕੇ ਇਹ ਵੇਰਵੇ ਡੀ.ਟੀ.ਏ.ਏ. ਅਧੀਨ ਲਏ ਹਨ ਜਿਨ੍ਹਾਂ 'ਚ ਗੁਪਤਤਾ ਦੀ ਵਿਵਸਥਾ ਹੁੰਦੀ ਹੈ। ਪਟੀਸ਼ਨਰਾਂ ਦਾ ਦਾਅਵਾ ਹੈ ਕਿ ਕਾਲੇ ਧਨ ਦੇ ਰੂਪ 'ਚ ਭਾਰਤ ਦਾ 1.4 ਖਰਬ ਡਾਲਰ ਧਨ ਵਿਦੇਸ਼ੀ ਬੈਂਕਾਂ 'ਚ ਜਮ੍ਹਾਂ ਹੈ।

# ਮੂਲਵਾਦੀਆਂ ਦੀਆਂ ਧਮਕੀਆਂ ਕਾਰਨ ਹੁਸੈਨ ਦੀਆਂ ਕ੍ਰਿਤਾਂ ਹਟਾਈਆਂ

**ਨਵੀਂ ਦਿੱਲੀ:** ਇਸ ਵਾਰ ਵੀ ਮੂਲਵਾਦੀਆਂ ਵੱਲੋਂ ਧਮਕੀਆਂ ਦਿੱਤੇ ਜਾਣ ਕਾਰਨ ਜਲਾਵਤਨੀ ਕਟ ਰਹੇ ਭਾਰਤੀ ਚਿੱਤਰਕਾਰ ਐਮ.ਐਫ. ਹੁਸੈਨ ਦੀਆਂ ਬਣਾਈਆਂ ਤਸਵੀਰਾਂ ਨੂੰ ਕਲਾ ਨੁਮਾਇਸ਼ ਇੰਡੀਅਨ ਆਰਟ ਸਮਿੱਟ 'ਚੋਂ ਹਟਾ ਲਿਆ ਗਿਆ। ਗੌਰਤਲਬ ਹੈ ਕਿ ਬੀਤੇ ਤਿੰਨ ਸਾਲਾਂ ਤੋਂ ਹੋ ਰਹੇ ਇਸ ਸਾਲਾਨਾ ਕਲਾ ਸਮਿੱਟ ਵਿਚੋਂ ਹਰ ਵਾਰ ਮੂਲਵਾਦੀਆਂ ਤੋਂ ਡਰ ਕੇ ਜਨਾਬ ਹੁਸੈਨ ਦੀ ਕ੍ਰਿਤਾਂ ਹਟਾ ਲਈਆਂ ਜਾਂਦੀਆਂ ਹਨ। ਬਾਅਦ ਵਿਚ ਵੱਡੇ ਪੱਧਰ 'ਤੇ ਰੌਲਾ ਪੈਣ ਪਿੱਛੋਂ ਪ੍ਰਬੰਧਕਾਂ ਨੇ ਇਹ ਤਸਵੀਰਾਂ ਦੁਬਾਰਾ ਲਗਾ ਦਿੱਤੀਆਂ।

ਮੂਲਵਾਦੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਕਾਰਨ 93 ਸਾਲਾ ਜਨਾਬ ਹੁਸੈਨ ਨੂੰ ਬੀਤੇ ਪੰਜ ਸਾਲਾਂ ਤੋਂ ਕਤਰ ਵਿਚ ਰਹਿੰਦਿਆਂ ਜਲਾਵਤਨੀ ਭੋਗਣੀ ਪੈ ਰਹੀ ਹੈ। ਇਸ ਨੁਮਾਇਸ਼ ਵਿਚ ਉਨ੍ਹਾਂ ਦੀਆਂ ਤਿੰਨ ਕ੍ਰਿਤਾਂ ਲਾਈਆਂ ਗਈਆਂ ਸਨ ਜਿਨ੍ਹਾਂ ਨੂੰ ਹਟਾ ਲਿਆ ਗਿਆ। ਇਸ ਨੁਮਾਇਸ਼ ਦੀ ਸ਼ੁਰੂਆਤ 20 ਜਨਵਰੀ ਨੂੰ ਹੋਈ ਸੀ। ਦਿੱਲੀ ਆਰਟ ਗੈਲਰੀ ਦੇ ਡਾਇਰੈਕਟਰ ਅਨੀਸ਼ ਆਨੰਦ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਖ਼ਿਲਾਫ਼ ਮੁੰਬਈ ਤੇ ਪੂਣੇ ਤੋਂ ਕਈ ਧਮਕੀ ਭਰੀਆਂ ਈਮੇਲਾਂ ਤੇ ਫੋਨ ਕਾਲਾਂ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਭਾਵੇਂ ਸਾਡੇ ਕੋਲ ਪੁਲਿਸ ਤੇ ਨਿੱਜੀ ਸੁਰੱਖਿਆ ਰਾਹੀਂ ਸੁਰੱਖਿਆ ਦੇ ਬੜੇ ਪੁਖ਼ਤਾ ਪ੍ਰਬੰਧ ਹਨ ਪਰ ਪ੍ਰਬੰਧਕਾਂ ਨੂੰ ਖ਼ਤਰਾ ਹੈ ਕਿ ਨੁਮਾਇਸ਼ ਨੂੰ ਆਮ ਜਨਤਾ ਲਈ ਖੋਲ੍ਹੇ ਜਾਣ ਪਿੱਛੋਂ ਇਥੇ ਭੰਨ-ਤੋੜ ਜਾਂ ਹੁਲੜਬਾਜ਼ੀ ਦੀ ਘਟਨਾ ਵਾਪਰ ਸਕਦੀ ਹੈ ਜਿਸ ਕਾਰਨ ਜਨਾਬ ਹੁਸੈਨ ਦੀਆਂ ਕ੍ਰਿਤਾਂ ਨੂੰ ਹਟਾਉਣ ਦਾ ਫੈਸਲਾ ਲਿਆ ਹੈ।



ਜਨਾਬ ਹੁਸੈਨ 'ਤੇ ਹਿੰਦੂ ਦੇਵੀ ਦੇਵਤਿਆਂ ਦੀ ਨਿਰਾਦਰ ਕਰਨ ਦਾ ਦੋਸ਼ ਲਾ ਕੇ ਹਿੰਦੂਵਾਦੀ ਧੜੇ ਲਗਾਤਾਰ ਉਨ੍ਹਾਂ ਦਾ ਵਿਰੋਧ ਕਰਦੇ ਆ ਰਹੇ ਹਨ। ਦੱਸਣਯੋਗ ਹੈ ਕਿ 2008 ਵਿਚ ਹੋਏ ਪਹਿਲੇ ਆਰਟ ਸਮਿੱਟ ਵੇਲੇ ਹਿੰਦੂਵਾਦੀਆਂ ਦੀਆਂ ਧਮਕੀਆਂ ਕਾਰਨ ਪ੍ਰਬੰਧਕਾਂ ਵੱਲੋਂ ਜਨਾਬ ਹੁਸੈਨ ਦੀਆਂ ਤਸਵੀਰਾਂ ਹਟਾ ਲਏ ਜਾਣ ਕਾਰਨ ਕਾਫੀ ਵਿਵਾਦ ਪੈਦਾ ਹੋਇਆ ਸੀ। ਇਸੇ ਤਰ੍ਹਾਂ 2009 ਦੇ ਆਰਟ ਸਮਿੱਟ ਵਿਚ ਵੀ ਇੰਝ ਹੀ ਵਾਪਰਿਆ ਸੀ।

# ਸੰਸਾਰ ਆਰਥਿਕ ਸੰਕਟ ਹੁਣ ਕੀ ਰੁਖ਼ ਅਖ਼ਤਿਆਰ ਕਰੇਗਾ?

**ਭਰਤ ਝੁਨਝੁਨਵਾਲਾ**

ਸੰਸਾਰ ਬੈਂਕ ਨੇ ਸੰਸਾਰਵਿਆਪੀ ਆਰਥਿਕ ਸੰਭਾਵਨਾਵਾਂ ਸਬੰਧੀ ਰਿਪੋਰਟ ਵਿਚ ਅਨੁਮਾਨ ਲਾਇਆ ਹੈ ਕਿ ਆਉਣ ਵਾਲੇ ਸਮੇਂ ਵਿਚ ਸੰਸਾਰ ਅਰਥਿਕਤਾ ਵਿਚ ਸੁਧਾਰ ਆਏਗਾ। 2010 ਵਿਚ ਉਦਯੋਗਿਕ ਦੇਸ਼ਾਂ ਦੀ ਵਿਕਾਸ ਦਰ 2.2 ਫ਼ੀਸਦੀ ਸੀ। 2012 ਵਿਚ ਇਸ ਦੇ 2.5 ਫ਼ੀਸਦੀ ਤੱਕ ਵਧਣ ਦੇ ਆਸਾਰ ਹਨ। ਵਿਕਾਸਸ਼ੀਲ ਦੇਸ਼ਾਂ ਦੀ ਵਿਕਾਸ ਦਰ 6 ਫ਼ੀਸਦੀ ਦੇ ਪੱਧਰ 'ਤੇ ਕਾਇਮ ਰਹਿਣ ਦੀ ਉਮੀਦ ਹੈ। ਇਸ ਸਾਕਾਰਾਤਮਕ ਅੰਦਾਜ਼ੇ ਨਾਲ ਸੰਸਾਰ ਬੈਂਕ ਨੇ ਸਵੀਕਾਰ ਕੀਤਾ ਹੈ ਕਿ ਵਿਕਸਿਤ ਦੇਸ਼ਾਂ ਵਿਚ ਕਰਜ਼ੇ ਦੀ ਸਮੱਸਿਆ ਨਾਲ ਖ਼ਤਰਾ ਪੈਦਾ ਹੋ ਸਕਦਾ ਹੈ। ਦੂਸਰੇ ਮਾਹਿਰਾਂ ਦਾ ਮੰਨਣਾ ਹੈ ਕਿ ਕਰਜ਼ੇ ਦੇ ਨਾਲ-ਨਾਲ ਮਹਿੰਗਾਈ ਦੀ ਸਮੱਸਿਆ ਵੀ ਪੈਦਾ ਹੋ ਸਕਦੀ ਹੈ। ਸਾਡੇ ਸਾਹਮਣੇ ਦੋ ਪਰਸਪਰ ਵਿਰੋਧੀ ਹਾਲਾਤ ਮੌਜੂਦ ਹਨ। ਇਕ ਪਾਸੇ ਆਰਥਿਕ ਵਿਕਾਸ ਦਰ ਵਿਚ ਸੁਧਾਰ ਹੋ ਰਿਹਾ ਹੈ ਅਤੇ ਦੂਸਰੇ ਪਾਸੇ ਖ਼ਤਰਾ ਵਧ ਰਿਹਾ ਹੈ। ਸਵਾਲ ਇਹ ਹੈ ਕਿ ਇਸ ਵਿਚੋਂ ਕਿਹੜਾ ਰੁਝਾਨ ਭਾਰੂ ਸਿੱਧ ਹੋਵੇਗਾ?

ਇਸ ਪ੍ਰਸ਼ਨ ਦਾ ਉਤਰ ਲੱਭਣ ਲਈ ਸਾਨੂੰ ਪਿਛਲੇ ਤਿੰਨ ਸਾਲਾਂ ਵਿਚ ਪੈਦਾ ਹੋਏ ਸੰਸਾਰਵਿਆਪੀ ਸੰਕਟ ਦੇ ਕਾਰਨਾਂ ਨੂੰ ਸਮਝਣਾ ਪਵੇਗਾ। ਸੰਕਟ ਤੋਂ ਪਹਿਲਾਂ ਵਿਕਸਿਤ ਦੇਸ਼ ਤੇਜ਼ੀ ਨਾਲ ਅੱਗੇ ਵਧ ਰਹੇ ਸਨ। ਇਨ੍ਹਾਂ ਦੇਸ਼ਾਂ ਵਿਚ ਕਾਮਿਆਂ ਦੀਆਂ ਉਜਰਤਾਂ ਉੱਚੀਆਂ ਸਨ। ਅਮਰੀਕਾ ਵਿਚ ਗ਼ੈਰ-ਸਿੱਖਿਅਕ ਕਾਮੇ ਦੀ ਰੋਜ਼ਾਨਾ ਉਜਰਤ ਲਗਭਗ 4000 ਰੁਪਏ ਹੈ, ਭਾਰਤ ਵਿਚ ਇਹ ਕੇਵਲ 200 ਰੁਪਏ ਹੈ। ਇਸ ਕਮਾਈ ਨਾਲ ਵਿਕਸਿਤ ਦੇਸ਼ਾਂ ਦੇ ਲੋਕ ਭਾਰੀ ਮਾਤਰਾ ਵਿਚ ਖਪਤ ਕਰ ਰਹੇ ਸਨ। ਇਸ ਖਪਤ ਦੀ ਪੂਰਤੀ ਲਈ ਵਿਕਾਸਸ਼ੀਲ ਦੇਸ਼ਾਂ ਦੁਆਰਾ ਮਾਲ ਸਪਲਾਈ ਕੀਤਾ ਜਾ ਰਿਹਾ ਸੀ; ਜਿਵੇਂ ਭਾਰਤ ਤੋਂ ਬਾਸਮਤੀ ਚਾਵਲ ਅਤੇ ਚੀਨ ਤੋਂ ਖਿਡੌਣੇ। ਵਿਕਸਿਤ ਦੇਸ਼ਾਂ ਵਿਚ ਨਵੀਂ ਤਕਨੀਕ ਦਾ ਵਿਕਾਸ ਹੋ ਰਿਹਾ ਹੈ ਜਿਵੇਂ ਨਿੱਜੀ ਕੰਪਿਊਟਰ, ਇੰਟਰਨੈਟ, ਹਾਈਬ੍ਰਿਡ ਕਾਰ ਆਦਿ। ਇਹ ਹਾਈਟੈਕ ਮਾਲ ਬਰਾਮਦ ਕਰਕੇ ਇਹ ਦੇਸ਼ ਭਾਰੀ ਲਾਭ ਕਮਾ ਰਹੇ ਸਨ। ਇਸ ਲਾਭ ਕਾਰਨ ਉਹ ਆਪਣੇ ਕਾਮਿਆਂ ਨੂੰ ਉਚੀ ਤਨਖਾਹ ਦੇ ਰਹੇ ਸਨ। ਅਮਰੀਕਾ ਵਿਚ ਕਾਰ ਦੇ ਉਤਪਾਦਨ ਦੀ ਲਾਗਤ ਜ਼ਿਆਦਾ ਆਉਂਦੀ ਹੈ ਕਿਉਂਕਿ ਉਥੋਂ ਦੇ ਮਜ਼ਦੂਰਾਂ ਦੀ ਉਜਰਤ ਵਧੇਰੇ ਹੈ ਪਰ ਹਾਈਬ੍ਰਿਡ ਵਰਗੀਆਂ ਨਵੀਆਂ ਤਕਨੀਕਾਂ ਕਾਰਨ ਉਨ੍ਹਾਂ ਦਾ ਮਾਲ ਸੰਸਾਰ ਬਾਜ਼ਾਰ ਵਿਚ ਉਸੇ ਤਰ੍ਹਾਂ ਟਿਕਿਆ ਹੋਇਆ ਸੀ, ਜਿਵੇਂ ਡਿਜ਼ਾਈਨਦਾਰ ਕੱਪੜੇ ਬਣਾਉਣ ਵਾਲੇ ਦਰਜੀ ਦੀ ਉਜਰਤ ਉਚੀ ਹੁੰਦੀ ਹੈ।

ਵਿਕਾਸਸ਼ੀਲ ਦੇਸ਼ਾਂ ਦੀ ਇਹ ਸੁਖਮਈ ਹਾਲਤ ਪਿਛਲੇ 4-5 ਸਾਲਾਂ ਵਿਚ ਦਬਾਅ ਵਿਚ ਆ ਗਈ ਹੈ ਕਿਉਂਕਿ ਨਵੀਆਂ ਹਾਈਟੈਕ ਖੋਜਾਂ ਵਿਚ ਠਹਿਰਾਅ ਆ ਗਿਆ ਹੈ। ਨੱਬੇ ਦੇ ਦਹਾਕੇ ਵਿਚ ਇੰਟਰਨੈਟ ਤੋਂ ਬਾਅਦ ਸੰਸਾਰ ਵਿਚ ਕੋਈ ਵੀ ਪ੍ਰਭਾਵੀ ਤਕਨੀਕੀ ਖੋਜ ਨਹੀਂ ਹੋਈ। ਨਾਲ-ਨਾਲ ਵਿਦੇਸ਼ੀ ਨਿਵੇਸ਼ ਦੇ ਮਾਧਿਅਮ ਨਾਲ ਪੱਛਮੀ ਦੇਸ਼ਾਂ ਨੇ ਆਪਣੀਆਂ ਐਡਵਾਂਸ ਤਕਨੀਕਾਂ ਭਾਰਤ ਅਤੇ ਚੀਨ ਨੂੰ ਸੌਂਪ ਦਿੱਤੀਆਂ ਹਨ ਜਿਵੇਂ ਭਾਰਤ ਵਿਚ ਵੀ ਹਾਈਬ੍ਰਿਡ ਕਾਰ ਬਣਨ ਲੱਗੀ ਹੈ। ਇਸ ਪ੍ਰਕਾਰ ਪੱਛਮੀ ਦੇਸ਼ਾਂ ਦੀ ਵਿਸ਼ੇਸ਼ਤਾ ਖ਼ਤਮ ਹੋ ਗਈ ਹੈ। ਉਨ੍ਹਾਂ ਦੀਆਂ ਬਰਾਮਦਾਂ ਦਬਾਅ ਵਿਚ ਆ ਗਈਆਂ ਹਨ। ਉਨ੍ਹਾਂ ਦੇ ਕਾਮਿਆਂ ਦੇ ਵੇਤਨ ਉਚੇ ਸਨ, ਇਸ ਲਈ ਉਨ੍ਹਾਂ ਦੇ ਮਾਲ ਦੀ ਉਤਪਾਦਨ ਲਾਗਤ ਵੀ ਜ਼ਿਆਦਾ ਸੀ। ਉਸੇ ਗੁਣਵੱਤਾ ਦਾ ਮਾਲ ਵਿਕਾਸਸ਼ੀਲ ਦੇਸ਼ ਘੱਟ ਲਾਗਤ ਵਿਚ ਮੁਹੱਈਆ ਕਰਵਾਉਣ ਲੱਗੇ ਹਨ। ਨਤੀਜਾ ਇਹ ਹੋਇਆ ਕਿ ਸੰਸਾਰ ਬਾਜ਼ਾਰ ਵਿਚ ਅਮਰੀਕੀ ਮਾਲ ਦੀ ਵਿਕਰੀ ਠੱਪ ਹੋ ਗਈ। ਮਸਲਨ, ਅੱਜ ਅਮਰੀਕਾ ਵਿਚ ਕੱਪੜੇ ਬੁਣਨ ਦਾ ਉਦਯੋਗ ਪੂਰੀ ਤਰ੍ਹਾਂ ਬੰਦ ਹੋ ਚੁੱਕਾ ਹੈ। ਸਾਫਟਵੇਅਰ ਆਦਿ ਸੇਵਾਵਾਂ ਦੇ ਇਕਰਾਰਨਾਮੇ ਵੀ ਦੂਜੇ ਦੇਸ਼ਾਂ ਨੂੰ ਦਿੱਤੇ ਜਾਣ ਲੱਗੇ ਹਨ ਕਿਉਂਕਿ ਭਾਰਤ ਵਿਚ ਇੰਜੀਨੀਅਰਾਂ ਦੀ ਤਨਖਾਹ ਘੱਟ ਹੈ। ਸੰਸਾਰ ਬਾਜ਼ਾਰ ਵਿਚ ਨਾ ਟਿਕ ਸਕਣ ਕਾਰਨ ਵਿਕਸਿਤ ਦੇਸ਼ਾਂ ਨੂੰ ਆਪਣੇ ਕਾਮਿਆਂ ਦੀ ਤਨਖਾਹ ਵਿਚ ਕਟੌਤੀ ਕਰਨੀ ਪੈ ਰਹੀ ਹੈ; ਜਿਵੇਂ ਜਨਰਲ ਮੋਟਰਜ਼ ਨੇ ਆਪਣੇ ਕਾਮਿਆਂ ਨਾਲ ਸਮਝੌਤਾ ਕੀਤਾ ਹੈ। ਸੰਸਾਰਵਿਆਪੀ ਮੁਕਾਬਲੇ ਵਿਚ ਟਿਕਣ ਲਈ ਅਮਰੀਕੀ ਕਾਮਿਆਂ ਦੀ ਤਨਖਾਹ ਨੂੰ 4000 ਰੁਪਏ ਰੋਜ਼ਾਨਾ ਤੋਂ ਘਟਾ ਕੇ ਲਗਭਗ 500 ਰੁਪਏ ਪ੍ਰਤੀ ਦਿਨ ਕਰਨਾ ਪਵੇਗਾ।

ਪੱਛਮੀ ਦੇਸ਼ਾਂ ਦੇ ਨੇਤਾਵਾਂ ਨੇ ਤਨਖਾਹ ਕਟੌਤੀ ਦੀ ਇਸ ਮੌਲਿਕ ਪ੍ਰਵਿਰਤੀ ਨੂੰ ਨਹੀਂ ਸਮਝਿਆ। ਉਨ੍ਹਾਂ ਨੇ ਸੋਚਿਆ ਕਿ ਨਵੀਆਂ ਤਕਨੀਕਾਂ, ਮੈਨੇਜਮੈਂਟ ਵਿਚ ਸੁਧਾਰ ਅਤੇ ਬੁਨਿਆਦੀ ਢਾਂਚੇ ਦੇ ਪੁਨਰ-ਨਿਰਮਾਣ ਨਾਲ ਉਹ ਆਪਣੀ ਉਤਪਾਦਨ ਲਾਗਤ ਨੂੰ ਕੰਟਰੋਲ ਕਰ ਲੈਣਗੇ। ਅਜਿਹਾ ਸੰਭਵ ਹੋਵੇਗਾ, ਇਸ ਵਿਚ ਮੈਨੂੰ ਸ਼ੱਕ ਹੈ। ਇਸ ਕੰਮ ਵਿਚ ਸਮਾਂ ਲੱਗੇਗਾ, ਅਜਿਹਾ ਸੋਚ ਕੇ ਉਨ੍ਹਾਂ ਨੇ ਆਪਣੇ ਨਾਗਰਿਕਾਂ ਨੂੰ ਤਤਕਾਲ ਰਾਹਤ ਦਿਵਾਉਣ ਲਈ ਭਾਰੀ-ਭਰਕਮ ਉਤਸ਼ਾਹਿਤ ਕਰਨ ਵਾਲੇ ਪੈਕੇਜ ਬਣਾਏ ਹਨ। ਨੋਟ ਛਾਪ ਕੇ ਅਤੇ ਟੈਕਸ ਵਿਚ ਕਟੌਤੀ ਕਰਕੇ ਆਪਣੇ ਨਾਗਰਿਕਾਂ ਨੂੰ ਖਪਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਸਰਕਾਰੀ ਖਰਚ ਵਿਚ ਕਟੌਤੀ ਕਰਨ ਦੀ ਜਗ੍ਹਾ ਉਨ੍ਹਾਂ ਦੀ ਸਰਕਾਰ ਨੇ ਚੀਨ ਅਤੇ ਭਾਰਤ ਦੀਆਂ ਸਰਕਾਰਾਂ ਅਤੇ ਦੂਜੇ ਨਿਵੇਸ਼ਕਾਂ ਤੋਂ ਭਾਰੀ ਕਰਜ਼ੇ ਲਏ। ਇਹ ਨੀਤੀ ਸਫਲ ਹੁੰਦੀ ਜੇਕਰ ਨਿੱਜੀ ਹੈਲੀਕਾਪਟਰ ਵਰਗੀ ਕੋਈ ਨਵੀਂ ਤਕਨੀਕ ਦੀ ਖੋਜ ਹੋ ਜਾਂਦੀ ਪਰ ਨਵੀਆਂ ਖੋਜਾਂ ਦੀ ਘਾਟ ਆਉਣ ਵਾਲੇ ਸਮੇਂ ਵਿਚ ਘਾਤਕ ਸਿੱਧ ਹੋਵੇਗੀ।

> ***ਵਿਕਸਿਤ ਦੇਸ਼ਾਂ ਵਿਚ ਕਰਜ਼ੇ ਦੀ ਸਮੱਸਿਆ ਨਾਲ ਖ਼ਤਰਾ ਪੈਦਾ ਹੋ ਸਕਦਾ ਹੈ। ਕਰਜ਼ੇ ਦੇ ਨਾਲ-ਨਾਲ ਮਹਿੰਗਾਈ ਦੀ ਸਮੱਸਿਆ ਵੀ ਪੈਦਾ ਹੋ ਸਕਦੀ ਹੈ। ਸਾਡੇ ਸਾਹਮਣੇ ਦੋ ਪਰਸਪਰ ਵਿਰੋਧੀ ਹਾਲਾਤ ਮੌਜੂਦ ਹਨ। ਇਕ ਪਾਸੇ ਆਰਥਿਕ ਵਿਕਾਸ ਦਰ ਵਿਚ ਸੁਧਾਰ ਹੋ ਰਿਹਾ ਹੈ ਅਤੇ ਦੂਸਰੇ ਪਾਸੇ ਖ਼ਤਰਾ ਵਧ ਰਿਹਾ ਹੈ। ਸਵਾਲ ਇਹ ਹੈ ਕਿ ਇਸ ਵਿਚੋਂ ਕਿਹੜਾ ਰੁਝਾਨ ਭਾਰੂ ਸਿੱਧ ਹੋਵੇਗਾ?***

ਅਮਰੀਕਾ ਵਿਚ ਉਤਸ਼ਾਹਿਤ ਕਰਨ ਵਾਲੇ ਪੈਕੇਜਾਂ ਦੇ ਅੰਤਰਗਤ ਟੈਕਸ ਵਿਚ ਰਿਆਇਤ ਵਧਾਈ ਗਈ ਹੈ। ਸਿੱਟੇ ਵਜੋਂ ਸਰਕਾਰ ਦੀ ਕਮਾਈ ਘੱਟ ਹੋ ਰਹੀ ਹੈ। ਇਸ ਲਈ ਸਰਕਾਰ ਨੂੰ ਨੋਟ ਜ਼ਿਆਦਾ ਛਾਪਣੇ ਪੈ ਰਹੇ ਹਨ। ਉਤਸ਼ਾਹਿਤ ਕਰਨ ਵਾਲੇ ਪੈਕੇਜਾਂ ਦੇ ਅਧੀਨ ਸਰਕਾਰੀ ਖਰਚ ਵੀ ਵਧਾਏ ਜਾ ਰਹੇ ਹਨ ਜਿਵੇਂ ਪੁਰਾਣੀ ਕਾਰ ਨੂੰ ਰੱਦੀ ਦੇ ਢੇਰ ਵਿਚ ਸੁੱਟ ਕੇ ਜ਼ਿਆਦਾ ਔਸਤ ਦੇਣ ਵਾਲੀ ਨਵੀਂ ਕਾਰ ਖਰੀਦਣ ਲਈ ਨਾਗਰਿਕਾਂ ਨੂੰ ਸਬਸਿਡੀ ਦਿੱਤੀ ਗਈ ਹੈ। ਇਨ੍ਹਾਂ ਖਰਚਿਆਂ ਨੂੰ ਕੰਟਰੋਲ ਕਰਨ ਲਈ ਸਰਕਾਰ ਨੂੰ ਦੁਬਾਰਾ ਨੋਟ ਛਾਪਣੇ ਪੈ ਰਹੇ ਹਨ। ਨੋਟ ਛਾਪਣ ਨਾਲ ਘਰੇਲੂ ਅਰਥ-ਵਿਵਸਥਾ ਵਿਚ ਮਹਿੰਗਾਈ ਪੈਰ ਜਮਾ ਰਹੀ ਹੈ। ਸਰਕਾਰੀ ਖਰਚਿਆਂ ਨੂੰ ਕੰਟਰੋਲ ਕਰਨ ਲਈ ਭਾਰੀ ਕਰਜ਼ੇ ਵੀ ਲਏ ਜਾ ਰਹੇ ਹਨ। ਸਿੱਟੇ ਵਜੋਂ ਇਨ੍ਹਾਂ ਦੇਸ਼ਾਂ ਦੀ ਮੁਦਰਾ ਵੀ ਦਬਾਅ ਵਿਚ ਆ ਰਹੀ ਹੈ। ਇਹ ਦੇਸ਼ ਮਹਿੰਗਾਈ ਅਤੇ ਕਰਜ਼ ਦੀ ਦੋਹਰੀ ਦਲਦਲ ਵਿਚ ਧਸਦੇ ਜਾ ਰਹੇ ਹਨ।

ਇਸ ਪ੍ਰਸੰਗ ਵਿਚ 2011 ਦੇ ਸੰਸਾਰਵਿਆਪੀ ਹਾਲਾਤ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਅਮਰੀਕਾ ਅਤੇ ਇੰਗਲੈਂਡ ਵਿਚ ਕਾਮਿਆਂ ਦੀ ਤਨਖਾਹ ਵਿਚ ਕਟੌਤੀ ਦਾ ਦਬਾਅ ਜਾਰੀ ਰਹੇਗਾ। ਮਹਿੰਗਾਈ ਵਧਣ ਅਤੇ ਮੁਦਰਾ ਟੁੱਟਣ ਕਾਰਨ ਇਨ੍ਹਾਂ ਨੂੰ ਮਜਬੂਰੀਵਸ ਉਤਸ਼ਾਹਿਤ ਕਰਨ ਵਾਲੇ ਪੈਕੇਜਾਂ ਨੂੰ ਖ਼ਤਮ ਕਰਨਾ ਹੀ ਪਵੇਗਾ। ਉਤਸ਼ਾਹਿਤ ਕਰਨ ਵਾਲੇ ਪੈਕੇਜਾਂ ਨੂੰ ਖ਼ਤਮ ਕਰਦੇ ਹੀ ਤਨਖਾਹ ਵਿਚ ਕਟੌਤੀ ਦਾ ਦਬਾਅ ਤੇਜ਼ੀ ਨਾਲ ਸਾਹਮਣੇ ਆਏਗਾ ਅਤੇ ਲੋਕਾਂ ਵਿਚ ਹਾਹਾਕਾਰ ਮਚ ਜਾਏਗੀ। ਲੋਕਾਂ ਦੇ ਗੁੱਸੇ ਕਾਰਨ ਇਨ੍ਹਾਂ ਦੇਸ਼ਾਂ ਨੂੰ ਰੱਖਿਆਤਮਕ ਨੀਤੀਆਂ ਅਪਨਾਉਣੀਆਂ ਪੈਣਗੀਆਂ ਪਰ ਇਨ੍ਹਾਂ ਨਾਲ ਵੀ ਵਿਸ਼ੇਸ਼ ਰਾਹਤ ਨਹੀਂ ਮਿਲੇਗੀ ਕਿਉਂਕਿ ਆਪਣੀ ਵਰਤਮਾਨ ਖਪਤ ਨੂੰ ਬਣਾਈ ਰੱਖਣ ਲਈ ਇਨ੍ਹਾਂ ਨੂੰ ਭਾਰੀ ਮਾਤਰਾ ਵਿਚ ਵਿਦੇਸ਼ਾਂ ਤੋਂ ਤੇਲ, ਕੱਪੜਾ, ਰਬੜ ਆਦਿ ਮਾਲ ਦਰਾਮਦ ਕਰਨਾ ਪੈਂਦਾ ਹੈ ਜੋ ਮੁਸ਼ਕਿਲ ਹੁੰਦਾ ਜਾਏਗਾ। ਇਸ ਲਈ ਅਮਰੀਕਾ ਅਤੇ ਇੰਗਲੈਂਡ ਦੇ ਹਾਲਾਤ ਨਾਕਾਰਾਤਮਕ ਹਨ।

ਸਵਾਲ ਸਿਰਫ਼ ਇਹੀ ਹੈ ਕਿ ਉਤਸ਼ਾਹਿਤ ਕਰਨ ਵਾਲੇ ਪੈਕੇਜਾਂ ਤੋਂ ਪਿੱਛੇ ਹਟਣ ਦਾ ਕੰਮ ਕਦੋਂ ਚਾਲੂ ਹੋਵੇਗਾ? ਸੰਭਵ ਹੈ ਕਿ ਇਹ 2011 ਵਿਚ ਨਹੀਂ ਬਲਕਿ 2012 ਵਿਚ ਹੋਵੇ। ਇਸ ਲਈ 2011 ਵਿਚ ਹਾਲਤ ਸਾਧਾਰਨ ਜਿਹੀ ਰਹੇਗੀ। ਯੂਰਪ ਦੀ ਹਾਲਤ ਜ਼ਿਆਦਾ ਖਰਾਬ ਹੈ। ਅਮਰੀਕਾ ਤੇ ਇੰਗਲੈਂਡ ਨੇ ਕਾਮਿਆਂ ਦੀ ਤਨਖਾਹ ਵਿਚ ਕਟੌਤੀ ਨੂੰ ਅੰਸ਼ਿਕ ਰੂਪ ਨਾਲ ਸਵੀਕਾਰ ਕਰ ਲਿਆ ਹੈ ਪਰ ਯੂਰਪ ਨੇ ਅਜਿਹਾ ਘੱਟ ਹੀ ਕੀਤਾ ਹੈ। ਸਿੱਟੇ ਵਜੋਂ ਯੂਰਪੀ ਦੇਸ਼ਾਂ ਦੀ ਹਾਲਤ ਅੰਦਰੋਂ ਜ਼ਿਆਦਾ ਖੋਖਲੀ ਹੁੰਦੀ ਜਾ ਰਹੀ ਹੈ, ਜਿਵੇਂ ਗਰੀਸ, ਆਇਰਲੈਂਡ ਅਤੇ ਪੁਰਤਗਾਲ ਦੇ ਵਿੱਤੀ ਸੰਕਟ ਤੋਂ ਪਤਾ ਲਗਦਾ ਹੈ। ਜਰਮਨੀ ਅਤੇ ਫਰਾਂਸ ਵਰਗੇ ਦੇਸ਼ਾਂ ਵਿਚ ਵੀ ਇਹ ਸੰਕਟ ਜਲਦ ਹੀ ਫੈਲੇਗਾ। ਯੂਰਪੀ ਸੰਘ ਦੇ ਬਣੇ ਰਹਿਣ ਬਾਰੇ ਵੀ ਸ਼ੱਕ ਪੈਦਾ ਹੋਵੇਗਾ। ਦੁਹਰਾਉਣਾ ਪਵੇਗਾ ਕਿ ਇਹ ਖਰਾਬ ਹਾਲਤ 2011 ਤੋਂ ਬਾਅਦ ਵੀ ਪੈਦਾ ਹੋ ਸਕਦੀ ਹੈ।

ਭਾਰਤ ਅਤੇ ਚੀਨ ਸਮੇਤ ਦੂਜੇ ਵਿਕਾਸਸ਼ੀਲ ਦੇਸ਼ਾਂ ਦੀ ਹਾਲਤ ਪੱਛਮੀ ਦੇਸ਼ਾਂ ਦੀ ਤੁਲਨਾ ਵਿਚ ਮਜ਼ਬੂਤ ਰਹੇਗੀ। 2011 ਵਿਚ ਇਨ੍ਹਾਂ 'ਤੇ ਦੋ ਵਿਰੋਧੀ ਪ੍ਰਭਾਵ ਪੈਣਗੇ। ਪੱਛਮੀ ਦੇਸ਼ਾਂ ਦੇ ਸੰਕਟ ਦੇ ਵਧਣ ਨਾਲ ਇਨ੍ਹਾਂ 'ਤੇ ਨਾਕਾਰਾਤਮਕ ਪ੍ਰਭਾਵ ਪਵੇਗਾ। ਪੱਛਮੀ ਨਿਵੇਸ਼ਕ ਘਬਰਾ ਕੇ ਸਾਡੇ ਸ਼ੇਅਰ ਬਾਜ਼ਾਰਾਂ ਵਿਚ ਸ਼ੇਅਰ ਵੇਚ ਕੇ ਆਪਣੀ ਪੂੰਜੀ ਵਾਪਸ ਆਪਣੇ ਦੇਸ਼ ਲਿਜਾ ਸਕਦੇ ਹਨ। ਦੂਜੇ ਪਾਸੇ, ਇਨ੍ਹਾਂ ਦੀ ਹਾਲਤ ਸੁਧਰੇਗੀ। ਉਤਸ਼ਾਹਿਤ ਕਰਨ ਵਾਲੇ ਪੈਕੇਜਾਂ ਦੇ ਖ਼ਤਮ ਹੋਣ ਦੇ ਨਾਲ-ਨਾਲ ਪੱਛਮੀ ਦੇਸ਼ਾਂ ਦਾ ਮਾਲ ਸੰਸਾਰ ਬਾਜ਼ਾਰ ਵਿਚ ਮਹਿੰਗਾ ਹੁੰਦਾ ਜਾਏਗਾ। ਨਾਲ-ਨਾਲ ਸਾਡੇ ਮਾਲ ਦੀ ਵਿਕਰੀ ਵੀ ਵਧੇਗੀ। ਪੱਛਮੀ ਦੇਸ਼ਾਂ ਦੁਆਰਾ ਰੱਖਿਆਤਮਕ ਨੀਤੀ ਅਪਨਾਉਣ ਕਾਰਨ ਇਹ ਸਾਰਾਕਾਤਮਕ ਪ੍ਰਭਾਵ ਕੁਝ ਨਰਮ ਪੈ ਸਕਦਾ ਹੈ ਪਰ ਮੂਲ ਰੁਝਾਨ ਸਾਡੀ ਮੁਕਾਬਲਾ ਸ਼ਕਤੀ ਦੇ ਵਧਣ ਦਾ ਹੋਵੇਗਾ। ਅੰਦਾਜ਼ਾ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੀ ਮੂਲ ਚਾਲ ਅੱਗੇ ਵਧਣ ਵਾਲੀ ਹੋਵੇਗੀ। ਸੰਖੇਪ ਵਿਚ ਪੱਛਮੀ ਦੇਸ਼ਾਂ ਦਾ ਸੰਕਟ ਹੋਰ ਵਧੇਗਾ ਅਤੇ ਵਿਕਾਸਸ਼ੀਲ ਦੇਸ਼ਾਂ ਦੀ ਹਾਲਤ ਰੁਕ-ਰੁਕ ਕੇ ਉਪਰ ਵੱਲ ਜਾਣ ਵਾਲੀ ਹੋਵੇਗੀ।






# ਚੀਨ ਨੇ ਅਮਰੀਕਾ ਨੂੰ ਸੁਣਾਈਆਂ ਖਰੀਆਂ-ਖਰੀਆਂ

**ਵਾਸ਼ਿੰਗਟਨ:** ਅਮਰੀਕਾ ਦੇ ਚਾਰ ਦਿਨਾਂ ਦੌਰੇ 'ਤੇ ਆਏ ਚੀਨੀ ਰਾਸ਼ਟਰਪਤੀ ਹੂ ਜਿੰਤਾਓ ਨੇ ਭਾਵੇਂ ਕਈ ਵਪਾਰਕ ਸਮਝੌਤਿਆਂ 'ਤੇ ਸਹੀ ਤਾਂ ਪਾਈ ਪਰ ਸਿਆਸੀ ਤੇ ਕੂਟਨੀਤਕ ਮਾਮਲਿਆਂ 'ਤੇ ਅਮਰੀਕਾ ਨੂੰ ਖਰੀਆਂ-ਖਰੀਆਂ ਸੁਣਾਈਆਂ। ਚੀਨੀ ਰਾਸ਼ਟਰਪਤੀ ਨੇ ਜਿੱਥੇ ਅਮਰੀਕਾ ਵੱਲੋਂ ਉਠਾਏ ਮਨੁੱਖੀ ਹੱਕਾਂ ਬਾਰੇ ਮਾਮਲੇ 'ਤੇ ਕੋਈ ਹਾਂ ਪੱਖੀ ਹੁੰਗਾਰਾ ਨਾ ਭਰਿਆ ਉਥੇ ਅਮਰੀਕਾ ਨੂੰ ਕਿਹਾ ਕਿ ਉਹ ਤਿੱਬਤ ਮਾਮਲੇ ਤੋਂ ਦੂਰ ਹੀ ਰਹੇ ਨਹੀਂ ਤਾਂ ਦੁਵੱਲੇ ਰਿਸ਼ਤਿਆਂ 'ਚ ਕੁੜੱਤਣ ਆ ਸਕਦੀ ਹੈ।





ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਤਿੱਬਤ ਦੇ ਨੁਮਾਇੰਦਿਆਂ ਨਾਲ ਗੱਲਬਾਤ ਰਾਹੀਂ ਮਾਮਲਾ ਹੱਲ ਕਰਨ ਦੀ ਸਲਾਹ ਦੇਣ ਪਿੱਛੋਂ ਚੀਨ ਨੇ ਅਮਰੀਕਾ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਉਹ ਤਿੱਬਤ ਮਾਮਲੇ ਤੋਂ ਦੂਰ ਹੀ ਰਹੇ। ਚੀਨ ਨੇ ਰਾਸ਼ਟਰਪਤੀ ਹੂ ਜਿੰਤਾਓ ਨੇ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਕਿਹਾ ਹੈ ਕਿ ਇਹ ਚੀਨ ਦਾ ਅੰਦਰੂਨੀ ਮਾਮਲਾ ਹੈ ਤੇ ਉਹ ਇਸ ਬਾਰੇ ਬਾਹਰੀ ਦਖ਼ਲ ਬਰਦਾਸ਼ਤ ਨਹੀਂ ਕਰ ਸਕਦੇ। ਅਮਰੀਕੀ ਦੌਰੇ ਦੌਰਾਨ ਚੀਨ ਦੇ ਰਾਸ਼ਟਰਪਤੀ ਜਿੰਤਾਓ ਨੇ ਕਿਹਾ ਕਿ ਤਾਇਵਾਨ ਤੇ ਤਿੱਬਤ ਮਾਮਲੇ ਦੇਸ਼ ਦੇ ਹਿੱਤ ਨਾਲ ਜੁੜੇ ਹੋਏ ਹਨ ਤੇ ਇਨ੍ਹਾਂ ਬਾਰੇ ਗੱਲ ਕਰਨ ਲੱਗਿਆਂ ਚੀਨ ਦੇ 1.3 ਅਰਬ ਲੋਕਾਂ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਿਆ ਜਾਣਾ ਚਾਹੀਦਾ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਉਹ ਤਿੱਬਤ ਨੂੰ ਚੀਨ ਦਾ ਹੀ ਅੰਗ ਮੰਨਦੇ ਹਨ ਪਰ ਇਸ ਮਸਲੇ ਦੇ ਹੱਲ ਲਈ ਦਲਾਈਲਾਮਾ ਦੇ ਨੁਮਾਇੰਦਿਆਂ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਇਸ ਤੋਂ ਪਹਿਲਾਂ ਮਨੁੱਖੀ ਹੱਕਾਂ ਬਾਰੇ ਵੀ ਅਮਰੀਕਾ ਦੀ ਅਪੀਲ 'ਤੇ ਚੀਨ ਨੇ ਕੋਈ ਬਹੁਤਾ ਹੁੰਗਾਰਾ ਨਹੀਂ ਭਰਿਆ। ਇਸ ਦੌਰੇ ਦੌਰਾਨ ਭਾਵੇਂ ਦੋਵਾਂ ਮੁਲਕਾਂ 'ਚ ਕੁਝ ਵਪਾਰਕ ਸਮਝੌਤੇ ਹੋਏ ਹਨ ਪਰ ਕੂਟਨੀਤਕ ਪੱਧਰ 'ਤੇ ਕੋਈ ਬਹੁਤੇ ਸਿੱਟੇ ਸਾਹਮਣੇ ਨਹੀਂ ਆਏ। ਭਾਵੇਂ ਦੋਵਾਂ ਆਗੂਆਂ ਦੀ ਮੀਟਿੰਗ ਤੋਂ ਪਿੱਛੋਂ ਸਾਂਝੀ ਕਾਨਫਰੰਸ 'ਚ ਚੀਨੀ ਰਾਸ਼ਟਰਪਤੀ ਨੇ ਇਸ ਮਸਲੇ 'ਤੇ ਕੋਈ ਹੁੰਗਾਰਾ ਨਹੀਂ ਭਰਿਆ ਸੀ ਪਰ ਅਮਰੀਕਾ-ਚੀਨ ਵਪਾਰ ਕੌਂਸਲ ਵੱਲੋਂ ਕਰਵਾਏ ਸਮਾਗਮ 'ਚ ਬੋਲਦਿਆਂ ਸ੍ਰੀ ਜਿੰਤਾਓ ਨੇ ਕਿਹਾ ਕਿ ਹੁਣ ਤਕ ਦੇ ਇਤਿਹਾਸ 'ਤੇ ਨਜ਼ਰ ਮਾਰਦਿਆਂ ਪਤਾ ਲੱਗਦਾ ਹੈ ਕਿ ਚੀਨ ਤੇ ਅਮਰੀਕਾ ਦੇ ਰਿਸ਼ਤੇ ਉਦੋਂ ਹੀ ਨੇੜਤਾ ਤੇ ਨਿੱਘ ਵਾਲੇ ਰਹੇ ਹਨ ਜਦੋਂ ਦੋਵਾਂ ਦੇਸ਼ਾਂ ਨੇ ਇਕ-ਦੂਜੇ ਦੇ ਅਹਿਮ ਹਿੱਤਾਂ ਨੂੰ ਧਿਆਨ 'ਚ ਰੱਖਿਆ ਹੈ, ਨਹੀਂ ਤਾਂ ਦੋਵਾਂ ਮੁਲਕਾਂ ਨੂੰ ਤਣਾਅ ਤੇ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਤਾਇਵਾਨ ਤੇ ਤਿੱਬਤ ਨਾਲ ਸਬੰਧਿਤ ਮਾਮਲੇ ਚੀਨ ਦੀ ਪ੍ਰਭੂਸੱਤਾ ਤੇ ਸਰਹੱਦੀ ਏਕਤਾ ਨਾਲ ਜੁੜੇ ਹੋਏ ਹਨ ਤੇ ਇਹ ਚੀਨ ਦੇ ਅਹਿਮ ਹਿੱਤਾਂ ਦੀ ਨੁਮਾਇੰਦਗੀ ਕਰਦੇ ਹਨ। ਉਨ੍ਹਾਂ ਅਮਰੀਕਾ ਨੂੰ ਸਲਾਹ ਦਿੱਤੀ ਕਿ ਚੀਨ ਦੇ 1.3 ਅਰਬ ਲੋਕਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਉਹ ਆਪਣੇ ਵਾਅਦਿਆਂ ਨੂੰ ਪੂਰਾ ਕਰਦੇ ਹੋਏ ਨਿੱਘੇ ਰਿਸ਼ਤਿਆਂ ਨੂੰ ਬਰਕਰਾਰ ਰੱਖੇਗਾ।

## ਨਿਊ ਜਰਸੀ ਵਿਚ ਪਹਿਲਾ ਭਾਰਤੀ ਜੱਜ

**ਵਾਸ਼ਿੰਗਟਨ:** ਨਿਊ ਜਰਸੀ 'ਚ ਪਹਿਲੇ ਪਰਵਾਸੀ ਭਾਰਤੀ ਨੂੰ ਜੱਜ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ।

ਨਿਊ ਜਰਸੀ ਦੇ ਗਵਰਨਰ ਕ੍ਰਿਸ ਕ੍ਰਿਸਟੀ ਨੇ ਪਰਵਾਸੀ ਭਾਰਤੀ ਸੁਹੇਲ ਮੁਹੰਮਦ ਨੂੰ ਸੂਬੇ ਦੇ ਅਹਿਮ ਜੱਜ ਵਜੋਂ ਨਿਯੁਕਤ ਕੀਤਾ ਹੈ। ਇਸ ਨਿਯੁਕਤੀ ਨੂੰ ਮਨਜ਼ੂਰੀ ਮਿਲਣ ਤੋਂ ਪਿਛੋਂ ਨਿਊ ਜਰਸੀ 'ਚ ਸੁਹੇਲ ਮੁਹੰਮਦ ਪਹਿਲਾ ਪਰਵਾਸੀ ਭਾਰਤੀ ਤੇ ਦੂਜਾ ਮੁਸਲਮਾਨ ਜੱਜ ਹੋਵੇਗਾ। ਨਿਊ ਜਰਸੀ ਸੂਬੇ 'ਚ ਪਰਵਾਸੀ ਭਾਰਤੀਆਂ ਦੀ ਗਿਣਤੀ ਕਾਫ਼ੀ ਹੈ।

## ਸਾਬਕਾ ਨੇਪਾਲੀ ਗੁਰੀਲੇ ਹੁਣ ਵਿਸ਼ੇਸ਼ ਕਮੇਟੀ ਦੀ ਨਿਗਰਾਨੀ ਹੇਠ

**ਕਾਠਮੰਡੂ:** ਨੇਪਾਲ ਵਿਚ ਅਮਨ ਅਮਲ ਦੀ ਨਿਗਰਾਨੀ ਕਰਨ ਵਾਲਾ ਸੰਯੁਕਤ ਰਾਸ਼ਟਰ ਦਾ ਵਿਸ਼ੇਸ਼ ਮਿਸ਼ਨ ਮੁਲਕ ਵਿਚੋਂ ਚਲੇ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਵਿਸ਼ੇਸ਼ ਕਮੇਟੀ ਨੇ ਸਾਬਕਾ ਮਾਓਵਾਦੀ ਗੁਰੀਲਿਆਂ ਅਤੇ ਨੇਪਾਲੀ ਫੌਜ ਦੀ ਨਿਗਰਾਨੀ ਦਾ ਕੰਮ ਸੰਭਾਲ ਲਿਆ। ਇਸ ਤੋਂ ਪਹਿਲਾਂ ਮੁਲਕ ਦੀ ਕੰਮ ਚਲਾਊ ਸਰਕਾਰ ਅਤੇ ਮੁੱਖ ਵਿਰੋਧੀ ਧਿਰ ਯੂਨਾਈਟਿਡ ਕਮਿਊਨਿਸਟ ਪਾਰਟੀ ਆਫ ਨੇਪਾਲ (ਮਾਓਵਾਦੀ) ਦੀ ਮਾਓਵਾਦੀ ਫੌਜ ਭਾਵ ਪੀਪਲਜ਼ ਲਿਬਰੇਸ਼ਨ ਆਰਮੀ ਨੂੰ ਵਿਸ਼ੇਸ਼ ਕਮੇਟੀ ਦੀ ਨਿਗਰਾਨੀ ਹੇਠ ਲਿਆਉਣ ਲਈ ਸਹਿਮਤੀ ਬਣ ਗਈ। ਯਾਦ ਰਹੇ ਕਿ ਸੰਯੁਕਤ ਰਾਸ਼ਟਰ ਦਾ ਅਮਨ ਮਿਸ਼ਨ 15 ਜਨਵਰੀ ਨੂੰ ਮੁਲਕ ਤੋਂ ਰੁਖ਼ਸਤ ਹੋ ਗਿਆ ਸੀ।

ਨਿਗਰਾਨੀ ਸੰਭਾਲਣ ਸਬੰਧੀ ਸਮਾਗਮ ਸਾਬਕਾ ਗੁਰੀਲਿਆਂ ਦੀਆਂ 7 ਮੁੱਖ ਛਾਉਣੀਆਂ ਵਿਚੋਂ ਇਕ ਅਤੇ ਚਿਤਵਨ ਜ਼ਿਲ੍ਹੇ ਵਿਚ ਸ਼ਕਤੀਖੋਰ ਛਾਉਣੀ ਵਿਖੇ ਹੋਇਆ। ਇਸ ਮੌਕੇ ਕੰਮ ਚਲਾਊ ਪ੍ਰਧਾਨ ਮੰਤਰੀ ਮਾਧਵ ਨੇਪਾਲ, ਮਾਓਵਾਦੀਆਂ ਦੇ ਮੁਖੀ ਪ੍ਰਚੰਡ ਅਤੇ ਚੋਟੀ ਦੇ ਹੋਰ ਆਗੂ ਹਾਜ਼ਰ ਸਨ। ਸ੍ਰੀ ਨੇਪਾਲ ਅਤੇ ਸ੍ਰੀ ਪ੍ਰਚੰਡ ਨੇ ਸਾਬਕਾ ਗੁਰੀਲਿਆਂ ਨੂੰ ਵਿਸ਼ੇਸ਼ ਕਮੇਟੀ ਦੀ ਨਿਗਰਾਨੀ ਹੇਠ ਲਿਆਉਣ ਲਈ ਸਮਝੌਤੇ 'ਤੇ ਦਸਤਖ਼ਤ ਕੀਤੇ। ਸੰਯੁਕਤ ਰਾਸ਼ਟਰ ਮਿਸ਼ਨ ਦੇ ਮੁਲਕ ਵਿਚ ਚਾਰ ਸਾਲ ਬਿਤਾ ਕੇ ਜਾਣ ਮਗਰੋਂ ਇਹ ਕਮੇਟੀ 19 ਹਜ਼ਾਰ ਦੀ ਮਾਓਵਾਦੀ ਫੌਜ ਦੀ ਨਿਗਰਾਨੀ, ਮੁੜ ਵਸੇਬੇ ਅਤੇ ਉਨ੍ਹਾਂ ਨੂੰ ਫੌਜ ਵਿਚ ਸ਼ਾਮਲ ਕਰਨ ਲਈ ਜ਼ਿੰਮੇਵਾਰ ਹੋਵੇਗੀ।

## ਬਰਤਾਨੀਆ ਦਾ ਵਿਰੋਧੀ ਆਗੂ ਸਿਆਸਤ ਤੋਂ ਬਾਹਰ

**ਲੰਡਨ:** ਪਤਨੀ ਦੇ ਨਾਜਾਇਜ਼ ਸਬੰਧਾਂ ਦਾ ਭੇਦ ਖੁੱਲ੍ਹਣ ਪਿੱਛੋਂ ਬਰਤਾਨੀਆ ਦੀ ਵਿਰੋਧੀ ਲੇਬਰ ਪਾਰਟੀ ਵੱਲੋਂ ਨਾਮਜ਼ਦ ਚਾਂਸਲਰ (ਸ਼ੈਡੋ ਚਾਂਸਲਰ) ਐਲਨ ਜੌਹਨਸਨ ਨੇ ਮੁਲਕ ਦੀ ਸਰਗਰਮ ਸਿਆਸਤ ਤੋਂ ਸੰਨਿਆਸ ਲੈ ਲਿਆ ਹੈ। ਉਨ੍ਹਾਂ ਦੀ ਪਤਨੀ ਦੇ ਉਨ੍ਹਾਂ (ਸ੍ਰੀ ਜੌਹਨਸਨ) ਦੀ ਸੁਰੱਖਿਆ ਲਈ ਤਾਇਨਾਤ ਗਾਰਡ ਨਾਲ ਨਾਜਾਇਜ਼ ਰਿਸ਼ਤੇ ਸਨ। ਸ੍ਰੀ ਜੌਹਨਸਨ (60) ਨੇ ਆਪਣੀ ਪਤਨੀ ਲੌਰਾ (47) ਤੋਂ ਵੀ ਸਬੰਧ ਤੋੜ ਲਏ ਹਨ।

'ਡੇਲੀ ਮੇਲ' 'ਚ ਛਪੀ ਰਿਪੋਰਟ ਅਨੁਸਾਰ ਉਨ੍ਹਾਂ ਦੇ ਅਸਤੀਫ਼ੇ ਦੇ ਕੁਝ ਘੰਟਿਆਂ ਬਾਅਦ ਹੀ ਮੁਲਕ ਦੀ ਸਕਾਟਲੈਂਡ ਯਾਰਡ ਪੁਲਿਸ ਨੇ ਆਪਣੇ ਅਧਿਕਾਰੀ ਪੌਲ ਰਾਇਸ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਸ਼ੁਰੂ ਕਰ ਦਿੱਤੀ ਜਿਨ੍ਹਾਂ ਉੱਤੇ ਲੌਰਾ ਨਾਲ ਨਾਜਾਇਜ਼ ਸਬੰਧ ਬਣਾਉਣ ਦਾ ਦੋਸ਼ ਹੈ।ਉਸ ਨੂੰ ਅਤਿਵਾਦ ਤੋਂ ਖ਼ਤਰੇ ਦੇ ਮੱਦੇਨਜ਼ਰ ਉਦੋਂ ਸ੍ਰੀ ਜੌਹਨਸਨ ਦੀ ਸੁਰੱਖਿਆ ਲਈ ਤਾਇਨਾਤ ਕੀਤਾ ਗਿਆ ਸੀ ਜਦੋਂ ਉਹ ਮੁਲਕ ਦੀ ਪਿਛਲੀ ਲੇਬਰ ਸਰਕਾਰ ਵੇਲੇ ਗ੍ਰਹਿ ਮੰਤਰੀ ਸਨ। ਇਸ ਵੇਲੇ ਉਹ ਮੌਜੂਦਾ ਗ੍ਰਹਿ ਮੰਤਰੀ ਥਰੇਸਾ ਮੇਅ ਦੀ ਸੁਰੱਖਿਆ ਵਿਚ ਤਾਇਨਾਤ ਹੈ ਜਿਸ ਨੂੰ ਛੇਤੀ ਹੀ ਮੁਅੱਤਲ ਕੀਤਾ ਜਾ ਸਕਦਾ ਹੈ।

ਸ੍ਰੀ ਜੌਹਨਸਨ ਨੇ ਆਪਣੀ ਦੂਜੀ ਪਤਨੀ ਬੀਬੀ ਲੌਰਾ ਨਾਲ 1991 'ਚ ਵਿਆਹ ਕਰਵਾਇਆ ਸੀ ਤੇ ਉਨ੍ਹਾਂ ਦਾ 10 ਸਾਲਾਂ ਦਾ ਇਕ ਲੜਕਾ ਹੈ। 21 ਜਨਵਰੀ ਨੂੰ ਛਪੀਆਂ ਖ਼ਬਰਾਂ ਅਨੁਸਾਰ ਇਹ ਵਿਆਹ ਟੁੱਟ ਗਿਆ ਹੈ। ਉਨ੍ਹਾਂ ਦੀ ਥਾਂ ਮੌਜੂਦਾ ਸ਼ੈਡੋ ਗ੍ਰਹਿ ਮੰਤਰੀ ਐਡ ਬਾਲਜ਼ ਨੂੰ ਨਵਾਂ ਸ਼ੈਡੋ ਚਾਂਸਲਰ ਨਿਯੁਕਤ ਕੀਤਾ ਗਿਆ ਹੈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਨੂੰ ਇਸ ਨਾਜਾਇਜ਼ ਰਿਸ਼ਤੇ ਬਾਰੇ ਜਾਣੂ ਕਰਵਾ ਦਿੱਤਾ ਗਿਆ ਸੀ। ਉਨ੍ਹਾਂ ਦੇ ਇਸ ਫੈਸਲੇ ਨੇ ਵਿਰੋਧੀ ਲੇਬਰ ਪਾਰਟੀ ਨੂੰ ਭਾਰੀ ਮੁਸ਼ਕਲ 'ਚ ਪਾ ਦਿੱਤਾ ਹੈ। ਇਸ ਕਾਰਨ ਪਾਰਟੀ ਆਗੂ ਐਡ ਮਿਲੀਬੈਂਡ ਨੂੰ ਉਨ੍ਹਾਂ ਦਾ ਅਹੁਦਾ ਐਡ ਬਾਲਜ਼ ਨੂੰ ਦੇਣਾ ਪਿਆ ਜਿਨ੍ਹਾਂ ਨੇ ਬੀਤੇ ਸਤੰਬਰ ਵਿਚ ਉਨ੍ਹਾਂ ਖ਼ਿਲਾਫ਼ ਪਾਰਟੀ ਦੇ ਸਿਖਰਲੇ ਅਹੁਦੇ ਲਈ ਜਥੇਬੰਦਕ ਚੋਣ ਲੜੀ ਸੀ।

## ਦੋ ਦਹਾਕਿਆਂ ਮਗਰੋਂ ਪਰਵਾਸੀ ਭਾਰਤੀ ਨੂੰ ਨਿਰਦੋਸ਼ ਐਲਾਨਿਆ

**ਟੋਰਾਂਟੋ:** ਇਥੋਂ ਦੀ ਅਦਾਲਤ ਵੱਲੋਂ 19 ਸਾਲ ਪਹਿਲਾਂ ਆਪਣੇ ਪੰਜ ਸਾਲਾ ਪੁੱਤਰ ਦੇ ਕਤਲ ਕੇਸ 'ਚ ਦੋਸ਼ੀ ਐਲਾਨੇ ਗਏ ਭਾਰਤੀ ਮੂਲ ਦੇ ਦਿਨੇਸ਼ ਕੁਮਾਰ ਨੂੰ ਆਖ਼ਰਕਾਰ 21 ਜਨਵਰੀ ਨੂੰ ਬੇਗੁਨਾਹ ਕਰਾਰ ਦੇ ਦਿੱਤਾ ਗਿਆ। ਉਂਟਾਰੀਓ ਕੋਰਟ ਆਫ ਅਪੀਲ ਨੇ ਕਿਹਾ ਕਿ 44 ਸਾਲਾ ਦਿਨੇਸ਼ ਕੁਮਾਰ ਨੂੰ ਪ੍ਰਸਿਧ ਪੈਥੋਲੋਜਿਸਟ ਦੀ ਗ਼ਲਤੀ ਕਾਰਨ ਦੋਸ਼ੀ ਐਲਾਨਿਆ ਗਿਆ ਸੀ।

ਦੱਸਣਯੋਗ ਹੈ ਕਿ ਪੈਥੋਲੋਜਿਸਟ ਨੇ ਆਪਣੀ ਰਿਪੋਰਟ 'ਚ ਬੱਚੇ ਦੀ ਮੌਤ ਜ਼ੋਰ ਦੀ ਹਿਲਾਉਣ ਕਾਰਨ ਹੋਈ ਦੱਸੀ ਸੀ। ਅਦਾਲਤ ਦੇ ਫੈਸਲੇ ਮਗਰੋਂ ਦਿਨੇਸ਼ ਕੁਮਾਰ ਨੇ ਕਿਹਾ ਕਿ ਉਸ ਨੇ ਗਲਤ ਫੈਸਲੇ ਕਾਰਨ ਇੰਨੇ ਸਾਲ ਆਪਣੇ ਆਪ ਨੂੰ ਕਲੰਕਿਤ ਹੋਣ ਦੇ ਹੰਢਾਏ ਹਨ। ਉਸ ਨੇ ਦੱਸਿਆ ਕਿ ਉਹ ਗਹਿਣੇ ਬਣਾਉਣ ਦਾ ਕੰਮ ਕਰਦਾ ਹੈ ਤੇ 1991 'ਚ ਕੈਨੇਡਾ ਆਇਆ ਸੀ। ਇਸ ਫੈਸਲੇ ਮੌਕੇ ਉਸ ਦੀ ਪਤਨੀ ਵੀਨਾ ਤੇ 19 ਸਾਲਾ ਪੁੱਤਰ ਸੌਰਭ ਹਾਜ਼ਰ ਸੀ। ਦੱਸਣਯੋਗ ਹੈ ਕਿ ਸਾਲ 2006 ਤੋਂ ਇਸ ਕੇਸ ਦੀ ਜਾਂਚ ਉਤਰੀ ਅਮਰੀਕਾ ਤੇ ਇੰਗਲੈਂਡ ਦੇ ਫੋਰੈਂਸਿਕ ਮਾਹਿਰਾਂ ਨੇ ਕੀਤੀ ਤੇ ਨਤੀਜਾ ਕੱਢਿਆ ਕਿ ਬੱਚੇ ਦੀ ਮੌਤ ਜਨਮ ਮੌਕੇ ਹੋਏ ਅੰਦਰੂਨੀ ਜ਼ਖ਼ਮ ਕਾਰਨ ਹੋਈ ਸੀ।

## ਮੂਨ ਵੱਲੋਂ ਇਸਰਾਈਲੀ ਨੀਤੀ ਦੀ ਆਲੋਚਨਾ

**ਸੰਯੁਕਤ ਰਾਸ਼ਟਰ:** ਇਸਰਾਈਲ ਤੇ ਫ਼ਲਸਤੀਨ ਦੇ ਵਿਚਕਾਰ ਸ਼ਾਂਤੀ ਵਾਰਤਾ 'ਚ ਕੋਈ ਪ੍ਰਗਤੀ ਨਾ ਹੋਣ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਸੰਯੁਕਤ ਰਾਸ਼ਟਰ ਸਕੱਤਰ ਬਾਨ ਕੀ ਮੂਨ ਨੇ ਇਸਰਾਇਲ ਵੱਲੋਂ ਫ਼ਲਸਤੀਨੀ ਖੇਤਰ ਵਿਚ ਬਸਤੀ ਨਿਰਮਾਣ ਦੀ ਨੀਤੀ ਜਾਰੀ ਰੱਖੇ ਜਾਣ ਦੀ ਆਲੋਚਨਾ ਕੀਤੀ ਹੈ। ਬਾਨ ਨੇ ਸੰਯੁਕਤ ਰਾਸ਼ਟਰ ਵਿਚ ਕਰਵਾਏ ਸਮਾਗਮ ਵਿਚ ਕਿਹਾ ਕਿ ਵਾਰ-ਵਾਰ ਇਹ ਚਿੰਤਾ ਜ਼ਾਹਰ ਕੀਤੀ ਜਾ ਚੁੱਕੀ ਹੈ ਕਿ ਇਸਰਾਈਲ ਨੇ ਅਜੇ ਤਕ ਉਥੇ ਚੱਲ ਰਹੇ ਨਿਰਮਾਣ ਕੰਮਾਂ ਨੂੰ ਕਿਉਂ ਨਹੀਂ ਰੋਕਿਆ।

ਬਾਨ ਨੇ ਨਿਰਮਾਣ ਕੰਮ ਨੂੰ 'ਨਾਜਾਇਜ਼' ਠਹਿਰਾਉਂਦੇ ਹੋਏ ਕਿਹਾ ਕਿ ਉਹ ਪੂਰਬੀ ਯਰੁਸ਼ਲਮ ਵਿਚ ਸ਼ੇਫ਼ਰਡ ਹੋਟਲ ਨੂੰ ਢਾਹੇ ਜਾਣ ਦੀ ਨਿੰਦਾ ਕਰਦੇ ਹਨ ਤੇ ਲਗਾਤਾਰ ਘਰਾਂ ਨੂੰ ਢਾਹੇ ਜਾਣ ਤੇ ਅਧਿਕਾਰ ਖੇਤਰ ਦੇ ਫ਼ਲਸਤੀਨੀ ਖੇਤਰ ਵਿਚ ਫ਼ਲਸਤੀਨੀ ਪਰਿਵਾਰਾਂ ਦੇ ਆਵਾਸ ਨੂੰ ਲੈ ਕੇ ਬੇਹੱਦ ਚਿੰਤਾ ਹੈ ਜਿਸ ਕਾਰਨ ਉਥੇ ਤਣਾਅ ਵਿਚ ਵਾਧਾ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਅਮਰੀਕੀ ਪ੍ਰਧਾਨਗੀ ਵਿਚ ਪਿਛਲੇ ਸਾਲ ਸਤੰਬਰ ਨੂੰ ਦੋਵਾਂ ਪੱਖਾਂ ਵਿਚਕਾਰ ਗੱਲਬਾਤ ਸ਼ੁਰੂ ਹੋਈ ਸੀ। ਉਨ੍ਹਾਂ ਕਿਹਾ ਕਿ ਫ਼ਲਸਤੀਨੀ ਨਾਗਰਿਕਾਂ ਨੂੰ ਆਜ਼ਾਦ ਤੇ ਟਿਕਾਊ ਫ਼ਲਸਤੀਨ ਰਾਜ ਦਾ ਅਧਿਕਾਰ ਹੈ।

## ਕੈਂਸਰ ਦਾ ਇਲਾਜ ਲੱਭਣ ਦਾ ਦਾਅਵਾ

**ਲੰਡਨ:** ਬਰਤਾਨਵੀ ਵਿਗਿਆਨੀਆਂ ਨੇ ਕੈਂਸਰ ਦਾ ਨਵਾਂ ਇਲਾਜ ਲੱਭਿਆ ਹੈ ਜਿਸ ਤਹਿਤ ਕੈਂਸਰ ਦੇ ਫੋੜਿਆਂ ਨੂੰ ਸਿੱਥਲ ਕਰਕੇ ਸਰੀਰ ਵਿਚ ਉਨ੍ਹਾਂ ਦਾ ਪਸਾਰ ਰੋਕ ਦਿੱਤਾ ਜਾਂਦਾ ਹੈ। ਨੌਟਿੰਗਮ ਯੂਨੀਵਰਸਿਟੀ ਦੀ ਇਕ ਟੀਮ ਨੇ ਕ੍ਰਾਂਤੀਕਾਰੀ ਪਹੁੰਚ ਸਾਹਮਣੇ ਲਿਆਂਦੀ ਹੈ ਜੋ ਸਰੀਰ ਵਿਚ ਬਿਮਾਰੀ ਕਾਰਨ ਸੁੰਨ ਪਏ ਕੈਂਸਰ ਵਿਰੋਧੀ ਅਣੂਆਂ ਨੂੰ ਮੁੜ ਚਾਲੂ ਕਰ ਦਿੰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਵਿਧੀ ਸਰੀਰ ਵਿਚ ਬਣ ਚੁੱਕੇ ਕੈਂਸਰ ਦੇ ਫੋੜੇ ਨੂੰ ਘਟਾਉਂਦੀ ਨਹੀਂ ਪਰ ਉਸ ਨੂੰ ਸਰੀਰ ਵਿਚ ਫੈਲਣ ਤੋਂ ਰੋਕਦੀ ਹੈ।

'ਦਿ ਡੇਲੀ ਟੈਲੀਗ੍ਰਾਫ' ਦੀ ਰਿਪੋਰਟ ਅਨੁਸਾਰ ਵਿਗਿਆਨੀਆਂ ਨੇ ਜਾਨਵਰਾਂ 'ਤੇ ਇਹ ਵਿਧੀ ਪਹਿਲਾਂ ਹੀ ਅਜਮਾ ਲਈ ਹੈ ਤੇ ਇਸ ਦੀ ਸਫਲਤਾ ਦਰ 100 ਫੀਸਦੀ ਰਹੀ ਹੈ ਤੇ ਇਸ ਨੂੰ ਹੁਣ ਇਨਸਾਨੀ ਵਰਤੋਂ ਲਈ ਇਕ ਫਾਰਮਾਸਿਊਟੀਕਲ ਕੰਪਨੀ ਨਾਲ ਭਿਆਲੀ ਪਾਉਣ ਦੀ ਉਮੀਦ ਹੈ।

ਖੋਜ ਫੋੜੇ ਨੂੰ ਦਬਾਉਣ ਵਾਲੇ ਜੀਨਾਂ ਨੂੰ ਮੁੜ ਗਤੀਸ਼ੀਲ ਕਰਨ 'ਤੇ ਕੇਂਦਰਤ ਸੀ। ਆਮ ਤੌਰ 'ਤੇ ਸੈੱਲਾਂ ਦੀ ਵੰਡ ਨੂੰ ਖਾਸ ਜੀਵ ਜੀਨ ਨਿਯਮਤ ਕਰਦੇ ਹਨ ਜੋ ਭੈੜੇ ਜਾਂ ਨੁਕਸਾਨੇ ਸੈੱਲਾਂ ਨੂੰ ਖ਼ਤਮ ਕਰਦੇ ਹਨ ਪਰ ਕੈਂਸਰ ਉਦੋਂ ਹੁੰਦਾ ਹੈ ਜਦੋਂ ਇਹ ਖਾਸ ਕਰਕੇ ਫੋੜਿਆਂ ਨੂੰ ਦਬਾਉਣ ਵਾਲੇ ਜੀਨ ਕਿਸੇ ਕਾਰਨ ਠੱਪ ਹੋ ਜਾਂਦੇ ਹਨ।

ਟੀਮ ਨੇ ਇਕ ਨਵੀਂ ਤਕਨੀਕ ਦੀ ਵਰਤੋਂ ਕੀਤੀ ਜਿਸ ਵਿਚ ਸੈਲਾਮੈਂਡਰਜ਼ ਤੋਂ ਲਏ ਪ੍ਰੋਟੀਨਾਂ ਦੀ ਵਰਤੋਂ ਹੁੰਦੀ ਹੈ ਜੋ ਬੀਤੇ ਵਿਚ ਮਨੁੱਖੀ ਜੀਨਾਂ ਨੂੰ ਚਾਲੂ ਜਾਂ ਬੰਦ ਕਰਨ ਦੀ ਅਹਿਮੀਅਤ ਦਾ ਪ੍ਰਗਟਾਵਾ ਕਰਦੇ ਰਹੇ ਹਨ। ਜਦੋਂ ਉਨ੍ਹਾਂ ਨੂੰ ਛਾਤੀ ਦੇ ਕੈਂਸਰ ਸੈੱਲਾਂ ਨਾਲ ਮਿਲਾਇਆ ਗਿਆ ਤਾਂ ਟੀਮ ਦੀ ਇਹ ਦੇਖ ਕੇ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਉਨ੍ਹਾਂ ਕੈਂਸਰ ਦਬਾਊ ਸੈੱਲਾਂ ਨੂੰ ਮੁੜ ਗਤੀਸ਼ੀਲ ਕਰ ਦਿੱਤਾ।ਛਾਤੀ ਦੇ ਕੈਂਸਰ ਵਾਲੀ ਇਕ ਚੂਹੀ ਨੂੰ ਜਦੋਂ ਇਨ੍ਹਾਂ ਪ੍ਰੋਟੀਨਾਂ ਦਾ ਟੀਕਾ ਲਾਇਆ ਗਿਆ ਤਾਂ ਟਿਊਮਰ ਉਸ ਦੇ ਟਰੈਕਾਂ ਵਿਚ ਬੰਦ ਹੋ ਗਿਆ।

## ਪਾਕਿਸਤਾਨੀ ਮਾਂ ਬਣੀ ਬੱਚਿਆਂ ਦੀ ਜਮਾਤਣ

### ਵਰ੍ਹਿਆਂ ਪਿੱਛੋਂ ਪੜ੍ਹਨ ਦੀ ਖ਼ਾਹਿਸ਼ ਪੂਰੀ ਹੋਈ

**ਇਸਲਾਮਾਬਾਦ:** ਪੜ੍ਹਨ ਦੀ ਖਾਹਿਸ਼ ਨੂੰ ਪੂਰਾ ਕਰਨ ਲਈ ਪਾਕਿਸਤਾਨ ਦੇ ਪੰਜਾਬ ਸੂਬੇ 'ਚ 25 ਸਾਲਾ ਮਾਂ ਆਪਣੇ ਦੋ ਬੱਚਿਆਂ ਨਾਲ ਸਕੂਲ ਪੜ੍ਹਨ ਜਾਂਦੀ ਹੈ।ਇਸ ਤਰ੍ਹਾਂ ਹੁਣ ਉਹ ਆਪਣੇ ਦੋ ਨਿੱਕੇ ਬੱਚਿਆਂ ਦੀ ਜਮਾਤਣ ਵੀ ਹੈ।

ਮੀਆਂਵਾਲੀ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਨਿਊ ਪੱਕੀ ਸ਼ਾਹ ਮਰਦਾਨ ਦੀ ਵਾਸੀ ਰੁਖ਼ਸਾਨਾ ਬਤੂਲ ਪੜ੍ਹਾਈ ਕਰਨ ਦੀ ਆਪਣੀ ਖਾਹਿਸ਼ ਨੂੰ ਕਿਵੇਂ ਵੀ ਦਬਾ ਨਹੀਂ ਸਕੀ। ਉਸ ਨੂੰ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ 'ਚ ਜਮਾਤਾਂ ਲਾਉਣ ਦੀ ਆਗਿਆ ਮਿਲ ਗਈ ਹੈ। ਇਥੇ ਹੀ ਉਸ ਦੇ ਦੋ ਪੁੱਤਰ ਹਸੀਮ ਰਜ਼ਾ ਤੇ ਮਿਨਾਹਿਲ ਰਜ਼ਾ ਪਹਿਲੀ ਜਮਾਤ 'ਚ ਪੜ੍ਹਦੇ ਹਨ। ਸਕੂਲ ਦੇ ਅਧਿਆਪਕਾਂ ਦਾ ਕਹਿਣਾ ਹੈ ਕਿ ਨਰਸਰੀ ਦਾ ਪਾਠਕ੍ਰਮ ਦੋ ਮਹੀਨਿਆਂ 'ਚ ਪੂਰਾ ਕਰਨ ਮਗਰੋਂ ਰੁਖ਼ਸਾਨਾ ਨੂੰ ਪਹਿਲੀ ਜਮਾਤ 'ਚ ਦਾਖ਼ਲ ਕਰ ਲਿਆ ਗਿਆ ਹੈ। ਪਿਛਲੇ ਕਈ ਦਿਨ ਬਤੂਲ ਦੀ ਇਸ ਤਾਂਘ ਨੂੰ ਕਈ ਖ਼ਬਰ ਚੈਨਲਾਂ ਨੇ ਕਵਰੇਜ ਦਿੱਤੀ ਹੈ। ਰਿਪੋਰਟ ਦੀ ਫੁਟੇਜ ਨਾਲ ਬੁਰਕੇ ਵਾਲੀ ਔਰਤ ਨੂੰ ਛੋਟੇ ਬੱਚਿਆਂ ਦੀ ਜਮਾਤ 'ਚ ਪੜ੍ਹਦੀ ਦਿਖਾਇਆ ਗਿਆ ਹੈ। ਬਤੂਲ ਦਾ ਕਹਿਣਾ ਹੈ ਕਿ ਉਸ ਦੇ ਮਾਪੇ ਬੜੇ ਗਰੀਬ ਸਨ ਤੇ ਉਸ ਨੂੰ ਪੜ੍ਹਾ ਨਹੀਂ ਸਕਦੇ ਸਨ ਤੇ ਉਸ ਦੇ ਪਤੀ ਨੇ ਉਸ ਦੀ ਇਹ ਖ਼ਾਹਸ਼ ਪੂਰੀ ਹੋਣ ਦਿੱਤੀ ਹੈ।

ਹੋਰ ਅਧਿਆਪਕ ਉਸ ਨੂੰ ਸਮੇਂ ਦੀ ਪਾਬੰਦ ਵੇਖ ਕੇ ਉਸ ਦੀ ਸਿੱਖਣ ਦੀ ਤਾਂਘ ਵੇਖ ਕੇ ਹੈਰਾਨ ਹਨ। ਆਪਣੇ ਹੋਰ ਜਮਾਤੀਆਂ ਵਾਂਗ ਉਹ ਵੀ ਹੁਣ ਪੜ੍ਹਨਾ ਤੇ ਲਿਖਣਾ ਸਿੱਖ ਚੁੱਕੀ ਹੈ। ਉਹ ਪੜ੍ਹਾਈ ਜਾਰੀ ਰੱਖਣੀ ਚਾਹੁੰਦੀ ਹੈ ਤੇ ਪ੍ਰਾਈਵੇਟ ਵਿਦਿਆਰਥੀ ਦੇ ਤੌਰ 'ਤੇ ਬੋਰਡ ਦੇ ਇਮਤਿਹਾਨ ਪਾਸ ਕਰਨਾ ਚਾਹੁੰਦੀ ਹੈ। ਉਹ ਉਨ੍ਹਾਂ ਔਰਤਾਂ ਲਈ ਵੀ ਪ੍ਰੇਰਨਾ ਸਰੋਤ ਬਣਨਾ ਚਾਹੁੰਦੀ ਹੈ ਜਿਨ੍ਹਾਂ ਦੀ ਪੜ੍ਹਾਈ ਤਕ ਪਹੁੰਚ ਨਹੀਂ ਸੀ। ਉਸ ਦੇ ਪਤੀ ਸਬੀਰ ਅੱਬਾਸ ਸ਼ਾਹ ਨੇ ਘਰ ਦੇ ਕੰਮਾਂ ਲਈ ਨੌਕਰਾਣੀ ਰੱਖ ਲਈ ਹੈ।

## ਪਰਵਾਸੀ ਭਾਰਤੀ ਚਾਂਸਲਰ ਨੇ ਹਿਊਸਟਨ 'ਵਰਸਿਟੀ ਨੂੰ ਦਿਵਾਇਆ ਮਾਣ

**ਹਿਊਸਟਨ:** ਭਾਰਤ ਵਿਚ ਜਨਮੀ ਮਹਿਲਾ ਚਾਂਸਲਰ ਰੇਣੂ ਖਟੌਰ ਦੀ ਅਗਵਾਈ ਹੇਠ ਹਿਊਸਟਨ ਯੂਨੀਵਰਸਿਟੀ ਨੇ ਵੱਕਾਰੀ ਟੀਅਰ ਵਨ ਮਾਨਤਾ ਹਾਸਲ ਕੀਤੀ ਹੈ। ਇਹ 'ਖੋਜ ਦੇ ਖੇਤਰ ਵਿਚ' ਵੱਡੀਆਂ ਮੱਲਾਂ ਮਾਰਨ ਵਾਲੇ ਅਦਾਰੇ ਨੂੰ ਦਿੱਤਾ ਜਾਣ ਵਾਲਾ ਸਭ ਤੋਂ ਉਚੇਰਾ ਰੁਤਬਾ ਹੈ। ਉੱਤਰ ਪ੍ਰਦੇਸ਼ ਦੀ ਜਨਮੀ ਖਟੌਰ ਨੇ ਹਿਊਸਟਨ ਯੂਨੀਵਰਸਿਟੀ ਦੇ ਚਾਂਸਲਰ ਅਤੇ ਪ੍ਰਧਾਨ ਦੀ ਜ਼ਿੰਮੇਵਾਰੀ ਜਨਵਰੀ 2008 ਵਿਚ ਸੰਭਾਲੀ ਸੀ। ਇਸ ਯੂਨੀਵਰਸਿਟੀ ਦੇ 65 ਹਜ਼ਾਰ ਤੋਂ ਵੱਧ ਵਿਦਿਆਰਥੀ ਹਨ ਤੇ 1.3 ਅਰਬ ਡਾਲਰ ਤੋਂ ਵੱਧ ਦਾ ਬਜਟ ਹੈ।

ਇਸ ਬਾਰੇ ਖਟੌਰ ਨੇ ਕਿਹਾ ਕਿ ਉਹ ਇਸ ਪ੍ਰਾਪਤੀ ਦਾ ਸਿਹਰਾ ਆਪਣੇ ਅਧਿਆਪਕਾਂ, ਸਟਾਫ, ਵਿਦਿਆਰਥੀਆਂ ਤੇ ਬੋਰਡ ਆਫ ਰੀਜੈਂਟਸ ਨੂੰ ਦਿੰਦੀ ਹੈ ਜਿਨ੍ਹਾਂ ਨੇ ਬੀਤੇ ਦੋ ਜਾਂ ਤਿੰਨ ਸਾਲਾਂ ਦੌਰਾਨ ਬਹੁਤ ਵਧੀਆ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਟੀਅਰ ਵਨ ਦੇ ਟੀਚਿਆਂ ਨੂੰ ਹਾਸਲ ਕਰਨ ਲਈ ਵਚਨਬੱਧ ਹੈ।

## ਆਈ.ਐਸ.ਆਈ. ਨੇ ਮੁੱਲਾ ਉਮਰ ਦਾ ਇਲਾਜ ਕਰਵਾਇਆ

**ਵਾਸ਼ਿੰਗਟਨ:** ਅਫ਼ਗਾਨਿਸਤਾਨ ਦੇ ਤਾਲਿਬਾਨ ਆਗੂ ਮੁੱਲਾ ਉਮਰ ਦਾ ਸੱਤ ਜਨਵਰੀ ਨੂੰ ਦਿਲ ਦਾ ਦੌਰਾ ਪੈਣ ਪਿੱਛੋਂ ਪਾਕਿਸਤਾਨ ਦੀ ਖ਼ੁਫ਼ੀਆ ਆਈ.ਐਸ.ਆਈ. ਦੀ ਮਦਦ ਨਾਲ ਕਈ ਦਿਨਾਂ ਤਕ ਕਰਾਚੀ ਦੇ ਹਸਪਤਾਲ ਵਿਚ ਇਲਾਜ ਕਰਵਾਇਆ ਗਿਆ ਸੀ। ਇਹ ਦਾਅਵਾ ਅਮਰੀਕਾ ਦੀ ਪ੍ਰਾਈਵੇਟ ਜਾਸੂਸੀ ਕੰਪਨੀ ਨੇ ਕੀਤਾ ਹੈ ਜਿਸ ਨੂੰ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਸੀ.ਆਈ.ਏ., ਉਥੋਂ ਦੇ ਵਿਦੇਸ਼ ਵਿਭਾਗ ਤੇ ਫੌਜ ਦੇ ਸਾਬਕਾ ਅਧਿਕਾਰੀ ਚਲਾ ਰਹੇ ਹਨ।

'ਦਿ ਐਕਲਿਪਸ ਗਰੁੱਪ' ਨਾਮੀ ਇਸ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਇਹ ਜਾਣਕਾਰੀ ਕਰਾਚੀ ਦੇ ਹਸਪਤਾਲ ਦੇ ਡਾਕਟਰ ਨੇ ਦਿੱਤੀ ਹੈ ਜਿਸ ਦਾ ਨਾਂ ਨਹੀਂ ਦੱਸਿਆ ਗਿਆ। ਰੋਜ਼ਨਾਮਾ 'ਵਾਸ਼ਿੰਗਟਨ ਪੋਸਟ' ਵਿਚ ਛਪੀ ਇਸ ਖ਼ਬਰ ਅਨੁਸਾਰ ਅਮਰੀਕੀ ਏਜੰਸੀਆਂ ਨੂੰ ਲੋੜੀਂਦੇ ਇਸ ਇਕ ਅੱਖ ਵਾਲੇ ਅਤਿਵਾਦੀ ਆਗੂ ਨੂੰ ਆਈ.ਐਸ.ਆਈ. ਵੱਲੋਂ ਸੱਤ ਜਨਵਰੀ ਨੂੰ ਕਰਾਚੀ ਦੇ ਹਸਪਤਾਲ ਵਿਚ ਲਿਆਂਦਾ ਗਿਆ ਸੀ। ਰਿਪੋਰਟ



ਮੁਤਾਬਕ ਆਈ.ਐਸ.ਆਈ. ਨੇ ਉਸ ਨੂੰ ਕਰਾਚੀ ਦੇ ਇਕ ਹਸਪਤਾਲ ਵਿਚ ਲਿਆਂਦਾ ਸੀ ਜਿਥੇ ਉਸ ਦਾ ਇਲਾਜ ਤੇ ਅਪਰੇਸ਼ਨ ਕੀਤਾ ਗਿਆ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਪਰੇਸ਼ਨ ਤੋਂ ਪਿੱਛੋਂ 3-4 ਦਿਨ ਉਸ ਨੂੰ ਹੋਰ ਹਸਪਤਾਲ ਰੱਖਣ ਪਿੱਛੋਂ ਛੁੱਟੀ ਦੇ ਦਿੱਤੀ ਗਈ ਤੇ ਘਰੇ ਵੀ ਉਸ ਨੂੰ ਕਈ ਦਿਨਾਂ ਤਕ ਮੁਕੰਮਲ ਇਲਾਜ ਕਰਨ ਦੀ ਸਲਾਹ ਦਿੱਤੀ ਗਈ ਸੀ।

ਰਿਪੋਰਟ ਮੁਤਾਬਕ ਜਾਸੂਸੀ ਕੰਪਨੀ ਨੂੰ ਡਾਕਟਰ ਨੇ ਦੱਸਿਆ ਕਿ ਉਹ ਭਾਵੇਂ ਆਪ ਅਪਰੇਸ਼ਨ ਥੀਏਟਰ ਵਿਚ ਨਹੀਂ ਸੀ ਪਰ ਉਸ ਨੂੰ ਗੱਲਬਾਤ ਤੋਂ ਪਤਾ ਲੱਗਿਆ ਹੈ ਕਿ ਇਹ ਦਿਲ ਦੀ ਸਮੱਸਿਆ ਸੀ ਜੋ ਖ਼ੂਨ ਵਗਣ ਕਾਰਨ ਹੋ ਸਕਦੀ ਹੈ। ਡਾਕਟਰ ਮੁਤਾਬਕ ਉਹ ਸਪਸ਼ਟ ਤੌਰ 'ਤੇ ਬੋਲ ਵੀ ਨਹੀਂ ਸੀ ਪਾ ਰਿਹਾ। ਦੂਜੇ ਪਾਸੇ ਕਾਬੁਲ ਵਿਚ ਅਮਰੀਕੀ ਅਧਿਕਾਰੀਆਂ ਨੇ ਇਸ ਰਿਪੋਰਟ ਦੀ ਪੁਸ਼ਟੀ ਕਰਨ ਜਾਂ ਇਸ ਨੂੰ ਰੱਦ ਕਰਨ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਕੋਲ ਅਜਿਹੀ ਕੋਈ ਜਾਣਕਾਰੀ ਨਹੀਂ ਹੈ।

# ਜਦੋਜਹਿਦ 'ਚੋਂ ਉਭਰਿਆ ਟਮਾਟਰ

## ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958

ਅਦਰਕ, ਲਸਣ, ਪਿਆਜ਼ ਦੇ ਨਾਲ ਨਾਲ ਅੱਜ ਕੱਲ੍ਹ ਟਮਾਟਰ ਵੀ ਦਾਲ ਸਬਜ਼ੀ ਵਿਚ ਪਾਉਣੇ ਜ਼ਰੂਰੀ ਹੋ ਗਏ ਹਨ। ਇਸ ਨਾਲ ਦਾਲ-ਭਾਜੀ ਵਿਚ ਮਨਭਾਉਂਦੀ ਰੰਗਤ, ਤੁਰਸ਼ੀ ਤੇ ਗੜ੍ਹਕਾ ਆ ਜਾਂਦਾ ਹੈ। ਉਂਜ ਵੀ ਟਮਾਟਰ ਵਿਚ ਵਿਟਾਮਿਨ ਸੀ ਦੀ ਬਹੁਤਾਤ ਹੁੰਦੀ ਹੈ ਪਰ ਅਸੀਂ ਪੰਜਾਬੀ ਤੜਕੇ ਨੂੰ ਭੁੰਨ ਭੁੰਨ ਕੇ ਤੇ ਕੜਛੀ ਨਾਲ ਫੇਹ ਫੇਹ ਕੇ ਇਸ ਵਿਚਲੇ ਪੌਸ਼ਟਿਕ ਤੱਤਾਂ ਦਾ ਘੱਲੂਘਾਰਾ ਕਰ ਛੱਡਦੇ ਹਾਂ। ਟਮਾਟਰ ਦੀ ਇਕ ਹੋਰ ਵਰਤੋਂ ਸਾਸ, ਕੈਚੱਪ ਜਾਂ ਚਟਣੀ ਵਿਚ ਬਹੁਤ ਹੋਣ ਲੱਗ ਪਈ ਹੈ। ਅਮਰੀਕੀ ਤਾਂ ਕੈਚੱਪ ਦੇ ਏਨੇ ਚਟੋਰੇ ਹੋ ਗਏ ਹਨ ਕਿ ਫ਼ਾਸਟ ਫੂਡਾਂ ਨਾਲ ਇਸ ਦੀਆਂ ਕਈ ਕਈ ਪੁੜੀਆਂ ਲੈਂਦੇ ਹਨ। ਇਸ ਲਈ ਕੈਚੱਪ ਬਾਰੇ ਵਖਰਾ ਲੇਖ ਲਿਖਣ ਦਾ ਮਨ ਬਣਾਇਆ ਹੈ।

ਟਮਾਟਰ ਸਲਾਦ ਵਜੋਂ ਵੀ ਬਹੁਤ ਉਮਦਾ ਸਮਝਿਆ ਜਾਂਦਾ ਹੈ। ਅੰਗਰੇਜ਼ੀ ਵਿਚ ਸੁੰਦਰ ਲੜਕੀ ਨੂੰ ਟੋਮੈਟੋ ਕਹਿ ਦਿੱਤਾ ਜਾਂਦਾ ਹੈ। ਪੰਜਾਬੀ ਵੀ ਕਈ ਵਾਰੀ ਸੁੰਦਰ ਲੜਕੀਆਂ ਨੂੰ ਟਮਾਟਾ ਕਹਿ ਕੇ ਛੇੜਦੇ ਹਨ। ਟਮਾਟਰਾਂ ਦੀਆਂ ਹਜਾਰਾਂ ਹੀ ਕਿਸਮਾਂ ਹਨ; ਸੇਬ ਤੋਂ ਲੈ ਕੇ ਅੰਗੂਰ ਤੱਕ ਦਾ ਆਕਾਰ ਹੈ। ਫਿਰ ਇਨ੍ਹਾਂ ਦਾ ਰੰਗ ਲਾਲ ਤੋਂ ਬਿਨਾਂ ਪੀਲਾ, ਜਾਮਨੀ ਤੇ ਹਰਾ ਵੀ ਹੁੰਦਾ ਹੈ। ਟਮਾਟਰ ਤੇ ਆਲੂ ਅਸਲ ਵਿਚ ਇਕੋ ਹੀ ਪਰਿਵਾਰ ਤੇ ਜੱਦ ਵਿਚੋਂ ਆਉਂਦੇ ਹਨ। ਦੋਨਾਂ ਬੂਟਿਆਂ ਦਾ ਪਰਿਵਾਰਕ ਨਾਂ ਨਾਈਟਸ਼ੇਡ (Nightshade) ਹੈ। ਇਸ ਨਾਂ ਦਾ ਮਤਲਬ ਹੈ, ਰਾਤ ਦੀ ਛਾਂ। ਸ਼ਾਇਦ ਇਹ ਨਾਂ ਇਸ ਲਈ ਰਖਿਆ ਗਿਆ ਹੈ ਕਿ ਇਸ ਅਧੀਨ ਆਉਂਦੇ ਫਲਾਂ ਵਿਚ ਜ਼ਹਿਰੀਲਾ ਮਾਦਾ ਹੁੰਦਾ ਹੈ। ਕਈ ਫਲਾਂ ਵਿਚ ਤਾਂ ਇਸ ਦੀ ਏਨੀ ਮਾਤਰਾ ਹੁੰਦੀ ਹੈ ਕਿ ਇਨ੍ਹਾਂ ਨੂੰ ਖਾਣ ਨਾਲ ਮੌਤ ਤੱਕ ਹੋ ਸਕਦੀ ਹੈ ਜਿਵੇਂ ਧਤੂਰਾ। ਇਸ ਦੇ ਕਈ ਪੌਦੇ ਨਸ਼ਾਆਵਰ ਤੇ ਸੰਮੋਹਕ ਹੁੰਦੇ ਹਨ। ਇਸ ਪਰਿਵਾਰ ਵਿਚ ਹੋਰ ਸੇਵਣਯੋਗ ਬਣਾਏ ਪੌਦੇ ਹਨ ਬਤਾਊਂ, ਸ਼ਿਮਲਾ ਮਿਰਚ, ਤਮਾਖੂ ਤੇ ਮਕੋਅ। ਅਸਲ ਵਿਚ ਦੇਸੀ ਵੈਦ ਹਕੀਮ ਤਾਂ ਇਸ ਪਰਿਵਾਰ ਦੇ ਸਾਰੇ ਫਲ ਹੀ ਖਾਣ ਤੋਂ ਪਰਹੇਜ ਕਰਨ ਲਈ ਆਖਦੇ ਹਨ। ਉਂਜ ਟਮਾਟਰ ਦੇ ਵੀ ਪੱਤੇ ਜ਼ਹਿਰੀਲੇ ਹੁੰਦੇ ਹਨ ਪਰ ਇਸਦਾ ਫਲ ਨਹੀਂ। ਮੈਨੂੰ ਡਰ ਹੈ, ਤੁਹਾਡਾ ਮੂੰਹ ਸ਼ਰਮ ਨਾਲ ਟਮਾਟਰ ਰੰਗਾ ਨਾ ਹੋ ਜਾਵੇ ਜੇ ਤੁਹਾਨੂੰ ਦੱਸਾਂ ਕਿ ਇਹ ਪੌਦਾ ਵੀ ਭਾਰਤ ਦਾ ਜੱਦੀ ਨਹੀਂ ਹੈ।

ਟਮਾਟਰ ਸ਼ਬਦ ਦੇ ਰੰਗ-ਢੰਗ ਇਸ ਦੇ ਅੰਗਰੇਜ਼ੀ ਟਮੈਟੋ ਨਾਲ ਸਾਂਝ ਦੀ ਦੱਸ ਪੁਆਉਂਦੇ ਹਨ। ਟਮਾਟਰ ਨੂੰ ਕਈ ਪੇਂਡੂ ਲੋਕ ਟਮਾਟਾ ਵੀ ਕਹਿ ਦਿੰਦੇ ਹਨ ਪਰ ਦੇਖਿਆ ਜਾਵੇ ਤਾਂ ਇਹ ਅੰਗਰੇਜ਼ੀ ਟਮੈਟੋ ਦੇ ਵਧੇਰੇ ਨਜ਼ਦੀਕ ਹੈ। ਇਸ ਸ਼ਬਦ ਦਾ ਪਿਛਾ ਮੈਕਸੀਕੋ ਦੇ ਨਾਹੂਆ ਨਾਂ ਨਾਲ ਜਾਣੇ ਜਾਂਦੇ ਪੁਰਾਣੇ ਵਸਨੀਕਾਂ ਦੀ ਭਾਸ਼ਾ ਨਾਹਟਲ ਦੇ ਸ਼ਬਦ 'ਟਮਾਟਲ' ਨਾਲ ਜਾ ਜੁੜਦਾ ਹੈ। ਇਸ ਦੇ ਸ਼ਾਬਦਿਕ ਅਰਥ ਹਨ, 'ਫੁੱਲਿਆ ਹੋਇਆ ਫਲ।' ਵਿਸ਼ਵਾਸ ਕੀਤਾ ਜਾਂਦਾ ਹੈ ਕਿ ਪਰਾਚੀਨ ਵਿਚ ਟਮਾਟਰ ਵੀ ਐਂਡੀ ਪਰਬਤ ਦੀਆਂ ਵਾਦੀਆਂ ਪੇਰੂ ਅਤੇ ਚਿੱਲੀ ਵਿਚ ਹੁੰਦਾ ਸੀ ਜਿਥੋਂ ਇਸ ਦੇ ਬੀਜ ਉਡ ਕੇ ਮੈਕਸੀਕੋ ਪਹੁੰਚ ਗਏ। ਮੈਕਸੀਕੋ ਵਿਚ ਇਸ ਵਰਗਾ ਪਰ ਇਸ ਤੋਂ ਛੋਟਾ ਤੇ ਦੂਰੋਂ ਇਸ ਨਾਲ ਸਬੰਧਿਤ ਇਕ ਹੋਰ ਫਲ ਸੀ ਜਿਸ ਨੂੰ ਉਹ ਟਮਾਟਲ ਆਖਦੇ ਸਨ। ਉਹ ਇਸ ਨਵੇਂ ਫਲ ਨੂੰ ਆਪਣੀ ਭਾਸ਼ਾ 'ਚ ਸਿਟੋਮਾਟਲ ਅਰਥਾਤ ਵੱਡਾ ਟਮਾਟਲ ਕਹਿਣ ਲੱਗ ਪਏ। ਦਰਅਸਲ ਹਰੇ ਪਰਦੇ ਵਾਲਾ ਟੋਮਾਟੀਲੋ ਹੀ ਸਿਟੋਮਾਟਲ ਹੈ। ਸਪੇਨੀਆਂ ਨੇ ਆਪਣੀ ਭਾਸ਼ਾ ਵਿਚ ਇਸ ਨੂੰ 'ਤਮਾਤੇ' ਉਚਾਰਿਆ। ਉਹ ਸੋਲ੍ਹਵੀਂ ਸਦੀ ਵਿਚ ਇਹ ਬੂਟਾ ਯੂਰਪ ਵਿਚ ਲੈ ਆਏ। ਯੂਰਪੀ ਕਿੰਨਾ ਚਿਰ ਭੰਬਲਭੂਸੇ 'ਚ ਪਏ ਰਹੇ ਕਿ ਕਿਹਨੂੰ ਤਮਾਤੇ ਕਹੀਏ ਤੇ ਕਿਹਨੂੰ ਤਮਾਤੀਲੋ। ਅੰਗਰੇਜ਼ੀ ਵਿਚ ਪਹਿਲਾਂ ਇਸਦਾ ਨਾਂ ਟਮਾਟੇ ਹੀ ਚੱਲਿਆ ਪਰ ਬਾਅਦ ਵਿਚ ਪਟੈਟੋ ਸ਼ਬਦ ਦੇ ਪ੍ਰਭਾਵ ਤੋਂ ਟਮੈਟੋ ਬਣ ਗਿਆ। ਯੂਰਪ ਵਿਚ ਟਮਾਟਰ ਬਾਰੇ ਦੋ ਗਲਤ ਧਾਰਨਾਵਾਂ ਫੈਲ ਗਈਆਂ। ਪਹਿਲੀ ਇਹ ਕਿ ਇਹ ਲਾਲ ਪਟਾਕਾ ਫਲ ਕਾਮ ਦੀ ਸ਼ਕਤੀ ਵਧਾਉਂਦਾ ਹੈ, ਇਸ ਲਈ ਕਈ ਯੂਰਪੀ ਭਾਸ਼ਾਵਾਂ ਵਿਚ ਇਸ ਲਈ 'ਪਿਆਰ ਫਲ' ਦੇ ਅਰਥ ਪ੍ਰਗਟਾਉਂਦੇ ਸ਼ਬਦ ਵੀ ਪ੍ਰਚਲਤ ਹੋਏ। ਦੂਜੀ ਇਹ ਕਿ ਇਹ ਜ਼ਹਿਰੀਲਾ ਫਲ ਹੈ। ਇਸ ਲਈ ਪਹਿਲਾਂ ਪਹਿਲਾਂ ਇਸ ਨੂੰ ਸਜਾਵਟੀ ਬੂਟੇ ਵਜੋਂ ਹੀ ਉਗਾਇਆ ਜਾਂਦਾ ਸੀ। ਸਪੇਨੀਆਂ ਨੇ ਇਸ ਨੂੰ ਕੈਰੀਬੀਅਨ, ਫਿਲਪਾਈਨ ਅਤੇ ਦੱਖਣੀ ਏਸੀਆ ਵਿਚ ਪੁਹੰਚਾਇਆ ਅਤੇ ਫਰਾਂਸੀਸੀ, ਸਪੇਨੀ ਅਤੇ ਅੰਗਰੇਜ਼ ਆਬਾਦਕਾਰਾਂ ਨੇ ਅਮਰੀਕਾ ਵਿਚ ਲਿਆਂਦਾ।





ਅਮਰੀਕਾ ਵਿਚ ਉਨੀਵੀਂ ਸਦੀ ਤਕ ਇਸ ਨੂੰ ਜ਼ਹਿਰੀਲਾ ਸਮਝਦੇ ਹੋਏ ਖਾਣ ਤੋਂ ਵਰਜਿਆ ਜਾਂਦਾ ਸੀ। ਫਿਰ ਇਸ ਦੀ ਜ਼ਹਿਰ ਮਾਰਨ ਲਈ ਤਿੰਨ ਘੰਟੇ ਖੂਬ ਉਬਾਲ ਕੇ ਖਾਧਾ ਜਾਣ ਲੱਗਾ। ਇਸ ਸਦੀ ਦੇ ਅੱਧ ਵਿਚ ਅਮਰੀਕਾ ਵਿਚ ਟਮਾਟਰ ਖਾਣ ਦਾ ਖਬਤ ਹੀ ਸ਼ੁਰੂ ਹੋ ਗਿਆ। ਟਮਾਟਰ ਦੇ ਅਮਰੀਕਾ ਵਿਚ ਪ੍ਰਚਲਤ ਹੋਣ ਦੀਆਂ ਕਈ ਦੰਦ ਕਥਾਵਾਂ ਹਨ ਜਿਨ੍ਹਾਂ ਵਿਚੋਂ ਇਕ ਪੇਸ਼ ਹੈ:

ਨਿਊ ਜਰਸੀ ਦੇ ਸੈਲਮ ਸ਼ਹਿਰ ਵਿਚ ਕਰਨਲ ਜੌਹਨਸਨ ਨਾਂ ਦੇ ਇਕ ਕਾਸ਼ਤਕਾਰ ਨੇ ਦੱਖਣੀ ਅਮਰੀਕਾ ਤੋਂ ਟਮਾਟਰਾਂ ਦੇ ਬੀਜ ਮੰਗਵਾ ਕੇ ਆਪਣੇ ਬਾਗ ਵਿਚ ਬੀਜ ਦਿੱਤੇ। ਬੂਟਿਆਂ ਨੂੰ ਟਮਾਟਰ ਲੱਗਣ ਤੇ ਉਸ ਨੇ ਐਲਾਨ ਕੀਤਾ ਕਿ ਉਹ ਕਚਿਹਰੀ ਦੀਆਂ ਪੌੜੀਆਂ ਵਿਚ ਖੜ੍ਹ ਕੇ ਟਮਾਟਰ ਖਾਵੇਗਾ। ਇਹ ਗੱਲ ਸਤੰਬਰ 1820 ਦੀ ਹੈ। ਸੈਂਕੜੇ ਮੀਲਾਂ ਤੋਂ ਲੋਕ ਹੁੰਮ-ਹੁਮਾ ਕੇ ਇਹ ਤਮਾਸ਼ਾ ਦੇਖਣ ਆਏ ਜਿਨ੍ਹਾਂ ਵਿਚ ਮੈਸਾਚੂਸਟਸ ਦੇ ਸ਼ਹਿਰ ਸੈਲਮ ਤੱਕ ਦੇ ਵਸਨੀਕ ਵੀ ਸਨ ਹਾਲਾਂ ਕਿ ਉਨ੍ਹਾਂ ਦਿਨਾਂ ਵਿਚ ਕੋਈ ਰੇਲ ਆਵਾਜਾਈ ਨਹੀਂ ਸੀ। ਲੋਕਾਂ ਦਾ ਖਿਆਲ ਸੀ ਇਹ ਬੰਦਾ ਟਮਾਟਰ ਖਾਂਦਿਆਂ ਹੀ ਮੂੰਹ 'ਚੋਂ ਝੱਗ ਛੱਡੇਗਾ, ਢਿਡ ਪੀੜ ਨਾਲ ਕੁਰਲਾਏਗਾ ਤੇ ਤੜਫ਼ ਤੜਫ ਕੇ ਮਰ ਜਾਏਗਾ। ਉਸਨੇ ਪੌੜੀਆਂ ਚੜ੍ਹਦੇ ਹੀ ਐਲਾਨ ਕੀਤਾ, "ਲੋਕੋ, ਤੁਸੀਂ ਘਬਰਾ ਰਹੇ ਹੋ ਕਿ ਮੈਂ ਟਮਾਟਰਾਂ ਦੀ ਜ਼ਹਿਰ ਨਾਲ ਮਰ ਜਾਵਾਂਗਾ? ਮੈਂ ਬਿਲਕੁਲ ਨਹੀਂ ਡਰਦਾ, ਮੂਰਖੋ ਅੱਜ ਮੈਂ ਸਾਬਤ ਕਰਾਂਗਾ ਕਿ ਇਹ ਚੀਜ਼ਾਂ ਖਾਣ ਵਾਲੀਆਂ ਹਨ।" ਇਹ ਕਹਿੰਦਿਆਂ ਹੀ ਉਸ ਨੇ ਟਮਾਟਰ 'ਤੇ ਚੱਕ ਮਾਰਿਆ ਤੇ ਚਟਖਾਰੇ ਲੈ ਕੇ ਖਾਣ ਲੱਗਾ। ਦੇਖਦਿਆਂ ਦੇਖਦਿਆਂ ਉਸ ਨੇ ਕਈ ਟਮਾਟਰ ਚਗਲ ਲਏ। ਤਮਾਸ਼ਬੀਨਾਂ ਦੇ ਮੂੰਹ ਖੁਲ੍ਹੇ ਹੀ ਰਹਿ ਗਏ। ਕਈਆਂ ਨੂੰ ਤਾਂ ਦੰਦਲ ਹੀ ਪੈ ਗਈ। ਸਭ ਹੱਕੇ ਬੱਕੇ ਸਨ ਕਿ ਜੌਹਨਸਨ ਦਾ ਤਾਂ ਵਾਲ ਵੀ ਵਿੰਗਾ ਨਾ ਹੋਇਆ।

ਕਹਿੰਦੇ ਹਨ ਉਦੋਂ ਤੋਂ ਹੀ ਟਮਾਟਰਾਂ ਦੀ ਕਾਸ਼ਤਕਾਰੀ ਦਾ ਕੰਮ ਵੱਡੀ ਪੱਧਰ 'ਤੇ ਠਿਲ ਪਿਆ ਪਰ ਇਹ ਇਕ ਦੰਦ ਕਥਾ ਹੀ ਹੋ ਨਿਬੜੀ ਹੈ, ਇਸ ਦੇ ਕੋਈ ਲਿਖਤੀ ਸਬੂਤ ਨਹੀਂ ਮਿਲੇ। ਇਸ ਪ੍ਰਸੰਗ ਦੇ ਅਨੇਕਾਂ ਰੂਪਾਂਤਰ ਅਮਰੀਕਾ ਦੇ ਕਈ ਰੇਡੀਓ ਤੇ ਟੀ.ਵੀ. ਤੋਂ ਕੋਈ ਸੌ ਸਾਲ ਤੋਂ ਪ੍ਰਸਾਰਤ ਹੁੰਦੇ ਰਹੇ ਹਨ। ਸੈਲਮ ਸ਼ਹਿਰ ਦੀ ਸਬਜ਼ੀ ਮੰਡੀ ਵਿਚ ਤਾਂ ਹਰ ਸਾਲ ਰਾਮ ਲੀਲਾ ਦੀ ਤਰ੍ਹਾਂ ਇਸ ਦੇ ਨਾਟਕ ਵੀ ਖੇਡੇ ਜਾਂਦੇ ਹਨ। ਅਸਲ ਵਿਚ ਟਮਾਟਰ ਦੇ ਲੋਕਾਂ ਵਿਚ ਪ੍ਰਵਾਨ ਹੋਣ ਬਾਰੇ ਅਜਿਹੀਆਂ ਸੈਂਕੜੇ ਕਹਾਣੀਆਂ ਲਾਇਬਰੇਰੀਆਂ ਦੀਆਂ ਕਿਤਾਬਾਂ ਵਿਚ ਬੰਦ ਪਈਆਂ ਹਨ। ਕੁਝ ਵੀ ਹੋਵੇ, ਏਨੀਆਂ ਦੰਦ ਕਥਾਵਾਂ ਤੋਂ ਇਕ ਗੱਲ ਜ਼ਾਹਿਰ ਹੁੰਦੀ ਹੈ ਕਿ ਟਮਾਟਰ ਨੂੰ ਆਪਣਾ ਜ਼ਹਿਰੀ ਕਲੰਕ ਮਿਟਾਉਣ ਲਈ ਬੇਹੱਦ ਜਦੋਜਹਿਦ ਕਰਨੀ ਪਈ।

ਟਮਾਟਰ ਦੀ ਸ਼ਕਲ ਆੜੂ ਨਾਲ ਮਿਲਦੀ ਹੋਣ ਕਾਰਨ ਇਕ ਫਰਾਂਸੀਸੀ ਬਨਸਪਤੀ-ਵਿਗਿਆਨੀ ਨੇ ਇਸ ਦਾ ਲਾਤੀਨੀ ਨਾਂ Lycopersicon esculentum ਧਰਿਆ ਜਿਸ ਦਾ ਅਨੁਵਾਦ ਬਣਦਾ ਹੈ ਬਘਿਆੜੀ ਆੜੂ। ਅਸਲ ਵਿਚ ਪਹਿਲਾਂ ਪਹਿਲਾਂ ਇਸ ਨੂੰ ਬਘਿਆੜਾਂ ਨੂੰ ਮਾਰਨ ਲਈ ਵਰਤਿਆ ਜਾਂਦਾ ਸੀ ਪਰ ਬਨਸਪਤੀ ਨਾਮਾਂ ਦੇ ਨਿਯਮਾਂ ਅਨੁਸਾਰ Solanum lycopersicum ਇਸ ਦਾ ਵਧੇਰੇ ਸਹੀ ਨਾਂ ਸਮਝਿਆ ਗਿਆ ਹੈ।

1882 ਵਿਚ ਟਮਾਟਰ ਦੇ ਬੀਜ ਅੰਗਰੇਜ਼ਾਂ ਨੇ ਮਦਰਾਸ ਪਹੁੰਚਾਏ ਤਾਂ ਇਸ ਦੀ ਪੈਦਾਵਾਰ ਨੀਲਗਿਰੀ ਤੇ ਦੱਖਣੀ ਭਾਰਤ ਦੇ ਹੋਰ ਪਹਾੜੀ ਇਲਾਕਿਆਂ ਵਿਚ ਸ਼ੁਰੂ ਕੀਤੀ ਗਈ। ਬਾਅਦ ਵਿਚ ਇਹ ਬਾਕੀ ਭਾਰਤ ਪਹੁੰਚੀ। ਦੱਖਣੀ ਭਾਰਤ ਵਿਚ ਇਸ ਦੀ ਅਧਿਕ ਵਰਤੋਂ ਚੱਟਣੀ ਦੇ ਤੌਰ 'ਤੇ ਹੀ ਹੋਈ। ਭਾਰਤ ਦੀਆਂ ਕਈ ਬੋਲੀਆਂ ਵਿਚ ਇਸ ਦਾ ਨਾਂ ਟਮਾਟਾ ਜਿਹਾ ਹੀ ਪ੍ਰਚਲਿਤ ਹੋਇਆ ਪਰ ਫਿਰ ਵੀ ਪਹਿਲਾਂ ਪਹਿਲਾਂ ਇਸ ਨੂੰ ਕਈ ਬੋਲੀਆਂ ਵਿਚ ਵਿਲਾਇਤੀ ਬੈਂਗਣ ਕਿਹਾ ਗਿਆ। ਇਹ ਨਹੀਂ ਸਮਝ ਲੱਗੀ ਕਿ ਪੰਜਾਬੀ ਹਿੰਦੀ ਵਿਚ ਇਸ ਦੇ ਪਿਛੇ 'ਰ' ਲਾ ਕੇ ਟਮਾਟਰ ਕਿਉਂ ਬਣਾਇਆ ਗਿਆ ਹੈ। ਜੇ ਇਹ ਸਿਧਾ ਦੱਖਣੀ ਅਮਰੀਕਾ ਤੋਂ ਆਉਂਦਾ ਤਾਂ ਟਮਾਟਲ ਦਾ ਟਮਾਟਰ ਬਣਨਾ ਸਮਝ ਆ ਸਕਦਾ ਸੀ ਪਰ ਇਹ ਤਾਂ ਅੰਗਰੇਜ਼ਾਂ ਰਾਹੀਂ ਆਇਆ ਹੈ। ਇਹ ਸ਼ਾਇਦ ਮਟਰ ਦਾ ਅਸਰ ਹੈ। ਮਰਾਠੀ ਵਿਚ ਇਸ ਨੂੰ ਬੇਲਵਾਂਗੀ ਜਾਂ ਵਲਾਇਤੀ ਵਾਂਗੀ ਕਿਹਾ ਗਿਆ। ਫਾਰਸੀ ਵਿਚ ਇਸ ਨੂੰ ਫਰੰਗੀ ਆਖਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਪਹਿਲਾਂ ਪਹਿਲਾਂ ਲੋਕਾਂ ਨੂੰ ਬਾਹਰੋਂ ਆਈ ਨਵੀਂ ਚੀਜ਼ ਦਾ ਗਿਆਨ ਹੁੰਦਾ ਹੈ ਤੇ ਇਸ ਦੇ ਅਜਿਹੇ ਨਾਂ ਧਰ ਦਿੰਦੇ ਹਨ ਪਰ ਬਹੁਤ ਸਮੇਂ ਬਾਅਦ ਇਹ ਤੱਥ ਭੁਲ ਜਾਂਦਾ ਹੈ ਤੇ ਲੋਕ ਬਾਹਰੋਂ ਆਈ ਚੀਜ਼ ਨੂੰ ਆਪਣੇ ਦੇਸ ਦੀ ਕੁਦਰਤੀ ਪੈਦਾਇਸ਼ ਸਮਝਣ ਲਗਦੇ ਹਨ। ਅਕਸਰ ਬੁਧੀਜੀਵੀ ਵੀ ਅਜਿਹੇ ਅਗਿਆਨ ਦਾ ਪ੍ਰਗਟਾਵਾ ਕਰਦੇ ਦੇਖੇ ਗਏ ਹਨ। ਰਾਜ ਸਭਾ ਮੈਂਬਰ ਅਤੇ ਮੁਸਲਮਾਨੀ ਨਿਜੀ ਕਾਨੂੰਨ ਕਾਨਫ਼ਰੰਸ ਦੇ ਸੈਕਟਰੀ ਜਨਾਬ ਅਬਦੁੱਲਾ ਖਾਂ ਆਜ਼ਮੀ ਨੇ ਇਕ ਵਾਰੀ ਕਿਹਾ ਸੀ, "ਕੁਰਾਨ ਵਿਚ ਵਿਸ਼ਵਾਸ ਰੱਖਣ ਵਾਲੇ ਲੋਕਾਂ ਨੇ ਤੁਹਾਨੂੰ ਜ਼ਿੰਦਗੀ ਦੇ ਸੁਹਜ-ਸੁਆਦ ਸਿਖਾਏ, ਤੁਹਾਨੂੰ ਖਾਣ-ਪੀਣ ਦੀ ਜਾਚ ਸਿਖਾਈ। ਸਾਡੇ ਆਉਣ ਤੋਂ ਪਹਿਲਾਂ ਤੁਹਾਡੇ ਝੁੱਗੇ ਵਿਚ ਸਿਰਫ ਆਲੂ ਤੇ ਟਮਾਟਰ ਹੀ ਹੁੰਦੇ ਸਨ। ਹੋਰ ਤੁਹਾਡੇ ਕੋਲ ਕੀ ਸੀ? ਅਸੀਂ ਤੁਹਾਡੇ ਲਈ ਚਮੇਲੀ ਲੈ ਕੇ ਆਏ, ਅਤਰ ਫਲੇਲ ਲੈ ਕੇ ਆਏ। ਅਸੀਂ ਤਾਜ ਮਹਿਲ ਬਣਾਇਆ, ਲਾਲ ਕਿਲਾ ਬਣਾਇਆ। ਭਾਰਤ ਨੂੰ ਭਾਰਤ ਅਸੀਂ ਹੀ ਬਣਾਇਆ।"


ਸਪੱਸ਼ਟ ਹੈ ਜਨਾਬ ਆਜ਼ਮੀ ਆਲੂ ਤੇ ਟਮਾਟਰਾਂ ਨੂੰ ਏਨੀ ਘਟੀਆਂ ਸ਼ੈਅ ਸਮਝਦੇ ਹਨ ਕਿ ਉਹ ਇਸ ਨੂੰ ਭਾਰਤ ਜਿਹੇ ਸੁਹਜਹੀਣ ਦੇਸ਼ ਦੀ ਜੱਦੀ ਬਨਸਪਤੀ ਸਮਝਦੇ ਹੋਏ ਇਸ 'ਤੇ ਵਿਅੰਗ ਕੱਸ ਦਿੰਦੇ ਹਨ ਜਦ ਕਿ ਇਸਲਾਮ ਭਾਰਤ ਵਿਚ ਆਲੂ ਟਮਾਟਰਾਂ ਤੋਂ ਢੇਰ ਚਿਰ ਪਹਿਲਾਂ ਪਹੁੰਚ ਚੁੱਕਾ ਸੀ।

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ
ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਚਲੋ ਅਗਲੀ ਵਾਰ ਤੋਂ 'ਨੈਣ-ਨਕਸ਼' ਸਹੀ...

**ਐਸ. ਅਸ਼ੋਕ ਭੌਰਾ**

ਔਰਤ ਪਤਨੀ ਤਾਂ ਬਣ ਜਾਂਦੀ ਹੈ ਪਰ ਪਤੀ ਉਸ ਨੂੰ ਸਾਰੀ ਉਮਰ ਮਗਰ ਘੜੀਸੀ ਲਈ ਆਉਂਦਾ ਹੈ। ਫਿਰ ਔਰਤ ਨੂੰ ਅਹਿਸਾਸ ਹੀ ਨਹੀਂ ਹੁੰਦਾ ਕਿ ਵਿਆਹ ਪਿਛੋਂ ਪਿਆਰ ਵੀ ਕੋਈ ਸ਼ੈਅ ਹੁੰਦੀ ਹੈ ਜਾਂ ਪਤੀ ਨੂੰ ਪਰਮੇਸ਼ਵਰ ਕਿਉਂ ਆਖਦੇ ਹਨ? ਉਹ ਬਾਬੂ ਰਜਬ ਅਲੀ ਦੇ ਕਹਿਣ ਵਾਂਗ ਨਿਹੋਰਿਆਂ ਦੀ ਪੰਡ ਸਖੀਆਂ-ਸਹੇਲੀਆਂ ਦੇ ਸਾਹਮਣੇ ਖੋਲ੍ਹਦੀ ਹੈ:

ਦੱਸਦੀ ਸਹੇਲੀ ਨੂੰ ਹਵਾਲ ਪਤੀ ਦਾ
ਵੈਲੀ ਨਾਲ ਲਿਖ'ਤਾ ਸੰਜੋਗ ਤੱਤੀ ਦਾ
ਭੈੜੇ ਨਾਲ ਵਿਆਹੀ ਨੀ ਖ਼ੁਦਾ ਦੇ ਭਾਣੇ ਨੇ
ਵੈਲੀ ਨਾਲ ਲਾ'ਤੀ ਪਿਉ ਗਰਕ ਜਾਣੇ ਨੇ।

ਜਾਂ ਹਾਲਾਤ ਦਾ ਤਮਾਸ਼ਾ ਇਉਂ ਵੀ ਹੁੰਦਾ ਹੈ ਕਿ ਹਾਲਾਤ ਆਪ-ਮੁਹਾਰੇ ਵਿਆਖਿਆ ਕਰਨ ਲੱਗ ਪੈਂਦੇ ਹਨ:

ਸਾਨੂੰ ਵਾਂਗੂੰ ਸੂਕੇ ਜਾ ਮੰਜੀ 'ਤੇ ਲੇਟਦਾ
ਸੂਣ ਜੈਸਾ ਨਕਸ਼ਾ ਢਿੱਲੜ ਪੇਟ ਦਾ
ਚੋਰਾ ਸੱਠ ਸਾਲ ਦਾ ਫੜਾ'ਤਾ ਮਿੱਸ ਨੂੰ
ਪੈਸੇ ਲੈ ਕੇ ਮਾਪਿਆਂ ਵਿਆਹਤੀ ਰਿੱਛ ਨੂੰ।

ਹੁਣ ਇਹ ਧਾਰਨਾ ਟੁੱਟਦੀ ਜਾ ਰਹੀ ਹੈ ਕਿ ਪੁੱਤ ਤੋਂ ਬਿਨਾਂ ਸੰਸਾਰ ਵਿਚ ਨਾਂ ਨਹੀਂ ਰਹਿੰਦਾ। ਬਹੁਤਾ ਕਰਕੇ ਪੜ੍ਹਿਆਂ-ਲਿਖਿਆਂ ਨੇ ਇਸ ਗੱਲ ਦੇ ਹੱਕ ਵਿਚ ਵੋਟ ਪਾ ਦਿੱਤੀ ਹੈ ਤੇ ਜਦੋਂ ਦੀਆਂ ਕੁੜੀਆਂ ਡੀ.ਸੀ. ਲੱਗਣ ਲੱਗ ਪਈਆਂ ਹਨ ਅਤੇ ਪੁੱਤ 'ਵੈਲੀ' ਬਣਨ ਲੱਗੇ ਹਨ ਤਾਂ ਕੁੜੀਆਂ, ਚਿੜੀਆਂ ਰਹੀਆਂ ਹੀ ਕਿੱਥੇ ਹਨ?

ਜਿਹੜੇ ਘੱਟ ਬੋਲਦੇ ਹਨ ਤਾਂ ਸਮਝ ਲਵੋ, ਉਨ੍ਹਾਂ ਨੂੰ ਸੁਣਨ ਵਿਚ ਦਿਲਚਸਪੀ ਵਧ ਗਈ ਹੈ। ਜਿਹੜੇ ਚੰਗਾ ਪੜ੍ਹਨ ਦੇ ਆਦੀ ਹੋ ਗਏ ਹਨ, ਉਹ ਜਾਣ ਜਾਂਦੇ ਨੇ ਕਿ ਸਮੱਸਿਆਵਾਂ ਤਾਂ ਸਾਰਿਆਂ ਦੀਆਂ ਹਨ ਪਰ ਇਨ੍ਹਾਂ ਦੇ ਹੱਲ ਕੱਢਣ ਦੀ ਜੁਗਤ ਸਿਰਫ਼ ਉਨ੍ਹਾਂ ਕੋਲ ਹੈ। ਕਿਉਂਕਿ ਜ਼ਿੰਦਗੀ ਦਾ ਨਕਸ਼ਾ ਵਾਹੁੰਦਿਆਂ ਅਸੂਲਾਂ ਦਾ ਤਿਆਗ ਕੀਤਾ ਨਹੀਂ ਜਾ ਸਕਦਾ। ਕੱਪੜੇ ਤੇ ਸ਼ਖ਼ਸੀਅਤ ਦੇਖ ਕੇ ਜਾਂ ਪੈਸੇ ਦੀਆਂ ਬਰਕਤਾਂ ਦੇਖ ਕੇ ਅੰਦਾਜ਼ਾ ਨਾ ਲਗਾਓ ਕਿ ਮਨੁੱਖ ਦੀ ਜੀਵਨ ਜਾਚ ਬੜੀ ਸੁਖਾਲੀ ਹੈ। ਇਨ੍ਹਾਂ ਨੂੰ ਹਲੂਣ ਕੇ ਵੇਖਿਓ, ਫੇਰ ਪਤਾ ਲੱਗੇਗਾ ਕਿ ਦੁਖਾਂ ਦਾ ਪ੍ਰਮਾਣੂ ਬੰਬ ਇਨ੍ਹਾਂ ਦੀ ਕਮੀਜ਼ ਦੀ ਜੇਬ ਵਿਚ ਹੈ। ਬਾਬੂ ਰਜਬ ਅਲੀ ਦੀਆਂ ਹੀ ਇਨ੍ਹਾਂ ਸਤਰਾਂ ਵੱਲ ਇਕਾਗਰਤਾ ਨਾਲ ਵੇਖੋ:

ਗੁਰੂ ਕਾਹਦਾ ਰੱਖੇ ਜੋ ਫ਼ਰਕ ਚੇਲੇ ਤੋਂ
ਕਾਸਦਾ ਸ਼ੌਕੀਨ ਨੱਕ ਵੱਟੇ ਮੇਲੇ ਤੋਂ
ਕਾਸਦੀ ਕੁਆਰੀ ਚੱਲੇ ਪਾ ਕੇ ਨੀਵੀਂ ਨਾ
ਹੋਰ ਵੱਲ ਝਾਕੇ ਜੋ ਅਸਲ ਤੀਵੀਂ ਨਾ...।
ਜਾਂ
ਕਾਹਦਾ ਬਾਗ਼ ਜਿਸ 'ਚ ਖਜੂਰ ਰੁੱਖ ਨਾ
ਕਾਹਦਾ ਮੀਤ ਭੀੜ 'ਚ ਵੰਡਾਵੇ ਦੁੱਖ ਨਾ
ਮੱਲ ਕਾਹਦਾ ਜਤ ਜੇ ਲੰਗੋਟੇ ਵਿਚ ਨਾ
ਕਾਹਦਾ ਪਿਆਰ ਦਿਲਾਂ ਨੂੰ ਦਿਲਾਂ ਦੀ ਖਿੱਚ ਨਾ।

ਮੈਨੂੰ ਆਪਣੇ ਪਾਠਕਾਂ ਦੇ ਦਿਲਾਂ ਦੀ ਖਿੱਚ ਦਾ ਅਹਿਸਾਸ ਹੈ ਤੇ ਜੇ ਕੁਝ ਮਹੀਨੇ ਇਸ ਖਿੱਚ ਨੂੰ ਮੋਛਾ ਪਿਆ ਰਿਹਾ ਹੈ ਤਾਂ ਮੈਂ ਸਮਝਦਾ ਹਾਂ ਕਿ ਖ਼ਿਮਾ ਵੀ ਛੋਟਾ ਜਾਂ ਬੌਣਾ ਸ਼ਬਦ ਹੈ।

ਚਲੋ ਕਹਿੰਦੇ ਤਾਂ ਇਹ ਨੇ ਕਿ 'ਕੀ ਦਮ ਦਾ ਭਰੋਸਾ ਯਾਰ, ਦਮ ਆਵੇ ਨਾ ਆਵੇ...।' ਕਈਆਂ ਦਾ ਦਮ ਉਖੜਦਾ ਰਹਿੰਦੈ, ਕਈਆਂ ਨੂੰ ਦਮ ਨਹੀਂ ਆਉਂਦਾ, ਕਈਆਂ ਤੋਂ ਦਮ ਰੱਖ ਨਹੀਂ ਹੁੰਦਾ, ਕਈਆਂ ਦੇ ਦਮਾਂ ਦੀ ਗਿਣਤੀ ਮੁੱਕਣ ਵਾਲੀ ਹੈ, ਕਈ ਮਾਂ ਦੇ ਗਰਭ 'ਚ ਦਮਾਂ ਦੀ ਮੌਜ ਮਾਣਨ ਲਈ ਕਾਹਲੇ ਪਏ ਹੋਏ ਹਨ, ਕਈਆਂ ਨੇ ਸਾਰੀ ਉਮਰ ਦਮ ਰੱਖ ਕੇ ਮੁਸੀਬਤਾਂ ਦੀ ਗਿੱਚੀ ਭੰਨੀ ਰੱਖੀ ਹੈ ਅਤੇ ਜਦੋਂ ਬਰਾਬਰ ਦੇ ਦੋ ਪਹਿਲਵਾਨ ਅਖਾੜੇ ਵਿਚ ਪਟਕੇ ਲਈ ਘੁਲ ਰਹੇ ਹੋਣ ਤਾਂ ਜ਼ੋਰ ਨੂੰ ਤਾਜ਼ਾ ਕਰਨ ਲਈ ਦਮ ਲੈਣ ਦਾ ਬਹਾਨਾ ਭਾਲਦੇ ਹਨ। ਬਹੁਤਾ ਚਿਰ ਦਮ ਲੈਣਾ ਜਾਂ ਬਹੁਤਾ ਚਿਰ ਆਰਾਮ ਕਰਨਾ ਜ਼ਿੰਦਗੀ ਦੇ ਰੰਗਾਂ ਨੂੰ ਫਿੱਕੇ ਕਰਨਾ ਹੀ ਹੁੰਦਾ ਹੈ। ਚਲੋ ਮੈਂ ਵੀ ਮੰਨਦਾ ਹਾਂ ਕਿ ਕੁਝ ਸਮਾਂ ਦਮ ਹੀ ਲਿਆ ਹੈ ਤੇ ਫਿਰ ਦਮ ਨਾਲ 'ਨੈਣ-ਨਕਸ਼' ਜ਼ਰੀਏ ਅਗਲੇ ਹਫ਼ਤੇ ਤੋਂ ਘਟਨਾਵਾਂ ਜਾਂ ਦੁਰਘਟਨਾਵਾਂ ਜਾਂ ਫਿਰ ਹਾਸਿਆਂ ਤੋਂ ਉਦਾਸੀਆਂ ਤਕ ਦਾ ਟ੍ਰੇਲਰ ਫਿਰ ਤੋਂ ਚਲਾਉਂਦੇ ਹਾਂ।

ਮਿਰਚ ਲੂਣ ਨਾਲ ਰਲ ਕੇ ਕੁੜੱਤਣ ਘੱਟ ਕਰ ਲੈਂਦੀ ਹੈ, ਲੇਖਕ ਪਾਠਕ ਨਾਲ ਰਲ ਕੇ ਰਚਨਾ ਦੀ ਪੁੱਤਰ ਜੰਮਣ ਵਰਗੀ ਪੀੜਾ ਦਾ ਵੀ ਸੁਆਦ ਲੈਣ ਦੀ ਕੋਸ਼ਿਸ਼ ਕਰਦਾ ਹੈ। ਡਾਕਟਰਾਂ ਨੂੰ ਪੁੱਛ ਕੇ ਵੇਖਿਓ ਕਿ ਦੁਨੀਆਂ ਵਿਚ 'ਪੇਨ ਕਿਲਰ' ਦਵਾਈਆਂ ਦਾ ਉਤਪਾਦਨ ਕਿਉਂ ਵਧ ਗਿਆ ਹੈ? ਇਸੇ ਲਈ ਯਤਨ ਅਰੰਭੀਏ ਕਿ ਇਨ੍ਹਾਂ ਤੋਂ ਬਚਿਆ ਜਾ ਸਕੇ।... ਤੇ ਕਹਾਂਗਾ:

ਸਾਨੂੰ ਪੁੱਛ ਕੇ ਵੇਖੋ ਜੀ
ਕਾਹਤੋਂ ਨਜ਼ਰਾਂ ਹੇਠਾਂ ਨੂੰ ਰੱਖੀਆਂ...
...ਤੇ ਮਿਲਦੇ ਹਾਂ 'ਨੈਣ-ਨਕਸ਼' ਦੀ ਕਿੱਕਲੀ ਨਾਲ।

## ਵਿਅੰਗ

### ਪੁੱਤਰ ਨਾਲ ਬਾਪੂ ਦਾ ਵਾਅਦਾ

ਵਾਅਦਾ ਤੇਰੇ ਨਾਲ ਪੁੱਤ
ਮੈਂ ਨਿਭਾਅ ਕੇ ਜਾਊਂਗਾ।
ਮੁੱਖ ਮੰਤਰੀ ਪੰਜਾਬ ਦਾ
ਬਣਾ ਕੇ ਜਾਊਂਗਾ।

ਗੱਲ ਸੁਣ ਕੰਨ ਲਾ ਕੇ
ਪੱਕੀ ਲੋਹੇ 'ਤੇ ਲੀਕ।
ਥਾਂ ਤੇਰੀ ਤੇਰਾ ਕੋਈ
ਲੈ ਨੀਂ ਸਕਦਾ ਸ਼ਰੀਕ।
ਤੇਰੇ ਰਾਹ 'ਚੋਂ ਰੋੜੇ ਸਾਰੇ
ਮੈਂ ਉਠਾ ਕੇ ਜਾਊਂਗਾ...

ਝੂਠ ਅੱਗੇ ਕਿਵੇਂ ਸੱਚ ਦੀ ਹੈ
ਸ਼ਕਲ ਬਣਾਉਣੀ।
ਜਿਹੜਾ ਚੁੱਕੇ ਸਿਰ ਉਹਦੀ ਸਿਰੀ
ਕਿੰਜ ਹੈ ਦਬਾਉਣੀ।
ਸਾਰੇ ਨੁਕਤੇ ਮੈਂ ਤੈਨੂੰ
ਸਮਝਾ ਕੇ ਜਾਊਂਗਾ...

ਹੋਵੇ ਆਪਣਾ, ਭਾਵੇਂ ਕੋਈ
ਹੋਵੇ ਦੂਸਰਾ ਵਿਰੋਧੀ।
ਅੱਗੇ ਲੰਘੇ ਨਾ, ਲਵਾਉਣੀ
ਕਿਵੇਂ ਉਸ ਦੀ ਤੂੰ ਗੋਡੀ।
ਠਿੱਬੀ ਮਾਰਨੀ ਐ ਕਿਵੇਂ
ਮੈਂ ਸਿਖਾ ਕੇ ਜਾਊਂਗਾ...

ਭੋਲੇ ਲੋਕਾਂ ਦੀਆਂ ਅੱਖਾਂ 'ਚ
ਕਿੰਜ ਘੱਟਾ ਪਾਉਣਾ।
ਵਾਅਦਾ ਕਰ ਲੈਣਾ ਪੱਕਾ
ਪਰ ਕਦੇ ਨੀਂ ਨਿਭਾਉਣਾ।
ਜਿਥੇ ਦਿਸੇ ਫ਼ਾਇਦਾ
ਉਥੇ ਆਖੀਂ ਆਪ ਆਊਂਗਾ...

ਤੇਰੀ ਆਖਦੀ ਮੰਮੀ,
ਮੁੰਡਾ ਬਹੁਤ ਹੁਸ਼ਿਆਰ।
ਹੱਥਾਂ ਵਿਚ ਕਰੀ ਬੈਠਾ
ਸਾਰੇ ਟੀ.ਵੀ., ਅਖ਼ਬਾਰ।
ਰੱਖੀਂ ਮੀਡੀਏ ਨੂੰ ਮੁੱਠੀ,
ਨਾ ਖ਼ਬਰ ਲਾਊਂਗਾ...

ਦੇਣ ਧਰਨੇ ਜੇ ਲੋਕੀਂ,
ਨਾ ਤੂੰ ਕਰੀਂ ਪ੍ਰਵਾਹ।
ਤੇਰੇ ਚਾਚੇ ਦਾ ਜੋ ਮੁੰਡਾ,
ਉਹਦਾ ਕਰੀਂ ਨਾ ਵਿਸਾਹ।
ਉਂਜ ਮੈਂ ਹੀ ਉਹਨੂੰ ਖੂੰਜੇ 'ਚ
ਬਿਠਾ ਕੇ ਜਾਊਂਗਾ...

ਸਾਰੀ ਜ਼ਿੰਦਗੀ ਮੈਂ ਕਿਸੇ ਨਾਲ
ਕਰੀ ਨੀਂ ਲੜਾਈ।
ਹੀਰੋ ਜ਼ੀਰੋ ਮੈਂ ਬਣਾ 'ਤੇ,
ਜਿਨ੍ਹਾਂ ਧੌਣ ਨੀਂ ਝੁਕਾਈ।
ਗੁਰ ਇਹੋ ਜਿਹੇ ਪੱਲੇ ਤੇਰੇ,
ਪਾ ਕੇ ਜਾਊਂਗਾ...

ਬਾਕੀ ਬੜਾ ਕੁਝ ਪੁੱਤ
ਤੇਰੇ ਲਈ ਮੈਂ ਬਣਾਇਆ।
ਸੱਤਾਂ ਪੁਸ਼ਤਾਂ ਤੋਂ ਮੁਕਣਾ ਨੀਂ,
ਪੈਸਾ ਜੋ ਕਮਾਇਆ।
'ਜੱਸੀ' ਜਿਹਿਆਂ ਨੂੰ
ਮੰਗਤੇ ਬਣਾ ਕੇ ਜਾਊਂਗਾ।
ਮੁੱਖ ਮੰਤਰੀ ਪੰਜਾਬ ਦਾ
ਬਣਾ ਕੇ ਜਾਊਂਗਾ।

*-ਜੱਸੀ ਮੱਤੇ ਵਾਲਾ*
*ਫੋਨ:530-295-7346*

## ਸੰਪਾਦਕ ਦੀ ਡਾਕ

# ਪਰਵਾਸੀਆਂ ਦੀ ਕਿਸੇ ਨੇ ਗੱਲ ਨਾ ਸੁਣੀ

ਪਰਵਾਸੀ ਭਾਰਤੀਆਂ, ਖ਼ਾਸ ਕਰਕੇ ਪੰਜਾਬੀਆਂ ਨੂੰ ਅੱਜ ਕੱਲ੍ਹ ਕਈ ਮਸਲੇ ਦਰਪੇਸ਼ ਹਨ। ਕਿਸੇ ਨੂੰ ਵੀਜ਼ਾ ਲਵਾਉਣ ਵਿਚ ਮੁਸ਼ਕਲ ਆ ਰਹੀ ਹੈ, ਨਾਗਰਿਕਤਾ ਛੱਡਣ ਦਾ ਸਰਟੀਫ਼ਿਕੇਟ ਲੈਣ ਵਿਚ ਦੇਰੀ ਹੋ ਰਹੀ ਹੈ, ਕਿਸੇ ਦੀ ਭਾਰਤ ਵਿਚ ਜਾਇਦਾਦ ਨੂੰ ਲੈ ਕੇ ਸਮੱਸਿਆ ਹੈ ਜਾਂ ਸਿੱਖਾਂ ਦੀ ਕਾਲੀ ਸੂਚੀ ਨੂੰ ਲੈ ਕੇ ਹੈ। ਇਨ੍ਹਾਂ ਸਭ ਸਮੱਸਿਆਵਾਂ ਨੂੰ ਲੈ ਕੇ ਭਾਰਤ ਸਰਕਾਰ ਦੇ ਕਿਸੇ ਜ਼ਿੰਮੇਵਾਰ ਨੇਤਾ ਵੱਲੋਂ ਜਾਂ ਪੰਜਾਬ ਦੀ ਕਿਸੇ ਵੀ ਰਾਜਸੀ ਪਾਰਟੀ ਦੇ ਕਿਸੇ ਵੀ ਆਗੂ ਵੱਲੋਂ ਨਾ ਤਾਂ ਅੱਜ ਤਕ ਕੋਈ ਨਿੱਗਰ ਸੁਝਾਅ ਜਾਂ ਅਮਲ ਜਾਂ ਹੱਲ ਹੀ ਕੱਢਿਆ ਗਿਆ ਹੈ, ਨਾ ਹੀ ਕੋਈ ਕੋਸ਼ਿਸ਼ ਹੋਈ ਹੈ, ਉਂਜ ਗੱਲਾਂ ਬਥੇਰੀਆਂ ਹੁੰਦੀਆਂ ਰਹਿੰਦੀਆਂ ਹਨ ਅਤੇ ਕਈਆਂ ਨੇ ਤਾਂ ਪਰਵਾਸੀ ਪੰਜਾਬੀਆਂ ਦੇ ਨਾਂ ਉਤੇ ਆਪਣੀਆਂ ਦੁਕਾਨਾਂ ਵੀ ਖੜੀਆਂ ਕਰ ਲਈਆਂ ਹਨ।

ਭਾਰਤ ਸਰਕਾਰ ਵੱਲੋਂ ਕਰਵਾਏ ਜਾਂਦੇ ਪਰਵਾਸੀ ਭਾਰਤੀ ਦਿਵਸ ਵਿਚ ਪੰਜਾਬੀ ਪਰਵਾਸੀਆਂ ਦੀ ਕੋਈ ਬਹੁਤ ਸ਼ਮੂਲੀਅਤ ਨਹੀਂ ਹੁੰਦੀ, ਪੰਜਾਬ ਸਰਕਾਰ ਵੱਲੋਂ ਕਰਵਾਏ ਜਾਂਦੇ ਪਰਵਾਸੀ ਸਮਾਗਮਾਂ ਦਾ ਮਕਸਦ ਵੀ ਹਰ ਸੱਤਾਧਾਰੀ ਪਾਰਟੀ ਵੱਲੋਂ ਉਨ੍ਹਾਂ ਪਰਵਾਸੀਆਂ ਦੀ ਨਿਸ਼ਾਨਦੇਹੀ ਕਰਨਾ ਹੁੰਦਾ ਹੈ ਜਿਨ੍ਹਾਂ ਕੋਲੋਂ ਚੋਣਾਂ ਵੇਲੇ ਫ਼ੰਡ ਲਏ ਜਾ ਸਕਣ। ਹਾਲ ਹੀ ਵਿਚ ਜਲੰਧਰ ਵਿਚ ਕਰਵਾਏ ਗਏ ਪਰਵਾਸੀ ਸਮਾਗਮ ਵਿਚ ਪਰਵਾਸੀ ਕਿਧਰੇ ਕੋਈ ਨਜ਼ਰ ਨਹੀਂ ਸੀ ਆਉਂਦਾ ਪਰ ਸਰਕਾਰੀ ਅਫ਼ਸਰ ਵਾਧੂ ਤੁਰੇ ਫਿਰਦੇ ਸਨ।

ਸਿੱਖ ਪਰਵਾਸੀਆਂ ਵਾਸਤੇ ਵੱਡਾ ਮਸਲਾ ਕਾਲੀ-ਸੂਚੀ ਦਾ ਹੈ। ਇਸ ਨਾਲ ਜਿਥੇ ਕੁਝ ਪਰਵਾਸੀ ਸਿੱਖ ਜਾਂ ਉਨ੍ਹਾਂ ਦੇ ਪਰਿਵਾਰ ਸਿੱਧੇ ਪ੍ਰਭਾਵਤ ਹਨ, ਉਥੇ ਬਾਕੀ ਸਿੱਖ ਜਜ਼ਬਾਤੀ ਤੌਰ 'ਤੇ ਇਸ ਮਸਲੇ ਨਾਲ ਜੁੜੇ ਹਨ। ਇਹ ਮਸਲਾ ਪਿਛਲੇ ਤਿੰਨ-ਚਾਰ ਸਾਲ ਤੋਂ ਪੰਜਾਬ ਦੀਆਂ ਦੋਵੇਂ ਮੁੱਖ ਸਿਆਸੀ ਪਾਰਟੀਆਂ ਲਈ ਸਿਆਸੀ ਮੁੱਦੇ ਤੋਂ ਵੱਧ ਕੁਝ ਨਹੀਂ ਹੈ। ਅਕਾਲੀ ਦਲ ਕੋਲ ਤਾਂ ਸਿੱਧਾ ਜਵਾਬ ਹੈ ਕਿ ਕੇਂਦਰ ਸਰਕਾਰ ਇਸ ਬਾਰੇ ਕੁਝ ਨਹੀਂ ਕਰਦੀ। ਕੇਂਦਰ ਅਤੇ ਪੰਜਾਬ ਦੇ ਨੇਤਾਵਾਂ ਦੇ ਬਿਆਨਾਂ ਵਿਚ 'ਕਾਲੀ ਸੂਚੀ ਜਲਦ ਖ਼ਤਮ ਕੀਤੀ ਜਾਵੇਗੀ', ਜਾਂ 'ਪੰਜਾਬ ਸਰਕਾਰ ਸੂਚੀ ਨੂੰ ਦਬਾ ਕੇ ਬੈਠੀ ਹੈ', ਕਹਿ ਕੇ ਵਿਰੋਧੀਆਂ ਦੇ ਪਾਲੇ ਵਿਚ ਗੇਂਦ ਸੁੱਟਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਸਲਾ ਸਿੱਧਾ ਹੈ ਕਿ ਕੇਂਦਰ ਦੀਆਂ ਏਜੰਸੀਆਂ ਵੱਲੋਂ ਰਿਪੋਰਟ 'ਤੇ ਆਧਾਰਤ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਵਿਦੇਸ਼ ਮੰਤਰਾਲੇ ਵੱਲੋਂ ਇਹ ਸੂਚੀਆਂ ਤਿਆਰ ਕੀਤੀਆਂ ਗਈਆਂ ਹਨ ਅਤੇ ਇਹੀ ਇਨ੍ਹਾਂ ਨੂੰ ਖ਼ਤਮ ਕਰ ਸਕਦੇ ਹਨ ਪਰ ਜਾਣ-ਬੁੱਝ ਕੇ ਕੋਈ ਸੁਹਿਰਦ ਉਪਰਾਲਾ ਨਹੀਂ ਕੀਤਾ ਜਾਂਦਾ। ਇਸੇ ਤਰ੍ਹਾਂ ਵੀਜ਼ਾ ਸਬੰਧੀ ਨਿਯਮ ਜਾਂ ਨਾਗਰਿਕਤਾ ਤਿਆਗਣ ਸਬੰਧੀ ਨਿਯਮਾਂ ਬਾਰੇ ਕੋਈ ਇਕਸਾਰਤਾ ਜਾਂ ਸ਼ਾਇਦ ਕੋਈ ਸਪਸ਼ਟ ਹਦਾਇਤਾਂ ਨਾ ਹੋਣ ਕਰਕੇ ਭੰਬਲਭੂਸਾ ਪਿਆ ਹੋਇਆ ਹੈ। ਪਰਵਾਸੀਆਂ ਵਿਚ ਗੁੱਸਾ ਅਤੇ ਨਿਰਾਸ਼ਾ ਹੈ।

ਜਿਥੋਂ ਤਕ ਸਾਡੀਆਂ ਪੰਜਾਬ ਵਿਚਲੀਆਂ ਸਮੱਸਿਆਵਾਂ ਹਨ, ਉਨ੍ਹਾਂ ਦਾ ਹੱਲ ਕੋਈ ਨਹੀਂ ਨਿਕਲਿਆ, ਸਿਰਫ਼ ਲਾਰੇ ਲਾਏ ਜਾ ਰਹੇ ਹਨ। ਪੰਜਾਬ ਵਿਚ ਕੋਈ ਵੀ ਸਰਕਾਰ ਆ ਜਾਵੇ, ਕਾਰਗੁਜ਼ਾਰੀ ਨਾਂਹ ਦੇ ਬਰਾਬਰ ਹੀ ਹੈ। ਪੰਜਾਬ ਵਿਚ ਪਿਛਲੇ 60 ਸਾਲਾਂ ਵਿਚ ਜੋ ਹਾਲਾਤ ਬਣ ਗਏ ਹਨ, ਉਸ ਵਿਚ ਰਾਜ ਕਰਦੀਆਂ ਕਾਂਗਰਸ ਅਤੇ ਅਕਾਲੀ-ਦੋਵੇਂ ਪਾਰਟੀਆਂ ਹੀ ਬਰਾਬਰ ਦੀਆਂ ਸ਼ਰੀਕ ਹਨ। ਆਉਣ ਵਾਲੇ ਸਮੇਂ ਵਿਚ ਵੀ ਕੋਈ ਆਸ ਨਜ਼ਰ ਨਹੀਂ ਆਉਂਦੀ। ਸਾਲ ਕੁ ਨੂੰ ਹੋਣ ਵਾਲੀਆਂ ਚੋਣਾਂ ਵਿਚ ਜਿੱਤ ਦੀ ਆਸ ਲਾਈ ਬੈਠੀ ਕਾਂਗਰਸ ਕੋਈ ਵਿਕਾਸ ਦਾ ਏਜੰਡਾ ਜਾਂ ਪੰਜਾਬ ਦੀ ਮਾਲੀ ਹਾਲਤ ਨੂੰ ਬਿਹਤਰ ਬਣਾਉਣ ਦਾ ਕੋਈ ਫ਼ਾਰਮੂਲਾ ਲੋਕਾਂ ਸਾਹਮਣੇ ਰੱਖਣ ਦੀ ਬਜਾਏ ਇਹ ਗਿਣਤੀਆਂ-ਮਿਣਤੀਆਂ ਕਰੀ ਬੈਠੀ ਹੈ ਕਿ ਅਫ਼ਸਰਾਂ ਅਤੇ ਸਿਆਸੀ ਵਿਰੋਧੀਆਂ ਤੋਂ ਬਦਲੇ ਕਿਵੇਂ ਲੈਣੇ ਹਨ। ਮਾਘੀ ਮੇਲੇ ਦੀ ਸਿਆਸੀ ਕਾਨਫ਼ਰੰਸ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਇਹ ਕਹਿਣਾ ਕਿ "ਮੈਨੂੰ ਆ ਲੈਣ ਦਿਓ, ਸਭ ਨੂੰ ਪੁੱਠੇ ਟੰਗੂੰਗਾ", ਸੂਝਵਾਨ ਅਤੇ ਸਿਆਣੇ ਵੋਟਰਾਂ ਤੇ ਸ਼ਹਿਰੀਆਂ ਵਾਸਤੇ ਚਿੰਤਾਜਨਕ ਹੈ। ਜੇ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਪੰਜਾਬ ਦਾ ਕੀ ਬਣੇਗਾ? ਦੋਵੇਂ ਮੁੱਖ ਪਾਰਟੀਆਂ-ਅਕਾਲੀ ਦਲ (ਬਾਦਲ) ਅਤੇ ਕਾਂਗਰਸ, ਵਿਚ ਨੇਤਾਵਾਂ ਦੀ ਅਜਿਹੀ ਕਲਾਸ ਤਿਆਰ ਹੋ ਗਈ ਹੈ ਜੋ ਰਾਜੇ ਅਤੇ ਸ਼ਹਿਜ਼ਾਦਿਆਂ ਵਾਂਗ ਵਿਚਰ ਰਹੇ ਹਨ। ਦੋ-ਦੋ, ਤਿੰਨ-ਤਿੰਨ ਪੀੜ੍ਹੀਆਂ ਤੋਂ ਰਾਜ ਕਰਨ ਵਾਲੇ ਇਨ੍ਹਾਂ ਪਰਿਵਾਰਾਂ ਬਾਰੇ ਅਸੀਂ ਕਦੇ ਸੋਚਿਆ ਹੈ ਕਿ ਇਨ੍ਹਾਂ ਦੀ ਆਮਦਨ ਦੇ ਸਾਧਨ ਕੀ ਹਨ? ਅੱਜ ਤੋਂ 5-10 ਸਾਲ ਪਹਿਲਾਂ ਇਹ ਸਾਧਨ ਕਿੰਨੇ ਸਨ ਅਤੇ ਅੱਜ ਕਿੰਨੇ ਹਨ।

ਪਿਛਲੇ ਦਿਨਾਂ ਵਿਚ ਪੰਜਾਬ ਤੋਂ ਇਕ ਅਸੈਂਬਲੀ ਮੈਂਬਰ ਅਮਰੀਕਾ ਆਇਆ। ਸਾਡੇ ਪੰਜਾਬੀਆਂ ਨੇ ਉਸ ਨੂੰ ਇਸ ਤਰ੍ਹਾਂ 'ਜੀ ਆਇਆਂ' ਆਖਿਆ ਅਤੇ ਉਸ ਦਾ 'ਸਵਾਗਤ' ਕੀਤਾ ਕਿ ਜੋ ਕਦੇ ਇੰਗਲੈਂਡ ਦੀ ਮਹਾਰਾਣੀ ਨੂੰ ਵੀ ਆਪਣੇ ਅਧੀਨ ਮੁਲਕਾਂ ਵਿਚ ਨਾ ਮਿਲਿਆ ਹੋਵੇ। ਇਸ ਸਬੰਧੀ ਅਖ਼ਬਾਰੀ ਇਸ਼ਤਿਹਾਰਬਾਜ਼ੀ ਨਾਲ ਕਿਸੇ ਨੂੰ ਕੋਈ ਫ਼ਾਇਦਾ ਹੋਇਆ ਹੋਵੇ ਜਾਂ ਨਾ, ਉਸ ਮੈਂਬਰ ਦੀ ਜ਼ਰੂਰ ਧਾਂਕ ਬਣ ਗਈ ਕਿ ਇਹ ਪਰਵਾਸੀਆਂ ਕੋਲੋਂ ਚੰਗਾ ਫ਼ੰਡ ਉਗਰਾਹ ਸਕਦਾ ਹੈ। ਉਸ ਦਾ ਇਹ ਬਿਆਨ ਦੇਣਾ ਕਿ ਪੰਜਾਬ ਕੰਗਾਲ ਹੋ ਗਿਆ ਹੈ, ਜਾਂ ਪੰਜਾਬ ਵਿਚ 40 ਲੱਖ ਬੇਰੁਜ਼ਗਾਰ ਹਨ, ਉਸ ਦੀ ਪਾਰਟੀ ਨੂੰ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕਰ ਸਕਦਾ ਕਿਉਂਕਿ ਇਹ ਕੰਗਾਲੀ ਜਾਂ ਬੇਰੁਜ਼ਗਾਰੀ ਪਿਛਲੇ ਦੋ-ਚਾਰ ਸਾਲ ਵਿਚ ਨਹੀਂ ਆਈ। ਇਸ ਲਈ ਰਾਜ ਕਰਨ ਵਾਲੀਆਂ ਦੋਵਾਂ ਮੁੱਖ ਪਾਰਟੀਆਂ ਦਾ ਬਰਾਬਰ ਦਾ ਦੋਸ਼ ਹੈ।

*-ਸੁਰਿੰਦਰ ਸਿੰਘ, ਸੈਕਰਾਮੈਂਟੋ*

## ਮੇਰੀ ਪਹਿਲੀ ਪਸੰਦ

ਪੰਜਾਬ ਟਾਈਮਜ਼ ਅਖ਼ਬਾਰ ਦੇ ਸਟਾਫ਼ ਨੂੰ ਭਿੰਦੇ ਗਿੱਲ ਦੀ ਸਤਿ ਸ੍ਰੀ ਅਕਾਲ। ਮੈਂ ਪਿਛਲੇ ਪੰਜ ਸਾਲ ਤੋਂ ਪੰਜਾਬ ਟਾਈਮਜ਼ ਲਗਾਤਾਰ ਪੜ੍ਹਦਾ ਆ ਰਿਹਾ ਹਾਂ। ਸਿਰਫ਼ ਪੰਜਾਬ ਟਾਈਮਜ਼ ਹੀ ਇਕ ਵਧੀਆ ਅਖ਼ਬਾਰ ਹੈ ਜਿਸ ਵਿਚ ਹਮੇਸ਼ਾ ਵਧੀਆ ਸਮੱਗਰੀ ਛਪਦੀ ਹੈ। ਮੇਰੀ ਪਸੰਦ ਦੇ ਲੇਖਕਾਂ ਵਿਚ ਸ. ਤਰਲੋਚਨ ਸਿੰਘ ਦੁਪਾਲਪੁਰ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਅਸ਼ੋਕ ਭੌਰਾ ਅਤੇ ਰਾਜ ਧਾਲੀਵਾਲ ਉਚੇਚੇ ਤੌਰ 'ਤੇ ਸ਼ਾਮਲ ਹਨ। ਰਾਜ ਧਾਲੀਵਾਲ ਦੀ 'ਪਗੜੀਆਂ' ਬਾਰੇ ਕਵਿਤਾ ਬਹੁਤ ਹੀ ਢੁਕਵੀਂ ਸੀ ਕਿ ਕਿਵੇਂ ਇਤੇ ਗੁਰੂ ਘਰਾਂ ਵਿਚ ਪ੍ਰਧਾਨਗੀਆਂ ਲੈਣ ਲਈ ਸਿੱਖ ਪੱਗੋਲੱਥੀ ਹੁੰਦੇ ਹਨ। ਮੈਂ ਸਾਰੇ ਕਾਲਮਨਵੀਸਾਂ ਅਤੇ ਪੰਜਾਬ ਟਾਈਮਜ਼ ਲਈ ਅਰਦਾਸ ਕਰਦਾ ਹਾਂ ਕਿ ਇਹ ਦਿਨ ਦੂਣੀ ਰਾਤ ਚੌਗੁਣੀ ਤਰੱਕੀ ਕਰੇ।

*-ਭਿੰਦਾ ਗਿੱਲ, ਫਰਿਜ਼ਨੋ।*

## ਸਵਰਨ ਸਿੰਘ ਟਹਿਣੇ ਨੂੰ ਬੇਨਤੀ

ਇਹ ਸ਼ਬਦ ਰਾਜ ਧਾਲੀਵਾਲ ਆਪਣੇ ਪਿਆਰੇ ਪੰਜਾਬ ਟਾਈਮਜ਼ ਦੇ ਪਾਠਕਾਂ ਨਾਲ ਸਾਂਝੇ ਕਰ ਰਿਹਾ ਹੈ ਜੋ ਕਿ ਕਿਸੇ ਵੀ ਈਰਖਾ ਜਾਂ ਗੁੱਸੇ ਤੋਂ ਕੋਹਾਂ ਦੂਰ ਹਨ। ਜਨਾਬ ਸਵਰਨ ਸਿੰਘ ਟਹਿਣਾ ਕਲਾਕਾਰਾਂ ਬਾਰੇ ਕਾਫ਼ੀ ਡੂੰਘਾਈ ਵਿਚ ਲਿਖਦੇ ਹਨ ਅਤੇ ਇਨਸਾਫ਼ ਦੀ ਤੱਕੜੀ ਵਿਚ ਤੋਲਣ ਦੀ ਕੋਸ਼ਿਸ਼ ਕਰਦੇ ਹਨ ਫਿਰ ਵੀ ਦਾਸ ਨੂੰ ਉਨ੍ਹਾਂ ਨਾਲ ਕੁਝ ਸ਼ਿਕਵੇ ਹਨ ਜੋ ਇਥੇ ਸਾਂਝੇ ਕਰ ਰਿਹਾ ਹਾਂ।

ਟਹਿਣਾ ਜੀ ਅਕਸਰ ਨਵੇਂ ਕਲਾਕਾਰਾਂ ਉਪਰ ਤਵਾ ਲਾਈ ਰੱਖਦੇ ਹਨ ਅਤੇ ਕਾਫ਼ੀ ਹੱਦ ਤੱਕ ਜਾਇਜ਼ ਵੀ ਹਨ ਪਰ ਫਿਰ ਵੀ ਉਨ੍ਹਾਂ ਨੂੰ ਸਭ ਨੂੰ ਬਰਾਬਰ ਸਮਝ ਕੇ ਹਿੱਸੇ ਆਉਂਦਾ ਪ੍ਰਸ਼ਾਦ ਵੰਡਣਾ ਚਾਹੀਦਾ ਹੈ। ਟਹਿਣਾ ਜੀ ਨੇ ਸਤਿੰਦਰ ਸਰਤਾਜ ਬਾਰੇ ਪਤਾ ਨਹੀਂ ਕਿਉਂ ਚੁਪ ਵੱਟੀ ਰੱਖੀ ਹੈ। ਸਰਤਾਜ ਬਾਰੇ ਤਰਲੋਚਨ ਸਿੰਘ ਦੁਪਾਲਪੁਰ ਹੋਰਾਂ ਨੇ ਬਹੁਤ ਸਹੀ ਗੱਲ ਕੀਤੀ ਕਿ ਕਿਸ ਤਰ੍ਹਾਂ ਉਸ ਨੇ ਇਕ ਗੀਤ ਤੋੜ-ਮਰੋੜ ਕੇ ਪੇਸ਼ ਕੀਤਾ, ਗੱਲ ਕਚਹਿਰੀ ਤੱਕ ਗਈ। ਟਹਿਣਾ ਜੀ ਨੇ ਇਸ ਗੱਲ ਦਾ ਕਿਤੇ ਜ਼ਿਕਰ ਤੱਕ ਨਹੀਂ ਕੀਤਾ। ਜਦੋਂ ਮਿਸ ਪੂਜਾ ਦਾ ਪੈਟਰੋਲ ਵਾਲਾ ਗੀਤ ਚੱਲ ਰਿਹਾ ਸੀ ਤਾਂ ਟਹਿਣਾ ਜੀ ਚੁੱਪ ਸਨ ਅਤੇ ਜਦ ਉਸ ਦੀ ਮਾਰਕਿਟ ਘਟੀ ਹੈ ਤਾਂ ਜਨਾਬ ਜੀ ਨੇ ਚੱਕ ਦਿੱਤੇ ਫੱਟੇ। ਗੁਰਦਾਸ ਮਾਨ ਸਟੇਜ 'ਤੇ ਪ੍ਰੋਗਰਾਮ ਕਰਨ ਦਾ 8 ਲੱਖ ਰੁਪਏ ਮੰਗਦਾ ਹੈ। ਬਾਕੀ ਕਲਾਕਾਰ ਵੀ ਕੋਈ ਘੱਟ ਰਕਮ ਨਹੀਂ ਮੰਗਦੇ। ਕੀ ਇਹ ਇਨਸਾਫ਼ ਹੈ? ਟਹਿਣਾ ਜੀ ਨੇ ਕਰਤਾਰ ਰਮਲੇ ਬਾਰੇ ਕਦੇ ਵੀ ਕੁਝ ਨਹੀਂ ਲਿਖਿਆ। ਕੀ ਉਸ ਦਾ ਸਬੰਧ ਲੱਚਰ ਗੀਤਾਂ ਨਾਲ ਨਹੀਂ? ਬਲਕਿ ਸਹੀ ਅਰਥਾਂ ਵਿਚ ਦੇਖੀਏ ਤਾਂ ਉਸ ਦਾ ਇਕ ਵੀ ਗੀਤ ਪਰਿਵਾਰਕ ਗੀਤ ਨਹੀਂ ਹੈ। ਉਸ ਬਾਰੇ ਕਿਉਂ ਕੁਝ ਨਹੀਂ ਲਿਖਿਆ? ਸ਼ਾਇਦ ਇਸ ਕਰਕੇ ਕਿ ਉਹ ਵੀ ਫ਼ਰੀਦਕੋਟ ਤੋਂ ਹੈ! ਮਿਸ ਪੂਜਾ ਕੋਈ ਮੇਰੀ ਰਿਸ਼ਤੇਦਾਰ ਨਹੀਂ ਹੈ, ਨਾ ਹੀ ਮੇਰਾ ਉਸ ਨਾਲ ਗਾਉਣ ਦਾ ਕੋਈ ਵਿਚਾਰ ਹੈ ਅਤੇ ਨਾ ਹੀ ਕਦੇ ਗਾਵਾਂਗਾ। ਮੇਰੀ ਤੁੱਛ ਜਿਹੀ ਬੁੱਧੀ ਅਨੁਸਾਰ ਗੱਲ ਸਿਰਫ਼ ਏਨੀ ਹੈ ਕਿ ਮੈਂ ਟਹਿਣਾ ਜੀ ਦੇ ਲੇਖ ਬੜੀ ਦਿਲਚਸਪੀ ਨਾਲ ਪੜ੍ਹਦਾ ਹਾਂ। ਮੇਰੀ ਬੇਨਤੀ ਇਹ ਹੈ ਕਿ ਨਵੇਂ ਕਲਾਕਾਰਾਂ ਨੂੰ ਸਮਝਾਉਣ ਦੀ ਲੋੜ ਹੈ ਨਾ ਕਿ ਭਜਾਉਣ ਦੀ, ਕਿਉਂਕਿ ਇਨ੍ਹਾਂ ਕਲਾਕਾਰਾਂ ਨੇ ਹੀ ਭਵਿੱਖ ਦੇ ਲੋਕ ਗਵੱਈਏ ਬਣਨਾ ਹੈ। ਇਨ੍ਹਾਂ ਨੇ ਹੀ ਆਮ ਲੋਕਾਂ ਦਾ ਮਨੋਰੰਜਨ ਕਰਨਾ ਹੈ। ਜਿਹੜੇ ਕਲਾਕਾਰ ਲੱਖਾਂ ਰੁਪਏ ਜਾਂ ਅੱਸੀ ਅੱਸੀ ਹਜ਼ਾਰ ਡਾਲਰ ਮੰਗਦੇ ਹਨ ਉਹ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ।

ਜਦੋਂ ਮੈਂ ਥੋੜ੍ਹਾ ਥੋੜ੍ਹਾ ਲਿਖਣਾ ਸ਼ੁਰੂ ਕੀਤਾ ਤਾਂ ਮੈਂ ਇਕ ਦਿਨ ਮਨਮੋਹਨ ਵਾਰਿਸ ਦੀ ਇੰਟਰਵਿਊ ਟੀ ਵੀ ਉਤੇ ਦੇਖ ਰਿਹਾ ਸਾਂ। ਉਸ ਨੂੰ ਇਹ ਸਵਾਲ ਕੀਤਾ ਗਿਆ ਕਿ ਕੀ ਤੁਸੀਂ ਨਾਮਵਰ ਗੀਤਕਾਰਾਂ ਦੇ ਹੀ ਗੀਤ ਗਾਉਂਦੇ ਹੋ? ਵਾਰਸ ਦਾ ਜਵਾਬ ਸੀ, ਗੀਤਕਾਰ ਕੋਈ ਨਵਾਂ ਹੋਵੇ ਜਾਂ ਪੁਰਾਣਾ ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ, ਬਸ ਗੀਤ ਅਜਿਹਾ ਹੋਵੇ ਕਿ ਦਿਲ 'ਤੇ ਸੱਟ ਵੱਜਦੀ ਹੋਵੇ। ਬੇਸ਼ਕ ਕਿਸੇ ਨੇ ਇਕ ਗੀਤ ਹੀ ਕਿਉਂ ਨਾ ਲਿਖਿਆ ਹੋਵੇ? ਇਹ ਸੁਣ ਕੇ ਮੇਰੇ ਵਿਚ ਕੁਝ ਸਵੈ-ਵਿਸ਼ਵਾਸ ਬੱਝ ਗਿਆ। ਮੈਂ ਵਾਰਸ ਦਾ ਕੋਈ ਨਜ਼ਦੀਕੀ ਮਿੱਤਰ ਨਹੀਂ, ਉਂਜ ਮੇਰੀ ਉਸ ਨਾਲ ਜਾਣ ਪਛਾਣ ਹੈ। ਮੈਂ ਜੋ ਵੀ ਲਿਖਦਾ ਹਾਂ, ਉਸ ਪਿਛੇ ਵਾਰਸ ਦਾ ਥਾਪੜਾ ਹੈ। ਪੰਜਾਬ ਟਾਈਮਜ਼ ਦੇ ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ ਦੀਆਂ ਗੱਲਾਂ ਪੜ੍ਹ ਪੜ੍ਹ ਕੇ, ਜਿਨ੍ਹਾਂ ਦੇ ਅਰਥ ਬੜੇ ਡੂੰਘੇ ਹੁੰਦੇ ਹਨ, ਉਨ੍ਹਾਂ ਤੋਂ ਸੇਧ ਲੈ ਕੇ ਥੋੜ੍ਹਾ ਬਹੁਤ ਲਿਖਣ ਦੀ ਕੋਸ਼ਿਸ਼ ਕਰਦਾ ਹਾਂ। ਜੇ ਪਾਠਕ ਮੇਰੀਆਂ ਹਲਕੀਆਂ-ਫੁਲਕੀਆਂ ਪਸੰਦ ਕਰਦੇ ਹਨ ਤਾਂ ਮੈਂ ਉਨ੍ਹਾਂ ਦਾ ਬਹੁਤ ਰਿਣੀ ਹਾਂ।

*-ਰਾਜ ਧਾਲੀਵਾਲ,*
*ਟੈਫਟ, ਕੈਲੀਫੋਰਨੀਆ।*

## ਗੱਲ ਬਣੀ ਕਿ ਨਹੀਂ

**ਐਸ. ਅਸ਼ੋਕ ਭੌਰਾ**

### ਬੰਦੇ ਭਗਵਾਨ

ਅਕਲਾਂ ਵਾਲੇ ਵੀ ਟਪਲਾ ਖਾ ਜਾਂਦੇ, ਮੂਰਖ ਮਹਿਫ਼ਲਾਂ ਵਿਚ ਪ੍ਰਧਾਨ ਦੇਖੇ।
ਜਿਉਂਦੇ ਆਪਣੇ ਲਈ ਨਹੀਂ ਕਈ ਬੰਦੇ, ਹੁੰਦੇ ਦੂਜਿਆਂ ਲਈ ਕੁਰਬਾਨ ਦੇਖੇ।
ਇੱਛਾਂ ਵਿਲਕਦੀਆਂ ਜੱਗ 'ਤੇ ਬਹੁਤ ਹਾਲੇ, ਨੂੜੇ ਲੂਣਾਂ ਨਾਲ ਕਈ ਸਲਵਾਨ ਦੇਖੇ।
ਸੁਰਗ ਝੁੱਗੀਆਂ 'ਚ ਨੱਚਦਾ ਬਹੁਤ ਵਾਰੀ, ਉਚੇ ਮਹਿਲਾਂ 'ਚ ਫਿੱਕੇ ਪਕਵਾਨ ਦੇਖੇ।
ਪੱਗ ਸਦਾ ਸ਼ਹੀਦਾਂ ਦੀ ਆਈ ਲੱਥਦੀ, ਲੱਦੇ ਹਾਰਾਂ ਨਾਲ ਬੜੇ ਸ਼ੈਤਾਨ ਦੇਖੇ।
ਹੁੰਦੀ ਸੁਰਾ ਤੇ ਸ਼ਰਾ ਇਕ-ਮਿਕ ਦੇਖੀ, ਖਿਲਰੇ ਮਣਕਿਆਂ ਵਾਂਗ ਅਰਮਾਨ ਦੇਖੇ।
ਨਿਕਲੇ ਰੱਬ ਨੂੰ ਲੱਭਣ ਲਈ ਸੀ ਜਿਹੜੇ, ਫਿਰ ਆਪ ਹੀ ਬਣੇ ਭਗਵਾਨ ਦੇਖੇ।

# ਪੰਜਾਬ ਦੀ ਗਰਮ ਸਿਆਸਤ ਦੀਆਂ ਕੁਝ ਮਿੱਥਾਂ ਦੇ ਆਰ-ਪਾਰ

***ਉਘੇ ਪੱਤਰਕਾਰ ਸ਼ਮੀਲ ਨੇ 'ਅੰਮ੍ਰਿਤਸਰ ਐਲਾਨਨਾਮਾ' ਜਾਰੀ ਹੋਣ ਅਤੇ ਉਸ ਦੇ ਗਿਰਦ ਉਸਰੀ ਵਿਚਾਰ ਚਰਚਾ ਦੇ ਮੱਦੇਨਜ਼ਰ ਅੱਜ ਤੋਂ 15 ਕੁ ਵਰ੍ਹੇ ਪਹਿਲਾਂ ਇਕ ਅਹਿਮ ਲੇਖ ਚੰਡੀਗੜ੍ਹ ਤੋਂ ਛਪਦੇ ਅਖਬਾਰ 'ਪੰਜਾਬੀ ਟ੍ਰਿਬਿਊਨ' ਲਈ ਲਿਖਿਆ ਸੀ। ਸਿੱਖ ਕੌਮ ਅਤੇ ਪੰਜਾਬ ਨੂੰ ਦਰਪੇਸ਼ ਮਸਲਿਆਂ ਦੇ ਮਾਮਲੇ ਵਿਚ ਅੱਜ ਵੀ ਇਹ ਲੇਖ ਕਾਫੀ ਹੱਦ ਤੱਕ ਸਾਰਥਕ ਹੈ। ਵਿਚਾਰ-ਵਟਾਂਦਰੇ ਦੇ ਮਨੋਰਥ ਨਾਲ ਅਸੀਂ ਇਹ ਲੇਖ ਇਥੇ ਛਾਪ ਰਹੇ ਹਾਂ। ਯਾਦ ਰਹੇ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਲੇਖ ਵਿਚ ਪ੍ਰਗਟਾਏ ਵਿਚਾਰਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

**ਸ਼ਮੀਲ**

ਅਲਹਿਦਗੀ ਦੇ ਸਿਧਾਂਤ ਨਾਲ ਦੂਰੋਂ-ਨੇੜਿਓਂ ਜੁੜੀ ਪੰਜਾਬ ਦੀ ਸਾਰੀ ਸਿਆਸਤ ਕੁਝ ਮਿੱਥਾਂ 'ਤੇ ਉਸਰੀ ਹੈ। ਇਸ ਸਿਆਸਤ ਲਈ ਜੋ ਸਿਧਾਂਤ ਘੜੇ ਗਏ, ਉਨ੍ਹਾਂ ਲਈ ਵੀ ਇਹ ਪੂਰਵਸਿੱਧ ਮਿੱਥਾਂ ਹੀ ਆਧਾਰ ਰੇਖਾਵਾਂ ਰਹੀਆਂ ਹਨ, ਜਿਨ੍ਹਾਂ ਉਤੇ ਬਾਕੀ ਦੇ ਸਿਧਾਂਤਕ ਮਹਿਲ ਉਸਾਰੇ ਗਏ। ਪੰਜਾਬੀ ਪਛਾਣ ਨੂੰ ਖਤਰਾ, ਪੰਥ ਨੂੰ ਖਤਰਾ, ਪੰਜਾਬ ਦੀ ਲੁੱਟ-ਖਸੁੱਟ ਤੇ ਦਿੱਲੀ ਦਰਬਾਰ ਅਜਿਹੀਆਂ ਮਿੱਥਾਂ ਹਨ ਜਿਨ੍ਹਾਂ 'ਚੋਂ ਪੰਜਾਬ ਦੇ ਕਹੇ ਜਾਂਦੇ ਕੌਮੀ ਮੁਕਤੀ ਪ੍ਰੋਗਰਾਮਾਂ ਤੇ ਖਾਲਿਸਤਾਨ ਆਦਿ ਸੰਕਲਪ ਜਨਮੇ।

ਹਾਲਾਤ ਦੇ ਗੇੜ ਨਾਲ ਇਹ ਮਿੱਥਾਂ ਭੁਰਨੀਆਂ ਵੀ ਸ਼ੁਰੂ ਹੋਈਆਂ ਤੇ ਬਹੁਤ ਸਾਰਿਆਂ ਨੇ ਇਨ੍ਹਾਂ ਦੇ ਮੂਲ ਬਾਰੇ ਸੋਚਣਾ ਸ਼ੁਰੂ ਕੀਤਾ ਪਰ ਪੰਜਾਬ ਸਿਆਸਤ ਦਾ ਇਕ ਅਜਿਹਾ ਵੱਡਾ ਵਰਗ ਹੈ ਜਿਨ੍ਹਾਂ ਦਾ ਪੂਰੇ ਦਾ ਪੂਰਾ ਸਿਆਸੀ ਜੀਵਨ ਹੀ ਇਨ੍ਹਾਂ ਮਿੱਥਾਂ ਨਾਲ ਜੁੜਿਆ ਹੋਇਆ ਹੈ। ਇਸ ਸਿਆਸੀ ਲਾਬੀ ਅਤੇ ਇਸ ਨਾਲ ਜੁੜੇ ਸਿਧਾਂਤਕਾਰਾਂ ਵਲੋਂ ਇਨ੍ਹਾਂ ਮਿੱਥਾਂ ਨੂੰ ਐਨਾ ਨਿਰਵਿਵਾਦ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਦੇ ਮੂਲ ਬਾਰੇ ਪ੍ਰਸ਼ਨ ਕਰਨ ਦੀ ਜੁਰਅਤ ਨੂੰ ਵੀ ਸ਼ਾਇਦ ਵੱਡੀ ਭਾਰੀ ਗੁਸਤਾਖੀ ਸਮਝਿਆ ਜਾਵੇ।

ਪਿੱਛੇ ਜਿਹੇ ਜਾਰੀ ਕੀਤੇ ਗਏ 'ਅੰਮ੍ਰਿਤਸਰ ਐਲਾਨਨਾਮੇ' ਦਾ ਆਧਾਰ ਵੀ ਇਹੀ ਮਿੱਥਾਂ ਹਨ। ਇਸ ਉਤੇ ਹੋ ਰਹੀ ਵਿਚਾਰ-ਚਰਚਾ 'ਚ ਵੀ ਇਨ੍ਹਾਂ ਮਿੱਥਾਂ ਤੇ ਇਕ ਅੰਧ ਵਿਸ਼ਵਾਸ ਦਾ ਤੱਤ ਨਜ਼ਰ ਆ ਰਿਹਾ ਹੈ, ਜਿਸ ਕਾਰਨ ਇਨ੍ਹਾਂ ਨੂੰ ਨਹੀਂ ਛੇੜਿਆ ਜਾ ਰਿਹਾ। 'ਅਕਾਲੀ ਸਾਹਿਬ ਸੇਵੀਐ' ਤਕ ਕਹਿਣ ਵਾਲੇ, ਗੁਰੂ ਸਿਧਾਂਤ ਨਾਲ ਜੁੜੇ ਹੋਣ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਸਿੱਖ ਬੁੱਧੀਜੀਵੀ ਵੀ ਇਨ੍ਹਾਂ ਮਿੱਥਾਂ ਨੂੰ ਵਿਚਾਰ ਅਧੀਨ ਲਿਆਉਣ ਦੀ ਕੋਸ਼ਿਸ਼ ਨਹੀਂ ਕਰ ਰਹੇ।

ਇਨ੍ਹਾਂ ਮਿੱਥਾਂ ਦਾ ਇਕ ਪ੍ਰਮੁੱਖ ਆਧਾਰ ਇਨ੍ਹਾਂ ਨਾਲ ਜੁੜੇ ਸਿਧਾਂਤਕਾਰਾਂ ਦੀਆਂ ਸਭਿਆਚਾਰ ਬਾਰੇ ਧਾਰਨਾਵਾਂ ਹਨ। ਸਭਿਆਚਾਰ ਬਾਰੇ ਇਨ੍ਹਾਂ ਧਾਰਨਾਵਾਂ 'ਚੋਂ ਹੀ ਕੌਮੀਅਤ ਆਦਿ ਦੇ ਸੰਕਲਪ ਨਿਕਲੇ ਹਨ। ਇਸ ਅਧੀਨ ਜਿਸ ਰੂਪ 'ਚ ਪੰਜਾਬੀ ਸਭਿਆਚਾਰ, ਇਸ 'ਚੋਂ ਉਭਰਦੀ ਪੰਜਾਬੀ ਕੌਮੀ ਪਛਾਣ ਤੇ ਇਸ ਨੂੰ ਖਤਰਿਆਂ ਦੀ ਗੱਲ ਕੀਤੀ ਜਾਂਦੀ ਹੈ। ਉਸ 'ਚ ਸਭਿਆਚਾਰਕ ਤੱਤਾਂ ਬਾਰੇ ਇਲਾਹੀਕਰਨ ਦੀ ਪ੍ਰਵਿਰਤੀ ਹੈ।

ਜੇ ਵੱਖ-ਵੱਖ ਖਿੱਤਿਆਂ ਦੇ ਲੋਕਾਂ 'ਚ ਅਚਾਰ-ਵਿਚਾਰ ਤੇ ਮਾਨਸਿਕ ਬਣਤਰਾਂ ਦੀਆਂ ਵਿਭਿੰਨਤਾਵਾਂ ਹਨ ਤਾਂ ਇਹ ਭੂਗੋਲਿਕ ਤੇ ਇਤਿਹਾਸਕ ਹਾਲਤਾਂ ਦਾ ਸਿੱਟਾ ਹੈ। ਇਨ੍ਹਾਂ ਦਾ ਮਿਟਣਾ ਵੀ ਇਤਿਹਾਸਕ ਹਾਲਤਾਂ ਦਾ ਹੀ ਸਿੱਟਾ ਹੋਏਗਾ। ਸਭਿਆਚਾਰਕ ਪਛਾਣਾਂ ਕੋਈ ਸਥਾਈ, ਸਦੀਵੀ ਤੇ ਰੱਬੀ ਪਛਾਣਾਂ ਨਹੀਂ ਹਨ, ਭਾਵੇ ਜਟਿਲ ਤੇ ਗਹਿਰੀਆਂ ਜਰੂਰ ਹਨ। ਇਨ੍ਹਾਂ ਧਾਰਨਾਵਾਂ ਨਾਲ ਜੁੜੇ ਸਿਧਾਂਤਕਾਰ ਸਭਿਆਚਾਰਕ ਪਛਾਣਾਂ ਦੇ ਲੱਛਣਾਂ ਦੀ ਲੋਕ ਮਾਨਸ ਉਤੇ ਗਹਿਰੀ ਤੇ ਅਤਿ ਜਟਿਲ ਛਾਪ ਦੇ ਆਧਾਰ 'ਤੇ ਹੀ ਇਨ੍ਹਾਂ ਦੇ 'ਇਲਾਹੀਕਰਨ' ਵੱਲ ਰੁਚਿਤ ਹੁੰਦੇ ਹਨ।

ਇਸ ਮਾਨਦੰਡ ਦੇ ਹਿਸਾਬ ਤਾਂ ਸਾਡੀਆਂ ਜਾਤਾਂ ਵੀ ਸਾਡੇ ਅੰਦਰ ਬਹੁਤ ਗਹਿਰੀਆਂ ਧਸੀਆਂ ਹੋਈਆਂ ਹਨ। ਜੱਟ ਦਾ ਜੱਟਪੁਣਾ ਉਸ ਦੇ ਖੂਨ 'ਚ ਰਚ ਚੁੱਕਿਆ ਹੈ ਤੇ ਨਵੇ ਪਰਿਵੇਸ਼ 'ਚ ਵੀ ਦੂਰ ਤੱਕ ਪਿੱਛਾ ਕਰਦਾ ਹੈ। ਅਖੌਤੀ ਦਲਿਤਾਂ 'ਚੋਂ ਉਨ੍ਹਾਂ ਦੇ ਜਾਤੀ ਲੱਛਣ ਬਦਲੀਆਂ ਹਾਲਤਾਂ 'ਚ ਜਾ ਕੇ ਵੀ ਨਹੀਂ ਮਿਟਦੇ। ਇਸ ਦਾ ਇਹ ਕੱਤਈ ਮਤਲਬ ਨਹੀਂ ਕਿ ਇਹ ਵਖਰੇਵੇਂ ਤੇ ਲੱਛਣ ਕੋਈ ਰੱਬੀ ਤੇ ਸਦੀਵੀ ਵਖਰੇਵੇਂ ਹਨ। ਕੁਝ ਪ੍ਰਾਪਤ ਹੋਈਆਂ ਖਾਸ ਸਮਾਜਿਕ-ਆਰਥਿਕ ਹਾਲਤਾਂ 'ਚ ਇਹ ਪੈਦਾ ਹੋਏ ਤੇ ਬੇਸ਼ਕ ਬਹੁਤ ਗਹਿਰੇ ਧਸ ਗਏ ਹਨ ਪਰ ਅੰਤਰਮ ਰੂਪ 'ਚ ਇਹ ਸਭ ਅਸਥਾਈ ਤੱਤ ਹੀ ਹਨ। ਜੇ ਗੁਰੂ ਸਾਹਿਬਾਨ ਨੇ ਜਾਤੀ ਪਛਾਣਾਂ ਨੂੰ ਰੱਦ ਕਰਦਿਆਂ ਜਾਤੀ ਵੰਡਾਂ ਦਾ ਖੰਡਨ ਕੀਤਾ ਤੇ ਜਾਤੀ ਹਉਮੈ ਨੂੰ ਨਕਾਰਿਆ ਤਾਂ ਇਹ ਸਭਿਆਚਾਰਕ ਤੇ ਕੌਮੀ ਪਛਾਣਾਂ ਵੀ ਉਸ ਤੋਂ ਵੱਖਰੇ ਕੋਈ ਗੌਰਵਮਈ ਮੁੱਲ ਨਹੀਂ ਹਨ, ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸ ਦਾ ਇਹ ਕੱਤਈ ਮਤਲਬ ਨਹੀਂ ਹੈ ਕਿ ਮਨੁੱਖਤਾ ਦੀ ਵੰਨਸੁਵੰਨਤਾ ਨੂੰ ਪੱਧਰਾ ਕਰ ਦਿੱਤਾ ਜਾਏ। ਪਰ ਇਨ੍ਹਾਂ ਪਛਾਣਾਂ ਦੇ ਨਾਂ ਤੇ ਹੰਕਾਰੇ ਝੰਡੇ ਚੁੱਕੀ ਫਿਰਨਾ ਅਤੇ ਨਫਰਤ ਤੇ ਹਿੰਸਾ ਦੇ ਵਰਤਾਰਿਆਂ ਲਈ ਜ਼ਮੀਨ ਤਿਆਰ ਕਰਨਾ ਗੁਰੂ ਚਿੰਤਨ ਤੇ ਮਾਨਵਤਾਈ ਸਿਧਾਂਤਾਂ ਦੇ ਉਲਟ ਕਰਮ ਹੈ। ਸਭਿਆਚਾਰਕ ਪਛਾਣਾਂ ਦੇ ਨਾਂ 'ਤੇ ਝਗੜੇ ਵੀ ਇਕ ਵੱਖਰੀ ਕਿਸਮ ਦੇ ਜਾਤੀ ਯੁੱਧ ਹੀ ਹਨ।

ਸਭਿਆਚਾਰ ਬਾਰੇ ਧਾਰਨਾਵਾਂ 'ਚ ਅਗਲੀ ਧਾਰਨਾ ਪੰਜਾਬੀ ਸਭਿਆਚਾਰ, ਕਿਰਦਾਰ ਤੇ ਲੱਛਣਾਂ ਦੀ ਅਲਹਿਦਗੀ ਤੇ ਅੱਡਰੇਪਣ ਦੇ ਸਿਧਾਂਤ ਨਾਲ ਜੁੜੀ ਹੈ। ਪੰਜਾਬੀ ਤਾਸੀਰ ਦੇ ਇਸ ਅੱਡਰੇਪਣ ਨੂੰ ਹੀ ਕੌਮੀਅਤ ਦੀ ਧਾਰਨਾ ਦਾ ਆਧਾਰ ਬਣਾਇਆ ਜਾਂਦਾ ਹੈ। ਪੰਜਾਬੀ ਸਭਿਆਚਾਰ ਕਿਸੇ ਖਲਾਅ 'ਚੋਂ ਇਕਹਿਰੇ ਰੂਪ 'ਚ ਵਿਕਸਤ ਹੋਣੀ ਸ਼ੈਅ ਨਹੀਂ ਹੈ। ਅਲੱਗ-ਅਲੱਗ ਸਭਿਆਚਾਰਕ ਲੱਛਣਾਂ ਦੇ ਅੰਤਰ ਮਿਲਣ ਤੇ ਟੁੱਟਣ ਦੀ ਪ੍ਰਕ੍ਰਿਆ 'ਚੋਂ ਹੀ ਇਸ ਖਿੱਤੇ ਦੇ ਕੁਝ ਸਭਿਆਚਾਰਕ ਲੱਛਣ ਵਿਕਸਿਤ ਹੋਏ ਹਨ।

ਗੁਰਮਤਿ ਦਰਸ਼ਨ ਤੇ ਗੁਰਬਾਣੀ ਦੀ ਭਾਸ਼ਾ ਤੇ ਬਿੰਬਾਵਲੀ 'ਚ ਵੀ ਇਸ ਪੂਰੀ ਵਿਰਾਸਤ ਨੂੰ ਆਤਮਸਾਤ ਕੀਤਾ ਗਿਆ ਹੈ, ਭਾਵੇਂ ਇਸ ਦੇ ਬੇਅਰਥ ਹੋ ਚੁੱਕੇ ਬਹੁਤ ਸਾਰੇ ਤੱਤਾਂ ਨੂੰ ਨਕਾਰਿਆ ਵੀ ਗਿਆ। ਨਾ ਪੰਜਾਬੀ ਭਾਸ਼ਾ, ਨਾ ਪੰਜਾਬੀ ਸਾਹਿਤ, ਨਾ ਪੰਜਾਬੀ ਸੰਗੀਤ, ਨਾ ਪੰਜਾਬੀ ਇਮਾਰਤਸਾਜੀ ਅਤੇ ਨਾ ਪੰਜਾਬੀ ਚਿੱਤਰਕਲਾ ਆਦਿ ਵਰਗੀ ਕੋਈ ਸ਼ੁੱਧ ਪੰਜਾਬੀ ਧਾਰਨਾ ਬਣ ਸਕਦੀ ਹੈ। ਸੰਸਕ੍ਰਿਤ, ਅਰਬੀ, ਫਾਰਸੀ ਤੇ ਅੰਗਰੇਜ਼ੀ ਨੂੰ ਖਾਰਜ ਕਰਨ ਬਾਅਦ ਪੰਜਾਬੀ ਜ਼ੁਬਾਨ ਇਕ ਅਪੰਗ ਤੇ ਲੰਗੜੀ-ਲੂਲੀ ਭਾਸ਼ਾ ਦੇ ਰੂਪ 'ਚ ਬਚਦੀ ਹੈ। ਜੇ ਪੰਜਾਬੀ ਸਭਿਆਚਾਰ ਵਿਕਸਤ ਹੀ ਸਭਿਆਚਾਰਕ ਆਦਾਨ-ਪ੍ਰਦਾਨ ਤੇ ਮਿਸ਼ਰਣ 'ਚੋਂ ਹੋਇਆ ਹੈ ਤਾਂ ਪੰਜਾਬੀ ਸਭਿਆਚਾਰ ਨੂੰ ਖਤਰੇ ਦੀ ਧਾਰਨਾ ਦਾ ਅਰਥ ਹੀ ਕੀ ਹੋਇਆ?

ਸਭਿਆਚਾਰਕ ਲੱਛਣਾਂ ਤੇ ਪਛਾਣਾਂ ਦੇ ਅੱਡਰੇਪਣ ਦੀਆਂ ਅਜਿਹੀਆਂ ਬੇਅਰਥ ਧਾਰਨਾਵਾਂ ਹੀ ਹਨ ਜਿਨ੍ਹਾਂ ਨੂੰ ਅਲਹਿਦਗੀ ਤੇ ਸਭਿਆਚਾਰਕ ਜਾਂ ਕੌਮੀ ਹਉਮੈ ਦੀ ਸਿਆਸਤ ਦਾ ਆਧਾਰ ਬਣਾਇਆ ਜਾਂਦਾ ਹੈ। ਕਿਸੇ ਮਰਾਠੇ ਅਤੇ ਪੰਜਾਬੀ 'ਚ ਜਿੰਨੀਆਂ ਭਿੰਨਤਾਵਾਂ ਲੱਭੀਆਂ ਜਾ ਸਕਦੀਆਂ ਹਨ, ਉਨੀਆਂ ਹੀ ਸਾਂਝਾਂ ਵੀ ਲੱਭੀਆਂ ਜਾ ਸਕਦੀਆਂ ਹਨ। ਸਾਰੀ ਦੁਨੀਆਂ ਦੇ ਸਭਿਆਚਾਰਾਂ 'ਚ ਹੀ ਜਿੰਨੀਆਂ ਵਿਭਿੰਨਤਾਵਾਂ ਹਨ, ਓਨੀਆਂ ਹੀ ਮੂਲ ਮਨੁੱਖੀ ਜਜ਼ਬਿਆਂ ਦੀਆਂ ਅਤਿ ਗਹਿਰੀਆਂ ਸਾਂਝਾਂ ਵੀ ਹਨ। ਲੱਖ ਵਖਰੇਵਿਆਂ ਦੇ ਬਾਵਜੂਦ ਪੂਰੀ ਦੁਨੀਆਂ 'ਚ ਸਭ ਤੋਂ ਵੱਡੀ ਸਾਂਝ ਮਨੁੱਖ ਹੋਣ ਦੀ ਹੈ, ਜਿਸ 'ਚੋਂ ਗੁਰਮਤਿ ਦਾ ਸਰਬੱਤ ਦੇ ਭਲੇ ਦਾ ਸਿਧਾਂਤ ਨਿਕਲਿਆ।

ਇਸ ਤਰ੍ਹਾਂ ਜਿੱਥੇ ਮੂਲ ਮਨੁੱਖੀ ਜਜ਼ਬਿਆਂ ਦੀ ਪੂਰੀ ਮਨੁੱਖਤਾ 'ਚ ਸਾਂਝ ਹੈ ਉਥੇ ਧਰਤੀ ਦਾ ਹਰ ਮਨੁੱਖ ਹੀ ਵਿਲੱਖਣ ਸੁਭਾਅ, ਰੁਚੀਆਂ ਤੇ ਕਿਰਦਾਰ ਦਾ ਧਾਰਨੀ ਹੈ। ਕੁਦਰਤ 'ਚ ਏਕਤਾ ਤੇ ਅਨੇਕਤਾ ਦਾ ਇਹ ਵਿਸਮਾਦੀ ਚਿੱਤਰ ਹੈ ਪਰ ਅਲਹਿਦਗੀ ਦੇ ਸਿਧਾਂਤ ਨਾਲ ਜੁੜੇ ਕੁਝ ਲੋਕ ਇਸ ਸਭਿਆਚਾਰਕ ਵੰਨ-ਸੁਵੰਨਤਾ ਦੀ ਮੁੱਢਲੀ ਇਕਾਈ ਅਖੌਤੀ ਕੌਮੀਅਤ ਨੂੰ ਮੰਨਦੇ ਹਨ। ਇਸ ਧਾਰਾ ਦੇ ਪ੍ਰਮੁੱਖ ਸਿਧਾਂਤਕਾਰ ਡਾ. ਗੁਰਭਗਤ ਸਿੰਘ ਦਾ ਵਿਕੇਂਦਰੀਕਰਨ ਦਾ ਸਿਧਾਂਤ ਇਥੇ ਆ ਕੇ ਹੀ ਅਟਕ ਜਾਂਦਾ ਹੈ। ਸਿੱਖ/ਅਕਾਲੀ ਰਾਜਨੀਤੀ ਦੇ ਕੁਝ ਨਵੇਂ ਉਭਰ ਰਹੇ ਸਿਧਾਂਤਕਾਰ ਵੀ ਜਰਾ ਕੁ ਬਦਲੀ ਹੋਈ ਸ਼ਬਦਾਵਲੀ ਅਤੇ ਮੁਹਾਵਰੇ ਦੇ ਅੰਤਰ ਨਾਲ ਇਹੋ ਕੁਝ ਹੀ ਕਰ ਰਹੇ ਹਨ।

ਜੇ ਵਿਸ਼ਵ ਸਭਿਆਚਾਰਾਂ ਦੀ ਵੰਨ-ਸੁਵੰਨਤਾ 'ਚ ਪੰਜਾਬੀ ਸਭਿਆਚਾਰਕ ਤੇ ਕੌਮੀਅਤ ਇਕ ਅੱਡਰਾ ਰੰਗ ਤੇ ਬਰਾਬਰ ਅਧਿਕਾਰਾਂ ਦੇ ਹੱਕਦਾਰ ਹਨ ਤਾਂ ਓਨੀ ਹੀ ਵੰਨ-ਸੁਵੰਨਤਾ ਇਸ ਪੰਜਾਬੀ ਕੌਮੀਅਤ ਅੰਦਰ ਵੀ ਹੈ। ਪੰਜਾਬ 'ਚ ਅਨੇਕਾਂ ਉਪਭਾਸ਼ਾਵਾਂ ਹਨ, ਧਾਰਮਿਕ ਘੱਟ ਗਿਣਤੀਆਂ ਹਨ, ਵਿਚਾਰਧਾਰਕ ਘੱਟਗਿਣਤੀਆਂ ਹਨ। ਮਨੁੱਖਤਾ ਦੀ ਵਿਭਿੰਨਤਾ ਨੂੰ ਕੌਮੀ ਤੇ ਰੋਕ ਲੈਣਾ ਤੇ ਅਗਾਂਹ ਉਸ ਅੰਦਰਲੀਆਂ ਵਿਭਿੰਨਤਾਵਾਂ ਨੂੰ ਅਣਗੌਲਿਆਂ ਕਰਨਾ ਇਮਾਨਦਾਰਾਨਾ ਪਹੁੰਚ ਨਹੀਂ ਹੈ।

ਇਸੇ ਸੰਦਰਭ 'ਚ ਇਕ ਹੋਰ ਅਹਿਮ ਮਿੱਥ ਪੰਜਾਬੀ ਦੇ ਕੌਮੀ ਮੁਕਤੀ ਪ੍ਰੋਗਰਾਮ ਵਾਲੀ ਹੈ। ਅਲਹਿਦਗੀਪਸੰਦ ਧਾਰਾ ਦੇ ਸਿਧਾਂਤਕਾਰਾਂ ਦੀਆਂ ਸਭਿਆਚਾਰ ਤੇ ਕੌਮੀਅਤ ਵਾਲੀ ਉਪਰੋਕਤ ਸਾਰੀਆਂ ਧਾਰਨਾਵਾਂ ਨੂੰ ਜੇ ਮੰਨ ਲਿਆ ਜਾਏ ਤਾਂ ਪਾਕਿਸਤਾਨੀ ਪੰਜਾਬ, ਹਰਿਆਣਾ, ਹਿਮਾਚਲ ਤੇ ਦਿੱਲੀ ਤੱਕ ਵੀ ਆਸਾਨੀ ਨਾਲ ਪੰਜਾਬੀ ਕੌਮੀਅਤ ਅੰਦਰ ਸ਼ਾਮਲ ਕੀਤੇ ਜਾ ਸਕਦੇ ਹਨ। ਇਸ ਮੁਤਾਬਕ ਤਾਂ ਇਨ੍ਹਾਂ ਸਿਧਾਂਤਕਾਰਾਂ ਵੱਲੋਂ ਪੇਸ਼ ਸਿਆਸੀ ਆਰਥਿਕ ਪ੍ਰੋਗਰਾਮਾਂ ਦਾ ਕੋਈ ਸਿਰ-ਪੈਰ ਹੀ ਨਹੀਂ ਬਚਦਾ। ਦਰਿਆਈ ਪਾਣੀਆਂ ਦੀ ਵੰਡ, ਇਲਾਕਿਆਂ ਦੇ ਝਗੜੇ ਆਦਿ ਮਸਲੇ ਫੇਰ ਕੌਮੀ ਮੁਕਤੀ ਪ੍ਰੋਗਰਾਮ ਦਾ ਅੰਗ ਕਿਵੇਂ ਬਣ ਸਕਦੇ ਹਨ?

ਇਨ੍ਹਾਂ ਸਿਧਾਂਤਕਾਰਾਂ ਵਲੋਂ ਉਠਾਈ ਜਾ ਰਹੀ ਕੌਮੀਅਤ ਦੀ ਧਾਰਨਾ ਪਾਕਿਸਤਾਨੀ ਪੰਜਾਬ ਤੋਂ ਬਿਨਾ ਕਿਸੇ ਵੀ ਤਰ੍ਹਾਂ ਪੂਰਨ ਨਹੀਂ ਹੁੰਦੀ। ਉਸ ਸਥਿਤੀ 'ਚ ਜੇ ਹੋਰ ਕਿਸੇ ਚੱਕਰ 'ਚ ਨਾ ਵੀ ਪਈਏ ਤਾਂ ਸਿਰਫ ਗਿਣਤੀ ਪੱਖੋਂ ਹੀ ਸਿੱਖ ਪ੍ਰਧਾਨ ਪੰਜਾਬੀ ਕੌਮੀਅਤ ਦੀ ਧਾਰਨਾ ਦੀ ਅਰਥਹੀਣਤਾ ਸਾਹਮਣੇ ਆ ਜਾਂਦੀ ਹੈ। ਅਸਲ ਸਥਿਤੀ ਇਹ ਹੈ ਕਿ ਮੌਜੂਦਾ ਪੰਜਾਬ ਨਾਂ ਦੀ ਪ੍ਰਬੰਧਕੀ ਇਕਾਈ ਦੇ ਕੁਝ ਸਿਆਸੀ ਤੇ ਆਰਥਿਕ ਮਸਲਿਆਂ ਨੂੰ ਕੌਮੀ ਮੁਕਤੀ ਪ੍ਰੋਗਰਾਮ ਦੇ ਭੜਕਾਊ ਨਾਅਰਿਆਂ 'ਚ ਪੇਸ਼ ਕੀਤਾ ਜਾ ਰਿਹਾ ਹੈ। ਇਸ ਹਿਸਾਬ ਨਾਲ ਦੇਖਿਆਂ ਇਕ ਤਰ੍ਹਾਂ ਇਹ ਵਿਸ਼ਾਲ ਪੰਜਾਬੀ ਭਾਈਚਾਰੇ ਅੰਦਰ ਇਸ ਛੋਟੇ ਜਿਹੇ ਖਿੱਤੇ ਦੇ ਹਿੱਤਾਂ ਦੀ ਪ੍ਰਮੁੱਖਤਾ ਤੇ ਸਰਦਾਰੀ ਕਾਇਮ ਕਰਨ ਦਾ ਪ੍ਰੋਗਰਾਮ ਵੀ ਹੈ, ਜਿਸ ਅਧੀਨ ਇਸ ਬਹੁਤ ਛੋਟੇ ਖਿੱਤੇ ਦੇ ਕੁਝ ਹਿੱਤਾਂ ਤੇ ਵਿਸ਼ਾਲ ਪੰਜਾਬੀ ਭਾਈਚਾਰੇ ਦੇ ਹਿੱਤਾਂ ਨੂੰ ਰਲਗੱਡ ਕੀਤਾ ਜਾ ਰਿਹਾ ਹੈ।

ਜੇ ਅੱਜ ਦੀ ਸਥਿਤੀ 'ਚ ਸੱਚਮੁੱਚ ਹੀ ਕੋਈ ਪੰਜਾਬੀ ਸਭਿਆਚਾਰ ਜਾਂ ਕੌਮੀਅਤ ਦੀ ਕੋਈ ਧਾਰਨਾ ਬਣਾਈ ਜਾ ਸਕਦੀ ਹੈ ਤਾਂ ਉਹ ਇਕ ਪਾਰ-ਖੇਤਰੀ ਵਰਤਾਰੇ ਦੇ ਰੂਪ 'ਚ ਹੀ ਹੋ ਸਕਦੀ ਹੈ। ਮੌਜੂਦਾ ਪੰਜਾਬ ਨਾਂ ਦੇ ਖਿੱਤੇ ਨਾਲੋ ਵੱਧ ਪੰਜਾਬੀ ਇਸ ਤੋਂ ਬਾਹਰ ਵਿਸ਼ਵ ਦੀਆਂ ਅਲੱਗ-ਅਲੱਗ ਥਾਂਵਾਂ 'ਤੇ ਵਸਦੇ ਹਨ ਤੇ ਇਥੇ ਨਾਲੋ ਚੰਗੀਆਂ ਸਮਾਜਿਕ-ਆਰਥਿਕ ਹਾਲਤਾਂ 'ਚ ਹਨ। ਇਸ ਬਹੁਗਿਣਤੀ ਪੰਜਾਬੀ ਭਾਈਚਾਰੇ ਨੂੰ ਵੱਖ ਰੱਖ ਕੇ ਇਸ ਸੀਮਤ ਜਿਹੇ ਭੂਗੋਲਿਕ ਖਿੱਤੇ ਦੇ ਕੁਝ ਮਨਘੜਤ ਹਿਤਾਂ ਦੇ ਆਧਾਰ 'ਤੇ ਪੰਜਾਬੀ ਕੌਮੀਅਤ ਦੀ ਧਾਰਨਾ ਬਣਾਉਣੀ ਅਨਿਆਂਪੂਰਨ ਕੋਸ਼ਿਸ਼ ਹੈ।

ਅਗਲੀ ਗੰਭੀਰ ਦੋਸ਼ਾਂ ਵਾਲੀ ਮਿੱਥ ਗੁਰਮਤਿ ਅਤੇ ਪੰਜਾਬ ਦੇ ਰਿਸ਼ਤੇ ਬਾਰੇ ਹੈ। ਗੁਰਮਤਿ ਦਰਸ਼ਨ ਦਾ ਤੱਤਸਾਰ ਤਾਂ ਇਹ ਹੈ ਕਿ ਇਸ ਨੂੰ ਵਿਸ਼ਾਲ ਪੰਜਾਬੀ ਕੌਮੀਅਤ ਤਕ ਵੀ ਮਹਿਦੂਦ ਨਹੀਂ ਕੀਤਾ ਜਾ ਸਕਦਾ ਪਰ ਇਥੇ ਲੋਹੜਾ ਇਹ ਹੈ ਕਿ ਗੁਰੂ ਸਾਹਿਬਾਨ ਨੂੰ ਮੌਜੂਦਾ ਪੰਜਾਬ ਨਾਂ ਦੇ ਖਿੱਤੇ 'ਚ ਸੀਮਤ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇੰਤਹਾ ਉਦੋਂ ਹੁੰਦੀ ਹੈ ਜਦੋਂ ਇਸ ਸੀਮਤ ਖਿੱਤੇ 'ਚ ਵੀ ਇਕ ਸਿਆਸੀ ਧਿਰ ਤੱਕ ਇਸ ਨੂੰ ਸੁੰਗੇੜ ਲਿਆ ਜਾਂਦਾ ਹੈ। ਅਕਾਲ ਤਖਤ ਸਮੇਤ ਸਿੱਖ ਸੰਸਥਾਵਾਂ ਦੀ ਇਕ ਰਾਜਨੀਤਕ ਧਿਰ ਵਲੋਂ ਵਰਤੋਂ ਇਸੇ ਧਾਰਨਾ 'ਚੋਂ ਨਿਕਲ ਰਹੀ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਮੌਜੂਦਾ ਪੰਜਾਬ ਨਾਂ ਦੇ ਭੂਗੋਲਿਕ ਖਿੱਤੇ ਤੋਂ ਬਾਹਰ ਦੇ ਲੋਕਾਂ ਨਾਲ ਸੰਵਾਦ ਰਚਾਉਂਦਿਆਂ ਬਿਤਾਇਆ। ਗੁਰਬਾਣੀ ਦਾ ਵੀ ਬਹੁਤ ਵੱਡਾ ਹਿੱਸਾ ਪੰਜਾਬੀ ਤੋਂ ਬਿਨਾਂ ਦੂਸਰੀਆਂ ਭਾਸ਼ਾਵਾਂ 'ਚ ਰਚਿਆ ਗਿਆ। ਗੁਰੂ ਸਾਹਿਬਾਨ ਨੇ ਖੁਦ ਕਾਫੀ ਵੱਡੀ ਰਚਨਾ ਬ੍ਰਜੀ ਤੇ ਸਹਿਸਕ੍ਰਿਤੀ 'ਚ ਕੀਤੀ। ਗੁਰੂ ਗੋਬਿੰਦ ਸਿੰਘ ਨੇ ਸਿਰਫ ਚੰਡੀ ਦੀ ਵਾਰ ਤੇ ਇਕ ਸ਼ਬਦ ਦੀ ਰਚਨਾ ਪੰਜਾਬੀ 'ਚ ਕੀਤੀ। ਗੁਰੂ ਸਾਹਿਬ ਦਾ 'ਮਾਤਾ ਧਰਤ ਮਹਤੁ' ਦਾ ਸੰਕਲਪ ਪੂਰੀ ਧਰਤੀ ਨੂੰ ਆਪਣੇ ਕਲਾਵੇ 'ਚ ਲੈਂਦਾ ਹੈ। ਗੁਰੂ ਨਾਨਕ ਦੀ ਪ੍ਰਵਾਜ਼ ਨੂੰ ਭੂਗੋਲਿਕ ਤੇ ਭਾਸ਼ਾਈ ਹੱਦਬੰਦੀਆਂ 'ਚ ਕੈਦ ਕਰਨਾ ਇਕ ਤ੍ਰਾਸਦਿਕ ਅਮਲ ਹੈ। ਇਹ ਸਿੱਖ ਸਿਧਾਂਤ ਵਿਰੁਧ ਵੀਹਵੀਂ ਸਦੀ ਦੀ ਸਭ ਤੋਂ ਵੱਡੀ ਤੇ ਗਹਿਰੀ ਸਾਜ਼ਿਸ਼ ਹੈ।

ਇਸ ਸਿਆਸਤ ਦੀ ਅਗਲੀ ਵੱਡੀ ਮਿੱਥ ਦਿੱਲੀ ਦਰਬਾਰ ਬਾਰੇ ਹੈ। ਇਹ ਮਿੱਥ ਪੰਜਾਬ, ਪੰਜਾਬੀ ਸਭਿਆਚਾਰ ਤੇ ਸਿੱਖ ਪੰਥ ਦਾ ਅਜਿਹਾ ਮਨੋਕਲਪਿਤ ਦੁਸ਼ਮਣ ਸਿਰਜਣ ਲਈ ਘੜੀ ਗਈ ਹੈ ਜਿਸ ਤੋਂ ਜਾਪੇ ਕਿ ਇਹ ਇਨ੍ਹਾਂ ਸਭ ਦੀ ਹੋਂਦ ਨੂੰ ਖਤਰਾ ਹੈ। ਦਿੱਲੀ ਦਰਬਾਰ ਦੀ ਮਿੱਥ ਨੂੰ ਹਿੰਦੂ ਰਾਜ ਦੇ ਰੂਪ 'ਚ ਵੀ ਪੇਸ਼ ਕੀਤਾ ਜਾਂਦਾ ਹੈ ਜਿਸ ਦਾ ਕੋਈ ਵੀ ਠੋਸ ਆਧਾਰ ਨਹੀਂ ਹੈ। ਇਸ ਸਬੰਧ 'ਚ ਬੜੀਆਂ ਹਾਸੋਹੀਣੀਆਂ ਦਲੀਲਾਂ ਵੀ ਸਾਹਮਣੇ ਆਉਂਦੀਆਂ ਹਨ। ਜੇ ਅਕਾਸ਼ਵਾਣੀ ਜਲੰਧਰ ਤੋਂ ਰੋਜ਼ਾਨਾ ਸ੍ਰੀ ਦਰਬਾਰ ਸਾਹਿਬ ਤੋਂ ਸ਼ਬਦ ਕੀਰਤਨ ਰਿਲੇਅ ਕਰਨ ਨਾਲ ਪੰਜਾਬ ਖਾਲਿਸਤਾਨ ਨਹੀਂ ਬਣਿਆ ਤਾਂ ਕੁਝ ਸਰਕਾਰੀ ਸਮਾਗਮਾਂ ਵੇਲੇ ਕੀਤੀਆਂ ਜਾਂਦੀਆਂ ਕੁਝ ਹਿੰਦੂ ਰੀਤਾਂ ਨਾਲ ਭਾਰਤ ਹਿੰਦੂ ਰਾਜ ਕਿਵੇਂ ਹੋ ਗਿਆ?

ਕਿਹਾ ਜਾਂਦਾ ਹੈ ਕਿ ਦਿੱਲੀ ਦਰਬਾਰ ਦੇ ਪ੍ਰਭਾਵ ਹੇਠ ਪੰਜਾਬੀ ਪਛਾਣ ਜਾਂ ਸਿੱਖ ਪਛਾਣ ਲਗਾਤਾਰ ਖਤਰੇ 'ਚ ਹੈ ਤੇ ਪੰਜਾਬੀ ਜਾਂ ਸਿੱਖ ਲਗਾਤਾਰ ਪਿੱਛੇ ਪੈਂਦੇ ਜਾ ਰਹੇ ਹਨ ਪਰ ਸੱਚਾਈ ਇਹ ਹੈ ਕਿ ਪੂਰੇ ਭਾਰਤ 'ਚ ਹੀ ਪੰਜਾਬੀ ਭਾਰੂ ਸਥਿਤੀ 'ਚ ਹਨ। ਮੁਲਕ ਦੇ ਕਿਸੇ ਵੀ ਕੋਨੇ 'ਚ ਜਿੱਥੇ ਜਾ ਕੇ ਪੰਜਾਬੀ ਵਸੇ ਹਨ, ਬਾਕੀਆਂ 'ਤੇ ਹਾਵੀ ਹਨ। ਰਾਜਨੀਤੀ 'ਚ ਮੁਲਕ ਦੇ ਪ੍ਰਮੁਖ ਅਹੁਦਿਆਂ 'ਤੇ ਪਹੁੰਚ ਚੁੱਕੇ ਹਨ। ਕਿਸੇ ਵੀ ਅਹੁਦੇ 'ਤੇ ਪਹੁੰਚਣ ਲਈ ਨਾ ਸਿੱਖਾਂ ਤੇ ਨਾ ਪੰਜਾਬੀ 'ਤੇ ਕੋਈ ਰੋਕ ਹੈ। ਮੁਲਕ ਦਾ ਰਾਸ਼ਟਰਪਤੀ ਸਿੱਖ ਹੋ ਚੁੱਕਿਆ ਹੈ। ਇਸ ਵਕਤ ਵੀ ਵਿੱਤ ਮੰਤਰੀ (ਹੁਣ ਪ੍ਰਧਾਨ ਮੰਤਰੀ) ਦੇ ਅਹੁਦੇ 'ਤੇ ਇਕ ਸਿੱਖ ਬਿਰਾਜਮਾਨ ਹੈ ਤੇ ਮੁਲਕ ਦੇ ਸਭ ਤੋਂ ਸੁਯੋਗ ਤੇ ਪ੍ਰਤਿਭਾਸ਼ਾਲੀ ਮੰਤਰੀਆਂ 'ਚੋਂ ਹੈ। ਵਿਦੇਸ਼ਾਂ 'ਚ ਵੀ ਆਪੋ ਆਪਣੇ ਖੇਤਰਾਂ 'ਚ ਪੰਜਾਬੀਆਂ ਜਾਂ ਸਿੱਖਾਂ ਨੇ ਅਹਿਮ ਪ੍ਰਾਪਤੀਆਂ ਕੀਤੀਆਂ ਹਨ। ਮੁਲਕ ਦੇ ਹਰ ਹਿੱਸੇ 'ਚ 'ਸਰਦਾਰ ਜੀ' ਸਤਿਕਾਰ ਦਾ ਪਾਤਰ ਰਿਹਾ ਹੈ।

ਇਹ ਸਹੀ ਹੈ ਕਿ ਪੰਜਾਬ 'ਚ ਹੋਈਆਂ ਘਟਨਾਵਾਂ ਦੇ ਸਿੱਟੇ ਵਜੋਂ ਪੂਰੇ ਮੁਲਕ 'ਚ ਹੀ ਕੁੜਿੱਤਣ ਤੇ ਸ਼ੱਕ ਦਾ ਮਾਹੌਲ ਬਣਿਆ ਪਰ ਪੰਜਾਬ 'ਚ ਸਥਿਤੀ ਠੀਕ ਹੋਣ ਮਗਰੋ 'ਸਰਦਾਰ ਜੀ' ਦੀ ਉਹੀ ਚੜ੍ਹਤ ਤੇ ਮਾਣ-ਤਾਣ ਫਿਰ ਪਰਤ ਆਇਆ ਹੈ।

ਜਿਨ੍ਹਾਂ ਮੁੱਲਾਂ ਦੇ ਟੁੱਟਣ ਤੇ ਹੋਰ ਸਭਿਆਚਾਰਕ ਤਬਦੀਲੀਆਂ ਨੂੰ ਦਿੱਲੀ ਦਰਬਾਰ ਦੇ ਹਮਲਿਆਂ ਦੇ ਰੂਪ 'ਚ ਦੇਖਿਆ ਜਾ ਰਿਹਾ ਹੈ, ਉਹ ਵਾਸਤਵ 'ਚ ਆਰਥਿਕਤਾ ਦੇ ਸੰਸਾਰੀਕਰਨ ਤੇ ਸੂਚਨਾ ਤਾਣੇ-ਬਾਣੇ ਦੇ ਫੈਲਾਅ ਕਾਰਨ ਧਰਤੀ ਦੇ ਵੱਖ-ਵੱਖ ਖਿੱਤਿਆਂ ਦੇ ਸਭਿਆਚਾਰਾਂ 'ਚ ਵਧੇ ਆਦਾਨ-ਪ੍ਰਦਾਨ ਦਾ ਸਿੱਟਾ ਹੈ। ਇਸ ਸਥਿਤੀ 'ਚ 'ਦਿੱਲੀ ਦਰਬਾਰ' ਕੋਈ ਅਜਿਹਾ ਕੇਂਦਰ ਨਹੀਂ ਹੈ, ਜਿੱਥੇ ਸਭਿਆਚਾਰਕ ਹਮਲਿਆਂ ਦੀਆਂ ਤੋਪਾਂ ਚੱਲ ਰਹੀਆਂ ਹੋਣ ਸਗੋਂ ਸਿਧਾਂਤਕਾਰਾਂ ਦਾ ਅਜਿਹਾ ਹੀ ਇਕ ਵਰਗ ਹੈ, ਜਿਹੜਾ ਭਾਰਤੀ ਸਭਿਆਚਾਰ ਨੂੰ ਪੱਛਮੀ ਸਭਿਆਚਾਰ ਤੋਂ ਖਤਰਿਆਂ ਦਾ ਰੌਲਾ ਪਾ ਰਿਹਾ ਹੈ। ਸਭਿਆਚਾਰਕ ਆਦਾਨ-ਪ੍ਰਦਾਨ ਤੇ ਤਬਦੀਲੀ ਦਾ ਇਹ ਇਕ ਕੁਦਰਤੀ ਤੇ ਇਤਿਹਾਸਕ ਅਮਲ ਹੈ।

ਜਿਥੇ ਲੋਕਪ੍ਰਿਯ ਗਾਇਕੀ ਦੇ ਖੇਤਰ 'ਚ ਪੰਜਾਬੀ ਧੁਨਾਂ ਪ੍ਰਭਾਵੀ ਹੋ ਰਹੀਆਂ ਹਨ, ਉਥੇ ਹੋਰਨਾਂ ਭਾਰਤੀ ਤੇ ਪੱਛਮੀ ਸਭਿਆਚਾਰਾਂ ਦੇ ਬਹੁਤ ਸਾਰੇ ਲੱਛਣ ਸਾਡੇ 'ਤੇ ਪ੍ਰਭਾਵ ਪਾ ਰਹੇ ਹਨ। ਇਹ ਹੀ ਨਹੀਂ ਹੈ ਕਿ ਅਮਰੀਕੀ ਮੁੱਲ ਹੀ ਸਾਡੇ 'ਤੇ ਅਸਰ ਪਾ ਰਹੇ ਹੋਣ, ਸਾਡੇ ਹਰਭਜਨ ਸਿੰਘ ਯੋਗੀ ਵਰਗੇ ਅਮਰੀਕਨਾਂ ਨੂੰ ਵੀ ਸਿੱਖ ਸਜਾ ਰਹੇ ਹਨ। ਸੂਚਨਾ ਮਾਧਿਅਮਾਂ ਰਾਹੀਂ ਆ ਰਿਹਾ ਸਭਿਆਚਾਰ ਵੀ ਕੋਈ ਕਥਿਤ ਭਾਰਤੀ ਜਾਂ ਹਿੰਦੂ ਸਭਿਆਚਾਰ ਨਹੀਂ ਹੈ, ਸਗੋਂ ਇਸ ਮਾਮਲੇ 'ਚ ਭਾਰਤੀ ਮੀਡੀਆ 'ਚ ਵੀ ਪੱਛਮੀ ਤੱਤਾਂ ਦੀ ਭਾਰੂ ਸਥਿਤੀ ਹੈ। ਸੈਟੇਲਾਈਟ ਟੀ.ਵੀ. ਚੈਨਲਾਂ ਰਾਹੀਂ ਆ ਰਹੇ ਸਭਿਆਚਾਰਕ ਮੁੱਲਾਂ ਨੂੰ ਕਿਸੇ ਕਥਿਤ 'ਆਜ਼ਾਦ ਪੰਜਾਬ' ਜਾਂ 'ਖਾਲਿਸਤਾਨ' 'ਚ ਵੀ ਨਹੀਂ ਰੋਕਿਆ ਜਾ ਸਕਦਾ। ਸੂਚਨਾ ਮਾਧਿਅਮਾਂ ਦਾ ਇਹ ਪਾਰਰਾਸ਼ਟਰੀ, ਅਟੱਲ ਵਹਾਅ ਹੈ। ਇਸ ਸਭਿਆਚਾਰਕ ਆਦਾਨ-ਪ੍ਰਦਾਨ 'ਚ ਇਹ ਜਰੂਰੀ ਹੈ ਕਿ ਜਿਹੜੇ ਆਰਥਿਕ ਤੇ ਸਮਾਜਿਕ ਰੂਪ 'ਚ ਪਹਿਲਾਂ ਹੀ ਤਾਕਤਵਰ ਪੁਜੀਸ਼ਨ 'ਚ ਹਨ, ਉਹ ਹਾਵੀ ਹੋ ਰਹੇ ਹਨ।

ਪੰਜਾਬ ਦੀ ਆਰਥਿਕ ਲੁੱਟ-ਖਸੁੱਟ ਤੇ ਵਿਤਕਰੇ ਦੀਆਂ ਮਿੱਥਾਂ ਵੀ ਆਰਥਿਕ ਸਮੱਸਿਆਵਾਂ ਤੇ ਪ੍ਰਸ਼ਾਸਕੀ ਗੜਬੜਾਂ ਬਾਰੇ ਗਲਤ ਤੇ ਪੱਖਪਾਤੀ ਸਮਝ 'ਚੋਂ ਉਸਰੀਆਂ ਹਨ। ਕਹੀਆਂ ਜਾਂਦੀਆਂ ਪੰਜਾਬ ਦੀਆਂ ਆਰਥਿਕ ਮੰਗਾਂ ਇਸੇ ਨਾਲ ਜੁੜੀਆਂ ਹਨ, ਜਿਨ੍ਹਾਂ 'ਚ ਚੰਡੀਗੜ੍ਹ, ਦਰਿਆਈ ਪਾਣੀਆਂ ਦੀ ਵੰਡ ਅਤੇ ਕੁਝ ਇਲਾਕਿਆਂ ਦੇ ਝਗੜੇ ਨਾਲ ਭਾਰਤ ਵਰਗੇ ਵਿਸ਼ਾਲ ਤੇ ਪਛੜੇ ਮੁਲਕ ਦੇ ਰਾਜਕੀ ਤੇ ਪ੍ਰਬੰਧਕੀ ਤਾਣੇਬਾਣੇ 'ਚ ਬਹੁਤ ਕੁਝ ਅਜਿਹਾ ਵਾਪਰਦਾ ਹੈ, ਜਿਹੜਾ ਬੇਨਿਯਮਾ ਤੇ ਗਲਤ ਮਲਤ ਹੁੰਦਾ ਹੈ। ਬਹੁਤੇ ਸਾਰੇ ਅਜਿਹੇ ਝਗੜੇ ਹਨ, ਜਿਹੜੇ ਪ੍ਰਸ਼ਾਸਕੀ ਅਕੁਸ਼ਲਤਾ, ਅਫਸਰਸ਼ਾਹੀ ਦੀਆਂ ਅੜਿਚਣਾਂ ਤੇ ਭ੍ਰਿਸ਼ਟਾਚਾਰ ਕਾਰਨ ਹੁੰਦੀ ਦੇਰੀ ਨਾਲ ਕੀ ਤੋਂ ਕੀ ਰੂਪ ਧਾਰ ਲੈਂਦੇ ਹਨ? ਇਸ ਮਾਮਲੇ 'ਚ ਪੂਰੇ ਮੁਲਕ 'ਚ ਹੀ ਇਹੀ ਸਥਿਤੀ ਹੈ। ਵੱਖ-ਵੱਖ ਖਿੱਤਿਆਂ 'ਚ ਲਗਾਤਾਰ ਅਜਿਹੇ ਝਗੜੇ ਉਠਦੇ ਰਹਿੰਦੇ ਹਨ।

ਭਾਰਤ ਵਰਗੇ ਇਕ ਆਰਥਿਕ, ਸਮਾਜਿਕ ਤੇ ਸਭਿਆਚਾਰਕ ਤੌਰ 'ਤੇ ਪਛੜੇ ਮੁਲਕ 'ਚ ਅਜਿਹੇ ਸੈਂਕੜੇ ਮਸਲੇ ਉਠਦੇ ਹਨ। ਪੰਜਾਬ 'ਚ ਵੀ ਕੁਝ ਅਜਿਹੇ ਉਠੇ ਜਾਂ ਉਠਾਏ ਗਏ ਹਨ। ਇਸ ਦਾ ਇਹ ਕੱਤਈ ਮਤਲਬ ਨਹੀਂ ਹੈ ਕਿ ਸਿਰਫ 'ਪੰਜਾਬੀ ਕੌਮੀਅਤ' ਜਾਂ 'ਸਿੱਖ ਪੰਥ' ਨਾਲ ਵਿਤਕਰੇ ਤੇ ਸੋਸ਼ਣ ਦੀ ਗਿਣੀ ਮਿਥੀ ਸਾਜ਼ਿਸ਼ ਅਧੀਨ ਅਜਿਹਾ ਵਾਪਰ ਰਿਹਾ ਹੈ। ਜਦੋਂ ਇਨ੍ਹਾਂ ਮਸਲਿਆਂ ਨੂੰ ਠੀਕ ਆਧਾਰਾਂ 'ਤੇ ਹੱਲ ਕਰਾਉਣ ਦੀ ਕੋਸ਼ਿਸ਼ ਕਰਨ ਦੀ ਥਾਂ ਰਾਜਨੀਤਕ ਸਵਾਰਥਾਂ ਅਧੀਨ 'ਪੰਜਾਬੀ ਕੌਮ ਦੀ ਗੁਲਾਮੀ' ਜਾਂ 'ਸਿੱਖ ਕੌਮ ਨਾਲ ਵਿਤਕਰੇ' ਦੇ ਭੜਕਾਊ ਨਾਅਰਿਆਂ ਨਾਲ ਹਿੰਸਾ ਤੇ ਤਸ਼ੱਦਦ ਲਈ ਜ਼ਮੀਨ ਤਿਆਰ ਕੀਤੀ ਜਾਂਦੀ ਹੈ, ਉਦੋਂ ਅਸਲ ਸਰੋਕਾਰ ਇਨ੍ਹਾਂ ਮੁੱਦਿਆਂ ਦੀ ਬਜਾਏ ਸਿਆਸੀ ਸ਼ਕਤੀ ਦੇ ਮੁਫਾਦ ਬਣ ਜਾਂਦੇ ਹਨ।

ਰਾਸ਼ਟਰੀ ਪੱਧਰ 'ਤੇ ਵੀ ਇੰਜ ਹੀ ਭ੍ਰਿਸ਼ਟਾਚਾਰ ਇਕ ਸਾਂਝਾ ਤੇ ਗੰਭੀਰ ਮਸਲਾ ਹੈ। ਇਹ ਨਾ ਕਿਸੇ ਇਕ ਪਾਰਟੀ ਦੇ ਰਾਜ 'ਚ ਸ਼ੁਰੂ ਹੋਇਆ ਤੇ ਨਾ ਹੀ ਕਿਸੇ ਇਕ ਪਾਰਟੀ ਨੇ ਦੋ-ਚਾਰ ਮਹੀਨਿਆਂ 'ਚ ਖਤਮ ਕਰ ਦੇਣਾ ਹੈ। ਇਸ ਦੀਆਂ ਜੜ੍ਹਾਂ ਸਾਡੇ ਸਮਾਜਿਕ ਮੁੱਲਾਂ 'ਚ ਵੀ ਖੁਭੀਆਂ ਹਨ। ਭਾਜਪਾ ਅੱਜ ਕੱਲ੍ਹ ਇਸ ਨੂੰ ਇਕ ਰਾਜਨੀਤਿਕ ਹਥਿਆਰ ਵਜੋਂ ਵਰਤ ਰਹੀ ਹੈ। ਜਿਨ੍ਹਾਂ ਰਾਜਾਂ 'ਚ ਭਾਜਪਾ ਦੀਆਂ ਸਰਕਾਰਾਂ ਵੀ ਰਹੀਆਂ, ਉਥੇ ਵੀ ਭ੍ਰਿਸ਼ਟਾਚਾਰ ਕਿਸੇ ਜਾਦੂ-ਟੂਣੇ ਨਾਲ ਛੂਮੰਤਰ ਨਹੀਂ ਹੋ ਸਕਿਆ। ਇਸੇ ਤਰ੍ਹਾਂ ਇਸ ਵਿਸ਼ਾਲ ਮੁਲਕ 'ਚ ਸਿਆਸਤ ਦੇ ਹਜ਼ਾਰਾਂ ਅੰਤਰ-ਵਿਰੋਧਾਂ ਤੇ ਅਫਸਰਸ਼ਾਹੀ ਦੀ ਸੁਸਤ ਚਾਲ ਕਾਰਨ ਲਏ ਫੈਸਲਿਆਂ ਤੇ ਯੋਜਨਾਵਾਂ ਦੇ ਲਾਗੂ ਹੋਣ 'ਚ ਦੇਰੀ ਹੋਣਾ ਵੀ ਓਨਾ ਹੀ ਸੁਭਾਵਕ ਹੈ, ਜਿਵੇਂ ਬਲਿਊ ਸਟਾਰ ਤੋਂ ਫੌਰੀ ਬਾਅਦ ਜ਼ੋਰਦਾਰ ਐਲਾਨ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦਾ ਬਲਿਊ ਸਟਾਰ ਅਪਰੇਸ਼ਨ ਬਾਰੇ ਵਾਈਟ ਪੇਪਰ ਅਜੇ ਤੱਕ ਵੀ ਜਾਰੀ ਨਾ ਹੋ ਸਕਣਾ। ਇਨ੍ਹਾਂ ਸਭ ਮਸਲਿਆਂ ਬਾਰੇ ਸਰਕਾਰ ਦੀਆਂ ਗੰਭੀਰ ਗਲਤੀਆਂ ਦਾ ਵਿਰੋਧ ਕਰਨਾ ਅਤੇ ਵਾਜਬ ਤੇ ਸਮੇਂ ਸਿਰ ਫੈਸਲੇ ਲਾਗੂ ਕਰਵਾਉਣ ਲਈ ਦਬਾਅ ਪਾਉਣਾ ਹੋਰ ਗੱਲ ਹੈ ਤੇ ਜ਼ਹਿਰੀ ਨਾਅਰਿਆਂ ਦੀਆਂ ਮਸ਼ਾਲਾਂ ਜਗਾ ਕੇ ਯੁਵਾ ਖੂਨ 'ਚ ਜ਼ਹਿਰ ਘੋਲਣ ਦੀਆਂ ਕੋਸ਼ਿਸ਼ਾਂ ਕਰਨਾ ਬਿਲਕੁਲ ਵੱਖਰੀ ਗੱਲ ਹੈ।

ਕੁਝ ਮਨੌਤਾਂ ਸਿੱਖ ਧਰਮ ਦੇ ਪ੍ਰਚਾਰ-ਪਸਾਰ ਨਾਲ ਸਬੰਧਤ ਹਨ। ਗੁਰਬਾਣੀ ਦੇ ਮਾਨਵੀ ਮੁਹੱਬਤ ਨਾਲ ਲਬਰੇਜ਼ ਪੈਗਾਮ ਨੂੰ ਪੂਰੀ ਮਨੁੱਖਤਾ ਤਕ ਪਹੁੰਚਾਉਣ ਦਾ ਉਪਰਾਲਾ ਕਰਨਾ ਹਰ ਸਿੱਖ ਦਾ ਕਰਮ ਹੈ। ਇਸ ਸਬੰਧ 'ਚ ਅਜਿਹੀ ਕੋਈ ਵੀ ਕਾਨੂੰਨੀ ਜਾਂ ਵਿਧਾਨਕ ਵਿਵਸਥਾ ਨਹੀਂ, ਜਿਸ ਨਾਲ ਸਿੱਖ ਧਰਮ ਸਮੇਤ ਕਿਸੇ ਵੀ ਧਰਮ ਦੇ ਪ੍ਰਚਾਰ ਤੇ ਪਸਾਰ 'ਤੇ ਕੋਈ ਰੋਕ ਹੋਵੇ ਸਗੋਂ ਇਸ ਦੇ ਉਲਟ ਸਾਰੀਆਂ ਵਿਦਿਅਕ ਸੰਸਥਾਵਾਂ ਤੇ ਯੂਨੀਵਰਸਿਟੀਆਂ 'ਚ ਸਿੱਖ ਧਰਮ ਸਮੇਤ ਸਭ ਧਰਮਾਂ ਦੀ ਪੜ੍ਹਾਈ ਤੇ ਖੋਜ ਦੀ ਵਿਵਸਥਾ ਹੈ। ਵੱਖ-ਵੱਖ ਧਾਰਮਿਕ ਸੰਸਥਾਵਾਂ ਨੂੰ ਐਸ.ਡੀ, ਡੀ.ਏ.ਵੀ. ਤੇ ਖਾਲਸਾ ਸਕੂਲ ਤੇ ਕਾਲਜ ਚਲਾਉਣ ਦੇ ਅਧਿਕਾਰ ਪ੍ਰਾਪਤ ਹਨ। ਕਿਸੇ ਵੀ ਕਿਸਮ ਦਾ ਧਾਰਮਿਕ ਸਾਹਿਤ ਛਾਪਣ, ਵੰਡਣ ਤੇ ਕੋਈ ਰੋਕ ਨਹੀਂ ਹੈ। ਭਾਰਤ ਤੇ ਦੁਨੀਆਂ ਦੇ ਹਰ ਕੋਨੇ 'ਚ ਜਿਥੇ ਵੀ ਸਿੱਖ ਵਸੇ ਹਨ, ਉਨ੍ਹਾਂ ਸਭ ਥਾਂਵਾਂ 'ਤੇ ਗੁਰਦੁਆਰੇ ਬਣਾਏ ਗਏ ਹਨ। ਕਿਸੇ ਵੀ ਪ੍ਰਾਈਵੇਟ ਸੰਸਥਾ ਜਾਂ ਵਿਅਕਤੀ ਨੂੰ ਸੈਟੇਲਾਈਟ ਟੀ.ਵੀ. ਚੈਨਲ ਖਰੀਦਣ ਦਾ ਅਧਿਕਾਰ ਹੈ। ਉਦਾਰੀਕਰਨ ਦੀਆਂ ਨੀਤੀਆਂ ਤਹਿਤ ਪ੍ਰਾਈਵੇਟ ਐਫ.ਐਮ. ਰੇਡੀਓ ਸਟੇਸ਼ਨ ਵੀ ਸੰਭਵ ਹਨ। ਕਿਸੇ ਵੀ

***(ਬਾਕੀ ਸਫਾ 33 'ਤੇ)***

ਪੁਰਾਣਾ ਮਾਖਿਓਂ

# ਹਾਫ਼ਿਜ਼ ਸ਼ੀਰਾਜ਼ੀ

ਪ੍ਰੋ. ਹਰਪਾਲ ਸਿੰਘ ਪੰਨੂ

ਜਿਸ ਫ਼ਕੀਰ ਸ਼ਾਇਰ ਦੀ ਸਾਖੀ ਲਿਖਣ ਵਾਸਤੇ ਬੈਠ ਗਿਆ ਹਾਂ, ਉਸ ਦਾ ਨਾਂ ਨਾ ਹਾਫ਼ਿਜ਼ ਸੀ ਨਾ ਸ਼ੀਰਾਜ਼ੀ। ਮਾਪਿਆਂ ਨੇ ਉਸ ਦਾ ਨਾਂ ਮੁਹੰਮਦ ਸ਼ੱਮਸੁੱਦੀਨ ਰੱਖਿਆ। ਸ਼ੱਮਸ ਮਾਇਨੇ ਸੂਰਜ ਅਤੇ ਦੀਨ ਮਾਇਨੇ ਧਰਮ। ਧਰਮ ਦਾ ਜਲੌ। ਕੁਰਾਨ ਨਿਕੀ ਉਮਰੇ ਜ਼ਬਾਨੀ ਯਾਦ ਹੋ ਗਿਆ ਤਾਂ ਹਾਫ਼ਿਜ਼ ਦਾ ਰੁਤਬਾ ਮਿਲਿਆ। ਬਾਗਾਂ ਦੇ ਸ਼ਹਿਰ, ਉਦੋਂ ਈਰਾਨ ਦੀ ਰਾਜਧਾਨੀ, ਸ਼ੀਰਾਜ਼ ਵਿਚ ਪੈਦਾ ਹੋਣ ਕਰਕੇ ਸ਼ੀਰਾਜ਼ੀ ਬਣਿਆ। ਸੰਸਾਰ ਉਸ ਨੂੰ ਹਾਫ਼ਿਜ਼ ਸ਼ੀਰਾਜ਼ੀ ਦੇ ਨਾਂ ਨਾਲ ਯਾਦ ਕਰਦਾ ਹੈ ਬੇਸ਼ਕ ਸ਼ਾਇਰੀ ਵਿਚ ਵੀ ਉਹ ਸੂਰਜ ਸੀ ਤੇ ਫ਼ਕੀਰੀ ਵਿਚ ਵੀ ਉਸ ਦਾ ਕੋਈ ਸਾਨੀ ਨਹੀਂ। ਸਾਲ 1320 ਵਿਚ ਉਹ ਗਰੀਬ ਮਾਪਿਆਂ ਦੇ ਘਰ ਪੈਦਾ ਹੋਇਆ ਤੇ ਨੌਂ ਸਾਲ ਦੀ ਉਮਰ ਵਿਚ ਪਿਤਾ ਸੰਸਾਰ ਤੋਂ ਵਿਦਾ ਹੋ ਗਿਆ। ਮਾਂ ਉਸ ਨੂੰ ਬੇਕਰੀ ਦੀ ਦੁਕਾਨ ਉਪਰ ਨੌਕਰ ਰਖਵਾ ਆਈ ਜਿਥੇ ਉਹ ਔਸਤਨ 12 ਘੰਟੇ ਕੰਮ ਕਰਦਾ। ਅੱਧੇ ਪੈਸੇ ਮਾਂ ਨੂੰ ਦਿੰਦਾ, ਅੱਧੇ ਆਪਣੇ ਉਨ੍ਹਾਂ ਅਧਿਆਪਕਾਂ ਨੂੰ ਦਿੰਦਾ ਜਿਨ੍ਹਾਂ ਪਾਸੋਂ ਰਾਤ ਨੂੰ ਦੇਰ ਤੱਕ ਸੰਗੀਤ, ਸ਼ਾਇਰੀ, ਚਿਤਰਕਾਰੀ ਅਤੇ ਅਰਬੀ ਸਿਖਦਾ।

ਇਸ ਤੋਂ ਪਹਿਲਾਂ ਕਿ ਉਸ ਦੀ ਜੀਵਨ ਕਹਾਣੀ ਹੋਰ ਲਿਖੀਏ, ਚੰਗਾ ਹੋਵੇਗਾ ਜੇ ਇਸ ਲਿਖਤ ਦਾ ਆਗਾਜ਼ ਉਸ ਦੇ ਆਪਣੇ ਬੋਲਾਂ ਨਾਲ ਕਰੀਏ। ਇਸ ਦਾ ਵਧੀਕ ਫਾਇਦਾ ਮੈਨੂੰ ਹੋਵੇਗਾ। ਉਸ ਦਾ ਸੁਰਮੰਡਲ, ਮਾਹੌਲ ਵਿਚ ਅਜਿਹੀ ਮੰਗਲਮਈ ਲਹਿਰ ਪੈਦਾ ਕਰੇਗਾ ਕਿ ਮੇਰੀਆਂ ਆਮ ਜਿਹੀਆਂ ਗੱਲਾਂ ਖਾਸ ਹੋ ਜਾਣਗੀਆਂ। ਹਾਫ਼ਿਜ਼ ਨੂੰ ਤਾਂ ਸ਼ਾਬਾਸ਼ ਕੁੱਲ ਜਹਾਨ ਸੱਤ ਸੌ ਸਾਲਾਂ ਤੋਂ ਦਿੰਦਾ ਆ ਰਿਹਾ ਹੈ, ਸੰਭਵ ਹੈ ਕਿ ਉਸ ਦੇ ਨਜ਼ਦੀਕ ਬੈਠਣ ਨਾਲ ਮੈਨੂੰ ਵੀ ਮਾੜੀ ਮੋਟੀ ਦਾਦ ਮਿਲੇ। ਈਰਾਨ ਵਿਚ ਦੋ ਮਹੀਨੇ ਬਿਤਾਏ ਜਿਸ ਦੌਰਾਨ ਮੈਂ ਉਸ ਦਾ ਦੀਵਾਨ ਅੰਗਰੇਜ਼ੀ ਵਿਚ ਪੜ੍ਹਿਆ। ਹਾਜ਼ਰ ਹਨ ਉਸ ਦੇ ਬੋਲ:

ਮੈਂ ਤੁਹਾਡੇ ਉਜੜੇ ਖੇਤ ਆਬਾਦ ਕਰਾਂਗਾ।
ਮੈਂ ਰੇਗਿਸਤਾਨਾਂ ਨੂੰ ਬਾਗ ਬਣਾ ਦਿਆਂਗਾ।
ਤੁਹਾਡੇ ਉਦਾਸ ਮੂੰਹ ਜਦੋਂ
ਮੈਂ ਆਪਣੇ ਹੰਝੂਆਂ ਨਾਲ ਧੋਏ,
ਤੁਸੀਂ ਮੰਨ ਜਾਓਗੇ ਕਿ
ਹਾਫ਼ਿਜ਼ ਦੀਆਂ ਝੜੀਆਂ,
ਦੇਸ ਆਬਾਦ ਕਰ ਸਕਦੀਆਂ ਹਨ...।

***

ਤੂੰ ਮਿਹਰਬਾਨ ਹੋ ਕੇ
ਸਾਡੇ ਵੱਲ ਨਜ਼ਰ ਕੀਤੀ,
ਤਾਂ ਅਜੀਬ ਅਜੀਬ ਸਾਜ਼ ਲੈ ਕੇ
ਰੰਗ ਬਰੰਗੇ ਪੰਛੀ
ਜ਼ਮੀਨ ਉਪਰ ਉਤਰੇ।
ਸੰਗੀਤ ਸ਼ੁਰੂ ਹੋਇਆ।
ਤੂੰ ਨਾਰਾਜ਼ਗੀ ਨਾਲ
ਪਰੇ ਮੂੰਹ ਕੀਤਾ ਤੇ ਤੁਰ ਗਿਆ
ਤਾਂ ਅੱਖਾਂ ਵਿਚ ਹੰਝੂ ਨੱਚ ਉਠੇ।
ਤੂੰ ਨਾਲ ਸੀ ਤਾਂ ਸੰਗੀਤ।
ਤੂੰ ਦੂਰ ਸੀ ਤਾਂ ਸੰਗੀਤ।
ਉਮਰ ਭਰ ਸੰਗੀਤ ਨੇ
ਸਾਡੀ ਪਰਿਕਰਮਾ ਕੀਤੀ,
ਤੇਰੇ ਕਾਰਨ।

***

ਮੇਰਾ ਦੀਵਾਨ ਪੜ੍ਹਨ ਤੋਂ ਬਾਦ
ਜਦੋਂ ਕੋਈ ਹੋਰ ਕਿਤਾਬ ਖੋਲ੍ਹੋਗੇ,
ਉਸ ਕਿਤਾਬ ਅਤੇ
ਤੁਹਾਡੀਆਂ ਅੱਖਾਂ ਵਿਚਕਾਰ
ਖਲੋਇਆ ਕਰਾਂਗਾ ਮੈਂ।
ਮੇਰੇ ਗੀਤ ਸੁਣਨ ਤੋਂ ਬਾਦ
ਹੋਰ ਕਿਸੇ ਦੇ ਗੀਤ ਸੁਣੋਗੇ,
ਗਵੱਈਏ ਦੇ ਹੋਠਾਂ ਅਤੇ
ਤੁਹਾਡੇ ਕੰਨਾਂ ਵਿਚਕਾਰ
ਖਲੋਇਆ ਕਰੇਗਾ ਹਾਫ਼ਿਜ਼।
ਮੈਂ ਤੁਹਾਡੇ ਸੁਆਦ ਏਨੇ ਵਿਗਾੜ ਦਿਆਂਗਾ
ਕਿ ਆਮ ਸ਼ਾਇਰ, ਆਮ ਸੰਗੀਤ
ਤੁਹਾਨੂੰ ਪਸੰਦ ਨਹੀਂ ਆਏਗਾ।
ਮੈਂ ਬੰਸਰੀ ਦੇ ਉਨ੍ਹਾਂ ਸੁਰਾਖ਼ਾਂ ਵਿਚੋਂ ਨਹੀਂ
ਜਿਨ੍ਹਾਂ ਉਪਰ ਉਂਗਲਾਂ ਟਿਕਦੀਆਂ ਹਨ।
ਮੈਂ ਬੰਸਰੀ ਦਾ ਉਹ ਸੁਰਾਖ ਹਾਂ
ਜਿਸ ਨੂੰ ਯਸੂ ਮਸੀਹ ਦੇ
ਹੋਠਾਂ ਨੇ ਚੁੰਮਿਆ ਸੀ।

ਉਦੋਂ ਉਹ ਇੱਕੀ ਸਾਲ ਦਾ ਸੀ ਜਦੋਂ ਬੇਕਰੀ ਦੀ ਦੁਕਾਨ ਉਪਰ ਕੁੜੀ ਰੋਟੀ ਖਰੀਦਣ ਆਈ। ਇਹੋ ਜਿਹੀ ਕੁੜੀ ਕਿ ਹਾਫ਼ਿਜ਼ ਨੇ ਇੰਨੀ ਸੁਹਣੀ ਹੋਰ ਕੋਈ ਦੇਖੀ ਨਹੀਂ ਸੀ। ਉਸ ਤੋਂ ਪੈਸੇ ਫੜੇ ਤੇ ਰੋਟੀ ਲੈ ਕੇ ਕੁੜੀ ਚਲੀ ਗਈ। ਹਾਫ਼ਿਜ਼ ਨੂੰ ਰੋਮਾਂਸ ਦੇ ਅਜਿਹੇ ਤੂਫਾਨ ਦੀ ਤਾਕਤ ਦਾ ਕੋਈ ਪਤਾ ਨਹੀਂ ਸੀ। ਉਸ ਨੂੰ ਪਤਾ ਨਾ ਲੱਗੇ ਕੀ ਕਰੇ, ਕੀ ਨਾ ਕਰੇ। ਉਸ ਨੇ ਮਾਲਕ ਅੱਗੇ ਡੇਢ ਮਹੀਨੇ ਦੀ ਛੁਟੀ ਵਾਸਤੇ ਅਰਜ਼ ਕੀਤੀ। ਮਾਲਕ ਨੇ ਕਿਹਾ, "ਪਰ ਤੇਰੀ ਥਾਂ ਡੇਢ ਮਹੀਨਾ ਕਿਸੇ ਹੋਰ ਛੋਕਰੇ ਨੂੰ ਰੱਖਣਾ ਪਏਗਾ, ਸੋ ਬਿਨ ਤਨਖਾਹ ਜਾ ਸਕਦੈਂ?" ਹਾਫ਼ਿਜ਼ ਬਿਨ ਤਨਖਾਹ ਚਲਾ ਗਿਆ।

ਗਰੀਬ ਵਿਧਵਾ ਮਾਂ ਦੇ ਇਸ ਪੁੱਤਰ ਦੀ ਸ਼ਕਲ ਸੂਰਤ ਵੀ ਦਰਮਿਆਨੀ ਜਿਹੀ ਸੀ। ਉਸ ਕੁੜੀ ਦਾ ਲਿਬਾਸ ਅਤੇ ਸ਼ਕਲ ਦਸਦੀ ਸੀ ਕਿ ਵਡੇ ਖਾਨਦਾਨ ਦੀ ਧੀ ਹੈ। ਉਸ ਨੇ ਵਡੇਰਿਆਂ ਤੋਂ ਸੁਣਿਆ ਅਤੇ ਕਿਤਾਬਾਂ ਵਿਚ ਪੜ੍ਹਿਆ ਹੋਇਆ ਸੀ ਕਿ ਚਲੀਹਾ (ਚਾਲੀ ਦਿਨ ਨਿਰੰਤਰ ਬੰਦਗੀ) ਕੱਟਣ ਨਾਲ ਮਨ ਦੀ ਮੁਰਾਦ ਪੂਰੀ ਹੋ ਜਾਂਦੀ ਹੈ। ਸੋ ਬਿਸਮਿੱਲਾ ਆਖ ਕੇ ਇਕਾਂਤ ਵਿਚ ਬੈਠ ਗਿਆ। ਦਿਨ ਲੰਘੇ। ਹਫ਼ਤੇ ਲੰਘੇ। ਆਕਾਸ਼ ਤੋਂ ਰੌਸ਼ਨੀ ਹੇਠਾਂ ਉਤਰੀ। ਸਹਿਜੇ ਸਹਿਜੇ ਰੌਸ਼ਨੀ ਪਿਛੇ ਹਟੀ ਤੇ ਖੂਬਸੂਰਤ ਚਿਹਰਾ ਦਿਸਿਆ। ਫਰਿਸ਼ਤੇ ਨੇ ਪੁੱਛਿਆ, "ਕੀ ਹੈ ਦਿਲ ਦੀ ਇੱਛਾ? ਜੋ ਮੰਗੋਗੇ ਮਿਲੇਗਾ।" ਦੇਰ ਤੱਕ ਅੱਵਾਕ ਹਾਫ਼ਿਜ਼ ਉਸ ਵੱਲ ਦੇਖਦਾ ਰਿਹਾ। ਫਰਿਸ਼ਤੇ ਨੇ ਫਿਰ ਕਿਹਾ, "ਝਿਜਕੋ ਨਾ, ਡਰੋ ਨਾ, ਸੰਗੋ ਨਾ। ਜੋ ਕਹੋਗੇ ਸੋ ਮਿਲੇਗਾ।"

ਹਾਫ਼ਿਜ਼ ਨੇ ਪੁੱਛਿਆ, "ਤੁਸੀਂ ਰੱਬ ਹੋ?" ਫਰਿਸ਼ਤੇ ਨੇ ਕਿਹਾ, "ਨਹੀਂ, ਮੈਂ ਰੱਬ ਵਲੋਂ ਭੇਜਿਆ ਹੋਇਆ ਫਰਿਸ਼ਤਾ ਹਾਂ।"

ਹਾਫ਼ਿਜ਼ ਨੇ ਕਿਹਾ, "ਜਿਸ ਦਾ ਫਰਿਸ਼ਤਾ ਏਨਾ ਸੁਹਣਾ ਹੈ, ਉਹ ਆਪ ਤਾਂ ਉਸ ਤੋਂ ਵੀ ਵਧੀਕ ਸੁਹਣਾ ਹੋਏਗਾ?"

"ਯਕੀਨਨ।" ਫਰਿਸ਼ਤੇ ਨੇ ਕਿਹਾ, "ਉਸ ਵਰਗੀ ਖੂਬਸੂਰਤੀ ਹੋਰ ਕਿਤੇ ਨਹੀਂ। ਕਦੀ ਸੰਭਵ ਨਹੀਂ। ਉਸ ਵਰਗਾ ਉਹ ਆਪ ਹੈ ਕੇਵਲ।"

ਹਾਫ਼ਿਜ਼ ਨੇ ਹੱਥ ਜੋੜ ਕੇ ਕਿਹਾ, "ਫੇਰ ਮੈਨੂੰ ਰੱਬ ਦੇ ਦੇਹ।"

ਫਰਿਸ਼ਤਾ ਹੱਸ ਪਿਆ, ਕਿਹਾ, "ਅੱਤਾਰ ਨੂੰ ਮਿਲ। ਮੁਹੰਮਦ ਅੱਤਾਰ ਨੂੰ। ਉਸ ਰਾਹੀਂ ਮਿਲੇਗਾ। ਮੈਂ ਨਹੀਂ ਦੇ ਸਕਦਾ।" ਇਹ ਆਖ ਕੇ ਫਰਿਸ਼ਤਾ ਅਲੋਪ ਹੋ ਗਿਆ।

ਉਸ ਨੇ ਅੱਤਾਰ ਦਾ ਦਰ ਖੜਕਾਇਆ ਅਤੇ ਆਪਣਾ ਮੁਰਸ਼ਦ ਧਾਰਿਆ। ਜਿਸ ਕੁੜੀ ਨੂੰ ਹਾਸਲ ਕਰਨ ਵਾਸਤੇ ਉਸ ਨੇ ਚਲੀਹਾ ਕੱਟਿਆ, ਉਸ ਨੂੰ ਸਦਾ ਲਈ ਭੁੱਲ ਗਿਆ। ਮਾਂ ਨੇ ਜਿਹੋ ਜਿਹੀ ਕੁੜੀ ਲੱਭੀ ਉਸ ਨੂੰ ਵਿਆਹ ਲਿਆਇਆ। ਇੱਕੀ ਸਾਲ ਦੀ ਉਮਰ ਵਿਚ ਉਸ ਨੇ ਗੀਤ ਲਿਖਣੇ ਸ਼ੁਰੂ ਕੀਤੇ। ਏਸ਼ੀਆ ਵਿਚ ਉਸ ਦੇ ਗੀਤਾਂ ਦੀਆਂ ਧੁੰਮਾਂ ਪੈ ਗਈਆਂ। ਜੁਆਨ ਉਸ ਦੇ ਗੀਤ ਗਾਉਂਦੇ ਕਿਉਂਕਿ ਉਨ੍ਹਾਂ ਨੂੰ ਲਗਦਾ ਇਹ ਰੁਮਾਂਟਿਕ ਪ੍ਰੇਮ-ਗੀਤ ਹਨ। ਬਜ਼ੁਰਗ ਉਸ ਦੇ ਗੀਤ ਗਾਉਂਦੇ ਕਿਉਂਕਿ ਇਸ ਦੁਨੀਆਂ ਤੋਂ ਪਾਰ ਦੀਆਂ ਗੱਲਾਂ ਕੀਤੀਆਂ ਹਾਫ਼ਿਜ਼ ਨੇ। ਜਿਹੜਾ ਇਸ਼ਕ ਉਸ ਨੇ ਕੀਤਾ, ਉਸ ਵਰਗੀ ਪਵਿੱਤਰ ਬੰਦਗੀ ਹੋਰ ਨਹੀਂ ਦਿਸਦੀ। ਉਸ ਦਾ ਸ਼ਿਅਰ ਹੈ:

ਤੇਰੇ ਲਿਬਾਸ ਤੋਂ ਪਤਾ ਨਹੀਂ ਲੱਗਾ ਮਿੱਤਰ
ਕਿ ਤੂੰ ਕਿਸ ਦੇਸ ਤੋਂ ਆਇਐਂ।
ਤੂੰ ਮੈਨੂੰ ਆਪਣੀ ਜ਼ੁਬਾਨ ਦਾ
ਪਹਿਲਾ ਅੱਖਰ ਦੱਸ ਕਿਹੜੈ,
ਮੈਂ ਤੇਰੀ ਜ਼ੁਬਾਨ ਵਿਚ
ਆਪਣੇ ਗੀਤ ਤੈਨੂੰ ਸੁਣਾਵਾਂਗਾ।

ਇਸ ਇੱਕ ਸ਼ਿਅਰ ਵਿਚ ਉਸ ਦਾ ਐਲਾਨ ਹੈ ਕਿ ਉਹ ਦੁਨੀਆਂ ਦੀ ਹਰੇਕ ਬੋਲੀ ਵਿਚ ਆਪਣਾ ਕਦਮ ਰੱਖੇਗਾ। ਉਸ ਦੀਆਂ ਧੁੰਮਾਂ ਫਾਰਸੀ ਜਗਤ ਵਿਚ ਉਸ ਦੇ ਜਿਉਂਦੇ ਜੀ ਪੈ ਗਈਆਂ ਸਨ, ਹੋਰਨਾਂ ਬੋਲੀਆਂ ਵਿਚ ਉਹ ਯਕੀਨਨ ਪੁੱਜੇਗਾ।

ਉਹ ਲਗਾਤਾਰ ਅੱਤਾਰ ਕੋਲ ਜਾਂਦਾ ਰਿਹਾ। ਅੱਤਾਰ ਖੁਸ਼ਕ ਸੀ, ਸਖਤ ਸੀ। ਉਹ ਹਾਫ਼ਿਜ਼ ਦੇ ਗੀਤਾਂ, ਗਜ਼ਲਾਂ, ਸ਼ਿਅਰਾਂ ਦੀ ਦਾਦ ਨਾ ਦਿੰਦਾ। ਕਿਹਾ ਕਰਦਾ, "ਇਹ ਖੱਪਖਾਨਾ ਮੈਨੂੰ ਨੀ ਪਸੰਦ। ਬੰਦਗੀ ਕਰੋ।"

ਚਾਲੀ ਸਾਲ ਦੀ ਹਾਫ਼ਿਜ਼ ਦੀ ਉਮਰ ਸੀ ਜਦੋਂ ਉਸ ਦੇ ਇਕਲੌਤੇ ਜੁਆਨ ਪੁੱਤਰ ਦੀ ਮੌਤ ਹੋ ਗਈ। ਬੱਚੇ ਦੀ ਮਾਂ ਏਡੀ ਸੱਟ ਬਰਦਾਸ਼ਤ ਨਾ ਕਰ ਸਕੀ, ਉਹ ਵੀ ਪਿਛੇ ਪਿਛੇ ਚਲੀ ਗਈ। ਹਾਫ਼ਿਜ਼ ਇਕੱਲਾ ਰਹਿ ਗਿਆ। ਅੱਤਾਰ ਦੀ ਸੰਗਤ ਤੋਂ ਉਹ ਥੱਕ ਗਿਆ। ਘਰੋਂ ਆਪਣੀ ਸੋਟੀ ਚੁੱਕੀ ਤੇ ਜੰਗਲ ਦਾ ਰੁਖ ਕੀਤਾ। ਜੰਗਲ ਵਿਚ ਜਾ ਕੇ ਜ਼ਮੀਨ ਉਪਰ, ਉਸ ਨੇ ਸੋਟੀ ਨਾਲ ਗੋਲ ਦਾਇਰਾ ਵਾਹਿਆ। ਦੂਜੀ ਵਾਰ ਫੇਰ ਚਲੀਹਾ ਕੱਟਣ ਲਈ ਉਹ ਦਾਇਰੇ ਵਿਚਕਾਰ ਜਾ ਬੈਠਾ। ਕਿੰਨੇ ਦਿਨ, ਕਿਨੇ ਹਫਤੇ ਲੰਘੇ, ਕੋਈ ਪਤਾ ਨਹੀਂ। ਫਰਿਸ਼ਤਾ ਫੇਰ ਧਰਤੀ 'ਤੇ ਉਤਰਿਆ। ਹਾਫ਼ਿਜ਼ ਨੇ ਅੱਖਾਂ ਖੋਲ੍ਹੀਆਂ। ਆਵਾਜ਼ ਆਈ, "ਮਨ ਦੀ ਮੁਰਾਦ ਪੂਰੀ ਹੋਏਗੀ। ਜੋ ਖਾਹਿਸ਼ ਹੈ ਜ਼ਾਹਰ ਕਰੋ। ਪੂਰੀ ਹੋਏਗੀ।"

ਹਾਫ਼ਿਜ਼ ਨੇ ਕਿਹਾ, "ਕਿਉਂ ਆਇਆ ਸੀ ਮੈਂ ਏਥੇ? ਕੀ ਸੀ ਮੇਰੀ ਮੁਰਾਦ? ਮੇਰੀ ਤਾਂ ਕੋਈ ਮੁਰਾਦ ਰਹੀ ਹੀ ਨਹੀਂ ਬਕਾਇਆ। ਸਭ ਕੁਝ ਤਾਂ ਮਿਲ ਚੁੱਕਾ ਹੈ ਮੈਨੂੰ। ਤੈਨੂੰ ਕੀ ਚਾਹੀਦੈ ਤੂੰ ਦੱਸ। ਪੂਰੀ ਕਰਾਂਗਾ ਤੇਰੀ ਮਨਸ਼ਾ।"

ਫਰਿਸ਼ਤੇ ਨੇ ਕਿਹਾ, "ਝਿਜਕੋ ਨਾ, ਡਰੋ ਨਾਂਹ। ਜੋ ਮੰਗੋਗੇ ਮਿਲੇਗਾ।"

ਹਾਫ਼ਿਜ਼ ਬੋਲਿਆ, "ਝਿਜਕ ਕਿਸ ਗੱਲ ਦੀ? ਡਰ ਕਿਸਦੈ ਮੈਨੂੰ? ਤੂੰ ਜਾ ਕੇ ਆਪਣੇ ਕੰਮ ਕਰ। ਮੇਰੀ ਬੰਦਗੀ ਵਿਚ ਵਿਘਨ ਨਾ ਪਾਇਆ ਕਰ ਖਾਹਮਖਾਹ।"

ਫਰਿਸ਼ਤੇ ਨੇ ਕਿਹਾ, "ਗੱਲ ਮੰਨੋ। ਸੋਟੀ ਚੁੱਕੋ ਅਤੇ ਅੱਤਾਰ ਦੀ ਝੌਂਪੜੀ ਤੱਕ ਜਾਉ। ਅਸੀਂ ਤੈਨੂੰ ਪਿਆਰ ਕਰਨ ਵਾਲੀਆਂ ਚੀਜ਼ਾਂ ਹਾਂ। ਆਖਾ ਮੰਨੋ।"

ਹਾਫ਼ਿਜ਼ ਉਠਿਆ। ਸੋਟੀ ਚੁੱਕੀ। ਸਹਿਜੇ ਸਹਿਜੇ, ਡਗਮਗਾਂਦੀਆਂ ਲੱਤਾਂ ਨਾਲ ਉਹ ਅੱਤਾਰ ਦੇ ਟਿਕਾਣੇ ਵੱਲ ਤੁਰ ਪਿਆ। ਜਦੋਂ ਝੌਂਪੜੀ ਤੱਕ ਪੁੱਜਾ, ਅੱਤਾਰ ਆਪਣੇ ਹੱਥ ਵਿਚ ਸ਼ਰਾਬ ਦੇ ਦੋ ਪਿਆਲੇ ਲਈ ਉਡੀਕ ਰਿਹਾ ਸੀ। ਅੱਤਾਰ ਨੇ ਕਿਹਾ, "ਕਿਥੇ ਚਲਾ ਗਿਆ ਸੀ ਤੂੰ ਬਿਨਾ ਦੱਸੇ? ਮੁੱਦਤਾਂ ਹੋ ਗਈਆਂ ਮੈਨੂੰ ਉਡੀਕਦਿਆਂ। ਸਾਡੇ ਬਜ਼ੁਰਗਾਂ ਨੇ ਬੇਅੰਤ ਮੁਸ਼ੱਕਤਾਂ ਕਰਕੇ ਇਹ ਸ਼ਰਾਬ ਤਿਆਰ ਕੀਤੀ ਸੀ ਲੱਖਾਂ ਸਾਲ ਪਹਿਲਾਂ। ਦੋ ਪਿਆਲੇ ਮਿਲੇ ਉਸ ਵਿਚੋਂ। ਇਕ ਤੇਰੇ ਕਰਮਾਂ ਵਿਚ ਲਿਖਿਆ ਸੀ ਇਕ ਮੇਰੇ ਕਰਮਾਂ ਵਿਚ।"



ਹਾਫ਼ਿਜ਼ ਨੂੰ ਪਿਆਲਾ ਫੜਾਇਆ। ਦੋਹਾਂ ਨੇ ਪਿਆਲੇ ਖਾਲੀ ਕੀਤੇ। ਦੋਹਾਂ ਨੇ ਜੱਫੀ ਪਾਈ ਤੇ ਦੋਵਾਂ ਨੇ ਹਾਫ਼ਿਜ਼ ਦੇ ਗੀਤ ਗਾਏ। ਬਿਨਾ ਕਿਸੇ ਹੋਰ ਨੂੰ ਦੱਸਣ ਦੇ, ਅੱਤਾਰ ਅਨਦੱਸੀ ਥਾਂ 'ਤੇ ਚਲਾ ਗਿਆ। ਜਾਣ ਤੋਂ ਪਹਿਲਾਂ ਉਸ ਨੇ ਹਾਫ਼ਿਜ਼ ਨੂੰ ਆਪਣਾ ਵਾਰਸ ਥਾਪ ਦਿੱਤਾ। ਹਾਫ਼ਿਜ਼ ਪਾਸੋਂ ਬਾਦਸ਼ਾਹਾਂ ਨੇ ਮੁਰਾਦਾਂ ਮੰਗੀਆਂ। ਸਾਲ 1389 ਵਿਚ ਉਹ ਫਾਨੀ ਸੰਸਾਰ ਵਿਚੋਂ ਜਿਸਮਾਨੀ ਤੌਰ 'ਤੇ ਤੁਰ ਗਿਆ। ਉਸ ਦੇ ਗੀਤਾਂ ਦੇ ਬੋਲ ਹੁਣ ਤੱਕ ਉਵੇਂ ਤਾਜ਼ਾ ਤਰੀਨ ਹਨ:

ਮਨ ਮਸਤ ਤੂ ਦੀਵਾਨਹ॥
ਮਾਰਾ ਕਿ ਬਰਦ ਖਾਨਹ॥
ਸਦ ਬਾਰ ਤੁਰਾ ਗੁਫਤਮ
ਕਮ ਖੁਰ ਦੋ ਸਹ ਪੈਮਾਨਹ॥

ਇਸ ਨਜ਼ਮ ਵਿਚ ਉਹ ਆਪਣੀ ਕਵਿਤਾ ਨਾਲ ਗੱਲਾਂ ਕਰਦਿਆਂ ਪੁੱਛਦਾ ਹੈ, "ਤੂੰ ਜਨਮ ਤੋਂ ਸੁਦੈਣ ਹੈਂ, ਮੈਂ ਸ਼ਰਾਬ ਬਹੁਤੀ ਪੀ ਗਿਆ ਸੀ। ਆਪਾਂ ਨੂੰ ਘਰ ਕੌਣ ਛੱਡ ਕੇ ਗਿਆ ਸੀ ਉਸ ਦਿਨ?"

ਕਵਿਤਾ ਆਖਦੀ ਹੈ, "ਮੈਂ ਤੈਨੂੰ ਸੌ ਵਾਰ ਕਿਹਾ ਹੈ ਕਿ ਦੋ ਤਿੰਨ ਗਲਾਸ ਦਾਰੂ ਦੇ ਪੀਣੇ ਬੰਦ ਕਰ ਦੇਹ।"

ਹਾਫ਼ਿਜ਼ ਆਖਦਾ ਹੈ, "ਮੈਂ ਤੈਨੂੰ ਹਜ਼ਾਰ ਵਾਰ ਕਿਹੈ ਕਿ ਪਾਗਲਪਣ ਬੰਦ ਕਰ।"

ਕਵਿਤਾ, "ਚੱਲ ਇਉਂ ਕਰਦੇ ਆਂ, ਮੈਨੂੰ ਪਾਗਲਪਣ ਕਰਨ ਦੇ, ਤੂੰ ਦਾਰੂ ਪੀਈ ਚੱਲ। ਆਪਾਂ ਨੂੰ ਘਰ ਤਾਂ ਛੱਡ ਈ ਜਾਂਦੈ ਕੋਈ ਨਾ ਕੋਈ।" ਇਨ੍ਹਾਂ ਬੰਦਾਂ ਵਿਚ "ਘਰ" ਲਫ਼ਜ਼ ਉਪਰ ਧਿਆਨ ਦੇਣਾ ਪਵੇਗਾ। ਹਰੇਕ ਧਰਮ-ਗ੍ਰੰਥ ਵਿਚ ਲਿਖਿਆ ਹੋਇਆ ਹੈ ਕਿ ਸੰਸਾਰ ਘਰ ਨਹੀਂ ਹੈ। ਇਹ ਸਰਾਂ ਹੈ ਮੁਸਾਫਰਾਂ ਦੀ। ਘਰ ਕਿਤੇ ਹੋਰ ਹੈ। ਹਾਫ਼ਿਜ਼ ਦੱਸ ਰਿਹਾ ਹੈ ਕਿ ਉਹ ਅਪਣੇ ਘਰ ਪੁੱਜ ਗਿਆ ਹੋਇਆ ਹੈ। ਹਫ਼ੀਜ਼ ਜਲੰਧਰੀ ਦਾ ਸ਼ਿਅਰ ਹੈ:

ਫਕੀਰੋਂ ਕਾ ਜਮਘਟ ਘੜੀ ਦੋ ਘੜੀ
ਸ਼ਰਾਬੇਂ ਤਿਰੀਂ ਔਰ ਪੈਮਾਨੇ ਤਿਰੇ।

ਪਿਛਲੇ ਸਮਿਆਂ ਵਿਚ ਹਾਫ਼ਿਜ਼ ਦੇ ਅੰਗਰੇਜ਼ੀ ਵਿਚ ਅਨੁਵਾਦ ਵਖ ਵਖ ਲੋਕਾਂ ਵਲੋਂ ਕੀਤੇ ਪੜ੍ਹਦਾ ਰਿਹਾ। ਸਭ ਤੋਂ ਪਿਛੋਂ ਜਿਹੜਾ ਅਨੁਵਾਦ ਪੜ੍ਹਿਆ, ਉਹ ਡੇਨੀਅਲ ਲਦਿੰਸਕੀ ਦਾ ਹੈ ਤੇ ਨਾਂ ਹੈ "ਦ ਗਿਫਟ, ਪੋਇਮਜ਼ ਬਾਈ ਹਾਫ਼ਿਜ਼।" ਇਸ ਨੂੰ ਪੈਂਗੁਇਨ ਕੰਪਾਸ ਨੇ 1999 ਵਿਚ ਨਿਊ ਯਾਰਕ ਤੋਂ ਛਾਪਿਆ। ਮੁਖਬੰਦ ਵਿਚ ਉਹ ਲਿਖਦਾ ਹੈ, "ਕਈ ਸਾਲ ਲੰਘ ਗਏ। ਹਾਫ਼ਿਜ਼ ਦਾ ਦੀਵਾਨ ਪੜ੍ਹੀ ਜਾਂਦਾ। ਮਨ ਵਿਚ ਬਾਰ ਬਾਰ ਇਸ ਦਾ ਅੰਗਰੇਜ਼ੀ ਤਰਜਮਾ ਕਰਨ ਦਾ ਧਿਆਨ ਆਉਂਦਾ। ਪਰ ਕੀ ਕਰਦਾ, ਹੁੰਦਾ ਨਹੀਂ ਸੀ। ਹਾਫ਼ਿਜ਼ ਦਾ ਅਨੁਵਾਦ ਇਵੇਂ ਹੈ ਜਿਵੇਂ ਕੋਈ ਅਚਾਨਕ ਤੁਹਾਨੂੰ ਕਹਿ ਦਏ ਕਿ ਰੋਸ਼ਨੀ ਦਾ ਅਨੁਵਾਦ ਕਰ। ਸਮਾਂ ਬੀਤਦਾ ਗਿਆ। ਹਮੇਸ਼ ਵਾਂਗ ਇਕ ਰਾਤ ਰੋਟੀ ਖਾਧੀ ਤੇ ਸੌਂ ਗਿਆ। ਹਾਫ਼ਿਜ਼ ਮੇਰੇ ਸੁਫਨੇ ਵਿਚ ਆਇਆ। ਮੈਨੂੰ ਕਿਹਾ-ਤੂੰ ਅਨੁਵਾਦ ਕਿਉਂ ਨੀ ਕਰਦਾ ਮੇਰੇ ਦੀਵਾਨ ਨੂੰ? ਮੈਂ ਕਿਹਾ-ਸਮਰੱਥਾ ਨਹੀਂ। ਕਰਨ ਦੀ ਇੱਛਾ ਹੈ, ਕਰ ਨਹੀਂ ਹੁੰਦਾ।

ਉਹ ਸਾਰੀ ਰਾਤ ਅੰਗਰੇਜ਼ੀ ਵਿਚ ਮੈਨੂੰ ਆਪਣੇ ਗੀਤ ਸੁਣਾਉਂਦਾ ਰਿਹਾ। ਸਾਰੀ ਰਾਤ ਮੈਂ ਰੋਂਦਾ ਰਿਹਾ। ਸਵੇਰ ਹੋਣ 'ਤੇ ਕਾਗਜ਼-ਪੱਤਰ ਥਾਂ-ਸਿਰ ਕੀਤੇ ਤੇ ਕੰਮ ਸ਼ੁਰੂ ਕਰ ਦਿੱਤਾ। ਜਿਹੜੇ ਹਿੱਸੇ ਚੰਗੇ ਲੱਗਣ, ਉਹੀ ਹਨ ਜਿਹੜੇ ਹਾਫ਼ਿਜ਼ ਨੇ ਅਨੁਵਾਦ ਕੀਤੇ ਤੇ ਸੁਣਾਏ। ਕੁੱਝ ਫਜ਼ੂਲ ਲੱਗੇ, ਉਹ ਮੇਰਾ ਕਸੂਰ ਹੈ, ਕਿਉਂਕਿ ਉਹ ਮੇਰਾ ਅਨੁਵਾਦ ਹੈ। ਦੋ ਸਦੀਆਂ ਪਹਿਲਾਂ ਗੋਟੇ ਨੇ ਜਰਮਨ ਭਾਸ਼ਾ ਵਿਚ ਹਾਫ਼ਿਜ਼ ਦਾ ਕੁੱਝ ਹਿੱਸਾ ਅਨੁਵਾਦ ਕਰਕੇ ਯੋਰਪ ਨੂੰ ਉਸ ਦੀ ਤਾਕਤ ਤੋਂ ਜਾਣੂ ਕਰਵਾਇਆ ਸੀ। ਹਾਫ਼ਿਜ਼ ਅਤੇ ਗੋਟੇ ਵਿਚਕਾਰ ਪੰਜ ਸਦੀਆਂ ਦਾ ਫਾਸਲਾ ਹੈ ਪਰ ਗੋਟੇ ਆਪਣੀ ਕਿਤਾਬ ਦੇ ਮੁਖਬੰਦ ਵਿਚ ਲਿਖਦਾ ਹੈ, "ਹਾਫ਼ਿਜ਼ ਅਤੇ ਗੋਟੇ ਜੌੜੇ ਭਰਾ ਹਨ।"

"ਜੇ ਕੋਈ ਮੇਰੇ ਤੋਂ ਪੁਛੇ ਕਿ ਹਾਫ਼ਿਜ਼ ਦਾ ਪੀਰ ਕੌਣ ਹੈ, ਗੋਟੇ ਨੇ ਲਿਖਿਆ, "ਤਾਂ ਮੈਂ ਕਹਾਂਗਾ-ਪਾਗਲਪਣ। ਉਸ ਵਰਗਾ ਸੁਦਾਈ ਕੌਣ ਹੋਏਗਾ?"

ਐਮਰਸਨ ਨੇ ਕਿਹਾ-ਕਿੰਨਾ ਚੰਗਾ ਹੁੰਦਾ ਮੈਥੋਂ ਹਾਫ਼ਿਜ਼ ਵਾਂਗ ਲਿਖ ਹੁੰਦਾ। ਹਾਫ਼ਿਜ਼ ਦੀ ਲੰਮੀ ਨਜ਼ਮ ਦਾ ਪੰਜਾਬੀ ਵਾਰਤਕ ਵਿਚ ਅਨੁਵਾਦ ਪੜ੍ਹੋ, "ਸੱਚ ਹੈ ਇਹ। ਮੇਰਾ ਕੰਨ ਹੈਗਾ ਸੀ ਮੇਰੇ ਕੋਲ। ਦੇਰ ਪਹਿਲਾਂ ਮੈਂ ਇਕ ਮੱਛੀ ਕੋਲ ਵੇਚ ਦਿਤਾ ਸੀ ਇਹ। ਆਰਾਮ ਨਾਲ ਬੈਠੋ। ਕਿਵੇਂ ਹੋਇਆ ਇਹ ਸਭ ਕੁਝ, ਸਹਿਜੇ ਸਹਿਜੇ ਦੱਸਾਂਗਾ। ਗੱਲ ਹੀ ਕਰਨੀ ਹੈ ਨਾ। ਜਿਥੋਂ ਮਰਜ਼ੀ ਸ਼ੁਰੂ ਕਰ ਦਿਉ। ਜਿਸ ਜਹਾਨ ਵਿਚ ਮੇਰਾ ਵਾਸਾ ਹੈ, ਉਥੇ ਹਰੇਕ ਲਫ਼ਜ਼ ਮਹਾਨ ਹੈ। ਜਿਥੋਂ ਮਰਜ਼ੀ ਸ਼ੁਰੂ ਕਰੋ। ਸਮਾਂ, ਸਥਾਨ, ਉਦਾਸੀ, ਪਛਤਾਵੇਂ ਹਨ ਇਹ ਸਭ। ਦੁਖ, ਚਿੰਤਾ ਇਕ ਦਿਨ ਆਉਣਗੇ ਤੇਰੇ ਕੋਲ, ਗਿੜਗਿੜਾਉਂਦਿਆਂ ਖਿਮਾ ਮੰਗਣਗੇ, ਕਹਿਣਗੇ-ਅਸੀਂ ਝੂਠ ਬੋਲਦੇ ਰਹੇ ਮਿੱਤਰ। ਸਾਡੇ ਤੇ ਤੂੰ ਕਾਹਨੂੰ ਇਤਬਾਰ ਕੀਤਾ? ਹਾਂ, ਗੱਲ ਮੈਂ ਕਰ ਰਿਹਾ ਸੀ ਉਸ ਮੱਛੀ ਦੀ ਜੋ ਮੇਰਾ ਕੰਨ ਖਰੀਦ ਕੇ ਲੈ ਗਈ ਸੀ। ਜੁਆਨੋ ਇਹ ਵੀ ਸੱਚ ਹੈ ਕਿ ਚੰਦ ਨੇ ਮੇਰੇ ਸਿਰ ਦਾ ਮੁੱਲ ਪਾ ਦਿੱਤਾ। ਠੱਗਾਂ ਦੇ ਗਰੋਹ ਨੇ ਜਦੋਂ ਮੈਨੂੰ ਘੇਰਾ ਪਾ ਲਿਆ ਤਾਂ ਮੇਰੀ ਮਹਿਬੂਬ ਨੇ ਇਤਰਾਜ਼ ਕੀਤਾ ਕਿ ਮੈਂ ਖਾਹਮਖਾਹ ਭੇਦ ਕਿਉਂ ਦੱਸੀ ਗਿਆ? ਏਨੀ ਕੀਮਤੀ ਸ਼ਰਾਬ ਮੈਂ ਮੁਫਤੋ-ਮੁਫਤੀ ਕਿਉਂ ਪਿਲਾਈ? ਮੈਨੂੰ ਵੱਡੇ ਜੱਜ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਤੇ ਵਕੀਲ ਪੇਸ਼ ਕਰਨ ਲਈ ਜੱਜ ਨੇ ਮੈਨੂੰ ਹੁਕਮ ਦਿੱਤਾ। ਮੈਂ ਕਿਹਾ-ਮੈਂ ਆਪਣਾ ਵਕੀਲ ਆਪ ਹਾਂ, ਮੈਂ ਅਪਣਾ ਪੱਖ ਖੁਦ ਪੇਸ਼ ਕਰ ਸਕਦਾ ਹਾਂ। ਮੇਰਾ ਨਹੀਂ ਇਹ ਮੇਰੀ ਅਰਦਾਸ ਦਾ ਕਸੂਰ ਸੀ ਜਿਸ ਨੇ ਮੇਰੇ ਅੱਗੇ ਖਜ਼ਾਨਿਆਂ ਦੇ ਦਰਵਾਜ਼ੇ ਖੋਹਲ ਦਿੱਤੇ ਤੇ ਕਿਹਾ-ਵੰਡ ਦੇਹ। ਮੁਕਣਗੇ ਨਹੀਂ। ਇਸ ਰਕਮ ਵਿਚੋਂ ਮੈਂ ਇਕ ਟਿਕਟ ਖਰੀਦਿਆ, ਟਿਕਟ ਹੈ ਸਫੈਦ ਬੱਦਲ ਜੋ ਧਰਤੀ ਨੂੰ ਨਹੀਂ ਅਸਮਾਨ ਨੂੰ ਛੂੰਹਦਾ ਹੈ। ਖੁਦ ਨਹੀਂ ਲੈ ਕੇ ਗਈ ਮੱਛੀ ਮੇਰਾ ਕੰਨ, ਮੈਂ ਰਿਸ਼ਵਤ ਦਿਤੀ ਸੀ ਉਹਨੂੰ। ਤਾਂ ਕਿਤੇ ਉਹ ਮੇਰਾ ਕੰਨ ਡੂੰਘੇ ਸਮੁੰਦਰ ਦੀ ਤਹਿ ਤੀਕ ਲੈ ਗਈ। ਹੁਣ ਮੇਰਾ ਮਹਿਬੂਬ ਚਾਹੇ ਹੌਲੀ ਹੌਲੀ ਗੱਲ ਕਰੇ, ਚਾਹੇ ਸਹਿਜੇ ਸਹਿਜੇ ਤੁਰੇ...ਮੈਨੂੰ ਪਤਾ ਲੱਗ ਜਾਂਦੈ। ਸਮੁੰਦਰ ਤੋਂ ਲੈ ਕੇ ਅਸਮਾਨ ਤੀਕ, ਮੈਨੂੰ ਉਸ ਦੇ ਸਾਹਾਂ ਦੀ ਆਵਾਜ਼ ਸੁਣਾਈ ਦਿੰਦੀ ਹੈ। ਐਵੇਂ ਤਾਂ ਫਕੀਰ ਮੇਰੇ ਨਾਲ ਈਰਖਾ ਨਹੀਂ ਕਰਦੇ? ਏਸ ਸੰਸਾਰ ਵਿਚ ਮੇਰੇ ਜਿਹਾ ਤਾਕਤਵਰ ਜਾਸੂਸ ਕੋਈ ਨਹੀਂ। ਤਾਂ ਹੀ ਤਾਂ ਚੰਦ ਖਹਿਬੜ ਪਿਆ ਸੀ ਇਕ ਦਿਨ ਮੇਰੇ ਨਾਲ। ਉਸੇ ਨੇ ਫੜਵਾਇਐ ਮੈਨੂੰ। ਏਸ ਜੱਜ ਦੀ ਕਚਹਿਰੀ ਵਿਚ ਜਿਹੜਾ ਪਿੰਜਰਾ ਲਟਕਦਾ ਹੈ, ਉਸ ਵਿਚ ਸਾਰਾ ਜਹਾਨ ਬੰਦ ਹੈ। ਰੱਬ ਡਰ ਗਿਆ ਸੀ ਕਿ ਇਹ ਸ਼ੈਦਾਈ ਮੁੱਕਦਮਾ ਜਿਤੇਗਾ। ਉਹ ਬੇਚੈਨ ਹੋਇਆ ਕਿ ਏਸ ਗੁਨਾਹਗਾਰ ਦੀ ਸ਼ੁਹਰਤ ਫੈਲੇਗੀ ਜਹਾਨ ਅੰਦਰ। ਤੁਸੀਂ ਮੰਨਣਾ ਨਹੀਂ, ਇਹ ਜੱਜ ਮੈਨੂੰ ਜੰਮਣ ਤੋਂ ਪਹਿਲਾਂ ਦਾ ਜਾਣਦਾ ਸੀ। ਮੇਰੀਆਂ ਗੱਲਾਂ ਸੁਣ ਕੇ ਤੁਸੀਂ ਆਖਣਾ ਹੈ ਇਹ ਕਿਸੇ ਸ਼ਰਾਬੀ ਦਾ ਕੀਤਾ ਹੋਇਆ ਬਕਵਾਸ ਹੈ। ਇਹੀ ਤਾਂ ਮੈਂ ਕਹਿਨਾਂ। ਪਿਆਰ ਵਿਚ ਕੀਤੀਆਂ ਹੋਈਆਂ ਆਸ਼ਕਾਂ ਦੀਆਂ ਗੱਲਾਂ ਵਿਅਰਥ ਤਾਂ ਹੁੰਦੀਆਂ ਹਨ ਪਰ ਨਸ਼ੇ ਤੋਂ ਖਾਲੀ ਨਹੀਂ ਹੁੰਦੀਆਂ। ਮੈਂ ਮੰਨ ਜਾਨਾਂ ਕਿ ਮੇਰੀਆਂ ਗੱਲਾਂ ਬਕਵਾਸ ਹਨ, ਤੁਸੀਂ ਮੰਨ ਜਾਓ ਕਿ ਮੈਂ ਤੁਹਾਨੂੰ ਪਿਆਰ ਕਰਦਾਂ। ਆਸ਼ਕ ਤੋਂ ਚੁੱਪ ਨੀ ਕਰ ਹੁੰਦਾ। ਮਨਸੂਰ ਨਾਲ ਜੋ ਬੀਤਿਆ, ਉਸ ਨੂੰ ਅਹਿਸਾਸ ਸੀ, ਇਸ ਕਰਕੇ ਉਹ ਬਚ ਬਚ ਕੇ ਚਲਦਾ ਹੈ ਤੇ ਇਸ਼ਾਰਿਆਂ ਰਾਹੀਂ ਸਮਝਾਉਂਦਾ ਹੈ, "ਮੇਰੀਆਂ ਅੱਖਾਂ ਵਿਚੋਂ ਆਪਣੀ ਤਸਵੀਰ ਦੇਖ ਕੇ ਤੂੰ ਹੱਸੀ ਨਹੀਂ ਸੀ ਹਰਨੋਟੀਏ? ਹੁਣ ਤੂੰ ਮੁਕਰਦੀ ਹੈਂ। ਫੇਰ ਕਿਹੜਾ ਮੈਂ ਬੁਰਾ

ਮਨਾਉਂਦਾ ਹਾਂ? ਜਾਹਲ ਸੰਸਾਰ ਸਾਹਮਣੇ ਇਹੋ ਜਿਹੀਆਂ ਗੱਲਾਂ ਮੰਨੀਦੀਆਂ ਈ ਨੀ ਹੁੰਦੀਆਂ।''

ਸ਼ੇਖ ਸਾਅਦੀ ਅਤੇ ਮੌਲਾਨਾ ਰੂਮ ਵੀ ਸ਼ੀਰਾਜ਼ ਵਿਚ ਰਹੇ, ਹਾਫਿਜ਼ ਤੋਂ ਇਕ ਸਦੀ ਪਹਿਲਾਂ। ਹਾਫਿਜ਼ ਆਖਦਾ ਹੈ, ''ਏਨ੍ਹਾਂ ਮੁਰਸ਼ਦਾਂ ਨੂੰ ਜਦੋਂ ਤੁਰਨਾ ਆ ਗਿਆ, ਬਸ ਫੇਰ ਚੱਲ ਸੋ ਚੱਲ। ਦੁਨੀਆਂ ਗਾਹ ਮਾਰੀ। ਸ਼ੀਰਾਜ਼ ਵਿਚ ਵੜੇ ਈ ਨਾ। ਮੈਨੂੰ ਸ਼ੀਰਾਜ਼ ਤੋਂ ਚੰਗਾ ਹੋਰ ਕੋਈ ਥਾਂ ਲੱਗਾ ਈ ਨਾ।''

ਰੂਮ ਅਤੇ ਸਾਅਦੀ ਵੱਡੇ ਹਨ, ਇਸ ਵਿਚ ਕੀ ਵਿਵਾਦ ਹੈ? ਪਰ ਹਾਫਿਜ਼ ਨੂੰ ਪੜ੍ਹਦਿਆਂ ਪੜ੍ਹਦਿਆਂ ਇਉਂ ਮਹਿਸੂਸ ਹੋਈ ਗਿਆ ਕਿ ਹਾਫਿਜ਼ ਨੂੰ ਉਹ ਸਾਰਾ ਕੁਝ ਸ਼ੀਰਾਜ਼ ਵਿਚ ਬੈਠਿਆਂ ਬਿਠਾਇਆਂ ਮਿਲ ਗਿਆ ਜਿਸ ਦੀ ਤਲਾਸ਼ ਵਿਚ ਸਾਅਦੀ ਹੋਰੀਂ ਥਾਂ ਥਾਂ ਦੇਸਾਂ ਪਰਦੇਸਾਂ ਵਿਚ ਘੁੰਮੇ।

ਸ਼ੇਰਸ਼ਾਹ ਸੂਰੀ ਤੋਂ ਹਾਰ ਕੇ ਹੁਮਾਯੂੰ ਨੇ ਈਰਾਨ ਵਿਚ ਸ਼ਰਨ ਲਈ। ਇਸਫਹਾਨ ਸ਼ਹਿਰ ਦਾ ਉਹ ਮਹੱਲ ਦੇਖ ਕੇ ਆਇਆ ਹਾਂ ਜਿਥੇ ਹੁਮਾਯੂੰ ਰਿਹਾ ਸੀ। ਉਦੋਂ ਈਰਾਨ ਦੀ ਰਾਜਧਾਨੀ ਇਸਫਹਾਨ ਸੀ। ਪੰਜ ਚਾਰ ਹਜ਼ਾਰ ਉਸ ਦੇ ਹਿੰਦੁਸਤਾਨੀ ਤੇ ਖੁਰਾਸਾਨੀ ਸ਼ੁਭਚਿੰਤਕ ਸ਼ੇਰਸ਼ਾਹ ਦੀ ਮੌਤ ਪਿਛੋਂ ਉਸ ਕੋਲ ਆ ਕੇ ਫਿਰ ਹਿੰਦੁਸਤਾਨ 'ਤੇ ਹਮਲਾ ਕਰਨ ਲਈ ਕਹਿਣ ਲੱਗੇ। ਹੁਮਾਯੂੰ ਏਨਾ ਡਰਿਆ ਹੋਇਆ ਸੀ ਕਿ ਇਧਰ ਮੂੰਹ ਕਰਨਾ ਮੁਨਾਸਬ ਨਹੀਂ ਸਮਝਦਾ ਸੀ। ਤਕਰਾਰ ਪਿਛੋਂ ਫੈਸਲਾ ਹੋਇਆ ਕਿ ਹਾਫਿਜ਼ ਦਾ ਦੀਵਾਨ ਲਿਆਉ ਤੇ ਫਾਲ ਕੱਢੋ। ਫਾਲ ਕੱਢਣਾ ਉਵੇਂ ਹੈ ਜਿਵੇਂ ਅਸੀਂ ਆਖਦੇ ਹਾਂ ਮਹਾਰਾਜ ਵਿਚੋਂ ਹੁਕਮਨਾਮਾ ਲਉ। ਫਾਲ ਨਿਕਲਿਆ-ਤੇਰੇ ਸਿਰ ਉਪਰ ਹੁਮਾ ਦਾ ਸਾਇਆ ਹੈ। ਜਿਧਰ ਜਾਏਂਗਾ, ਸਲਾਮਾਂ ਹੋਣਗੀਆਂ।

ਹੁਮਾ ਉਹ ਕਲਪਿਤ ਪੰਛੀ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਜਿਸ ਦੇ ਸਿਰ ਉਪਰ ਉਸ ਦਾ ਪਰਛਾਵਾਂ ਪੈ ਜਾਏ, ਉਸ ਸਿਰ ਉਪਰ ਤਾਜ ਟਿਕਦਾ ਹੈ। ਹੁਮਾਯੂੰ, ਦੁਬਾਰਾ ਹਮਲਾ ਕਰਨ ਲਈ ਤਿਆਰ ਹੋ ਗਿਆ ਤੇ ਹਿੰਦੁਸਤਾਨ ਫਤਿਹ ਕਰ ਲਿਆ। ਹਾਫਿਜ਼ ਦੇ ਕਥਨ ਵਿਚ ਏਨੀ ਤਾਕਤ ਹੈ।

ਗਲੋਬ ਦੀ ਮਾਲਕਣ ਮਲਕਾ ਵਿਕਟੋਰੀਆ ਆਪਣੇ ਸਿਰਹਾਣੇ ਵਾਲੇ ਪਾਸੇ ਉਚੀ ਥਾਂ ਉਪਰ ਹਾਫਿਜ਼ ਦਾ ਦੀਵਾਨ ਰਖਦੀ ਹੁੰਦੀ ਸੀ। ਜਦੋਂ ਕਦੀ ਕੋਈ ਦੇਸ ਸੰਕਟ ਵਿਚ ਘਿਰ ਜਾਂਦਾ, ਵਡੀ ਮੁਸ਼ਕਲ ਦਿਸਦੀ, ਉਦੋਂ ਉਹ ਹਾਫਿਜ਼ ਦੇ ਦੀਵਾਨ ਵਿਚੋਂ ਹੁਕਮਨਾਮਾ ਲਿਆ ਕਰਦੀ ਸੀ।

ਹਾਫਿਜ਼ ਦਾ ਬੰਦ ਹੈ-ਮੇਰਾ ਇਕ ਬੁਜ਼ਦਿਲ ਵਿਦਿਆਰਥੀ ਹਰ ਵਕਤ ਡਰ ਨਾਲ ਕੰਬਦਾ ਰਹਿੰਦਾ। ਹਰੇਕ ਰਾਤ ਉਸ ਦੀ ਇਉਂ ਬੀਤਦੀ ਜਿਵੇਂ ਪਰੇਤਾਂ ਨੇ ਝੰਬਿਆ ਹੋਵੇ। ਮੈਂ ਰਹਿਮ ਕੀਤਾ, ਆਪਣੀ ਤਲਵਾਰ ਵਿਚੋਂ ਇਕ ਨਿਕਾ ਟੋਟਾ ਕੱਟ ਕੇ ਉਸ ਲਈ ਚਾਕੂ ਬਣਾ ਦਿਤਾ। ਪਤਾ ਲੱਗੈ ਅੱਜ ਕੱਲ੍ਹ ਘੁਪ ਹਨੇਰੀਆਂ ਰਾਤਾਂ ਵਿਚ ਉਹ ਜੁਆਨ ਮੁਸੀਬਤਾਂ ਲੱਭਣ ਅਤੇ ਮੁਕਾਬਲਾ ਕਰਨ ਲਈ ਹਨੇਰੀਆਂ ਰਾਤਾਂ ਵਿਚ ਇਧਰ ਉਧਰ ਘੁੰਮਦੈ।

ਦੀਵਾਨ-ਇ-ਹਾਫਿਜ਼ ਤਲਵਾਰ ਹੈ। ਹਰੇਕ ਨਜ਼ਮ ਚਾਕੂ ਹੈ। ਉਸ ਦਾ ਸ਼ਿਅਰ ਹੈ:

ਬੱਚੇ ਵਾਂਗ ਰੱਬ ਤੁਹਾਡੀ ਗੋਦ ਵਿਚ
ਖੇਡਣ ਦਾ ਇਛੁਕ ਹੈ।
ਪਰ ਫੇਰ ਸਾਰੀ ਕਾਇਨਾਤ ਦੀ ਜ਼ਿਮੇਵਾਰੀ
ਤੁਹਾਨੂੰ ਸੰਭਾਲਣੀ ਪਵੇਗੀ।

***

ਬੌਣੇ ਬਾਦਸ਼ਾਹ ਮਾਸੂਮ ਲੋਕਾਂ ਨੂੰ
ਜੰਦਰਿਆਂ ਅੰਦਰ ਬੰਦ ਕਰਕੇ
ਜਦੋਂ ਸੌਂ ਜਾਂਦੇ ਹਨ
ਅਸੀਂ ਫਕੀਰ ਸਾਰੀ ਸਾਰੀ ਰਾਤ
ਚਾਬੀਆਂ ਵੰਡਦੇ ਫਿਰਦੇ ਹਾਂ।

***

ਸੁਹਣੀ ਸ਼ਾਇਰੀ ਨੂੰ ਸਲਾਮ।
ਸਾਰੰਗੀ ਪੱਟ ਤੇ ਟਿਕਾ ਅਤੇ ਸੁਰਾਂ ਛੇੜ।
ਸੰਸਾਰ, ਸ਼ਾਇਰ ਦੀ ਸ਼ਾਰੰਗੀ ਹੈ।

***

ਖੁਸ਼ੀ ਬਾਦਸ਼ਾਹਾਂ ਦਾ ਲਿਬਾਸ ਹੈ।
ਇਹ ਸ਼ਾਹੀ ਵਸਤਰ ਮੈਂ ਹਰ ਰੋਜ਼ ਪਹਿਨਦਾਂ।
ਪਰ ਕਦੀ ਕਦਾਈਂ
ਆਪਣੇ ਪਿਆਰਿਆਂ ਨੂੰ ਦੁਖ ਵਿਚ ਦੇਖ ਕੇ
ਜਾਂ ਪੰਛੀ ਦੇ ਰੋਣ ਦੀ ਆਵਾਜ਼ ਸੁਣ ਕੇ
ਮੈਂ ਹੱਥ ਵਿਚ ਬੁਰਸ਼ ਫੜਦਾਂ
ਤੇ ਅੱਖ ਵਿਚ ਹੰਝੂ ਦੀ ਤਸਵੀਰ ਬਣਾ ਦਿੰਨਾਂ।

***

ਚੰਦ ਤੁਹਾਨੂੰ ਪਿਆਰ ਕਰਦੈ।
ਤਾਹੀਓਂ ਤਾਂ ਦੇਖਦਾ ਰਹਿੰਦੈ
ਤੁਹਾਡੇ ਮੂੰਹਾਂ ਵੱਲ ਹਰ ਵਕਤ।
ਜਦੋਂ ਤੁਸੀਂ ਆਪਣੇ ਹੋਠਾਂ ਵਿਚੋਂ
ਕੋਈ ਰੁੱਖਾਂ ਲਫਜ਼ ਬੋਲਦੇ ਹੋ
ਤਾਂ ਚੰਦ ਦੋਵੇਂ ਹੱਥਾਂ ਨਾਲ
ਆਪਣਾ ਮੂੰਹ ਢਕ ਲੈਂਦੈ।
ਆਉਂਦੀ ਕੀੜੀ ਨੂੰ ਦੇਖਕੇ
ਜਿਸ ਹਾਥੀ ਨੇ ਰਸਤਾ ਛੱਡ ਦਿਤਾ
ਤੇ ਪਾਸਿਓਂ ਦੀ ਲੰਘ ਗਿਆ
ਉਸ ਉਪਰ ਰੱਬ
ਰਹਿਮਤਾਂ ਦੀ ਬਾਰਸ਼ ਕਰਦਾ ਹੈ।

***

ਤੈਨੂੰ ਠੰਢ ਲੱਗੀ
ਤੇਰੇ ਕੰਬਦੇ ਪੈਰਾਂ ਉਪਰ
ਮੈਂ ਆਪਣੀ ਕੰਬਲੀ ਰੱਖੀ।
ਤੈਨੂੰ ਭੁੱਖ ਲੱਗੀ,
ਮੈਂ ਆਪਣੇ ਬਾਗ ਵਿਚੋਂ
ਆਲੂ ਪੁੱਟ ਲਿਆਇਆ।
ਤੈਨੂੰ ਥੋੜੇ ਕੁ ਸੁਖਦਾਈ
ਲਫਜ਼ਾਂ ਦੀ ਲੋੜ ਪਈ
ਮੈਂ ਪੂਰਾ ਦੀਵਾਨ ਲਿਖ ਮਾਰਿਆ।
ਰਾਤ ਪਈ, ਤੂੰ ਰੋਣ ਲੱਗਾ
ਕਿ ਇਕੱਲੇ ਨੂੰ ਡਰ ਲਗਦੈ।
ਤੇਰੇ ਹੱਥ ਵਿਚ ਰੱਸਾ ਫੜਾ ਕੇ ਮੈਂ ਕਿਹਾ -
ਆਪਣੇ ਨਾਲ ਬੰਨ੍ਹ ਲੈ ਮੈਨੂੰ।
ਹਾਫਿਜ਼ ਜਿਸ ਦਾ ਹੋ ਗਿਆ,
ਉਮਰ ਭਰ ਉਸੇ ਦਾ ਹੋ ਗਿਆ।

***

ਬਾਜ਼ਾਰ ਵਿਚੋਂ ਲੰਘਣ ਵੇਲੇ
ਮੈਂ ਸਹਿਜੇ ਸਹਿਜੇ ਤੁਰਿਆ।
ਰੱਬ ਦੇ ਹੱਥ ਉਪਰਲੀ ਲਕੀਰ ਉਪਰ
ਤੇਜ਼ ਕਦਮੀ ਚੱਲਣਾ
ਮੈਨੂੰ ਗੁਸਤਾਖੀ ਲੱਗੀ।

***

ਤੁਹਾਡੇ ਅਹਿਸਾਸ ਤੁਹਾਡੇ ਦਿਲਾਂ
ਵਿਚੋਂ ਚੋਰੀ ਕਰਕੇ
ਮੈਂ ਆਪਣੇ ਲਫਜ਼ਾਂ ਦੇ ਲਿਬਾਸ
ਪਹਿਨਾਉਂਦਾ ਰਿਹਾ।
ਇਸ ਬੁੱਢੇ ਚੋਰ ਉਪਰ
ਮੁਕੱਦਮਾ ਨਾ ਕਰਿਓ ਮਿਹਰਬਾਨੋ।

***

ਬੈਠੋ ਬਸ। ਆਰਾਮ ਕਰੋ।
ਬਿਰਹਾ ਤੋਂ ਵੱਡੀ ਸੱਟ ਕਿਹੜੀ ਹੈ ਹੋਰ?
ਤੁਸੀ ਇਹ ਸੱਟ ਖਾਈ ਫਿਰਦੇ ਹੋ।
ਜ਼ਖਮੀਆਂ ਨੂੰ ਖਾਣਾ ਦਿਆਂਗਾ,
ਪਾਣੀ ਪਿਲਾਵਾਂਗਾ।
ਮੇਰੇ ਨਰਮ ਲਫਜ਼ ਤੁਹਾਡਾ
ਆਰਾਮਦਾਇਕ ਸਿਰਹਾਣਾ ਬਣਨਗੇ।

***

ਤੁਸੀਂ ਮੈਨੂੰ ਕੁੱਤਾ ਕਿਹਾ ਤਾਂ ਕੀ ਹੋਇਆ?
ਇਸ ਕੁੱਤੇ ਦੇ ਖੁਰਕ ਹੁੰਦੀ ਹੈ ਜਦੋਂ
ਇਹ ਆਪਣੀ ਪਿੱਠ
ਚੰਦ ਨਾਲ ਘਸਰਾਂਦਾ ਹੈ।

***

ਤੁਸੀਂ ਕੀ ਸੋਚਿਆ, ਕੀ ਕੀਤਾ,
ਪਰਵਾਹ ਨਾ ਕਰੋ।
ਜਦੋਂ ਉਦਾਸ ਹੋਵੋ ਮੇਰਾ ਦੀਵਾਨ ਖੋਲ੍ਹ ਲੈਣਾ
ਕਿਉਂਕਿ ਦੀਵਾਨ ਖੋਲ੍ਹ ਕੇ
ਜਿਸ ਅਦਾ ਨਾਲ ਤੁਸੀਂ ਮੁਸਕਾਉਂਦੇ ਹੋ
ਤੁਹਾਡੀ ਉਹੀ ਮੁਸਕਾਨ ਤਾਂ
ਮੈਨੂੰ ਚੰਗੀ ਲਗਦੀ ਹੈ।

***

ਇਉ ਹੋਇਐ ਕਦੇ ਕਦੇ।
ਮੇਰੇ ਸਿਰ ਨੂੰ ਆਪਣਾ
ਦਸਤਰਖਾਨ ਸਮਝ ਕੇ
ਰੰਗ ਰੰਗ ਦੇ ਪੰਛੀ ਆ ਕੇ ਬੈਠ ਜਾਂਦੇ ਹਨ
ਤੇ ਸ਼ਰਾਬ ਪੀਣ ਲਗਦੇ ਹਨ,
ਗੀਤ ਗਾਉਣ ਲਗਦੇ ਹਨ।
ਏਨੇ ਟੱਲੀ ਹੋ ਜਾਂਦੇ ਹਨ ਕਿ
ਆਪਣੇ ਗੀਤਾਂ ਦੀਆਂ ਕਾਪੀਆਂ
ਮੇਰੇ ਇਰਦ ਗਿਰਦ
ਖਿਲਰੀਆਂ ਪਈਆਂ ਛੱਡ ਕੇ
ਉਡ ਜਾਂਦੇ ਹਨ।

***

ਕਦੀ ਕਦਾਈਂ ਮੈਂ ਕਵਿਤਾ ਨੂੰ ਆਖਦਾਂ,
ਹੁਣ ਨੀ। ਤੈਨੂੰ ਦਿਸਦਾ ਨੀਂ
ਮੈਂ ਗੁਸਲਖਾਨੇ ਵਿਚ ਹਾਂ?
ਪਰ ਕਵਿਤਾ ਟਲਦੀ ਨਹੀਂ।
ਮੈਂ ਆਖਦਾਂ-ਸੂਰਜ ਮੁਠੀ ਵਿਚ ਨੱਪ ਕੇ
ਹੁਣ ਮੈਥੋਂ ਪਾਣੀ ਦੀਆਂ ਬੂੰਦਾਂ
ਨਹੀਂ ਨਚੋੜੀਆਂ ਜਾਂਦੀਆਂ।
ਕਵਿਤਾ ਆਖਦੀ ਹੈ-
ਚੰਗਾ ਫੇਰ ਚਲੀ ਜਾਨੀ ਆਂ ਮੈਂ।
ਮੇਰਾ ਐਲਾਨ ਹੈ ਕਿ ਜੇ ਜਹਾਨ ਨੇ
ਹਾਫਿਜ਼ ਨੂੰ ਸ਼ਾਇਰ ਨਾ ਮੰਨਿਆਂ
ਧਰਤੀ ਤੇ ਉਤਰਾਂਗੀ ਨਹੀਂ ਮੈਂ ਫਿਰ।

***

ਸ਼ੁਰੂ ਵਿਚ ਪੰਛੀਆਂ ਦੇ ਖੰਭ ਨਹੀਂ ਸਨ ਹੁੰਦੇ। ਹੋਇਆ ਇਹ ਕਿ ਲੱਖਾਂ ਸਾਲ ਪਹਿਲਾਂ ਰੱਬ ਉਤਰਿਆ ਧਰਤੀ ਉਪਰ। ਏਨੀ ਸੁਹਣੀ ਚੀਜ਼ ਦੇਖਣ ਲਈ ਜੰਗਲ ਦੇ ਜਾਨਵਰ ਨੇੜੇ ਨੇੜੇ ਆ ਗਏ। ਰੱਬ ਨੇ ਗੀਤ ਗਾਇਆ ਤੇ ਅਸਮਾਨ ਵੱਲ ਉਡ ਗਿਆ। ਸਾਰਿਆਂ ਵਿਚ ਨਹੀਂ, ਕੁਝ ਜਾਨਵਰਾਂ ਵਿਚ ਉਸ ਨੂੰ ਦੇਖਣ ਅਤੇ ਉਸ ਦਾ ਗੀਤ ਫੇਰ ਸੁਣਨ ਦੀ ਏਨੀ ਪ੍ਰਬਲ ਤਾਂਘ ਪੈਦਾ ਹੋਈ ਕਿ ਥੋੜੇ ਦਿਨਾਂ ਵਿਚ ਸਰੀਰ ਅੰਦਰੋਂ ਖੰਭ ਬਾਹਰ ਨਿਕਲ ਆਏ। ਹਾਫਿਜ਼ ਦੀ ਉਡਾਣ ਦਾ ਰਾਜ਼ ਵੀ ਇਹੋ ਹੈ।

***

ਚੋਰਾਂ ਨੂੰ ਵੱਡਾ ਹੀਰਾ ਮਿਲਿਆ। ਹੰਸਣੀ ਦੇ ਅੰਡੇ ਤੋਂ ਵੱਡਾ। ਏਨਾ ਕੀਮਤੀ ਕਿ ਹਜ਼ਾਰ ਘੋੜੇ ਖਰੀਦੇ ਜਾਣ, ਚਾਹੇ ਸ਼ੀਰਾਜ਼ ਵਿਚ ਦੋ ਹਜ਼ਾਰ ਏਕੜ ਜ਼ਮੀਨ ਖਰੀਦ ਲੈਣ। ਖੁਸ਼ੀ ਵਿਚ ਬਹੁਤ ਦਾਰੂ ਪੀਤੀ। ਇਕ ਦੂਜੇ ਉਪਰ ਬੇਇਤਬਾਰੀ ਏਨੀ ਕਿ ਹੀਰਾ ਤੋੜ ਕੇ ਟੁਕੜੇ ਆਪੋ ਵਿਚ ਵੰਡ ਲਏ। ਕੌਡੀ ਕੀਮਤ ਨਾ ਰਹੀ। ਜਦੋਂ ਤੁਸੀਂ ਰੱਬ ਦਾ ਜ਼ਿਕਰ ਕਰਦੇ ਹੋ ਉਦੋਂ ਕੀਮਤੀ ਹੀਰਾ ਟੁੱਟਦਾ ਹੈ।

***

ਤੂੰ ਰੱਬ ਹੈਂ ਤੈਨੂੰ ਪਤਾ ਨਹੀਂ।
ਰੱਬ ਨੂੰ ਧੂਹ ਕੇ ਤੂੰ ਕੀੜੀ ਦੀ
ਖੁੱਡ ਵਿਚ ਵਾੜਦਾ ਹੈਂ, ਇਹ ਹੋਣਾ ਨਹੀਂ।

***

ਇਕ ਖਾਨਾਬਦੋਸ਼ ਭੁਲੇਖਾ,
ਵਿਚਾਰਗੀ ਵਿਚ ਇਧਰ ਉਧਰ
ਭਟਕਦਾ ਫਿਰਦਾ ਸੀ।
ਰੱਬ ਨੇ ਕਿਹਾ-ਹੋ ਜਾਹ।
ਭੁਲੇਖਾ ਸੱਚ ਹੋ ਗਿਆ।

***

ਰੱਬ ਨੂੰ ਰਿਸ਼ਵਤ ਕਿਵੇਂ ਦੇਣੀ ਹੈ,
ਮੇਰੇ ਤੋਂ ਸਿਖੋ।
ਮੇਰੀਆਂ ਫਰਿਸ਼ਤਿਆਂ ਜਿਹੀਆਂ
ਧੁਨਾਂ ਸੁਣੋ ਤੇ ਸਿਖੋ।

***

ਠੰਢ ਨਾਲ ਕੰਬਦਾ, ਭੁੱਖਾ, ਮਾਂ ਤੋਂ ਵਿਛੜਿਆ ਕਤੂਰਾ ਰੋਂਦਾ ਸੀ, ਮੈਂ ਹੱਥ ਵਿਚ ਚੁਕਿਆ, ਘਰ ਲੈ ਆਇਆ। ਮੈਂ ਨਿੱਘੇ ਦੁੱਧ ਵਿਚ ਸ਼ੱਕਰ ਘੋਲ ਕੇ ਉਸ ਅਗੇ ਚੱਟਣ ਵਾਸਤੇ ਉਂਗਲਾਂ ਕੀਤੀਆਂ ਤਾਂ ਕਤੂਰੇ ਨੂੰ ਮੇਰੇ ਇਕ ਹੱਥ ਵਿਚੋਂ ਪੰਜ ਮਾਂਵਾਂ ਦਿੱਸੀਆਂ।

***

ਸ਼ਰਾਬ ਦੇ ਗੱਡੇ ਵਿਚੋਂ ਸ਼ਾਮੀ ਇਕ ਬੋਤਲ ਡਿੱਗੀ ਤੇ ਟੁੱਟ ਗਈ। ਅਨੇਕ ਪਤੰਗੇ ਤੇ ਉਨ੍ਹਾਂ ਦੇ ਭਾਈ ਭਤੀਜੇ ਆਏ ਤੇ ਪੀਣ ਲੱਗੇ। ਦੋ ਤਿੰਨ ਕਣਕ ਦੇ ਖੇਤ ਵਿਚ ਜਾ ਵੜੇ ਤੇ ਬੰਸਰੀਆਂ ਬਣਾ ਲਿਆਏ। ਦੋ ਤਿੰਨ ਛੋਲਿਆਂ ਦੇ ਖੇਤੋਂ ਡਫਲੀਆਂ ਤੋੜ ਲਿਆਏ, ਗਾਉਣ ਲੱਗੇ, ਨੱਚਣ ਲੱਗੇ। ਏਨੇ ਨੂੰ ਚੰਦ ਚੜ੍ਹ ਆਇਆ। ਇਕ ਨੇ ਪੁੱਛਿਆ-ਇਹ ਕਿਥੋਂ ਆਇਐ? ਕਿੰਨਾ ਚਿਰ ਰਹੇਗਾ? ਕਿਥੇ ਜਾਏਗਾ ਫੇਰ? ਤੇਲ ਕਿਥੋਂ ਪੁਆਉਂਦੈ ਇਹ? ਇਹੋ ਜਿਹੀ ਬਕਵਾਸੀ ਬਹਿਸ ਛਿੜੀ ਕਿ ਮੇਲਾ ਉਜੜ ਗਿਆ।

***

ਦੂਜੇ ਨਾਲੋਂ ਤੁਸੀਂ ਚੰਗੇ ਹੋ ਕਿ ਮਾੜੇ
ਜਦੋਂ ਇਹ ਸੋਚਣ ਲਗਦੇ ਹੋ,
ਸ਼ਰਾਬ ਦਾ ਭਰਿਆ ਸੁਹਣਾ ਪੈਮਾਨਾ
ਉਦੋਂ ਤਿੜਕ ਜਾਂਦੈ।

***

ਮੀਟ ਦਾ ਕੋਈ ਕੋਈ ਚਲਾਕ ਟੁਕੜਾ ਸੰਘੋਂ ਹੇਠਾਂ ਉਤਰਨ ਤੋਂ ਇਨਕਾਰੀ ਹੋਕੇ ਦੰਦਾਂ ਹੇਠ ਛੁਪਿਆ ਰਹਿੰਦਾ ਹੈ ਦੇਰ ਤਕ। ਮੇਰੀ ਨਜ਼ਮ ਕਈ ਕਈ ਦਿਨ ਤੁਹਾਡੇ ਦੰਦਾਂ ਵਿਚ ਫਸੀ ਰਹੇਗੀ। ਮੇਰੀ ਨਜ਼ਮ ਨੂੰ ਛੂਹ ਛੂਹ ਕਈ ਕਈ ਦਿਨ ਤੁਹਾਡੀ ਜੀਭ ਨੱਚਦੀ ਰਹੇਗੀ। ਫਕੀਰ ਏਨੇ ਨਿਮਰ, ਖਾਹਸ਼ਾਂ ਤੋਂ ਏਨੇ ਬੇਪ੍ਰਵਾਹ ਕਿਉਂ ਹੁੰਦੇ ਹਨ? ਪਤਾ ਨਹੀਂ ਸੀ। ਹੁਣ ਪਤਾ ਲੱਗਾ। ਮਸਜਿਦ ਅੰਦਰ ਵੜਨ ਤੋਂ ਪਹਿਲਾਂ ਜੁਤੀਆਂ ਉਤਾਰ ਦੇਈਦੀਆਂ ਹਨ। ਜਿਸਮ ਅਤੇ ਜਿਸਮ ਦੀਆਂ ਲੋੜਾਂ ਰੂਹ ਦੀਆਂ ਜੁੱਤੀਆਂ ਨੇ। ਰੱਬ ਦੇ ਘਰ ਅੰਦਰ ਜਾਣਾ ਹੈ ਤਾਂ ਇਹ ਜੁੱਤੀਆਂ ਉਤਾਰਨੀਆਂ ਪੈਣਗੀਆਂ।

***

ਜੋ ਜੋ ਤੁਸੀਂ ਬੋਲਦੇ ਹੋ,
ਸੋਈ ਤੁਹਾਡਾ ਘਰ ਹੁੰਦਾ ਹੈ।
ਚੋਂਦੀ ਛੱਤ ਹੇਠ ਤੁਹਾਡੇ ਬਿਸਤਰੇ 'ਤੇ
ਕੌਣ ਸੋਏਗਾ?

***

ਦਰਿਆ ਦੀ ਆਵਾਜ਼ ਜਦੋਂ ਸਮੁੰਦਰ ਵਿਚ ਡੁੱਬੀ। ਦਰਿਆ ਰੱਬ ਵਾਂਗ ਗੱਜਿਆ ਤੇ ਸਮੁੰਦਰ ਵਾਂਗ ਹੱਸਿਆ। ਅਸਮਾਨ ਹਵਾ ਵਿਚ ਲਟਕਿਆ ਤੈਰਦਾ ਸਮੁੰਦਰ ਹੈ। ਤਾਰੇ ਤੈਰਦੀਆਂ ਮੱਛੀਆਂ ਹਨ। ਧਰਤੀਆਂ ਵੇਲ ਮੱਛੀਆਂ ਹਨ। ਕਦੀ ਮੈਂ ਕਿਸੇ ਮੱਛੀ ਦੀ ਪਿੱਠ ਤੇ, ਕਦੀ ਦੂਜੀ ਉਪਰ ਝੂਟੇ ਲੈਂਦਾ ਰਹਿਨਾਂ।

***

ਰੂਮੀ, ਸਾਅਦੀ, ਫਿਰਦੌਸੀ, ਅੱਤਾਰ ਆਦਿਕ ਫਕੀਰ ਪੜ੍ਹਦੇ ਜਾਉ ਤਾਂ ਆਖਰ ਵਿਚ ਥਕਾਣ ਹੋ ਜਾਂਦੀ ਹੈ। ਇਹ ਭਾਰੇ ਹਨ, ਫਲਸਫੇ ਨਾਲ ਲੱਦੇ ਹੋਏ। ਮੇਰਾ ਦਿਮਾਗ ਏਨਾ ਭਾਰ ਚੁੱਕਣ ਤੋਂ ਇਨਕਾਰੀ ਹੋ ਜਾਂਦਾ ਹੈ ਵਧੀਕ ਵਾਰ। ਹਾਫਿਜ਼ ਏਸ ਤਰ੍ਹਾਂ ਦਾ ਨਹੀਂ। ਉਹ ਇਕ ਬੱਚੇ ਵਾਂਗ ਆ ਕੇ ਤੁਹਾਡੇ ਨਾਲ ਖੇਡਦਾ ਹੈ। ਨਾ ਖੁਦ ਥਕਦਾ ਹੈ ਨਾ ਤੁਹਾਨੂੰ ਥੱਕਣ ਦਿੰਦਾ ਹੈ। ਬੇਅੰਤ ਸੁਹਣੇ, ਵੱਡੇ ਦੇਸ ਵਿਚ ਤੁਹਾਨੂੰ ਇਉਂ ਲਿਜਾਂਦਾ ਹੈ ਕਿ ਪਤਾ ਨਹੀਂ ਲਗਦਾ ਸਫਰ ਕਦੋਂ ਸ਼ੁਰੂ ਹੋਇਆ ਸੀ ਕਦੋਂ ਮੁੱਕ ਗਿਆ। ਸਹਿਜੇ ਜਿਹੇ ਈਰਾਨੀ ਪ੍ਰੋਫੈਸਰ ਮੈਨੂੰ ਆਖਦਾ ਹੈ-ਗਿਣਤੀ ਨਹੀਂ ਕੀਤੀ। ਗਿਣਤੀ ਕਰਨੀ ਵੀ ਨਹੀਂ ਚਾਹੀਦੀ। ਕੀ ਲੋੜ। ਮੇਰੇ ਮਨ ਵਿਚ ਕਦੀ ਕਦੀ ਆਇਆ ਕਰਦੈ ਕਿ ਦੇਖਣਾ ਚਾਹੀਦੈ ਦੁਨੀਆਂ ਨੇ ਸਭ ਤੋਂ ਵਧੀਕ ਕੁਰਾਨ ਪੜ੍ਹਿਆ ਜਾਂ ਹਾਫਿਜ਼ ਦਾ ਦੀਵਾਨ। ਈਰਾਨੀ ਜੁਆਨ ਜੋ ਪੌਪ ਮਿਉਜ਼ਕ ਦੀਆਂ ਕੈਸਟਾਂ ਕਾਰਾਂ ਵਿਚ ਚਲਾਉਂਦੇ ਹਨ ਤਾਂ ਉਨ੍ਹਾਂ ਵਿਚਲੇ ਗੀਤ ਫਿਰ ਹਾਫਿਜ਼ ਦੇ। ਹਾਫਿਜ਼ ਨੂੰ ਉਹ ਸ਼ੱਕਰਲਬ ਆਖਦੇ ਹਨ-ਮਿਠੇ ਹੋਠਾਂ ਵਾਲਾ।

ਮੈਂ ਕਿਹਾ-ਕਿੰਨੀ ਪਿਆਰੀ ਜ਼ਬਾਨ ਹੈ ਤੁਹਾਡੀ ਫਾਰਸੀ, ਖਲੀਲ ਗੰਬਰੀ!

ਖਲੀਲ ਬੋਲਿਆ-ਨਹੀਂ ਜੀ, ਤੁਸੀਂ ਨਿਮਰ ਹੋਣ ਕਰਕੇ ਅਜਿਹਾ ਆਖਦੇ ਹੋ। ਤੁਹਾਡੀ ਪੰਜਾਬੀ ਜ਼ਬਾਨ ਇਸ ਤੋਂ ਕਿਤੇ ਵਧੀਕ ਮਿਠੀ ਹੈ। ਸਾਡੇ ਕੋਲ ਤਾਂ ਸ਼ਕਰਲਬ ਹੈ ਕੇਵਲ, ਤੁਹਾਡੇ ਕੋਲ ਸ਼ਕਰਗੰਜ (ਸ਼ੱਕਰ ਦਾ ਪਹਾੜ ਬਾਬਾ ਫਰੀਦ) ਹੈ। ਫੇਰ ਕਿਵੇਂ ਮੰਨੀਏ ਕਿ ਜਿਨ੍ਹਾਂ ਕੋਲ ਮਿੱਠੇ ਪਹਾੜ ਹੋਣ, ਉਨ੍ਹਾਂ ਦੀ ਬੋਲੀ ਮਿਠੀ ਨਾ ਹੋਵੇ? ਤੁਸੀਂ ਐਵੇਂ ਦਾਦ ਦੇਈ ਜਾਂਦੇ ਹੋ ਸਾਨੂੰ।

ਪ੍ਰੋਫੈਸਰ ਅਨਸਾਰੀ ਨੇ ਉਸ ਦਾ ਸ਼ਿਅਰ ਸੁਣਾਇਆ:

ਤੁਹਾਡੀ ਮੁਹੱਬਤ ਵਿਚ ਮੇਰੀ ਖੋਪੜੀ ਫਟੀ
ਦਿਮਾਗ ਕਣ ਕਣ ਹੋ ਕੇ
ਅਸਮਾਨ ਵਿਚ ਖਿਲਰਿਆ।
ਹੁਣ ਕਦੀ ਟੁੱਟਾ ਤਾਰਾ
ਧਰਤੀ ਵੱਲ ਆਉਂਦਾ ਦੇਖੋ
ਤਾਂ ਸਮਝ ਜਾਣਾ ਕਿ ਹਾਫਿਜ਼ ਅਜੇ
ਤੁਹਾਨੂੰ ਭੁਲਾ ਨੀ ਸਕਿਆ।
ਕਿ ਹਾਫਿਜ਼ ਤੁਹਾਨੂੰ ਮਿਲਣਾ ਚਾਹੁੰਦੈ।

ਅਨਸਾਰੀ ਨੇ ਇਹ ਸ਼ਿਅਰ ਸੁਣਾ ਕੇ ਕਿਹਾ-ਸਾਰੀ ਦੁਨੀਆਂ ਵਿਚ ਟੁੱਟਾ ਤਾਰਾ ਬਦਸ਼ਗਨੀ ਦੀ ਨਿਸ਼ਾਨੀ ਹੈ। ਕੇਵਲ ਈਰਾਨ ਹੈ ਜਿਥੇ ਬੱਚੇ, ਜਦੋਂ ਰਾਤੀਂ ਟੁੱਟਾ ਤਾਰਾ ਦੇਖਦੇ ਹਨ ਤਾਂ ਨੱਚਣ ਲਗਦੇ ਹਨ ਤੇ ਆਖਦੇ ਹਨ:

ਖੁਸ਼ ਆਮਦੀਦ ਹਾਫਿਜ਼,
ਖੁਸ਼ ਆਮਦੀਦ।
ਇਟਲੀ ਦੇ ਘਰ ਘਰ ਵਿਚ ਉਪੇਰਾ,
ਈਰਾਨ ਦੇ ਘਰ ਘਰ ਵਿਚ ਸ਼ਾਇਰੀ।
ਮਿਠੀ ਮਿਠੀ ਪ੍ਰੀਤ, ਨਿਕਾ ਨਿਕਾ ਹਾਸਾ,
ਕੀ ਹੈ ਇਹ ਸਾਡੇ ਦਿਲ ਵਿਚਲੀ ਹਲਚਲ?
ਉਹੋ ਇਹ ਸ਼ਾਨਦਾਰ ਆਵਾਜ਼ !
ਮੇਰੀ ਰੂਹ ਸੁੱਤੀ ਪਈ ਸੀ ਨਾ,
ਉਹ ਜਾਗ ਪਈ।

ਬਹੁਤ ਸੁਹਣੇ ਇਕੱਲੇ ਪੰਛੀ ਵਾਂਗ ਨਹੀਂ,
ਮੇਰੇ ਵਿਸ਼ਾਲ ਮਨ ਦੀ ਪਹਾੜੀ ਵਿਚੋਂ,
ਇਹ ਤਾਂ ਨਜ਼ਮਾਂ ਦੇ ਝੁੰਡਾਂ ਦੇ ਝੁੰਡ
ਉਡੇ ਹਨ ਇਕੱਠੇ,
ਰੱਬ ਦੇ ਸ਼ੁਸ਼ਕਾਰੇ ਹੋਏ ਝੁੰਡ,
ਇਨ੍ਹਾਂ ਦੇ ਪੰਜਿਆਂ ਨਾਲ
ਟਾਹਣੀਆਂ ਦੇ ਟੁੱਟਣ ਦੀ ਆਵਾਜ਼,
ਫਿਰ ਧਰਤੀ ਤੇ ਹੇਠ ਉਤਰਨ ਦੀ
ਆਵਾਜ਼, ਐਨ ਤਾਂ ਸਾਫ ਹੈ।

***

ਰੱਬ ਦਾ ਮੀਨੂ ਮੇਰੇ ਅੱਗੇ
ਕਿਉਂ ਲਿਆ ਧਰਿਆ?
ਉਏ ਭੁੱਖ ਲੱਗੀ ਹੈ
ਜੋ ਹੈ ਸੋ ਆਉਣ ਦਿਉ।

ਆਪਣੇ ਘਰ ਦੇ ਵਿਹੜੇ ਵਿਚ ਉਸ ਨੇ ਸਰੂ ਦਾ ਬੂਟਾ ਲਾਇਆ। ਜਦੋਂ ਹਾਫਿਜ਼ ਦਾ ਅਖੀਰਲਾ ਵਕਤ ਆਉਣ ਲੱਗਾ, ਉਦੋਂ ਇਹ ਸਰੂ ਭਰ ਜੁਆਨੀ ਵਿਚ ਲਹਿਰਾ ਰਿਹਾ ਸੀ। ਹਾਫਿਜ਼ ਨੇ ਵਸੀਅਤ ਵਿਚ ਲਿਖਿਆ-ਮੈਨੂੰ ਮੇਰੇ ਸਰੂ ਦੀ ਛਾਂ ਹੇਠ ਦਫਨ ਕੀਤਾ ਜਾਵੇ। ਉਸ ਨੂੰ ਸਰੂ ਦੇ ਨਜ਼ਦੀਕ ਦਫਨਾਇਆ ਗਿਆ। ਸਹਿਜੇ ਸਹਿਜੇ ਸਰੂ ਦੀਆਂ ਜੜਾਂ ਨੇ ਉਸ ਦੀਆਂ ਹੱਡੀਆਂ ਨੂੰ ਆਪਣੀ ਜੱਫੀ ਵਿਚ ਲੈ ਲਿਆ, ਜਿਵੇਂ ਆਪਣੀਆਂ ਬਾਹਵਾਂ ਸਰੂ ਦੁਆਲੇ ਅਕਸਰ ਉਹ ਵਲ ਲੈਂਦਾ ਸੀ। ਮਕਬਰਾ ਬਣਾਇਆ ਤਾਂ ਗਿਆ ਪਰ ਸਮਾਂ ਪਾ ਕੇ ਉਹ ਕਣ ਕਣ ਹੋ ਕੇ ਖਿਲਰਦਾ ਗਿਆ।

ਅਵਤਾਰ ਮਿਹਰ ਬਾਬਾ ਉਸ ਦਾ ਭਾਰਤੀ ਮੁਰੀਦ ਹਾਫਿਜ਼ ਦੇ ਮਕਬਰੇ ਦੀ ਜ਼ਿਆਰਤ ਕਰਨ ਗਿਆ। ਉਸ ਨੂੰ ਉਦਾਸੀ ਹੋਈ। ਜਿੰਨੇ ਪੈਸੇ ਉਹ ਲੈ ਕੇ ਗਿਆ, ਸਾਰੇ ਦੇ ਆਇਆ ਤੇ ਕਿਹਾ-ਮੇਰੇ ਕੋਲ ਪੈਸਿਆਂ ਦੀ ਘਾਟ ਨਹੀਂ। ਤੁਹਾਡੇ ਕੋਲ ਹੁਨਰ ਦਾ ਖਜ਼ਾਨਾ ਹੈ। ਹੁਨਰ ਤੁਹਾਡਾ, ਪੈਸੇ ਮੇਰੇ। ਹਿੰਦੁਸਤਾਨ ਆ ਕੇ ਉਹ ਹੋਰ ਪੈਸੇ ਭੇਜਦਾ ਰਿਹਾ। ਉਸ ਦੇ ਉਦਮ ਨਾਲ ਸ਼ੀਰਾਜ਼ ਵਿਚ 1925 ਦੇ ਸਾਲ ਦੁਬਾਰਾ ਸ਼ਾਨਦਾਰ ਮਕਬਰਾ ਤਿਆਰ ਹੋਇਆ। ਪਹਿਲੇ ਮਕਬਰੇ ਨੂੰ ਢਾਹਿਆ ਨਹੀਂ ਗਿਆ, ਉਸ ਨੂੰ ਉਵੇਂ ਬਣਾ ਦਿੱਤਾ ਜਿਵੇਂ ਨਵਾਂ ਨਕੋਰ ਪਹਿਲੀ ਵਾਰ ਬਣਿਆ ਸੀ।

ਮੈਨੂੰ ਦੱਸਿਆ ਗਿਆ ਕਿ ਉਸ ਦੀਆਂ ਪੰਜ ਹਜ਼ਾਰ ਨਜ਼ਮਾਂ ਸਨ, ਹੁਣ ਪੰਜ ਸੌ ਰਹਿ ਗਈਆਂ ਹਨ। ਬਾਕੀਆਂ ਨੂੰ ਮੌਲਵੀਆਂ ਅਤੇ ਹਕੂਮਤਾਂ ਨੇ ਨਸ਼ਟ ਕਰਵਾ ਦਿੱਤਾ। ਮੈਂ ਸੋਚਿਆ ਇਹ ਅਤਿਕਥਨੀ ਹੋ ਸਕਦੀ ਹੈ ਕਿਉਂਕਿ ਆਦਮੀ ਨੂੰ ਮਿਥ ਬਣਾ ਦੇਣ ਵਿਚ ਜ਼ੋਰ ਕੀ ਲਗਣਾ ਹੋਇਆ? ਪਰ ਮੈਨੂੰ ਇਕ ਥਾਂ ਤੋਂ ਇਹ ਸਬੂਤ ਮਿਲ ਗਿਆ ਕਿ ਉਸ ਨੇ ਅਜਿਹਾ ਕਈ ਕੁਝ ਲਿਖਿਆ ਸੀ ਜੋ ਇਤਰਾਜ਼ਯੋਗ ਲੱਗਣਾ ਸੁਭਾਵਿਕ ਸੀ।

ਚੋਰ ਤੁਹਾਡੀਆਂ ਸੌ ਚੀਜ਼ਾਂ ਲੈ ਗਏ। ਕਾਨੂੰਨ ਇਹ ਆਖਦਾ ਹੈ ਕਿ ਜਿਸ ਪਾਸੋਂ ਇਕ ਚੀਜ਼ ਬਰਾਮਦ ਹੋ ਗਈ, ਬਾਕੀ ਨੜਿੰਨਵੇਂ ਵੀ ਉਸੇ ਕੋਲ ਹੋਣਗੀਆਂ। ਉਸ ਦਾ ਸ਼ਿਅਰ ਸੁਣੋ:

ਮੇਰੇ ਲਫਜ਼ ਭੁੱਖੇ ਸੂਰਜ ਲਈ ਖੁਰਾਕ ਹਨ।
ਧਰਤੀ ਦੇ ਹੋਠਾਂ ਦੀ ਮੁਸਕਾਨ ਤੋਂ
ਪਤਾ ਨੀ ਲਗਦਾ
ਕਿ ਰਾਤ ਇਹ ਮੇਰੇ ਨਾਲ ਸੁੱਤੀ ਸੀ?

ਯਾਨਿ ਕਿ ਕੁੱਟ ਖਾਣ ਦਾ ਸਾਮਾਨ ਉਸ ਨੇ ਤਿਆਰ ਕੀਤਾ ਹੋਇਆ ਸੀ। ਉਹ ਰੱਬ ਦੇ ਨਾਂ ਵੀ ਮਰਜ਼ੀ ਦੇ ਰੱਖ ਲੈਂਦਾ। ਜਿਹੜਾ ਨਾਂ ਕਤੂਰੇ ਦਾ ਤੇ ਬਲੂੰਗੜੇ ਦਾ, ਉਸੇ ਨਾਂ ਨਾਲ ਮਾਲਾ ਫੇਰਨ ਲੱਗ ਜਾਂਦਾ। ਪੁੱਛਣ ਤੇ ਹੱਸ ਪੈਂਦਾ, ਆਖਦਾ-ਕੁੱਤਿਆਂ ਬਿੱਲਿਆਂ ਨੂੰ ਤੁਹਾਡੀ ਬੋਲੀ ਸਮਝ ਵਿਚ ਨੀ ਆਉਂਦੀ ਪਰ ਜਦੋਂ ਆਪਾਂ ਨਾਂ ਲੈ ਕੇ 'ਵਾਜ ਮਾਰਦੇ ਆਂ ਤਾਂ ਭੱਜੇ ਆਉਂਦੇ ਨੇ। ਏਸ ਕਰਕੇ ਮੈਂ ਇਹ ਨਾਂ ਰੱਖੇ ਨੇ। ਨਾਂ ਜਿਹੜਾ ਮਰਜ਼ੀ ਰੱਖ ਲਉ ਆਪਣੇ ਬਲੂੰਗੜੇ ਦਾ, ਕੀ ਫਰਕ ਪੈਂਦੈ? ਉਹ ਉਸੇ ਨਾਂ ਨਾਲ ਛਾਲਾਂ ਮਾਰਦਾ ਆਏਗਾ।

ਇਕ ਵਾਰ ਉਸ ਨੂੰ ਹਕੂਮਤ ਨੇ ਸ਼ੀਰਾਜ਼ ਵਿਚੋਂ ਨਿਕਲ ਜਾਣ ਦਾ ਹੁਕਮ ਕਰ ਦਿੱਤਾ। ਕਾਲਜ ਵਿਚ ਪੜ੍ਹਾਉਂਦਾ ਸੀ, ਨੌਕਰੀ ਤੋਂ ਜਵਾਬ ਮਿਲ ਗਿਆ ਹਾਲਾਂਕਿ ਕਾਲਜ ਉਸ ਦੇ ਦੋਸਤ ਦਾ ਸੀ। ਉਸ ਦਾ ਫੈਸਲਾ ਸੀ ਕਿ ਜੇ ਸ਼ੀਰਾਜ਼ ਨਹੀਂ ਰਹਿਣ ਦਿੰਦੇ ਤਾਂ ਫੇਰ ਹਿੰਦੁਸਤਾਨ ਚਲਾ ਜਾਵਾਂਗਾ। ਉਹ ਹਿੰਦੁਸਤਾਨ ਵਲ ਤੁਰ ਪਿਆ ਪਰ ਉਸਨੂੰ ਮਨਾ ਕੇ ਵਾਪਸ ਲਿਆਂਦਾ ਗਿਆ।

ਜਿਵੇਂ ਸਾਡੀ ਲੋਕਧਾਰਾ ਵਿਚ ਚੰਦ ਚਕੋਰ ਦੀ ਪ੍ਰੀਤਕਥਾ ਹੈ ਉਵੇਂ ਈਰਾਨ ਵਿਚ ਬੁਲਬੁਲ ਨਾਲ ਗੁਲਾਬ ਦਾ ਇਸ਼ਕ ਹੈ। ਹਾਫਿਜ਼ ਦੀ ਰੁਬਾਈ ਹੈ:

ਬੁਲਬੁਲ ਨੇ ਗੁਲਾਬ ਨੂੰ ਕਿਹਾ-ਮਾਣ ਨਾ ਕਰ। ਹਵਾ ਦਾ ਬੁੱਲਾ ਆ ਜਾਏਗਾ, ਤੂੰ ਪੰਖੜੀ ਪੰਖੜੀ ਹੋ ਕੇ ਡਿਗੇਂਗਾ। ਤੇਰਾ ਨਾਂ ਨਿਸ਼ਾਨ ਨਹੀਂ ਰਹੇਗਾ। ਮਾਣ ਨਾ ਕਰ। ਗੁਲਾਬ ਨੇ ਕਿਹਾ-ਮੈਂ ਤਾਂ ਤੇਰੀ ਕਿਸੇ ਗੱਲ ਦਾ ਵੀ ਬੁਰਾ ਨਹੀਂ ਮਨਾਉਂਦਾ। ਹੁਣ ਜੋ ਤੂੰ ਗੱਲ ਕੀਤੀ, ਉਹ ਤਾਂ ਅਨੰਤ ਸੱਚ ਹੈ। ਫੇਰ ਵੀ ਮੈਂ ਤੈਨੂੰ ਇਹ ਦੱਸਣਾ ਹੈ ਕਿ ਜਿਸ ਨੂੰ ਪਿਆਰ ਕਰਦੇ ਹੋਈਏ ਉਸ ਨਾਲ ਇਹੋ ਜਿਹੀਆਂ ਗੱਲਾਂ ਨ੍ਹੀਂ ਕਰੀਦੀਆਂ।

ਈਰਾਨੀਆਂ ਦਾ ਵਿਸ਼ਵਾਸ ਹੈ ਕਿ ਪਤਝੜ ਵਿਚ ਬੁਲਬੁਲਾਂ ਸੁੱਕੀਆਂ ਟਾਹਣੀਆਂ 'ਤੇ ਬੈਠ ਕੇ ਜਿਹੜੇ ਗੀਤ ਗਾਉਂਦੀਆਂ ਹਨ, ਉਹ ਦਰਅਸਲ ਉਨ੍ਹਾਂ ਦੀਆਂ ਅਰਦਾਸਾਂ ਹਨ। ਇਹ ਅਰਦਾਸਾਂ ਸੁਣ ਕੇ ਰੱਬ ਪੱਤੇ ਫੁੱਲ ਤੇ ਫਲ ਭੇਜਦਾ ਹੈ। ਵਾਰਿਸ਼ ਸ਼ਾਹ ਨੇ ਵੀ ਲਿਖਿਆ ਹੈ:

ਸੇਵਣ ਬੁਲਬੁਲਾਂ ਬੂਟਿਆਂ ਸੁਕਿਆਂ ਨੂੰ,
ਫੇਰ ਫਲ ਲੱਗਣ ਨਾਲ ਡਾਲ ਦੇ ਨੀ।
ਵਾਰੇਸ਼ਾਹ ਜੋ ਗਏ ਸੋ ਨਹੀਂ ਮੁੜਦੇ
ਲੋਕੀ ਅਸਾਂ ਥੀਂ ਆਵਣਾ ਭਾਲਦੇ ਨੀ।

ਕੋਇਲਾਂ ਬਸੰਤ ਵਿਚ ਔਂਦੀਆਂ ਹਨ। ਹਾਫਿਜ਼ ਦੀ ਰੁਬਾਈ ਵਿਚ ਬੁਲਬੁਲ ਤੇ ਕੋਇਲ ਵਿਚ ਬਹਿਸ ਛਿੜੀ ਕਿ ਬਾਗ ਦੀ ਮਾਲਕਣ ਦੋਵਾਂ ਵਿਚੋਂ ਕੌਣ ਹੈ। ਕੋਇਲ ਆਪਣਾ ਹੱਕ ਦਸਦੀ ਸੀ, ਬੁਲਬੁਲ ਆਪਣਾ। ਜਿਸ ਰੁੱਖ ਉਪਰ ਬੈਠੀਆਂ ਚਰਚਾ ਕਰ ਰਹੀਆਂ ਸਨ, ਬੋਲਿਆ-ਕੁੜੀਓ ਰੌਲਾ ਕਿਸ ਗੱਲ ਦਾ? ਬਸੰਤ ਵਿਚ ਤਾਂ ਸਾਰੇ ਆ ਜਾਂਦੇ ਨੇ। ਥੋੜੇ ਦਿਨਾਂ ਤਕ ਪਤਝੜ ਆਉਣੀ ਹੈ। ਪਤਾ ਲੱਗ ਜਾਏਗਾ ਕਿ ਮਾਲਕ ਕੌਣ ਹੈ।

#

# ਕਹਿਣੀ ਤੇ ਕਰਨੀ

**ਡਾ. ਗੁਰਨਾਮ ਕੌਰ**


ਡਾ. ਗੁਰਨਾਮ ਕੌਰ

ਨੇਤਾ ਲੋਕ ਜਦੋਂ ਸੱਤਾ ਤੋਂ ਬਾਹਰ ਹੁੰਦੇ ਹਨ ਤਾਂ ਲੋਕਾਂ ਪ੍ਰਤੀ ਉਨ੍ਹਾਂ ਦਾ ਰਵੱਈਆ ਹੋਰ ਹੁੰਦਾ ਹੈ ਅਤੇ ਜਦੋਂ ਤਾਕਤ ਉਨ੍ਹਾਂ ਦੇ ਹੱਥ ਆ ਜਾਂਦੀ ਹੈ ਤਾਂ ਉਨ੍ਹਾਂ ਦਾ ਨਜ਼ਰੀਆ ਲੋਕਾਂ ਪ੍ਰਤੀ ਬਿਲਕੁਲ ਬਦਲ ਜਾਂਦਾ ਹੈ। ਕਈ ਵਾਰ ਤਾਂ ਇਹ "ਤੂੰ ਕੌਣ ਤੇ ਮੈਂ ਕੌਣ" ਵਾਲਾ ਹੋ ਜਾਂਦਾ ਹੈ। ਅਕਾਲੀਆਂ ਬਾਰੇ ਤਾਂ ਇਹ ਖਾਸ ਤੌਰ ਤੇ ਕਿਹਾ ਜਾਂਦਾ ਹੈ ਕਿ ਜਦੋਂ ਤਾਕਤ ਤੋਂ ਬਾਹਰ ਹੁੰਦੇ ਹਨ ਤਾਂ ਇਨ੍ਹਾਂ ਨੂੰ ਪੰਜਾਬ ਦੀਆਂ ਮੰਗਾਂ, ਪੰਜਾਬ ਨਾਲ ਹੁੰਦੇ ਧੱਕੇ ਨਜ਼ਰ ਆ ਜਾਂਦੇ ਹਨ, ਇਨ੍ਹਾਂ ਨੂੰ 'ਪੰਥ ਖ਼ਤਰੇ ਵਿਚ ਹੈ' ਹੀ ਨਜ਼ਰ ਆਉਂਦਾ ਹੈ ਜਿਸ ਲਈ ਮੋਰਚੇ ਲਾਏ ਜਾਂਦੇ ਹਨ ਅਤੇ ਜੇਲ੍ਹਾਂ ਭਰ ਦਿੱਤੀਆਂ ਜਾਂਦੀਆਂ ਹਨ, ਜਿਉਂ ਹੀ ਇਕ ਵਾਰ ਤਾਕਤ ਵਿਚ ਆਉਂਦੇ ਹਨ ਤਾਂ 'ਪੰਥ' ਵੀ ਖ਼ਤਰੇ ਤੋਂ ਇਕ ਦਮ ਬਾਹਰ ਆ ਜਾਂਦਾ ਹੈ ਅਤੇ ਪੰਜਾਬ ਨਾਲ ਹੋਏ ਧੱਕੇ ਅਤੇ ਪੰਜਾਬ ਦੀਆਂ ਹੱਕੀ ਮੰਗਾਂ ਵੀ ਕਿਧਰੇ ਗੁਆਚ ਜਾਂਦੀਆਂ ਹਨ। ਮੈਨੂੰ ਇਕ ਗੱਲ ਫ਼ਿਲਮ ਦੇ ਕਿਸੇ ਸੀਨ ਵਾਂਗ ਅੱਜ ਵੀ ਯਾਦ ਹੈ। ਮੈਂ ਬਹੁਤ ਛੋਟੀ ਸੀ ਅਤੇ ਹਾਲੇ ਪ੍ਰਾਇਮਰੀ ਸਕੂਲ ਵਿਚ ਹੀ ਸੀ। ਇਹ ਵਾਕਿਆ 1965 ਦੇ ਨੇੜੇ-ਤੇੜੇ ਦਾ ਹੈ। ਉਦੋਂ ਇਹ ਵੀ ਪਤਾ ਨਹੀਂ ਸੀ ਵੋਟਾਂ ਕੀ ਹੁੰਦੀਆਂ ਹਨ।

ਉਦੋਂ ਹਾਲੇ ਖੇਤਰੀ ਪਾਰਟੀਆਂ ਜਾਂ ਕੁਲੀਸ਼ਨ ਸਰਕਾਰਾਂ ਦਾ ਸਮਾਂ ਨਹੀਂ ਸੀ ਆਇਆ। ਅਸੈਂਬਲੀ ਅਤੇ ਲੋਕ ਸਭਾ ਦੀਆਂ ਚੋਣਾਂ ਇਕੱਠੀਆਂ ਹੀ ਆਉਂਦੀਆਂ ਸਨ। ਚੋਣਾਂ ਦਾ ਸਮਾਂ ਸੀ ਅਤੇ ਕਾਂਗਰਸ, ਕਮਿਊਨਿਸਟ ਅਤੇ ਅਕਾਲੀ ਪਾਰਟੀ ਦੇ ਉਮੀਦਵਾਰ ਵਾਰੀ ਵਾਰੀ ਪਿੰਡਾਂ ਵਿਚ ਪ੍ਰਚਾਰ ਕਰਨ ਆਉਂਦੇ ਹੁੰਦੇ ਸਨ। ਮਾਸਟਰ ਤਾਰਾ ਸਿੰਘ ਅਕਾਲੀ ਦਲ ਦੇ ਪ੍ਰਧਾਨ ਸਨ। ਸਾਡੇ ਪਿੰਡ ਪ੍ਰਚਾਰ ਕਰਨ ਵਾਲੀ ਧਿਰ ਨੇ ਪਹਿਲੋਂ ਆ ਕੇ ਪਿੰਡ ਦੇ ਚੌਕ ਵਿਚ ਲਾਉਡ ਸਪੀਕਰ ਤੇ ਗਾਣੇ ਵਜਾਉਣੇ ਅਤੇ ਜਦੋਂ ਲੋਕ ਇਕੱਠੇ ਹੋ ਜਾਣੇ ਫਿਰ ਭਾਸ਼ਣ ਦੇਣਾ, ਜਾਣ ਤੋਂ ਪਹਿਲਾਂ ਪਾਰਟੀ ਦੇ ਹੱਕ ਵਿਚ ਅਤੇ ਵਿਰੋਧੀ ਧਿਰ ਦੇ ਖਿਲਾਫ਼ ਨਾਹਰੇ ਲਾਉਣੇ। ਉਦੋਂ ਸਾਡੇ ਪਿੰਡ ਦੇ ਲੋਕਾਂ ਨੂੰ ਆਪਣੀ ਵੋਟ ਪਾਉਣ ਲਈ ਵੀ ਨਾਲ ਦੇ ਪਿੰਡ ਮੱਲ ਮਾਜਰੇ ਜਾਣਾ ਪੈਂਦਾ ਸੀ। ਉਦੋਂ ਅਕਾਲੀ ਦਲ ਵੀ ਇਕੋ ਹੁੰਦਾ ਸੀ। ਹੁਣ ਵਾਂਗ 'ਆਪਣੀ ਆਪਣੀ ਡਫਲੀ, ਆਪਣਾ ਆਪਣਾ ਰਾਗ' ਨਹੀਂ ਸੀ ਹੁੰਦਾ। ਚੌਕ ਵਿਚ ਤਮਾਸ਼ਾ ਦੇਖਣ ਵਾਂਗ ਸਭ ਤੋਂ ਪਹਿਲਾਂ ਸਾਡੇ ਵਰਗੇ ਬੱਚੇ ਹੀ ਦੌੜ ਕੇ ਪਹੁੰਚਦੇ। ਸਾਡਾ ਪਰਿਵਾਰ ਅਕਾਲੀ ਹੋਣ ਕਰਕੇ ਅਸੀਂ ਅਕਾਲੀ ਉਮੀਦਵਾਰ ਦਾ ਪ੍ਰਚਾਰ ਸੁਣਨ ਸਭ ਤੋਂ ਪਹਿਲਾਂ ਦੌੜ ਕੇ ਪਹੁੰਚਦੇ। ਉਦੋਂ ਅਕਾਲੀਆਂ ਵੱਲੋਂ ਲਾਏ ਜਾਂਦੇ ਨਾਹਰਿਆਂ ਵਿਚੋਂ ਇਕ ਨਾਹਰਾ ਅੱਜ ਵੀ ਮੇਰੇ ਜ਼ਹਿਨ ਵਿਚ ਉਵੇਂ ਬੈਠਿਆ ਹੋਇਆ ਹੈ, "ਟੈਕਸ ਲਗਾਉਂਦੇ ਭਾਈ ਬੱਕਰੀ ਦੇ ਛੇਲਿਆਂ ਨੂੰ। ਭੁੱਲ ਕੇ ਨਾ ਵੋਟ ਪਾਇਉ ਗਾਂਧੀ ਦੇ ਚੇਲਿਆਂ ਨੂੰ।" ਉਦੋਂ ਨਾ ਤੇ ਇਹ ਸਮਝ ਸੀ ਕਿ ਟੈਕਸ ਕੀ ਹੁੰਦਾ ਹੈ ਅਤੇ ਨਾ ਹੀ ਇਹ ਕਿ ਇਹ ਬੱਕਰੀ ਦੇ ਛੇਲਿਆਂ ਨੂੰ ਕਿਵੇਂ ਲਗਦਾ ਹੈ? ਮਨ ਨੇ ਸੋਚ ਸੋਚ ਕੇ ਬਹੁਤ ਪ੍ਰੇਸ਼ਾਨ ਹੋਣਾ ਅਤੇ ਘਰਦਿਆਂ ਤੋਂ ਪੁੱਛਣ ਦੀ ਹਿੰਮਤ ਵੀ ਨਾ ਪੈਣੀ, ਕਿਉਂਕਿ ਉਦੋਂ ਤਾਂ ਇਉਂ ਲਗਦਾ ਸੀ ਜਿਵੇਂ ਅਕਾਲੀ ਦਲ ਦੇ ਨਾਹਰਿਆਂ ਤੇ ਕਿੰਤੂ-ਪ੍ਰੰਤੂ ਕਰਨਾ ਵੀ ਗੁਰੂ ਤੋਂ ਬੇਮੁੱਖ ਹੋਣ ਵਾਂਗ ਹੋਵੇ। ਇਹ ਤਾਂ ਬਹੁਤ ਪਿੱਛੋਂ ਆ ਕੇ ਸਮਝ ਲੱਗੀ ਹੈ ਕਿ ਰਾਜਨੀਤਕ ਧਿਰਾਂ ਵੱਲੋਂ ਧਰਮ ਨੂੰ ਤਾਂ ਸਿਰਫ਼ ਇਕ ਹਥਿਆਰ ਵਜੋਂ ਵਰਤਿਆ ਜਾਂਦਾ ਹੈ, ਉਨ੍ਹਾਂ ਦਾ ਧਾਰਮਿਕ ਹੋਣ ਨਾਲ ਕੋਈ ਸਬੰਧ ਨਹੀਂ ਹੁੰਦਾ।

ਪਿਛਲੇ ਹਫਤੇ ਦੀਆਂ ਅਖ਼ਬਾਰਾਂ ਵਿਚ ਪੰਜਾਬ ਸਰਕਾਰ ਵੱਲੋਂ ਇਹ ਖ਼ੁਲਾਸਾ ਕੀਤਾ ਗਿਆ ਸੀ ਕਿ ਇਸ ਸਾਲ ਆਬਕਾਰੀ ਕਰ ਤੋਂ ਪਿਛਲੇ ਵਰ੍ਹਿਆਂ ਨਾਲੋਂ ਕਈ ਗੁਣਾ ਵੱਧ ਆਮਦਨ ਹੋਈ ਹੈ, ਜਿਸ ਦਾ ਅਰਥ ਇਹੀ ਬਣਦਾ ਹੈ ਕਿ ਪੰਜਾਬ ਵਿਚ ਪਿਛਲੇ ਸਾਲਾਂ ਨਾਲੋਂ ਇਸ ਸਾਲ ਸ਼ਰਾਬ ਦੀ ਖ਼ਪਤ ਕਈ ਗੁਣਾ ਵੱਧ ਹੋਈ ਹੈ। ਪਹਿਲੇ ਸਮੇਂ ਵਿਚ ਕਾਂਗਰਸ ਦੀ ਮੁਖ਼ਾਲਫਤ ਵਿਚ 'ਬੱਕਰੀ ਦੇ ਛੇਲਿਆਂ' ਤੇ ਟੈਕਸ ਲਾਉਣ ਦੀ ਗੱਲ ਕੀਤੀ ਜਾਂਦੀ ਸੀ ਪਰ ਅੱਜ ਦੀ 'ਪੰਥਕ' ਸਰਕਾਰ ਸਿਰਫ਼ ਆਪਣੀ ਆਮਦਨ ਵਧਾਉਣ ਲਈ (ਵਧੀ ਹੋਈ ਆਮਦਨ ਲੋਕ-ਭਲਾਈ ਦੇ ਕੰਮਾਂ ਤੇ ਖ਼ਰਚ ਨਹੀਂ ਹੋਣੀ ਕਿਉਂਕਿ ਉਸ ਲਈ ਤਾਂ ਖ਼ਜਾਨਾ ਖਾਲੀ ਹੀ ਰਹਿਣਾ ਹੈ, ਇਹ ਵਜ਼ੀਰਾਂ ਦੀਆਂ ਗੱਡੀਆਂ ਦੇ ਤੇਲ ਅਤੇ ਬਾਹਰ ਦੇ ਦੌਰਿਆਂ 'ਤੇ ਹੀ ਖ਼ਰਚ ਹੋਣੀ ਹੈ) ਲਈ ਥਾਂ ਥਾਂ ਠੇਕੇ ਖੋਲ੍ਹ ਕੇ ਅਤੇ ਸ਼ਰਾਬ ਦੀ ਖ਼ਪਤ ਵਧਾ ਕੇ ਖ਼ੁਸ਼ ਹੋ ਰਹੀ ਹੈ।

ਕਾਂਗਰਸ ਦੇ ਮੁੱਖ ਮੰਤਰੀ ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ ਅਤੇ ਬੀਬੀ ਰਾਜਿੰਦਰ ਕੌਰ ਭੱਠਲ ਦੀ ਸਰਕਾਰ ਤੋਂ ਬਾਅਦ ਅਕਾਲੀਆਂ ਨੂੰ ਬੀ.ਜੇ.ਪੀ ਦੇ ਸਹਿਯੋਗ ਨਾਲ ਸਰਕਾਰ ਬਣਾਉਣ ਦਾ ਮੌਕਾ ਮਿਲਿਆ। ਤ੍ਰਾਸਦੀ ਦੇ ਦਿਨਾਂ ਤੋਂ ਬਾਅਦ ਜਿਵੇਂ ਠੰਢੀ ਹਵਾ ਦਾ ਇਕ ਬੁੱਲਾ ਆਇਆ ਹੋਵੇ। ਵੈਸੇ ਵੀ ਵਿਸ਼ਵ ਸਿੱਖ ਸੰਮੇਲਨ 'ਤੇ ਸ. ਪ੍ਰਕਾਸ਼ ਸਿੰਘ ਬਾਦਲ ਦਾ ਉਤਸ਼ਾਹ ਭਰਪੂਰ ਭਾਸ਼ਣ ਸੁਣਿਆ ਸੀ। ਸਭ ਨੂੰ ਲਗਦਾ ਸੀ ਜਿਵੇਂ ਅਕਾਲੀਆਂ ਨੇ ਪੰਜਾਬ ਦਾ ਕਾਇਆ ਕਲਪ ਕਰ ਦੇਣਾ ਹੋਵੇ ਪਰ 'ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਵਖਾਉਣ ਦੇ ਹੋਰ' ਹੁੰਦੇ ਹਨ। ਬੇਅੰਤ ਸਿੰਘ ਦੇ ਸਮੇਂ ਲੁਧਿਆਣਾ ਤੋਂ ਦੋਰਾਹਾ ਰਾਹੀਂ ਨੀਲੋਂ ਦੇ ਪੁਲ ਤੱਕ ਸਰਹਿੰਦ ਨਹਿਰ ਦੇ ਕੰਢੇ ਕੰਢੇ ਸੜਕ ਬਣਨੀ ਸ਼ੁਰੂ ਹੋਈ ਅਤੇ ਸਮਰਾਲਾ-ਖੰਨਾ ਸੜਕ ਤੇ ਖੰਨੇ ਰੇਲਵੇ ਲਾਈਨ ਤੇ ਫਲਾਈ-ਓਵਰ ਬਣਨਾ ਸ਼ੁਰੂ ਹੋਇਆ। ਇਨ੍ਹਾਂ ਦੋਹਾਂ ਦਾ ਬਣਨਾ ਇਕਦਮ ਬੰਦ ਹੋ ਗਿਆ। ਬੰਦ ਤਾਂ ਹੋਰ ਵੀ ਬਹੁਤ ਕੁਝ ਹੋਇਆ ਹੋਣਾ ਹੈ ਪਰ ਇਨ੍ਹਾਂ ਦੋਹਾਂ ਨਾਲ ਮੇਰਾ ਵਾਹ ਆਮ ਪੈਂਦਾ ਸੀ। ਕਿੱਥੇ ਤਾਂ ਹਫਤੇ ਦੇ ਵਿਚ ਵਿਚ ਵਿਸ਼ਵ ਸਿੱਖ ਸੰਮੇਲਨ ਤੇ ਡਾ. ਸਰਦਾਰਾ ਸਿੰਘ ਜੌਹਲ ਵੱਲੋਂ ਉਠਾਏ ਛੇ-ਨੁਕਾਤੀ ਪ੍ਰੋਗਰਾਮ 'ਤੇ ਅਮਲ ਕਰਨ ਦਾ ਵਾਅਦਾ ਅਤੇ ਕਿੱਥੇ ਚੱਲ ਰਹੇ ਕਾਰਜਾਂ ਨੂੰ ਵੀ ਠੱਪ ਕਰਨਾ? ਕੀ ਸਰਕਾਰਾਂ ਬਦਲਣ ਨਾਲ ਸੂਬੇ ਦੇ ਵਿਕਾਸ ਕਾਰਜ ਵੀ ਬਦਲ ਜਾਣੇ ਹੁੰਦੇ ਹਨ?

ਸਰਕਾਰ ਬਣਨ ਤੋਂ ਸਾਲ ਕੁ ਬਾਅਦ ਜਵੱਦੀ ਕਲਾਂ ਇਕ ਸੈਮੀਨਾਰ ਸੀ ਜਿੱਥੇ ਡਾ. ਜੌਹਲ ਵੀ ਆਏ ਹੋਏ ਸਨ। ਸਮਾਗਮ ਹਾਲੇ ਸ਼ੁਰੂ ਹੋਣਾ ਸੀ। ਮੈਂ ਅਤੇ ਮੇਰੇ ਪਤੀ ਡਾ. ਜੌਹਲ ਅਤੇ ਡਾ. ਪ੍ਰਿਥੀਪਾਲ ਸਿੰਘ ਕਪੂਰ ਨਾਲ ਖੜ੍ਹੇ ਗੱਲਾਂ ਕਰ ਰਹੇ ਸਨ। ਮੈਂ ਡਾ. ਜੌਹਲ ਨੂੰ ਪੁੱਛਿਆ, "ਡਾਕਟਰ ਸਾਹਿਬ! ਕਦੀ ਮੌਕਾ ਨਹੀਂ ਮਿਲਿਆ ਮੁੱਖ ਮੰਤਰੀ ਬਾਦਲ ਨੂੰ ਪੁੱਛਣ ਦਾ ਕਿ ਜਿਹੜੇ ਵਾਅਦੇ ਵਿਸ਼ਵ ਸਿੱਖ ਸੰਮੇਲਨ 'ਤੇ ਕੀਤੇ ਸਨ ਉਹ ਪੂਰੇ ਕਰਨੇ ਕਦੋਂ ਸ਼ੁਰੂ ਕਰਨੇ ਹਨ?" ਜੌਹਲ ਸਾਹਿਬ ਅੱਗੋਂ ਬੋਲੇ, "ਮੈਨੂੰ ਉਨ੍ਹਾਂ ਨੇ ਕਮੇਟੀਆਂ ਵਿਚ ਪਾਇਆ ਹੈ ਪਰ ਹਰ ਮੀਟਿੰਗ ਤੇ ਐਮ.ਐਲ ਏ ਆਪਣੀਆਂ ਉਰਲੀਆਂ ਪਰਲੀਆਂ ਮਾਰਦੇ ਰਹਿੰਦੇ ਹਨ। ਮੈਨੂੰ ਕਦੀ ਬੋਲਣ ਦਾ ਮੌਕਾ ਹੀ ਨਹੀਂ ਮਿਲਿਆ। ਇਕ ਵਾਰ ਮੈਂ ਕਿਹਾ ਕਿ ਜੇ ਮੈਨੂੰ ਬੋਲਣ ਹੀ ਨਹੀਂ ਦੇਣਾ ਫਿਰ ਮੈਨੂੰ ਮੀਟਿੰਗ 'ਤੇ ਬੁਲਾਉਣ ਦਾ ਕੀ ਫਾਇਦਾ? ਬਾਦਲ ਸਾਹਿਬ ਅੱਗੋਂ ਬੋਲੇ, 'ਜੌਹਲ ਸਾਹਿਬ! ਅਗਲੀ ਮੀਟਿੰਗ ਖ਼ਾਸ ਤੌਰ 'ਤੇ ਸਿਰਫ਼ ਤੁਹਾਡੇ ਲਈ ਬੁਲਾਈ ਜਾਵੇਗੀ।' ਅਗਲੀ ਵਾਰ ਜਦੋਂ ਮੀਟਿੰਗ ਬੁਲਾਈ ਫਿਰ ਉਹੀ ਹਾਲ ਸੀ।"

ਸਰਕਾਰ ਕੋਈ ਵੀ ਆਵੇ ਕਰਮਚਾਰੀਆਂ ਨੇ ਆਪਣਾ ਕੰਮ ਕਰਨਾ ਹੁੰਦਾ ਹੈ ਅਤੇ ਉਨ੍ਹਾਂ ਦਾ ਬਣਦਾ ਹੱਕ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਪਰ ਜਦੋਂ ਵੀ ਕੋਈ ਸਰਕਾਰ ਬਦਲਦੀ ਹੈ ਇਸ ਦਾ ਯੂਨੀਵਰਸਿਟੀਆਂ ਦੇ ਕੰਮ-ਕਾਜ ਦੇ ਰਾਹ ਵਿਚ ਖ਼ਾਸ ਕਰਕੇ ਪਹਿਲੀ ਸਰਕਾਰ ਦੇ ਲਾਏ ਵਾਈਸ ਚਾਂਸਲਰਾਂ ਦੇ ਕੰਮ ਕਰਨ ਵਿਚ ਬਹੁਤ ਅੜਿੱਕੇ ਡਾਹੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਹੁਤ ਖ਼ਮਿਆਜਾ ਭੁਗਤਣਾ ਪੈਂਦਾ ਹੈ। ਰਾਤੋ-ਰਾਤ ਸਰਕਾਰ ਪੱਖੀ ਲੀਡਰ ਪਤਾ ਨਹੀਂ ਕਿੱਥੋਂ ਉਗ ਪੈਂਦੇ ਹਨ ਜਿਹੜੇ ਨਾ ਸਿਰਫ਼ ਵਾਈਸ ਚਾਂਸਲਰ ਦੇ ਕੰਮਾਂ ਵਿਚ ਹੀ ਰੋੜਾ ਅਟਕਾਉਂਦੇ ਹਨ ਸਗੋਂ ਆਪਣੇ ਸਹਿ-

## ਰੰਗ-ਬੇਰੰਗ

ਕਰਮੀਆਂ ਦੀਆਂ ਬਨਦੀਆਂ ਤਰੱਕੀਆਂ ਦੇ ਰਾਹ ਵਿਚ ਵੀ ਹਰ ਸੰਭਵ ਅੜਿੱਕਾ ਡਾਹੁੰਦੇ ਹਨ। ਸ. ਮਨਜੀਤ ਸਿੰਘ ਕਲਕੱਤਾ ਸਿੱਖਿਆ ਮੰਤਰੀ ਸੀ। ਆਪਣੇ-ਆਪ ਨੂੰ ਜ਼ਿਆਦਾ ਹੀ ਅਕਾਲੀ ਕਹਾਉਣ ਵਾਲਾ ਧੜਾ, ਵਾਈਸ ਚਾਂਸਲਰ ਡਾ. ਜੋਗਿੰਦਰ ਸਿੰਘ ਪੁਆਰ, ਜੋ ਕਿ ਕਾਂਗਰਸ ਸਰਕਾਰ ਵੇਲੇ ਵੀ.ਸੀ. ਲੱਗੇ ਸਨ, 'ਤੇ ਸਿੱਖਿਆ ਮੰਤਰੀ ਨੂੰ ਕਹਿ ਕੇ ਕੋਈ ਵੀ ਇੰਟਰਵਿਊ ਕਰਨ ਤੇ ਰੋਕ ਲੁਆਉਣ ਵਿਚ ਸਫਲ ਹੋ ਗਿਆ। ਇਹੀ ਨਹੀਂ ਇਨ੍ਹਾਂ ਵਿਚੋਂ ਧਰਮ ਅਧਿਐਨ ਵਿਭਾਗ ਦੇ ਇਕ ਰੀਡਰ ਨੇ ਸਾਰੀ ਸੰਗ-ਸ਼ਰਮ ਅਤੇ ਪੜ੍ਹਾਈ ਲਿਖਾਈ ਦੀ ਨੈਤਿਕਤਾ ਨੂੰ ਤਿਆਗ ਕੇ 'ਕੈਂਪਸ ਸੀਨ' ਦੇ ਨਾਂ ਹੇਠਾਂ ਆਪਣੇ ਸਹਿਕਰਮੀ ਅਧਿਆਪਕਾਂ ਦੇ ਖ਼ਿਲਾਫ ਭੱਦੀ ਕਿਸਮ ਦੀ ਸ਼ਬਦਾਵਲੀ ਵਿਚ ਪੋਸਟਰ ਕੱਢੇ। ਜਿਨ੍ਹਾਂ ਦੀ ਇੰਟਰਵਿਊ ਹੋਣ ਵਾਲੀ ਸੀ, ਉਹ ਸਾਰੇ ਅਧਿਆਪਕ ਅਤੇ ਕਰਮਚਾਰੀ ਬੜੇ ਦੁਖੀ ਸਨ। ਕੁਝ ਅਧਿਆਪਕਾਂ ਨੇ ਇਕੱਠੇ ਹੋ ਕੇ ਇਕ ਦਿਨ ਸਿੱਖਿਆ ਸਕੱਤਰ ਨੂੰ ਮਿਲਣ ਦਾ ਫੈਸਲਾ ਕੀਤਾ ਅਤੇ ਨਾਲ ਹੀ ਮੁੱਖ ਮੰਤਰੀ ਨੂੰ ਵੀ। ਭਾਵੇਂ ਦੋਹਾਂ ਨੂੰ ਹੀ ਮਿਲਣ ਵਿਚ ਸਫਲ ਵੀ ਹੋ ਗਏ ਪਰ ਸਭ ਬੇਕਾਰ। ਮੁੱਖ ਮੰਤਰੀ ਦੇ ਨਿਵਾਸ 'ਤੇ ਅਸੀਂ ਇਕੱਠੇ ਹੋ ਕੇ ਮਿਲਣ ਗਏ ਤਾਂ ਉਥੇ ਹੀ ਸ. ਸੁਖਦੇਵ ਸਿੰਘ ਢੀਂਡਸਾ ਅਤੇ ਸ. ਬਲਵਿੰਦਰ ਸਿੰਘ ਭੂੰਦੜ ਵੀ ਮਿਲ ਗਏ। ਉਨ੍ਹਾਂ ਨੇ ਸਾਡੀ ਗੱਲ ਬੜੇ ਧਿਆਨ ਨਾਲ ਸੁਣੀ ਅਤੇ ਮੁੱਖ ਮੰਤਰੀ ਨਾਲ ਗੱਲ ਵੀ ਕਰਾਈ। ਦੇਖਣ ਨੂੰ ਤਾਂ ਲੱਗਿਆ ਕਿ ਮੁੱਖ ਮੰਤਰੀ ਪੂਰੀ ਦਿਲਚਸਪੀ ਨਾਲ ਗੱਲ ਸੁਣ ਰਹੇ ਹਨ ਪਰ ਅਸਰ 'ਚਿੰਦੇ ਘੜੇ 'ਤੇ ਪਾਣੀ' ਵਰਗਾ ਹੀ ਸੀ।

1999 ਦਾ ਵਰ੍ਹਾ ਸਿੱਖ ਧਰਮ ਲਈ ਬਹੁਤ ਵਿਸ਼ੇਸ਼ ਅਤੇ ਉਤਸ਼ਾਹ ਭਰਿਆ ਸੀ, ਕਿਉਂਕਿ ਇਹ ਵਰ੍ਹਾ ਖ਼ਾਲਸੇ ਦੀ ਸਾਜਨਾ ਦੇ ਤਿੰਨ ਸੌ ਸਾਲਾ ਜਸ਼ਨਾਂ ਦਾ ਸੀ। ਸਾਰਿਆਂ ਦੀ ਜ਼ਿੰਦਗੀ ਵਿਚ ਖ਼ਾਲਸੇ ਦੀ ਸਾਜਨਾ ਦੇ ਜਸ਼ਨ ਮਨਾਉਣ ਦਾ ਇਹ ਪਹਿਲਾ ਮੌਕਾ ਸੀ, ਸਭ ਨੂੰ ਚਾਅ ਸੀ। ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਨੇ ਆਪੋ-ਆਪਣੇ ਪ੍ਰੋਗਰਾਮ ਉਲੀਕ ਲਏ ਸਨ ਅਤੇ 1998 ਤੋਂ ਹੀ ਸੈਮੀਨਾਰ ਅਤੇ ਕਾਨਫਰੰਸਾਂ ਸ਼ੁਰੂ ਹੋ ਗਈਆਂ ਸਨ। ਸਾਡੇ ਵਿਭਾਗ ਵੱਲੋਂ ਡਾ. ਪੁਆਰ ਦੀ ਅਗਵਾਈ ਵਿਚ ਦੋ ਵੱਡੇ ਸੈਮੀਨਾਰ ਉਲੀਕੇ ਗਏ। ਇਕ ਤਿੰਨ-ਰੋਜ਼ਾ ਸੈਮੀਨਾਰ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਚ ਕੀਤਾ ਗਿਆ ਜਿਸ ਦਾ ਉਦਘਾਟਨ ਸ਼੍ਰੋਮਣੀ ਗੁਰਦਵਾਰਾ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਤੋਂ ਕਰਵਾਇਆ ਗਿਆ। ਯੋਗੀ ਹਰਭਜਨ ਸਿੰਘ ਖ਼ਾਲਸਾ ਅਮਰੀਕਨ ਸਿੰਘਾਂ ਅਤੇ ਅਮਰੀਕਨ ਸਿੱਖ ਬੀਬੀਆਂ ਸਮੇਤ ਉਚੇਚੇ ਤੌਰ ਤੇ ਸ਼ਾਮਲ ਹੋਣ ਵਾਸਤੇ ਆਏ। ਦੂਸਰਾ ਸੈਮੀਨਾਰ ਯੂਨੀਵਰਸਿਟੀ ਦੇ ਕੇਂਦਰ ਤਲਵੰਡੀ ਸਾਬੋ, ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਕੀਤਾ ਗਿਆ ਜਿਸ ਦਾ ਉਦਘਾਟਨ ਸਿੱਖਿਆ ਮੰਤਰੀ ਮਨਜੀਤ ਸਿੰਘ ਕਲਕੱਤਾ ਨੇ ਕੀਤਾ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵੱਲੋਂ ਤੀਸਰਾ ਸੈਮੀਨਾਰ ਪੌਂਟਾ ਸਾਹਿਬ ਗੁਰਦਵਾਰਾ ਵਿਚ ਕਰਵਾਇਆ ਗਿਆ।

ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਨੇ ਭਾਈ ਮਨਜੀਤ ਸਿੰਘ ਦੇ ਨਿਵਾਸ 'ਤੇ ਪਟਿਆਲੇ ਆਪਣੇ ਸਹਿਯੋਗੀਆਂ ਸਮੇਤ ਸਿੱਖ ਧਰਮ ਖੇਤਰ ਨਾਲ ਸਬੰਧਤ ਵਿਦਵਾਨਾਂ ਦੀ ਸਲਾਹ ਮਸ਼ਵਰੇ ਵਾਸਤੇ ਇਕ ਮੀਟਿੰਗ ਸੱਦੀ। ਸਭ ਦੀ ਸਲਾਹ ਨਾਲ ਸੈਮੀਨਾਰ ਦੀ ਅਕਾਦਮਿਕ ਜਿੰਮੇਵਾਰੀ ਮੈਨੂੰ ਸੌਂਪੀ ਗਈ। ਇਸ ਪੰਜ ਦਿਨ ਦੇ ਸੈਮੀਨਾਰ ਵਿਚ ਵੱਡੇ ਪੱਧਰ ਤੇ ਵਿਦਵਾਨਾਂ ਦੀ ਸ਼ਮੂਲੀਅਤ ਵਾਸਤੇ ਚਿੱਠੀ-ਪੱਤਰ ਕੀਤਾ ਗਿਆ। ਫਰਵਰੀ 1999 ਦੇ ਅਖ਼ੀਰ ਅਤੇ ਮਾਰਚ ਦੇ ਪਹਿਲੇ ਹਫਤੇ ਰੱਖੇ ਗਏ ਇਸ ਸੈਮੀਨਾਰ ਵਿਚ ਸਿੱਖ ਧਰਮ ਚਿੰਤਨ ਨਾਲ ਜੁੜੇ ਤਕਰੀਬਨ ਸਭ ਸੀਨੀਅਰ ਅਤੇ ਜੂਨੀਅਰ ਵਿਦਵਾਨਾਂ ਨੇ ਸ਼ਮੂਲੀਅਤ ਕੀਤੀ। ਜਥੇਦਾਰ ਟੌਹੜਾ ਅਤੇ ਭਾਈ ਮਨਜੀਤ ਸਿੰਘ ਨੇ ਪਹਿਲੇ ਸੈਸ਼ਨ ਦਾ ਉਦਘਾਟਨ ਅਤੇ ਪ੍ਰਧਾਨਗੀ ਕੀਤੀ। ਭਾਈ ਰਣਜੀਤ ਸਿੰਘ ਨੇ ਵੀ ਇਕ ਦਿਨ ਸ਼ਮੂਲੀਅਤ ਕੀਤੀ। ਸਿੱਖ ਧਰਮ ਚਿੰਤਨ ਅਤੇ ਸਿੱਖ ਇਤਿਹਾਸ ਨਾਲ ਜੁੜੇ ਵਿਦਵਾਨਾਂ ਅਤੇ ਪ੍ਰਸਿੱਧ ਸਖਸ਼ੀਅਤਾਂ- ਪ੍ਰਸਿੱਧ ਇਤਿਹਾਸਕਾਰ ਤੇ ਸਾਬਕਾ ਵਾਈਸ ਚਾਂਸਲਰ ਡਾ. ਜਗਤਾਰ ਸਿੰਘ ਗਰੇਵਾਲ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਡਾ. ਜਸਵੀਰ ਸਿੰਘ ਆਹਲੂਵਾਲੀਆ ਆਈ.ਏ.ਐਸ, (ਪਿੱਛੋਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ), ਗੁਰੂ ਨਾਨਕ ਚੇਅਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਡਾ. ਦਰਸ਼ਨ ਸਿੰਘ, ਡਾ. ਜੋਗਿੰਦਰ ਸਿੰਘ ਪੁਆਰ ਅਤੇ ਡਾ. ਬਲਕਾਰ ਸਿੰਘ ਨੇ ਵੱਖ ਵੱਖ ਅਕਾਦਮਿਕ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ। ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਅਜਿਹੇ ਅਦਾਰਿਆਂ ਵੱਲੋਂ ਕਰਵਾਏ ਗਏ ਸੈਮੀਨਾਰ ਬੇਹੱਦ ਸਫਲਤਾ ਨਾਲ ਸਿਰੇ ਚੜ੍ਹੇ। ਸਭ ਨੂੰ ਆਸ ਸੀ ਕਿ ਵਿਸ਼ਵ ਸਿੱਖ ਸੰਮੇਲਨ ਦੀ ਤਰ੍ਹਾਂ ਹੀ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤਰ ਛਾਇਆ ਹੇਠ ਖ਼ਾਲਸੇ ਦੀ ਸਾਜਨਾ ਦੇ ਤਿੰਨ ਸੌ ਸਾਲਾ ਪ੍ਰੋਗਰਾਮ ਵੀ ਬਹੁਤ ਵਧੀਆ ਢੰਗ ਨਾਲ ਸਿਰੇ ਚੜ੍ਹਨਗੇ ਪਰ ਜਦੋਂ ਵਿਸ਼ਵ ਸਿੱਖ ਸੰਮੇਲਨ ਹੋਇਆ, ਉਦੋਂ ਅਕਾਲੀ ਸਰਕਾਰ ਨਹੀਂ ਸੀ ਅਤੇ ਸ.ਬਾਦਲ ਪੰਜਾਬ ਦੇ ਮੁੱਖ ਮੰਤਰੀ ਨਹੀਂ ਸਨ। ਹੁਣ ਇਸ ਨੂੰ ਖ਼ਾਲਸਾਈ ਸਮਾਗਮ ਨਾ ਰੱਖ ਕੇ ਸਰਕਾਰੀ ਸਮਾਗਮ ਬਣਾ ਦਿੱਤਾ ਗਿਆ। ਇਸੇ ਕਸ਼ਮਕਸ਼ ਵਿਚੋਂ ਸ਼੍ਰੋਮਣੀ ਕਮੇਟੀ ਨੂੰ ਪਾਸੇ ਰੱਖਣ ਲਈ ਜਥੇਦਾਰ ਟੌਹੜਾ ਨੂੰ ਹਟਾ ਕੇ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬਣਾ ਦਿੱਤਾ ਗਿਆ ਅਤੇ ਟੌਹੜਾ ਸਾਹਿਬ ਦੇ ਸਮਰਥਕ ਸਰਕਾਰ ਵਿਚ ਸ਼ਾਮਲ ਮੰਤਰੀਆਂ ਨੇ ਆਪਣੇ ਅਸਤੀਫੇ ਦੇ ਦਿੱਤੇ ਜਿਨ੍ਹਾਂ ਵਿਚ ਸ. ਮਨਜੀਤ ਸਿੰਘ ਕਲਕੱਤਾ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਵੀ ਸ਼ਾਮਲ ਸਨ। ਇਨ੍ਹਾਂ ਘਟਨਾਵਾਂ ਦਾ ਸਾਰੇ ਸਿੱਖ ਜਗਤ ਨੂੰ ਪਤਾ ਹੈ ਅਤੇ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦ ਪੁਰ ਸਾਹਿਬ ਵਿਖੇ ਜੋ ਜਸ਼ਨ ਮਨਾਏ ਗਏ ਉਨ੍ਹਾਂ ਦਾ ਅਨੰਦ ਵੀ ਸਭ ਨੇ ਟੀ.ਵੀ ਤੇ ਮਾਣਿਆ ਹੈ। ਅਕਾਦਮਿਕ ਤੌਰ ਤੇ ਕਿਵੇਂ ਤਿੰਨ ਸੌ ਸਾਲਾ ਜਸ਼ਨ ਮਨਾਏ ਗਏ, ਇਸ ਦਾ ਜ਼ਿਕਰ ਅਗਲੀ ਵਾਰ ਕਰਾਂਗੇ।

## ਸਿਆਣਿਆਂ ਦਾ ਕਿਹਾ

(1) ਥੱਕਿਆ ਹੋਇਆ ਸਰੀਰ ਤਾਂ ਕੁੱਝ ਚਿਰ ਆਰਾਮ ਕਰ ਲੈਣ ਤੋਂ ਬਾਅਦ ਨੌਂ ਬਰ ਨੌਂ ਹੋ ਜਾਂਦਾ ਹੈ ਪਰ ਹੰਭਿਆ ਬੰਦਾ ਮੁੜ ਕੇ ਨਹੀਂ ਉਠ ਸਕਦਾ।

(2) ਤਲਵਾਰ ਦੀ ਧਾਰ ਭਾਵੇਂ ਜਿੰਨੀ ਮਰਜੀ ਤਿੱਖੀ ਹੋਵੇ ਮਿਆਨ ਨੂੰ ਨਹੀਂ ਕੱਟਦੀ।

(3) ਸੱਪ ਦਾ ਡੰਗਿਆ ਬੰਦਾ ਸਿਰਫ ਮਰਦਾ ਹੈ ਪਰ ਬਿੱਛੂ ਦਾ ਡੰਗਿਆ ਮਰੇ ਭਾਵੇਂ ਨਾ ਪਰ ਤੜਫਦਾ ਬਹੁਤ ਹੈ।

(4) ਤਿੰਨ ਮਿੱਤ ਨਹੀਂ-ਹਥਿਆਰ, ਸੱਪ ਤੇ ਘੋੜਾ।

(5) ਤਿੰਨ ਟਿਕ ਕੇ ਬਹਿੰਦੇ ਨਾ-ਸ਼ਰਾਬੀ, ਬਾਂਦਰ ਅਤੇ ਨਿਆਣਾ।

(6) ਤਿੰਨ ਮੁੜ ਕੇ ਆਉਂਦੇ ਨਾ-ਗਈ ਇੱਜ਼ਤ, ਬ੍ਰਿੱਖ ਦੀ ਛਾਂ ਅਤੇ ਮੂੰਹੋਂ ਨਿਕਲੀ ਗੱਲ।

(7) ਤਿੰਨ ਪੈਸੇ ਦੇ ਨੇ ਯਾਰ-ਪੁਲਸੀਏ, ਡਾਕਟਰ ਅਤੇ ਵਕੀਲ।

(8) ਤਿੰਨ ਮੁੱਲ ਮਿਲਦੇ ਨਾ-ਕਿਸਮਤ, ਇਲਮ ਤੇ ਦਿਲਦਾਰ।

(9) ਤਿੰਨ ਚੜ੍ਹ ਕੇ ਛੁਪਦੇ ਨੇ-ਚੰਦ, ਸੂਰਜ, ਤਾਰੇ।

(10) ਤਿੰਨਾਂ ਦਾ ਜਸ ਜਗ ਗਾਉਂਦਾ ਹੈ-ਭਗਤ, ਸੂਰਮਾ ਅਤੇ ਦਾਨੀ।

(11) ਤਿੰਨ ਵਿੰਗ ਛੱਡਦੇ ਨਾ-ਪੂਛ, ਸੱਪ ਤੇ ਰੱਸੀ।

(12) ਡੱਡੂ ਭਾਵੇਂ ਜਿੰਨੀਆਂ ਮਰਜੀ ਟਪੂਸੀਆਂ ਮਾਰੇ ਦਰਖ਼ਤ 'ਤੇ ਨਹੀਂ ਚੜ੍ਹ ਸਕਦਾ, ਏਸੇ ਤਰ੍ਹਾਂ ਹੀ ਰਾਸ਼ਟਰੀ ਸਿੱਖ ਸੰਗਤ ਦੀ ਪਕੜ ਵਿਚ ਆਇਆ ਹੋਇਆ ਸਿੱਖ ਲੀਡਰ ਹੁਣ ਕੁੱਝ ਨਹੀਂ ਕਰ ਸਕਦਾ।

(13) ਗੁਲਾਮੀ ਦਾ ਆਦੀ ਮਨੁੱਖ ਬੇਇਜ਼ਤ ਹੁੰਦਾ ਹੀ ਰਹਿੰਦਾ ਹੈ।

(14) ਪੋਚਵੀਆਂ ਪੱਗਾਂ ਵਾਲੇ ਜੇ ਰਾਜ ਕਰਨ ਵਾਲਿਆਂ ਦੇ ਜ਼ੁਲਮ ਦੀ ਵਿਰੋਧਤਾ ਨਹੀਂ ਕਰ ਸਕਦੇ ਤਾਂ ਜ਼ੁਲਮ ਨਾਲ ਲੜਨ ਵਾਲਿਆਂ ਨੂੰ ਲੁਟੇਰੇ, ਡਾਕੂ, ਲੁੱਟਾਂ ਖੋਹਾਂ ਕਰਨ ਵਾਲੇ ਅਤੇ ਭਟਕੇ ਹੋਏ ਸਿੱਖ ਵੀ ਤਾਂ ਨਾ ਆਖਣ।

(15) ਸ਼ਹਿਰੀ ਸਿੱਖਾਂ ਦੇ ਮੁੰਡੇ ਦੇਸ਼ ਭਗਤ ਅਤੇ ਪੇਂਡੂ ਸਿੱਖਾਂ ਦੇ ਮੁੰਡੇ ਅਤਿਵਾਦੀ। ਇਹ ਗੱਲ ਤਾਂ ਉਨ੍ਹਾਂ ਦੀ ਹੈ ਜਿਹੜੇ ਸਿੱਖੀ ਦਾ ਖੇਖਣ ਤਾਂ ਬਹੁਤ ਕਰਦੇ ਹਨ ਪਰ ਰਾਸ਼ਟਰੀ ਸਿੱਖ ਸੰਗਤ ਦੇ ਮਾਮੇ ਬਣੇ ਬੈਠੇ ਹਨ।

(16) ਜੇ ਸਿਰ ਤਲੀ 'ਤੇ ਰੱਖ ਕੇ ਗੁਰ ਮਰਿਯਾਦਾ ਬਹਾਲ ਕਰਵਾਉਣ ਵਾਲਿਆਂ ਦੀ ਪ੍ਰਸ਼ੰਸਾ ਕਰਨ ਦੀ ਥਾਂ ਲੋਕ ਉਨ੍ਹਾਂ ਨਾਲੋਂ ਨਾਤਾ ਹੀ ਤੋੜਨ ਦੀ ਗੱਲ ਕਰਨਗੇ ਤਾਂ ਫਿਰ ਕੌਣ ਅੱਗੇ ਲੱਗ ਕੇ ਸਿੱਖ ਧਰਮ ਵਿਚ ਹੁੰਦੀਆਂ ਬੇਨਿਯਮੀਆਂ ਖਤਮ ਕਰਵਾਏਗਾ।

(17) ਗੁਲਾਮੀ ਨਾਲੋਂ ਵੀ ਬੁਰੀ ਗੁਲਾਮੀ ਦੀ ਆਦਤ ਹੁੰਦੀ ਹੈ।

(18) ਨੇਕੀ ਤੇ ਬਦੀ-ਦੋਵੇਂ ਨਾਲ ਨਾਲ ਚਲਦੀਆਂ ਹਨ। ਕਈ ਵਾਰ ਤਾਂ ਬਦੀ ਨੂੰ ਖਤਮ ਕਰਦਿਆਂ ਕਰਦਿਆਂ ਨੇਕੀ ਦਾ ਵੀ ਨੁਕਸਾਨ ਹੋ ਜਾਂਦਾ ਹੈ। ਬਦੀ ਨੂੰ ਬਦੀ ਨਾਲ ਟਕਰਾਉਣ ਲੱਗਿਆਂ ਕੋਈ ਦਿੱਕਤ ਨਹੀਂ ਆਉਂਦੀ ਕਿਉਂਕਿ ਦੋਵੇਂ ਬੇਅਸੂਲੇ ਹੁੰਦੇ ਹਨ।

(19) ਮਾਂ ਨਾਲੋਂ ਧੀ ਸਿਆਣੀ, ਰਿੱਝੇ ਵਿਚ ਪਾਵੇ ਪਾਣੀ।

(20) ਖੋਤਾ ਜਿਸ ਵੱਟ ਤੋਂ ਇੱਕ ਵਾਰੀ ਤਿਲਕ ਜਾਵੇ ਸਾਰੀ ਜ਼ਿੰਦਗੀ ਉਸ ਵੱਟ 'ਤੇ ਪੈਰ ਨਹੀਂ ਰੱਖਦਾ ਪਰ ਸਿੱਖਾਂ ਦੇ ਲੀਡਰ ਹਰ ਵਾਰ ਉਸੇ ਹੀ ਵੱਟ 'ਤੇ ਤੁਰਦੇ ਹਨ ਜਿਸ ਤੋਂ 1947 ਵਿਚ ਤਿਲਕੇ ਸਨ।

(21) ਆਪਣੇ ਹੱਕ ਲੈਣੇ, ਆਪਣੇ ਆਪ ਨੂੰ ਆਜ਼ਾਦ ਕਰਵਾਉਣਾ ਅਤੇ ਖ਼ੁਦਮੁਖਤਿਆਰ ਬਣਾਉਣ ਲਈ ਜਦੋਜਹਿਦ ਕਰਨੀ ਹਰ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ।

(22) ਅੰਗਰੇਜ਼ ਦੇ ਰਾਜ ਥੱਲੇ ਏਨੇ ਗੁਲਾਮ ਮੁਲਕ ਸਨ ਕਿ ਉਨ੍ਹਾਂ ਦੇ ਰਾਜ ਵਿਚ ਸੂਰਜ ਨਹੀਂ ਸੀ ਡੁੱਬਦਾ। ਇੱਕ ਇੱਕ ਕਰਕੇ ਲਗਭਗ ਸਾਰੇ ਦੇਸ਼ ਆਜ਼ਾਦ ਹੋ ਚੁੱਕੇ ਹਨ। ਹੁਣ ਭਾਰਤੀ ਰਾਜ ਥੱਲਿਉਂ ਵੀ ਘਟਗਿਣਤੀਆਂ ਆਜ਼ਾਦ ਹੋਣ ਕਿਨਾਰੇ ਖੜ੍ਹੀਆਂ ਹਨ।

(23) ਪਾਪ ਦੀ ਉਮਰ ਬਹੁਤ ਲੰਮੀ ਹੁੰਦੀ ਹੈ ਪਰ ਪਾਪੀ ਦੀ ਬਹੁਤ ਛੋਟੀ।

(26) ਨਰਕ ਦੇ ਰਾਜੇ ਨਾਲੋਂ ਸਵਰਗ ਦਾ ਨੌਕਰ ਬਣਨਾ ਚੰਗਾ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

## ਮੇਲਾ ਚਾਰ ਦਿਨਾਂ ਦਾ

ਨਿ-ਘਰਿਆ ਘਰ ਆ,
ਮੇਲਾ ਚਾਰ ਦਿਨਾਂ ਦਾ
ਨੱਚ-ਨੱਚ ਭੰਗੜੇ ਪਾ,
ਮੇਲਾ ਚਾਰ ਦਿਨਾਂ ਦਾ

ਰਾਤੀਂ ਸੁੱਤਿਆਂ ਸੁਪਨੇ ਅੰਦਰ
ਮੇਲਾ ਤੱਕਿਆ ਬੜਾ ਈ ਸੁੰਦਰ
ਸਪੀਕਰ ਉਤੇ ਗੂੰਜ ਰਿਹਾ ਸੀ,
ਸੁਥਰਿਆ ਦਮ ਦਾ ਕੀ ਵਿਸਾਹ
ਮੇਲਾ ਚਾਰ ਦਿਨਾਂ ਦਾ...

ਆੜ੍ਹਤੀਏ ਜ਼ਮੀਨਾਂ ਖਾ ਗਏ
ਮਹਿਲਾਂ ਵਰਗੇ ਘਰ ਬਣਾ ਗਏ
ਜ਼ਮੀਨਾਂ ਵਾਲੇ ਝਗੜੇ ਮੁੱਕੇ
ਨਿਚਿੰਤਾ ਹੋ ਸੌਂ ਜਾਹ
ਮੇਲਾ ਚਾਰ ਦਿਨਾਂ ਦਾ...

ਪੜ੍ਹਾਈਆਂ ਵਾਲੀ ਗੱਲ ਹੈ ਮੁੱਕੀ
ਲਾਉਂਦੇ ਜ਼ਰਦੇ, ਖਾਂਦੇ ਭੁੱਕੀ
ਮਾਸਟਰ ਕਹਿੰਦੇ ਕੀ ਏ ਲੈਣਾ
ਆਪਣੀ ਜਾਨ ਬਚਾ
ਮੇਲਾ ਚਾਰ ਦਿਨਾਂ ਦਾ...

ਵੋਟਾਂ ਵਾਲੇ ਵੋਟਾਂ ਮੰਗਣ
ਪੈਸੇ ਅਤੇ ਸ਼ਰਾਬਾਂ ਵੰਡਣ
ਇਨ੍ਹਾਂ ਕੋਲੋਂ ਲੈ ਕੇ ਸੱਜਣਾ
ਰੱਜ-ਰੱਜ ਮੌਜ ਉਡਾ
ਮੇਲਾ ਚਾਰ ਦਿਨਾਂ ਦਾ...

ਚਾਰ-ਚੁਫੇਰੀ ਰਿਸ਼ਵਤਖੋਰੀ
ਸੈਦਿਕ ਲੈਂਦੇ ਨਾ ਕੋਈ ਚੋਰੀ
ਰਿਸ਼ਵਤ ਲੈ ਕੇ ਕਾਤਲ ਤਾਈਂ
ਜੱਜ ਨਾ ਦੇਣ ਸਜ਼ਾ
ਮੇਲਾ ਚਾਰ ਦਿਨਾਂ ਦਾ...

ਲੋਕਾਂ ਚੜ੍ਹਿਆ ਮਜ਼ਬੀ ਜਨੂੰਨ
ਨਾ ਕੋਈ ਏਥੇ ਕੜਾ ਕਾਨੂੰਨ
ਪੁਲਿਸ ਵਾਲੇ ਤਮਾਸ਼ਾ ਵੇਖਣ
ਬਲਦੀਆਂ ਲਾਸ਼ਾਂ ਦਾ
ਮੇਲਾ ਚਾਰ ਦਿਨਾਂ ਦਾ...

ਸੁਣਿਐ ਮੰਤਰੀਆਂ ਦੇ ਘਰ
ਕਮਰੇ ਅੱਗੇ ਖੜ੍ਹਾ ਹੈ ਨੌਕਰ
ਥੈਲਾ ਖ਼ਾਲੀ ਕਰ ਕੇ ਕਹਿੰਦੈ
ਕੰਮ ਹੋ ਗਿਆ ਜਾਹ
ਮੇਲਾ ਚਾਰ ਦਿਨਾਂ ਦਾ...

ਗੁਰਦੁਆਰੇ, ਮੰਦਰ, ਮਸੀਤਾਂ
ਸਭਨਾਂ ਉਤੇ ਵੱਜੀਆਂ ਲੀਕਾਂ
ਬੇਈਮਾਨਾਂ ਕੋਲੋਂ ਡਰਦਾ
ਰੱਬ ਈ ਭੱਜ ਗਿਆ,
ਮੇਲਾ ਚਾਰ ਦਿਨਾਂ ਦਾ।
ਨੱਚ-ਨੱਚ ਭੰਗੜੇ ਪਾ,
ਮੇਲਾ ਚਾਰ ਦਿਨਾਂ ਦਾ।

*-ਸੁਰਜੀਤ ਸਿੰਘ ਪੰਛੀ*
*661-827-8256*

ਵਿਚਾਰ-ਚਰਚਾ

# ਦੋ ਗੱਲਾਂ 'ਕਿਸ ਬਿਧ ਰੁਲੀ ਪਾਤਸ਼ਾਹੀ' ਬਾਰੇ

***ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਬਾਰੇ ਬਹਿਸ ਜਾਰੀ ਹੈ। ਇਸੇ ਬਹਿਸ ਦੇ ਸਿਲਸਿਲੇ ਵਿਚ ਇਕ ਹੋਰ ਚਿੰਤਕ ਸ. ਅਭੈ ਸਿੰਘ ਦਾ ਇਹ ਲੇਖ ਸਾਨੂੰ ਪ੍ਰਾਪਤ ਹੋਇਆ ਹੈ ਜੋ ਅਸੀਂ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਲੇਖ ਵਿਚਲੇ ਵਿਚਾਰਾਂ ਨਾਲ ਅਦਾਰਾ 'ਪੰਜਾਬ ਟਾਈਮਜ਼' ਦਾ ਸਹਿਮਤ ਜਾਂ ਅਸਹਿਮਤ ਹੋਣਾ ਜਰੂਰੀ ਨਹੀਂ ਹੈ। ਸਾਡਾ ਮਕਸਦ ਸਾਰਥਕ ਵਿਚਾਰ ਚਰਚਾ ਲਈ ਇਕ ਮੰਚ ਮੁਹੱਈਆ ਕਰਨਾ ਹੈ। ਇਸ ਦੀ ਪ੍ਰਤੀਕਿਰਿਆ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿਤੀ ਜਾਏਗੀ।-ਸੰਪਾਦਕ***

***ਪੰਜਾਬ ਟਾਈਮਜ਼ ਵਿਚ ਸ. ਅਜਮੇਰ ਸਿੰਘ ਦੀਆਂ ਕਿਤਾਬਾਂ ਉਪਰ ਚਲ ਰਹੀ ਬਹਿਸ ਵਿਚ ਮੈਂ ਦਿਲਚਸਪੀ ਲੈ ਰਿਹਾ ਹਾਂ। ਕੋਈ ਦੋ ਕੁ ਮਹੀਨੇ ਪਹਿਲਾਂ ਮੈਂ ਵੀ ਉਨ੍ਹਾਂ ਨੂੰ ਇਕ ਚਿੱਠੀ ਉਨ੍ਹਾਂ ਦੀ ਕਿਤਾਬ 'ਕਿਸ ਬਿਧ ਰੁਲੀ ਪਾਤਸ਼ਾਹੀ' ਬਾਰੇ ਲਿਖੀ ਸੀ ਪਰ ਅਜੇ ਤੱਕ ਕੋਈ ਜਵਾਬ ਨਹੀਂ ਮਿਲਿਆ। ਸ. ਅਜਮੇਰ ਸਿੰਘ ਹੁਰਾਂ ਨੇ ਇਕ ਜ਼ਰੂਰੀ ਵਿਸ਼ੇ ਨੂੰ ਛੋਹਿਆ ਹੈ। ਮੈਂ ਚਾਹਾਂਗਾ ਕਿ ਹੁਣ ਇਸ ਖ਼ਤ ਨੂੰ ਵਿਚਾਰ-ਵਟਾਂਦਰੇ ਵਿਚ ਸ਼ਾਮਲ ਕਰਕੇ, ਇਸ ਬਾਰੇ ਸਾਰੇ ਪੱਖਾਂ ਤੋਂ ਚਰਚਾ ਚੱਲੇ। -ਅਭੈ ਸਿੰਘ***

ਪਿਆਰੇ ਵੀਰ ਅਜਮੇਰ ਸਿੰਘ ਜੀ,

ਤੁਹਾਡੀ ਕਿਤਾਬ 'ਕਿਸ ਬਿਧ ਰੁਲੀ ਪਾਤਸ਼ਾਹੀ' ਪੜ੍ਹੀ। ਮੁਢਲੇ ਸ਼ਬਦਾਂ ਵਿਚ ਤੁਸੀਂ ਲਿਖਦੇ ਹੋ ਕਿ 'ਸਾਨੂੰ ਜੋ ਸੱਚ ਲੱਗਾ, ਅਸਾਂ ਉਹ ਲਿਖ ਦਿੱਤਾ ਹੈ। ਇਸ ਸੱਚ ਨੂੰ ਕੋਈ ਕੱਚ ਸਮਝਦਾ ਹੈ ਤਾਂ ਉਹ ਆਪਣਾ ਸੱਚ ਕਹਿ ਸਕਦਾ ਹੈ। ਅਸੀਂ ਉਸ ਦਾ ਤਹਿ ਦਿਲੋਂ ਸੁਆਗਤ ਤੇ ਸਤਿਕਾਰ ਕਰਾਂਗੇ।' ਇਨ੍ਹਾਂ ਲਫ਼ਜ਼ਾਂ ਤੋਂ ਹੌਸਲਾ ਬਣਾ ਕੇ ਕੁਝ ਲਿਖ ਰਿਹਾ ਹਾਂ, ਸੁਆਗਤ ਜਾਂ ਸਤਿਕਾਰ ਤੁਹਾਡੇ ਵੱਸ ਹੈ। ਇਹ ਲਫ਼ਜ਼ ਮੈਨੂੰ ਬਹੁਤ ਚੰਗੇ ਲੱਗੇ ਕਿ 'ਜੋ ਸਾਨੂੰ ਸੱਚ ਲੱਗਿਆ...' ਯਾਨਿ ਤੁਸੀਂ ਇਹ ਸੋਚ ਕੇ ਚੱਲ ਰਹੇ ਹੋ ਕਿ ਹੋ ਸਕਦਾ ਹੈ ਕਿ ਅੰਤਮ ਸੱਚ ਕੁਝ ਹੋਰ ਹੋਵੇ। ਇਸ ਦੀ ਹੋਰ ਚੰਗੀ ਵਜ਼ਾਹਤ ਤੁਸਾਂ ਇਸ ਪੈਰੇ ਦੇ ਅਖ਼ੀਰਲੇ ਵਾਕ ਵਿਚ ਕੀਤੀ ਹੈ। ਵਿਚਾਰ-ਵਟਾਂਦਰੇ ਦੇ ਮਹੱਤਵ ਬਾਰੇ ਤੁਹਾਡੇ ਸ਼ਬਦ ਬਿਲਕੁਲ ਸਹੀ ਹਨ ਕਿ 'ਸੱਚ 'ਤੇ ਪਹੁੰਚਣ ਦਾ ਇਸ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਹੋ ਸਕਦਾ।' ਇਨ੍ਹਾਂ ਹੀ ਸ਼ਬਦਾਂ ਨੂੰ ਸਿੱਖਿਆ ਵਾਂਗ ਲੈਂਦਾ ਹੋਇਆ ਮੈਂ ਕਹਿ ਸਕਦਾ ਹਾਂ ਕਿ ਜੋ ਕੁਝ ਮੈਂ ਲਿਖਣ ਲੱਗਾ ਹਾਂ, ਹੋ ਸਕਦਾ ਹੈ ਕਿ ਅੰਤਿਮ ਸੱਚ ਉਸ ਤੋਂ ਵੀ ਦੂਰ ਹੋਵੇ। ਤੁਹਾਡੇ 'ਸੱਚ' ਦਾ ਭਾਵੇਂ ਮੈਂ ਕਾਇਲ ਨਹੀਂ ਪਰ ਇਸ ਨੂੰ ਕੱਚ ਨਹੀਂ ਕਹਿਣਾ ਚਾਹੁੰਦਾ ਸਿਰਫ ਆਪਣਾ ਸੱਚ ਤੁਹਾਡੇ ਵਿਚਾਰ ਗੋਚਰਾ ਰੱਖਣ ਦੀ ਆਗਿਆ ਮੰਗਦਾ ਹਾਂ।

ਇਸੇ ਤਰਜ਼ ਦੀਆਂ ਹੋਰ ਬਹੁਤ ਸਾਰੀਆਂ ਕਿਤਾਬਾਂ ਦੇ ਮੁਕਾਬਲੇ ਤੁਹਾਡੀ ਇਹ ਕਿਤਾਬ ਮੈਨੂੰ ਬਹੁਤ ਮਿਹਨਤ ਨਾਲ ਲਿਖੀ ਲੱਗਦੀ ਹੈ, ਭਾਵੇਂ ਮੈਂ ਉਹ ਸਾਰੀਆਂ ਨਹੀਂ ਪੜ੍ਹੀਆਂ। ਤੁਸਾਂ ਇਸ ਬਾਰੇ ਬਹੁਤ ਸਾਰੇ ਲਿਟਰੇਚਰ ਦੀ ਨਜ਼ਰਸਾਨੀ ਕੀਤੀ ਹੈ ਅਤੇ ਹਵਾਲੇ ਵੀ ਦਿੱਤੇ ਹਨ। ਮੈਨੂੰ ਬਹੁਤ ਸਾਰੀਆਂ ਅਜਿਹੀਆਂ ਟੂਕਾਂ ਮਿਲੀਆਂ ਹਨ ਜੋ ਪਹਿਲਾਂ ਮੇਰੇ ਜ਼ਿਹਨ ਵਿਚ ਹੀ ਨਹੀਂ ਸਨ। ਤੁਸਾਂ ਆਪਣੇ ਬਹੁਤ ਸਾਰੇ ਖ਼ਿਆਲਾਤ ਨੂੰ ਸਥਾਪਤ ਅਤੇ ਆਪੇ ਬਣਾਏ ਸਿਧਾਂਤਾਂ ਵਿਚ ਢਾਲਣ ਦੀ ਕੋਸ਼ਿਸ਼ ਵੀ ਕੀਤੀ ਹੈ ਭਾਵੇਂ ਬਹੁਤ ਜਗ੍ਹਾ ਦੀਆਂ ਧਾਰਨਾਵਾਂ ਗਲਤ ਹਨ।

ਉਦਾਹਰਣ ਦੇ ਤੌਰ 'ਤੇ ਕਿਤਾਬ ਦੇ ਟਾਈਟਲ ਦੇ ਸ਼ਬਦ 'ਪਾਤਸ਼ਾਹੀ' ਨੂੰ ਤੁਸਾਂ ਇਕ ਫ਼ਿਰਕੇ ਜਾਂ ਕੌਮ ਦੀ ਸਮੂਹਕ ਆਜ਼ਾਦੀ ਦੇ ਤੌਰ 'ਤੇ ਲਿਆ ਹੈ ਜਦੋਂ ਕਿ ਇਹ ਸਿਰਫ ਇਕ ਵਿਅਕਤੀ ਵਾਸਤੇ ਹੀ ਵਰਤਿਆ ਜਾ ਸਕਦਾ ਹੈ। ਇਹ ਪਾਦਸ਼ਾਹੀ ਦਾ ਹੀ ਹਿੰਦੀਕਰਨ ਹੈ। ਉਧਰ ਬਾਦਸ਼ਾਹ ਪਾਦਸ਼ਾਹ ਦਾ ਅਰਬੀਕਰਨ ਹੈ। ਫ਼ਾਰਸੀ ਸ਼ਬਦ 'ਪਾਦ' ਦੇ ਅਰਥ ਹਨ ਤਖ਼ਤ ਅਤੇ ਅਰਬੀ ਸ਼ਬਦ 'ਸ਼ਾਹ' ਦੇ ਅਰਥ ਹਨ ਮਾਲਕ। ਕਿਉਂਕਿ ਅਰਬੀ ਜ਼ਬਾਨ ਵਿਚ ਪੱਪਾ ਅੱਖਰ ਨਹੀਂ ਹੈ, ਇਸ ਲਈ ਅਰਬੀ ਮੂਲ ਦੇ ਲੋਕ ਇਸ ਨੂੰ ਬਾਦਸ਼ਾਹ ਕਹਿਣ ਲੱਗ ਪਏ। ਇਸ ਵਾਸਤੇ ਬਾਦਸ਼ਾਹੀ, ਪਾਦਸ਼ਾਹੀ ਅਤੇ ਪਾਤਸ਼ਾਹੀ ਇਹ ਸਭ ਤਖ਼ਤ ਦੀ ਮਾਲਕੀ ਦਰਸਾਉਂਦੇ ਹਨ ਜੋ ਕਿਸੇ ਫ਼ਿਰਕੇ, ਤਬਕੇ ਜਾਂ ਕੌਮ ਦੀ ਤਦੇ ਹੋ ਸਕਦੀ ਹੈ, ਜੇ ਉਸ ਫ਼ਿਰਕੇ ਦੀ ਅੰਦਰੂਨੀ ਜਮਹੂਰੀਅਤ ਹੋਵੇ।

ਮੋਟੇ ਤੌਰ 'ਤੇ ਜਿਸ ਪਾਤਸ਼ਾਹੀ ਦੀ ਤੁਸੀਂ ਟੈਨਸ਼ਨ ਲੈ ਰਹੇ ਹੋ, ਉਹ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੈ ਜਿਸ ਨੂੰ ਲੋਕ ਸਿੱਖਾਂ ਦਾ ਰਾਜ ਕਹਿ ਦਿੰਦੇ ਹਨ ਪਰ ਸਿੱਖਾਂ ਦਾ ਤਦ ਹੋ ਸਕਦਾ ਸੀ ਜੇ ਸਿੱਖ ਵੋਟਾਂ ਪਾ ਕੇ ਰਾਜਾ ਚੁਣਦੇ। ਇਸ ਕਿਤਾਬ ਵਿਚ ਤੁਸੀਂ ਆਪ ਹੀ ਕਹਿੰਦੇ ਹੋ ਕਿ ਜੋ ਥੋੜ੍ਹੀ ਬਹੁਤ ਜਮਹੂਰੀਅਤ ਮਿਸਲਾਂ ਵੇਲੇ ਸੀ, ਮਹਾਰਾਜ ਦੇ ਵਕਤ ਉਹ ਵੀ ਖ਼ਤਮ ਹੋ ਗਈ ਸੀ, ਇਸ ਵਾਸਤੇ ਉਸ ਰਾਜ ਨੂੰ ਸਿੱਖਾਂ ਦੀ ਆਜ਼ਾਦੀ ਦਾ ਦੌਰ ਕਹਿਣਾ ਗਲਤ ਹੈ। ਉਧਰ ਤੁਸਾਂ ਭਾਰਤ ਅੰਦਰ ਅੰਗਰੇਜ਼ੀ ਕੌਮ ਦੇ ਰਾਜ ਦੀ ਗੱਲ ਕਈ ਵਾਰ ਕੀਤੀ ਹੈ ਪਰ ਓਦੋਂ ਅੰਗਰੇਜ਼ ਕੌਮ ਵੀ ਆਜ਼ਾਦ ਨਹੀਂ ਸੀ। ਓਥੇ ਬਾਦਸ਼ਾਹਤ ਦਾ ਗਲਬਾ ਸੀ। ਜਦੋਂ ਅੰਗਰੇਜ਼ ਕੌਮ ਆਜ਼ਾਦ ਹੋਈ ਤਾਂ ਜਿਓਂ ਜਿਓਂ ਓਥੇ ਪਾਰਲੀਮੈਂਟ ਦੇ ਅਧਿਕਾਰ ਵਧਦੇ ਗਏ, ਹਿੰਦੁਸਤਾਨ ਦੀ ਆਜ਼ਾਦੀ ਦਾ ਰਸਤਾ ਵੀ ਬਣਦਾ ਗਿਆ।

ਤੁਸਾਂ ਬਹੁਤ ਲੰਬਾ ਜ਼ੋਰ ਇਹ ਸਾਬਤ ਕਰਨ ਵਿਚ ਲਗਾਇਆ ਹੈ ਕਿ 'ਹਿੰਦੂ ਵਰਗ ਨੇ ਸਿੱਖ ਲਹਿਰ ਦੇ ਖ਼ਿਲਾਫ਼ ਮੁਗਲ ਹਾਕਮਾਂ ਦਾ ਸਾਥ ਦਿੱਤਾ'। ਮੈਂ ਸਮਝਦਾ ਹਾਂ ਕਿ ਮੱਧ ਕਾਲ ਦੇ ਯੁਗ ਵਿਚ ਵਰਗਾਂ ਦਾ ਕੋਈ ਨਾਮ ਹੀ ਨਹੀਂ ਸੀ, ਸਿਰਫ ਰਾਜਿਆਂ ਦੀ ਹੀ ਗੱਲ ਸੀ ਅਤੇ ਉਹ ਆਪਣੇ ਫ਼ਾਇਦੇ ਵਾਸਤੇ ਮੁਗਲਾਂ ਦਾ ਸਾਥ ਵੀ ਦਿੰਦੇ ਰਹੇ ਅਤੇ ਗੁਰੂਆਂ ਦਾ ਵੀ। ਕੁਲ ਮਿਲਾ ਕੇ ਤੁਸਾਂ ਇਤਿਹਾਸ ਦੇ ਬਹੁਤ ਸਾਰੇ ਹਵਾਲੇ ਦੇ ਕੇ ਇਹ ਧਾਰਨਾ ਬਣਾਈ ਹੈ ਕਿ ਹਿੰਦੂ ਵਰਗ ਮੁੱਢ ਤੋਂ ਹੀ ਸਿੱਖਾਂ ਦੇ ਵਿਰੁਧ ਰਿਹਾ। ਤੁਸਾਂ ਅੰਗਰੇਜ਼ੀ ਰਾਜ ਅਤੇ ਫਿਰ ਆਜ਼ਾਦੀ ਤੋਂ ਬਾਅਦ ਵੀ ਸਿੱਖਾਂ ਅੰਦਰ ਆਪਣੀ ਆਜ਼ਾਦ ਹਸਤੀ ਕਾਇਮ ਰੱਖਣ ਦੀ ਤਾਂਘ ਨੂੰ ਧੁੰਦਲਾ ਹੋਣ ਤੇ ਉਜਾਗਰ ਹੋਣ ਦੀਆਂ ਗੱਲਾਂ ਕੀਤੀਆਂ ਹਨ।

ਮੈਂ ਤੁਹਾਡੀ ਕਿਤਾਬ ਦਾ ਇਕ ਇਕ ਪੈਰਾ ਬੇਸ਼ੱਕ, ਚੰਗੀ ਤਰ੍ਹਾਂ ਪੜ੍ਹਿਆ ਹੈ, ਪੈਨਸਿਲ ਨਾਲ ਨਿਸ਼ਾਨੀਆਂ ਵੀ ਲਾਈਆਂ ਹਨ ਪਰ ਮੈਂ ਇਸ ਚਿੱਠੀ ਵਿਚ ਪਿਛਲੇ ਇਤਿਹਾਸ ਬਾਰੇ ਕੀਤੀਆਂ ਤੁਹਾਡੀਆਂ ਟਿੱਪਣੀਆਂ ਬਾਰੇ ਤੁਹਾਡਾ ਵਕਤ ਨਹੀਂ ਲੈਣਾ ਚਾਹੁੰਦਾ। ਇਸ ਦਾ ਦੂਜਾ ਕਾਰਨ ਇਹ ਹੈ ਕਿ ਅੱਜ ਹਾਲਾਤ ਇਤਨੇ ਬਦਲ ਚੁਕੇ ਹਨ ਕਿ ਪਿਛਲੇ ਇਤਿਹਾਸ ਨਾਲ ਨਿਰੰਤਰਤਾ ਨਹੀਂ ਬਣ ਰਹੀ। ਮੈਂ ਤਾਂ ਇਹ ਸਭ ਕੁਝ ਬੇਸ਼ੱਕ, ਦਿਲਚਸਪੀ ਨਾਲ ਪੜ੍ਹਿਆ ਹੈ ਪਰ ਵਰਤਮਾਨ ਮੁੱਦਿਆਂ ਵਾਸਤੇ ਬਹੁਤ ਸੇਧ ਨਹੀਂ ਦੇ ਸਕਦਾ। ਅੱਜ ਸਾਡੇ ਸਮਾਜ ਦੀਆਂ ਲੋੜਾਂ ਵਿਅਕਤੀਆਂ ਦੀਆਂ ਲੋੜਾਂ, ਮੰਗਾਂ, ਉਮੰਗਾਂ ਅਤੇ ਸੁਪਨੇ ਬਿਲਕੁਲ ਬਦਲ ਗਏ ਹਨ।

ਇਸ ਵਾਸਤੇ ਜਿੱਥੇ ਤੁਸੀਂ ਪਾਠਕਾਂ ਨੂੰ ਲੰਬਾ ਗੇੜਾ ਦੇ ਕੇ ਪਹੁੰਚਾਉਣਾ ਚਾਹੁੰਦੇ ਹੋ, ਮੈਂ ਸਿੱਧਾ ਹੀ ਪਹੁੰਚ ਜਾਂਦਾ ਹਾਂ। ਮੇਰਾ ਮਤਲਬ, ਤੁਹਾਡੀ ਕਿਤਾਬ ਦੇ ਆਖ਼ਰੀ ਚੈਪਟਰ 'ਇਕ ਅਦੁੱਤੀ ਵਰਤਾਰਾ' ਤੋਂ ਹੈ ਜੋ ਤੁਸਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਆਮਦ ਦੱਸਿਆ ਹੈ। ਲੇਕਿਨ ਇਹ ਚੈਪਟਰ ਸਿਰਫ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਰੇ ਨਹੀਂ, ਮੈਨੂੰ ਲੱਗਦਾ ਹੈ ਤੁਹਾਡੀ ਕਿਤਾਬ ਦਾ ਵਿਚਾਰਧਾਰਕ ਨਿਚੋੜ ਵੀ ਇਸੇ ਵਿਚ ਹੈ। ਇਸ ਲਈ ਮੈਂ ਇਸੇ ਦੀ ਗੱਲ ਕਰਦਾ ਹਾਂ। ਸ਼ਾਇਦ ਤੁਹਾਨੂੰ ਵੀ ਏਸੇ ਵਿਚ ਸੌਖ ਲੱਗੇਗੀ।

ਤੁਸੀਂ ਲਿਖਦੇ ਹੋ ਕਿ '1849 ਵਿਚ ਆਪਣਾ ਸੁਤੰਤਰ ਰਾਜ ਹੱਥੋਂ ਖੁਹਾ ਬੈਠਣ ਤੋਂ ਬਾਅਦ ਸਿੱਖਾਂ ਨੇ ਹੌਲੀ ਹੌਲੀ ਆਪਣੀ ਆਜ਼ਾਦ ਪਾਤਸ਼ਾਹਤ ਦਾ ਸੁਪਨਾ ਲੈਣਾ ਬੰਦ ਕਰ ਦਿੱਤਾ ਸੀ।' ਇਹ ਅਰਧ ਸੱਚ ਹੈ। ਸੁਪਨਾ ਲੈਣਾ ਤਾਂ ਹੌਲੀ ਹੌਲੀ ਨਹੀਂ, ਓਦੋਂ ਹੀ ਬੰਦ ਕਰ ਦਿੱਤਾ ਸੀ ਪਰ ਜੋ ਖੁੱਸਿਆ ਓਹ ਸੁੰਤਤਰ ਰਾਜ ਨਹੀਂ ਸੀ। ਅੰਗਰੇਜ਼ ਰਾਜ ਦੀ ਗੁਲਾਮੀ ਦੇ ਬਾਵਜੂਦ ਸਤਿਲੁਜ ਤੋਂ ਪੂਰਬ ਵਾਲੇ ਪਾਸੇ ਦੇ ਸਿੱਖ ਪਰਲੇ ਪਾਸੇ ਦੇ ਸਿੱਖਾਂ ਨਾਲੋਂ ਕੁਝ ਸੌਖਾ ਸਾਹ ਲੈਂਦੇ ਸਨ ਅਤੇ ਮੁਕਾਬਲਤਨ ਅਮਨ ਦੀ ਜ਼ਿੰਦਗੀ ਸੀ। ਜਿਹੜੇ 1857 ਤੋਂ 1871 ਦੇ ਉਪਰਾਲਿਆਂ ਦੀ ਤੁਸਾਂ ਗੱਲ ਕੀਤੀ, ਉਹ ਵੀ ਚੰਦ ਸੂਰਮਿਆਂ ਦੀਆਂ ਗੱਲਾਂ ਹਨ, ਸਿੱਖ ਆਬਾਦੀ ਦਾ ਉਸ ਵਿਚ ਕੋਈ ਹਿੱਸਾ ਨਹੀਂ ਸੀ ਤੇ ਫਿਰ ਵੀ ਉਸ ਸੰਘਰਸ਼ ਦਾ ਮੰਤਵ 1849 ਤੋਂ ਪਹਿਲੇ ਵਾਲਾ ਰਾਜ ਬਿਲਕੁਲ ਨਹੀਂ ਸੀ।

1947 ਤੋਂ ਬਾਅਦ ਬਾਰੇ ਅੱਗੇ ਤੁਸੀਂ ਲਿਖਦੇ ਹੋ ਕਿ 'ਅਸੀਂ ਠੋਸ ਕਥਨਾਂ ਦੇ ਹਵਾਲੇ ਨਾਲ ਦਰਸਾ ਚੁਕੇ ਹਾਂ, ਸਿੱਖ ਪੰਥ ਦੇ ਰਾਜਸੀ ਆਗੂਆਂ ਤੋਂ ਲੈ ਕੇ ਨਾਮਵਰ ਵਿਦਵਾਨਾਂ ਤਕ ਹਰ ਕਿਸੇ ਨੇ ਭਾਰਤ ਦੀ ਆਜ਼ਾਦੀ ਨੂੰ ਸਿੱਖਾਂ ਵਾਸਤੇ ਸ਼ੁਭ ਸ਼ਗਨ ਕਹਿ ਕੇ ਇਸ ਦੀ ਉੱਚੀ ਸੁਰ ਵਿਚ ਜੈ ਜੈ ਕਾਰ ਕੀਤੀ ਸੀ।' ਇਹ ਅਰਧ ਸੱਚ ਵੀ ਹੈ ਤੇ ਅਤਿਕਥਨੀ ਵੀ। ਆਜ਼ਾਦੀ ਨੂੰ ਸ਼ੁਭ ਸ਼ਗਨ ਕਹਿਣ ਵਾਲੇ ਇਕੱਲੇ ਸਿੱਖ ਹੀ ਨਹੀਂ, ਸਭ ਮਜ਼ਹਬਾਂ ਦੇ ਲੋਕ ਸਨ ਤੇ ਇਸ ਨੂੰ ਬਦਸ਼ਗਨੀ ਕਹਿਣ ਵਾਲੇ ਵੀ ਸਭ ਮਜ਼ਹਬਾਂ ਦੇ ਸਨ, ਭਾਵੇਂ ਉਹ ਬਹੁਤ ਥੋੜ੍ਹੇ ਸਨ। ਓਦੋਂ ਇਹ ਸਵਾਲ ਹੀ ਨਹੀਂ ਸੀ ਕਿ ਆਜ਼ਾਦੀ ਕਿਸ ਮਜ਼ਹਬ ਦੇ ਲੋਕਾਂ ਵਾਸਤੇ ਕੀ ਹੈ ਤੇ ਕਿਸ ਵਾਸਤੇ ਕੀ ਨਹੀਂ ਹੈ ਅਤੇ ਨਾ ਹੀ ਇਹ ਸਵਾਲ ਅੱਜ ਹੈ। ਨਾ ਹੀ ਇਹ ਕੱਲ ਨੂੰ ਹੋ ਸਕਦਾ ਹੈ।

ਇਹ ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਅੱਜ ਆਜ਼ਾਦੀ ਦਾ ਇਕੋ ਇਕ ਤਸੱਵਰ ਹੈ ਕਿ ਇਹ ਸਿਰਫ਼ ਸਮੂਹਕ ਹੀ ਹੋ ਸਕਦੀ ਹੈ, ਧਰਤੀ ਦੇ ਕਿਸੇ ਵੀ ਟੁਕੜੇ ਦੇ ਲੋਕਾਂ ਦੀ ਸਾਂਝੀ। ਦੂਜੀ ਸੱਚਾਈ ਇਹ ਹੈ ਕਿ ਅੱਜ ਧਰਤੀ ਦਾ ਕੋਈ ਵੀ ਟੁਕੜਾ ਅਜਿਹਾ ਨਹੀਂ ਹੋ ਸਕਦਾ ਜਿੱਥੇ ਇਕੋ ਮਜ਼ਹਬ, ਇਕੋ ਨਸਲ, ਰੰਗ ਜਾਂ ਸੋਚ ਦੇ ਲੋਕ ਹੋਣ। ਅਜਿਹਾ ਨਾ ਅੱਜ ਕਿਧਰੇ ਹੈ ਅਤੇ ਨਾ ਕੱਲ ਨੂੰ ਹੋ ਸਕਦਾ ਹੈ। ਮੇਰਾ ਖਿਆਲ ਹੈ ਕਿ ਇਹ ਮੇਰਾ ਹੀ ਸੱਚ ਨਹੀਂ, ਇਹ ਪ੍ਰਤੱਖ ਹੈ ਤੇ ਤੁਹਾਡਾ ਵੀ ਇਹੀ ਹੋਵੇਗਾ। ਇਸ ਦਾ ਨਿਰਣਾ ਜ਼ਰਾ ਗਲੋਬ ਵੇਖ ਕੇ ਕਰਨਾ ਕਿ ਹੈ ਕਿਧਰੇ ਅਜਿਹਾ ਇਲਾਕਾ ਜੋ ਮੇਰੀ ਨਜ਼ਰ ਨਾ ਆਇਆ ਹੋਵੇ?

ਬਿਲਕੁਲ ਇਸੇ ਹਵਾਲੇ ਨਾਲ ਅੱਜ ਆਜ਼ਾਦੀ ਦੇ ਹਕੀਕੀ ਅਰਥ ਬਣਦੇ ਹਨ। ਅੱਜ ਇਸੇ ਗੱਲ ਨੂੰ ਆਜ਼ਾਦੀ ਨਹੀਂ ਕਿਹਾ ਜਾ ਸਕਦਾ ਕਿ ਧਰਤੀ ਦੇ ਇਕ ਟੁਕੜੇ, ਚਾਹੇ ਉਸ ਨੂੰ ਮੁਲਕ ਕਹੋ ਜਾਂ ਕੁਝ ਹੋਰ, ਉਸ ਉਪਰ ਕਿਸੇ ਹੋਰ ਇਲਾਕੇ ਵਾਲੇ ਦਾ ਰਾਜ ਹੈ ਜਾਂ ਉਸੇ ਇਲਾਕੇ ਵਾਲੇ ਦਾ। ਅੱਜ ਉਸੇ ਆਜ਼ਾਦੀ ਨੂੰ ਆਜ਼ਾਦੀ ਕਿਹਾ ਜਾ ਸਕਦਾ ਹੈ ਜੋ ਉਸ ਖੇਤਰਫਲ ਦੇ ਲੋਕਾਂ ਦੀ ਆਜ਼ਾਦੀ ਹੋਵੇ, ਸਾਰੀ ਆਬਾਦੀ ਦੀ ਆਜ਼ਾਦੀ ਹੋਵੇ। ਇਸ ਦਾ ਇਕੋ ਮਤਲਬ ਹੈ ਬਾਲਗ ਵੋਟ ਦਾ ਅਧਿਕਾਰ। ਜੇ ਇਹ ਨਹੀਂ ਤਾਂ ਕੋਈ ਆਜ਼ਾਦੀ ਨਹੀਂ ਅਤੇ ਜੇ ਇਹ ਹੈ ਤਾਂ ਪੂਰੀ ਆਜ਼ਾਦੀ ਹੈ। ਇਸ ਤੋਂ ਅੱਗੇ ਆਜ਼ਾਦੀ ਦੀ ਕੋਈ ਪਰਿਭਾਸ਼ਾ ਨਹੀਂ। ਕੇਵਲ ਓਦੋਂ ਹੀ ਬੰਦੇ ਨੇ ਲੋਕ ਪਾਤਸ਼ਾਹ ਤੇ ਜਹਾਂਪਨਾਹ। ਫਿਰ ਉਨ੍ਹਾਂ ਨੇ ਹੀ ਸਿੱਕੇ ਚਲਾਉਣੇ ਨੇ, ਚਾਹੇ ਚੰਮ ਦੇ ਚਲਾਉਣ ਚਾਹੇ ਕਿਸੇ ਹੋਰ ਚੀਜ਼ ਦੇ। ਲੋਕਾਂ ਦੀ ਮਰਜ਼ੀ ਦਾ ਵੀ ਇਕੋ ਅਰਥ ਹੈ ਬਹੁਗਿਣਤੀ ਲੋਕਾਂ ਦੀ ਰਾਏ।

ਇਹ ਕਹਿਣ ਤੋਂ ਬਾਅਦ ਹੀ ਮੈਂ ਤੁਹਾਡੇ ਮੁੱਖ ਦਾਅਵੇ ਵੱਲ ਆਉਂਦਾ ਹਾਂ। ਤੁਸੀਂ ਕੁਝ ਸਤਰਾਂ ਬਾਅਦ ਹੀ ਲਿਖਦੇ ਹੋ ਕਿ 'ਸੰਤ ਜਰਨੈਲ ਸਿੰਘ ਹੀ ਪਹਿਲਾ ਸਿੱਖ ਆਗੂ ਸੀ ਜਿਸ ਨੇ ਬਾਂਹ ਉਲਾਰ ਕੇ ਇਹ ਗੱਲ ਕਹੀ ਕਿ ਅਸੀਂ ਭਾਰਤ ਅੰਦਰ ਗੁਲਾਮ ਹਾਂ, ਅਸੀਂ ਗੁਲਾਮੀ ਗਲੋਂ ਲਾਹ ਕੇ ਜਿਉਣਾ ਹੈ' ਲੇਕਿਨ ਵੀਰ ਜੀ! ਇਹ ਗੱਲ ਮੈਂ ਪਹਿਲਾਂ ਵੀ ਸੁਣੀ ਹੈ ਸਿੱਖਾਂ ਦੇ ਮੂੰਹੋਂ ਵੀ ਤੇ ਹੋਰਨਾਂ ਦੇ ਵੀ। ਇਹ ਗੱਲਾਂ ਛਪੀਆਂ ਵੀ ਨੇ। ਇਸ ਚਿੱਠੀ ਤੋਂ ਸਿਰਫ ਦੋ ਦਿਨ ਪਹਿਲਾਂ ਹੀ ਮੈਂ ਇਕੋ ਲਾਗਲੇ ਸ਼ਹਿਰ ਦੀ ਮਾਰਕੀਟ ਵਿਚ ਆਪਣੀ ਅੱਖੀਂ ਵੇਖਿਆ ਤੇ ਕੰਨੀ ਸੁਣਿਆ ਕਿ ਇਕ ਬੰਦਾ ਪੂਰੇ ਗੁੱਸੇ ਨਾਲ ਬੋਲ ਰਿਹਾ ਸੀ ਕਿ 'ਇਸ ਮੁਲਕ ਵਿਚ ਹਿੰਦੂ ਗੁਲਾਮ ਨੇ, ਇਹ ਦੂਜੇ ਦਰਜੇ ਦੇ ਸ਼ਹਿਰੀ ਬਣਾ ਦਿੱਤੇ ਗਏ ਹਨ, ਇਨ੍ਹਾਂ ਨੂੰ ਭਗਵਾ ਅਤਿਵਾਦ ਕਿਹਾ ਜਾ ਰਿਹਾ ਹੈ ਤੇ ਝੂਠੇ ਮੁਕਦਮੇ ਬਣਾਏ ਜਾ ਰਹੇ ਹਨ, ਤਸੀਹੇ ਦਿੱਤੇ ਜਾ ਰਹੇ ਹਨ, ਵਗੈਰਾ ਵਗੈਰਾ।

ਉਹ ਇਕ ਨਹੀਂ, ਦੋਵੇਂ ਬਾਹਾਂ ਖੜ੍ਹੀਆਂ ਕਰ ਰਿਹਾ ਸੀ ਪਰ ਉਹ ਜੋ ਵੀ ਕਹਿ ਰਿਹਾ ਸੀ, ਇਹ ਉਸ ਦੇ ਲਫ਼ਜ਼ ਸਨ, ਹਿੰਦੂਆਂ ਦੇ ਨਹੀਂ। ਤੁਸਾਂ ਕਿਹਾ ਹੈ ਕਿ ਇਸ ਮੁਲਕ ਦੇ 80 ਕਰੋੜ ਹਿੰਦੂ ਏਦਾਂ ਸੋਚਦੇ ਨੇ ਜਾਂ ਓਦਾਂ। ਇਸ ਸ਼ਹਿਰ ਵਿਚ 80 ਹਜ਼ਾਰ ਹਿੰਦੂ ਤਾਂ ਹੋਣਗੇ ਪਰ ਉਸ ਦੇ ਜਲਸੇ ਵਿਚ 80 ਵੀ ਨਹੀਂ ਸਨ। ਸਿਰਫ਼ 20 ਬੰਦੇ ਰਾਸ਼ਟਰੀ ਸੰਘ ਦੇ ਝੰਡੇ ਲੈ ਕੇ ਬੈਠੇ ਸਨ। ਉਧਰ ਸੈਂਕੜੇ ਲੋਕ ਦੁਕਾਨਾਂ ਉਪਰ ਘੁੰਮਦੇ ਖਰੀਦੋ-ਫਰੋਖ਼ਤ ਕਰੀ ਜਾਂਦੇ ਸਨ, ਕੋਈ ਉਧਰ ਵੇਖ ਰਿਹਾ ਸੀ ਤੇ ਕੋਈ ਨਹੀਂ। ਇਸੇ ਤਰ੍ਹਾਂ ਹੋਰ ਲੋਕ ਵੀ ਜੋ ਇਕ ਇਕ ਤਬਕੇ ਦੀ ਗੁਲਾਮੀ ਦੀਆਂ ਗੱਲਾਂ ਕਰਦੇ ਮੈਂ ਸੁਣੇ ਜਾਂ ਪੜ੍ਹੇ ਨੇ, ਉਨ੍ਹਾਂ ਦਾ ਤਬਕਾ ਖੁਦ ਹੀ ਇਹ ਗੱਲ ਨਹੀਂ ਮੰਨਦਾ ਹੁੰਦਾ। ਤੁਸਾਂ ਸੰਤ ਭਿੰਡਰਾਂਵਾਲੇ ਨੂੰ ਸਿੱਖ ਲੀਡਰ ਦੱਸਿਆ ਹੈ ਪਰ ਮੇਰੀ ਇਤਲਾਹ ਵਿਚ ਉਹ ਕਿਸੇ ਵੀ ਸਿੱਖ ਫੋਰਮ ਦਾ ਅਹੁਦੇਦਾਰ ਨਹੀਂ ਸੀ। ਉਸ ਨੂੰ ਕਦੇ ਨਹੀਂ ਚੁਣਿਆ ਗਿਆ।

ਤੁਸੀਂ ਖੁਦ ਵਜ਼ਾਹਤ ਕੀਤੀ ਹੈ ਕਿ "ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਆਪਣੇ ਥੋੜ੍ਹੇ ਜਿਹੇ ਅਨੁਭਵ ਵਿਚੋਂ ਹੀ ਇਹ ਗੱਲ ਤਾੜ ਲਈ ਸੀ ਕਿ ਸਿੱਖ ਕੌਮ ਦੇ ਵੱਡੇ ਵਰਗਾਂ, ਖਾਸ ਕਰਕੇ ਇਸ ਦੇ ਰਾਜਸੀ ਆਗੂਆਂ ਤੇ ਇਸ ਦੀਆਂ ਬੌਧਿਕ ਪਰਤਾਂ ਅੰਦਰ ਘੱਟ ਗਿਣਤੀ ਦੀ ਹੀਣ ਭਾਵਨਾ ਡੂੰਘੀਆਂ ਜੜ੍ਹਾਂ ਫੜ ਗਈ ਸੀ। ਹਰਿੰਦਰ ਸਿੰਘ ਮਹਿਬੂਬ ਹੁਰਾਂ ਦੇ ਲਹਿਜ਼ੇ ਵਿਚ ਗੱਲ ਕਰਨੀ ਹੋਵੇ ਤਾਂ 'ਉਨ੍ਹਾਂ ਦੀ ਅਣਖ ਦੇ ਲਹੂ ਸੁੱਕ ਚੁੱਕੇ ਸਨ'।" ਆਮ ਲਫ਼ਜ਼ਾਂ ਵਿਚ ਇਸ ਸਾਰੀ ਗੱਲ ਦਾ ਅਰਥ ਇਹ ਹੈ ਕਿ ਸਿੱਖ ਕੌਮ ਇਸ ਖਿਆਲ ਨਾਲ ਸਹਿਮਤ ਨਹੀਂ ਸੀ ਕਿਉਂਕਿ ਤੁਸੀਂ ਸਭ ਤੋਂ ਪਹਿਲਾਂ 'ਸਿੱਖ ਕੌਮ ਦੇ ਵੱਡੇ ਵਰਗ' ਦੀ ਗੱਲ ਕੀਤੀ ਹੈ ਤੇ ਫਿਰ ਰਾਜਸੀ ਆਗੂਆਂ ਦੀ। ਪਹਿਲਾਂ ਤਾਂ ਵੱਡੇ ਵਰਗ ਨਾਲ ਹੀ ਗੱਲ ਪੂਰੀ ਹੋ ਗਈ ਤੇ ਫਿਰ ਜੋ ਸਿਆਸੀ ਆਗੂ ਹਨ, ਉਹ ਵੀ ਤਾਂ ਲੋਕਾਂ ਨੇ ਚੁਣੇ ਹਨ, ਕਿਧਰੋਂ ਬਾਹਰੋਂ ਨਹੀਂ ਥੋਪੇ ਗਏ।

ਹਾਂ, ਜ਼ਰੂਰੀ ਨਹੀਂ ਕਿਸੇ ਮੁਲਕ ਜਾਂ ਕੌਮ ਦੇ ਵੱਡੇ ਵਰਗ ਜੋ ਸੋਚਦੇ ਨੇ, ਉਹ ਹਮੇਸ਼ਾ ਸਹੀ ਹੁੰਦਾ ਹੋਵੇ। ਛੋਟੇ ਵਰਗ ਜਾਂ ਹਰ ਵਿਅਕਤੀ ਨੂੰ ਵੀ ਹੱਕ ਹੈ ਕਿ ਉਹ ਆਪਣੀ ਰਾਏ ਦੇਵੇ, ਤਰਕ ਦੇਵੇ, ਦਲੀਲਾਂ ਦੇਵੇ, ਪ੍ਰਚਾਰ ਕਰੇ ਪਰ ਜੇ ਫਿਰ ਵੀ ਵੱਡਾ ਵਰਗ ਕਾਇਲ ਨਹੀਂ ਹੁੰਦਾ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਗਾਲ੍ਹਾਂ ਕੱਢੀਆਂ ਜਾਣ, ਉਨ੍ਹਾਂ ਨੂੰ ਹੀਣ ਭਾਵਨਾ ਜਾਂ ਲਹੂ ਸੁੱਕੇ ਕਹਿਆ ਜਾਵੇ। ਵੱਡੇ ਵਰਗ ਨੂੰ ਧੱਕੇ ਨਾਲ ਮਨਾਉਣ ਦੀ ਕੋਸ਼ਿਸ਼ ਹੀ ਗੁਲਾਮੀ ਹੁੰਦੀ ਹੈ। ਪੰਚਾਇਤ ਤੋਂ ਇਨਕਾਰੀ ਹੋਣਾ ਹੀ ਗੁੰਡਾਗਰਦੀ ਹੁੰਦੀ ਹੈ। ਤੁਸਾਂ ਇਕ ਹਵਾਲਾ ਦਿੱਤਾ ਹੈ ਕਿ 'ਕੇਵਲ ਮੁਰਦਾ ਲੋਕ ਹੀ ਅਹਿੰਸਾ ਦੀ ਗੱਲ ਕਰਦੇ ਹਨ' ਪਰ ਅੱਜ, ਜਮਹੂਰੀਅਤ ਦੇ ਦੌਰ ਵਿਚ, ਹਿੰਸਾ ਦੀ ਗੱਲ ਉਹੀ ਕਰਦਾ ਹੈ ਜਿਸ ਨੂੰ ਆਪਣੇ ਤਰਕ ਉਪਰ ਯਕੀਨ ਨਹੀਂ, ਆਪਣੀ ਦਲੀਲ ਵਿਚ ਦਮ ਨਹੀਂ ਸਮਝਦਾ ਅਤੇ ਆਪਣੇ ਲੋਕਾਂ ਉਪਰ ਭਰੋਸਾ ਨਹੀਂ।

ਤੁਸਾਂ ਹਥਿਆਰ ਚੁੱਕਣ ਅਤੇ ਹਥਿਆਰਬੰਦ ਸੰਘਰਸ਼ ਦੀਆਂ ਗੱਲਾਂ ਕੀਤੀਆਂ ਹਨ। ਬਹੁਤ ਦਰਦ ਭਰਿਆ ਵਿਸ਼ਾ ਹੈ। ਮੈਂ ਇਸ ਚਿੱਠੀ ਵਿਚ ਨਹੀਂ ਛੇੜ ਸਕਦਾ। ਇਸ ਵਾਸਤੇ ਆਖ਼ਰੀ ਗੱਲ ਕਰਨ ਲੱਗਾ ਹਾਂ। ਤੁਸੀਂ ਲਿਖਦੇ ਹੋ ਕਿ ਸੰਤ ਭਿੰਡਰਾਂਵਾਲੇ ਕੋਲ ਵਕਤ ਨਹੀਂ ਮਿਲਿਆ ਕਿ ਉਹ ਆਜ਼ਾਦੀ ਦਾ ਤਸੱਵਰ ਪੇਸ਼ ਕਰ ਸਕੇ। ਤੁਸੀਂ ਇਹ ਵੀ ਕਹਿੰਦੇ ਹੋ ਕਿ ਉਹ ਬਿਲਕੁੱਲ ਇਕੱਲਾ ਸੀ। ਲੇਕਿਨ ਵੀਰ ਜੀ, ਆਪਾਂ ਤੇ ਦੋ ਹਾਂ ਅਤੇ ਆਪਣੇ ਕੋਲ ਅਜੇ ਵਕਤ ਵੀ ਹੈ। ਆਜ਼ਾਦੀ ਦੇ ਤਸੱਵਰ ਤੋਂ ਪਹਿਲਾਂ ਗੁਲਾਮੀ ਦਾ ਰੂਪ ਸਮਝਣਾ ਜ਼ਰੂਰੀ ਹੈ। ਤੁਸਾਂ ਇਸ ਵਿਸ਼ੇ ਉਪਰ ਬਹੁਤ ਸਿਧਾਂਤਕ ਕੰਮ ਕੀਤਾ ਹੈ, ਇਸ ਲਈ ਕਹਾਂਗਾ ਕਿ ਕੁਝ ਅਮਲੀ ਕੰਮ ਕਰੀਏ। ਪਿਛਲਾ ਸਾਰਾ ਇਤਿਹਾਸ ਕੁਝ ਦੇਰ ਵਾਸਤੇ ਪਾਸੇ ਰੱਖ ਕੇ ਜੇ ਤੁਸੀਂ 47 ਤੋਂ ਲੈ ਕੇ ਸੰਤ ਭਿੰਡਰਾਂਵਾਲੇ ਦੀ ਆਮਦ ਤੱਕ ਦੇ ਸਮੇਂ ਦੇ ਅੱਠ ਦਸ ਨੁਕਤੇ ਦੱਸ ਸਕੋ ਜੋ ਸਾਬਤ ਕਰਦੇ ਹੋਣ ਕਿ ਸਿੱਖ ਹਿੰਦੂਆਂ ਦੇ ਗੁਲਾਮ ਹਨ ਤਾਂ ਮੈਂ ਬਹੁਤ ਅਹਿਸਾਨਮੰਦ ਹੋਵਾਂਗਾ। ਉਨ੍ਹਾਂ ਦਾ ਅਧਿਐਨ ਸੱਚੇ ਮਨ ਨਾਲ ਕਰਾਂਗਾ।

ਮੈਂ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ ਇਹ ਸਵਾਲ ਮੈਂ ਅੱਗੇ ਵੀ ਦੋ ਚਾਰ ਸੱਜਣਾਂ ਕੋਲ ਕੀਤਾ ਤੇ ਉਨ੍ਹਾਂ ਨੇ ਮੇਰਾ ਮਜ਼ਾਕ ਉਡਾ ਕੇ ਕਿਹਾ ਸੀ ਕਿ ਲਓ ਇਸ ਨੂੰ ਅਜੇ ਤੱਕ ਇਹ ਨਹੀਂ ਪਤਾ ਕਿ ਸਿੱਖਾਂ ਨਾਲ ਕਿਹੜੇ ਧੱਕੇ ਹੋਏ ਹਨ? ਮੈਂ ਸਬਕ ਨਾ ਯਾਦ ਕੀਤੇ ਵਿਦਿਆਰਥੀ ਦੀ ਤਰ੍ਹਾਂ ਥੱਲੇ ਝਾਕਦਾ ਰਹਿ ਗਿਆ। ਜਿਨ੍ਹਾਂ ਕੁਝ ਦੱਸੇ ਵੀ, ਉਹ ਸੰਤ ਭਿੰਡਰਾਂਵਾਲੇ ਦੀ ਆਮਦ ਤੋਂ ਬਾਅਦ ਦੇ ਸਨ ਪਰ ਤੁਸੀਂ ਸਹਿਮਤ ਹੋਵੋਗੇ ਕਿ ਆਪਾਂ ਨੂੰ ਸਹੀ ਅਧਿਐਨ ਕਰਨ ਵਾਸਤੇ ਪਹਿਲਿਆਂ ਦੀ ਜ਼ਰੂਰਤ ਹੈ।

ਇਸੇ ਤਰ੍ਹਾਂ ਆਜ਼ਾਦੀ ਦੇ ਤਸੱਵਰ ਬਾਰੇ ਵੀ ਪਹਿਲਾਂ ਆਪਣਾ ਇਕ ਛੋਟਾ ਜਿਹਾ ਡਰਾਫਟ ਬਣਾਈਏ। ਮੈਂ ਚਾਹਾਂਗਾ ਕਿ ਤੁਸੀਂ ਇਹ ਖ਼ਾਕਾ ਬਣਾਓ ਕਿ ਕੀ ਹੋ ਜਾਵੇ ਕਿ ਕਿਹਾ ਜਾ ਸਕੇ ਕਿ ਹੁਣ ਸਿੱਖ ਆਜ਼ਾਦ ਹਨ? ਜੇ ਐਹੋ ਜਿਹਾ ਸਹੀ ਅਤੇ ਵਿਹਾਰਕ ਖ਼ਾਕਾ ਬਣਾ ਸਕੀਏ ਤਾਂ ਆਪਾਂ ਹੋਰ ਲੋਕਾਂ ਨਾਲ ਵੀ ਗੱਲ ਕਰ ਸਕਦੇ ਹਾਂ ਜੋ ਤਬਕਿਆਂ ਦੀ ਗੁਲਾਮੀ ਦੀਆਂ ਸ਼ਿਕਾਇਤਾਂ ਕਰਦੇ ਹਨ। ਜਿਸ ਦਾ ਭਾਸ਼ਣ ਮੈਂ ਪਰਸੋਂ ਸੁਣ ਕੇ ਆਇਆ ਸਾਂ, ਉਸ ਦਾ ਨਾਂ ਟਿਕਾਣਾ ਵੀ ਪਤਾ ਕਰ ਲਵਾਂਗੇ।

ਮੈਂ ਵਾਅਦਾ ਕਰਦਾ ਹਾਂ ਕਿ ਤੁਹਾਡੇ ਵਿਚਾਰ ਆਉਣ ਉਪਰ ਪੂਰੇ ਸਤਿਕਾਰ ਨਾਲ ਗੱਲ ਅੱਗੇ ਤੋਰਾਂਗਾ। ਸੱਚ 'ਤੇ ਪਹੁੰਚਣ ਦੀ ਤਮੰਨਾ ਵਿਚ ਮੈਂ ਤੁਹਾਡੇ ਨਾਲ ਹਾਂ। ਇਥੇ ਇਕ ਗੱਲ ਹੋਰ ਵੀ ਦੱਸਣੀ ਚਾਹੁੰਦਾ ਹਾਂ-ਕੁਝ ਚਿਰ ਪਹਿਲਾਂ ਮੈਂ ਬੀਬੀ ਸੰਦੀਪ ਕੌਰ ਦੀ ਕਿਤਾਬ 'ਬਿਖੜਾ ਪੈਂਡਾ' ਪੜ੍ਹੀ ਸੀ। ਜਿਸ ਤਰ੍ਹਾਂ ਤੁਹਾਨੂੰ ਵੀਰ ਜੀ ਕਹਿ ਕੇ ਚਿੱਠੀ ਲਿਖੀ ਹੈ, ਉਸ ਨੂੰ ਬੇਟੀ ਕਹਿ ਕੇ ਲਿਖੀ ਪਰ ਦੋ ਸਾਲ ਤੋਂ ਵੱਧ ਹੋ ਗਏ, ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਹੁਣ ਤੁਹਾਡੀ ਵੀ ਮਰਜ਼ੀ ਦਾ ਸਵਾਲ ਹੈ। ਤੁਹਾਡੀ ਚੰਗੀ ਸਿਹਤ ਦੀ ਕਾਮਨਾ ਕਰਦਾ ਹਾਂ ਅਤੇ ਪੜ੍ਹਦੇ ਸੁਣਦੇ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਕਹਿੰਦਾ ਹਾਂ।

**ਤੁਹਾਡਾ ਵੀਰ,**
**ਅਭੈ ਸਿੰਘ**
**5044/1 ਮਾਡਰਨ ਕੰਪਲੈਕਸ,**
**ਮਨੀਮਾਜਰਾ, ਚੰਡੀਗੜ੍ਹ-ਯੂ.ਟੀ.**
**ਫੋਨ:98783-75903**
**11 ਨਵੰਬਰ 2010**

## ਮਿੱਥਾਂ ਦੇ ਆਰ-ਪਾਰ

ਅਦਾਰੇ ਜਾਂ ਵਿਅਕਤੀ ਨੂੰ ਅਖ਼ਬਾਰਾਂ ਜਾਂ ਰਸਾਲਿਆਂ ਦੇ ਪ੍ਰਕਾਸ਼ਨ ਦੇ ਅਧਿਕਾਰ ਹਨ। ਇਨ੍ਹਾਂ ਤੋਂ ਬਿਨਾਂ ਸਿੱਖ ਧਰਮ ਦੇ ਪ੍ਰਫੁਲਨ ਦੀਆਂ ਅਜਿਹੀਆਂ ਕਿਹੜੀਆਂ ਵਿਧੀਆਂ ਤੇ ਹਾਲਤਾਂ ਹਨ, ਜਿਨ੍ਹਾਂ ਦੇ ਨਾਂ ਤੇ ਸਿੱਖ ਨੌਜਵਾਨਾਂ ਨੂੰ 'ਆਜ਼ਾਦ ਦੇਸ਼-ਕਾਲ' ਦੇ ਸਬਜ਼ਬਾਗ ਦਿਖਾਏ ਜਾਂਦੇ ਹਨ।

ਇਨ੍ਹਾਂ ਤੋਂ ਵੱਧ ਕਿਸੇ ਵੀ ਧਰਮ ਜਾਂ ਵਿਚਾਰਧਾਰਾ ਦੇ ਹੋਰ ਕੋਈ ਵੀ ਜਮਹੂਰੀ ਅਧਿਕਾਰ ਨਹੀਂ ਜਿਹੜੇ ਦੁਨੀਆਂ ਦੇ ਕਿਸੇ ਵੀ ਹਿੱਸੇ 'ਚ ਪ੍ਰਾਪਤ ਹੋਣ। ਇਨ੍ਹਾਂ ਤੋਂ ਬਾਅਦ ਧਰਮ ਪ੍ਰਚਾਰ ਦੇ ਔਰੰਗਜ਼ੇਬ ਜਾਂ ਖੋਮੀਨੀ ਵਾਲੇ ਤਰੀਕਿਆਂ ਦੀ ਹੱਦ ਸ਼ੁਰੂ ਹੁੰਦੀ ਹੈ। ਭਾਰਤ 'ਚ ਵੀ ਕਿਸੇ ਵੀ ਹੋਰ ਧਰਮ ਨੂੰ ਇਸ ਤੋਂ ਵੱਧ ਧਰਮ ਪ੍ਰਚਾਰ ਦੀਆਂ ਕੋਈ ਹੋਰ ਵਿਸ਼ੇਸ਼ ਸਹੂਲਤਾਂ ਉਪਲਬਧ ਨਹੀਂ। ਜਿਹੜੇ ਲੋਕ ਸਿੱਖ ਅਧਿਕਾਰਾਂ ਦੀ ਸਿਆਸਤ 'ਚ ਪਿਛਲੇ ਸਮੇਂ ਤੋਂ ਸਰਗਰਮ ਹਨ, ਉਹੀ ਸ਼੍ਰੋਮਣੀ ਕਮੇਟੀ ਦਾ ਸੰਚਾਲਨ ਵੀ ਕਰ ਰਹੇ ਹਨ। ਐਨੀਆਂ ਵਿਆਪਕ ਆਜ਼ਾਦੀਆਂ ਤੇ ਕਰੋੜਾਂ ਦੀ ਆਮਦਨ ਦੇ ਬਾਵਜੂਦ ਇਸ ਸੰਸਥਾ ਵਲੋਂ ਧਰਮ ਪ੍ਰਚਾਰ ਤੇ ਗੁਰਮਤਿ ਖੋਜ ਦੇ ਖੇਤਰ 'ਚ ਕੀਤਾ ਅਜਿਹਾ ਕੋਈ ਵਿਲੱਖਣ ਕਾਰਜ ਸਾਹਮਣੇ ਨਹੀਂ ਆਇਆ, ਜਿਸ ਤੋਂ ਕਿਸੇ ਅੱਡਰੇ ਸਿੱਖ ਰਾਜ 'ਚ ਇਸ ਤੋਂ ਵੱਧ ਹੋ ਸਕਣ ਦਾ ਭਰੋਸਾ ਬਝਦਾ ਹੋਵੇ। ਇਸ ਦੀ ਬਜਾਏ ਬਹੁਤ ਹੀ ਛੋਟੀ ਤੇ ਸੀਮਤ ਵਸੀਲਿਆਂ ਵਾਲੀ ਇਕ ਸੰਸਥਾ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਨੇ ਕੌਮਾਂਤਰੀ ਪੱਧਰ ਦੇ ਪ੍ਰਾਜੈਕਟਾਂ ਨੂੰ ਹੱਥ ਪਾਉਣ ਦੀ ਜੁਰਅਤ ਕੀਤੀ। ਜੇ ਹਿੰਸਾ ਤੇ ਗੜਬੜੀ ਦੀ ਰਾਜਨੀਤੀ ਤੇ ਪਾਬੰਦੀਆਂ ਨੂੰ ਸਿੱਖ ਧਰਮ ਤੇ ਪਾਬੰਦੀਆਂ ਕਿਹਾ ਜਾਂਦਾ ਹੈ ਤਾਂ ਇਹ ਸਾਡੀ ਬਦਕਿਸਮਤੀ ਦੀ ਇੰਤਹਾ ਹੈ।

ਕੁਝ ਲੋਕਾਂ ਦੇ ਮਨਾਂ 'ਚ ਗੁਰਮਤਿ ਸਿਧਾਂਤਾਂ 'ਤੇ ਆਧਾਰਤ ਆਦਰਸ਼ਕ ਸਿੱਖ ਸਮਾਜ ਦੇ ਸ਼ਾਇਰਾਨਾ ਮਾਡਲ ਹਨ। ਪੰਜਾਬ 'ਚ ਇਹ ਆਦਰਸ਼ਕ ਸਿੱਖ ਸਮਾਜ ਨਾ ਉਸਰ ਸਕਣ ਦੇ ਕਾਰਨਾਂ ਦੀ ਅਤਿ ਸਰਲੀਕ੍ਰਿਤ ਨਿਸ਼ਾਨਦੇਹੀ ਕਰਦਿਆਂ ਹੀ 'ਦਿੱਲੀ ਦਰਬਾਰ' ਤੇ ਪੰਜਾਬ ਦੀ ਗੁਲਾਮੀ ਦੀ ਮਿੱਥ ਸਿਰਜੀ ਗਈ ਹੈ। ਇਹ 'ਸ਼ਾਇਰਾਨਾ ਤੇ ਸੰਗੀਤਕ' ਸਮਾਜ ਕਿਸੇ ਖ਼ਾਲਿਸਤਾਨ 'ਚ ਵੀ ਕਦੇ ਨਹੀਂ ਉਸਰ ਸਕੇਗਾ। ਇਸਲਾਮੀ ਰਾਜਾਂ 'ਚ ਕੋਈ ਆਦਰਸ਼ਕ ਇਸਲਾਮੀ ਸਮਾਜ ਨਹੀਂ ਉਸਰਿਆ। ਧਰਤੀ ਦੇ ਕਿਸੇ ਕੋਨੇ 'ਤੇ ਅਜਿਹਾ ਕੋਈ ਆਦਰਸ਼ਕ ਕਮਿਊਨਿਸਟ ਨਿਜ਼ਾਮ ਵੀ ਨਹੀਂ ਹੋਂਦ 'ਚ ਆਇਆ। ਅਜਿਹੇ ਆਦਰਸ਼ਕ ਹਿੰਦੂ ਸਮਾਜ ਦੇ ਸੁਪਨੇ ਆਰ.ਐਸ.ਐਸ. ਨਾਲ ਜੁੜੇ ਵਿਦਵਾਨ ਵੀ ਲੈ ਰਹੇ ਹਨ। ਇਨ੍ਹਾਂ ਸੁਪਨਿਆਂ ਦੀ ਕੰਬਣੀ ਨਾਲ ਬਾਬਰੀ ਮਸਜਿਦ ਢੱਠ ਗਈ ਸੀ।

ਇਨ੍ਹਾਂ ਮਿੱਥਾਂ 'ਤੇ ਹੀ ਪੰਜਾਬ ਸਿਆਸਤ ਦਾ ਮਹਾਂਭਾਰਤ ਲੜਿਆ ਗਿਆ ਹੈ। ਸਾਡੀ ਯਾਦ 'ਚ ਹਿੰਸਾ ਦੀਆਂ ਲਪਟਾਂ ਅਤੇ ਦਹਿਸ਼ਤ ਦਾ ਸੇਕ ਹੈ। ਇਸ ਯਾਦ ਤੋਂ ਮੂੰਹ ਮੋੜ ਅਸੀ ਦੂਰ ਦਿਸਹੱਦਿਆਂ ਵੱਲ ਖੁਲ੍ਹਦੇ ਭਵਿੱਖ ਵੱਲ ਦੌੜ ਰਹੇ ਹਾਂ। ਪੰਜਾਬ 'ਚ ਇਨ੍ਹਾਂ ਮਿੱਥਾਂ ਨੂੰ ਹਿਟਲਰ ਦੇ ਪ੍ਰਚਾਰਕ ਵਾਲੀ ਗੱਲ ਵਾਂਗ ਸੈਂਕੜੇ ਵਾਰ ਦੁਹਰਾਇਆ ਤੇ ਰਟਾਇਆ ਗਿਆ। ਸਾਡੇ ਦੁਆਲੇ ਇਹ ਮਿੱਥਾਂ ਕੰਧਾਂ ਵਾਂਗ ਉਸਰ ਚੁੱਕੀਆਂ ਹਨ ਜਿਨ੍ਹਾਂ 'ਚੋਂ ਪੰਜਾਬ ਨੇ ਬੂਹੇ ਬਣਾਉਣੇ ਹਨ। ਦੂਰ ਵਿਰਸੇ 'ਚੋਂ ਆਉਂਦੀ ਇਕ ਗਹਿਰੀ ਆਵਾਜ਼ 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥' ਸਾਡੇ ਅੰਗ-ਸੰਗ ਹੈ। ਇਨ੍ਹਾਂ ਬੂਹਿਆਂ 'ਚੋਂ ਨਿਕਲ ਕੇ ਹੀ ਪੰਜਾਬ ਦੇ ਭਵਿੱਖ ਦੀਆਂ ਸੰਭਾਵਨਾਵਾਂ ਲੱਭ ਸਕਣੀਆਂ ਸੰਭਵ ਹਨ।

ਪਾਕਿਸਤਾਨੀ ਕਹਾਣੀ

# ਜੁੱਤੀ

ਅਹਿਮਦ ਨਦੀਮ ਕਾਸਮੀ

ਕਰਮੂ ਕੱਵਾਲ ਪਾਰਟੀ ਵਿਚ ਸਾਲਾਂ-ਬੱਧੀ ਤਾੜੀ ਮਾਰ-ਮਾਰ ਕੇ ਤਾਲ ਦਿੰਦਾ ਰਿਹਾ। ਫੇਰ ਆਵਾਜ਼ ਲਾਉਣੀ ਵੀ ਸਿੱਖ ਗਿਆ। ਪਿੱਛੇ ਤੋਂ ਅੱਗੇ ਆ ਗਿਆ ਅਤੇ ਵੱਡੇ ਕੱਵਾਲ ਦੇ ਗੋਡੇ ਨਾਲ ਗੋਡਾ ਜੋੜ ਕੇ ਰਹਿਣ ਲੱਗਾ ਤਾਂ ਵੱਡੇ ਕੱਵਾਲ ਨੂੰ ਇਹ ਚਿੰਤਾ ਸਤਾਉਣ ਲੱਗੀ ਕਿ ਕਿਧਰੇ ਉਹ ਉਸ ਤੋਂ ਅੱਗੇ ਨਾ ਵਧ ਜਾਏ। ਇਸ ਲਈ ਉਹਨੇ ਕਰਮੂ ਨੂੰ ਚੱਲਦਾ ਕਰ ਦਿੱਤਾ। ਕਰਮੂ ਦੀ ਆਵਾਜ਼ ਤਾਂ ਆਮ ਜਿਹੀ ਸੀ ਪਰ ਉਹਨੇ ਕੱਵਾਲੀ ਦੇ ਗੁਰ ਸਿਖ ਲਏ ਸਨ ਅਤੇ ਉਹ ਵਾਜੇ ਦੀ ਆਵਾਜ਼ ਵਿਚ ਆਪਣੀ ਆਵਾਜ਼ ਨੂੰ ਲੁਕਾ ਲੈਣ ਦੀ ਮੁਹਾਰਤ ਪ੍ਰਾਪਤ ਕਰ ਚੁੱਕਾ ਸੀ। ਉਹਨੇ ਆਪਣੀ ਕੱਵਾਲ ਪਾਰਟੀ ਬਣਾ ਲਈ ਅਤੇ ਉਰਸਾਂ, ਮੇਲਿਆਂ ਤੇ ਵਿਆਹ-ਸ਼ਾਦੀਆਂ ਵਿਚ ਗਾਉਂਦਾ ਰਿਹਾ ਅਤੇ ਆਪਣੇ ਤਿੰਨਾਂ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ। ਅਸਲ ਵਿਚ ਉਹਨੂੰ ਵੱਡੇ ਕੱਵਾਲ ਨਾਲ ਵੱਡੇ ਵੱਡੇ ਸ਼ਹਿਰਾਂ ਵਿਚ ਜਾਣ ਦਾ ਮੌਕਾ ਮਿਲਿਆ ਸੀ ਤੇ ਉਹਨੇ ਮਹਿਸੂਸ ਕੀਤਾ ਸੀ ਕਿ ਜੇਕਰ ਉਹਨੇ ਬੱਚਿਆਂ ਨੂੰ ਸਿੱਖਿਆ ਨਾ ਦਿੱਤੀ ਤਾਂ ਉਹ ਵੀ ਉਸੇ ਵਾਂਗ ਅਤੇ ਉਹਦੇ ਪਿਓ-ਦਾਦੇ ਵਾਂਗ ਢੋਲ-ਦਮੱਕੇ ਵਜਾਉਂਦੇ ਜਾਂ ਕੱਵਾਲਾਂ ਦੇ ਪਿੱਛੇ ਬਹਿ ਕੇ ਤਾੜੀਆਂ ਮਾਰਦੇ ਫਿਰਨਗੇ। ਉਨ੍ਹਾਂ ਦੀਆਂ ਵਰਾਛਾਂ ਵੀ ਉਹਦੇ ਵਾਂਗ ਜਾਂ ਉਹਦੇ ਪਿਓ-ਦਾਦੇ ਵਾਂਗ ਢਿੱਲੀਆਂ ਹੀ ਰਹਿਣਗੀਆਂ।

ਜਦੋਂ ਉਹਨੇ ਤਿੰਨਾਂ ਬੱਚਿਆਂ ਨੂੰ ਪਿੰਡ ਦੇ ਸਕੂਲ ਵਿਚ ਦਾਖਲ ਕਰਾਇਆ ਸੀ ਤਾਂ ਸਾਰਾ ਪਿੰਡ ਹੈਰਾਨ ਰਹਿ ਗਿਆ ਸੀ। ਲੋਕ ਆਖਦੇ ਸਨ, ਬਾਬਾ ਆਦਮ ਦੇ ਆਸਮਾਨ ਤੋਂ ਧਰਤੀ 'ਤੇ ਉਤਰਨ ਤੋਂ ਲੈ ਕੇ ਹੁਣ ਤਕ ਦੇ ਜ਼ਮਾਨੇ ਦਾ ਇਹ ਪਹਿਲਾ ਮਰਾਸੀ ਏ ਜਿਹਨੂੰ ਆਪਣੇ ਬੱਚਿਆਂ ਨੂੰ ਸਿੱਖਿਆ ਦੇਣ ਦੀ ਸੁੱਝੀ ਏ। ਚੌਧਰੀ ਨੇ ਉਹਨੂੰ ਦਾਰੇ ਵਿਚ ਸੱਦਿਆ ਤੇ ਝਿੜਕਿਆ, "ਸ਼ਰਮ ਕਰ ਕਰਮੂ! ਮਰਾਸੀ ਹੋ ਕੇ ਆਪਣੇ ਬੱਚਿਆਂ ਨੂੰ ਪੜ੍ਹਾਉਂਦਾ ਏਂ! ਕੀ ਵਿਆਹਵਾਂ ਵਿਚ ਲੋਕ ਉਨ੍ਹਾਂ ਕੋਲੋਂ ਢੋਲ-ਸ਼ਹਿਨਾਈ ਦੀ ਥਾਂ ਕਿਤਾਬਾਂ ਸੁਣਨਗੇ। ਕਿਉਂ ਉਨ੍ਹਾਂ ਨੂੰ ਵਿਗਾੜਦਾ ਏਂ? ਕਿਉਂ ਨਾਸ ਮਾਰਦਾ ਏਂ ਆਪਣੇ ਪਿਤਾ-ਪੁਰਖੀ ਪੇਸ਼ੇ ਦਾ?"

ਕਰਮੂ ਇਹ ਸਭ ਕੁਝ ਚੁੱਪ ਕਰ ਕੇ ਸੁਣਦਾ ਰਿਹਾ। ਫੇਰ ਉਹ ਚੌਧਰੀ ਦੀ ਉਸ ਫਟਕਾਰ 'ਤੇ ਮੁਸਕਰਾਇਆ। ਉਹਨੇ ਕੁਝ ਕਿਹਾ ਤਾਂ ਬਸ ਇੰਨਾ ਹੀ, "ਭਾਗ ਲੱਗੇ ਰਹਿਣ! ਸਾਰੀ ਉਮਰ ਦਾਲ ਖਾਣ ਵਾਲੇ ਦਾ ਇਕ-ਮ-ਅੱਧ ਵਾਰੀ ਕੁੱਕੜ-ਬਟੇਰੇ ਦਾ ਸਲੂਣਾ ਚੱਖਣ ਨੂੰ ਜੀ ਚਾਹੁੰਦਾ ਈ ਏ!"

ਕਰਮੂ ਨੇ ਕੱਵਾਲੀ ਦੇ ਨਾਂ 'ਤੇ ਚੀਕਾਂ ਮਾਰ-ਮਾਰ ਕੇ ਪੈਸਾ ਜੋੜਿਆ ਸੀ ਅਤੇ ਬੱਚਿਆਂ ਨੂੰ ਇਸ ਤਰ੍ਹਾਂ ਪੜ੍ਹਾਇਆ ਕਿ ਉਹ ਗਰਮੀਆਂ ਦੀਆਂ ਛੁੱਟੀਆਂ ਵਿਚ ਘਰ ਆਉਂਦੇ ਸਨ ਤਾਂ ਮਰਾਸੀ ਦੀ ਔਲਾਦ ਲੱਗਦੇ ਹੀ ਨਹੀਂ ਸਨ। ਫੇਰ ਪਤਾ ਨਹੀਂ ਉਹ ਕੀ ਪੱਟੀ ਪੜ੍ਹ ਕੇ ਆਉਂਦੇ ਸਨ ਕਿ ਮਰਾਸੀ ਦੇ ਪੁੱਤਰ ਹੋਣ 'ਤੇ ਸ਼ਰਮਿੰਦੇ ਵੀ ਨਹੀਂ ਸਨ। ਕਹਿੰਦੇ ਸਨ- ਠੀਕ ਏ, ਅਸੀਂ ਕਰਮੂ ਮਰਾਸੀ ਦੇ ਪੁੱਤਰ ਹਾਂ ਪਰ ਚੌਧਰੀ ਵਾਂਗ ਸਾਡੀ ਪੀੜ੍ਹੀ ਵੀ ਤਾਂ ਬਾਬਾ ਆਦਮ ਨਾਲ ਮਿਲਦੀ ਏ।

ਫੇਰ ਉਹ ਮੁੰਡੇ ਲਾਹੌਰ, ਕਾਲਾਸ਼ਾਹ ਕਾਕੂ ਤੇ ਫੈਸਲਾਬਾਦ ਵੱਲ ਮਿੱਲਾਂ ਵਿਚ ਕੰਮ ਕਰਨ ਲੱਗੇ ਤੇ ਪਿਓ ਨੂੰ ਹਰ ਮਹੀਨੇ ਇੰਨਾ ਰੁਪਈਆ ਘੱਲਣ ਲੱਗੇ ਕਿ ਕਰਮੂ ਆਪਣੀ ਕੱਵਾਲੀ ਪਾਰਟੀ ਤੋੜ ਕੇ ਆਪਣੇ ਪਿੰਡ ਰਹਿਣ ਲੱਗਾ। ਸਾਫ਼-ਸੁਥਰੇ ਕੱਪੜੇ ਪਾਉਣ ਤੇ ਖ਼ੈਰਾਤ (ਦਾਨ) ਵੀ ਦੇਣ ਲੱਗ ਪਿਆ। ਫੇਰ ਇਕ ਸਾਲ ਜ਼ੱਕਾਤ (ਸ਼ੁਕਰਾਨੇ ਦੇ ਤੌਰ 'ਤੇ ਆਪਣੀ ਕਮਾਈ ਦਾ ਚਾਲ੍ਹੀਵਾਂ ਹਿੱਸਾ ਖ਼ੁਦਾ ਦੇ ਨਾਂ 'ਤੇ ਸਾਲ ਵਿਚ ਇਕ ਵਾਰੀ ਦੇਣਾ) ਵੀ ਦਿੱਤੀ। ਚੌਧਰੀ ਨੇ ਇਹ ਸੁਣਿਆ ਤਾਂ ਉਹ ਇੰਨਾ ਹੱਸਿਆ ਕਿ ਉਹਦੀਆਂ ਅੱਖਾਂ ਵਿਚੋਂ ਪਾਣੀ ਵਗਣ ਲੱਗਾ। "ਹਰਾਮ ਦੀ ਔਲਾਦ," ਉਹਨੇ ਕਿਹਾ, "ਕਮੀਨਾ ਕਿਸੇ ਥਾਂ ਦਾ! ਵੇਖ ਲਿਆ ਜੇ ਲੋਕੋ ਸਾਲ-ਦੋ ਸਾਲ ਵਿਚ ਆਪ ਜ਼ੱਕਾਤ ਮੰਗਣ ਖਲੋਤਾ ਹੋਵੇਗਾ, ਜੇਕਰ ਉਸ ਵੇਲੇ ਤਾਈਂ ਕਿਆਮਤ ਨਾ ਆ ਗਈ ਤਾਂ! ਮਰਾਸੀ ਜਦੋਂ ਜ਼ੱਕਾਤ ਦੇਣ ਲੱਗ ਪਏ ਤਾਂ ਸਮਝ...ਸੂਰਜ ਸਵਾ ਨੇਜ਼ੇ (ਕਿਹਾ ਜਾਂਦਾ ਏ ਕਿ ਕਿਆਮਤ ਵਾਲੇ ਦਿਨ ਸੂਰਜ ਸਿਰਾਂ ਤੋਂ ਸਵਾ ਨੇਜ਼ੇ ਦੀ ਉਚਾਈ ਤਕ ਆ ਜਾਏਗਾ) ਤਕ ਉਤਰਨ ਵਾਲਾ ਏ।" ਅਤੇ ਚੌਧਰੀ ਫੇਰ ਇਸ ਤਰ੍ਹਾਂ ਹੱਸਣ ਲੱਗਾ ਜਿਵੇਂ ਰੋ ਰਿਹਾ ਹੋਵੇ।

ਕਿਸੇ ਨੇ ਕਰਮੂ ਨੂੰ ਚੌਧਰੀ ਦੀ ਇਹ ਗੱਲ ਦਸੀ ਤਾਂ ਉਹ ਕਹਿਣ ਲੱਗਾ, "ਚੌਧਰੀ ਕਿਉਂ ਖ਼ਫ਼ਾ ਹੋ ਰਿਹਾ ਏ? ਮੈਂ ਉਹਨੂੰ ਤਾਂ ਜ਼ੱਕਾਤ ਨਹੀਂ ਘੱਲੀ। ਉਹਨੂੰ ਵੀ ਦਿੰਦਾ ਪਰ ਅਜੇ ਜ਼ੱਕਾਤ ਲੈਣ ਦਾ ਉਹਦਾ ਹੱਕ ਨਹੀਂ ਬਣਦਾ। ਹੌਲੀ ਹੌਲੀ ਹੱਕਦਾਰ ਹੋ ਜਾਏਗਾ। ਜ਼ਮਾਨਾ ਬਦਲ ਰਿਹਾ ਏ।"

ਜਿਨ੍ਹਾਂ ਲੋਕਾਂ ਕਰਮੂ ਨੂੰ ਚੌਧਰੀ ਦੀ ਗੱਲ ਦੱਸੀ ਸੀ, ਉਨ੍ਹਾਂ ਚੌਧਰੀ ਨੂੰ ਕਰਮੂ ਦੀ ਗੱਲ ਦੱਸਣਾ ਵੀ ਜ਼ਰੂਰੀ ਸਮਝਿਆ। ਉਸ ਵੇਲੇ ਚੌਧਰੀ ਸ਼ਰਬਤ ਪੀ ਰਿਹਾ ਸੀ। ਇਹ ਗੱਲ ਸੁਣਦਿਆਂ ਹੀ ਉਹਨੂੰ ਹੁੱਥੂ ਆ ਗਿਆ ਤੇ ਸ਼ਰਬਤ ਉਹਦੇ ਨੱਕ ਵਿਚੋਂ ਵਗ ਗਿਆ।

ਫੇਰ ਇਕ ਦਿਨ ਕਰਮੂ ਗਲੀ ਵਿਚ ਬੈਠਾ ਗੱਪਾਂ ਮਾਰ ਰਿਹਾ ਸੀ। ਗੱਲਾਂ ਗੱਲਾਂ ਵਿਚ ਕਹਿਣ ਲੱਗਾ, "ਮੈਂ ਮਰਾਸੀ ਹਾਂ ਪਰ ਤਿੰਨ ਬਾਊਆਂ ਦਾ ਪਿਉ ਵੀ ਹਾਂ। ਇਸ ਲਈ ਮੇਰਾ ਜੀ ਕਰਦਾ ਏ, ਇਥੇ ਗਲੀ ਵਿਚ ਬਹਿਣ ਦੀ ਬਜਾਏ ਪੱਕੀ ਬੈਠਕ ਬਣਵਾ ਲਵਾਂ, ਉਸ ਵਿਚ ਪਲੰਘ ਤੇ ਮੂੜ੍ਹੇ ਡਾਹ ਦਿਆਂ ਤੇ ਤੁਹਾਡੇ ਸਾਰਿਆਂ ਨਾਲ ਬਹਿ ਕੇ ਦੁਨੀਆਂ ਭਰ ਦੀਆਂ ਗੱਲਾਂ ਕਰਾਂ। ਬਹਿਣ ਲਈ ਚੌਧਰੀ ਦਾ ਦਾਰਾ ਤਾਂ ਹੈ ਈ ਏ ਪਰ ਉਥੇ ਬਹਿੰਦਿਆ ਹਾਂ ਤਾਂ ਇਸ ਤਰ੍ਹਾਂ ਜਾਪਦਾ ਏ ਜਿਵੇਂ ਸਿਰ ਪਰਨੇ ਖਲੋਤਾ ਹੋਵਾਂ।"

ਇਹ ਗੱਲ ਕਰ ਕੇ ਉਹ ਆਪਣੇ ਘਰ ਗਿਆ। ਹੁੱਕਾ ਤਾਜ਼ਾ ਕਰ ਕੇ ਚਿਲਮ ਵਿਚ ਅੱਗ ਰੱਖੀ ਤੇ ਸੂਟਾ ਮਾਰਨ ਲਈ ਅਜੇ ਮੰਜੀ 'ਤੇ ਬਹਿਣ ਈ ਲੱਗਾ ਸੀ ਕਿ ਚੌਧਰੀ ਵੱਲੋਂ ਉਹਨੂੰ ਸੱਦਾ ਆ ਗਿਆ। ਉਹਨੇ ਦਾਰੇ ਵਿਚ ਪੈਰ ਰੱਖਿਆ ਹੀ ਸੀ ਕਿ ਤਿੰਨ-ਚਾਰ ਮੁਸ਼ਟੰਡਿਆਂ ਉਹਨੂੰ ਫੜ ਲਿਆ ਤੇ ਚੌਧਰੀ ਦਾ ਪਾਲਤੂ ਮੁਨਸ਼ੀ ਉਹਦੀ ਪਿੱਠ 'ਤੇ ਜੁੱਤੀਆਂ ਮਾਰਨ ਲੱਗ ਪਿਆ। ਨਾਲ ਹੀ ਚੌਧਰੀ ਗਾਲ੍ਹਾਂ ਕੱਢਣ ਲੱਗ ਪਿਆ-"ਬੈਠਕ ਬਣਵਾਏਂਗਾ ਕਮੀਨਾ! ਮੇਰੇ ਵਾਂਗ ਦਾਰਾ ਲਾਏਂਗਾ! ਚਾਰ ਪੈਸੇ ਕੀ ਆ ਗਏ ਨੇ ਕਿ ਆਪਣੀ ਔਕਾਤ ਈ ਭੁੱਲ ਗਿਆ ਏ ਕੁੱਤਾ! ਮਾਰੋ ਹੋਰ ਮਾਰੋ।"

ਕਰਮੂ ਨੂੰ ਇੰਨੀਆਂ ਜੁੱਤੀਆਂ ਵੱਜੀਆਂ ਕਿ ਜੇਕਰ ਕਿਸੇ ਹੋਰ ਨੂੰ ਵੱਜਦੀਆਂ ਤਾਂ ਉਹ ਗਿਣਤੀ ਭੁੱਲ ਜਾਂਦਾ ਪਰ ਕਰਮੂ ਗਿਣਦਾ ਰਿਹਾ।

"ਮੈਂ ਤਾਂ ਗਿਣਦਾ ਰਿਹਾ ਹਾਂ," ਉਹਨੇ ਆਪਣੇ ਮਿਲਣ ਵਾਲੇ ਨੂੰ ਦੱਸਿਆ, "ਮੈਂ ਤਾਂ ਇਸ ਲਈ ਗਿਣਦਾ ਰਿਹਾ ਕਿ ਕਿਆਮਤ (ਪਰਲੋ) ਵਾਲੇ ਦਿਨ ਰੱਬ ਦੇ ਸਾਹਮਣੇ ਜੁੱਤੀਆਂ ਦਾ ਹਿਸਾਬ ਦੇਣ ਵੇਲੇ ਮੈਥੋਂ ਕੋਈ ਗਲਤੀ ਨਾ ਹੋ ਜਾਏ। ਬਾਠ੍ਹ ਵੱਜੀਆਂ ਸਨ। ਬਾਠ੍ਹ ਪੂਰੀਆਂ ਕਰਾਂਗਾ ਰੱਬ ਦੀ ਹਜ਼ੂਰੀ ਵਿਚ। ਇਕ ਦੀਆਂ ਸੱਤਰ ਨਾ ਸਹੀ, ਚੌਧਰੀ ਲਈ ਸਾਰੀ ਦੁਨੀਆਂ ਦੇ ਲੋਕਾਂ ਦੇ ਸਾਹਮਣੇ ਮੇਰੀ ਤਾਂ ਇਕੋ ਜੁੱਤੀ ਈ ਬਹੁਤ ਏ।"

ਉਨ੍ਹਾਂ ਦਿਨਾਂ ਵਿਚ ਵੋਟਰ ਲਿਸਟ ਤਿਆਰ ਹੋ ਰਹੀ ਸੀ। ਲਿਸਟ ਤਿਆਰ ਕਰਨ ਵਾਲੇ ਉਸ ਪਿੰਡ ਵਿਚ ਵੀ ਆਏ ਅਤੇ ਕਰਮੂ ਦਾ ਨਾਂ ਵੀ ਦਰਜ ਕਰਨ ਲੱਗੇ। ਉਨ੍ਹਾਂ ਵਿਚੋਂ ਇਕ ਨੇ ਕਿਹਾ, "ਭਾਈ, ਤੂੰ ਆਪਣਾ ਨਾਂ ਕਰਮਾ ਦਸਦਾ ਏਂ, ਪਰ ਕਰਮਾ ਕੀ ਨਾਂ ਹੋਇਆ? ਕਰਮ ਇਲਾਹੀ ਹੋਵੇਗਾ ਜਾਂ ਕਰਮ ਅਲੀ ਜਾਂ ਫੇਰ ਕਰਮ ਦੀਨ। ਕਰਮਾ ਕੋਈ ਨਾਂ ਨਹੀਂ ਹੁੰਦਾ। ਇਹ ਤੇਰੇ ਅਸਲੀ ਨਾਂ ਦਾ ਵਿਗਾੜਿਆ ਹੋਇਆ ਰੂਪ ਜਾਪਦਾ ਏ।"

ਕਰਮੂ ਕਹਿਣ ਲੱਗਾ, "ਮੈਂ ਮਰਾਸੀ ਹਾਂ ਜੀ ਅਤੇ ਮਰਾਸੀਆਂ ਦੇ ਨਾਂ ਇਸੇ ਤਰ੍ਹਾਂ ਦੇ ਹੁੰਦੇ ਨੇ। ਮੇਰੇ ਨਾਂ ਦਾ ਵਿਗਾੜ ਤਾਂ ਕਰਮੂ ਏ ਜਿਸ ਤਰ੍ਹਾਂ ਮੇਰੇ ਪਿਉ ਨੂੰ ਲੋਕ ਗਾਮੂ ਕਹਿੰਦੇ ਸਨ ਪਰ ਉਹਦਾ ਅਸਲੀ ਨਾਂ ਗਾਮਾ ਸੀ।"

ਅੱਕ ਕੇ ਉਨ੍ਹਾਂ ਸੂਚੀ ਵਿਚ ਕਰਮਾ ਪੁੱਤਰ ਗਾਮਾ ਜਾਤ ਮਰਾਸੀ, ਕਿੱਤਾ 'ਭਿਖਾਰੀ' ਦੇ ਸ਼ਬਦ ਲਿਖੇ ਤਾਂ ਕਰਮੂ ਨੂੰ ਗੁੱਸਾ ਆ ਗਿਆ।

"ਨਹੀਂ ਸਾਹਬ ਜੀ, ਮੈਂ ਭਿਖਾਰੀ ਨਹੀਂ ਹਾਂ, ਭੀਖ ਦਾ ਇਕ ਪੈਸਾ ਵੀ ਮੇਰੇ ਲਈ ਹਰਾਮ ਏ। ਮੈਂ ਤਾਂ ਸਾਰੀ ਉਮਰ ਆਪਣੀ ਮਿਹਨਤ ਦੀ ਕਮਾਈ ਖਾਂਦਾ ਰਿਹਾ ਹਾਂ। ਮੇਰੇ ਬੱਚੇ ਪੜ੍ਹ-ਲਿਖ ਗਏ ਤਾਂ ਉਹ ਵੀ ਸਾਡੀ ਮਿਹਨਤ ਦੀ ਕਮਾਈ ਏ। ਹੁਣ ਉਹ ਮਿਹਨਤ ਕਰਦੇ ਨੇ ਤੇ ਸਾਡੀ ਮਿਹਨਤ ਦਾ ਬਦਲਾ ਚੁਕਾਉਂਦੇ ਨੇ। ਮੈਂ ਤਾਂ ਹੁਣ ਜ਼ੱਕਾਤ ਵੀ ਕੱਢਦਾ ਹਾਂ, ਫੇਰ ਮੈਂ ਭਿਖਾਰੀ ਕਿਵੇਂ ਹੋ ਗਿਆ? 'ਭਿਖਾਰੀ' ਲਿਖਣਾ ਏ ਤਾਂ ਚੌਧਰੀ ਨੂੰ ਲਿਖੋ। ਕਿਸਾਨ ਮਿਹਨਤ ਕਰਦਾ ਏ ਤੇ ਚੌਧਰੀ ਖਾਂਦਾ ਏ।"

ਚੌਧਰੀ ਨੂੰ ਪਤਾ ਲੱਗਾ ਕਿ ਕਰਮੂ ਨੇ ਵੋਟਰ ਲਿਸਟ ਬਨਾਉਣ ਵਾਲਿਆਂ ਦੇ ਸਾਹਮਣੇ ਉਹਨੂੰ ਭਿਖਾਰੀ ਕਿਹਾ ਏ ਤਾਂ ਉਹਨੂੰ ਤੁਰੰਤ ਦਾਰੇ ਵਿਚ ਸੱਦਿਆ ਗਿਆ ਅਤੇ ਸਾਰੇ ਪਿੰਡ ਦੇ ਲੋਕਾਂ ਦੇ ਸਾਹਮਣੇ ਉਹਨੂੰ ਮੁਨਸ਼ੀ ਕੋਲੋਂ ਜੁੱਤੀਆਂ ਮਰਵਾਈਆਂ। ਅਜੇ ਜੁੱਤੀਆਂ ਵੱਜ ਈ ਰਹੀਆਂ ਸਨ ਕਿ ਕਰਮੂ ਅਚਾਨਕ ਉਠ ਬੈਠਾ ਅਤੇ ਮੁਨਸ਼ੀ ਦੀ ਬਾਂਹ ਫੜ ਕੇ ਕਹਿਣ ਲੱਗਾ, "ਬਸ...ਬਾਠ੍ਹ ਪੂਰੀਆਂ ਹੋ ਗਈਆਂ। ਮੇਰਾ ਕੋਟਾ ਮੈਨੂੰ ਮਿਲ ਗਿਆ। ਮੈਨੂੰ ਜ਼ਿਆਦਾ ਮਾਰੋਗੇ ਤਾਂ ਕਿਆਮਤ ਵਾਲੇ ਦਿਨ ਚੌਧਰੀ ਜੀ ਨੂੰ ਜ਼ਿਆਦਾ ਤਕਲੀਫ਼ ਹੋਵੇਗੀ।"

"ਮੈਨੂੰ ਤਕਲੀਫ਼ ਹੋਵੇਗੀ!" ਚੌਧਰੀ ਇਸ ਤਰ੍ਹਾਂ ਹੈਰਾਨ ਹੋਇਆ ਜਿਵੇਂ ਉਹਦੇ ਸਿਰ 'ਤੇ ਸੂਰਜ ਡਿੱਗ ਪਿਆ ਹੋਵੇ, "ਮੈਨੂੰ ਕਹੀ ਤਕਲੀਫ਼ ਹੋਵੇਗੀ, ਕਮੀਨਿਆ?"

ਕਰਮੂ ਨੇ ਕਿਹਾ, "ਚਲੋ ਜੇ ਤੁਹਾਨੂੰ ਤਕਲੀਫ਼ ਨਹੀਂ ਹੋਵੇਗੀ ਤਾਂ ਤੁਹਾਡਾ ਹਿਸਾਬ ਪੂਰਾ ਕਰਨ ਵਾਲੇ ਫ਼ਰਿਸ਼ਤੇ ਨੂੰ ਹੋਵੇਗੀ!"

"ਮੇਰਾ ਹਿਸਾਬ!!" ਚੌਧਰੀ ਨੇ ਇਸ ਤਰ੍ਹਾਂ ਪਾਸਾ ਬਦਲਿਆ ਜਿਵੇਂ ਪਲੰਘ ਉਤੇ ਹੀ ਖਲੋ ਜਾਏਗਾ-"ਕੀ ਬਕਦਾ ਪਿਆ ਏਂ?"

"ਜੀ ਇਹ ਈ, ਗ਼ਰੀਬਾਂ ਨੂੰ ਜੁੱਤੀਆਂ ਮਰਵਾਉਣ ਦਾ ਹਿਸਾਬ। ਇਕ ਦੀਆਂ ਸੱਤਰ," ਕਰਮੂ ਹੋਰ ਜੁੱਤੀਆਂ ਵੱਜਣ ਦੀ ਉਡੀਕ ਕੀਤੇ ਬਿਨਾਂ ਉਠ ਖਲੋਤਾ ਸੀ ਤੇ ਜ਼ਮੀਨ ਤੋਂ ਆਪਣੀ ਪੱਗ ਚੁੱਕ ਕੇ ਝਾੜ ਰਿਹਾ ਸੀ। "ਭਾਗ ਲੱਗੇ ਰਹਿਣ-ਹੁਣ ਤੁਸੀਂ ਆਪ ਈ ਹਿਸਾਬ ਲਾਓ, ਬਾਠ੍ਹ ਅੱਜ ਦੀਆਂ ਤੇ ਬਾਠ੍ਹ ਪਿਛਲੀਆਂ। ਰੱਬ ਤੁਹਾਡਾ ਭਲਾ ਕਰੇ, ਕੁੱਲ ਇਕ ਸੌ ਚੌਵੀ ਹੋਈਆਂ। ਕਿਆਮਤ ਵਾਲੇ ਦਿਨ ਇਕ ਦੇ ਬਦਲੇ ਸੱਤਰ ਵੱਜਣਗੀਆਂ ਤਾਂ ਇਕ ਸੌ ਚੌਵੀਆਂ ਦੀਆਂ ਕਿੰਨੀਆਂ ਵੱਜਣਗੀਆਂ? ਮੁਨਸ਼ੀ ਜੀ, ਹਿਸਾਬ ਲਾ ਕੇ ਦੱਸ ਦਿਓ ਚੌਧਰੀ ਹੋਰਾਂ ਨੂੰ।"

ਚੌਧਰੀ ਨੇ ਗੁੱਸੇ ਨਾਲ ਆਪਣੀ ਜੁੱਤੀ ਵੱਲ ਹੱਥ ਵਧਾਇਆ ਪਰ ਜਦੋਂ ਵੇਖਿਆ ਕਿ ਦਾਰੇ ਵਿਚ ਖਲੋਤੇ ਬਹੁਤੇ ਲੋਕ ਕਰਮੂ ਦੀ ਗੱਲ 'ਤੇ ਹੱਸ ਰਹੇ ਹਨ ਤਾਂ ਹੱਥ ਪਿੱਛੇ ਖਿੱਚਣ ਦੀ ਬਜਾਏ ਉਸ ਨਾਲ ਧਰਤੀ ਤੋਂ ਇਕ ਤੀਲਾ ਚੁੱਕਿਆ ਤੇ ਪੋਟਿਆਂ ਨਾਲ ਉਹਨੂੰ ਭੋਰ ਦਿੱਤਾ। ਗਾਲ੍ਹਾਂ ਉਹਦੇ ਬੁੱਲ੍ਹਾਂ ਵਿਚ ਹੀ ਰਹਿ ਗਈਆਂ।

ਇਸ ਘਟਨਾ ਮਗਰੋਂ ਚੌਧਰੀ ਕਰਮੂ ਨਾਲ ਬੜਾ ਸੰਭਲ ਕੇ ਬੋਲਦਾ। ਕਰਮੂ ਮਰਾਸੀ ਤਾਂ ਹੈ ਈ ਸੀ ਪਰ ਖਾਂਦਾ-ਪੀਂਦਾ ਮਰਾਸੀ ਸੀ ਤੇ ਖਾਂਦੇ-ਪੀਂਦੇ ਲੋਕਾਂ ਨਾਲ ਗੱਲਬਾਤ ਬੜੀ ਸੋਚ-ਵਿਚਾਰ ਕੇ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਅਮਰੀਕਾ ਨਾਲ ਰੂਸ ਤੇ ਰੂਸ ਨਾਲ ਅਮਰੀਕਾ ਗੱਲਬਾਤ ਕਰਦਾ। ਫੇਰ ਵੀ ਜਦੋਂ ਕਦੇ ਚੌਧਰੀ ਦੇ ਦਾਰੇ ਵਿਚੋਂ ਫ਼ਾਲਤੂ ਲੋਕ ਟੁਰ ਜਾਂਦੇ ਤੇ ਉਹਦੇ ਆਪਣੇ ਬੰਦੇ ਰਹਿ ਜਾਂਦੇ ਤਾਂ ਉਹ ਆਪਣੇ ਦਿਲ ਦੀ ਭੜਾਸ ਕੱਢਦਾ, "ਇਹ ਕਮੀਨਾ ਕੌੜੀ ਗੋਲੀ ਥੁੱਕ ਦਿੰਦਾ ਏ! ਹੁਣ ਮੈਂ ਇਹਨੂੰ ਖੰਡ ਨਾਲ ਗਲੇਫ਼ੀਆਂ ਹੋਈਆਂ ਗੋਲੀਆਂ ਖੁਆਵਾਂਗਾ।" ਫੇਰ ਉਹ ਹਾਲਾਤ 'ਤੇ ਵਿਚਾਰ ਕਰਨ ਲੱਗਦਾ,"ਲੋਕ ਆਖਦੇ ਨੇ ਪਈ ਸ਼ਰਾਬ ਦਾ ਨਸ਼ਾ ਭੈੜਾ ਹੁੰਦਾ ਏ। ਮੈਂ ਕਹਿਨਾਂ ਨਹੀਂ, ਅਮੀਰਾਂ ਲਈ ਪੈਸੇ ਦਾ ਨਸ਼ਾ ਉਸ ਤੋਂ ਵੀ ਭੈੜਾ ਏ। ਕਰਮੂ ਵੱਲ ਈ ਵੇਖੋ, ਇਹ ਮਰਾਸੀ ਦਾ ਪੁੱਤਰ ਜਦੋਂ ਵੀ ਮੈਨੂੰ ਮਿਲਦਾ ਸੀ, 'ਭਾਗ ਲੱਗੇ ਰਹਿਣ, ਭਾਗ ਲੱਗੇ ਰਹਿਣ' ਦੀ ਮੁਹਾਰਨੀ ਬੋਲਦਾ ਹੋਇਆ ਨਿਉਂਈ ਜਾਂਦਾ ਹੁੰਦਾ ਸੀ ਅਤੇ ਕਿੱਥੇ ਇਹ ਦਿਨ ਕਿ ਕੱਲ੍ਹ ਆਖਣ ਲੱਗਾ, 'ਮੈਂ ਓਧਰ ਲਾਹੌਰ ਫ਼ੈਸਲਾਬਾਦ ਵੱਲ ਜਾ ਰਿਹਾ ਹਾਂ, ਕੋਈ ਚੀਜ਼ ਚਾਹੀਦੀ ਹੋਵੇ ਤਾਂ ਲੈਂਦਾ ਆਵਾਂ। ਕੋਈ ਖੂੰਡੀ-ਸੂੰਡੀ, ਕੋਈ ਜੁੱਤੀ-ਸ਼ੁੱਤੀ! ਇਹ ਸਭ ਪੈਸੇ ਦਾ ਨਸ਼ਾ ਏ।' ਫੇਰ ਚੌਧਰੀ ਨੇ ਧੌਣ ਘੁੰਮਾ ਕੇ ਇਧਰ-ਉਧਰ ਵੇਖਿਆ ਤੇ ਕਹਿਣ ਲੱਗਾ, "ਉਹ ਕਿਧਰੇ ਕਿਸੇ ਖੂੰਜੇ ਵਿਚ ਬੈਠਾ ਤਾਂ ਨਹੀਂ! ਹਰਾਮ ਦੀ ਸੱਟ। ਯਾਦ ਜੇ ਇਕ ਵਾਰੀ ਮੈਂ ਇਥੇ ਦਾਰੇ ਵਿਚ ਉਹਦੀਆਂ ਗੱਲਾਂ ਕਰ ਰਿਹਾਂ ਸਾਂ। ਹਨ੍ਹੇਰੇ ਵਿਚ ਮੈਨੂੰ ਪਤਾ ਈ ਨਹੀਂ ਲੱਗਾ ਕਿ ਉਹ ਕਮੀਨਾ ਵੀ ਇਕ ਪਾਸੇ ਬੈਠਾ ਹੋਇਆ ਏ। ਉਸ ਖ਼ਾਨਦਾਨੀ ਕੰਗਾਲ ਦੇ ਨਵੇਂ ਠਾਠ-ਬਾਠ ਦੀ ਗੱਲ ਕਰਦਿਆਂ ਮੈਂ ਆਖ ਦਿੱਤਾ ਕਿ ਜੇਕਰ ਕਾਂ ਮੋਰ ਦੇ ਖੰਭ ਸਜਾ ਲਵੇ ਤਾਂ ਵੀ ਕਾਂ ਈ ਰਹਿੰਦਾ ਏ। ਮੇਰੀਆਂ ਚਿਲਮਾਂ ਭਰਨ ਵਾਲਾ ਤੇ ਮੇਰਾ ਤਬੇਲਾ ਸਾਫ਼ ਕਰਨ ਵਾਲਾ ਮੇਰੀ ਇਹ ਗੱਲ ਸੁਣ ਕੇ ਭਰੇ ਦਾਰੇ ਵਿਚ ਬੋਲ ਪਿਆ, 'ਉਂਜ ਚੌਧਰੀ ਜੀ, ਸਿਆਣਿਆਂ ਕੋਲੋਂ ਸੁਣਿਆ ਏ, ਪਈ ਮੋਰ ਵੀ ਕਾਂ ਦੀ ਈ ਨਸਲ ਵਿਚੋਂ ਏ। ਸਿਰਫ਼ ਰੰਗਦਾਰ ਪਰ ਕੱਢ ਲਏ ਤੇ ਨੱਚਣਾ ਸਿਖ ਗਿਆ ਏ!' ਯਾਦ ਏ ਨਾ ਤੁਹਾਨੂੰ? ਪੈਸੇ ਨੇ ਇੰਨਾ ਹੌਸਲਾ ਵਧਾ ਦਿੱਤਾ ਏ ਓਸ ਅਫ਼ਲਾਤੂਨ ਦੇ ਪੁੱਤਰ ਦਾ, ਨਹੀਂ ਤਾਂ ਇਥੇ ਮੇਰੇ ਸਾਹਮਣੇ ਬਿੱਲੀ ਵਾਂਗ ਮਿਆਉਂ ਮਿਆਉਂ ਕਰਦਾ ਫਿਰਦਾ ਸੀ। ਪੈਸੇ ਨੇ ਉਹਦੀ ਜ਼ਬਾਨ ਖਿੱਚ ਕੇ ਮੇਰੀ ਜੁੱਤੀ ਜਿੱਡੀ ਕਰ ਦਿੱਤੀ ਏ ਪਰ ਫੇਰ ਵੀ ਅਜਿਹੇ ਨਵੇਂ ਹੋਏ ਅਮੀਰਾਂ ਨੂੰ ਥਾਂ ਸਿਰ ਰੱਖਣ ਦੇ ਗੁਰ ਮੈਨੂੰ ਪਤਾ ਨੇ! ਜੁੱਤੀ ਉਤੇ ਭਾਵੇਂ ਤਿੱਲੇ ਦੀ ਕਢਾਈ ਕੀਤੀ ਹੋਈ ਹੈ ਪਰ ਰਹੇਗੀ ਤਾਂ ਜੁੱਤੀ ਈ ਅਤੇ ਪੈਰੀਂ ਪਾਈ ਜਾਏਗੀ। ਓਸ ਮਰਾਸੀ ਦੇ ਪੁੱਤਰ ਨੇ ਮੇਰੇ ਪਿੰਡ ਵਿਚ ਰਹਿਣਾ ਏ ਤਾਂ ਮਰਾਸੀ ਬਣ ਕੇ ਈ ਰਹਿਣਾ ਪਵੇਗਾ। ਤੁਸੀਂ ਵੇਖ ਲੈਣਾ।"

ਸਿਆਲ ਦਾ ਦਿਨ ਸੀ। ਕਰਮੂ ਕੁਝ ਦਿਨ ਆਪਣੇ ਪੁੱਤਰ ਕੋਲ ਰਹਿ ਕੇ ਵਾਪਸ ਪਿੰਡ ਆਇਆ ਤਾਂ ਉਹਨੇ ਸੁਨਹਿਰੇ ਰੰਗ ਦੇ ਕੰਬਲ ਦੀ ਬੁੱਕਲ ਮਾਰੀ ਹੋਈ ਸੀ। ਲੋਕ ਉਸ ਕੰਬਲ ਨੂੰ ਹੱਥ ਲਾਉਂਦੇ ਤੇ ਹੈਰਾਨ ਹੁੰਦੇ ਕਿ ਕਿਸੇ ਭੇਡ ਦੀ ਉਨ ਇੰਨੀ ਮੁਲਾਇਮ ਵੀ ਹੋ ਸਕਦੀ ਹੈ। ਕਰਮੂ ਦੇ ਇਕ ਰਿਸ਼ਤੇਦਾਰ ਨੇ ਕੰਬਲ ਨੂੰ ਹੱਥ ਲਾਇਆ ਤਾਂ ਬਿਸਮਿੱਲਾ ਪੜ੍ਹ ਕੇ ਕੰਬਲ ਦੀ ਇਕ ਕੰਨੀ ਮੂੰਹ 'ਚ ਪਾ ਕੇ ਕਹਿਣ ਲੱਗਾ, "ਸੂਜੀ ਦਾ ਕੜਾਹ ਹੋਵੇ ਤਾਂ ਅਜਿਹਾ ਹੋਵੇ ਕਿ ਜਦੋਂ ਜੀਅ ਕੀਤਾ, ਉਤੇ ਲੈ ਲਿਆ, ਜੀ ਕੀਤਾ ਤਾਂ ਖਾ ਲਿਆ।"

ਕਰਮੂ ਮਿਲਣ ਵਾਲਿਆਂ ਨੂੰ ਆਪ ਦੱਸਦਾ ਰਿਹਾ, "ਪੂਰੇ ਇਕ ਸੌ ਦਾ ਏ। ਨਿਰਾ ਸੁਹਣਾ ਈ ਨਹੀਂ, ਅੰਦਰੋਂ ਵੀ ਬੜਾ ਗੁਣੀ ਏ। ਪੋਹ ਦੀ ਠੰਢ ਵਿਚ ਵੀ ਮੁੜ੍ਹਕਾ ਆ ਜਾਂਦਾ ਏ। ਖ਼ੁਦਾ ਦੀ ਕਸਮ।"

ਸਾਰੇ ਪਿੰਡ ਵਿਚ ਉਸ ਕੰਬਲ ਦੀ ਚਰਚਾ ਹੋਣ ਲੱਗੀ। ਗੱਲ ਚੌਧਰੀ ਤਕ ਵੀ ਅਪੜੀ ਪਰ ਇਸ ਤਰ੍ਹਾਂ ਕਿ ਕਰਮੂ ਕਹਿ ਰਿਹਾ ਸੀ,"ਅਜਿਹਾ ਕੰਬਲ ਤਾਂ ਚੌਧਰੀ ਨੂੰ ਵੀ ਨਸੀਬ ਨਹੀਂ ਹੋਣਾ।" ਇਸ 'ਤੇ ਚੌਧਰੀ ਇੰਜ ਮੁਸਕਰਾਇਆ ਜਿਵੇਂ ਕਿਸੇ ਨੇ ਖ਼ਰਬੂਜ਼ੇ ਦਾ ਇਕ ਸਿਰਾ ਛੁਰੀ ਨਾਲ ਚੀਰ ਦਿੱਤਾ ਹੋਵੇ। ਕਰਮੂ ਦੇ ਵਤੀਰੇ ਨੇ ਚੌਧਰੀ ਨੂੰ ਸਿਆਸਤਦਾਨ ਬਣਾ ਦਿੱਤਾ ਸੀ। ਇਕ ਦਿਨ ਕਰਮੂ ਇਸ ਕੰਬਲ ਦੀ ਬੁੱਕਲ ਮਾਰ ਕੇ ਚੌਧਰੀ ਦੇ ਦਾਰੇ ਦੀ ਗਲੀ ਵਿਚੋਂ ਲੰਘਿਆ ਤਾਂ ਚੌਧਰੀ ਆਪਣੇ ਬੰਦਿਆਂ ਨਾਲ ਬੈਠਾ ਧੁੱਪ ਸੇਕ ਰਿਹਾ ਸੀ। ਕਰਮੂ ਨੂੰ ਸੱਦਿਆ ਤੇ ਉਹਦੇ ਕੰਬਲ ਉਤੇ ਹੱਥ ਫੇਰ ਕੇ ਕਿਹਾ, "ਕਿੱਥੋਂ ਮਾਰਿਆ ਈ?"

ਕਰਮੂ ਸਿਲ 'ਤੇ ਬਹਿ ਗਿਆ, "ਭਾਗ ਲੱਗੇ ਰਹਿਣ! ਮੈਂ ਤਾਂ ਸਾਰੀ ਉਮਰ ਇਕ ਤਰਿੱਡੀ ਵੀ ਨਹੀਂ ਮਾਰੀ, ਕੰਬਲ ਕਿੱਥੋਂ ਮਾਰਾਂਗਾ? ਫੇਰ ਕੰਬਲ ਵੀ ਅਜਿਹਾ ਕਿ ਤੁਸਾਂ ਹੱਥ ਲਾਇਆ ਤਾਂ ਮੈਂ ਤੁਹਾਡੇ ਲੂੰ ਕੰਡੇ ਖੜ੍ਹੇ ਹੁੰਦੇ ਵੇਖੇ।"

ਚੌਧਰੀ ਦਾ ਚਿਹਰਾ ਇਸ ਤਰ੍ਹਾਂ ਹੋ ਗਿਆ ਜਿਵੇਂ ਉਹਦੀ ਚੋਰੀ ਫੜੀ ਗਈ ਹੋਵੇ। ਖ਼ਰਬੂਜ਼ੇ ਨੂੰ ਇਕ ਹੋਰ ਚੀਰ ਆ ਗਿਆ। ਚੌਧਰੀ ਨੇ ਕਿਹਾ, "ਚਲੋ, ਮਾਰਿਆ ਨਹੀਂ ਤਾਂ ਲਿਆ ਕਿੱਥੋਂ?"

ਕਰਮੂ ਨੇ ਜਵਾਬ ਵਿਚ ਪਲ ਕੁ ਦੀ ਦੇਰ ਕੀਤੀ। ਉਹਦੀਆਂ ਅੱਖਾਂ ਚਮਕੀਆਂ। ਆਪਣੇ ਪੁੱਤਰ ਦੀ ਚਰਚਾ ਵੇਲੇ ਹਮੇਸ਼ਾ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਹਦੀਆਂ ਪੁਤਲੀਆਂ ਵਿਚ ਰੱਖੇ ਹੋਏ ਦੀਵਿਆਂ ਦੀਆਂ ਲਾਟਾਂ ਬਲ ਪੈਣ। "ਕਾਲਾਸ਼ਾਹ ਕਾਕੂ ਵਿਚ ਮੇਰਾ ਪੁੱਤਰ ਏ ਨਾ ਸਰਫ਼ਰਾਜ਼..."

"ਹਾਂ, ਓਹ ਸਰਫ਼ਾ!" ਚੌਧਰੀ ਨੇ ਕਰਮੂ ਦੀ ਗ਼ਲਤੀ ਸੁਧਾਰੀ।

"ਹਾਂ ਜੀ, ਉਹ ਈ ਸਰਫ਼ਰਾਜ਼," ਕਰਮੂ ਨੇ ਆਪਣੀ ਗ਼ਲਤੀ ਦੀ ਸੋਧ ਵੱਲ ਕੋਈ ਧਿਆਨ ਦਾ ਦਿੱਤਾ, "ਉਹ ਆਖਣ ਲੱਗਾ, ਬਾਬਾ ਇਸ ਵਾਰੀ ਇਥੋਂ ਇਕ ਚੰਗੀ ਜਿਹੀ ਜੁੱਤੀ ਲੈ ਜਾ। ਮੈਂ ਕਿਹਾ ਪੁੱਤਰ, ਜੁੱਤੀਆਂ ਓਧਰ ਪਿੰਡ ਵਿਚ ਬਹੁਤ ਨੇ, ਕੁਝ ਹੋਰ ਲਿਆ ਦੇ, ਕੋਈ ਤੋਹਫ਼ਾ। ਉਹ ਇਹ ਕੰਬਲ ਲੈ ਆਇਆ। ਮਲੇਸ਼ੀਆ ਵਿਚ ਉਹਦੇ ਕਿਸੇ ਦੋਸਤ ਦਾ ਪਿਉ ਰਹਿੰਦਾ ਏ। ਉਹ ਇਹ ਕੰਬਲ ਆਪਣੇ ਪੁੱਤਰ ਲਈ ਲਿਆਇਆ ਸੀ। ਸਰਫ਼ਰਾਜ਼ ਨੇ ਮੇਰੇ ਲਈ ਉਸ ਤੋਂ ਖ਼ਰੀਦ ਲਿਆ।"

ਚੌਧਰੀ ਨੇ ਕਿਹਾ, "ਵੇਖ ਕਰਮੂ, ਜੇਕਰ ਮੈਂ ਕਹਾਂ ਕਿ ਇਹ ਕੰਬਲ ਮੈਨੂੰ ਚਾਹੀਦਾ ਏ...ਤਾਂ?"

"ਤੇ ਲੈ ਲਓ ਨਾ, ਭਾਗ ਲੱਗੇ ਰਹਿਣ!" ਕਰਮੂ ਨੇ ਤੁਰੰਤ ਜਵਾਬ ਦਿੱਤਾ-"ਸਰਫ਼ਰਾਜ਼ ਪੁੱਛੇਗਾ ਤਾਂ ਕਹਿ ਦਿਆਂਗਾ ਚੋਰ ਲੈ ਗਏ।"

ਚੌਧਰੀ ਨੇ ਕਰਮੂ ਦੀ ਗੱਲ ਨੂੰ ਹਾਸੇ ਵਿਚ ਗਵਾਉਣਾ ਚਾਹਿਆ ਪਰ ਸਾਫ਼ ਪਤਾ ਲੱਗਦਾ ਸੀ ਕਿ ਇਸ ਹਾਸੇ ਦਾ ਫੇਫੜਿਆਂ ਨਾਲ ਕੋਈ ਸਬੰਧ ਨਹੀਂ ਸੀ। ਫੇਰ ਵੀ ਉਹ ਇਕਦਮ ਗੰਭੀਰ ਹੋ ਕੇ ਬੋਲਿਆ, "ਇਹਦਾ ਕੀ ਕਰੇਂਗਾ?"

"ਕੁਝ ਵੀ ਨਹੀਂ, ਭਾਗ ਲੱਗੇ ਰਹਿਣ!" ਕਰਮੂ ਦੀ ਆਵਾਜ਼ ਵਿਚ ਬੜੀ ਬੇਪ੍ਰਵਾਹੀ ਸੀ। ਬੜਾ ਠਰ੍ਹੰਮਾ ਸੀ।

"ਪਰ ਮੈਂ ਮੁਫ਼ਤ ਨਹੀਂ ਲਵਾਂਗਾ," ਚੌਧਰੀ ਨੇ ਕਿਹਾ,"ਇਹ ਸਾਡੀ ਖ਼ਾਨਦਾਨੀ ਆਦਤ ਏ ਕਿ ਅਸੀਂ ਮੁਫ਼ਤ ਚੀਜ਼ਾਂ ਦਿੰਦੇ ਹਾਂ, ਲੈਂਦੇ ਨਹੀਂ। ਤੂੰ ਤਾਂ ਜਾਣਦਾ ਈ ਏਂ। ਤੈਨੂੰ ਉਮਰ ਭਰ ਦਾ ਤਜਰਬਾ ਏ।"

"ਹਾਂ ਜੀ," ਕਰਮੂ ਨੇ ਕਿਹਾ, "ਪਰ ਕਦੀ ਕਦੀ ਲੈਣ ਵਾਲੇ 'ਤੇ ਦੇਣ ਦਾ ਵੇਲਾ ਵੀ ਆ ਜਾਂਦਾ ਏ। ਲੈ ਲਓ ਨਾ, ਸਰਫ਼ਰਾਜ਼ ਮੈਨੂੰ ਹੋਰ ਘੱਲ ਦੇਗਾ।"

"ਨਹੀਂ ਕਰਮੂ," ਚੌਧਰੀ ਬੋਲਿਆ, "ਤੂੰ ਸਾਡਾ ਮਰਾਸੀ ਏਂ। ਤੇਰੇ ਪਿਉ-ਦਾਦੇ ਨੇ ਸਾਡੇ ਬਜ਼ੁਰਗਾਂ ਦੀਆਂ ਜੁੱਤੀਆਂ ਝਾੜੀਆਂ ਨੇ। ਮੰਗ ਕੀ ਮੰਗਦਾ ਏਂ ਇਸ ਕੰਬਲ ਦਾ! ਸਰਫ਼ੇ ਨੇ ਤੈਨੂੰ ਦੱਸਿਆ ਤਾਂ ਹੋਣਾ ਈ ਏ, ਪਈ ਇਸ ਕੰਬਲ ਦੇ ਕਿੰਨੇ ਰੁਪਏ ਦਿੱਤੇ ਸਨ।"

"ਹਾਂ ਜੀ, ਸਰਫ਼ਰਾਜ਼ ਨੇ ਦੱਸਿਆ ਤਾਂ ਸੀ!" ਕਰਮੂ ਦੀ ਆਵਾਜ਼ ਵਿਚ ਯੋਜਨਾ ਬਣਾਉਣ ਦੀ ਡੂੰਘਾਈ ਸੀ। ਫੇਰ ਉਹ ਇਕ ਨਿਰਣੇ 'ਤੇ ਪਹੁੰਚ ਕੇ ਮੁਸਕਰਾਉਂਦਾ ਹੋਇਆ ਬੋਲਿਆ, "ਕੰਬਲ ਦੂਜੇ ਦੇਸ਼ ਦਾ ਏ ਨਾ ਜੀ, ਮੈਂ ਆਖਿਆ ਵੀ ਸਰਫ਼ਰਾਜ਼ ਨੂੰ ਪਈ ਇੰਨੀਆਂ ਫ਼ਜ਼ੂਲ ਖ਼ਰਚੀਆਂ ਨਾ ਕਰਿਆ ਕਰ। ਕਹਿਣ ਲੱਗਾ-ਕੋਈ ਵੀ ਚੀਜ਼ ਮੇਰੇ ਬਾਪ ਨਾਲੋਂ ਮਹਿੰਗੀ ਨਹੀਂ। ਤੁਸੀਂ ਠੀਕ ਆਖਦੇ ਸੀ, ਸਿੱਖਿਆ ਨੇ ਮੁੰਡਿਆਂ ਦੇ ਦਿਮਾਗ ਵਗਾੜ ਦਿੱਤੇ ਨੇ। ਕੀਮਤ ਕੁਝ ਜ਼ਿਆਦਾ ਈ ਏ-ਭਾਗ ਲੱਗੇ ਰਹਿਣ!"

"ਮਤਲਬ ਇੰਨੀ ਜ਼ਿਆਦਾ ਏ ਕਿ ਸਿਰਫ਼ ਮਰਾਸੀ ਦੇ ਸਕਦਾ ਏ ਅਤੇ ਮੈਂ ਨਹੀਂ ਦੇ ਸਕਦਾ?"

ਚੌਧਰੀ ਆਪਣਾ ਗੁੱਸਾ ਛੁਪਾਉਣ ਦੇ ਜਤਨ ਦੇ ਬਾਵਜੂਦ ਛੁਪਾ ਨਾ ਸਕਿਆ,"ਦੱਸ ਕਿੰਨੇ ਦਾ ਆਇਆ ਏ? ਪੰਜਾਹ, ਸੌ, ਦੋ ਸੌ, ਤਿੰਨ ਸੌ...ਕਿੰਨੇ ਦਾ ਏ?"

"ਤਿੰਨ ਸੌ ਨਹੀਂ ਜੀ," ਕਰਮੂ ਨੇ ਚੌਧਰੀ ਦੇ ਮੁਨਸ਼ੀ ਵੱਲ ਉਸੇ ਤਰ੍ਹਾਂ ਈ ਵੇਖਿਆ ਜਿਸ ਤਰ੍ਹਾਂ ਜੁੱਤੀਆਂ ਮਾਰਨ ਤੋਂ ਪਹਿਲਾਂ ਮੁਨਸ਼ੀ ਨੇ ਕਰਮੂ ਨੂੰ ਵੇਖਿਆ ਸੀ। ਕੁਲ ਦੋ ਸੌ ਬਾਠ੍ਹਾਂ ਦਾ ਆਇਆ ਏ।" ਉਹਨੇ ਪ੍ਰਸ਼ੰਸਾ ਪ੍ਰਾਪਤੀ ਵਾਲੀ ਨਜ਼ਰ ਨਾਲ ਲੋਕਾਂ ਵੱਲ ਝਾਕਿਆ।

"ਅਤੇ ਇੰਨੀ ਰਕਮ ਤੇਰੇ ਪੁੱਤਰ ਨੇ ਤਾਰ ਦਿੱਤੀ?"




(ਬਾਕੀ ਸਫ਼ਾ 37 'ਤੇ)

# 1947:ਦਰਦ ਦੇ ਦਰਿਆ ਦਾ ਦੌਰ

***1947 ਦਾ ਦਰਦ ਪੰਜਾਬੀਆਂ ਦੇ ਸੀਨਿਆਂ ਨੂੰ ਸਦਾ-ਸਦਾ ਲਈ ਜ਼ਖ਼ਮੀ ਕਰ ਚੁੱਕਾ ਹੈ। ਹੁਣ ਦੀ ਪੀੜ੍ਹੀ ਦਾ ਇਹ ਸਵਾਲ ਬਿਲਕੁਲ ਜਾਇਜ਼ ਹੈ ਕਿ ਜੇ ਉਸ ਵੇਲੇ ਇੰਨੀ ਕਤਲ-ਓ-ਗ਼ਾਰਤ ਹੋਈ ਤਾਂ ਹਰ ਸਾਲ ਆਜ਼ਾਦੀ ਦੇ ਜਸ਼ਨ ਕਿਉਂ ਮਨਾਏ ਜਾਂਦੇ ਹਨ? ਘੱਟੋ-ਘੱਟ ਸਾਨੂੰ ਪੰਜਾਬੀਆਂ ਨੂੰ ਤਾਂ ਮਾਤਮ ਮਨਾਉਣਾ ਚਾਹੀਦਾ ਹੈ! ਕੈਨੇਡਾ ਵਿਚ ਵਸਦੇ ਮਾਸਟਰ ਬਚਿੱਤਰ ਸਿੰਘ ਨੇ ਆਪਣੀ ਆਤਮਕਥਾ 'ਸੂਰਜ ਚੜ੍ਹਨ ਤੋਂ ਪਹਿਲਾਂ' ਦੀ ਸ਼ੁਰੂਆਤ ਇਸ ਲੇਖ ਨਾਲ ਕੀਤੀ ਹੈ ਜਿਸ ਵਿਚ 1947 ਦੇ ਉਜਾੜੇ ਦੇ ਨਾਲ-ਨਾਲ ਇਹ ਉਚੇਚਾ ਜ਼ਿਕਰ ਕੀਤਾ ਹੈ ਕਿ ਸੂਫ਼ੀ ਫ਼ਕੀਰ ਬਾਬਾ ਸ਼ੇਖ਼ ਫ਼ਰੀਦ ਦੀ ਵਰੋਸਾਈ ਧਰਤੀ ਦੇ ਲੋਕਾਂ ਵਿਚ ਮਜ਼੍ਹਬੀ ਕੁੜੱਤਣ ਨਹੀਂ ਸੀ ਜਿਸ ਨਾਲ ਉਸ ਇਲਾਕੇ ਵਿਚ ਮਾਰ-ਧਾੜ ਤੋਂ ਬਚਾਅ ਰਿਹਾ। -ਸੰਪਾਦਕ***

**ਮਾਸਟਰ ਬਚਿੱਤਰ ਸਿੰਘ**

ਪਿੰਡ ਜਿਥੇ ਕੁਝ ਘੜੀਆਂ ਪਹਿਲਾਂ ਹਰ ਪਾਸੇ ਚਹਿਲ-ਪਹਿਲ ਸੀ, ਹੁਣ ਜਿਵੇਂ ਕੋਈ ਭਾਵੀ ਵਰਤ ਗਈ ਹੋਵੇ। ਚਾਰ-ਚੁਫ਼ੇਰੇ ਚੁੱਪਚਾਨ ਸੀ। ਕਿਸੇ ਘਰ ਵਿਚ ਨਾ ਕੋਈ ਚੁੱਲ੍ਹਾ ਤਪਦਾ, ਨਾ ਖਾਣਾ ਪੱਕਦਾ ਅਤੇ ਨਾ ਧੂੰਆਂ ਉਪਰ ਨੂੰ ਉਠ ਕੇ ਦੂਰ ਕਿਸੇ ਮਨੁੱਖੀ ਬਸਤੀ ਤੇ ਆਬਾਦੀ ਦੀ ਨਿਸ਼ਾਨਦੇਹੀ ਕਰ ਰਿਹਾ ਸੀ। ਕੋਠਿਆਂ 'ਤੇ ਚੜ੍ਹੇ ਪਤੰਗ ਉਡਾਉਣ ਵਾਲੇ ਬਾਲ ਪੇਚੇ ਲੜਾਉਂਦੇ ਤੇ ਸ਼ੋਰ ਮਚਾਉਂਦੇ ਸਨ। ਜਦੋਂ ਕੋਈ ਪਤੰਗ ਕਟ ਜਾਂਦੀ ਤੇ ਥੱਲੇ ਨੂੰ ਡਿੱਗਣਾ ਸ਼ੁਰੂ ਕਰਦੀ ਸੀ, ਉਸ ਦੇ ਧਰਤੀ 'ਤੇ ਟਿਕਾਣਾ ਮੱਲਣ ਤੋਂ ਪਹਿਲਾਂ ਪੰਜ-ਸੱਤ ਮੁੰਡੇ ਵਾਹੋ-ਦਾਹੀ ਦੌੜਦੇ ਹੋਏ ਇਕ-ਦੂਜੇ ਤੋਂ ਅੱਗੇ ਹੋ ਕੇ ਪਤੰਗ ਲੁੱਟਣ ਦਾ ਉਪਰਾਲਾ ਕਰਦੇ ਸਨ। ਜੋ ਪਹਿਲਾਂ ਹੱਥ ਪਾ ਲੈਂਦਾ, ਇੰਜ ਸਮਝਦਾ ਸੀ ਜਿਵੇਂ ਉਸ ਨੇ ਜਮਰੌਦ ਦੇ ਕਿਲੇ 'ਤੇ ਕਬਜ਼ਾ ਕਰ ਲਿਆ ਹੋਵੇ! ਪਰ ਅੱਜ ਨਾ ਕੋਠਿਆਂ 'ਤੇ ਕੋਈ ਬਾਲ ਸਨ ਤੇ ਨਾ ਆਸਮਾਨ ਵਿਚ ਕੋਈ ਪਤੰਗ।

ਪਿੰਡ ਦੇ ਖੂਹ 'ਤੇ ਪਾਣੀ ਭਰਨ ਆਈਆਂ ਕੁੜੀਆਂ ਜੋ ਲੱਜ ਨਾਲ ਲਟਕਦਾ ਤੇ ਪਾਣੀ ਭਰਿਆ ਡੋਲ ਡੌਲਿਆਂ ਦੇ ਪੂਰੇ ਜ਼ੋਰ ਨਾਲ ਖਿੱਚ ਕੇ ਅਤੇ ਆਪੋ-ਆਪਣੀਆਂ ਗਾਗਰਾਂ ਤੇ ਘੜੇ ਭਰ ਕੇ ਇਕ ਸਿਰ 'ਤੇ, ਦੂਜਾ ਢਾਕ 'ਤੇ ਟਿਕਾ ਕੇ ਅਨੋਖੀ ਚਾਲ ਨਾਲ ਘਰਾਂ ਨੂੰ ਮੁੜਦੀਆਂ ਸਨ, ਅੱਜ ਉਨ੍ਹਾਂ ਵਿਚੋਂ ਨਾ ਕੋਈ ਖੂਹ ਵੱਲ ਜਾ ਰਹੀ ਸੀ ਤੇ ਨਾ ਹੀ ਆ ਰਹੀ ਸੀ। ਪਿੰਡ ਦਾ ਖੂਹ ਸੁੰਨਸਾਨ ਅਤੇ ਉਦਾਸ ਜਿਹਾ ਜਾਪਦਾ ਸੀ। ਉਹ ਆਪਣੇ ਆਪ ਨੂੰ ਇਸ ਦੁਨੀਆਂ ਵਿਚ ਵਿਅਰਥ ਹੋ ਚੁੱਕੀ ਵਸਤੂ ਸਮਝ ਰਿਹਾ ਸੀ। ਪਿੰਡ ਦਾ ਖਰਾਸ ਜਿਥੇ ਪਿੰਡ ਦੇ ਸਾਰੇ ਲੋਕ ਦਿਨ-ਰਾਤ ਆਟਾ ਪਿਹਾਉਂਦੇ ਸਨ ਤੇ ਜਿਥੋਂ ਬਲਦਾਂ ਦੇ ਘੁੰਗਰੂਆਂ ਦੀ ਛਣਕਾਰ ਸਾਰੇ ਪਿੰਡ ਵਿਚ ਸੁਣਦੀ ਸੀ, ਜਿਵੇਂ ਕੋਈ ਸਾਜ਼ ਕਿਸੇ ਤਾਲ ਵਿਚ ਵੱਜ ਰਿਹਾ ਹੋਵੇ। ਨਾਲ ਹੀ ਬੂੜੀਆਂ ਦੀ ਟੱਕ-ਟੱਕ ਸੁਮੇਲ ਕਰਦੀ ਹੋਈ ਪਿੰਡ ਦੇ ਵਾਤਾਵਰਨ ਨੂੰ ਨਿਰਾਲੇ ਸਾਜ਼ ਸੰਗੀਤ ਦੀ ਗਲਵੱਕੜੀ ਵਿਚ ਕੱਸਦਿਆਂ ਹੋਇਆਂ, ਮਿਠਾਸ ਭਰਿਆ ਤੇ ਨਿੱਘਾ ਬਣਾਉਂਦੀ ਸੀ। ਉਸ ਖਰਾਸ ਦੇ ਅੱਜ ਬੁੱਲ੍ਹ ਸੀਤੇ ਗਏ ਸਨ ਤੇ ਉਹ ਜਿਊਂਦਾ-ਜਾਗਦਾ ਨਹੀਂ ਰਹਿ ਗਿਆ ਸੀ ਜਿਵੇਂ ਮਨੁੱਖਤਾ ਨਾਲੋਂ ਰਿਸ਼ਤਾ ਟੁੱਟ ਜਾਣ ਨਾਲ ਉਸ ਦਾ ਸਾਹ ਹੀ ਰੁਕ ਗਿਆ ਹੋਵੇ।

ਜਿਥੋਂ ਸਭ ਰੌਣਕਾਂ ਵਿਦਾ ਹੋ ਗਈਆਂ ਸਨ, ਉਸ ਉਜੜ ਚੁੱਕੇ ਪਿੰਡ ਦੇ ਖ਼ਾਲੀ ਘਰ ਮੂੰਹ ਅੱਡੀ ਖੜ੍ਹੇ ਸਨ ਜਿਵੇਂ ਉਹ ਕਿਸੇ ਆਦਮੀ ਨੂੰ ਨਿਗਲ ਜਾਣਾ ਚਾਹੁੰਦੇ ਹੋਣ ਅਤੇ ਜਿਨ੍ਹਾਂ ਨੂੰ ਤੱਕ ਕੇ ਆਦਮੀ ਦਾ ਦਮ ਹੀ ਘੁੱਟ ਜਾਏ-ਇਕ ਆਦਮ ਜਾਤ ਇਕ ਇਨਸਾਨ ਅਜੇ ਵੀ ਇਥੇ ਰਹਿ ਗਿਆ ਸੀ। ਭਲਾ ਇਹ ਕੌਣ ਸੀ ਤੇ ਇਸ ਉਦਾਸੀ ਭਰੇ ਤੇ ਭਿਆਨਕ ਚੁਗਿਰਦੇ ਵਿਚ ਘਿਰਿਆ ਇਕੱਲਾ ਕੀ ਕਰ ਰਿਹਾ ਸੀ?

ਸਾਰੇ ਪਿੰਡ ਦੇ ਚਲੇ ਜਾਣ ਬਾਅਦ ਇਕੱਲੀ ਜਾਨ ਨੂੰ ਲੈ ਕੇ ਇਸ ਦਾ ਪਿੱਛੇ ਰਹਿ ਜਾਣਾ ਉਸ ਦੀ ਆਪਣੀ ਚੋਣ ਨਹੀਂ ਸੀ। 15 ਅਗਸਤ 1947 ਵਾਲੇ ਦਿਨ ਦੇਸ਼ ਦੀ ਵੰਡ ਹੋ ਚੁੱਕੀ ਸੀ ਅਤੇ ਇਕ ਦੇਸ਼ ਤੋਂ ਦੋ ਬਣ ਚੁੱਕੇ ਸਨ। ਲੋਕ ਆਪਣੀ ਆਪਣੀ ਸਲਾਮਤੀ ਤੇ ਸੁਰੱਖਿਆ ਨੂੰ ਮੁੱਖ ਰੱਖ ਕੇ ਇਕ ਦੇਸ਼ ਤੋਂ ਦੂਜੇ ਮੁਲਕ ਵੱਲ ਵਹੀਰਾਂ ਘੱਤੀ ਜਾ ਰਹੇ ਸਨ। ਇਹ ਜ਼ਿਲਾ ਮਿੰਟਗੁਮਰੀ ਜਾਂ ਸਾਹੀਵਾਲ ਭਾਵ ਗੰਜੀ ਬਾਰ ਦਾ ਇਕ ਪਿੰਡ ਸੀ ਜੋ ਨਿਰੋਲ ਗ਼ੈਰ-ਮੁਸਲਿਮ ਆਬਾਦੀ, ਦੂਜੇ ਸ਼ਬਦਾਂ ਵਿਚ ਹਿੰਦੂ-ਸਿੱਖਾਂ ਦਾ ਪਿੰਡ ਸੀ। ਉਸ ਦਿਨ ਪਾਕਿਸਤਾਨ ਬਣ ਚੁੱਕੇ ਨੂੰ ਸਤਾਰਾਂ ਦਿਨ ਹੋ ਗਏ ਸਨ ਅਤੇ ਸਤੰਬਰ ਦਾ ਮਹੀਨਾ ਆ ਗਿਆ ਸੀ। ਲੋਕਾਂ ਦਾ ਆਪਣੀਆਂ ਜ਼ਮੀਨਾਂ ਅਤੇ ਘਰ-ਬਾਰ ਛੱਡ ਕੇ ਜਾਣ ਨੂੰ ਜੀਅ ਨਹੀਂ ਸੀ ਕਰਦਾ ਪਰ ਇਹ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਰਹਿ ਗਈ ਸੀ। ਉਸ ਦਿਨ ਤੜਕੇ ਚਾਰ ਵਜੇ ਅਫ਼ਵਾਹ ਫੈਲ ਗਈ ਸੀ ਕਿ ਭਾਰੀ ਗਿਣਤੀ ਵਿਚ ਲੁਟੇਰੇ ਪਿੰਡ ਤੋਂ ਬਾਹਰ ਫ਼ਸਲਾਂ ਵਿਚ ਆ ਕੇ ਇਕੱਠੇ ਹੋ ਰਹੇ ਹਨ। ਭਾਨ ਨੇ ਆਪਣੇ ਪਰਿਵਾਰ, ਪਿਤਾ, ਭੈਣ ਤੇ ਭਰਾ ਨਾਲ ਸਲਾਹ ਕਰ ਕੇ ਅਤੇ ਉਨ੍ਹਾਂ ਨੂੰ ਗੱਡੇ 'ਤੇ ਬਿਠਾ ਕੇ, ਕੁਝ ਆਟਾ-ਦਾਣਾ ਤੇ ਜ਼ਰੂਰੀ ਕੱਪੜੇ ਆਦਿ ਰੱਖ ਕੇ ਗੱਡੇ ਨੂੰ ਆਪਣੇ ਰਿਸ਼ਤੇਦਾਰਾਂ ਦੇ ਪਿੰਡ ਵੱਲ ਜਿਸ ਦੇ ਆਲੇ-ਦੁਆਲੇ ਸਿੱਖ ਆਬਾਦੀ ਦੇ ਪਿੰਡ ਸਨ, ਤੋਰ ਦਿੱਤਾ। ਦੋ ਬਲਦ ਜੋ ਬਹੁਤ ਤਕੜੇ ਅਤੇ ਤੇਜ਼ ਦੌੜਨ ਵਾਲੇ ਸਨ, ਗੱਡੇ ਨੂੰ ਜੋਏ ਗਏ ਅਤੇ ਦੋ ਪਿੱਛੇ ਬੰਨ੍ਹ ਲਏ ਗਏ। ਗੱਡਾ ਚਲ ਪਿਆ। ਭਾਨ ਆਪ ਪਿੱਛੇ ਰਿਹਾ ਕਿਉਂਕਿ ਪਿੰਡ ਅਜੇ ਮੌਜੂਦ ਸੀ ਅਤੇ ਜੇ ਲੁਟੇਰਿਆਂ ਨੇ ਹਮਲਾ ਕਰ ਦਿੱਤਾ ਤਾਂ ਉਹ ਪਿੰਡ ਦੇ ਬਚਾਓ ਲਈ ਦੂਜਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜ ਸਕੇਗਾ।

ਸਵੇਰੇ ਸੂਰਜ ਨਿਕਲਦਿਆਂ ਹੀ ਭਾਰਤੀ ਫ਼ੌਜੀ ਗੱਡੀ ਆ ਗਈ ਤੇ ਉਨ੍ਹਾਂ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਅੱਧੇ ਘੰਟੇ ਦੇ ਅੰਦਰ ਅੰਦਰ ਤੁਰਨ ਲਈ ਤਿਆਰ ਹੋ ਜਾਓ। ਲੋਕ ਬੱਚਿਆਂ ਨੂੰ ਗੱਡਿਆਂ 'ਤੇ ਬਿਠਾ ਕੇ ਤੁਰੰਤ ਤੁਰ ਪਏ ਸਨ ਪਰ ਭਾਨ ਤਾਂ ਪਿੰਡ ਦੇ ਨਾਲ ਨਹੀਂ ਸੀ ਜਾ ਸਕਦਾ ਕਿਉਂਕਿ ਉਸ ਦਾ ਪਰਿਵਾਰ ਤਾਂ ਚੱਕ 151 ਨੂੰ ਚਲਾ ਗਿਆ ਸੀ ਜੋ ਇਸ ਪਿੰਡ ਤੋਂ ਇਕ ਮੀਲ ਪੱਛਮ ਦੀ ਦਿਸ਼ਾ ਵਿਚ ਸੀ। ਪਰਿਵਾਰ ਦੇ ਇਨ੍ਹਾਂ ਤਿੰਨਾਂ ਜੀਆਂ ਦੀ ਖ਼ਾਤਰ ਹੀ ਉਹ ਆਪ ਭਾਰਤ ਪਹੁੰਚ ਕੇ ਫਿਰ ਵਾਪਸ ਆ ਗਿਆ ਸੀ। ਉਹ ਉਸ ਸਮੇਂ ਖਾਨੇਵਾਲ ਜ਼ਿਲਾ ਮੁਲਤਾਨ ਦੇ ਇਕ ਹਾਈ ਸਕੂਲ ਵਿਚ ਟੀਚਰ ਲੱਗਾ ਹੋਇਆ ਸੀ। ਜੁਲਾਈ ਦੇ ਮਹੀਨੇ ਗਰਮੀ ਦੀਆਂ ਛੁੱਟੀਆਂ ਵਿਚ ਉਹ ਦੁਆਬੇ ਦੇ ਇਲਾਕੇ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ ਆਪਣੇ ਰਿਸ਼ਤੇਦਾਰਾਂ ਤੇ ਸੱਜਣਾਂ-ਮਿੱਤਰਾਂ ਨੂੰ ਮਿਲਣ ਆ ਗਿਆ ਸੀ। ਕੁਝ ਦਿਨਾਂ ਲਈ ਉਹ ਆਪਣੇ ਜੱਦੀ ਪਿੰਡ ਗਾਲੋਵਾਲ-ਬਾਘਾ ਜ਼ਿਲਾ ਹੁਸ਼ਿਆਰਪੁਰ ਠਹਿਰਿਆ ਹੋਇਆ ਸੀ ਜਿਥੇ ਉਸ ਦੇ ਦਾਦੇ-ਪੜਦਾਦੇ ਰਹਿੰਦੇ ਸਨ। ਉਸ ਦਾ ਬਾਬਾ ਹਰਨਾਮ ਸਿੰਘ ਪਿੰਡ ਵਿਚ ਇਕੋ-ਇਕ ਪੜ੍ਹਿਆ-ਲਿਖਿਆ ਬੰਦਾ ਸੀ ਪਰ ਉਹ ਕਿਸੇ ਸਕੂਲ ਵਿਚ ਨਹੀਂ ਸੀ ਪੜ੍ਹਿਆ ਕਿਉਂਕਿ ਸਕੂਲ ਤਾਂ ਨੇੜੇ-ਤੇੜੇ ਕਿਤੇ ਹੈ ਹੀ ਨਹੀਂ ਸੀ। ਗਾਲੋਵਾਲ ਮੁਸਲਿਮ ਰਾਜਪੂਤਾਂ ਦਾ ਪਿੰਡ ਸੀ ਅਤੇ ਪਿੰਡ ਬਾਘਾ ਨਾਲ ਜੁੜਿਆ ਹੋਇਆ ਸੀ। ਇਕ ਗਲੀ ਦੋਹਾਂ ਪਿੰਡਾਂ ਨੂੰ ਜੁਦਾ ਕਰਦੀ ਸੀ। ਗਾਲੋਵਾਲ ਵਿਚ ਚੌਧਰੀ ਬਾਜੇ ਖ਼ਾਂ ਮਸੀਤ ਵਿਚ ਮੁੰਡਿਆਂ ਨੂੰ ਮੁਫ਼ਤ ਵਿਦਿਆ ਦਿਆ ਕਰਦੇ ਸਨ। ਹਰਨਾਮ ਸਿੰਘ ਨੇ ਇਸੇ ਮਸੀਤ ਵਿਚ ਚੌਧਰੀ ਬਾਜੇ ਖ਼ਾਂ ਦਾ ਸ਼ਾਗਿਰਦ ਰਹਿ ਕੇ ਉਰਦੂ ਤੇ ਫ਼ਾਰਸੀ ਲਿਖਣੀ-ਪੜ੍ਹਨੀ ਸਿੱਖੀ। ਇਥੋਂ ਤਕ ਕਿ ਸ਼ੇਖ਼ ਸਾਅਦੀ ਜੋ ਫ਼ਾਰਸੀ ਬੋਲੀ ਦੇ ਸਭ ਤੋਂ ਮਸ਼ਹੂਰ ਸ਼ਾਇਰ ਗਿਣੇ ਜਾਂਦੇ ਹਨ, ਦੀਆਂ ਲਿਖਤਾਂ 'ਗੁਲਸਿਤਾਂ ਬੋਸਤਾਂ' ਵੀ ਹਰਨਾਮ ਸਿੰਘ ਨੇ ਪੜ੍ਹੀਆਂ। ਸਾਰੇ ਪਿੰਡ ਦਾ ਚਿੱਠੀ-ਪੱਤਰ ਹਰਨਾਮ ਸਿੰਘ ਬਤੌਰ ਸਮਾਜ ਸੇਵਾ ਦੇ ਕਰਿਆ ਕਰਦਾ ਸੀ। ਉਹ ਬਹੁਤ ਮਿਹਨਤੀ ਕਿਸਾਨ ਸੀ ਜਿਸ ਦੀ ਕੇਵਲ ਚਾਰ ਏਕੜ ਜ਼ਮੀਨ ਸੀ। ਪਿੰਡ ਬਾਘਾ ਵਿਚ ਬਹੁਗਿਣਤੀ ਕਿਸਾਨਾਂ ਦੀ ਜ਼ਮੀਨ ਲਗਪਗ ਚਾਰ-ਪੰਜ ਏਕੜ ਹੀ ਸੀ।

ਹਰਨਾਮ ਸਿੰਘ ਪਿੰਡ ਵਿਚ ਪਹਿਲਾ ਕਿਸਾਨ ਸੀ ਜਿਸ ਨੇ ਛੋਟੀ ਇੱਟ ਦਾ ਪੱਕਾ ਮਕਾਨ ਬਣਾਇਆ ਜਿਸ ਦੀਆਂ ਦੋ ਕੋਠੜੀਆਂ ਤੇ ਇਕ ਦਲਾਨ ਸੀ। ਦਰਵਾਜ਼ਿਆਂ ਉਤੇ ਬੜੀ ਰੀਝ ਨਾਲ ਲੱਕੜੀ ਦੇ ਡਿਜ਼ਾਈਨ ਬਣਾਏ ਹੋਏ ਸਨ। ਹਰਨਾਮ ਸਿੰਘ ਦੀ ਮਿਸਾਲ ਨੂੰ ਲੈ ਕੇ ਪਿੰਡ ਦੇ ਆਮ ਕਿਸਾਨਾਂ ਨੇ ਬਿਲਕੁਲ ਉਸੇ ਮਾਡਲ ਦੇ ਮਕਾਨ ਬਣਾਏ। ਹਰਨਾਮ ਸਿੰਘ ਪਿੰਡ ਪੰਨਵਾਂ ਦੇ ਨੰਬਰਦਾਰ ਚੌਧਰੀ ਗੰਗਾ ਦੀ ਲੜਕੀ ਧੰਨ ਕੌਰ ਨਾਲ ਵਿਆਹਿਆ ਹੋਇਆ ਸੀ। 1912 ਦੀ ਪਲੇਗ ਵਿਚ ਹਰਨਾਮ ਸਿੰਘ ਤੇ ਧੰਨ ਕੌਰ ਦੋਵੇਂ ਪਰਲੋਕ ਸਿਧਾਰ ਗਏ। ਉਨ੍ਹਾਂ ਦੇ ਲੜਕੇ ਕਰਤਾਰ ਸਿੰਘ ਦੇ ਘਰ 1916 ਦੀ ਵਿਸਾਖੀ ਦੇ ਦਿਨ ਭਾਨ ਨੇ ਇਸ ਸੁੰਦਰ ਦੁਨੀਆਂ ਦਾ ਦੀਦਾਰ ਕੀਤਾ। ਕਰਤਾਰ ਸਿੰਘ ਦੀ ਭੂਆ ਦਾ ਪੁੱਤਰ ਬਾਬੂ ਬਲਵੰਤ ਸਿੰਘ ਜੋ ਮਿੰਟਗੁਮਰੀ ਓਵਰਸੀਅਰ ਲੱਗਾ ਹੋਇਆ ਸੀ ਤੇ ਜਿਸ ਦੀ ਚੱਕ 151/9ਐਲ ਵਿਚ ਅੱਠ ਮੁਰੱਬੇ ਜ਼ਮੀਨ ਸੀ। ਆਪਣੀ ਜ਼ਮੀਨ ਨੂੰ ਆਬਾਦ ਕਰਨ ਲਈ ਕਰਤਾਰ ਸਿੰਘ ਨੂੰ ਪਰਿਵਾਰ ਸਮੇਤ ਚੱਕ 151/9ਐਲ ਵਿਚ ਲੈ ਆਇਆ ਸੀ ਜਿਥੇ ਇਸ ਪਰਿਵਾਰ ਨੇ ਲਗਪਗ 25 ਸਾਲ ਰਿਹਾਇਸ਼ ਕੀਤੀ। ਜੁਲਾਈ 1947 ਦੀਆਂ ਛੁੱਟੀਆਂ ਵਿਚ ਮਾਸਟਰ ਭਾਨ ਸਿੰਘ ਪਿੰਡ ਬਾਘਾ ਆਇਆ ਹੋਇਆ ਸੀ ਕਿ ਉਸ ਨੇ ਪਿੰਡ ਦੇ ਗੁਰਦੁਆਰੇ ਵਿਚ ਲੈਕਚਰ ਸੁਣਿਆ। ਲੈਕਚਰ ਕਰਨ ਵਾਲਾ ਆਪਣੇ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨੁਮਾਇੰਦਾ ਦੱਸ ਰਿਹਾ ਸੀ।

ਲੈਕਚਰ ਦਾ ਸਾਰ ਅੰਸ਼ ਇਹ ਸੀ ਕਿ ਆਜ਼ਾਦੀ ਨੇ ਹਿੰਦੂਆਂ ਨੂੰ ਹਿੰਦੁਸਤਾਨ ਤੇ ਮੁਸਲਮਾਨਾਂ ਨੂੰ ਪਾਕਿਸਤਾਨ ਦੇ ਮਾਲਿਕ ਬਣਾ ਦਿੱਤਾ ਹੈ, ਪਰ ਅਸੀਂ ਮੰਦਭਾਗੇ ਸਿੱਖ ਦੋ ਹਿੱਸਿਆਂ ਵਿਚ ਵੰਡੇ ਗਏ ਹਾਂ। ਅੱਧੇ ਸਾਡੇ ਭਰਾ ਪਾਕਿਸਤਾਨ ਵਿਚ ਰਹਿ ਗਏ ਹਨ ਤੇ ਅੱਧੇ ਹਿੰਦੁਸਤਾਨ ਵਿਚ। ਸਾਨੂੰ ਇਹ ਬਿਲਕੁਲ ਮਨਜ਼ੂਰ ਨਹੀਂ। ਅਸੀਂ ਘੱਟੋ-ਘੱਟ ਆਪਣੀ ਕੌਮ ਨੂੰ ਇਕ ਥਾਂ ਇਕੱਠੇ ਕਰਨਾ ਹੈ। ਅਸੀਂ ਇਧਰੋਂ (ਪੂਰਬੀ ਪੰਜਾਬ ਵਿਚੋਂ) ਮੁਸਲਮਾਨ ਆਬਾਦੀ ਨੂੰ ਉਠਾਉਣਾ ਹੈ ਤੇ ਉਧਰੋਂ (ਪਾਕਿਸਤਾਨ ਵਿਚੋਂ) ਆਪਣੇ ਭਰਾਵਾਂ ਨੂੰ ਲਿਆਉਣਾ ਹੈ। ਇਨ੍ਹਾਂ ਸ਼ਬਦਾਂ ਨੂੰ ਸੁਣ ਕੇ ਭਾਨ ਦੇ ਤਾਂ ਫਰਿਸ਼ਤਿਆਂ ਦੇ ਵੀ ਖੰਭ ਸੜ ਗਏ। "ਕਿਵੇਂ ਉਹ ਲੁੱਟਾਂ-ਮਾਰਾਂ ਖਾਂਦੇ, ਦਿਨੇ-ਰਾਤ ਬੱਚਿਆਂ ਸਮੇਤ, ਭੁੱਖੇ-ਭਾਣੇ ਤੁਰਦੇ ਦੂਜੇ ਦੇਸ਼ ਪਹੁੰਚਣਗੇ। ਲੋਕਾਂ ਨੂੰ ਤਾਂ ਭੱਠੀ 'ਚ ਝੋਕ ਦਿੱਤਾ ਗਿਆ ਹੈ।" ਅਜਿਹੀਆਂ ਸੋਚਾਂ ਨੇ ਉਸ ਨੂੰ ਅੰਦਰੋ ਅੰਦਰ ਖਾਣਾ ਸ਼ੁਰੂ ਕਰ ਦਿੱਤਾ। ਉਸ ਦਾ ਪਿੰਡ ਮੁਸਲਿਮ ਆਬਾਦੀ ਦੇ ਪਿੰਡਾਂ ਵਿਚ ਘਿਰਿਆ ਹੋਇਆ ਸੀ। ਕਿਵੇਂ ਉਸ ਦਾ ਲਾਵਾਰਿਸ ਜਿਹਾ ਪਰਿਵਾਰ ਉਸ ਤੋਂ ਬਿਨਾਂ ਅਜਿਹੀਆਂ ਮੁਸੀਬਤਾਂ ਦਾ ਸਾਹਮਣਾ ਕਰ ਸਕੇਗਾ-ਬੁੱਢਾ ਬਾਪ, ਕੁਆਰੇ ਭੈਣ-ਭਰਾ।

ਪੂਰਬੀ ਪੰਜਾਬ ਵਿਚ ਕਈ ਥਾਈਂ ਮੁਸਲਿਮ ਆਬਾਦੀ ਨੂੰ ਉਜਾੜਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਸੀ ਤੇ ਉਹ ਗੱਡੀਆਂ ਵਿਚ ਬੈਠ ਪਾਕਿਸਤਾਨ ਵੱਲ ਜਾ ਰਹੇ ਸਨ (ਭਾਵੇਂ ਪਾਕਿਸਤਾਨ ਅਜੇ ਬਣਿਆ ਨਹੀਂ ਸੀ ਪਰ ਤਾਰੀਖ਼ 15 ਅਗਸਤ ਨੀਯਤ ਹੋ ਚੁੱਕੀ ਸੀ)। ਅਗਲੇ ਦਿਨ ਮੁਸਲਿਮ ਰਿਫਿਊਜੀਆ ਦੀ ਭਰੀ ਹੋਈ ਅਜਿਹੀ ਗੱਡੀ ਵਿਚ ਬੈਠ ਕੇ ਭਾਨ ਵਾਪਸ ਸਾਹੀਵਾਲ ਨੂੰ ਚਲ ਪਿਆ।

ਦਿਨ ਦੇ ਬਾਰਾਂ ਕੁ ਵਜੇ ਗੱਡੀ ਲਾਹੌਰ ਪਹੁੰਚ ਗਈ। ਲਾਹੌਰ ਉਸ ਦਾ ਬਹੁਤ ਪਿਆਰਾ ਸ਼ਹਿਰ ਸੀ ਕਿਉਂਕਿ ਇਥੇ ਉਸ ਨੇ ਤਾਲੀਮ ਹਾਸਲ ਕੀਤੀ ਸੀ ਤੇ ਉਸ ਦਾ ਇਕ ਬੜਾ ਨੇੜਲਾ ਦੋਸਤ ਹਰੀਸ਼ ਕਪੂਰ ਤੇ ਕਈ ਹੋਰ ਸੱਜਣ-ਮਿੱਤਰ ਲਾਹੌਰ ਰਹਿੰਦੇ ਸਨ। ਉਸ ਦਾ ਹੌਸਲਾ ਨਾ ਪਿਆ ਕਿ ਆਪਣੇ ਦੋਸਤਾਂ ਨੂੰ ਮਿਲੇ ਬਗ਼ੈਰ ਅੱਗੇ ਲੰਘ ਜਾਏ। ਉਸ ਨੇ ਗੱਡੀਓਂ ਉਤਰ ਕੇ ਬੱਸ ਦਾ ਟਿਕਟ ਲਿਆ। ਦਸ ਕੁ ਮਿੰਟ ਪਿੱਛੋਂ ਉਸ ਨੇ ਬੱਸ ਰੁਕਵਾਈ ਤੇ ਪੈਦਲ ਸੰਤ ਨਗਰ ਦੇ ਮੁਹੱਲੇ ਵੱਲ ਤੁਰ ਪਿਆ। ਉਸ ਨੂੰ ਕੋਈ ਵੀ ਦੂਜਾ ਇਨਸਾਨ ਰਾਹ ਵਿਚ ਨਾ ਮਿਲਿਆ। "ਹੈਂ? ਇਹ ਕੀ? ਲਾਹੌਰ ਵਿਚ ਐਨੀ ਬੇ ਰੌਣਕੀ!" ਉਹ ਬਾਜ਼ਾਰ ਵਿਚ ਤੁਰਿਆ ਰਿਹਾ। ਆਖ਼ਰ ਉਸ ਨੂੰ ਇਕ ਬਿਰਧ ਮਾਈ ਮਿਲੀ ਜੋ ਰੋ ਰਹੀ ਸੀ। ਉਸ ਦਾ ਇਕੋ-ਇਕ ਮੁੰਡਾ ਸਵੇਰ ਦਾ ਬਾਜ਼ਾਰ ਗਿਆ ਮੁੜਿਆ ਨਹੀਂ ਸੀ। ਉਹ ਉਸ ਦੇ ਨਾਲ ਵਾਪਸ ਮੁੜ ਪਈ। ਬਤਨ ਸਿੰਘ ਦੇ ਹੋਟਲ ਦੇ ਅੱਗੋਂ ਦੀ ਜਦੋਂ ਉਹ ਲੰਘਿਆ ਤਾਂ ਹੋਟਲ ਖ਼ਾਲੀ ਸੀ; ਨਾ ਕੋਈ ਖਾਣਾ ਖਾਣ ਵਾਲਾ ਤੇ ਪਕਾਣ ਵਾਲਾ ਤੇ ਨਾ ਹੀ ਬਤਨ ਸਿੰਘ ਮਾਲਿਕ। ਉਸ ਨੇ ਤੁਰਦਿਆਂ ਤੁਰਦਿਆਂ ਮਾਈ ਤੋਂ ਪੁੱਛਿਆ, "ਮਾਈ ਜੀ, ਕੀ ਗੱਲ ਹੈ, ਕਿਸੇ ਘਰ ਕੋਈ ਜੀਅ ਨਹੀਂ ਦਿਸਦਾ?"

"ਭਰਾਵਾ, ਸਾਰੇ ਲੋਕ ਸੰਤ ਨਗਰ, ਕਿਸ਼ਨ ਨਗਰ ਦੇ ਮੁਹੱਲਿਆਂ ਵਿਚੋਂ ਜਾ ਚੁੱਕੇ ਹਨ। ਏਥੇ ਤਾਂ ਮੈਂ ਤੇ ਮੇਰਾ ਮੁੰਡਾ ਹੀ ਰਹਿ ਗਏ ਹਾਂ।" ਹਰੀਸ਼ ਕਪੂਰ ਦਾ ਘਰ ਵੀ ਖ਼ਾਲੀ ਸੀ ਤੇ ਉਥੋਂ ਭਾਨ ਸਿੰਘ ਪਿੱਛੇ ਨੂੰ ਮੁੜਿਆ ਤੇ ਜਿਥੋਂ ਉਹ ਬੱਸ ਤੋਂ ਉਤਰਿਆ ਸੀ, ਉਥੋਂ ਰੇਲਵੇ ਸਟੇਸ਼ਨ ਨੂੰ ਜਾਣ ਵਾਲੀ ਬੱਸ ਲੈ ਲਈ। ਬੱਸੋਂ ਉਤਰ ਕੇ ਉਹ ਇਕ-ਅੱਧ ਮਿੰਟ ਤਾਂ ਮੁਸਾਫ਼ਰਖ਼ਾਨੇ ਵਿਚ ਘੁੰਮਦਾ ਰਿਹਾ, ਫੇਰ ਇਕ ਨੁੱਕਰੇ ਖੜ੍ਹਾ ਹੋ ਗਿਆ। ਸਾਹੀਵਾਲ ਨੂੰ ਜਾਣ ਵਾਲੀ ਗੱਡੀ ਵਿਚ ਅਜੇ ਚਾਰ ਘੰਟੇ ਬਾਕੀ ਸਨ। ਛੇ ਵਜੇ ਸ਼ਾਮ ਸਾਹੀਵਾਲ ਦੀ ਗੱਡੀ ਪਲੇਟਫਾਰਮ 'ਤੇ ਲੱਗੀ ਤੇ ਉਹ ਟਿਕਟ ਖ਼ਰੀਦ ਕੇ ਗੱਡੀ ਵਿਚ ਬੈਠ ਗਿਆ। ਰਾਤ ਦੇ 9 ਵਜੇ ਗੱਡੀ ਸਾਹੀਵਾਲ ਪਹੁੰਚੀ। ਉਸ ਨੂੰ ਡਰ ਸੀ ਕਿ ਹਨ੍ਹੇਰਾ ਹੋ ਗਿਆ ਹੈ, ਕੋਈ ਮਾੜੀ ਘਟਨਾ ਉਸ ਨਾਲ ਨਾ ਵਾਪਰ ਜਾਏ ਪਰ ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਸ ਨੇ ਤੱਕਿਆ ਕਿ ਸਾਹੀਵਾਲ ਵਿਚ ਜੀਵਨ ਆਮ ਵਰਗਾ ਹੀ ਸੀ। ਹੋਟਲ ਤੇ ਚਾਹ ਦੀਆਂ ਦੁਕਾਨਾਂ ਆਦਿ ਖੁੱਲ੍ਹੇ ਸਨ ਤੇ ਲੋਕ ਬਿਲਕੁਲ ਬੇਫ਼ਿਕਰ ਖਾ-ਪੀ ਰਹੇ ਸਨ। ਲਾਹੌਰ ਤੇ ਸਾਹੀਵਾਲ ਦੇ ਵਾਤਾਵਰਨ ਵਿਚ ਇੰਨਾ ਫ਼ਰਕ ਉਸ ਦੀ ਸਮਝ ਵਿਚ ਨਾ ਆਇਆ। ਪਰ ਦਿਲ ਦਾ ਫ਼ਿਕਰ ਨਿਕਲ ਜਾਣ ਨਾਲ ਉਹ ਖ਼ੁਸ਼ ਬਹੁਤ ਸੀ। ਉਸ ਨੇ ਮੌਜ ਨਾਲ ਰੋਟੀ ਖਾਧੀ ਤੇ ਫੇਰ ਇਕ ਗਲਾਸ ਗਰਮ ਦੁੱਧ ਦਾ ਪੀਤਾ ਤੇ ਇਕ ਟਾਂਗੇ 'ਤੇ ਬੈਠ ਕੇ ਆਪਣੇ ਰਿਸ਼ਤੇਦਾਰਾਂ ਦੇ ਘਰ ਜਾ ਪਹੁੰਚਾ। ਸਵੇਰ ਨੂੰ ਆਰਿਫ਼ ਵਾਲਾ ਦੀ ਬੱਸ ਫੜ ਕੇ ਕਬੀਰ ਦੇ ਅੱਡੇ 'ਤੇ ਜਾ ਉਤਰਿਆ ਜਿਥੋਂ ਉਸ ਦਾ ਪਿੰਡ ਲਗਪਗ ਦੋ ਮੀਲ ਸੀ। ਰਾਹ ਵਿਚ ਦੋ ਪਿੰਡ ਮੁਸਲਮਾਨ ਵਸੋਂ ਦੇ ਸਨ ਪਰ ਜੋ ਵੀ ਮਿਲਦਾ, ਪਹਿਲਾਂ ਵਾਂਗ ਸਲਾਮ ਇਲੈਕਮ ਕਰਦਾ ਸੀ। ਅਜਿਹੇ ਨਿੱਘੇ ਵਾਤਾਵਰਨ ਨੂੰ ਦੇਖ ਕੇ ਉਹ ਆਪਣੇ ਆਪ ਨੂੰ ਬਹੁਤ ਹਲਕਾ-ਫੁਲਕਾ ਮਹਿਸੂਸ ਕਰ ਰਿਹਾ ਸੀ। ਆਖ਼ਰ ਪੂਰਬੀ ਤੇ ਪੱਛਮੀ ਪੰਜਾਬ ਦੇ ਮਾਹੌਲ ਵਿਚ ਇੰਨਾ ਅੰਤਰ ਕਿਉਂ ਸੀ? ਗੱਲ ਉਸ ਦੀ ਸਮਝ ਵਿਚ ਨਹੀਂ ਆ ਰਹੀ ਸੀ।

ਕੁਝ ਦਿਨ ਪਿੱਛੋਂ ਜਦੋਂ ਪਾਕਿਸਤਾਨ ਵੀ ਬਣ ਚੁੱਕਾ ਸੀ, ਇਹ ਦੋ ਕਿਸਮ ਦੇ ਮਾਹੌਲ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਜਿਉਂ ਦੇ ਤਿਉਂ ਚੱਲ ਰਹੇ ਸਨ, ਪਰ ਗ਼ੈਰ ਮੁਸਲਿਮ ਆਬਾਦੀ ਦੇ ਮੈਂਬਰ ਆਪਣੇ ਦਿਲਾਂ ਅੰਦਰ ਕੋਈ ਬਹੁਤ ਵੱਡਾ ਫ਼ਿਕਰ ਲੁਕਾਈ ਬੈਠੇ ਜਾਪਦੇ ਸਨ। ਜਨਾਬ ਮੁਹੰਮਦ ਅਲੀ ਜਿਨਾਹ ਨੇ ਸਪਸ਼ਟ ਹੁਕਮ ਜਾਰੀ ਕੀਤੇ ਸਨ ਕਿ ਪਾਕਿਸਤਾਨ ਵਿਚ ਰਹਿ ਰਹੇ ਹਿੰਦੂਆਂ ਤੇ ਸਿੱਖਾਂ ਨੂੰ ਸੁਰੱਖਿਆ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਜਾਏ ਕਿ ਪਾਕਿਸਤਾਨ ਉਨ੍ਹਾਂ ਲਈ ਭਰੋਸੇਯੋਗ ਤੇ ਪਹਿਲਾਂ ਵਰਗਾ ਜਿਓਣਯੋਗ ਮਾਹੌਲ ਪੈਦਾ ਕਰੇਗਾ ਜਿਥੇ ਘੱਟ-ਗਿਣਤੀਆਂ ਬਹੁਗਿਣਤੀ ਨਾਲ ਪਿਆਰ ਤੇ ਏਕਤਾ ਵਿਚ ਜੁੜ ਕੇ ਰਹਿਣਗੀਆਂ। ਕਾਰਨ ਇਹ ਸੀ ਕਿ ਬੇਸ਼ੱਕ ਪਾਕਿਸਤਾਨ ਹਾਸਲ ਕਰਨ ਵਾਸਤੇ ਲਾਹੌਰ, ਮੁਲਤਾਨ, ਰਾਵਲਪਿੰਡੀ ਤੇ ਕਲਕੱਤੇ ਵਿਚ ਵੱਡੇ ਪੈਮਾਨੇ 'ਤੇ ਛੁਰੇਬਾਜ਼ੀ ਤੇ ਹਿੰਸਾ ਕਰਵਾਈ ਗਈ ਸੀ ਪਰ ਹੁਣ ਜਦੋਂ ਪਾਕਿਸਤਾਨ ਪ੍ਰਾਪਤ ਹੋ ਚੁੱਕਾ ਸੀ, ਜਿਨਾਹ ਨੂੰ ਪੂਰਨ ਵਿਸ਼ਵਾਸ ਸੀ ਕਿ ਪਾਕਿਸਤਾਨ ਪੂਰੇ ਭਾਰਤ ਦੇ ਮੁਸਲਮਾਨਾਂ ਨੂੰ ਸਮੋ ਨਹੀਂ ਸਕੇਗਾ। ਇਸ ਲਈ ਉਹ ਆਬਾਦੀ ਦਾ ਤਬਾਦਲਾ ਨਹੀਂ ਸੀ ਚਾਹੁੰਦਾ ਪਰ ਲੋਕਾਂ ਦੇ ਡੋਲੇ ਹੋਏ ਵਿਸ਼ਵਾਸ ਨੂੰ ਪਹਿਲੇ ਰੂਪ ਵਿਚ ਪਰਤਾ ਦੇਣਾ ਉਸ ਦੇ ਵੱਸ ਦੀ ਗੱਲ ਨਹੀਂ ਰਹਿ ਗਈ ਸੀ। ਜਿਉਂ ਜਿਉਂ ਪੂਰਬੀ ਪੰਜਾਬ ਦਾ ਸੇਕ ਪੱਛਮੀ ਪੰਜਾਬ 'ਤੇ ਅਸਰ ਪਾਉਣ ਲੱਗਾ ਤੇ ਉਧਰੋਂ ਉਜੜੇ ਹੋਏ ਲੋਕ ਇਧਰ ਆਉਣੇ ਸ਼ੁਰੂ ਹੋਏ ਤਾਂ ਹਾਲਾਤ ਪਲੋ-ਪਲੀ ਬਦਲਣ ਲੱਗੇ। ਪਿੰਡਾਂ ਦੇ ਪਿੰਡ ਉਠ ਕੇ ਤੁਰ ਪਏ ਤੇ ਅੱਜ ਭਾਨ ਦੇ ਪਿੰਡ ਦੀ ਵਾਰੀ ਸੀ, ਸਭ ਕੁਝ ਤਿਆਗ ਕੇ ਤੁਰ ਜਾਣ ਦੀ।

ਜਦੋਂ ਪਿੰਡ ਕਾਫ਼ਲਾ ਬਣ ਕੇ ਤੁਰ ਪਿਆ ਸੀ ਤਾਂ ਉਹ ਪਿੰਡ ਨੂੰ ਤੋਰਨ ਵਾਸਤੇ ਸੌ ਕੁ ਕਦਮ ਬਾਹਰ ਗਿਆ ਤੇ ਸਾਰਿਆਂ ਨੂੰ ਵਿਦਾ ਕਰ ਕੇ ਵਾਪਸ ਪਿੰਡ ਨੂੰ ਮੁੜਿਆ ਤਾਂ ਕੁਝ ਮਿੰਟ ਪਹਿਲਾਂ ਘੁੱਗ ਵਸਦਾ ਪਿੰਡ ਅਤਿ ਡਰਾਉਣੀ ਸ਼ਕਲ ਅਖ਼ਤਿਆਰ ਕਰ ਚੁੱਕਾ ਸੀ। ਮਨੁੱਖਤਾ ਦੇ ਲੋਪ ਹੁੰਦਿਆਂ ਹੀ ਚੂਹੇ ਖੁੱਡਾਂ ਤੋਂ ਬਾਹਰ ਆ ਕੇ ਵਿਹੜਿਆਂ ਤੇ ਗਲੀਆਂ ਵਿਚ ਦੌੜਾਂ ਲਾ ਰਹੇ ਸਨ ਪਰ ਇਹ ਚੂਹਿਆਂ ਦਾ ਰਾਜ ਕੁਝ ਸਕਿੰਟ ਹੀ ਰਿਹਾ ਕਿਉਂਕਿ ਦਰਜਨਾਂ ਦੀ ਗਿਣਤੀ ਵਿਚ ਇੱਲਾਂ, ਕਾਂ ਉਨ੍ਹਾਂ ਦਾ ਸ਼ਿਕਾਰ ਕਰਨ ਆ ਪਹੁੰਚੇ। ਆਸਮਾਨ ਵਿਚ ਜਿਥੇ ਅੱਗੇ ਮਿਲਖੀ ਜੁਲਾਹੇ ਦੇ ਚਿੱਟੇ ਕਬੂਤਰ ਬਾਜ਼ੀਆਂ ਲਾਇਆ ਕਰਦੇ ਸਨ, ਉਥੇ ਕਾਲੇ ਕਾਂ ਤੇ ਇੱਲਾਂ ਮੰਡਰਾਉਣ ਲੱਗ ਪਏ ਸਨ। ਹਾਲਾਤ ਏਡੀ ਤੇਜ਼ੀ ਨਾਲ ਬਦਲ ਰਹੇ ਸਨ ਕਿ ਕੋਈ ਕਹਿ ਨਹੀਂ ਸੀ ਸਕਦਾ ਕਿ ਅਗਲੇ ਮਿੰਟ ਕੀ ਹੋਣ ਵਾਲਾ ਹੈ। ਪਿੰਡ ਦਾ ਕਾਫ਼ਲਾ ਤਾਂ ਚੜ੍ਹਦੇ ਪਾਸੇ ਨੂੰ ਤੁਰ ਗਿਆ ਸੀ, ਪਰ ਉਸ ਦਾ ਆਪਣਾ ਪਰਿਵਾਰ, ਪਿਤਾ ਤੇ ਭੈਣ ਤਾਂ ਤੜਕੇ ਹੀ ਗੱਡੇ 'ਤੇ ਬੈਠ ਪੱਛਮ ਵਾਲੇ ਪਾਸੇ ਤੁਰ ਗਏ ਸਨ ਜਿਥੇ ਉਸ ਦੇ ਕੁਝ ਰਿਸ਼ਤੇਦਾਰ ਰਹਿੰਦੇ ਸਨ।

ਪਿੰਡ ਵਿਚ ਪਹਿਲਾ ਮੋੜ ਕੱਟਦਿਆਂ ਹੀ ਉਸ ਨੇ ਦੇਖਿਆ ਕਿ ਸੈਂਕੜਿਆਂ ਦੀ ਗਿਣਤੀ ਵਿਚ ਲੁਟੇਰੇ ਪਿੰਡ 'ਚ ਆ ਵੜੇ ਸਨ। ਹੁਣ ਉਸ ਲਈ ਹਾਲਾਤ ਖ਼ਤਰੇ ਭਰਪੂਰ ਹੋ ਗਏ ਸਨ। ਉਹ ਜਲਦੀ ਜਲਦੀ ਘਰ ਦੇ ਵਿਹੜੇ ਵਿਚ ਵੜ ਗਿਆ ਤੇ ਬਾਹਰ ਦੇ ਦਰਵਾਜ਼ੇ ਦਾ ਅੰਦਰੋਂ ਕੁੰਡਾ ਲਾ ਲਿਆ।

ਉਹ ਮੰਜਾ ਵਿਹੜੇ ਦੇ ਵਿਚਕਾਰ ਡਾਹ ਕੇ ਬੈਠ ਗਿਆ। ਹੁਣ ਉਸ ਦੇ ਸਾਹਮਣੇ ਮਸਲਾ ਇਹ ਸੀ ਕਿ ਉਹ ਘਰੋਂ ਨਿਕਲ ਕੇ ਦੂਜੇ ਪਿੰਡ ਕਿਵੇਂ ਜਾਏਗਾ ਜਦੋਂ ਗਲੀਆਂ ਵਿਚ ਲੁਟੇਰੇ ਫਿਰ ਰਹੇ ਸਨ। ਉਹ ਘਰਾਂ ਦੇ ਜੰਦਰੇ ਭੰਨਦੇ ਅਤੇ ਸਾਮਾਨ ਬਾਹਰ ਕੱਢ ਕੇ ਊਠਾਂ ਘੋੜਿਆਂ ਉਤੇ ਲੱਦ ਰਹੇ ਸਨ। ਕਈ ਕੋਠਿਆਂ ਉਤੇ ਵੀ ਚੜ੍ਹੇ ਹੋਏ, ਉਸ ਨੂੰ ਦਿਸ ਰਹੇ ਸਨ ਅਤੇ ਉਹ ਵੀ ਉਨ੍ਹਾਂ ਨੂੰ ਉਜੜੇ ਹੋਏ ਪਿੰਡ ਦਾ ਪਿੱਛੇ ਰਹਿ ਗਿਆ ਇਕੋ-ਇਕ ਵਸਨੀਕ ਦਿਸ ਰਿਹਾ ਸੀ। ਉਹਦੇ ਕੋਲ ਆਪਣੇ ਬਚਾਓ ਲਈ ਰਵਾਇਤੀ ਹਥਿਆਰ ਬਰਛਾ ਸੀ ਜਿਸ ਨੂੰ ਫੜ ਕੇ ਉਹ ਮੰਜੇ ਉਤੇ ਬੈਠਾ ਹੋਇਆ ਸੀ।

ਉਸ ਦੀ ਨਜ਼ਰ ਆਪਣੀਆਂ ਲਾਡਲੀਆਂ ਮੱਝਾਂ ਵੱਲ ਮੁੜੀ ਜੋ ਕਿੱਲਿਆਂ 'ਤੇ ਬੱਝੀਆਂ ਹੋਈਆਂ ਸਨ ਪਰ ਖੁਰਲੀ ਵਿਚ ਪੱਠੇ ਨਹੀਂ ਸਨ। ਸਾਰਾ ਟੱਬਰ ਇਨ੍ਹਾਂ ਪਸ਼ੂਆਂ ਦੀ ਸੇਵਾ ਕਰਦਾ ਨਹੀਂ ਸੀ ਥੱਕਦਾ। ਉਨ੍ਹਾਂ ਨੂੰ ਦਿਨ ਵਿਚ ਇਕ-ਦੋ ਵਾਰ ਨੁਹਾਇਆ ਜ਼ਰੂਰ ਜਾਂਦਾ ਸੀ ਤੇ ਫੇਰ ਪੱਠਿਆਂ ਨਾਲ ਰਜਾ ਕੇ ਧਾਰਾਂ ਚੋਈਆਂ ਜਾਂਦੀਆਂ ਸਨ। ਅੱਜ ਗਰਮੀ ਦੇ ਮੌਸਮ ਵਿਚ ਦੁਪਹਿਰ ਵੇਲੇ ਉਹ ਭੁੱਖੀਆਂ-ਤ੍ਰਿਹਾਈਆਂ ਖੜ੍ਹੀਆਂ ਹੈਰਾਨੀ ਨਾਲ ਉਸ ਵੱਲ ਤੱਕ ਰਹੀਆਂ ਸਨ। ਉਸ ਨੇ ਸੋਚਿਆ ਕਿ ਉਹ ਉਨ੍ਹਾਂ ਦੇ ਗਲੋਂ ਸੰਗਲ ਖੋਲ੍ਹ ਕੇ ਉਨ੍ਹਾਂ ਨੂੰ ਵਿਹੜਿਓਂ ਬਾਹਰ ਕੱਢ ਦੇਵੇ ਅਤੇ ਉਸ ਨੇ ਇੰਜ ਹੀ ਕੀਤਾ। ਬਾਹਰ ਦਾ ਬੂਹਾ ਖੋਲ੍ਹਿਆ ਤੇ ਤਿੰਨ ਮੱਝਾਂ ਨੂੰ ਥਾਪੀ ਦੇ ਕੇ ਬਾਹਰ ਕੱਢ ਦਿੱਤਾ। ਫੇਰ ਆਪ ਕੁੰਡਾ ਬੰਦ ਕਰ ਕੇ ਮੰਜੇ 'ਤੇ ਆ ਬੈਠਾ, ਲੁਟੇਰੇ ਗਲੀ ਵਿਚ ਫਿਰਦੇ ਉਸ ਨੂੰ ਦਿਸਦੇ ਸਨ ਤੇ ਉਹ ਉਨ੍ਹਾਂ ਨੂੰ ਵੀ ਦਿਸ ਰਿਹਾ ਸੀ ਪਰ ਕੋਈ ਵੀ ਮਾਈ ਦਾ ਲਾਲ ਕੰਧ ਟੱਪ ਕੇ ਅੰਦਰ ਆਉਣ ਦੀ ਜੁਰਅਤ ਨਹੀਂ ਸੀ ਕਰ ਰਿਹਾ। ਦਿਨ ਦੇ ਬਾਰਾਂ ਵੱਜ ਚੁੱਕੇ ਸਨ ਤੇ ਉਸ ਨੂੰ ਹੁਣ ਪਿਆਸ ਵੀ ਲੱਗ ਰਹੀ ਸੀ। ਉਸ ਨੇ ਘੜੇ ਵਿਚੋਂ ਪਾ ਕੇ ਪਾਣੀ ਦਾ ਗਲਾਸ ਪੀਤਾ ਤੇ ਫੇਰ ਮੰਜੇ 'ਤੇ ਆ ਬੈਠਾ।

ਉਹ ਸੋਚ ਰਿਹਾ ਸੀ ਕਿ ਜੇ ਬਾਹਰ ਨਿਕਲੇ ਤਾਂ ਕਿਵੇਂ ਨਿਕਲੇ? ਉਹ ਇਕੱਲਾ ਸੀ ਪਰ ਲੁਟੇਰੇ ਤਾਂ ਸੈਂਕੜਿਆਂ ਦੀ ਗਿਣਤੀ 'ਚ ਸਨ। ਉਹ ਅਜਿਹੀ ਹਾਲਤ ਵਿਚ ਫਸਣ ਦੀ ਆਪਣੀ ਗ਼ਲਤੀ 'ਤੇ ਪਛਤਾ ਰਿਹਾ ਸੀ। ਉਸ ਨੂੰ ਵੀ ਆਪਣੇ ਗੱਡੇ ਦੇ ਨਾਲ ਹੀ ਚਲਾ ਜਾਣਾ ਚਾਹੀਦਾ ਸੀ ਜਾਂ ਪਿੰਡ ਦੇ ਉੱਠਣ ਤੋਂ ਪਹਿਲਾਂ ਹੀ ਉਸ ਪਿੰਡ ਨੂੰ ਤੁਰ ਜਾਣਾ ਚਾਹੀਦਾ ਸੀ ਜਿਥੇ ਉਸ ਦਾ ਤਿੰਨ-ਮੈਂਬਰਾਂ ਦਾ ਪਰਿਵਾਰ ਗਿਆ ਸੀ ਪਰ ਉਹ ਸਮਾਂ ਹੁਣ ਲੰਘ ਚੁੱਕਾ ਸੀ। ਹੁਣ ਤਾਂ ਉਸ ਨੇ ਇਹ ਫ਼ੈਸਲਾ ਕੀਤਾ ਕਿ ਉਹ ਜਿਉਂ ਦਾ ਤਿਉਂ ਬੈਠਾ ਆਪਣੀ ਰਾਖੀ ਆਪ ਕਰੇ। ਉਸ ਨੂੰ ਇਸ ਹਾਲਤ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਸੀ ਦਿਸ ਰਿਹਾ।

ਕਦੇ-ਕਦੇ ਉਹ ਘੋਰ ਨਿਰਾਸ਼ਾਵਾਦ ਵਿਚ ਵੀ ਫਸ ਜਾਂਦਾ ਸੀ। ਜੇ ਕੁਝ ਲੁਟੇਰੇ ਕੰਧ ਟੱਪ ਕੇ ਅੰਦਰ ਆ ਗਏ ਤਾਂ ਉਹ ਕੀ ਕਰੇਗਾ? ਉਸ ਦਾ ਆਪਣੇ ਬਚਾਓ ਲਈ ਪਲੈਨ ਇਹ ਸੀ ਕਿ ਜਿਉਂ ਹੀ ਕੁਝ ਲੁਟੇਰੇ ਕੰਧ ਨੂੰ ਟੱਪਣ ਦਾ ਯਤਨ ਕਰਨਗੇ, ਉਹ ਦੌੜ ਕੇ ਬਰਛਾ ਦਿਖਾ ਕੇ ਉਨ੍ਹਾਂ ਨੂੰ ਕੰਧ ਟੱਪਣ ਤੋਂ ਰੋਕ ਦੇਵੇਗਾ। ਉਸ ਦੀ ਨਜ਼ਰ ਹਰ ਪਲ ਕੰਧ 'ਤੇ ਹੀ ਟਿਕੀ ਹੋਈ ਸੀ ਪਰ ਹੈਰਾਨੀ ਵਾਲੀ ਗੱਲ ਇਹ ਸੀ ਕਿ ਲੁਟੇਰਿਆਂ ਨੇ ਅਜੇ ਤਕ

> ***ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਸ ਨੇ ਤੱਕਿਆ ਕਿ ਸਾਹੀਵਾਲ ਵਿਚ ਜੀਵਨ ਆਮ ਵਰਗਾ ਹੀ ਸੀ। ਹੋਟਲ ਤੇ ਚਾਹ ਦੀਆਂ ਦੁਕਾਨਾਂ ਆਦਿ ਖੁੱਲ੍ਹੇ ਸਨ ਤੇ ਲੋਕ ਬਿਲਕੁਲ ਬੇਫ਼ਿਕਰ ਖਾ-ਪੀ ਰਹੇ ਸਨ। ਲਾਹੌਰ ਤੇ ਸਾਹੀਵਾਲ ਦੇ ਵਾਤਾਵਰਨ ਵਿਚ ਇੰਨਾ ਫ਼ਰਕ ਪਹਿਲਾਂ ਉਸ ਦੀ ਸਮਝ ਵਿਚ ਨਾ ਆਇਆ।***

*(ਬਾਕੀ ਸਫ਼ਾ 37 'ਤੇ)*

# ਸਿੱਖ ਹੀ ਕਰ ਰਹੇ ਨੇ ਸਿੱਖੀ ਦਾ ਘਾਣ

**ਰਾਏ ਆਪੋ ਆਪਣੀ**

**ਹਰਜੀਤ ਸਿੰਘ**

ਸਟਾਕਟਨ ਵਾਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਡਾ. ਬਰੂਕ ਨੇ ਸਿੱਖ ਧਰਮ ਬਾਰੇ ਉਦੋਂ ਪੀ ਐਚ.ਡੀ. ਕੀਤੀ ਸੀ ਜਦੋਂ ਅਜੇ ਨਾ ਤਾਂ '84 ਵਾਲਾ ਭਾਣਾ ਵਾਪਰਿਆ ਸੀ ਤੇ ਨਾ ਅਮਰੀਕਾ ਵਿਚ ਇੰਨੇ ਗੁਰਦੁਆਰੇ ਬਣੇ ਸਨ ਅਤੇ ਨਾ ਹੀ ਗੁਰਦੁਆਰਿਆਂ ਉਤੇ 'ਕਬਜ਼ੇ' ਕਰਨ ਦੀ ਚੂਹਾ-ਦੌੜ ਸ਼ੁਰੂ ਹੋਈ ਸੀ। ਉਸ ਸਮੇਂ ਉਸ ਨੇ ਆਪਣੇ ਪੀ.ਐਚ.ਡੀ. ਦੇ ਥੀਸਿਜ਼ ਵਿਚ ਲਿਖਿਆ ਸੀ ਕਿ ਸਿੱਖ ਦੂਸਰੇ ਲੋਕਾਂ ਨੂੰ ਉਲਾਂਭਾ ਦੇ ਰਹੇ ਹਨ ਕਿ ਉਨ੍ਹਾਂ ਦੇ ਧਰਮ ਨੂੰ ਦੂਜੇ ਧਰਮਾਂ ਤੋਂ ਖ਼ਤਰਾ ਹੈ ਜਦਕਿ ਸਿੱਖੀ ਦੀ ਆਨ-ਸ਼ਾਨ ਤੇ ਫ਼ਲਸਫ਼ੇ ਨੂੰ ਸਭ ਤੋਂ ਵੱਧ ਖ਼ਤਰਾ ਖ਼ੁਦ ਸਿੱਖਾਂ ਤੋਂ ਹੀ ਹੈ। ਭਲੇ ਵੇਲਿਆਂ ਵਿਚ ਉਹ ਇਹੋ ਗੱਲ ਗੁਰੂਘਰਾਂ ਵਿਚ ਕਹਿੰਦਾ ਰਿਹਾ ਹੈ। ਉਸ ਦੇ ਕਥਨ ਵਿਚ ਕਾਫ਼ੀ ਸੱਚਾਈ ਹੈ, ਬਹੁਤੇ ਸਿੱਖਾਂ ਨੇ ਕਈ ਵਾਰ ਉਸ ਦੇ ਇਸ ਕਥਨ ਨੂੰ ਪ੍ਰਤੱਖ ਕਰ ਕੇ ਦਿਖਾਇਆ ਹੈ। ਅਜਿਹੀ ਇਕ ਹੋਰ ਘਟਨਾ ਲੋਹੜੀ ਦੇ ਦਿਨ ਯੂਬਾ ਸਿਟੀ ਦੇ ਗੁਰਦੁਆਰਾ ਟਾਇਰਾ ਬਿਊਨਾ ਵਿਚ ਵਾਪਰੀ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਸਿੱਖੀ ਦੀ ਆਨ ਤੇ ਸ਼ਾਨ ਨੂੰ ਢਾਹ ਗ਼ੈਰ-ਸਿੱਖਾਂ ਨਾਲੋਂ ਵੱਧ ਸਿੱਖ ਖ਼ੁਦ ਹੀ ਲਾ ਰਹੇ ਹਨ।

ਯੂਬਾ ਸਿਟੀ ਦੇ ਹੀ ਇਕ ਪਰਿਵਾਰ ਵੱਲੋਂ ਆਪਣੇ ਬੱਚੇ ਦੀ ਲੋਹੜੀ ਵਜੋਂ ਅਖੰਡ ਪਾਠ ਰਖਵਾਏ ਗਏ ਸਨ। ਲੋਹੜੀ ਦੇ ਦਿਨ ਭੋਗ ਤੋਂ ਬਾਅਦ ਸਟੇਜ ਤੋਂ ਬੁਲਾਰਿਆਂ ਨੇ ਆਪਸ ਵਿਚ ਅਸਲੋਂ ਹੀ ਸਾਧਾਰਨ ਗੱਲ ਨੂੰ ਏਡਾ ਵੱਡਾ ਮੁੱਦਾ ਬਣਾ ਲਿਆ ਕਿ ਨੌਬਤ ਹੱਥੋਪਾਈ ਤਕ ਜਾ ਅੱਪੜੀ। ਉਂਜ ਕਿਸੇ ਵੱਡੀ ਮੰਦਭਾਗੀ ਘਟਨਾ ਤੋਂ ਬਚਾਅ ਰਿਹਾ। ਪੁਲਿਸ ਮੌਕੇ 'ਤੇ ਪਹੁੰਚੀ ਪਰ ਪੁਲਿਸ ਨੇ ਸ਼ਾਇਦ ਗੁਰੂ ਦਾ ਭੈਅ ਮੰਨਦਿਆਂ ਦਰਬਾਰ ਹਾਲ ਵਿਚ ਪੈਰ ਨਹੀਂ ਰੱਖਿਆ। ਦੂਜੇ ਪਾਸੇ 'ਗੁਰੂ ਗ੍ਰੰਥ ਸਾਹਿਬ' ਨੂੰ ਹਮੇਸ਼ਾ ਹਾਜ਼ਰ-ਨਾਜ਼ਰ ਗੁਰੂ ਮੰਨਦੇ ਸਿੱਖਾਂ ਨੇ ਗੁਰੂ ਦੀ ਹਜ਼ੂਰੀ ਵਿਚ ਇਹ ਸਭ ਕੁਝ ਕੀਤਾ। ਦੱਸਣ ਵਾਲੇ ਦੱਸਦੇ ਹਨ ਕਿ ਪੁਲਿਸ ਅਧਿਕਾਰੀਆਂ ਨੇ ਦੋਵਾਂ ਧਿਰਾਂ ਨੂੰ ਇਹੋ ਕਿਹਾ ਕਿ ਉਹ ਸੰਜਮ ਤੋਂ ਕੰਮ ਲੈਣ ਅਤੇ ਆਪਸੀ ਮਸਲੇ ਗੱਲਬਾਤ ਨਾਲ ਹੱਲ ਕਰਨ। ਉਂਜ ਇਹ ਇਕੱਲੇ ਇਸ ਗੁਰੂ ਘਰ ਦੀ ਗੱਲ ਨਹੀਂ ਹੈ, ਬਹੁਤੇ ਗੁਰੂਘਰਾਂ ਵਿਚ ਇਹੋ ਕੁਝ ਆਏ ਦਿਨ ਵਾਪਰਦਾ ਰਹਿੰਦਾ ਹੈ। ਇਹ ਨਮੋਸ਼ੀ ਭਰੀ ਘਟਨਾ ਸਿੱਖ ਭਾਈਚਾਰੇ ਲਈ ਕਈ ਸਵਾਲ ਖੜ੍ਹੇ ਕਰਦੀ ਹੈ। ਕੀ ਸਿੱਖ ਖ਼ੁਦ ਹੀ ਗ਼ੈਰ-ਸਿੱਖਾਂ ਦੇ ਮਨਾਂ ਵਿਚ ਆਪਣੇ ਖ਼ਿਲਾਫ਼ ਨਫ਼ਰਤ ਤਾਂ ਨਹੀਂ ਪੈਦਾ ਕਰ ਰਹੇ? ਕੀ ਸਿੱਖ ਖ਼ੁਦ ਹੀ ਤਾਂ ਸਿੱਖੀ ਨੂੰ ਢਾਹ ਨਹੀਂ ਲਾ ਰਹੇ? ਕੀ ਅਜਿਹੀਆਂ ਘਟਨਾਵਾਂ ਪਿੱਛੋਂ ਗੁਰੂਘਰਾਂ ਨਾਲ ਜੁੜੇ ਆਗੂ ਸਵੈ-ਪੜਚੋਲ ਕਰਨਗੇ? ਅਜਿਹੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਦਾ ਪਤਾ ਨਹੀਂ ਪਰ ਬਾਬੇ ਨਾਨਕ ਦੇ ਚਲਾਏ 'ਨਿਰਾਲੇ' ਪੰਥ ਦੇ ਸਾਧਾਰਨ ਸਿੱਖ ਇਸ ਘਟਨਾ ਬਾਰੇ ਇਹੋ ਕਹਿੰਦੇ ਹਨ ਕਿ ਇਕ ਪਾਸੇ ਤਾਂ ਸਿੱਖ ਦੇਸ਼ ਦੀ ਸੁਰੱਖਿਆ ਖ਼ਾਤਰ ਕੀਤੀ ਜਾਂਦੀ ਜਾਂਚ ਦੌਰਾਨ ਏਅਰਪੋਰਟਾਂ ਉਤੇ ਪੱਗਾਂ ਦੀ ਇੱਜ਼ਤ ਨਾਲ ਕੀਤੀ ਜਾਂਦੀ ਤਲਾਸ਼ੀ ਦੇ ਵੀ ਖ਼ਿਲਾਫ਼ ਹਨ ਤੇ ਇਸ ਵਿਰੁਧ ਰੌਲਾ ਪਾਉਂਦੇ ਹਨ ਪਰ ਖ਼ੁਦ ਗੁਰੂਘਰਾਂ ਵਿਚ ਆਏ ਦਿਨ ਹੀ ਸਿੱਖ ਉਸੇ ਪੱਗ ਦਾ ਨਿਰਾਦਰ ਕਰਦੇ ਰਹਿੰਦੇ ਹਨ ਜਿਸ ਨੂੰ ਉਹ ਸਿੱਖੀ ਦਾ ਮਾਣ ਦੱਸ ਰਹੇ ਹਨ।

ਯੂਬਾ ਸਿਟੀ ਦੀ ਸ਼ਾਂਤ ਪੰਜਾਬੀ ਫ਼ਿਜ਼ਾ ਵਿਚ ਕੁੜੱਤਣ ਤਾਂ ਗੁਰੂਘਰ ਦੇ ਪ੍ਰਬੰਧਕੀ ਮਾਮਲੇ ਨੂੰ ਲੈ ਕੇ ਭਾਵੇਂ ਪਿਛਲੇ ਕਈ ਸਾਲਾਂ ਤੋਂ ਘੁਲੀ ਹੋਈ ਹੈ। ਕੁਝ ਮੰਦਭਾਗੀਆਂ ਘਟਨਾਵਾਂ ਪਹਿਲਾਂ ਵੀ ਵਾਪਰ ਚੁੱਕੀਆਂ ਹਨ ਪਰ ਯੂਬਾ ਸਿਟੀ ਦੀ ਸਾਧਾਰਨ ਲੋਕਾਈ ਦਾ ਇਸ ਨਾਲ ਕੋਈ ਵਾਹ-ਵਾਸਤਾ ਨਹੀਂ। ਤਾਜ਼ੀ ਘਟਨਾ ਦੇ ਪ੍ਰਸੰਗ ਵਿਚ ਆਮ ਸਿੱਖਾਂ ਦਾ ਇਹੋ ਕਹਿਣਾ ਹੈ ਕਿ ਗ਼ਲਤੀਆਂ ਸਭ ਧਿਰਾਂ ਨੇ ਕੀਤੀਆਂ ਹਨ, ਕਿਸੇ ਨੇ ਘੱਟ ਤੇ ਕਿਸੇ ਨੇ ਵੱਧ। ਗ਼ਲਤੀ ਕਰਨਾ ਇਨਸਾਨੀ ਫ਼ਿਤਰਤ ਹੈ ਪਰ ਗ਼ਲਤੀ ਨੂੰ ਨਾ ਦੁਹਰਾਉਣਾ ਅਤੇ ਪਿਛਲੇ ਕੀਤੇ ਤੋਂ ਸਬਕ ਲੈ ਕੇ ਨਰੋਆ ਸਮਾਜ ਸਿਰਜਣਾ ਵੀ ਮਨੁੱਖੀ ਸੁਭਾਅ ਦਾ ਵਿਲੱਖਣ ਪੱਖ ਹੈ।

ਲੋਹੜੀ ਦੇ ਦਿਨ ਜਿਸ ਬੱਚੇ ਦਾ ਜਨਮ ਦਿਨ ਗੁਰੂਘਰ ਵਿਚ ਮਨਾਇਆ ਜਾ ਰਿਹਾ ਸੀ, ਉਸ ਦੇ ਮਾਪੇ ਅਮਰੀਕਾ ਵਿਚ ਜਨਮੇ ਤੇ ਪ੍ਰਵਾਨ ਚੜ੍ਹੇ ਹਨ। ਨਵੀਂ ਪੀੜ੍ਹੀ ਵੱਲੋਂ ਹੋਟਲਾਂ ਤੇ ਕਲੱਬਾਂ ਤੋਂ ਹਟ ਕੇ ਗੁਰੂਘਰਾਂ ਵਿਚ ਜਨਮ ਦਿਨ ਮਨਾਉਣੇ ਅਹਿਮ ਗੱਲ ਹੈ ਪਰ ਜਦੋਂ ਗੁਰੂਘਰਾਂ ਵਿਚ ਅਜਿਹੇ ਮੌਕਿਆਂ ਉਤੇ ਝਗੜੇ ਹੁੰਦੇ ਹਨ ਤਾਂ ਪੁਰਾਣੀ ਪੀੜ੍ਹੀ ਨਵਿਆਂ ਨੂੰ ਕੀ ਸੁਨੇਹਾ ਦਿੰਦੀ ਹੈ? ਜਿਸ ਬੱਚੇ ਦੇ ਜਨਮ ਦਿਨ ਜਾਂ ਵਿਆਹ-ਸ਼ਾਦੀ ਮੌਕੇ ਫ਼ਸਾਦ ਖੜ੍ਹਾ ਕੀਤਾ ਜਾਵੇ, ਉਸ ਦੇ ਮਾਪਿਆਂ ਦੀ ਮਾਯੂਸੀ ਉਹ ਹੀ ਦੱਸ ਸਕਦੇ ਹਨ। ਕੀ ਅਜਿਹੇ ਮੌਕਿਆਂ ਉਤੇ ਝਗੜੇ ਕਰ ਕੇ ਸਿੱਖ ਆਪਣੇ ਬੱਚਿਆਂ ਨੂੰ ਗੁਰੂਘਰਾਂ ਤੋਂ ਦੂਰ ਨਹੀਂ ਕਰ ਰਹੇ?

ਇਸ ਘਟਨਾ ਦੇ ਪ੍ਰਸੰਗ ਵਿਚ ਦਰਬਾਰ ਹਾਲ ਵਿਚ ਬੈਠਾ ਲਗਭਗ ਹਰ ਸੂਝਵਾਨ ਸਿੱਖ ਇਹੋ ਹੀ ਕਹਿੰਦਾ ਹੈ ਕਿ ਜੇਕਰ ਸਿੱਖਾਂ ਕੋਲ ਗੁਰੂ ਦਾ ਦਿੱਤਾ ਠਰ੍ਹੰਮਾ ਹੋਵੇ ਤਾਂ ਅਜਿਹੀ ਘਟਨਾ ਨਹੀਂ ਵਾਪਰ ਸਕਦੀ। ਇਸ ਘਟਨਾ ਵਿਚ ਇਹੋ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਗੁਰੂਘਰਾਂ ਦੇ ਪ੍ਰਬੰਧ ਉਤੇ ਕਾਬਜ਼ ਧਿਰਾਂ ਨੂੰ ਬਹੁਤ ਸਹਿਣਸ਼ੀਲਤਾ ਦੀ ਲੋੜ ਹੈ। ਉਨ੍ਹਾਂ ਉਤੇ ਬਹੁਤ ਵੱਡੀ ਜ਼ਿੰਮੇਵਾਰੀ ਹੁੰਦੀ ਹੈ। ਉਹ ਆਪਣੇ ਵਿਚਾਰਾਂ ਵਾਲੀ ਅਤੇ ਵਿਰੋਧੀ ਵਿਚਾਰਾਂ ਵਾਲੀ ਸੰਗਤ ਦੋਵਾਂ ਲਈ ਪ੍ਰਬੰਧ ਚਲਾਉਣ ਵਾਲੀ ਬਾਡੀ ਹੁੰਦੇ ਹਨ। ਪ੍ਰਬੰਧ ਚਲਾ ਰਹੀ ਧਿਰ ਅਤੇ ਵਿਰੋਧੀ ਧਿਰ ਦੋਵਾਂ ਨੂੰ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਕੀ ਉਹ ਇਕ-ਦੂਸਰੇ ਤੋਂ ਅਜਿਹਾ ਸਹਿਯੋਗ ਲੈ-ਦੇ ਰਹੇ ਹਨ ਜਿਸ ਦੀ ਤਵੱਕੋ ਉਹ ਆਪਣੇ ਵਿਰੋਧੀਆਂ ਤੋਂ ਰੱਖਦੇ ਹਨ? ਵਿਰੋਧੀ ਧਿਰ ਦਾ ਫ਼ਰਜ਼ ਹੈ ਕਿ ਉਸੇ ਤਰ੍ਹਾਂ ਦਾ ਸਹਿਯੋਗ ਦੇਵੇ, ਜਿਸ ਤਰ੍ਹਾਂ ਦੀ ਉਹ ਆਸ ਰੱਖਦੇ ਹਨ ਅਤੇ ਪ੍ਰਬੰਧਕ ਵੀ ਵਿਰੋਧੀਆਂ ਨੂੰ ਉਹ ਸਹਿਯੋਗ ਦੇਣ ਜੋ ਉਹ ਬਾਹਰ ਰਹਿੰਦਿਆਂ ਤੋਂ ਸਹਿਯੋਗ ਚਾਹੁੰਦੇ ਸਨ। ਦੂਜਾ, ਪ੍ਰਬੰਧਕਾਂ ਨੂੰ ਪ੍ਰਬੰਧਕੀ ਕਾਰਜਾਂ ਦੇ ਨਾਂ ਉਤੇ ਗੁਰੂਘਰਾਂ ਵਿਚ ਹੁੰਦੇ ਨਿਜੀ ਪ੍ਰੋਗਰਾਮਾਂ ਵਿਚ ਬੇਲੋੜੀ ਦਖ਼ਲਅੰਦਾਜ਼ੀ ਵੀ ਨਹੀਂ ਕਰਨੀ ਚਾਹੀਦੀ।

ਵਿਚਾਰਾਂ ਦਾ ਟਕਰਾਅ ਹੋਣਾ ਕੁਦਰਤੀ ਹੈ। ਮਨੁੱਖੀ ਵਿਕਾਸ ਵਿਰੋਧ ਵਿਚੋਂ ਹੁੰਦਾ ਹੈ। ਇਸ ਲਈ ਬਾਬੇ ਨਾਨਕ ਨੇ ਗੋਸ਼ਟ ਅਤੇ ਦਵੰਦਵਾਦ ਦੀ ਪ੍ਰਥਾ ਚਲਾਈ। ਬਾਬਾ ਨਾਨਕ ਖ਼ੁਦ ਉਥੇ ਚਲ ਕੇ ਜਾਂਦੇ ਸਨ ਜਿਥੇ ਕਿਧਰੇ ਉਨ੍ਹਾਂ ਦੇ ਵਿਚਾਰਾਂ ਦਾ ਵਿਰੋਧ ਜਾਂ ਹਨਨ ਹੋ ਰਿਹਾ ਹੁੰਦਾ; ਭਾਵੇਂ ਉਹ ਮੱਕੇ ਦਾ ਕਾਜ਼ੀ ਹੋਵੇ, ਠੱਗੀਆਂ ਮਾਰਨ ਵਾਲਾ ਕੋਈ ਸੱਜਣ ਠੱਗ ਹੋਵੇ, ਧਰਮ ਦੇ ਨਾਂ 'ਤੇ ਠੱਗੀਆਂ ਮਾਰਨ ਵਾਲੇ ਹਰਿਦੁਆਰ 'ਚ ਪ੍ਰੋਹਿਤ ਹੋਣ, ਭੂਮੀਆ ਚੋਰ ਹੋਵੇ ਜਾਂ ਫਿਰ ਰਿਧੀਆਂ-ਸਿਧੀਆਂ ਵਾਲੇ ਨਾਥ। ਉਨ੍ਹਾਂ ਦਲੀਲ ਨਾਲ ਸਭ ਨੂੰ ਆਪਣੇ ਨਾਲ ਤੋਰ ਲਿਆ ਪਰ ਅੱਜ ਬਾਬੇ ਨਾਨਕ ਦੇ ਸਭ ਤੋਂ ਵੱਡੇ ਨਾਮ-ਲੇਵਾ ਕਹਾਉਣ ਵਾਲੇ ਅਖੌਤੀ ਆਗੂ ਸਭ ਤੋਂ ਪਹਿਲਾਂ ਆਪਣੇ ਵਿਰੋਧੀ ਦੀ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਸ ਨਾਲ ਉਨ੍ਹਾਂ ਦਾ ਖ਼ੁਦ ਦਾ ਅਤੇ ਸਮਾਜ ਦਾ ਵਿਕਾਸ ਰੁਕਦਾ ਹੈ।

ਬਾਬੇ ਨਾਨਕ ਨੇ ਤਾਂ ਦੁਨੀਆਂ ਵਿਚ ਵੱਸਦਿਆਂ ਸੰਵਾਦ ਰਚਾਈ ਰੱਖਣ ਦਾ ਹੋਕਾ ਦਿੱਤਾ ਸੀ। ਕੀ ਅੱਜ ਦੇ ਸਿੱਖ ਆਗੂ ਆਪਣੇ ਵਿਰੋਧੀਆਂ ਨਾਲ ਸੰਵਾਦ ਰਚਾਉਣ ਦਾ ਜੇਰਾ ਰੱਖਦੇ ਹਨ? ਜੇਕਰ ਨਹੀਂ ਤਾਂ ਉਹ ਬਾਬੇ ਦੇ ਵਰਸੋਏ ਨਿਰਾਲੇ ਪੰਥ ਦੇ ਸਹੀ ਅਰਥਾਂ ਵਿਚ ਪੰਥੀ ਨਹੀਂ ਹਨ। ਬਾਬੇ ਨਾਨਕ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਨੇ ਪੰਥਕ ਫ਼ੈਸਲੇ ਪੰਜ ਪਿਆਰਿਆਂ ਰਾਹੀਂ ਕਰਨ ਦੀ ਪਿਰਤ ਪਾ ਕੇ ਲੋਕ-ਰਾਜੀ ਪ੍ਰਬੰਧ ਦਾ ਮੁੱਢ ਬੰਨ੍ਹਿਆ ਪਰ ਅੱਜ ਜਦੋਂ ਫ਼ੈਸਲੇ ਕਰਨ ਲਈ ਲੀਡਰ ਆਪਣੇ ਹਿਤੈਸ਼ੀ ਪੰਜ ਪਿਆਰੇ ਚੁਣਦੇ ਹਨ ਜਾਂ ਗੁਰੂਘਰਾਂ ਉਤੇ ਕਬਜ਼ੇ ਕਰਨ ਲਈ ਜਾਅਲੀ ਵੋਟਾਂ ਬਣਾਉਣ ਅਤੇ ਨਸ਼ੇ ਵੰਡਣ ਤੱਕ ਦੇ ਹਰਬੇ ਵਰਤਦੇ ਹਨ। ਸੋਚਣ ਵਾਲੀ ਗੱਲ ਹੈ, ਕੀ ਉਹ ਗੁਰੂ ਗੋਬਿੰਦ ਸਿੰਘ ਵੱਲੋਂ ਚਲਾਏ ਲੋਕ-ਰਾਜੀ ਨਿਜ਼ਾਮ ਦਾ ਗਲਾ ਨਹੀਂ ਘੁੱਟ ਰਹੇ?

ਵਿਚਾਰਾਂ ਦਾ ਪ੍ਰਗਟਾਵਾ ਸਭਿਅਕ ਸਮਾਜ ਵਿਚ ਮਨੁੱਖ ਦਾ ਮੁੱਢਲਾ ਅਧਿਕਾਰ ਹੈ ਪਰ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਆਚਾਰ-ਵਿਹਾਰ ਦਾ ਵੀ ਖ਼ਿਆਲ ਰੱਖਣਾ ਚਾਹੀਦਾ ਹੈ। ਜੇਕਰ ਵਿਰੋਧੀ ਦੇ ਵਿਚਾਰਾਂ ਜਾਂ ਉਸ ਦੀ ਆਲੋਚਨਾ ਸੁਣ ਕੇ ਮਨੁੱਖ ਆਪਣੇ ਔਗੁਣ ਦੂਰ ਕਰ ਲਵੇ ਤਾਂ ਭਲਾ ਖ਼ੁਦ ਦਾ ਹੁੰਦਾ ਹੈ ਅਤੇ ਲੋਕਾਂ ਦੀ ਵਾਹ-ਵਾਹ ਨਾਲ ਵਿਰੋਧੀ ਦਾ ਮੂੰਹ ਸਦਾ ਲਈ ਬੰਦ ਹੋ ਜਾਂਦਾ ਹੈ। ਵਿਰੋਧੀਆਂ ਨਾਲ ਸੰਵਾਦ ਰਚਾਉਣ ਦੀ ਪ੍ਰਥਾ ਬਾਬਾ ਨਾਨਕ ਨੇ ਭਾਰਤੀ ਸਮਾਜ ਨੂੰ ਦਿੱਤੀ ਸੀ ਪਰ ਸਿੱਖ ਖ਼ੁਦ ਇਸ ਨੂੰ ਤਜ ਚੁੱਕੇ ਹਨ। ਹਾਂ, ਇਹ ਹੋ ਸਕਦਾ ਹੈ ਕਿ ਵਿਚਾਰ-ਚਰਚਾ ਲਈ ਢੁਕਵਾਂ ਮਾਹੌਲ, ਸਮਾਂ ਅਤੇ ਸਥਾਨ ਦਾ ਖ਼ਿਆਲ ਰੱਖਣਾ ਚਾਹੀਦਾ ਹੈ। ਸੰਵਾਦ ਦੇ ਨਾਂ 'ਤੇ ਲੋਕਾਂ ਦਾ ਸੁਆਦ ਵੀ ਖ਼ਰਾਬ ਨਹੀਂ ਕਰਨਾ ਚਾਹੀਦਾ। ਇਨ੍ਹਾਂ ਸਭ ਗੱਲਾਂ ਨੂੰ ਜਾਣਦੇ ਹੋਏ ਵੀ ਸਭ ਅਖੌਤੀ ਲੀਡਰ ਆਪਣੀ ਹਉਮੈ ਨੂੰ ਪੱਠੇ ਪਾਉਣ ਖ਼ਾਤਰ ਸ਼ਰ੍ਹੇਆਮ ਗੁਰੂਘਰਾਂ ਵਿਚ ਝੂਠ ਤੇ ਫ਼ਰੇਬ ਦਾ ਸਹਾਰਾ ਲੈ ਰਹੇ ਹਨ ਜਿਸ ਕਾਰਨ ਨਵੀਂ ਪੀੜ੍ਹੀ ਦੀ ਸੂਝਵਾਨ ਪੌਧ ਗੁਰੂਘਰਾਂ ਤੋਂ ਦੂਰ ਹੋ ਰਹੀ ਹੈ।

ਗੁਰਬਾਣੀ ਵਿਚ ਹਉਮੈ ਨੂੰ ਸਭ ਤੋਂ ਵੱਡਾ ਰੋਗ ਦੱਸਿਆ ਗਿਆ ਹੈ ਤੇ ਪ੍ਰੇਮ ਨੂੰ ਪਰਮਾਤਮਾ ਦੇ ਮਿਲਾਪ ਦਾ ਨੁਸਖ਼ਾ, ਪਰ ਲਗਭਗ ਸਭ ਸਿੱਖ ਨੇਤਾ ਆਪਣੀ 'ਮੈਂ' ਲਈ ਹਉਮੈ ਦੀ ਧੂੜ ਫੱਕੀ ਜਾ ਰਹੇ ਹਨ। ਸਭ ਕਿਸਮਾਂ ਦੇ ਨੇਤਾ ਸੰਗਤ ਨੂੰ ਸਟੇਜਾਂ ਤੋਂ ਗੁਰਮਤਿ ਵਿਹਾਰ ਦੇ ਸੁਨੇਹੇ ਦਿੰਦੇ ਹਨ। ਇਹ ਨੇਤਾ ਖ਼ੁਦ ਹੀ ਹਉਮੈ ਅਤੇ ਗੁਰੂਘਰਾਂ ਤੋਂ ਆਪਣੇ ਮੁਫ਼ਾਦ ਪੂਰੇ ਕਰਨ ਦੇ ਚਿੱਕੜ ਵਿਚ ਖੁੱਭੇ ਹੋਏ ਹਨ। ਕਾਸ਼, ਸਿੱਖ ਨੇਤਾਵਾਂ ਦੇ ਮਨੋਂ ਹਉਮੈ ਤੇ ਮੁਫ਼ਾਦ ਦਾ ਜਾਲਾ ਲਹਿ ਜਾਵੇ ਅਤੇ ਉਨ੍ਹਾਂ ਦੇ ਮਨਾਂ ਵਿਚ ਭਗਤ ਨਾਮਦੇਵ ਅਤੇ ਕਬੀਰ ਸਾਹਿਬ ਦੇ ਸਿਰਫ਼ ਢਾਈ ਅੱਖਰਾਂ ਦੇ ਸ਼ਬਦ 'ਪ੍ਰੇਮ' ਦੇ ਅਰਥ ਸਮਾ ਸਕਣ।

# ਪੰਜਾਬ ਦੇ ਦਲਿਤ ਜਿਵੇਂ ਕੌੜੀ ਵੇਲ ਦੇ ਫੁੱਲ ਹੋਣ

**ਗੁਰਦਿਆਲ ਸਿੰਘ ਜੱਬੋਵਾਲੀਆ**

ਪੂਰੇ ਹਿੰਦੁਸਤਾਨ ਵਿਚ ਆਰ.ਐਸ.ਐਸ. ਦਾ ਜਾਲ ਫੈਲਿਆ ਹੋਇਆ ਹੈ ਅਤੇ ਇਸ ਨੇ ਘੱਟਗਿਣਤੀ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਉਪਰੋਂ-ਉਪਰੋਂ ਭਾਵੇਂ ਜਿੰਨਾ ਮਰਜ਼ੀ ਆਖੀ ਜਾਈਏ, ਬਈ ਅਜਿਹਾ ਕਿਵੇਂ ਹੋ ਸਕਦਾ ਹੈ ਪਰ ਅਸਲੀਅਤ ਤੋਂ ਕੰਨੀਂ ਨਹੀਂ ਕਤਰਾ ਸਕਦੇ। ਹੁਣ ਤਾਂ ਪੂਰੇ ਦੇ ਪੂਰੇ ਪੰਜਾਬ ਨੂੰ ਆਰ.ਐਸ.ਐਸ. ਦੇ ਜ਼ਹਿਰੀਲੇ ਸੱਪ ਨੇ ਆਪਣੀ ਜਕੜ ਵਿਚ ਲਿਆ ਹੋਇਆ ਹੈ। ਪਿਛਲੇ ਹਫ਼ਤੇ ਪੰਜਾਬ ਵਿਚ ਹੋਈਆਂ ਗਤੀਵਿਧੀਆਂ ਦੇਖ ਲਓ, ਕੌਮ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਮਹਾਨ ਸਿੱਖ ਅਤੇ ਸ਼ਹੀਦ ਦੇ ਖ਼ਿਤਾਬ ਨਾਲ ਨਿਵਾਜਿਆ ਹੈ ਪਰ ਦਿਨ-ਦਿਹਾੜੇ ਉਨ੍ਹਾਂ ਦੇ ਪੋਸਟਰ ਪਾੜੇ ਗਏ। ਇਹ ਕੋਈ ਛੋਟੀ ਘਟਨਾ ਨਹੀਂ। 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਜੋ ਸਿੱਖਾਂ ਨਾਲ ਹੋਇਆ, ਉਹ ਕਦੇ ਭੁਲਾਉਣਯੋਗ ਨਹੀਂ ਹੈ। ਮੈਂ ਵੀ ਉਸ ਦਿਨ ਦਿੱਲੀ ਵਿਚ ਹੀ ਸੀ। ਸਭ ਕੁਝ ਅੱਖੀਂ ਦੇਖਿਆ, ਹਰ ਪਾਸੇ ਲਾਸ਼ਾਂ ਹੀ ਲਾਸ਼ਾਂ ਸਨ। ਪੱਥਰ ਦਿਲ ਵੀ ਕੰਬ ਉਠਦਾ ਸੀ।

ਜਿਹੜੇ ਕਹਿੰਦੇ ਹਨ ਕਿ ਅਸੀਂ ਸਭ ਭਰਾ ਹਾਂ, ਹਿੰਦੂ-ਸਿੱਖ ਭਾਈ-ਭਾਈ...ਜੇਕਰ ਹਿੰਦੂ-ਸਿੱਖ ਭਾਈ-ਭਾਈ ਹਨ, ਉਨ੍ਹਾਂ ਤੋਂ ਪੁੱਛਿਆ ਜਾ ਸਕਦਾ ਹੈ ਕਿ ਕੋਈ ਭਰਾ ਆਪਣੇ ਭਰਾ ਨੂੰ ਇਸ ਤਰ੍ਹਾਂ ਮਾਰੇਗਾ? ਜਦੋਂ ਦਾ ਸਿੱਖ ਧਰਮ ਹੋਂਦ ਵਿਚ ਆਇਆ ਹੈ, ਬਿਪਰਵਾਦੀ ਤਾਕਤਾਂ ਨੇ ਹਮੇਸ਼ਾਂ ਸਿੱਖਾਂ ਅਤੇ ਅਕਾਲ ਤਖ਼ਤ ਦਾ ਵਿਰੋਧ ਹੀ ਕੀਤਾ ਹੈ। ਇਹੀ ਕਹੀ ਜਾਂਦੇ ਹਨ ਕਿ ਜਿਵੇਂ ਗੁਲਦਸਤੇ ਵਿਚ ਤਰ੍ਹਾਂ-ਤਰ੍ਹਾਂ ਦੇ ਸੋਹਣੇ ਫੁੱਲ ਹੁੰਦੇ ਹਨ, ਇਸੇ ਤਰ੍ਹਾਂ ਸਿੱਖ ਵੀ ਹਿੰਦੂਤਵ ਦੇ ਗੁਲਸਤੇ ਦਾ ਬਹੁਤ ਵਧੀਆ ਗੁਲਾਬ ਦਾ ਫੁੱਲ ਹੈ। ਇਸ ਗੁਲਾਬ ਦੇ ਫੁੱਲ ਦੀ ਖ਼ੁਸ਼ਬੂ ਤਾਂ ਆਉਣੀ ਚਾਹੀਦੀ ਹੈ ਪਰ ਉਪਰ ਉਠ ਕੇ ਨਹੀਂ, ਸਾਡੇ ਬਾਕੀ ਸਾਰੇ ਫੁੱਲਾਂ ਦੇ ਹੇਠਾਂ ਰਹਿ ਕੇ ਖ਼ੁਸ਼ਬੂ ਦੇਈ ਜਾਓ, ਫਿਰ ਕੋਈ ਇਤਰਾਜ਼ ਨਹੀਂ। ਜੇਕਰ ਅਲੱਗ ਗਮਲੇ ਵਿਚ ਮਜ਼ਬੂਤ ਪੌਦਾ ਬਣ ਕੇ ਖ਼ੁਸ਼ਬੂ ਦੇਣੀ ਹੈ ਤਾਂ ਮਨਜ਼ੂਰ ਨਹੀਂ। ਫਿਰ ਇਸ ਦੇ ਗਮਲੇ ਵਿਚ ਖਾਦ ਨਹੀਂ, ਜ਼ਹਿਰ ਪਾਈ ਜਾਵੇਗੀ।

ਕਈ ਵਾਰ ਸੋਚਦਾ ਹਾਂ ਕਿ ਜਿਸ ਧਰਮ ਦੇ ਲੋਕਾਂ ਨੇ ਇੰਨੀਆ ਕੁਰਬਾਨੀਆਂ ਕਰ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਅਤੇ ਇਨ੍ਹਾਂ ਦੀਆਂ ਬਹੂ-ਬੇਟੀਆਂ ਦੀ ਇੱਜ਼ਤ ਉਨ੍ਹਾਂ ਮੁਗ਼ਲਾਂ ਦੇ ਹੱਥੋਂ ਬਚਾਈ, ਜਿਹੜੇ ਗ਼ਜ਼ਨੀ ਦੇ ਬਾਜ਼ਾਰਾਂ ਵਿਚ ਵੇਚਦੇ ਸਨ; ਅੰਗਰੇਜ਼ਾਂ ਨਾਲ ਲੜਾਈ ਕੀਤੀ ਅਤੇ ਸ਼ਹੀਦੀਆਂ ਪਾਈਆਂ; ਉਨ੍ਹਾਂ ਲੋਕਾਂ ਦੇ ਹਿੰਦੂ ਵਫ਼ਾਦਾਰ ਨਹੀਂ ਹੋਏ ਤਾਂ ਦਲਿਤਾਂ ਦੇ ਕਿਵੇਂ ਹੋ ਸਕਦੇ ਹਨ? ਜ਼ਰਾ ਦਿਮਾਗ਼ ਉਤੇ ਜ਼ੋਰ ਦੇਣ ਦੀ ਲੋੜ ਹੈ। ਜੇ ਇੰਨਾ ਕਰਨ ਦੇ ਬਾਵਜੂਦ ਇਹ ਸਿੱਖਾਂ ਦੇ ਵੈਰੀ ਹਨ ਤਾਂ ਦਲਿਤਾਂ ਦਾ ਕੀ ਬਣੇਗਾ? ਦਲਿਤ ਤਾਂ ਐਸੀ ਕੌੜੀ ਵੇਲ ਦੇ ਫੁੱਲ ਹਨ ਜਿਸ ਨੂੰ ਇਹੋ ਲੋਕ ਸੁੰਘਣਾ ਤਾਂ ਬਹੁਤ ਦੂਰ ਦੀ ਗੱਲ ਹੈ, ਉਸ ਦੇ ਲਾਗੇ ਜਾ ਕੇ ਆਪਣਾ ਪਰਛਾਵਾਂ ਲੈਣਾ ਵੀ ਪਾਪ ਦੇ ਬਰਾਬਰ ਸਮਝੀ ਬੈਠੇ ਹਨ।

ਪੰਜਾਬ ਵਿਚ ਰਾਜ ਭਾਵੇਂ ਜਿਸ ਦਾ ਵੀ ਹੋਵੇ, ਦਲਿਤਾਂ ਦੀ ਭਲਾਈ ਵਾਸਤੇ ਕਿਸੇ ਨੇ ਨਹੀਂ ਸੋਚਿਆ। ਅੱਜ ਤੋਂ 20-30 ਸਾਲ ਪਹਿਲਾਂ ਵੀ ਦਲਿਤਾਂ ਦੀ ਹਾਲਤ ਇਹੋ ਜਿਹੀ ਸੀ ਜਿਸ ਤਰ੍ਹਾਂ ਦੀ ਅੱਜ ਹੈ। ਜੇਕਰ ਕਿਸੇ ਨੇ ਤਰੱਕੀ ਕੀਤੀ ਹੈ ਤਾਂ ਆਪਣੇ ਬਲਬੂਤੇ ਉਤੇ ਕੀਤੀ ਪਰ ਸਰਕਾਰ ਵੱਲੋਂ ਇਹੋ ਜਿਹੀ ਕੋਈ ਸਕੀਮ ਨਹੀਂ ਨਿਕਲੀ ਜਿਹੜੀ ਦਲਿਤਾਂ ਦਾ ਭਲਾ ਕਰ ਸਕੇ। ਹਾਂ, ਜਿਹੜੀਆਂ ਵੀ ਸਕੀਮਾਂ ਨਿਕਲੀਆਂ ਸਨ, ਉਹ ਇਹੋ ਸਨ; ਇਨ੍ਹਾਂ ਨੂੰ ਇਕ-ਦੋ ਮੱਝਾਂ ਲੈ ਦਿਓ ਜਾਂ ਫਿਰ ਸ਼ਗਨ ਵਿਚ ਪੰਜ ਹਜ਼ਾਰ ਰੁਪਏ ਦੇ ਦਿਓ। ਕੀ ਇਨ੍ਹਾਂ ਦੀਆਂ ਕੁੜੀਆਂ ਦੇ ਵਿਆਹਾਂ ਵਿਚ ਸਿਰਫ਼ 5000 ਰੁਪਿਆ ਹੀ ਖ਼ਰਚ ਹੁੰਦਾ ਹੈ? ਲੀਡਰਾਂ ਦੀਆਂ ਕੁੜੀਆਂ-ਮੁੰਡਿਆਂ ਉਤੇ ਕਰੋੜਾਂ ਰੁਪਿਆ ਖ਼ਰਚ ਹੁੰਦਾ ਹੈ! ਜ਼ਿਮੀਂਦਾਰਾਂ ਦੀਆਂ ਮੋਟਰਾਂ ਦੇ ਸਾਰੇ ਬਿਲ ਮੁਆਫ਼। ਦਲਿਤ ਆਪਣੇ ਘਰ ਦਾ ਬਿਜਲੀ ਦਾ ਬਿਲ ਪੂਰੇ ਦਾ ਪੂਰਾ ਦੇਵੇ, ਭਾਵੇਂ ਵਿਚਾਰੇ ਦੇ ਘਰ ਇਕ ਹੀ ਬੱਲਬ ਜਗਦਾ ਹੋਵੇ। ਜੇਕਰ ਕੋਈ ਅਮੀਰ ਜਾਂ ਲੀਡਰ ਬੀਮਾਰ ਹੋ ਜਾਵੇ ਤਾਂ ਅਮਰੀਕਾ ਆ ਕੇ ਇਲਾਜ ਕਰਾਉਂਦਾ ਹੈ ਤੇ ਜੇ ਕਦੇ ਦਲਿਤ ਬੀਮਾਰ ਹੋ ਜਾਵੇ ਤਾਂ ਉਸ ਦਾ ਇਲਾਜ ਪੰਜਾਬ ਵਿਚ ਹੀ ਹੋਵੇ। ਕਿਉਂ, ਲੀਡਰਾਂ ਨੂੰ ਪੰਜਾਬ ਦੇ ਡਾਕਟਰਾਂ 'ਤੇ ਭਰੋਸਾ ਨਹੀਂ ਹੈ?

ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਪਣੀ ਘਰਵਾਲੀ ਦਾ ਇਲਾਜ ਅਮਰੀਕਾ ਕਰਵਾਉਣ ਮੁੜ ਮੁੜ ਆਏ। ਅੱਜ ਕੱਲ੍ਹ ਵੀ ਸ਼ਾਇਦ ਉਹ ਅਮਰੀਕਾ ਹੀ ਹੈ। ਇਲਾਜ 'ਤੇ ਤਾਂ ਪੈਸਾ ਖਰਚ ਹੋਇਆ ਹੀ, ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੀ ਸਕਿਉਰਿਟੀ ਉਤੇ ਵੀ ਕਰੋੜਾਂ ਰੁਪਿਆ ਰੋੜ੍ਹਿਆ ਗਿਆ। ਭਲਾ ਇਨ੍ਹਾਂ ਨੂੰ ਪੂਰੇ ਪੰਜਾਬ ਜਾਂ ਭਾਰਤ ਦੇ ਡਾਕਟਰ ਨਹੀਂ ਲੱਭੇ? ਇਸ ਦਾ ਭਾਵ ਸਾਡੀਆਂ ਸਰਕਾਰਾਂ ਨੂੰ ਵੀ ਆਪਣੇ ਹੈਲਥ ਸਿਸਟਮ ਉਤੇ ਯਕੀਨ ਨਹੀਂ ਹੈ। ਤਾਹੀਓਂ ਤਾਂ ਇਥੇ ਆ ਕੇ ਇਲਾਜ ਕਰਵਾਉਂਦੇ ਹਨ!

ਇਹ ਸਭ ਕੁਝ ਦੱਸਣ ਦਾ ਭਾਵ ਇਹੋ ਹੈ ਕਿ ਤੁਸੀਂ ਭਾਵੇਂ ਧਾਰਮਿਕ ਵਿਸ਼ੇ ਉਤੇ ਗੱਲ ਕਰ ਕੇ ਵੇਖ ਲਓ ਅਤੇ ਭਾਵੇਂ ਰਾਜਨੀਤਕ ਵਿਸ਼ੇ ਉਤੇ, ਦਲਿਤ ਦੀ ਹਾਲਤ ਇਸ ਵੇਲੇ ਉਹੋ ਹੀ ਹੈ ਜਿਸ ਤਰ੍ਹਾਂ ਕੌੜੀ ਵੇਲ ਦੀ ਹੁੰਦੀ ਹੈ। ਵੇਖਣ 'ਤੇ ਤਾਂ ਇਹੀ ਲਗਦਾ ਹੈ ਕਿ ਇਹ ਬਹੁਤ ਵਧਦੀ ਹੈ ਅਤੇ ਹਰੀ-ਹਰੀ ਲੱਗਦੀ ਹੈ ਅਤੇ ਸੋਹਣੀ ਵੀ ਪਰ ਜਦੋਂ ਉਸ ਵੇਲ ਨੂੰ ਫੁੱਲ ਲਗਦੇ ਹਨ ਉਨ੍ਹਾਂ ਦੀ ਖ਼ੁਸ਼ਬੂ ਕੋਈ-ਕੋਈ ਹੀ ਲੈਂਦਾ ਹੈ। ਭਾਵ ਜਦੋਂ ਇਨ੍ਹਾਂ ਲੀਡਰਾਂ ਨੇ ਵੋਟਾਂ ਲੈਣੀਆਂ ਹੁੰਦੀਆਂ ਹਨ ਤਾਂ ਮਿੰਨਤਾਂ-ਤਰਲੇ ਕਰ ਕੇ ਜਿੱਤ ਵੀ ਜਾਂਦੇ ਹਨ। ਜਦੋਂ ਜਿੱਤ ਹੁੰਦੀ ਹੈ ਤਾਂ ਬਾਅਦ ਵਿਚ ਕੋਈ ਇਨ੍ਹਾਂ ਨੂੰ ਪੁੱਛਦਾ ਵੀ ਨਹੀਂ ਹੈ ਕਿ ਭਾਈ ਤੁਹਾਨੂੰ ਕੀ ਤਕਲੀਫ਼ ਹੈ। ਮੋਹਨ ਲਾਲ ਫਿਲੋਰੀਆ ਦਾ ਲੇਖ ਇਸੇ ਦਰਦ ਨੂੰ ਦਰਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਸਾਨੂੰ ਵੀ ਇਕ ਇਹੋ ਜਿਹਾ ਲੀਡਰ ਲੱਭਣਾ ਚਾਹੀਦਾ ਹੈ ਜੋ ਪੰਜਾਬ ਦਾ ਦਰਦ ਸਮਝੇ, ਨਾ ਕਿ ਉਹ ਕਿਸੇ ਬਰਾਦਰੀ ਜਾਂ ਪਾਰਟੀ ਤੱਕ ਹੀ ਸੀਮਤ ਹੋਵੇ। ਅੱਜ ਉਸ ਆਗੂ ਦੀ ਲੋੜ ਹੈ ਜਿਹੜਾ ਹਰ ਪੰਜਾਬੀ ਦਾ ਦਰਦ ਸਮਝੇ।




**-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ**
**ਫੋਨ:916-687-3536**

ਕਲਮਾਂ ਨੂੰ ਮੈਂ ਦਿਆਂ ਆਵਾਜ਼,
ਆਓ ਬਣਾਈਏ ਨਵਾਂ ਸਮਾਜ।
ਕਲਮ ਨੂੰ ਦਿੱਤੀ ਰੱਬ ਨੇ ਹਿੰਮਤ,
ਕਲਮ ਲਿਖੇ ਬੰਦੇ ਦੀ ਕਿਸਮਤ।
ਕਲਮਾਂ ਕੌਮਾਂ ਤਾਈਂ ਜਗਾਵਣ,
ਕਲਮਾਂ ਕੌਮ ਨੂੰ ਮਾਰ ਮੁਕਾਵਣ।
ਕਈ ਕਲਮਾਂ ਤਕਦੀਰ ਬਣਾਵਣ,
ਰਾਜਿਆਂ ਤਾਈਂ ਫ਼ਕੀਰ ਬਣਾਵਣ।
ਕਈ ਕਲਮਾਂ ਨੇ ਦੇਸ਼ ਉਜਾੜੇ,
ਕਈ ਕਲਮਾਂ ਨੇ ਪਾਏ ਪੁਆੜੇ।
ਕਈ ਕਲਮਾਂ ਨੇ ਇਸ਼ਕਾਂ ਡੁੱਬੀਆਂ,
ਹਵਸ ਦੀ ਦਲਦਲ 'ਚ ਖੁੱਭੀਆਂ।
ਕਈ ਕਲਮਾਂ ਨੇ ਡੁੱਬ ਕੇ ਮਰੀਆਂ,
ਕਈ ਕਲਮਾਂ ਔਧਵਾਟੇ ਖੜ੍ਹੀਆਂ।
ਕਈ ਕਲਮਾਂ ਇਤਿਹਾਸ ਬਣਾਏ,
ਕਈ ਕਲਮਾਂ ਕਈ ਦੇਸ਼ ਮਰਵਾਏ।
ਕਈ ਕਲਮਾਂ ਨੇ ਝੂਠ ਬੋਲਦੀਆਂ,
ਕਈ ਕਲਮਾਂ ਨੇ ਕੁਫ਼ਰ ਤੋਲਦੀਆਂ।
ਕਈ ਕਲਮਾਂ ਆਜ਼ਾਦ ਨੇ ਕਲਮਾਂ,
ਕਈ ਹੋਈਆਂ ਬਰਬਾਦ ਨੇ ਕਲਮਾਂ।
ਕਈ ਕਲਮਾਂ ਨੇ ਦੇਸ਼ ਧਰੋਹੀ,
ਕਈ ਕਲਮਾਂ ਬਹੁਤ ਨਿਰਮੋਹੀ।
ਕਲਮਾਂ ਨੂੰ ਮੂੰਹ ਜ਼ੋਰ ਨਾ ਕਰੀਏ,
ਕਲਮਾਂ ਨੂੰ ਕਮਜ਼ੋਰ ਨਾ ਕਰੀਏ।
ਕਈ ਕਲਮਾਂ ਕਰਦੀਆਂ ਤੁੱਕਬੰਦੀ,
ਕਈ ਕਲਮਾਂ ਨੇ ਪਾਈ ਭੰਡੀ।
ਕਈ ਕਲਮਾਂ ਨੇ ਝੂਠ ਪੁਲੰਦੇ,
ਕਈ ਕਲਮਾਂ ਦੇ ਕਾਲੇ ਧੰਦੇ।
ਕਈ ਕਲਮਾਂ ਨੇ ਵਿਕਣ ਵਾਲੀਆਂ,
ਕਈ ਕਲਮਾਂ ਸੱਚ ਲਿਖਣ ਵਾਲੀਆਂ।
ਕਈ ਕਲਮਾਂ ਗ਼ੱਦਾਰ ਨੇ ਕਲਮਾਂ,
ਕਈ ਹੋਈਆਂ ਸਾਕਾਰ ਨੇ ਕਲਮਾਂ।
ਕਈ ਕਲਮਾਂ ਨੂੰ ਮਿਲਦੀ ਸ਼ੋਹਰਤ,
ਕਈ ਕਲਮਾਂ ਨੂੰ ਮਿਲਦੀ ਇੱਜ਼ਤ।
ਕਈ ਕਲਮਾਂ ਨੂੰ ਮਿਲਦੀ ਦੌਲਤ,
ਕਈ ਕਲਮਾਂ 'ਤੇ ਲੱਗਦੀ ਤੋਹਮਤ।
ਕਈ ਕਲਮਾਂ ਨੇ ਸ਼ਰਮ ਵਾਲੀਆਂ,
ਕਈ ਕਲਮਾਂ ਨੇ ਧਰਮ ਵਾਲੀਆਂ।
ਕਈ ਕਲਮਾਂ ਦਾ ਧਰਮ ਨਾ ਕੋਈ,
ਕਈ ਕਲਮਾਂ ਨੂੰ ਸ਼ਰਮ ਨਾ ਕੋਈ।
ਉਠੋ ਜਾਗੋ ਕਲਮਾਂ ਵਾਲਿਓ,
ਉਠੋ ਜਾਗੋ ਇਲਮਾਂ ਵਾਲਿਓ।
ਕਲਮਾਂ ਦੀ ਔਕਾਤ ਬਣਾਵੋ,
ਕਲਮਾਂ ਨੂੰ ਸੌਗਾਤ ਬਣਾਵੋ।
ਕਲਮਾਂ ਨਾਲ ਸਮਾਜ ਨੂੰ ਬਦਲੋ,
ਕਲਮਾਂ ਦੇ ਨਾਲ ਰਾਜ ਨੂੰ ਬਦਲੋ।
ਕਲਮਾਂ ਨਾਲ ਹਕੂਮਤ ਬਦਲੋ,
ਕਲਮਾਂ ਦੇ ਨਾਲ ਜ਼ਹਿਨੀਅਤ ਬਦਲੋ।
ਆਪਣੀਆਂ ਕਲਮਾਂ ਤਾਈਂ ਜਗਾਵੋ,
ਦੇਸ਼ ਕੌਮ ਦੀ ਅਣਖ ਬਚਾਵੋ।
ਅੱਜ 'ਸੁਰਜੀਤ' ਦੀ ਕਲਮ ਪੁਕਾਰੇ,
ਸਭ ਕਲਮਾਂ ਨੂੰ 'ਵਾਜ਼ਾਂ ਮਾਰੇ।
ਉਠੋ ਕਰੋ ਤਿਆਰ ਕਾਫ਼ਲਾ,
ਕਰੇ ਸਮਾਜ ਸੁਧਾਰ ਕਾਫ਼ਲਾ।

# ਆਸਾ ਸਿੰਘ ਮਸਤਾਨਾ ਨੂੰ ਯਾਦ ਕਰਦਿਆਂ...

ਗੀਤ-ਸੰਗੀਤ

ਸਵਰਨ ਸਿੰਘ ਟਹਿਣਾ*

ਆਸਾ ਸਿੰਘ ਮਸਤਾਨਾ ਦਾ ਜ਼ਿਕਰ ਛਿੜਦਿਆਂ ਅੱਖਾਂ ਮੂਹਰੇ ਵਸਮਾ ਲਾਈ, ਘੁੱਟਵੀਂ ਪੱਗ ਬੰਨ੍ਹੀ, ਤਕੜੇ ਜਿਹੇ ਸਰੀਰ ਦਾ ਗੋਲ-ਮਟੋਲ ਸ਼ਖ਼ਸ ਆ ਖੜ੍ਹਦੈ। ਉਹ ਹੌਲੀ-ਹੌਲੀ ਬੋਲਦਾ ਪ੍ਰਤੀਤ ਹੁੰਦੈ, ਥੋੜ੍ਹਾ ਕੁ ਮੂੰਹ ਖੋਲ੍ਹਦੈ, ਨੀਵੀਂ ਸੁਰ 'ਚ ਗਾਉਂਦਾ



*ਆਸਾ ਸਿੰਘ ਮਸਤਾਨਾ*

ਸ਼ਾਂਤ ਜਿਹਾ ਮਾਹੌਲ ਸਿਰਜਦਾ ਜਾਂਦੈ। ਕਦੇ ਉਦਾਸੀ ਦਾ ਆਲਮ ਪੇਸ਼ ਕਰਦੈ, ਕਦੇ ਸਾਹਿਤਕ ਗੀਤ ਛੇੜ ਲੈਂਦੈ ਤੇ ਕਦੇ ਗੱਭਰੂ-ਮੁਟਿਆਰ ਦੇ ਮਨ ਅੰਦਰਲੇ ਉਬਾਲ ਨੂੰ ਪੇਸ਼ ਕਰਦੈ। ਕਦੇ ਸੁਰਿੰਦਰ ਕੌਰ ਨਾਲ, ਕਦੇ ਪ੍ਰਕਾਸ਼ ਕੌਰ ਨਾਲ ਸਦਾ ਚੇਤੇ ਰਹਿਣ ਵਾਲੇ ਗੀਤ ਗਾਉਂਦੈ। ਉਸਦਾ ਹਰ ਗੀਤ ਜ਼ਿਹਨ 'ਚ ਉਤਰਨ ਲੱਗਦੈ, ਇੰਜ ਮਹਿਸੂਸ ਹੁੰਦੈ ਜਿਵੇਂ ਉਹ ਹੁਣੇ ਪਾਂਡਾ ਬਣ ਸੁਰਿੰਦਰ ਕੌਰ ਦੇ ਸਵਾਲਾਂ ਦਾ ਜਵਾਬ ਦੇਵੇਗਾ, ਜਿਵੇਂ ਮੁਟਿਆਰ ਦੀ ਗਿੱਟਿਆਂ ਤੱਕ ਲਟਕਦੀ ਗੁੱਤ ਵਿਚਲੇ ਪਰਾਂਦੇ ਦੀ ਬਾਤ ਮੁੜ ਪਾਵੇਗਾ, ਜਿਵੇਂ ਧੀਆਂ ਦੇ ਹੱਕ 'ਚ ਧਿਰ ਬਣ ਖੜ੍ਹ ਆਖੇਗਾ, 'ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ...।'

ਆਸਾ ਸਿੰਘ ਮਸਤਾਨਾ ਵਰਗੇ ਫ਼ਨਕਾਰ ਜਦੋਂ ਵੀ ਚੇਤੇ ਆਉਂਦੇ ਨੇ, ਉਨ੍ਹਾਂ ਦੇ ਸਾਊ ਜਿਹੇ ਗੀਤਾਂ ਅੱਗੇ ਮੱਲੋ-ਜ਼ੋਰੀ ਸਿਰ ਝੁਕ ਜਾਂਦੈ। ਗੀਤਾਂ ਵਿਚ ਕੋਈ ਵ.ਲ-ਛ.ਲ ਨਹੀਂ ਦਿਸਦਾ, ਕੋਈ ਹੇਰਾਫੇਰੀ ਨਹੀਂ, ਕੋਈ ਭੜਕੀਲਾਪਣ ਨਹੀਂ। ਇੱਕ ਬੁੱਧੀਜੀਵੀ ਨੇ ਲਿਖਿਐ, 'ਲੇਖਕ ਦੇ ਵਿਅਕਤਿਤਵ ਦਾ ਪਤਾ ਉਸਦੀਆਂ ਲਿਖਤਾਂ ਤੋਂ ਜ਼ਰੂਰ ਲੱਗ ਜਾਂਦੈ...।' ਸ਼ਾਇਦ ਇਹੀ ਗੱਲ ਕੰਠ ਦੇ ਸਾਥ ਵਾਲਿਆਂ ਨਾਲ ਵੀ ਜੁੜਦੀ ਏ, ਗਾਉਣ ਵਾਲਾ ਜਿਹੋ ਜਿਹੇ ਗੀਤ ਗਾਉਂਦੈ, ਉਹੋ ਜਿਹਾ ਵਿਅਕਤਿਤਵ ਹੁੰਦੈ ਉਸਦਾ।

ਮਸਤਾਨੇ ਦਾ ਪੋਲਾ ਪੋਲਾ ਗਾਉਣਾ ਲੰਮਾ ਸਮਾਂ ਲੋਕਾਂ ਰੱਜ ਕੇ ਮਾਣਿਆ। 'ਐਚ.ਐਮ.ਵੀ' ਦਾ ਉਹ ਸਟਾਰ ਗਾਇਕ ਸੀ। ਉਸਦੇ ਤਵਿਆਂ ਦੀ ਉਡੀਕ ਹੁੰਦੀ ਰਹਿੰਦੀ। ਉਸਦਾ ਗਾਉਣ ਦਾ ਅੰਦਾਜ਼ ਅੱਜ ਵੀ ਉਨ੍ਹਾਂ ਲੋਕਾਂ ਦੇ ਚੇਤੇ 'ਚ ਵਸਿਆ ਹੋਇਐ, ਜਿਨ੍ਹਾਂ ਨੂੰ ਸ਼ੋਰ ਮੁਕਤ ਸੰਗੀਤ ਨਾਲ ਪ੍ਰੇਮ ਹੈ। ਜਦੋਂ ਰਿਕਾਰਡਾਂ ਦਾ ਦੌਰ ਖਤਮ ਹੋ ਗਿਆ ਤਾਂ 'ਐਚ.ਐਮ.ਵੀ' ਵੱਲੋਂ ਹੋਰ ਪੁਰਾਣੇ ਕਲਾਕਾਰਾਂ ਵਾਂਗ ਮਸਤਾਨੇ ਦੇ ਗੀਤਾਂ ਦੀਆਂ ਸੀਡੀਆਂ ਦਾ ਸੈਟ 'ਸੋਲਡ ਗੋਲਡ' ਨਾਂ 'ਤੇ ਰਿਲੀਜ਼ ਕੀਤਾ ਗਿਆ, ਜਿਸ ਨੂੰ ਚੰਗਾ ਸੁਣਨ ਦੇ ਚਾਹਵਾਨ ਅੱਜ ਵੀ ਚਾਈਂ ਚਾਈਂ ਖਰੀਦਦੇ ਨੇ।

1926 'ਚ ਜਨਮੇ ਆਸਾ ਸਿੰਘ ਮਸਤਾਨਾ ਨੇ ਸਿੱਧ ਪੱਧਰ ਜਿਹੇ ਗੀਤ ਗਾਏ, ਜਿਨ੍ਹਾਂ ਵਿਚੋਂ ਉਮਰ ਦਾ ਤਜਰਬਾ ਵੀ ਝਲਕਦਾ ਹੈ ਤੇ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਦਾ ਅਹਿਸਾਸ ਵੀ। 1999 ਵਿਚ ਉਸ ਦੇ ਆਖਰੀ ਸਾਹਾਂ ਮੌਕੇ ਭਾਵੇਂ ਸੰਗੀਤ ਦਾ ਰੂਪ ਬਦਲ ਚੁਕਾ ਸੀ, ਪਰ ਏਨਾ ਨਹੀਂ ਸੀ ਬਦਲਿਆ, ਜਿੰਨਾ ਕਿ ਅੱਜ। ਸ਼ਾਂਤ ਮਾਹੌਲ 'ਚ ਵਾਰ ਵਾਰ ਉਸਦੇ ਗੀਤ ਸੁਣਨ ਉਪਰੰਤ ਭਾਸਦਾ ਹੈ ਕਿ ਜਿਵੇਂ ਇਹ ਸਿਰਫ਼ ਉਸੇ ਲਈ ਬਣੇ ਹੋਣ, ਸਿਰਫ਼ ਉਸੇ ਦੇ ਕੰਠ ਲਈ ਤਰਸਦੇ ਸਨ, ਜੇ ਕੋਈ ਹੋਰ ਗਾਉਂਦਾ ਤਾਂ ਸ਼ਾਇਦ ਬੇਇਨਸਾਫ਼ੀ ਹੋ ਜਾਂਦੀ।

ਮਸਤਾਨੇ ਦੇ ਸਭ ਤੋਂ ਵੱਧ ਮਕਬੂਲ ਗੀਤਾਂ ਵਿਚ 'ਇਹ ਮੁੰਡਾ ਨਿਰਾ ਸ਼ਨਿੱਚਰ ਈ' ਸ਼ਾਮਲ ਹੈ। ਸੁਰਿੰਦਰ ਕੌਰ ਨਾਲ ਗਾਏ ਇਸ ਦੋਗਾਣੇ ਵਿਚ ਕਈ ਟਕੋਰਾਂ ਹਨ, ਅੰਧ ਵਿਸ਼ਵਾਸ ਦੀ ਪੰਡ ਚੁੱਕੀ ਫਿਰਦੀ ਮਨੁੱਖਤਾ ਦੀ ਹਾਲਤ ਪੇਸ਼ ਹੈ ਤੇ ਹੱਥਾਂ ਦੀਆਂ ਲਕੀਰਾਂ ਵਿਚੋਂ ਭਵਿੱਖ ਜਾਣਨਾ ਚਾਹੁੰਦੀ ਲੋਕਾਈ ਨੂੰ ਸਮਝਾਉਣੀਆਂ ਦਿੱਤੀਆਂ ਗਈਆਂ। ਸੁਰਿੰਦਰ ਕੌਰ ਮਾਂ ਦੇ ਰੂਪ 'ਚ ਪੁੱਤਰ ਦੇ ਭਵਿੱਖ ਬਾਰੇ ਪੁੱਛਦੀ ਹੈ ਤੇ ਮਸਤਾਨਾ ਪਾਂਡੇ ਵਜੋਂ ਕੀਤੇ ਸਵਾਲਾਂ ਦਾ ਜਵਾਬ ਦਿੰਦਾ ਹੈ। ਸੁਰਿੰਦਰ ਕੌਰ ਦਾ ਪੁੱਛਦੀ ਹੈ :

ਪੰਡਤ ਜੀ ਕੀ ਇਹ ਲਾਲ ਮੇਰਾ
ਮਾਂ ਪਿਓ ਦਾ ਨਾਂ ਚਮਕਾਏਗਾ,
ਪ੍ਰਤਾਪ ਸ਼ਿਵਾ ਜੀ ਵਾਂਗੂੰ ਕੀ ਇਹ,
ਭਾਰਤ ਵੀਰ ਕਹਾਏਗਾ।
ਅੱਗੋਂ ਮਸਤਾਨਾ ਉਮੀਦਾਂ ਦੀ ਫੱਟੀ ਪੋਚਦਾ ਹੈ:
ਇਹ ਮੁੰਡਾ ਨਿਰਾ ਸ਼ਨਿੱਚਰ ਈ,
ਦਿਨ ਰਾਤ ਪੁਆੜੇ ਪਾਏਗਾ,
ਆਉਂਦੇ ਜਾਂਦੇ ਨੂੰ ਛੇੜੇਗਾ,
ਭਾਈਏ ਦਾ ਸਿਰ ਪੜਵਾਏਗਾ।

ਘਰ ਦੇ ਭਾਂਡੇ ਵੇਚਣ ਬਾਰੇ ਦੱਸਦਾ-ਦੱਸਦਾ ਪਾਂਡਾ ਹਿੰਦੂ-ਮੁਸਲਿਮ-ਸਿੱਖ-ਈਸਾਈ ਮੁੱਦਾ ਵੀ ਉਭਾਰਦਾ ਹੈ, ਪਰ ਅਖੀਰ ਦੋਹੇਂ ਧਿਰਾਂ ਇਕਮਤ ਹੁੰਦੀਆਂ ਸਮਾਜ ਨੂੰ ਚਾਨਣ ਦਿੰਦੀਆਂ ਇਕਸੁਰ ਹੋ ਅਵਾਜ਼ ਬੁਲੰਦ ਕਰਦੀਆਂ ਹਨ:

ਓਏ ਭਟਕੇ ਹੋਏ ਜਵਾਨੋ
ਇਹ ਕੀ ਫੜ ਲਏ ਚਾਲੇ ਹੋਸ਼ ਕਰੋ,
ਚੰਨ ਤੀਕਰ ਵੀ ਜਾ ਪਹੁੰਚੇ ਨੇ,
ਅੱਜ ਦੁਨੀਆ ਵਾਲੇ ਹੋਸ਼ ਕਰੋ।
ਸਹੁੰ ਭਗਤ ਸਿੰਘ ਦੀ ਖਾ ਕੇ
ਅੱਜ ਏਨਾ ਹੀ ਕਹਿਣਾ ਏ,
ਨਾ ਰੋਲੋ ਏਸ ਜਵਾਨੀ ਨੂੰ
ਇਹ ਭਾਰਤ ਮਾਂ ਦਾ ਗਹਿਣਾ ਏ।

ਮਸਤਾਨੇ ਦੇ ਬਹੁਗਿਣਤੀ ਦੋਗਾਣੇ ਸੁਰਿੰਦਰ ਕੌਰ ਨਾਲ ਰਿਕਾਰਡ ਹੋਏ। ਇਹ ਵੀ ਸੱਚ ਹੈ ਕਿ ਕਈ ਦੋਗਾਣਿਆਂ ਵਿਚ ਸੁਰਿੰਦਰ ਕੌਰ ਦੀ ਅਵਾਜ਼ ਦਾ ਪ੍ਰਭਾਵ ਗੂੜ੍ਹਾ ਰਹਿੰਦਾ ਹੈ ਤੇ ਮਸਤਾਨੇ ਦਾ ਥੋੜ੍ਹਾ ਘੱਟ। ਮਸਤਾਨੇ ਦਾ ਸ਼ਹਿਰੀ ਸਟਾਈਲ ਉਚਾਰਣ ਉਸ ਤੋਂ ਵਾਰ ਵਾਰ 'ਣ' ਨੂੰ 'ਨ' ਕਹਾਉਂਦਾ ਹੈ ਤੇ ਜਿੱਥੇ-ਜਿੱਥੇ ਵੀ 'ਹਾਨਣੇ' ਸ਼ਬਦ ਆਉਂਦੈ, ਉਹ 'ਹਾਨਨੇ' ਆਖਦੈ, 'ਪੀਣ' ਨੂੰ 'ਪੀਨ', 'ਦੇਣ' ਨੂੰ 'ਦੇਨ' ਤੇ 'ਵਾ.ਲਾ' ਨੂੰ 'ਵਾਲਾ' ਆਦਿ।

ਮਸਤਾਨੇ ਦਾ 'ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ' ਗੀਤ ਜਗਤ ਪ੍ਰਸਿੱਧ ਹੈ। ਇਸ ਵਿਚ ਉਸ ਨੇ ਮੁਟਿਆਰ ਦੇ ਹੁਸਨ ਦੀ ਲਾਜਵਾਬ ਢੰਗ ਨਾਲ ਤਾਰੀਫ਼ ਕੀਤੀ ਹੈ। ਗੁੱਤ ਤੋਂ ਸ਼ੁਰੂ ਹੁੰਦਾ ਇਹ ਗੀਤ ਮੁਟਿਆਰ ਨੂੰ ਵਿਰਸੇ ਨਾਲ ਜੁੜੇ ਰਹਿਣ ਦਾ ਸੁਨੇਹਾ ਵੀ ਦਿੰਦਾ ਹੈ। ਬੋਲ ਹਨ:

ਧੀਏ ਨੀਂ ਪੰਜਾਬ ਦੀਏ, ਗਿੱਧਿਆਂ ਦੀ ਰਾਣੀ ਤੂੰ,
ਖੇਤਾਂ ਦੀ ਬਹਾਰ ਏਂ ਤੇ ਚੌਂਕੇ ਦੀ ਸਵਾਣੀ ਤੂੰ।
ਪਿਆਰ ਦੀ ਪੁਜਾਰਨੇ, ਪਿਆਰਾਂ ਦਾ ਸਵਾਲ ਨੀਂ,
ਕਾ.ਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ।

ਸੁਰਿੰਦਰ ਕੌਰ ਨਾਲ ਗਾਇਆ ਮਸਤਾਨੇ ਦਾ 'ਗੜਵਾ ਚਾਂਦੀ ਦਾ' ਗੀਤ ਅਮਰ ਹੈ। ਵਪਾਰਕ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਦਿਆਂ ਥੋੜ੍ਹੇ ਸਾਲ ਪਹਿਲਾਂ ਰਾਜ ਬਰਾੜ ਨੇ ਅਨੀਤਾ ਸਮਾਣਾ ਨਾਲ ਮਿਲ ਕੇ ਇਸ ਨੂੰ ਮੁੜ ਗਾਇਆ, ਜਿਹੜਾ ਮੱਲ ਮਾਰਨ 'ਚ ਸਫ਼ਲ ਰਿਹਾ। ਇੰਦਰਜੀਤ ਹਸਨਪੁਰੀ ਦੇ ਰਚੇ ਇਸ ਗੀਤ ਦੀ ਵਿਲੱਖਣਤਾ ਇਹ ਹੈ ਕਿ ਇਸ ਦੀ ਤਾਜ਼ਗੀ ਜਿਉਂ ਦੀ ਤਿਉਂ ਬਰਕਰਾਰ ਹੈ। ਭਾਵੇਂ ਹਸਨਪੁਰੀ, ਸੁਰਿੰਦਰ ਕੌਰ ਤੇ ਮਸਤਾਨਾ ਤਿੰਨੋਂ ਇਸ ਜਹਾਨ ਤੋਂ ਕੂਚ ਕਰ ਚੁੱਕੇ ਨੇ, ਪਰ ਗੀਤ ਸੁਣਦਿਆਂ ਇੰਜ ਜਾਪਦੈ, ਜਿਵੇਂ ਤਿੰਨਾਂ ਦੀ ਤਿੱਕੜੀ ਮੋਢਾ ਜੋੜੀ ਖੜੀ ਹੋਵੇ। ਗੀਤ ਦੇ ਬੋਲ ਹਨ :

ਜੇ ਮੁੰਡਿਆ ਵੇ ਸਾਡੀ ਤੋਰ ਤੂੰ ਦੇਖਣੀ,
ਗੜਵਾ ਲੈ ਦੇ ਚਾਂਦੀ ਦਾ,
ਵੇ ਲੱਕ ਹਿੱਲੇ ਮਜਾਜਣ ਜਾਂਦੀ ਦਾ।
ਅੱਗੋਂ ਮਸਤਾਨਾ ਆਖਦਾ ਹੈ:
ਅਸਾਂ ਕੁੜੀਏ ਨੀਂ ਤੇਰੀ ਤੋਰ ਨਾ ਦੇਖਣੀ,
ਅੱਗ ਲਾਉਣਾ ਗੜਵਾ ਚਾਂਦੀ ਦਾ,
ਨੀਂ ਲੱਕ ਟੁੱਟਜੂ ਹੁਲਾਰੇ ਖਾਂਦੀ ਦਾ।

ਮਸਤਾਨੇ ਦੇ ਕਈ ਗੀਤ ਮਜਾਹੀਆ ਹਨ। ਲੰਘੇ ਵੇ.ਲੇ ਵਿਚ ਕਈ ਗਾਇਕਾਂ ਨੇ ਇਸ ਵੰਨਗੀ ਦੇ ਗੀਤ ਗਾਏ, ਜਿਨ੍ਹਾਂ ਨੂੰ ਸਰੋਤਿਆਂ ਖ਼ੂਬ ਹੁੰਗਾਰਾ ਦਿੱਤਾ। ਲੱਖੀ ਵਣਜਾਰਾ ਨੇ ਵੀ ਕਿਸੇ ਵੇ.ਲੇ 'ਜੇਠ ਦੀ ਨਜ਼ਰ ਬੁਰੀ ਗੋਡਿਆਂ ਪਰਨੇ ਪਈ' ਗੀਤ ਗਾਇਆ ਸੀ, ਦਲੀਪ ਸਿੰਘ ਦੀਪ ਨੇ ਵੀ ਤੇ ਕਈਆਂ ਹੋਰਾਂ ਨੇ ਵੀ। ਸੁਰਿੰਦਰ ਕੌਰ ਨਾਲ ਗਾਏ ਇਨ੍ਹਾਂ ਟੱਪਿਆਂ ਤੇ ਬੋਲੀਆਂ ਵਿਚ ਇੱਕ-ਦੂਜੇ 'ਤੇ ਵਿਅੰਗ ਕਸੇ ਗਏ ਹਨ। ਇੱਕ ਵੰਨਗੀ ਦੇਖੋ :

*ਸੁਰਿੰਦਰ ਕੌਰ:*
ਖੂਹ ਰੂ ਰੂ ਗਿੜਦਾ ਏ
'ਮਸਤਾਨਾ' ਇਉਂ ਤੁਰਦੈ,
ਜਿਵੇਂ ਕੱਦੂ ਪਿਆ ਰਿੜ੍ਹਦਾ ਏ।
*ਮਸਤਾਨਾ:*
ਮੇਰੀ ਰਾਮ ਦੁਹਾਈ ਏ,
ਤੇਰਾ ਗ਼ਮ ਪੀ-ਪੀ ਕੇ
ਨੀਂ ਇਹ ਗੋਗੜ ਵਧਾਈ ਏ।

ਏਸੇ ਤਰ੍ਹਾਂ ਇੱਕ ਹੋਰ ਦੋਗਾਣੇ ਵਿਚ ਉਹ ਸੁਰਿੰਦਰ ਕੌਰ ਨਾਲ ਮਖੌਲਾਂ ਕਰਦਾ ਏ। ਸੁਰਿੰਦਰ ਕੌਰ ਉਸ ਕੋਲੋਂ ਪਰਸ, ਸੈਂਡਲਾਂ ਅਤੇ ਹੋਰ ਚੀਜ਼ਾਂ ਦੀ ਮੰਗ ਕਰਦੀ ਏ, ਪਰ ਉਹ ਹਰ ਗੱਲ ਦਾ ਮਖੌਲ ਬਣਾ ਕੇ ਪੇਸ਼ ਕਰਦਾ ਏ। ਮਸਤਾਨੇ ਵਰਗੇ ਬਹੁਤ ਘੱਟ ਗਾਇਕ ਹੋਏ, ਜਿਨ੍ਹਾਂ 'ਖੁਦ' 'ਤੇ ਹੁੰਦੀ ਟਕੋਰ ਦਾ ਬੁਰਾ ਮਨਾਉਣ ਦੀ ਥਾਂ ਉਸ ਨੂੰ ਮਨੋਰੰਜਨ ਲਈ ਰਾਖਵਾਂ ਰੱਖਿਆ। ਹਾਸੇ ਦੀ ਮੰਡੀ ਵਿਚ ਭਾਵੇਂ ਕੱਦ, ਸੁਭਾਅ, ਪਹਿਰਾਵੇ ਅਤੇ ਸ਼ਖਸੀਅਤ ਨਾਲ ਜੁੜੀਆਂ ਹੋਰ ਗੱਲਾਂ ਬਾਰੇ ਬਹੁਤ ਕੁੱਝ ਪੇਸ਼ ਕੀਤਾ ਜਾਂਦੈ, ਪਰ ਦੋਗਾਣਾ ਵਿਧਾ ਵਿਚ ਵਿਰਲਾ ਟਾਵਾਂ ਨਮੂਨਾ ਦੇਖਣ ਨੂੰ ਮਿਲਦੈ।

*ਸੁਰਿੰਦਰ:*
ਮੰਨ ਜਾ ਬਾਲਮਾਂ ਕਿਉਂ ਗੁੱਸਾ ਚੜ੍ਹਿਆ ਈ ਓਏ,
ਵੇ ਮਸਤਾਨਿਆ, ਵੇ ਰੁੜ ਪੁੜ ਜਾਣਿਆ,
ਕਿਉਂ ਬੂਥਾ ਸੜਿਆ ਈ ਓਏ।
*ਮਸਤਾਨਾ:*
ਫ਼ੈਸ਼ਨ ਵੇਖ ਕੇ ਉਲਟਾ ਤੇਰਾ ਨੀਂ,
ਕੁੜਤਾ ਪਾਟ ਗਿਆ ਗੁੱਸੇ ਵਿਚ ਮੇਰਾ ਨੀਂ।

ਹਰ ਵੰਨਗੀ ਦੇ ਗੀਤ ਗਾਉਣ ਵਾਲੇ ਮਸਤਾਨੇ ਨੇ ਆਪਣੇ ਗਾਇਕੀ ਸਫ਼ਰ ਦੌਰਾਨ ਸਾਹਿਤਕ ਗੀਤ ਵੀ ਗਾਏ। ਖਾਸ ਕਰ ਸ਼ਿਵ ਕੁਮਾਰ ਬਟਾਲਵੀ ਦੇ ਲਿਖੇ ਗੀਤਾਂ ਨੂੰ ਉਸ ਦੀ ਅਵਾਜ਼ ਏਨੀ ਜੱਚੀ ਕਿ ਲੋਕ 'ਤੈਨੂੰ ਦਿਆਂ ਹੰਝੂਆਂ ਦਾ ਭਾੜਾ', 'ਮੈਨੂੰ ਤੇਰਾ ਸ਼ਬਾਬ ਲੈ ਬੈਠਾ, ਰੰਗ ਗੋਰਾ ਗੁਲਾਬ ਲੈ ਬੈਠਾ' ਅੱਜ ਵੀ ਚੇਤੇ ਕੀਤੇ ਜਾਂਦੇ ਨੇ।

ਮਸਤਾਨੇ ਦੇ 'ਸਾਉਣ ਦਾ ਮਹੀਨਾ ਆ ਗਿਆ', 'ਬੱਲੇ ਨੀਂ ਪੰਜਾਬ ਦੀਏ ਸ਼ੇਰ ਬੱਚੀਏ', 'ਨਿੱਕੀ ਜਿੰਨੀ ਗੱਲ ਦਾ ਖਿਲਾਰ ਪੈ ਗਿਆ', 'ਨਾਨੀ ਯਾਦ ਆਊਗੀ, ਜਦੋਂ ਪੇਕੇ ਤੁਰ ਜਾਏਂਗੀ', 'ਮੈਨੂੰ ਲੋਕਾਂ ਦਿੱਤੀ ਵਧਾਈ ਕਾਕਾ ਜੰਮ ਪਿਆ' ਸਮੇਤ ਦਰਜਨਾਂ ਹੋਰ ਗੀਤਾਂ ਨੂੰ ਸਰੋਤਿਆਂ ਦਾ ਖ਼ੂਬ ਪਿਆਰ ਮਿਲਿਆ।

ਜਲੰਧਰ ਦੂਰਦਰਸ਼ਨ 'ਤੇ ਕਦੇ-ਕਦਾਈਂ ਹਾਲੇ ਵੀ ਮਸਤਾਨੇ ਦੇ ਗੀਤ ਸੁਣੀਂਦੇ ਨੇ, ਜਿਨ੍ਹਾਂ 'ਚ ਬਹੁਤੀ ਵਾਰ ਉਹ ਬੈਠ ਕੇ ਗਾ ਰਿਹਾ ਹੁੰਦੈ। ਬੈਠ ਤੇ ਖੜ੍ਹ ਦੋਹੇਂ ਤਰ੍ਹਾਂ ਨਾਲ ਗਾਉਣ ਵਾਲਾ ਕਲਕਾਰ ਹੀ ਗਾਇਕੀ ਦੇ ਹਰ ਰੰਗ ਤੋਂ ਵਾਕਫ਼ ਹੁੰਦੈ। ਅੱਜ ਵੀ ਤੇ ਕੱਲ੍ਹ ਵੀ ਬਹੁਤ ਘੱਟ ਕਲਾਕਾਰ ਇਸ ਤਰ੍ਹਾਂ ਗਾਉਣ ਦੇ ਸਮਰੱਥ ਸਨ, ਪਰ ਮਸਤਾਨਾ ਦੋਹਾਂ ਢੰਗਾਂ 'ਚ ਨਿਪੁੰਨ ਸੀ।

ਅੱਜ ਮਸਤਾਨਾ ਸਾਡੇ ਦਰਮਿਆਨ ਨਹੀਂ, ਪਰ ਉਸਦੀ 'ਮਸਤਾਨੀ' ਗਾਇਕੀ ਸਾਡੇ ਕੰਨਾਂ ਨੂੰ ਸਵਾਦ ਗੜੂੰਦ ਕਰਦੀ ਰਹਿੰਦੀ ਹੈ। ਉਸ ਦੇ ਬੋਲ ਰੂਹ ਨੂੰ ਚੰਗੇ ਲੱਗਦੇ ਨੇ, ਖਰੂਦਮਈ ਗੀਤਾਂ ਤੋਂ ਅੱਕੇ ਮਨ ਨੂੰ ਟੁੰਬਦੇ ਨੇ। ਸੰਗੀਤ ਮੰਡੀ ਦਾ ਹਿੱਸਾ ਬਣ ਚੁੱਕਾ ਹੈ। ਪਰ ਲੰਘੇ ਵੇ.ਲੇ ਦੇ ਗੀਤ ਅੱਜ ਵੀ ਨਵੇਂ ਗੀਤਾਂ ਨਾਲੋਂ ਲੰਮੀ ਉਮਰ ਭੋਗ ਰਹੇ ਨੇ।



*ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ*

*ਫੋਨ:91-98141-78883

## ਜੁੱਤੀ

"ਕਮਾਂਦਾ ਖਾਂਦਾ ਏ ਨਾ; ਰੱਬ ਤੁਹਾਨੂੰ ਭਾਗ ਲਾਏ!"

"ਤੂੰ ਮੇਰੇ ਕੋਲੋਂ ਦੋ ਸੌ ਬਾਠ੍ਹ ਰੁਪਏ ਲਏਂਗਾ?"

"ਤੁਸੀਂ ਬਾਠ੍ਹ ਰਹਿਣ ਦਿਓ, ਉਨ੍ਹਾਂ ਦਾ ਹਿਸਾਬ ਫੇਰ ਹੁੰਦਾ ਰਹੇਗਾ। ਦੋ ਸੌ ਦੇ ਦਿਓ।"

"ਦੋ ਸੌ ਬਾਠ੍ਹਾਂ ਵਿਚ ਬਾਠ੍ਹ ਰਲਾ ਕੇ ਕਿਉਂ ਨਾ ਦਿਆਂ?" ਚੌਧਰੀ ਨੇ ਬਾਜ਼ੀ ਮਾਰਨ ਵਾਲੇ ਅੰਦਾਜ਼ 'ਚ ਕਿਹਾ- "ਉਏ, ਤੂੰ ਸਾਡਾ ਮਰਾਸੀ ਏਂ।"

"ਚਲੋ ਜ਼ਿਆਦਾ ਦੇ ਦਿਓ। ਭਾਗ ਲੱਗੇ ਰਹਿਣ! ਤਿੰਨ ਸੌ ਚੌਵੀ ਦੇ ਦਿਓ।"

"ਤੈਨੂੰ ਤਾਂ ਦੁਕਾਨਦਾਰਾਂ ਵਾਂਗ ਹਿਸਾਬ ਕਰਨਾ ਵੀ ਆ ਗਿਆ ਏ," ਚੌਧਰੀ ਨੇ ਦਿਲਲਗੀ ਕਰਨ ਦੀ ਕੋਸ਼ਿਸ਼ ਕੀਤੀ। ਅਤੇ ਕਰਮੂ ਕੰਬਲ ਲਾਹੁੰਦਾ ਹੋਇਆ ਬੋਲਿਆ, "ਮੈਂ ਤਾਂ ਹੁਣ ਬੇਹਿਸਾਬ ਖ਼ਰਚ ਕਰਦਾ ਹਾਂ ਜੀ। ਬਸ ਕੁਝ ਆਉਂਦਾ ਏ ਤਾਂ ਇਹ ਬਾਠ੍ਹਾਂ ਦਾ ਹਿਸਾਬ ਆਉਂਦਾ ਏ।"

ਚੌਧਰੀ ਨੇ ਕਰਮੂ ਵੱਲੋਂ ਚਲਾਏ ਹੋਏ ਤੀਰ ਤੋਂ ਬੇਪ੍ਰਵਾਹ ਹੋ ਕੇ ਆਪਣੇ ਮੁਨਸ਼ੀ ਨੂੰ ਕਿਹਾ, "ਲੈ ਭਾਈ, ਦੇ ਦੇ ਇਹਨੂੰ ਤਿੰਨ ਸੌ ਚੌਵੀ।"

"ਰੁਪਏ ਮੁਨਸ਼ੀ ਜੀ, ਤਿੰਨ ਸੌ ਚੌਵੀ ਰੁਪਏ," ਕਰਮੂ ਨੇ ਮੁਨਸ਼ੀ ਨੂੰ ਤਾਕੀਦ ਕੀਤੀ।

"ਰੁਪਏ ਨਹੀਂ ਤਾਂ ਪੈਸੇ?" ਮੁਨਸ਼ੀ ਨੇ ਕਮੀਜ਼ ਹੇਠਾਂ ਪਾਈ ਕੁੜਤੀ ਦੀ ਅੰਦਰਲੀ ਜੇਬ 'ਚੋਂ ਨੋਟਾਂ ਦੀ ਗੱਠੀ ਕੱਢਦਿਆਂ ਹੋਇਆਂ ਪੁੱਛਿਆ।

"ਮੇਰਾ ਮਤਲਬ ਸੀ ਕਿਧਰੇ ਤੁਸੀਂ ਤਿੰਨ ਸੌ ਚੌਵੀ ਰੁਪਏ ਦੇਣ ਦੀ ਬਜਾਏ ਤਿੰਨ ਸੌ ਚੌਵੀ ਜੁੱਤੀਆਂ ਨਾ ਮਾਰਨ ਲੱਗ ਜਾਓ।"

ਚੌਧਰੀ ਸਣੇ ਸਾਰੇ ਲੋਕ ਜ਼ੋਰ ਨਾਲ ਹੱਸੇ, ਪਰ ਸਾਰਿਆਂ ਦੇ ਹਾਸੇ ਦਾ ਅਰਥ ਵੱਖੋ-ਵੱਖਰਾ ਪਛਾਣਿਆ ਜਾ ਸਕਦਾ ਸੀ। ਚੌਧਰੀ ਤਾਂ ਇਸ ਤਰ੍ਹਾਂ ਹੱਸਿਆ ਜਿਸ ਤਰ੍ਹਾਂ ਉਹਦਾ ਸੀਨਾ ਟੀਨ ਦਾ ਪੀਪਾ ਹੋਵੇ ਤੇ ਕਰਮੂ ਨੇ ਹਿਲਾ ਕੇ ਉਸ ਵਿਚ ਪਏ ਰੋੜੇ ਖੜਕਾ ਦਿੱਤੇ ਹੋਣ।

ਕਰਮੂ ਨੇ ਰੁਪਏ ਲਏ ਤੇ ਮੁਸਕਰਾਉਂਦਾ ਹੋਇਆ ਟੁਰ ਗਿਆ। ਫੇਰ ਚੌਧਰੀ ਆਪਣੇ ਸਾਹਮਣੇ ਕੰਬਲ ਖਿਲਾਰ ਕੇ ਹੱਸਿਆ। ਉਹਨੂੰ ਚੰਗੀ ਤਰ੍ਹਾਂ ਝੜਾਇਆ ਜਿਵੇਂ ਕੰਬਲ ਦਾ ਮਰਾਸੀਪੁਣਾ ਕੱਢ ਰਿਹਾ ਹੋਵੇ। ਉਹਨੂੰ ਤਹਿ ਕਰ ਕੇ ਮੁਨਸ਼ੀ ਨੂੰ ਦਿੱਤਾ ਕਿ ਘਰ ਪਹੁੰਚਾ ਦੇ, "ਕਹਿਣਾ ਕਿ ਇਹਨੂੰ ਸਾਰਾ ਦਿਨ ਧੁੱਪੇ ਪਾ ਕੇ ਕਿਸੇ ਪੇਟੀ ਵਿਚ ਸੁੱਟ ਦੇਣ।" ਫੇਰ ਉਥੇ ਬੈਠੇ ਲੋਕਾਂ ਨੂੰ ਸੰਬੋਧਨ ਕਰ ਕੇ ਕਿਹਾ, "ਦਰਜਨਾਂ ਪਏ ਨੇ ਇਸ ਤਰ੍ਹਾਂ ਦੇ ਕੰਬਲ...ਪਰ ਮੈਂ ਦੋ ਪੈਸੇ ਦੇ ਮਰਾਸੀ ਨੂੰ ਢਾਈ-ਤਿੰਨ ਸੌ ਦੇ ਕੰਬਲ ਦੀ ਬੁੱਕਲ ਮਾਰਿਆਂ ਵੇਖ ਨਹੀਂ ਸੀ ਸਕਦਾ। ਜੁੱਤੀ ਨੂੰ ਪੈਰਾਂ ਦੇ ਹੇਠਾਂ ਈ ਰਹਿਣਾ ਚਾਹੀਦਾ ਏ।"

## 1947 ਦਾ ਦਰਦ

*(ਸਫਾ 34 ਦੀ ਬਾਕੀ)*

ਉਸ ਨਾਲ ਦੋ ਹੱਥ ਕਰਨ ਦਾ ਵਿਚਾਰ ਨਹੀਂ ਸੀ ਬਣਾਇਆ। ਉਸ ਦੀ ਹਾਲਤ ਅਜਿਹੀ ਸੀ ਜਿਵੇਂ ਕੋਈ ਇਕੱਲਾ-ਇਕਹਿਰਾ ਸਿਪਾਹੀ ਕਿਲੇ ਵਿਚ ਘਿਰਿਆ ਹੋਇਆ ਬਾਹਰਲੀ ਫ਼ੌਜ ਦਾ ਸਾਹਮਣਾ ਕਰ ਰਿਹਾ ਹੋਵੇ।

ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਨਿਰਾਸ਼ਾਵਾਦ ਦੇ ਕਾਲੇ ਘੁੱਪ ਬੱਦਲਾਂ ਵਿਚੋਂ ਆਸ ਦੀ ਕਿਰਨ ਘਟਾਵਾਂ ਨੂੰ ਪਾੜ ਕੇ ਬਾਹਰ ਆ ਨਿੱਤਰਦੀ ਹੈ ਤੇ ਬੱਦਲ ਉਸ ਨੂੰ ਰੋਕਣ ਤੋਂ ਅਸਮਰਥ ਹੋ ਨਿਬੜਦੇ ਹਨ। ਅਚਨਚੇਤ ਲੁਟੇਰਿਆਂ ਦੀ ਥਾਂ ਕੰਧ ਤੋਂ ਬਾਹਰ ਉਸ ਦਾ ਭਰਾ ਅਤੇ ਤਿੰਨ ਹੋਰ ਨੌਜਵਾਨ ਮੁੰਡੇ ਖੜ੍ਹੇ ਸਨ। ਇਹ ਅਜੀਬ ਘੜੀ ਸੀ। ਮਾਰਨ ਵਾਲਿਆਂ ਦੀ ਥਾਂ ਬਚਾਉਣ ਵਾਲੇ ਆ ਖੜ੍ਹੇ ਹੋਏ ਸਨ। ਹੁਣ ਦੁਨੀਆਂ ਵਿਚ ਉਸ ਜਿੰਨਾ ਖ਼ੁਸ਼ ਹੋਰ ਕੋਈ ਆਦਮੀ ਨਹੀਂ ਸੀ। ਉਹ ਦੌੜ ਕੇ ਬਾਹਰਲੇ ਦਰਵਾਜ਼ੇ ਵੱਲ ਗਿਆ, ਕੁੰਡਾ ਖੋਲ੍ਹਿਆ ਤੇ ਉਸ ਦਾ ਭਰਾ ਬਾਰਾ ਸਿੰਘ ਤੇ ਚਾਰੇ ਮੁੰਡੇ ਅੰਦਰ ਆ ਗਏ। ਬਾਰਾ ਸਿੰਘ ਉਸ ਵੇਲੇ ਭਾਵੇਂ ਪੰਦਰਾਂ-ਸੋਲਾਂ ਸਾਲ ਦਾ ਸੀ, ਪਰ ਦੋ ਆਦਮੀਆਂ ਜਿੰਨਾ ਜ਼ੋਰਾਵਰ ਮੰਨਿਆ ਜਾਂਦਾ ਸੀ। ਇਕ ਵਾਰ ਦਰਖ਼ਤ ਨਾਲ ਬੱਝੀ ਹੋਈ ਮੱਝ ਨੇ ਸੰਗਲ ਨਾਲ ਫਾਹਾ ਲੈ ਲਿਆ। ਗਲ ਘੁਟਣ ਨਾਲ ਮੱਝ ਮਰ ਰਹੀ ਸੀ। ਬਾਰਾ ਸਿੰਘ ਨੇ ਮੱਝ ਦੇ ਥੱਲੇ ਵੜ ਕੇ ਮੱਝ ਨੂੰ ਆਪਣੀ ਪਿੱਠ 'ਤੇ ਚੁੱਕ ਲਿਆ ਤੇ ਸੰਗਲ ਢਿੱਲਾ ਹੋ ਗਿਆ ਅਤੇ ਕੋਲ ਖੜ੍ਹੇ ਵਿਅਕਤੀ ਨੇ ਸੰਗਲ ਗਲੋਂ ਖੋਲ੍ਹ ਦਿੱਤਾ ਜਿਸ ਕਰਕੇ ਮੱਝ ਬਚ ਗਈ।

ਜਿਸ ਵੇਲੇ ਉਹ ਬਾਰਾ ਸਿੰਘ ਨਾਲ ਆਏ ਮੁੰਡਿਆਂ ਨਾਲ ਹੱਥ ਮਿਲਾ ਕੇ ਉਨ੍ਹਾਂ ਦਾ ਧੰਨਵਾਦ ਕਰ ਰਿਹਾ ਸੀ, ਤਾਂ ਉਨ੍ਹਾਂ ਵਿਚੋਂ ਇਕ ਨੇ ਪੁੱਛਿਆ, "ਭਾਅ... ਏਥੇ ਇਕੱਲਾ ਕੀ ਕਰ ਰਿਹੈਂ? ਪਿੰਡ ਤਾਂ ਕਦੋਂ ਦਾ ਚਲਾ ਗਿਆ ਹੈ?"

"ਕੇਵਲ ਤੁਹਾਡੀ ਉਡੀਕ ਕਰ ਰਿਹਾ ਸਾਂ, ਬਾਕੀ ਗੱਲ ਤੁਹਾਨੂੰ ਰਾਹ 'ਚ ਦੱਸਾਂਗਾ।"

"ਤਾਂ ਫੇਰ ਚੱਲ ਚੱਲੀਏ, ਜੇ ਕੋਈ ਕੱਪੜਾ ਬਗੈਰਾ ਬਦਲਣਾ ਹੈ ਤਾਂ ਬਦਲ ਲੈ!" ਉਨ੍ਹਾਂ ਨੇ ਕਿਹਾ। ਉਸ ਵੇਲੇ ਉਸ ਨੇ ਪੁਰਾਣੀ ਜੁੱਤੀ ਪੈਰੀਂ ਪਾਈ ਹੋਈ ਸੀ ਤੇ ਧੋਤੀ ਲੱਕ ਨੂੰ ਬੱਧੀ ਹੋਈ ਸੀ। ਉਸ ਦੇ ਕੱਪੜੇ ਅੰਦਰ ਕੀਲੀ ਟੰਗੇ ਹੋਏ ਸਨ। ਬੂਟਾਂ ਦਾ ਨਵਾਂ ਜੋੜਾ ਥੱਲੇ ਪਿਆ ਸੀ। ਪਰ ਉਹ ਜਿਵੇਂ ਵੀ ਸੀ, ਇੰਨਾ ਸਤੁੰਸ਼ਟ ਸੀ ਕਿ ਦੁਨੀਆਂ ਦੀ ਕੋਈ ਵੀ ਚੀਜ਼ ਉਸ ਦੀ ਸੰਤੁਸ਼ਟਤਾ ਵਿਚ ਵਾਧਾ ਨਹੀਂ ਕਰ ਸਕਦੀ ਸੀ। ਉਹ ਜਿਉਂ ਦਾ ਤਿਉਂ ਉਨ੍ਹਾਂ ਦੇ ਨਾਲ ਤੁਰ ਪਿਆ। ਬੂਹੇ ਤੋਂ ਬਾਹਰ ਨਿਕਲਦਿਆਂ ਹੀ ਉਨ੍ਹਾਂ ਨੂੰ ਇਕ ਟੋਲੀ, ਉਜੜੇ ਹੋਏ ਪਿੰਡ ਦਾ ਸਾਮਾਨ ਚੁੱਕਣ ਲਈ ਬਾਹਰੋਂ ਆਏ ਬੰਦਿਆਂ ਦੀ ਮਿਲੀ।

ਇਨ੍ਹਾਂ ਪੰਜਾਂ ਨੇ ਆਪਣੇ ਆਪਣੇ ਹਥਿਆਰ ਘੁੱਟ ਕੇ ਮਜ਼ਬੂਤੀ ਨਾਲ ਆਪਣੇ ਹੱਥਾਂ ਵਿਚ ਫੜ ਲਏ, ਅੱਗੋਂ ਬਾਹਰਲੀ ਟੋਲੀ ਨੇ ਕਿਹਾ, "ਭਰਾਵੋ, ਅਸਾਂ ਤਾਂ ਉਹ ਹੀ ਸ਼ੈਆਂ ਚਾਵਣ ਆਏ ਹਾਂ ਜਿਹੜੀਆਂ ਤੁਸੀਂ ਛੱਡ ਚੱਲੇ ਓ। ਅਸਾਂ ਕਾਈ ਲੁਟੇਰੇ ਨਾਈਂ। ਕਾਈ ਸ਼ੈਅ ਜੋ ਤੁਸਾਂ ਚਾਵਣੀ ਏ, ਖ਼ੁਸ਼ੀ ਨਾਲ ਚਾ ਵੰਞੋ।" ਉਨ੍ਹਾਂ ਦਾ ਮਿੱਤਰਤਾ ਪੂਰਵਕ ਰਵੱਈਆ ਦੇਖ ਕੇ ਇਨ੍ਹਾਂ ਪੰਜਾਂ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਸਲਾਮ-ਇਲੈਕਮ ਕਿਹਾ। ਉਨ੍ਹਾਂ ਨੇ 'ਖ਼ੁਦਾ ਹਾਫ਼ਿਜ਼' ਕਿਹਾ।

ਇਸ ਇਲਾਕੇ ਦੇ ਲੋਕ ਜੋ ਬਾਬਾ ਫ਼ਰੀਦ ਦੇ ਸ਼ਰਧਾਲੂ ਸਨ, ਵਿਚ ਉਸ ਸਮੇਂ ਦੇ ਉਲਟ ਮਜ਼੍ਹਬੀ ਕੁੜੱਤਣ ਨਹੀਂ ਸੀ। ਕਿਸੇ ਸਮੇਂ ਇਸ ਜ਼ਿਲੇ ਦੀ ਤਹਿਸੀਲ ਪਾਕਪਟਨ ਦੇ ਰਹਿਣ ਵਾਲੇ ਬਾਬਾ ਸ਼ੇਖ਼ ਫ਼ਰੀਦ ਜੀ ਸੂਫ਼ੀ ਫ਼ਕੀਰ ਸਨ ਤੇ ਉਨ੍ਹਾਂ ਦੀ ਯਾਦ ਵਿਚ ਜੋ ਮੇਲਾ ਹਰ ਸਾਲ ਲਗਾਇਆ ਜਾਂਦਾ ਹੈ, ਉਸ ਵਿਚ ਮੁਸਲਮਾਨਾਂ ਤੋਂ ਇਲਾਵਾ ਦੂਜੇ ਧਰਮਾਂ ਦੇ ਲੋਕ ਵੀ ਖ਼ਾਸੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ ਤੇ ਉਹ ਅਸਥਾਨ ਇਸ ਪਿੰਡ ਤੋਂ ਕੇਵਲ ਦਸ-ਬਾਰਾਂ ਮੀਲ ਹੀ ਦੂਰ ਹੈ। ਵਸਦੇ-ਰਸਦੇ ਪਿੰਡ ਵੱਲ ਕਿਸੇ ਨੇ ਕੈਰੀ ਅੱਖ ਨਾਲ ਨਹੀਂ ਸੀ ਦੇਖਿਆ; ਕੇਵਲ ਪਿੰਡ ਦੇ ਖ਼ਾਲੀ ਹੋ ਜਾਣ ਪਿੱਛੋਂ ਹੀ ਉਹ ਵਰਤੋਂ ਦੀਆਂ ਚੀਜ਼ਾਂ ਭਾਵ ਵਾਹੀ ਦੇ ਸੰਦ, ਪਿੱਛੇ ਰਹੇ ਪਸ਼ੂ ਤੇ ਅੰਨ-ਦਾਣਾ ਲਿਜਾਣ ਵਾਸਤੇ ਆਏ ਸਨ!

# ਖੇਡਾਂ 'ਤੇ ਬਣੀਆਂ ਫ਼ਿਲਮਾਂ ਦੀ ਬਾਲੀਵੁੱਡ ਵਿਚ ਸਰਦਾਰੀ

ਭਾਵੇਂ ਖੇਡਾਂ ਦਾ ਖੇਤਰ ਤੇ ਫਿਲਮਾਂ ਆਪਣੇ-ਆਪ ਵਿਚ ਦੋ ਵੱਖੋ-ਵੱਖਰੇ ਖੇਤਰ ਹਨ, ਫਿਰ ਵੀ ਭਾਰਤ ਵਿਚ ਕਈ ਵਰ੍ਹਿਆਂ ਤੋਂ ਇਨ੍ਹਾਂ ਦਰਮਿਆਨ ਇਕ ਸਾਂਝ ਜਿਹੀ ਚਲਦੀ ਆ ਰਹੀ ਹੈ। ਅਜਿਹੇ ਅਨੇਕਾਂ ਹੀ ਫਿਲਮ ਨਿਰਮਾਤਾ ਹਨ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਖੇਡਾਂ 'ਤੇ ਆਧਾਰਤ ਫਿਲਮਾਂ ਬਣਾਈਆਂ ਹਨ ਤੇ ਭਾਰਤੀ ਦਰਸ਼ਕਾਂ ਨੂੰ ਖੇਡਾਂ ਨਾਲ ਜੋੜਨ ਦਾ ਯਤਨ ਕੀਤਾ ਹੈ। ਛੋਟੇ ਬਜਟ ਤੇ ਨਵੇਂ ਕਲਾਕਾਰਾਂ ਤੋਂ ਲੈ ਕੇ ਵੱਡੇ ਬਜਟ ਤੇ ਸਥਾਪਤ ਕਲਾਕਾਰਾਂ ਨੂੰ ਲੈ ਕੇ ਹੁਣ ਤੱਕ ਅਨੇਕਾਂ ਹੀ ਅਜਿਹੀਆਂ ਫਿਲਮਾਂ ਬਣ ਚੁੱਕੀਆਂ ਹਨ ਜਿਨ੍ਹਾਂ ਵਿਚ ਖਿਡਾਰੀਆਂ ਦਾ ਖੇਡਾਂ ਪ੍ਰਤੀ ਮੋਹ ਤੇ ਪਰਦੇ ਦੇ ਪਿੱਛੇ ਚਲਦੀ ਰਾਜਨੀਤੀ ਨੂੰ ਬੜੇ ਹੀ ਵਧੀਆ ਤਰੀਕੇ ਨਾਲ ਉਜਾਗਰ ਕੀਤਾ ਗਿਆ ਹੈ।

20ਵੀਂ ਸਦੀ ਦੇ 5ਵੇਂ ਤੇ 6ਵੇਂ ਦਹਾਕੇ ਤੱਕ ਵਧੇਰੇ ਫਿਲਮਾਂ ਇਤਿਹਾਸਕ ਜਾਂ ਧਾਰਮਿਕ ਵਿਸ਼ਿਆਂ 'ਤੇ ਆਧਾਰਤ ਹੋਣ ਕਰਕੇ ਇਨ੍ਹਾਂ ਵਿਚ ਸਰੀਰਕ ਬਲ ਪ੍ਰਗਟਾਉਣ ਵਾਲੀਆਂ ਖੇਡਾਂ ਜਿਵੇਂ ਕੁਸ਼ਤੀਆਂ ਜਾਂ ਭਾਰ ਚੁੱਕਣਾ ਆਦਿ ਨੂੰ ਹੀ ਪੇਸ਼ ਕੀਤਾ ਜਾਂਦਾ ਸੀ।

ਇਸ ਤੋਂ ਇਲਾਵਾ ਤਲਵਾਰਬਾਜ਼ੀ ਜਾਂ ਤੀਰਅੰਦਾਜ਼ੀ ਜਿਹੀਆਂ ਫੁਰਤੀ ਤੇ ਚੁਸਤੀ ਭਰਪੂਰ ਖੇਡਾਂ ਨੂੰ ਫਿਲਮਾਂ ਵਿਚ ਸ਼ਾਮਲ ਕੀਤਾ ਜਾਂਦਾ ਸੀ।

ਇਨ੍ਹਾਂ ਫਿਲਮਾਂ ਵਿਚ ਸੋਹਰਾਬ ਮੋਦੀ, ਦਾਰਾ ਸਿੰਘ, ਸ਼ੇਖ ਮੁਖਤਾਰ, ਪ੍ਰਿਥਵੀ ਰਾਜ ਕਪੂਰ, ਪ੍ਰਦੀਪ ਕੁਮਾਰ, ਮਹੀਪਾਲ, ਪ੍ਰੇਮ ਨਾਥ ਤੇ ਪੀ. ਜੈਰਾਜ ਜਿਹੇ ਕਲਾਕਾਰਾਂ ਦਾ ਬੋਲਬਾਲਾ ਸੀ। 7ਵੇਂ ਦਹਾਕੇ ਦੀ ਸ਼ੁਰੂਆਤ ਤੋਂ ਹੀ ਫ਼ਿਲਮਕਾਰਾਂ ਨੇ ਦੇਸੀ ਖੇਡਾਂ ਦੀ ਥਾਂ ਵਿਦੇਸ਼ੀ ਰੂਪ-ਰੰਗ ਵਾਲੀਆਂ ਖੇਡਾਂ ਵੱਲ ਮੁਹਾਰਾਂ ਮੋੜ ਲਈਆਂ ਤੇ ਹਾਕੀ, ਫੁਟਬਾਲ, ਬੈਡਮਿੰਟਨ, ਕ੍ਰਿਕਟ, ਮੁੱਕੇਬਾਜ਼ੀ ਤੇ ਟੈਨਿਸ




ਜਿਹੀਆਂ ਖੇਡਾਂ ਨਾਲ ਜੁੜੀਆਂ ਪੂਰੀਆਂ ਫਿਲਮਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਜਾਂ ਫਿਰ ਇਨ੍ਹਾਂ ਖੇਡਾਂ 'ਤੇ ਕੇਂਦਰਿਤ ਕੁਝ ਦ੍ਰਿਸ਼ ਪਾਉਣੇ ਸ਼ੁਰੂ ਕਰ ਦਿੱਤੇ।

ਬਾਕਸਿੰਗ ਨੂੰ ਆਧਾਰ ਬਣਾ ਕੇ ਬਣੀ ਮਿਥੁਨ ਚੱਕਰਵਰਤੀ ਦੀ ਫਿਲਮ 'ਬਾਕਸਰ' ਆਪਣੇ ਜ਼ਮਾਨੇ ਵਿਚ ਕਾਫੀ ਹਿੱਟ ਰਹੀ ਸੀ। ਇਸ ਤੋਂ ਬਾਅਦ ਅਮਿਤਾਭ ਬਚਨ ਦੀ 'ਨਸੀਬ' ਜਾਂ ਹੋਰ ਫਿਲਮਾਂ ਵਿਚ ਮੁੱਕੇਬਾਜ਼ੀ ਦੇ ਦ੍ਰਿਸ਼ ਪਾਉਣਾ ਆਮ ਗੱਲ ਹੋ ਗਈ ਸੀ। ਇਨ੍ਹਾਂ ਫਿਲਮਾਂ ਤੋਂ ਕਈ ਸਾਲ ਬਾਅਦ ਕੁਝ ਕੁ ਸਾਲਾਂ ਵਿਚ 'ਆਰੀਅਨ', 'ਅਪਨੇ' ਤੇ 'ਲਾਹੌਰ' ਜਿਹੀਆਂ ਵੱਡੇ ਬਜਟ ਦੀਆਂ ਫਿਲਮਾਂ ਨੇ ਆਮ ਲੋਕਾਂ ਦਾ ਧਿਆਨ ਇਕ ਵਾਰ ਫਿਰ ਤੋਂ ਮੁੱਕੇਬਾਜ਼ੀ ਵੱਲ ਖਿੱਚਣ ਦਾ ਯਤਨ ਕੀਤਾ ਹੈ।

ਫੁਟਬਾਲ ਨੂੰ ਆਧਾਰ ਬਣਾ ਕੇ ਜਿੱਥੇ ਜਾਨ ਅਬਰਾਹਮ ਦੀ ਫਿਲਮ 'ਦੇ ਦਨਾ ਦਨ ਗੋਲ' ਰਾਹੀਂ ਫੁਟਬਾਲ ਨੂੰ ਹਰਮਨ ਪਿਆਰਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ, ਉਥੇ ਹੀ ਮੈਦਾਨ ਦੇ ਅੰਦਰ ਜਾਂ ਬਾਹਰ ਚਲਦੀ ਖਿਡਾਰੀਆਂ ਦੀ ਆਪਸੀ ਖਿੱਚੋਤਾਣ ਤੇ ਪਰਦੇ ਪਿੱਛੇ ਚਲਦੀ ਰਾਜਨੀਤੀ ਦੇ ਪਾਜ ਵੀ ਉਘੇੜੇ ਗਏ। ਹਾਲੀਵੁੱਡ ਦੀ ਪੰਜਾਬਣ ਨਿਰਦੇਸ਼ਿਕਾ ਗੁਰਿੰਦਰ ਚੱਢਾ ਦੀ ਫਿਲਮ 'ਬੈਂਡ ਇਟ ਲਾਈਕ ਬੈਕਹਮ' ਵੀ ਦਰਸ਼ਕਾਂ ਨੇ ਸਿਰ ਅੱਖਾਂ 'ਤੇ ਕਬੂਲ ਕੀਤੀ ਸੀ।

ਕ੍ਰਿਕਟ ਬਾਰੇ ਬਣੀ ਅਦਾਕਾਰ-ਨਿਰਦੇਸ਼ਕ ਦੇਵ ਅਨੰਦ ਦੀ ਫਿਲਮ 'ਅੱਵਲ ਨੰਬਰ' ਤੇ ਸ਼ਾਹਰੁਖ ਖਾਨ ਦੀ ਫਿਲਮ 'ਚਮਤਕਾਰ' ਤਾਂ ਬਾਕਸ ਆਫਿਸ 'ਤੇ ਕੋਈ ਚਮਤਕਾਰ ਨਹੀਂ ਵਿਖਾ ਸਕੀਆਂ ਸਨ ਪਰ ਨਿਰਦੇਸ਼ਕ ਆਸ਼ੂਤੋਸ਼ ਗੋਵਾਰੀਕਰ ਤੇ ਅਦਾਕਾਰ ਆਮਿਰ ਖਾਨ ਦੀ ਫਿਲਮ 'ਲਗਾਨ' ਨੇ ਤਾਂ ਰਿਕਾਰਡ ਤੋੜ ਸਫਲਤਾ ਹਾਸਲ ਕੀਤੀ ਸੀ। ਕਲਾ ਫਿਲਮ 'ਮੀਰਾਂ ਬਾਈ ਨਾਟ ਆਊਟ' ਤੇ ਅਭਿਨੇਤਾ ਸ਼ਾਹਿਦ ਕਪੂਰ ਤੇ ਰਾਣੀ ਮੁਖਰਜੀ ਦੀ ਫਿਲਮ 'ਦਿਲ ਬੋਲੇ ਹੜਿੱਪਾ' ਨੇ ਵੀ ਦਰਸ਼ਕਾਂ ਤੋਂ ਭਰਪੂਰ ਪਿਆਰ ਹਾਸਲ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਤੇ ਕ੍ਰਿਕਟ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਕੇ ਬੋਲਿਆ ਸੀ।

'ਕੈਰਮ' ਨਾਮਕ ਖੇਡ ਨਾਲ ਸਬੰਧਤ ਭਾਵੇਂ ਚੰਦ ਹੀ ਦ੍ਰਿਸ਼ ਵਿਧੂ ਵਿਨੋਦ ਚੋਪੜਾ ਦੀ ਫਿਲਮ 'ਮੁੰਨਾ ਭਾਈ ਐਮ.ਬੀ.ਬੀ.ਐਸ.' ਵਿਚ ਸ਼ਾਮਲ ਕੀਤੇ ਗਏ ਸਨ ਪਰ ਇਹ ਸਾਰੇ ਹੀ ਦ੍ਰਿਸ਼ ਮਹੱਤਵਪੂਰਨ ਹੋਣ ਕਾਰਨ ਦਰਸ਼ਕਾਂ ਦਾ ਧਿਆਨ ਖਿੱਚਣ ਵਿਚ ਪੂਰਨ ਤੌਰ 'ਤੇ ਕਾਮਯਾਬ ਰਹੇ ਸਨ। ਬੜੀ ਹੀ ਦਿਲਚਸਪ ਗੱਲ ਹੈ ਕਿ ਇਸ ਘੱਟ ਚਰਚਿਤ ਖੇਡ 'ਤੇ ਆਧਾਰਤ ਇਕ ਪੂਰੀ ਦੀ ਪੂਰੀ ਫਿਲਮ 'ਸਟ੍ਰਾਈਕਰ' ਵੀ ਬਣੀ ਹੈ ਤੇ 'ਗੇਮ ਓਵਰ' ਨਾਂ ਦੀ ਇਕ ਹੋਰ ਫਿਲਮ ਬਣਾਈ ਜਾ ਰਹੀ ਹੈ। 'ਹਾਕੀ' ਨਾਲ ਜੁੜੇ ਕੁਝ ਦ੍ਰਿਸ਼ ਭਾਵੇਂ ਕਿ ਅਕਸਰ ਹੀ ਫਿਲਮਾਂ ਵਿਚ ਸ਼ਾਮਲ ਕੀਤੇ ਜਾਂਦੇ ਰਹੇ ਹਨ ਪਰ ਸ਼ਾਹਰੁਖ ਖਾਨ ਅਭਿਨੀਤ ਫਿਲਮ 'ਚੱਕ ਦੇ ਇੰਡੀਆ' ਨੇ ਤਾਂ ਹਰ ਪਾਸੇ ਧੁੰਮਾਂ ਪਾ ਦਿੱਤੀਆਂ ਤੇ ਪੂਰੀ ਦੁਨੀਆਂ ਨੂੰ ਪੰਜਾਬੀ ਬੋਲੀ ਦੇ ਸ਼ਬਦ 'ਚੱਕ ਦੇ' ਦੇ ਅਰਥ ਸਮਝਾ ਦਿੱਤੇ ਸਨ।

ਅਮਿਤਾਭ ਬਚਨ ਤੇ ਹਾਲੀਵੁੱਡ ਸਟਾਰ ਬੇਨ ਕਿੰਗਸਲੇ ਦੀ ਫਿਲਮ 'ਤੀਨ ਪੱਤੀ' ਤਾਸ਼ ਦੀ ਖੇਡ ਬਾਰੇ ਬਣੀ ਇਕ ਜਟਿਲ ਪਰ ਰੋਚਿਕ ਫਿਲਮ ਸੀ। ਇਸ ਵਿਚ ਤਾਸ਼ ਦੀ ਖੇਡ ਤੇ ਗਣਿਤ ਦੀਆਂ ਗਿਣਤੀਆਂ-ਮਿਣਤੀਆਂ ਨੂੰ ਪੇਸ਼ ਕਰਨ ਦਾ ਯਤਨ ਨਿਰਦੇਸ਼ਕਾਂ ਲੀਨਾ ਯਾਦਵ ਨੇ ਕੀਤਾ ਸੀ। ਫਿਰੋਜ਼ ਖਾਨ ਦੀ 'ਕੁਰਬਾਨੀ' ਤੇ ਸ਼ਾਹਰੁਖ ਖਾਨ ਦੀ




'ਬਾਜ਼ੀਗਰ' ਵਿਚ ਜਿੱਥੇ ਕਾਰ ਰੇਸ ਦਾ ਜ਼ਿਕਰ ਕੀਤਾ ਗਿਆ ਸੀ ਉਥੇ ਹੀ ਅਦਾਕਾਰ ਆਮਿਰ ਖਾਨ ਦੀ ਫਿਲਮ 'ਜੋ ਜੀਤਾ ਵਹੀ ਸਿਕੰਦਰ' ਵਿਚ ਸਾਈਕਲ ਰੇਸ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਸੀ।

ਅਥਲੀਟਾਂ ਬਾਰੇ ਉਂਜ ਤਾਂ ਕਾਫੀ ਘੱਟ ਫਿਲਮਾਂ ਬਣੀਆਂ ਹਨ ਪਰ ਇਸ ਵਰ੍ਹੇ ਦੋ ਵੱਡੀਆਂ ਫਿਲਮਾਂ ਦੌੜਾਕਾਂ ਦੇ ਜੀਵਨ ਤੇ ਸੰਘਰਸ਼ 'ਤੇ ਝਾਤ ਪੁਆਉਣ ਆ ਰਹੀਆਂ ਹਨ। ਅਦਾਕਾਰ ਇਰਫਾਨ ਖਾਨ ਨੂੰ ਲੈ ਕੇ ਨਿਰਦੇਸ਼ਕ ਤਿੰਗਮਾਂਸ਼ੂ ਧੂਲੀਆ ਵੱਲੋਂ 'ਪਾਨ ਸਿੰਘ ਤੋਮਰ' ਨਾਮਕ ਫਿਲਮ ਬਣਾਈ ਗਈ ਹੈ ਜੋ ਜਲਦ ਰਿਲੀਜ਼ ਹੋਵੇਗੀ। ਇਸੇ ਤਰ੍ਹਾਂ ਫਿਲਮ 'ਰੰਗ ਦੇ ਬਸੰਤੀ' ਦਾ ਨਿਰਦੇਸ਼ਨ ਕਰਕੇ ਚਰਚਾ ਵਿਚ ਆਏ ਨਿਰਦੇਸ਼ਕ ਰਾਕੇਸ਼ ਓਮ ਪ੍ਰਕਾਸ਼ ਮਹਿਰਾ ਦੀ ਅਗਲੀ ਫਿਲਮ 'ਭਾਗ ਮਿਲਖਾ ਭਾਗ' ਪ੍ਰਸਿੱਧ ਪੰਜਾਬੀ ਦੌੜਾਕ ਤੇ 'ਉਡਣਾ ਸਿੱਖ' ਦੇ ਨਾਂ ਨਾਲ ਜਾਣੇ ਜਾਂਦੇ ਖਿਡਾਰੀ ਮਿਲਖਾ ਸਿੰਘ ਦੇ ਜੀਵਨ ਸੰਘਰਸ਼, ਹਿੰਮਤ, ਲਗਨ ਤੇ ਪ੍ਰਾਪਤੀਆਂ 'ਤੇ ਚਾਨਣਾ ਪੁਆਏਗੀ।

ਕੁਸ਼ਤੀਆਂ ਬਾਰੇ ਦਾਰਾ ਸਿੰਘ ਨੂੰ ਲੈ ਕੇ ਫਿਲਮਾਂ ਬਣਾਈਆਂ ਗਈਆਂ। ਪੰਜਾਬੀ ਫਿਲਮ 'ਰੁਸਤਮੇ ਹਿੰਦ' ਪਿੱਛੇ ਜਿਹੇ ਰਿਲੀਜ਼ ਹੋਈ ਸੀ ਤੇ 'ਦਿ ਗ੍ਰੇਟ ਖਲੀ' ਦੇ ਨਾਂ ਨਾਲ ਜਾਣੇ ਜਾਂਦੇ ਪਹਿਲਵਾਨ ਦਿਲੀਪ ਸਿੰਘ ਦੀ ਫਿਲਮ 'ਕੁਸ਼ਤੀ' ਵੀ ਆ ਰਹੀ ਹੈ। ਇਥੇ ਹੀ ਬਸ ਨਹੀਂ ਪੰਜਾਬੀਆਂ ਦੀ ਮਾਂ-ਖੇਡ ਕਬੱਡੀ ਨੂੰ ਕੇਂਦਰ ਵਿਚ ਰੱਖ ਕੇ ਦੋ ਫ਼ਿਲਮਾਂ 'ਕਬੱਡੀ-ਵਨਸ ਅਗੇਨ' ਤੇ 'ਕਬੱਡੀ-ਮਾਈ ਲਵ' ਵੀ ਬਣਾਈਆਂ ਜਾ ਰਹੀਆਂ ਹਨ ਜੋ ਇਸ ਸਾਲ ਦੇ ਅੰਤ ਵਿਚ ਸਿਨੇਮਾਘਰਾਂ ਦਾ ਸ਼ਿੰਗਾਰ ਬਣ ਸਕਦੀਆਂ ਹਨ। ਫਿਲਮਾਂ ਤੇ ਖੇਡਾਂ ਦੀ ਇਹ ਸਾਂਝ ਤਕਰੀਬਨ ਪਿਛਲੇ 50 ਸਾਲ ਤੋਂ ਚਲੀ ਆ ਰਹੀ ਹੈ ਤੇ ਵਰਤਮਾਨ ਹਾਲਾਤ ਵਿਚ ਇਹ ਕਹਿਣਾ ਬਿਲਕੁਲ ਵੀ ਅਤਿਕਥਨੀ ਨਹੀਂ ਹੋਵੇਗਾ ਕਿ ਖੇਡਾਂ ਤੇ ਫਿਲਮਾਂ ਦੇ ਦਰਮਿਆਨ ਇਹ ਸਾਂਝ ਆਉਣ ਵਾਲੇ ਸਾਲਾਂ ਵਿਚ ਹੋਰ ਡੂੰਘੀ ਤੇ ਪਕੇਰੀ ਹੋ ਜਾਵੇਗੀ।

# ਆਮਿਰ ਖਾਨ ਨੂੰ 'ਧੋਬੀ ਘਾਟ' ਤੋਂ ਵੱਡੀਆਂ ਆਸਾਂ

ਕਿਸੇ ਵੀ ਫਿਲਮ ਨਿਰਦੇਸ਼ਕ ਲਈ ਆਪਣੇ ਪਤੀ ਜਾਂ ਪਤਨੀ ਨੂੰ ਨਿਰਦੇਸ਼ਤ ਕਰਨਾ ਸੌਖਾ ਨਹੀਂ ਹੁੰਦਾ ਪਰ ਫਿਲਮ ਨਿਰਮਾਤਾ ਤੇ ਅਦਾਕਾਰ ਦਾ ਰਿਸ਼ਤਾ ਹੀ ਕੁਝ ਇਸ ਤਰ੍ਹਾਂ ਹੈ ਕਿ ਇਸ ਤਰ੍ਹਾਂ ਹੋਣ 'ਤੇ ਸਿਨੇ ਜਗਤ ਵਿਚ ਇਹ ਪਲ ਯਾਦਗਾਰ ਬਣ ਜਾਂਦੇ ਹਨ। ਜਿਵੇਂ ਕਮਾਲ ਅਮਰੋਹੀ ਨੇ ਮੀਨਾ ਕੁਮਾਰੀ ਨੂੰ 'ਪਾਕੀਜ਼ਾ' ਵਿਚ ਜਾਂ ਆਰ.ਕੇ. ਨਾਇਰ ਨੇ 'ਇੰਤਕਾਮ' ਵਿਚ ਸਾਧਨਾ ਨੂੰ ਨਿਰਦੇਸ਼ਨ ਕੀਤਾ ਸੀ। ਦੂਜੇ ਪਾਸੇ ਗੁਲਜ਼ਾਰ ਆਪਣੀ ਕਿਸੇ ਵੀ ਫਿਲਮ ਵਿਚ ਰਾਖੀ ਨੂੰ ਲੈਣ ਦੇ ਪੱਖ ਵਿਚ ਨਹੀਂ ਸਨ ਪਰ 'ਧੋਬੀ ਘਾਟ' ਤੋਂ ਨਿਰਦੇਸ਼ਨ ਦੀ ਸ਼ੁਰੂਆਤ ਕਰ ਰਹੀ ਉਤਸ਼ਾਹ ਨਾਲ ਭਰਪੂਰ ਕਿਰਨ ਰਾਓ ਭਾਵ ਸ੍ਰੀਮਤੀ ਆਮਿਰ ਖਾਨ ਨੂੰ ਆਪਣੇ ਮੈਗਾ ਸਟਾਰ ਪਤੀ ਨੂੰ ਨਿਰਦੇਸ਼ਨ ਕਰਨ ਵਿਚ ਕੋਈ ਹਿਚਕਚਾਹਟ ਨਹੀਂ।

ਜ਼ਿਕਰਯੋਗ ਹੈ ਕਿ ਵਿਵਾਦ ਕਰਕੇ 'ਬਿੱਲੂ ਬਾਰਬਰ' ਦੇ ਟਾਈਟਲ ਵਿਚੋਂ ਬਾਰਬਰ ਸ਼ਬਦ ਹਟਾਉਣਾ ਪਿਆ ਸੀ। ਹੁਣ ਫਿਲਮ 'ਧੋਬੀ ਘਾਟ' ਨਾਲ ਵੀ ਇਸ ਤਰ੍ਹਾਂ ਵਾਪਰ ਸਕਦਾ ਹੈ। ਇਸ ਬਾਰੇ ਆਮਿਰ ਖਾਨ ਦਾ ਕਹਿਣਾ ਹੈ ਕਿ ਟਾਈਟਲ ਨੂੰ ਲੈ ਕੇ ਇਤਰਾਜ਼ ਸੀ ਪਰ ਇਸ ਕੇਸ ਬਾਰੇ ਬਾਅਦ ਵਿਚ ਪਤਾ ਲੱਗਿਆ। ਜੱਜ ਨੂੰ ਲੱਗਿਆ ਕਿ ਇਹ ਕੇਸ ਕੋਰਟ ਦਾ ਸਮਾਂ ਬਰਬਾਦ ਕਰੇਗਾ ਇਸ ਲਈ ਉਨ੍ਹਾਂ ਨੇ ਕੇਸ ਕਰਨ ਵਾਲੇ ਨੂੰ ਜੁਰਮਾਨਾ ਲਾ ਦਿੱਤਾ। ਹਰ ਫਿਲਮ ਵਿਚ ਕੋਈ ਨਾ ਕੋਈ ਕੁਝ ਨਾ ਕੁਝ ਕੰਮ ਤਾਂ ਕਰੇਗਾ ਤੇ ਜੇਕਰ ਕਿਸੇ ਕਾਰੋਬਾਰ ਬਾਰੇ ਫ਼ਿਲਮ ਬਣਾਉਂਦੇ ਹਾਂ ਤਾਂ ਇਸ ਨਾਲ ਕਿਸੇ ਨੂੰ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ ਹੈ। ਇਸ ਵਾਰ ਅਦਾਲਤ ਨੇ ਸਖ਼ਤ ਰਵੱਈਆ ਅਖ਼ਤਿਆਰ ਕੀਤਾ ਤੇ ਉਮੀਦ ਹੈ ਕਿ ਅੱਗੇ ਵੀ ਇਸ ਤਰ੍ਹਾਂ ਦੇ ਮਾਮਲਿਆਂ ਨੂੰ ਲੈ ਕੇ ਅਦਾਲਤ ਦਾ ਇਹੀ ਰਵੱਈਆ ਰਹੇਗਾ। ਉਨ੍ਹਾਂ ਕਿਹਾ ਕਿ ਇਹ ਫ਼ਿਲਮ ਸਿਰਫ ਕਿਸੇ ਧੋਬੀ 'ਤੇ ਹੀ ਨਹੀਂ ਬਣੀ ਹੈ ਸਗੋਂ ਇਹ ਫ਼ਿਲਮ ਮੁੰਬਈ ਬਾਰੇ ਹੈ ਜਿਸ ਵਿਚ ਧੋਬੀ ਇਕ ਕਿਰਦਾਰ ਹੈ। ਉਨ੍ਹਾਂ ਕਿਹਾ ਕਿ ਹਰ ਕੰਮ ਦਾ ਆਪਣਾ ਆਦਰ ਹੁੰਦਾ ਹੈ ਤੇ ਹਰ ਕੰਮ ਵਿਚ ਕੋਈ ਨਾ ਕੋਈ ਕਲਾ ਹੁੰਦੀ ਹੈ। ਆਪਣੀ ਪਤਨੀ ਕਿਰਨ ਦੇ ਨਿਰਦੇਸ਼ਨ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਇਸ ਫਿਲਮ 'ਤੇ ਬਹੁਤ ਨਾਜ਼ ਹੈ।




ਕਿਰਨ ਨੇ ਜਿਸ ਮਕਸਦ ਨਾਲ ਇਹ ਫ਼ਿਲਮ ਸ਼ੁਰੂ ਕੀਤੀ ਸੀ ਉਹ ਉਸ ਮਕਸਦ ਵਿਚ ਕਾਮਯਾਬ ਰਹੀ ਹੈ। ਇਹ ਇਕ ਬਹੁਤ ਵੱਖਰੀ ਤਰ੍ਹਾਂ ਦੀ ਫ਼ਿਲਮ ਹੈ ਇਹ ਇਕ ਆਰਟ ਹਾਊਸ ਫ਼ਿਲਮ ਹੈ। 'ਧੋਬੀ ਘਾਟ' ਵਰਗੀ ਆਰਟ ਹਾਊਸ ਫ਼ਿਲਮ ਦੇ ਰਿਲੀਜ਼ ਦੀ ਯੋਜਨਾ ਬਾਰੇ ਉਨ੍ਹਾਂ ਦਾ ਵਿਚਾਰ ਹੈ 'ਧੋਬੀ ਘਾਟ' ਬਿਲਕੁਲ ਵੱਖਰੀ ਤਰ੍ਹਾਂ ਦੀ ਫ਼ਿਲਮ ਹੈ। ਇਸ ਤਰ੍ਹਾਂ ਦੀਆਂ ਫ਼ਿਲਮਾਂ ਪਹਿਲਾਂ ਕਦੀ ਨਹੀਂ ਬਣੀਆਂ। ਨਿਰਮਾਤਾ ਹੋਣ ਨਾਤੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਕਰਾਂਗਾ ਕਿ ਫ਼ਿਲਮ ਕਿਸ ਤਰ੍ਹਾਂ ਰਿਲੀਜ਼ ਹੋਣੀ ਚਾਹੀਦੀ ਸੀ ਜਾਂ ਕਿੰਨੇ ਲੋਕਾਂ ਨੂੰ ਪਸੰਦ ਆਵੇਗੀ। ਸਾਡਾ ਮਕਸਦ ਹੈ ਇਸ ਫਿਲਮ ਨੂੰ ਇਮਾਨਦਾਰੀ ਨਾਲ ਪ੍ਰਮੋਟ ਕਰਨਾ। ਜੇਕਰ ਲੋਕਾਂ ਦੀ ਇਸ ਫਿਲਮ ਵਿਚ ਦਿਲਚਸਪੀ ਹੈ ਤਾਂ ਇਹ ਫ਼ਿਲਮ ਰਿਲੀਜ਼ ਹੋਣ ਤੋਂ ਪਹਿਲਾਂ ਪਤਾ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਫ਼ਿਲਮ 4 ਕਰੋੜ ਰੁਪਏ ਵਿਚ ਬਣਾਈ ਹੈ। ਇਸ ਵਿਚ ਉਨ੍ਹਾਂ ਆਪਣੀ ਫੀਸ ਨਹੀਂ ਜੋੜੀ ਹੈ।

ਉਨ੍ਹਾਂ ਦੱਸਿਆ ਕਿ ਫ਼ਿਲਮ ਵਿਚ ਅੱਠ-ਦਸ ਦ੍ਰਿਸ਼ ਅੰਗਰੇਜ਼ੀ ਵਿਚ ਸਨ ਪਰ ਇਹ ਅਹਿਸਾਸ ਹੋਇਆ ਕਿ ਇਸ ਨਾਲ ਫ਼ਿਲਮ ਤੋਂ ਉਹ ਦਰਸ਼ਕ ਕੱਟ ਜਾਣਗੇ ਜਿਹੜੇ ਅੰਗਰੇਜ਼ੀ ਨਹੀਂ ਸਮਝਦੇ ਹਨ। ਇਕ ਔਰਤ ਨੇ ਕਿਹਾ ਕਿ ਉਹ 'ਧੋਬੀ ਘਾਟ' ਦੇਖਣਾ ਚਾਹੁੰਦੀ ਸੀ ਤੇ ਨਾਲ ਹੀ ਇਕ ਨਿਰਦੇਸ਼ਕ ਦੇ ਰੂਪ ਵਿਚ ਕਿਰਨ ਰਾਓ ਦੀ ਕਾਬਲੀਅਤ ਨੂੰ ਵੀ ਪਰਖਣਾ ਚਾਹੁੰਦੀ ਸੀ ਪਰ ਉਹ ਇਸ ਤਰ੍ਹਾਂ ਨਹੀਂ ਕਰ ਸਕੇਗੀ ਕਿਉਂਕਿ ਉਸ ਨੇ ਸੁਣਿਆ ਹੈ ਕਿ ਫ਼ਿਲਮ ਦੇ ਕਈ ਦ੍ਰਿਸ਼ ਅੰਗਰੇਜ਼ੀ ਵਿਚ ਹਨ ਤੇ ਉਸ ਨੂੰ ਅੰਗਰੇਜ਼ੀ ਸਮਝ ਨਹੀਂ ਆਉਂਦੀ। ਇਸ ਬਾਰੇ ਕਿਰਨ ਨਾਲ ਗੱਲ ਕੀਤੀ ਤੇ ਅੰਗਰੇਜ਼ੀ ਵਾਲੇ ਦ੍ਰਿਸ਼ ਹਿੰਦੀ ਵਿਚ ਡੱਬ ਕਰਨ ਦਾ ਫੈਸਲਾ ਕੀਤਾ। ਇਹ ਫ਼ਿਲਮ ਦੋ ਤਰ੍ਹਾਂ ਨਾਲ ਰਿਲੀਜ਼ ਹੋਵੇਗੀ- ਇਕ ਪੂਰੀ ਤਰ੍ਹਾਂ ਹਿੰਦੀ ਵਿਚ ਹੋਵੇਗੀ ਤੇ ਦੂਜੀ ਵਾਲੀ ਵਿਚ ਅੱਠ-ਦਸ ਦ੍ਰਿਸ਼ ਅੰਗਰੇਜ਼ੀ ਵਿਚ ਹੋਣਗੇ।

# ਵਿਵੇਕ ਸ਼ੌਕ ਦੇ ਜਾਣ ਨਾਲ ਪੰਜਾਬੀ ਫ਼ਿਲਮ ਜਗਤ ਨੂੰ ਵੱਡਾ ਘਾਟਾ

ਹਸਮੁੱਖ ਸੁਭਾਅ ਦਾ ਯਾਰਾਂ ਦਾ ਯਾਰ, ਵਧੀਆ ਤੇ ਪਿਆਰਾ ਕਲਾਕਾਰ ਵਿਵੇਕ ਸ਼ੌਕ ਬੀਤੇ ਦਿਨੀਂ ਹਾਰਟ ਅਟੈਕ ਨਾਲ ਚੱਲ ਵਸਿਆ।

1963 ਵਿਚ ਚੰਡੀਗੜ੍ਹ ਵਿਚ ਜਨਮੇ ਵਿਵੇਕ ਸ਼ੌਕ ਨੇ 64 ਤੋਂ ਉਪਰ ਫ਼ਿਲਮਾਂ ਕੀਤੀਆਂ। ਅਨਿਲ ਸ਼ਰਮਾ ਦੀ 'ਗ਼ਦਰ:ਏਕ ਪ੍ਰੇਮ ਕਥਾ', 'ਅੰਦਾਜ਼', 'ਦਿਲ ਹੂਆ ਤੁਮਹਾਰਾ', 'ਹੀਰੋਜ਼', 'ਖੁਸ਼ੀਆਂ', 'ਦਾ ਲਾਇਨ ਆਫ਼ ਪੰਜਾਬ', 'ਕਰੇਜ਼ੀ ਫੋਰ', 'ਹਾਲ-ਏ-ਦਿਲ', 'ਜੀ ਆਇਆਂ ਨੂੰ', 'ਅਸਾਂ ਨੂੰ ਮਾਣ ਵਤਨਾਂ ਦਾ', 'ਚੱਕ ਦੇ ਫੱਟੇ' ਤੇ 'ਮਾਹੌਲ ਠੀਕ ਹੈ' ਤੋਂ ਇਲਾਵਾ ਕਈ ਹਿੰਦੀ-ਪੰਜਾਬੀ ਸੀਰੀਅਲਾਂ ਵਿਚ ਕੰਮ ਕੀਤਾ। ਵਿਵੇਕ ਸ਼ੌਕ ਨੇ ਪੰਜਾਬੀ ਫ਼ਿਲਮ 'ਨਾਲਾਇਕ' ਦਾ ਵੀ ਨਿਰਮਾਣ ਕੀਤਾ ਤੇ ਬੌਬੀ ਦਿਓਲ ਨੂੰ ਇਸ ਫ਼ਿਲਮ ਵਿਚ ਖਾਸ ਤੌਰ 'ਤੇ ਲਿਆਂਦਾ ਕਿਉਂਕਿ ਵਿਵੇਕ ਦੇ ਦਿਓਲ ਪਰਿਵਾਰ ਨਾਲ ਵਧੀਆ ਸਬੰਧ ਰਹੇ ਹਨ ਇਸੇ ਲਈ ਉਸ ਨੇ ਕਈ ਫ਼ਿਲਮਾਂ ਵਿਚ ਸੰਨੀ ਤੇ ਬੌਬੀ ਨਾਲ ਕੰਮ ਕੀਤਾ।



ਵਿਵੇਕ ਦਾ ਸੁਭਾਅ ਹੀ ਸੀ ਕਿ ਉਹ ਕੁਝ ਹੀ ਮਿੰਟਾਂ ਵਿਚ ਹਰੇਕ ਨੂੰ ਆਪਣਾ ਬਣਾ ਲੈਂਦਾ ਸੀ। ਜਸਪਾਲ ਭੱਟੀ ਨਾਲ 'ਫਲਾਪ ਸ਼ੋਅ', 'ਫੁੱਲ ਟੈਨਸ਼ਨ' ਆਦਿ ਹਿੱਟ ਹਾਸੇ ਦੇ ਪ੍ਰੋਗਰਾਮ ਹਨ। ਚਲੰਤ ਮਾਮਲਿਆਂ ਦੇ ਇਨ੍ਹਾਂ ਪ੍ਰੋਗਰਾਮਾਂ ਨੇ ਜਸਪਾਲ ਭੱਟੀ ਤੇ ਵਿਵੇਕ ਸ਼ੌਕ ਨੂੰ ਬੜਾ ਚਮਕਾਇਆ। 'ਹਸਿਆਂ ਦੀ ਪਟਾਰੀ' ਨਾਂ ਤੋਂ ਆਪਣੀ ਅਭਿਨੈ ਜ਼ਿੰਦਗੀ ਸ਼ੁਰੂ ਕਰਨ ਵਾਲਾ ਵਿਵੇਕ ਆਪਣੇ ਪਰਿਵਾਰ ਦੇ ਪੱਲੇ ਸਾਰੀ ਉਮਰ ਦਾ ਰੋਣਾ ਪਾ ਗਿਆ। ਪਤਨੀ ਸਰਬਜੀਤ, ਦੋ ਬੇਟੀਆਂ ਤੇ ਇਕ ਬੇਟਾ ਤੇ ਉਸ ਦੇ ਯਾਰ-ਦੋਸਤ ਇਸ ਪਿਆਰੇ ਕਲਾਕਾਰ ਨੂੰ ਸਦਾ ਯਾਦ ਕਰਕੇ ਰੋਂਦੇ ਰਹਿਣਗੇ। ਜਸਪਾਲ ਭੱਟੀ ਦਾ ਕਹਿਣਾ ਹੈ, 'ਵਿਵੇਕ ਮੇਰੇ ਘਰ ਦਾ ਮੈਂਬਰ ਸੀ, ਹੁਣ ਤਾਂ ਬਸ ਉਸ ਦੀਆਂ ਯਾਦਾਂ ਬਚੀਆਂ ਹਨ। ਜੂਹੀ ਚਾਵਲਾ ਨੇ ਕਿਹਾ, 'ਵਿਵੇਕ ਸ਼ੌਕ ਮੇਰੇ ਵੱਡੇ ਭਰਾ ਵਾਂਗ ਸਨ, ਮੈਂ ਉਨ੍ਹਾਂ ਨਾਲ ਕਈ ਫ਼ਿਲਮਾਂ ਕੀਤੀਆਂ ਹਨ। ਸੈਟ 'ਤੇ ਉਹ ਕਿਸੇ ਨੂੰ ਵੀ ਬੋਰ ਨਹੀਂ ਸੀ ਹੋਣ ਦਿੰਦੇ ਤੇ ਹਰੇਕ ਨੂੰ ਗਰਮ-ਜੋਸ਼ੀ ਨਾਲ ਮਿਲਦੇ ਸਨ।' ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬੀ ਫ਼ਿਲਮ ਸਨਅਤ, ਟੀ. ਵੀ. ਜਗਤ ਤੇ ਪੰਜਾਬ ਦੇ ਲੋਕਾਂ ਨੂੰ ਬੜਾ ਵੱਡਾ ਘਾਟਾ ਪਿਆ ਹੈ। ਵਿਵੇਕ ਹਮੇਸ਼ਾ ਹੀ ਆਪਣੇ ਦਰਸ਼ਕਾਂ ਨੂੰ ਆਪਣੇ ਹਾਸਿਆਂ ਰਾਹੀਂ ਹਸਾ ਦਿੰਦਾ ਸੀ।


HOT OFFER!
BEST DEAL
@540TVL
built-in 4-9mm vari-focal lens & 42pcs IR LED
1/3" SONY Super HAD CCD
Model SA-1838HS
$99
VT-100
Dome Camera
Price: $49.00
VT-1565
IR Camera
Price: $199.00
VT-1566
Bullet Camera
Price: $99.00
NOW BUY ONLINE
www.EzChase.com
$599
4 Cameras + 4CH DVR
PRO PACKAGE
CCTV
BEST PRICE
GUARANTEE
$1199
8 Cameras + 8CH DVR
ADVANCED PACKAGE
ONE STOP SHOP FOR CCTV EQUIPMENTS TO PROTECT YOUR HOME & BUSINESS
• We sell less price but make your security priceless.
• We only provide high quality at economy price.
• Two year Warranty on our products.
Watch your business from anywhere on your smart phone
iPhone, BlackBerry or Windows Mobiles
Customer Service: 1-800-235-1391


Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on
iPhone
with our new technology
QuikStop
Shell
76
Holiday Inn
Denny's
Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਊਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566
www.dvrunlimited.com


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਦੇ ਮਾਲਕ ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

# Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### JUST SOLD

1. 2201 Monroe St. #504, Santa Clara, CA 95050
2. 3257 Poetry Ct., Stockton, CA 95206
3. 680 Upper Vinters Cir, Fremont, CA 94539
4. 2370 Picasso Way, Stockton, CA 95206
5. 950 Silver Ct., Lathrop, CA 95330
6. 304 Pennyhill Dr., San Jose, CA 95127
7. 14434 Tiburon Rd., San Leandro, CA 94577
8. 3809 Amy Pl, Union city, CA 94587
9. 6400 Christie Ave #5322, Emeryville, CA 94608
10. 1802 Picasso Way, Stockton, CA 95206
11. 847 Bishop Ave, Hayward, CA 94545
12. 675 Bel Air Ct., Morgan Hill, CA 95037

Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.



Sam Chahal
916-612-5773



Jaspreet Kaur
408-832-5759



Kamaljit Sidhu
510-541-2250



Rakesh Pabla
408-531-5464

ਨੋਟ: ਨਵੇਂ ਸਾਲ 2011 ਦੇ ਕੈਲੰਡਰ ਗੋਲਡਨ ਸਟੇਟ ਰਿਐਲਟੀ ਦੇ ਦਫਤਰ ਤੋਂ ਲਏ ਜਾ ਸਕਦੇ ਹਨ।